੧ਓ ਸਤਿਗੁਰ ਪ੍ਰਸਾਦਿ ॥

ਸ਼ਬਦ ਦੀ ਕਲਾ

ਲੇਖਕ

ਸੰਤਰੇਨ ਗਿ: ਸੁਖਬੀਰ ਸਿੰਘ

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

Shabad di Kala
by
Santrain Giani Sukhbir Singh ji

ISBN : 81-7601-402-8

ਪਹਿਲੀ ਐਡੀਸ਼ਨ ਦਸੰਬਰ 2000

ਭੇਟਾ : 150-00

ਭਾ. ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)
ਫ਼ੋਨ : (0183) 542346, 547974, 557973
ਫੈਕਸ : (0183) 542346
Email : csjs@jla.vsnl.net.in
Visit our Website : www.csjs.com

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ । ਫ਼ੋਨ : 543478

ਸਮਰਪਣ

ਇਹ ਪੁਸਤਕ ਮਹਾਨ ਸ਼ਖਸੀਅਤ *ਸ: ਇਕਬਾਲ ਸਿੰਘ ਜੀ ਐਸ. ਐਸ. ਪੀ. ਕਪੂਰਥਲਾ* ਦੀ, ਇਮਾਨਦਾਰ ਅਤੇ ਸੱਚੀ ਸੇਵਾ ਨੂੰ ਸਮਰਪਿਤ ਹੈ। ਜਿਹੜੇ ਕਿ ਇਕ ਵੱਡੇ ਪੁਲੀਸ ਆਫੀਸਰ ਹੋ ਕੇ ਵੀ ਨਿਰਮਾਣ ਅਤੇ ਹੰਕਾਰ ਤੋਂ ਕੋਹਾਂ ਦੂਰ ਵੱਸਣ ਵਾਲੇ ਇਕ ਸੰਤ-ਸਿਪਾਹੀ ਹਨ।

"ਸੰਤਰੇਨ"

ਸ੍ਰੀ ਮਾਨ ਸੰਤ ਬਾਬਾ ਸੇਵਾ ਸਿੰਘ ਜੀ
ਗੁਰਦੁਆਰਾ ਰਾਮਪੁਰ ਖੇੜਾ ਵਾਲਿਆਂ ਵਲੋਂ

"ਅਸ਼ੀਰਵਾਦ"

ਦੇ ਦੋ ਸ਼ਬਦ !

ਇਸ ਸਾਰੇ ਦ੍ਰਿਸ਼ਟ ਤੇ ਅਦ੍ਰਿਸ਼ਟ ਪਸਾਰੇ ਦਾ ਕਰਤਾ ਨਿਰੰਕਾਰ ਹੈ। ਨਿਰੰਕਾਰ ਨੇ ਇਹ ਸਾਰਾ ਪਸਾਰਾ ਸ਼ਬਦ ਦੀ ਕਲਾ ਦੁਆਰਾ ਕੀਤਾ ਹੈ। ਜਿਸ ਨੂੰ ਸਾਰੇ ਅਧਿਆਤਮੀ ਪੁਰਸ਼ ਇਕ ਰਾਏ ਨਾਲ ਕਬੂਲਦੇ ਹਨ।

ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ *(ਜਪੁਜੀ ਸਾਹਿਬ)*

ਤਥਾ-

ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥

ਸੰਸਾਰ ਸਥੂਲ ਹੈ, ਨਿਰੰਕਾਰ ਸੂਖਮ ਹੈ । ਵਾਸਤਵ ਵਿਚ ਇਸ ਸਾਰੇ ਸਥੂਲ ਪਸਾਰੇ ਦਾ ਮੁੱਢ ਸੂਖਮ ਹੀ ਹੈ । ਭਿੰਨ-ਭਿੰਨ ਕਿਉਂ ਭਾਸਦਾ ਹੈ, ਕੇਵਲ ਮਾਇਆ ਦੇ ਰਲੇਵੇਂ ਕਾਰਨ ਸੰਸਾਰ ਦੀ ਅਸਲੀਅਤ ਨੂੰ ਪ੍ਰਗਟਾਉਂਦੇ ਹੋਏ ਭਗਤ ਨਾਮਦੇਵ ਜੀ ਗੁਰੂ ਕੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਸੰਸਾਰ ਕੀ ਹੈ ? ਉੱਤਰ ਵਿਚ ਅੱਗੇ ਲਿਖਦੇ ਹਨ ਕਿ, 'ਸੰਸਾਰ, ਨਿਰੰਕਾਰ ਤੇ ਮਾਇਆ ਦਾ ਮਿਸ਼ਰਤ ਹੈ-

ਪਹਿਲ ਪੁਰਸਾਬਿਰਾ ॥ ਅਥੋਨ ਪੁਰਸਾਦਮਰਾ ॥ ਅਸਗਾ ਅਸ ਉਸਗਾ ॥
ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥

ਇਸ ਅਸਲੀਅਤ ਦਾ ਕਦੋਂ ਪਤਾ ਚਲਦਾ ਹੈ ਜਦੋਂ ਪ੍ਰਾਣੀ ਗੁਰੂ ਵਲੋਂ ਦਿੱਤੇ ਨਾਮ ਜਪ ਦੁਆਰਾ ਮਾਇਆ ਦਾ ਰਲੇਵਾਂ ਦੂਰ ਕਰ ਲੈਂਦਾ ਹੈ, ਫਿਰ ਤਾਂ ਦ੍ਰਿਸ਼ਟੀ ਆਉਣ ਲੱਗ ਜਾਂਦਾ ਹੈ, ਕਿ-

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥

ਸਥੂਲ ਪਸਾਰੇ ਪ੍ਰਥਾਏ ਗਿਆਨ ਪ੍ਰਾਪਤ ਕਰਨ ਵਾਸਤੇ ਬਿਅੰਤ ਪੁਸਤਕਾਂ ਸੰਸਾਰ ਵਿਚ ਉਪਲਬਧ ਹਨ। ਪਰ ਸਥੂਲ ਦਾ ਮੁਢ ਕਰਤਾ ਜੋ ਸ਼ਬਦ ਹੈ ਉਸ ਦੀ ਗਿਆਨ ਪ੍ਰਾਪਤੀ ਦੇ ਪੁਸਤਕ ਬਿਲਕੁਲ ਨਾਂ-ਮਾਤਰ ਹੀ ਹਨ । ਸ਼ਬਦ-ਗਿਆਨ ਦਾ ਵਿਸ਼ਾ ਬਿਲਕੁਲ ਅਣਗੌਲਿਆ ਹੀ ਪਿਆ ਹੈ । ਇਸ ਗਿਆਨ ਵਿਚ ਵਾਧਾ ਕਰਨ ਵਾਸਤੇ ਸੰਤਰੇਨ ਗਿ: ਸੁਖਬੀਰ ਸਿੰਘ ਜੀ ਨੇ ਸ਼ਬਦ ਦੀ ਕਲਾ ਨਾਉਂ ਹੇਠ ਜੋ ਇਹ ਪੁਸਤਕ ਦੀ ਰਚਨਾ ਕੀਤੀ ਹੈ, ਬਹੁਤ ਹੀ ਸ਼ਲਾਘਾਯੋਗ ਉਦਮ ਹੈ । ਜਿਸ ਦੀ ਬੋਲੀ ਬੜੀ ਰੌਚਕ ਤੇ ਪ੍ਰਭਾਵਸ਼ਾਲੀ ਹੈ। ਸ਼ਬਦ ਦੇ ਗਿਆਨ ਨੂੰ ਸਪੱਸ਼ਟ ਕਰਨ ਵਾਸਤੇ ਗੁਰੂ ਕੀ ਬਾਣੀ ਤੇ ਹੋਰ ਧਰਮ ਗ੍ਰੰਥਾਂ ਵਿਚੋਂ ਹਵਾਲੇ ਦੇ ਕੇ ਇਸ ਪੁਸਤਕ ਨੂੰ ਪ੍ਰਮਾਣਤ ਕੀਤਾ ਹੈ। ਆਸ ਹੈ ਖੋਜੀ ਜਨ 'ਸ਼ਬਦ ਦੀ ਕਲਾ' ਪੁਸਤਕ ਨੂੰ ਪੜ੍ਹ ਕੇ ਲਾਭ ਉਠਾਉਣਗੇ। ਗੁਰੂ ਚਰਨਾਂ ਵਿਚ ਅਰਦਾਸ ਹੈ ਕਿ ਸਤਿਗੁਰੂ ਜੀ ਸੰਤਰੇਨ ਗਿ: ਸੁਖਬੀਰ ਸਿੰਘ ਜੀ ਨੂੰ ਹੋਰ ਬਲ ਤੇ ਗਿਆਨ ਦੀ ਸੋਝੀ ਬਖਸ਼ਸ਼ ਕਰਨ, ਤਾਂ ਜੋ ਆਉਣ ਵਾਲੇ ਸਮੇਂ ਵਿਚ ਹੋਰ ਅਧਿਆਤਮ ਨੁਕਤਿਆਂ ਨੂੰ ਖੋਜ ਕੇ ਸੰਗਤਾਂ ਦੇ ਲਾਭ ਹਿਤ ਰਚਨਾ ਕਰਦੇ ਰਹਿਣ ।

ਗੁਰ: ਰਾਮਪੁਰ ਖੇੜਾ
01886-60334

ਗੁਰੂ ਪੰਥ ਦਾ ਦਾਸ
ਸੇਵਾ ਸਿੰਘ (ਸੰਤ)

ਮੁਖ ਬੰਧ

ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ, ਮੇਰੇ ਅਧਿਆਤਮਕ ਮਿੱਤਰਾਂ ਵਿਚੋਂ ਇਕ ਮਿੱਤਰ ਹਨ। ਸੰਤਰੇਨ ਜੀ ਨੇ ਮਨੁੱਖੀ ਜੀਵਨ ਦੇ ਭਲੇ ਲਈ ਕਈ ਪੁਸਤਕਾਂ ਲਿਖ ਕੇ ਪਾਠਕਾਂ ਦੀ ਸੇਵਾ ਵਿਚ ਭੇਟ ਕੀਤੀਆਂ ਹਨ। ਕਈ ਪੁਸਤਕਾਂ ਮੈਂ ਆਪ ਪੜ੍ਹੀਆਂ ਹਨ, ਜਿਨ੍ਹਾਂ ਦੁਆਰਾ ਮਨੁੱਖੀ ਜੀਵਨ ਅਤੇ ਧਰਮ ਦਾ ਸਹੀ ਮੂਲ ਦਰਸਾਇਆ ਗਿਆ ਹੈ। ਸੰਤਰੇਨ ਜੀ ਦੀ ਠੇਠ ਪੰਜਾਬੀ ਅਤੇ ਰੌਚਿਕ ਢੰਗ ਦੀ ਲੇਖਣੀ, ਪਾਠਕਾਂ ਨੂੰ ਦਿਲੋਂ ਟੁੰਬਦੀ ਹੈ। ਐਸੀ ਲੇਖਣੀ ਦੁਆਰਾ ਕਠੋਰ ਤੋਂ ਕਠੋਰ ਮਨ ਵਾਲਾ ਇਨਸਾਨ ਵੀ ਆਪਣੀ ਜੀਵਨ-ਸ਼ੈਲੀ ਬਦਲਣ ਲਈ ਮਜ਼ਬੂਰ ਹੋ ਜਾਂਦਾ ਹੈ। ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ, ਸਿੱਖ ਪੰਥ ਦੇ ਚੋਣਵੇਂ ਵਿਦਵਾਨਾਂ ਵਿਚੋਂ ਇਕ ਵਿਦਵਾਨ ਹਨ, ਜਿਹੜੇ ਰੌਚਿਕ ਲਿਖਾਰੀ ਅਤੇ ਸਟੇਜ ਦੇ ਵੀ ਧਨੀ ਹਨ। ਕਥਾ ਦੁਆਰਾ "ਸੰਤਰੇਨ" ਜੀ ਹਜ਼ਾਰਾਂ ਸਰੋਤਿਆਂ ਨੂੰ ਘੰਟਿਆਂ ਬੱਧੀ ਮੰਤਰ-ਮੁਗਧ ਕਰਕੇ ਬਿਠਾਈ ਰੱਖਦੇ ਹਨ। ਕਰਤਾ ਪੁਰਖ ਨੇ ਇਹ ਦੋਵੇਂ ਗੁਣ, ਸੰਤਰੇਨ ਜੀ ਨੂੰ ਰੱਜ ਕੇ ਦਿੱਤੇ ਹੋਏ ਹਨ।

ਜਿਥੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਏਨੀ ਮਹਿਮਾ ਦੇ ਪਾਤਰ ਹਨ, ਓਥੇ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਵਾਲਿਆਂ ਦੀ ਪ੍ਰਸਿੱਧ ਫਰਮ ਦੇ ਵਰਤਮਾਨ ਮਾਲਕ-ਸ੍ਰ: ਹਰਿੰਦਰਪਾਲ ਸਿੰਘ, ਸ੍ਰ: ਮਹਿੰਦਰਪਾਲ ਸਿੰਘ ਅਤੇ ਸ੍ਰ: ਹਰਭਜਨ ਸਿੰਘ ਜੀ ਵੀ ਏਨੀ ਹੀ ਸੋਭਾ ਦੇ ਮਾਲਕ ਹਨ। ਇਸ ਫਰਮ ਵਲੋਂ ਪੰਜਾਬੀ ਪਾਠਕਾਂ ਦੀ ਜੋ ਸੇਵਾ ਕੀਤੀ ਜਾ ਰਹੀ ਹੈ, ਉਹ ਜ਼ੁਬਾਨ ਦੁਆਰਾ ਬਿਆਨ ਕਰਨੀ ਔਖੀ ਹੈ। ਚੰਗਾ ਪੇਪਰ ਅਤੇ ਵਧੀਆ ਛਪਾਈ, ਇਸ ਫਰਮ ਦੇ ਮੁੱਢਲੇ ਗੁਣ ਹਨ। "ਸੰਤਰੇਨ" ਜੀ ਦੀਆਂ ਹੇਠ ਲਿਖੀਆਂ ਪੁਸਤਕਾਂ, ਵਧੀਆ ਛਪਾਈ ਅਤੇ ਚੰਗਾ ਪੇਪਰ ਲਾ ਕੇ ਹਰ ਲਾਇਬ੍ਰੇਰੀ ਅਤੇ ਘਰ-ਘਰ ਤੱਕ ਏਸੇ ਫਰਮ ਨੇ ਪਹੁੰਚਾਈਆਂ ਹਨ:-

1. ਕੁਦਰਤ ਦੀ ਕਲਾ (ਦੋ ਭਾਗ), 2. ਗੁਰਮਤਿ ਦੀ ਕਲਾ, 3. ਮਾਇਆ ਦੀ ਕਲਾ, 4. ਗੁਰੂ ਦੀ ਕਲਾ, 5. ਮੌਤ ਦੀ ਕਲਾ, 6. ਇਕ ਸੌ ਅੱਠ ਮਣਕੇ ਅਤੇ 7. "ਸ਼ਬਦ ਦੀ ਕਲਾ" ਹੱਥਲੀ ਪੁਸਤਕ।

ਹੁਣ ਜੋ ਸਿੱਖ ਹਿਸਟਰੀ "ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ" ਦਾ ਕੰਮ ਸੰਤਰੇਨ ਜੀ ਨੇ ਅਰੰਭਿਆ ਹੈ, ਉਹ ਕੰਮ ਕਿਸੇ ਲੇਖਕ ਦਾ ਨਹੀਂ, ਬਲਕਿ ਇਕ ਪੂਰੀ ਸੰਸਥਾ ਦਾ ਕੰਮ ਹੈ, ਜਿਸ ਨੂੰ ਅੱਜ ਤੱਕ ਕਿਸੇ ਨੇ ਹੱਥ ਪਾਉਣ ਦਾ ਹੀਆ ਨਹੀਂ ਕੀਤਾ। ਪਰ ਸੰਤਰੇਨ ਗਿ: ਸੁਖਬੀਰ ਸਿੰਘ ਜੀ ਨੇ ਇਹ ਕੰਮ ਵੀ ਕਰੀਬਨ ਨੇਪਰੇ ਚੜ੍ਹਾ ਲਿਆ ਹੈ, ਜੋ ਛੇਤੀ ਹੀ ਪਾਠਕਾਂ ਤੱਕ ਪਹੁੰਚ ਜਾਵੇਗਾ।

ਮੈਂ ਸੰਤਰੇਨ ਜੀ ਲਈ ਸ਼ੁਭ-ਕਾਮਨਾ ਵੀ ਕਰਦਾ ਹਾਂ ਅਤੇ ਅਰਦਾਸ ਵੀ ਕਰਦਾ ਹਾਂ, ਕਿ ਸਤਿਗੁਰੂ ਜੀ ਸੰਤਰੇਨ ਜੀ ਦੀ ਕਲਮ ਨੂੰ ਹੋਰ ਸ਼ਕਤੀ ਪ੍ਰਦਾਨ ਕਰਨ ਅਤੇ ਮੈਨੂੰ ਐਸੇ ਹੀ ਮਿੱਤਰ ਪ੍ਰਾਪਤ ਹੋਣ, ਜਿਹੜੇ ਲੋਕਾਂ ਦੀ ਸੇਵਾ ਦਿਲੋਂ ਕਰਦੇ ਹੋਣ।

ਐਸ.ਐਸ.ਪੀ.
ਜ਼ਿਲ੍ਹਾ ਕਪੂਰਥਲਾ

(ਇਕਬਾਲ ਸਿੰਘ)
ਸੀਨੀਅਰ ਪੁਲਿਸ ਕਪਤਾਨ
ਕਪੂਰਥਲਾ

ਦੋ ਸ਼ਬਦ

ਇੰਗਲੈਂਡ ਨਿਵਾਸੀ ਸ੍ਰ. ਬਲਰਾਜ਼ ਸਿੰਘ ਵਲੋਂ

ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਮੇਰੇ ਪਰਮ ਮਿੱਤਰ "ਸੰਤਰੇਨ ਗਿ: ਸੁਖਬੀਰ ਸਿੰਘ" ਜੀ ਵਲੋਂ ਲਿਖੀਆਂ ਰਚਨਾਵਾਂ ਦੀ ਇਹ ਅੱਠਵੀਂ ਪੁਸਤਕ ਪਾਠਕਾਂ ਦੇ ਹੱਥਾਂ ਤੱਕ ਪਹੁੰਚ ਗਈ ਹੈ। ਮੈਨੂੰ ਇਸ ਗੱਲ ਦਾ ਵੀ ਬੇ-ਹੱਦ ਫ਼ਖਰ ਹੈ ਕਿ ਮੇਰੇ ਵੀਰ ਨੇ ਕੁਝ ਸਾਲਾਂ ਵਿਚ ਹੀ ਪੰਥ ਦੇ ਸਿਰਮੌਰ ਵਿਦਵਾਨਾਂ ਵਿਚ ਆਪਣਾ ਖਾਸ ਥਾਂ ਬਣਾਇਆ ਹੈ। ਅਜੇ ਕੁਝ ਹੀ ਸਾਲਾਂ ਦੀ ਗੱਲ ਹੈ ਜਦੋਂ ਮੈਂ ਇੰਗਲੈਂਡ ਦੀ ਪ੍ਰਸਿੱਧ ਅਤੇ ਨਾਮਵਰ ਕੰਪਨੀ (ALLIED DUNBAR LIFE ASSURANCE CO.) ਅਲਾਈਡ ਡਨਬਾਰ ਲਾਇਫ ਇੰਨਸੋਰੈਂਸ਼ ਕੰਪਨੀ ਦੇ ਬ੍ਰਾਂਚ ਮੈਨੇਜਰ ਦੀ ਪੋਸਟ 'ਤੇ ਸਰਵਿਸ ਕਰਦਾ ਸਾਂ ਤਾਂ ਪਹਿਲੀ ਵਾਰ ਸੰਤਰੇਨ ਗਿ: ਸੁਖਬੀਰ ਸਿੰਘ ਜੀ ਨਾਲ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲਿਆ ਸੀ। ਪਹਿਲੀ ਮੁਲਾਕਾਤ ਵਿਚ ਹੀ ਸਾਡੀ ਅਧਿਆਤਮਕ ਸਾਂਝ ਐਸੀ ਪੱਕੀ ਹੋਈ ਕਿ ਅੱਜ ਦੇ ਦਿਨ ਤਕ ਉਹ ਸਾਂਝ ਅਧਿਆਤਮਕ ਪਿਆਰ ਨਾਲ ਭਰੀ ਹੋਈ ਹੈ।

ਸੰਤਰੇਨ ਗਿ: ਸੁਖਬੀਰ ਸਿੰਘ ਜੀ ਨੂੰ ਵੁਲਵਰ ਹੈਂਪਟਨ (U.K) ਦੀਆਂ ਸੰਗਤਾਂ ਦੇ ਰੂ-ਬ-ਰੂ ਪਹਿਲੀ ਵਾਰ ਜਦੋਂ ਸੁਣਿਆ ਗਿਆ ਤਾਂ ਸੰਤਰੇਨ ਜੀ ਦੀ ਭਰਪੂਰ ਸ਼ਲਾਘਾ ਹੋਈ। ਇਸ ਸ਼ਲਾਘਾ ਦੀ ਖੁਸ਼ੀ ਦਾ ਅਨੁਭਵ ਸਭ ਤੋਂ ਜ਼ਿਆਦਾ ਮੈਨੂੰ ਹੋਇਆ ਸੀ। ਕਿਉਂਕਿ ਉਸ ਵਕਤ ਤੋਂ ਹੀ ਗੁਰੂ ਸੱਚੇ ਪਾਤਸ਼ਾਹ ਦੀ ਕ੍ਰਿਪਾ ਦਾ ਸਦਕਾ ਗੁਰੂ ਨਾਨਕ ਗੁਰਦੁਆਰਾ ਸੈਜਲੀ ਸਟਰੀਟ ਵੁਲਵਰ ਹੈਂਪਟਨ ਦੀ ਪ੍ਰਬੰਧਕ ਕਮੇਟੀ ਵਿੱਚ ਸਕੱਤਰ ਦੀ ਨਿਮਾਣੀ ਸੇਵਾ ਦਾਸ ਕੋਲ ਹੀ ਹੈ। ਇਸ ਕਰਕੇ ਚੰਗੇ ਵਿਦਵਾਨਾਂ ਨੂੰ ਸੰਗਤਾਂ ਦੇ ਰੂ-ਬ-ਰੂ ਕਰਨ ਦਾ ਮਾਣ ਵੀ ਸੰਗਤਾਂ ਵਲੋਂ ਹਮੇਸ਼ਾਂ ਦਾਸ ਨੂੰ ਹੀ ਪ੍ਰਾਪਤ ਹੋਇਆ ਹੈ।

ਸੰਤਰੇਨ ਗਿ: ਸੁਖਬੀਰ ਸਿੰਘ ਜੀ ਨੇ ਅਧਿਆਤਮਕ ਪਾਂਧੀਆਂ ਵਾਸਤੇ ਅਨੇਕਾਂ ਖੋਜ-ਭਰਪੂਰ ਪੁਸਤਕਾਂ ਲਿਖ ਕੇ ਭੇਟਾ ਕੀਤੀਆਂ ਹਨ। ਹੁਣ ਇਹ ਹੱਥਲੀ ਪੁਸਤਕ "ਸ਼ਬਦ ਦੀ ਕਲਾ" ਆਪ ਕੋਲ ਪਹੁੰਚ ਰਹੀ ਹੈ। ਸੰਤਰੇਨ ਗਿ: ਸੁਖਬੀਰ ਸਿੰਘ ਜੀ ਨੇ ਸਾਰੀਆਂ ਹੀ ਪੁਸਤਕਾਂ ਦੀ ਰਚਨਾ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੀ ਤਾਬਿਆ ਰਹਿ ਕੇ ਕੀਤੀ ਹੈ। ਇਸ ਕਰਕੇ ਹੀ ਦੇਸ਼ ਵਿਚ ਅਤੇ ਵਿਦੇਸ਼ ਵਿਚ ਰਹਿਣ ਵਾਲੇ ਸਭ ਦਰਸ਼ਕਾਂ ਅਤੇ ਪਾਠਕਾਂ ਨੇ ਭਰਪੂਰ ਸਹਿਯੋਗ ਅਤੇ ਸ਼ਲਾਘਾ ਕੀਤੀ ਹੈ।

ਹੁਣ ਜੋ ਆਪ ਦੇ ਹੱਥ ਵਿਚ ਪੁਸਤਕ "ਸ਼ਬਦ ਦੀ ਕਲਾ" ਪਹੁੰਚੀ ਹੈ, ਇਸ ਵਿਚ ਸੰਤਰੇਨ ਜੀ ਨੇ ਸ਼ਬਦ ਗੁਰੂ ਦਾ ਮਹੱਤਵ ਸੰਪੂਰਨ ਤੌਰ ਤੇ ਦਰਸਾਇਆ ਹੈ। ਧਰਮ ਤੋਂ ਦੂਰ ਜਾਣ ਵਾਲਾ ਕੋਈ ਵੀ ਵਿਅਕਤੀ ਜੇ ਇਸ ਪੁਸਤਕ ਨੂੰ ਪੜ੍ਹੇਗਾ ਤਾਂ ਉਸ ਨੂੰ ਆਪਣੇ ਅਮੋਲਕ ਜੀਵਨ ਦੇ ਸਹੀ ਮੁੱਲ ਦਾ ਪਤਾ ਲਗੇਗਾ।

ਅੰਤ ਵਿਚ ਮੈਂ ਸੰਤਰੇਨ ਗਿਆਨੀ ਸੁਖਬੀਰ ਸਿੰਘ ਲਈ ਦਿਲੀ-ਕਾਮਨਾ ਕਰਦਾ ਹਾਂ ਕਿ ਸਤਿਗੁਰੂ ਜੀ ਇਨ੍ਹਾਂ ਨੂੰ ਹੋਰ ਬਲ ਬੁੱਧੀ ਪ੍ਰਦਾਨ ਕਰਨ ਅਤੇ ਇਨ੍ਹਾਂ ਦੀ ਲੇਖਣੀ ਨੂੰ ਭਰਪੂਰ ਸ਼ਕਤੀ ਬਖਸ਼ਸ਼ ਕਰਨ।

ਸੈਕਟਰੀ - ਗੁਰੂ ਨਾਨਕ ਗੁਰਦੁਆਰਾ ਗੁਰੂ ਪੰਥ ਦਾ ਨਿਮਾਣਾ ਦਾਸ-,
ਸੈਜਲੀ ਸਟਰੀਟ ਬਲਰਾਜ਼ ਸਿੰਘ
ਵੁਲਵਰ ਹੈਂਪਟਨ (U.K.) ਇੰਗਲੈਂਡ

ਲੇਖਕ ਵਲੋਂ

ਮੈਨੂੰ ਅਨੁਭਵ ਹੋਇਆ ਹੈ ਕਿ ਪ੍ਰਮਾਤਮਾ ਨੇ ਸਾਰੇ ਸੰਸਾਰ ਦਾ ਪਸਾਰਾ ਸ਼ਬਦ ਦੁਆਰਾ ਪਸਾਰਿਆ ਹੋਇਆ ਹੈ। ਜਿਸ ਤਰ੍ਹਾਂ ਪ੍ਰਮਾਤਮਾ ਆਪ ਨਿਰਾਕਾਰ ਹੈ, ਉਸੇ ਤਰ੍ਹਾਂ ਸ਼ਬਦ ਵੀ ਨਿਰਾਕਾਰ ਹੈ। ਪ੍ਰਮਾਤਮਾ, ਸ਼ਬਦ ਰੂਪ ਹੋ ਕੇ ਸ੍ਰਿਸ਼ਟੀ ਦੇ ਰੋਮ-ਰੋਮ ਵਿਚ ਰਮਿਆ ਹੋਇਆ ਹੈ। ਇਕ ਸਮਾਂ ਆਉਂਦਾ ਹੈ ਕਿ ਜਦੋਂ ਦੇਹਧਾਰੀ ਮਨੁੱਖ ਆਪਣੀ ਦੇਹ ਵਿਚੋਂ "ਸ਼ਬਦ" ਨੂੰ ਅਨੁਭਵ ਕਰਦਾ ਹੈ, ਤਾਂ ਉਸ ਦੀ ਦੇਹ ਸੰਤ ਤੇ ਗੁਰੂ ਜਾਣ ਕੇ ਪੂਜੀ ਜਾਂਦੀ ਹੈ। ਪਰ ਓਹੀ ਦੇਹ-ਧਾਰੀ, ਪੂਜਾ ਕਰਨ ਵਾਲਿਆਂ ਨੂੰ ਕਹਿ ਰਿਹਾ ਹੁੰਦਾ ਹੈ ਕਿ "ਮੈਂ ਗੁਰੂ ਨਹੀਂ ਹਾਂ, ਮੈਂ ਸੰਤ ਨਹੀਂ ਹਾਂ।" ਗੁਰੂ ਕੋਈ ਹੋਰ ਹੈ ਅਤੇ ਮੈਂ ਸਰੀਰ ਹਾਂ। ਹਰ ਇਕ ਦੇ ਸਰੀਰ ਵਿਚ ਸ਼ਬਦ, ਆਦਿ ਤੋਂ ਹੀ ਮੌਜੂਦ ਹੈ ਅਤੇ ਉਹ ਸਦਾ ਅਮਰ ਹੈ। ਜੇ ਤੁਸੀਂ ਸਰੀਰ ਦੀ ਪੂਜਾ ਕਰੋਗੇ ਤਾਂ ਪਾਖੰਡ ਅਤੇ ਹੰਕਾਰ ਵਧੇਗਾ। ਜੇ ਤੁਸੀਂ 'ਸ਼ਬਦ' ਦਾ ਸਿਮਰਨ ਕਰੋਗੇ ਤਾਂ ਧਿਆਨ ਅਤੇ ਧਰਮ ਵਧੇਗਾ। ਸਰੀਰ ਦਾ ਮੁੱਲ, ਸ਼ਬਦ ਕਰਕੇ ਹੈ ਅਤੇ ਸ਼ਬਦ ਆਦਿ ਕਾਲ ਤੋਂ ਸਭ ਦਾ ਗੁਰੂ ਹੈ। ਸ਼ਬਦ ਹੀ ਪ੍ਰਮਾਤਮਾ ਹੈ, ਸ਼ਬਦ ਹੀ ਗੁਰੂ ਹੈ ਅਤੇ ਸ਼ਬਦ ਦੁਆਰਾ ਹੀ ਸਾਰੀ ਹਲਚਲ ਹੈ।

ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥੯॥
ਨਮਸਕਾਰ ਤਿਸਹੀ ਕੋ ਹਮਾਰੀ ॥
ਸਕਲ ਪ੍ਰਜਾ ਜਿਨ ਆਪ ਸਵਾਰੀ ॥ (ਚੌਪਈ ਪਾ: ੧੦)

ਮੇਰੀ ਦਿਲੀ ਪ੍ਰਾਰਥਨਾ ਹੈ ਕਿ ਇਹ ਹੱਥਲੀ ਪੁਸਤਕ "ਸ਼ਬਦ ਦੀ ਕਲਾ" ਪਾਠਕਾਂ ਲਈ, ਸ਼ਬਦ ਦਾ ਰਸ ਮਾਨਣ ਲਈ ਪੂਰਨ ਸਹਾਈ ਹੋਵੇ।

ਆਪ ਸਭ ਦਾ ਪਿਆਰ ਪਾਤਰ -
ਸੁਖਬੀਰ ਸਿੰਘ "ਸੰਤਰੇਨ"

ਸੰਤਰੇਨ ਨਿਵਾਸ
300—ਬੈਂਕ ਇੰਨਕਲੇਵ (ਖੁਖੀ ਢਾਬ)
ਡਾਕ: ਮਾਡਲ ਟਾਊਨ,
ਜਲੰਧਰ, (ਪੰਜਾਬ)
ਫੋਨ:-0181-273174

ਤਤਕਰਾ

ਧਮਾਕਾ ਹੋਇਆ ਹੈ, There was a big Sound.

ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥ ਪੰ. 117

ਸੰਸਾਰ ਰਚਨਾ ਅਤੇ ਸ਼ਬਦ ਦੀ ਕਲਾ

ਗੁਰਮਤਿ ਵਿਚ ਕੇਵਲ ਸ਼ਬਦ ਦੀ ਹੀ ਪੂਜਾ ਹੁੰਦੀ ਹੈ। ਸ਼ਬਦ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ ਅਤੇ ਸਾਰੀ ਮਹਿਮਾ ਸ਼ਬਦ ਦੀ ਹੀ ਹੁੰਦੀ ਹੈ। ਸ਼ਬਦ ਹੀ ਪ੍ਰਮਾਤਮਾ ਹੈ ਅਤੇ ਸ਼ਬਦ ਹੀ ਗੁਰੂ ਹੈ। ਸਰੀਰ ਓਹੀ ਪੂਜਿਆ ਜਾਂਦਾ ਹੈ, ਜਿਸ ਸਰੀਰ ਵਿਚ ਸ਼ਬਦ ਦਾ ਪ੍ਰਕਾਸ਼ ਹੋਵੇ। ਸ਼ਬਦ ਦੁਆਰਾ ਸੰਤ ਦਾ ਜਨਮ ਹੁੰਦਾ ਹੈ ਸਰੀਰ ਦਾ ਨਹੀਂ ਹੁੰਦਾ। ਸ਼ਬਦ ਸਰਬ ਸ਼ਕਤੀਮਾਨ ਹੈ। ਸ਼ਬਦ ਸ਼ਾਸ਼ਵਤ ਹੈ ਅਤੇ ਅਨਾਦੀ ਹੈ। ਸ਼ਬਦ ਦੁਆਰਾ ਗੁਰੂ ਦਾ ਪ੍ਰਕਾਸ਼ ਹੁੰਦਾ ਹੈ ਅਤੇ ਗੁਰੂ ਦੁਆਰਾ ਸ਼ਬਦ ਨੂੰ ਜਾਣਿਆ ਜਾਂਦਾ ਹੈ। ਸ਼ਬਦ ਪ੍ਰਮਾਤਮਾ ਦੀ ਆਪਣੀ ਅਵਾਜ਼ ਹੈ। ਪ੍ਰਮਾਤਮਾ ਦੀ ਜਾਣਕਾਰੀ ਸ਼ਬਦ (ਅਵਾਜ਼) ਦੁਆਰਾ ਹੀ ਕੀਤੀ ਜਾ ਸਕਦੀ ਹੈ। ਸ਼ਬਦ ਟਿਕਿਆ ਹੋਇਆ ਹੈ ਅਤੇ ਸੰਸਾਰ ਚਲਦਾ ਹੈ। ਜਦੋਂ ਮਨੁੱਖ ਦਾ ਮਨ ਸ਼ਬਦ ਵਿਚ ਟਿਕ ਜਾਂਦਾ ਹੈ ਤਾਂ ਉਸ ਨੂੰ ਕਰਤਾਰ ਦੀ ਸਮਝ ਲਗਦੀ ਹੈ।

ਸੰਸਾਰ ਚਲਾਇਮਾਨ ਹੈ। ਜੋ ਚਲ ਰਿਹਾ ਹੈ, ਉਹ ਸੰਸਾਰ ਹੈ। ਜੋ ਟਿਕਿਆ ਹੋਇਆ ਹੈ, ਉਹ ਕਰਤਾਰ ਹੈ। ਯਾਨੀ ਕਿ ਸ਼ਬਦ ਹੈ। ਇਹ ਸਾਰੀ ਕਾਇਨਾਤ ਦੀ ਸਿਰਜਣਾ ਸ਼ਬਦ ਦੁਆਰਾ ਹੋਈ ਹੈ। ਜਗਤ ਦੇ ਤਮਾਮ ਰਿਸ਼ੀ ਮੁਨੀ, ਪੀਰ, ਪੈਗੰਬਰ, ਗੁਰੂ ਅਵਤਾਰ ਇਸ ਵਿਚਾਰਧਾਰਾ ਨਾਲ ਸਹਿਮਤ ਹਨ ਕਿ ਸ਼ਬਦ ਟਿਕਿਆ ਹੈ ਅਤੇ ਸੰਸਾਰ ਚਲਦਾ ਹੈ। ਸਭ ਦਾ ਇਹ ਕਹਿਣਾ ਹੈ ਕਿ ਸੰਸਾਰ ਦੀ ਸਿਰਜਣਾ ਸ਼ਬਦ ਤੋਂ ਹੋਈ ਹੈ। ਭਾਰਤ ਦੇ ਪ੍ਰਾਚੀਨ ਰਿਸ਼ੀਆਂ ਮੁਨੀਆਂ ਦਾ ਮੰਨਣਾ ਹੈ ਕਿ ਸੰਸਾਰ ਧੁਨੀ ਤੋਂ ਆਇਆ ਹੈ। ਧੁਨੀ ਯਾਨੀ ਕਿ ਸ਼ਬਦ ਤੋਂ ਆਇਆ ਹੈ। ਰਿਸ਼ੀਆਂ ਮੁਨੀਆਂ ਨੇ ਉਸ ਧੁਨੀ ਨੂੰ ਜੋ ਨਾਮ ਦਿੱਤਾ ਹੈ, ਉਹ ਨਾਮ ਹੈ, "ਓਮ"। ਜੈਨ ਮੱਤ ਦੇ ਮਹਾਂਪੁਰਖਾਂ ਦਾ ਕਹਿਣਾ ਹੈ ਕਿ ਜਿਸ ਧੁਨੀ ਤੋਂ ਸੰਸਾਰ ਪ੍ਰਗਟ ਹੋਇਆ ਹੈ, ਉਹ ਧੁਨੀ "ਓਅੰਕਾਰ" ਹੈ। ਇਸ ਤਰ੍ਹਾਂ ਹੀ ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦਾ ਮੰਨਣਾ ਹੈ ਕਿ ਸੰਸਾਰ ਰਚਨਾ ਤੋਂ ਪਹਿਲਾਂ ਇਕ ਧੁਨੀ ਹੋਈ ਸੀ।

ਗੁਰਬਾਣੀ ਦੀ ਰੌਸ਼ਨੀ ਤੋਂ ਪਤਾ ਕਰੀਏ ਕਿ ਸੰਸਾਰ ਰਚਨਾ ਕਿਵੇਂ ਹੋਈ ? ਜਿਸ ਢੰਗ ਨਾਲ ਸੰਸਾਰ ਰਚਨਾ ਨੂੰ ਗੁਰਬਾਣੀ ਨੇ ਮੰਨਿਆ ਹੈ, ਸੰਸਾਰ ਦੇ ਸਾਰੇ ਅਧਿਆਤਮਕ ਗ੍ਰੰਥ ਗੁਰਮਤ ਨਾਲ ਸਹਿਮਤ ਹਨ। ਸੰਸਾਰ ਦੇ ਸਮੂਹ ਅਧਿਆਤਮਕ ਲੋਕ ਵੀ ਗੁਰਬਾਣੀ ਦੀ ਵੀਚਾਰਧਾਰਾ ਨਾਲ ਸਹਿਮਤ ਹਨ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਹਿਣਾ ਹੈ ਕਿ ਇਸ ਦ੍ਰਿਸ਼ਟਮਾਨ ਸੰਸਾਰ ਤੋਂ ਬਹੁਤ ਸਮਾਂ ਪਹਿਲਾਂ, ਜਿਸ ਸਮੇਂ ਦੀ ਗਿਣਤੀ ਸਾਲਾਂ ਬੱਧੀ ਤਾਂ ਕੀਤੀ ਨਹੀਂ ਜਾ ਸਕਦੀ। ਉਸ ਸਮੇਂ ਬਾਰੇ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ "ਅਰਬਦ ਨਰਬਦ" ਸ਼ਬਦ ਵਰਤੇ ਹਨ। ਪਰ ਕਹਿੰਦੇ ਹਨ ਕਿ ਇਹ ਗਣਿਤ ਦੀ ਮਜਬੂਰੀ ਹੈ। ਵਰਨਾ "ਅਰਬਦ ਨਰਬਦ" ਲਫ਼ਜ਼ ਵੀ ਗਣਿਤ ਦੀ ਅੰਤਲੀ ਹੱਦ ਹੈ।

ਪ੍ਰਿਥਮ ਕਾਲ ਸਭ ਜਗ ਕਾ ਤਾਤਾ॥ ਓਅੰਕਾਰ ਤੇ ਸ੍ਰਿਸ੍ਟਿ ਉਪਾਤਾ॥(ਬਚਿਤ੍ਰ ਨਾਟਕ)
ਏਕਾ ਏਕੰਕਾਰੁ ਲਿਖਿ ਦਿਖਾਲਿਆ॥ ਓਅੰਕਾਰ ਪਸਰਿ ਪਸਾਰਿਆ॥ ਭਾ.ਗੁ.

ਪਰ ਪ੍ਰਭੂ ਰਚਨਾ ਅਨਹਦ ਪ੍ਰਵਿਹਣ, ਅਜ਼ਲਾਂ ਤੋਂ ਨਿਰੰਤਰ ਵਹਿ ਰਿਹਾ ਹੈ।

ਅਰਬਦ (अर्बुद) ਯਾਨੀ ਦਸ (10) ਕਰੋੜ ਸਾਲ ।

ਨਰਬਦ (नर्बुद) ਯਾਨੀ ਕਿ ਨ, ਅਰਬਦ (न+अर्बुद)

ਭਾਵ ਕਿ ਜਿਸ ਲਈ ਲਫ਼ਜ਼ "ਅਰਬਦ" ਵੀ ਨਹੀਂ ਵਰਤਿਆ ਜਾ ਸਕਦਾ ।

ਉਸ ਵੇਲੇ ਨਾ ਇਹ ਧਰਤੀ ਸੀ, ਨਾ ਅਕਾਸ਼ ਸੀ, ਨਾ ਹੀ ਉਸ ਬੇਅੰਤ ਪ੍ਰਭੂ ਦੀ ਰਚਨਾ "ਮਾਇਆ" ਸੀ । ਸਿਵਾਇ ਪ੍ਰਭੂ ਤੋਂ ਹੋਰ ਕੁਝ ਵੀ ਨਹੀਂ ਸੀ । ਉਦੋਂ ਪ੍ਰਮਾਤਮਾ ਮਾਨੋ ਆਪਣੇ ਆਪ ਵਿੱਚ ਹੀ ਸਮਾਧੀ ਲਾਈ ਬੈਠਾ ਸੀ । ਜਿਸ ਵਿਚ ਕਿਸੇ ਕਿਸਮ ਦਾ ਕੋਈ ਫੁਰਨਾ ਨਹੀਂ ਸੀ । ਉਸ ਅਫੁੱਰ ਸਮਾਧੀ ਬਾਰੇ ਮਾਰੂ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜ਼ਿਕਰ ਕੀਤਾ ਹੈ—

ਅਰਬਦ ਨਰਬਦ ਧੁੰਧੂਕਾਰਾ ॥
ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ ॥੧॥

(ਪੰਨਾ ੧੦੩੫)

ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਇਨ੍ਹਾਂ ਵਿਚਾਰਾਂ ਨਾਲ ਹੀ ਮਿਲਦਾ ਵਿਚਾਰ "ਰਿਗ ਵੇਦ" ਦੇ ਦੋ ਮੰਤਰਾਂ ਵਿਚ ਹੈ:-

ਨਾਸਦਾਸੀਨ੍ਨੋ ਸਦਾਸੀਤ੍ ਤਦਾਨੀਂ,
ਨਾਸੀਦ੍ਰਜੋ ਨੋ ਵ੍ਯੋਮਾ ਪਰੋ ਯਤ੍ ॥
ਕਿਮਾਵਰੀਵ : ਕੁਹ ਕਸ੍ਯ ਸ਼ਰਮਨ੍ਨਮ੍ਭ :,
ਕਿਮੀਸੀਦ੍ ਗਹਨੰ ਗਭੀਰਮ੍ ॥੧॥

(ਮੰਤਰ ਨੰ: ੧, ਰਿਗ ਵੇਦ: ਮੰਡਲ ੧ , ਸੂਕਤ ੧੨੯)

ਭਾਵ ਕਿ ਉਦੋਂ ਨਾ ਹੋਂਦ ਸੀ । ਨ ਅਣਹੋਂਦ ਸੀ । ਨਾ ਵਾਯੂ-ਮੰਡਲ ਸੀ । ਨਾ ਉਸ ਤੋਂ ਪਰ੍ਹੇ ਕੋਈ ਅਸਮਾਨ ਸੀ । ਕੀ ਗੁੱਝਾ ਸੀ ? ਅਤੇ ਕਿਥੇ ਸੀ ? ਕਿਸ ਆਸਰੇ ਸੀ ? ਕੀ ਪਾਣੀ ਸੀ ? ਕੀ ਸਮੁੰਦਰ ਸੀ ? ਕੁਝ ਪਤਾ ਨਹੀਂ ਕੀ ਸੀ ?

ਨ ਮ੍ਰਿਤ੍ਯੁਰਾਸੀਦਾਮ੍ਰਿਤੰ ਨ ਤਹਿੰ,
ਨ ਰਾਤ੍ਰ੍ਯਾ ਅਹ੍ ਨ ਆਸੀਤ੍ ਪ੍ਰਕੇਤ :॥
ਆਨੀਦਵਾਤੰ ਸ੍ਵਯਯਾ ਤਦੇਕੰ ਤਸ੍ਮਾਦ੍
ਧਾਨ੍ਯਨਨਧਰ : ਕਿ ਚਨਾਸ ॥੨॥

(ਮੰਤਰ ਨੰ: ੨, ਰਿਗ ਵੇਦ, ਮੰਡਲ ੧੦, ਸੂਕਤ ੧੨੯)

ਭਾਵ ਕਿ ਉਦੋਂ ਨਾ ਮੌਤ ਸੀ । ਨ ਕਿਤੇ ਅਮਰਤਾ ਦੀ ਹੋਂਦ ਸੀ । ਨਾ ਦਿਨ ਰਾਤ ਦੀ ਵਿਭਾਜਕ ਰੇਖਾ ਸੀ । ਕੇਵਲ, ਉਹ ਆਪ ਪ੍ਰਭੂ, ਸੁਆਸ-ਰਹਿਤ ਮੌਜੂਦ ਸੀ। ਉਸ ਤੋਂ ਪਰ੍ਹੇ ਕੁਝ ਵੀ ਨਹੀਂ ਸੀ ।

ਇਨ੍ਹਾਂ ਰਿਗ ਵੇਦ ਦੇ ਮੰਤਰਾਂ ਵਿਚ, ਇਹ ਸਾਖੀ ਭਰੀ ਗਈ ਹੈ ਕਿ ਸੰਸਾਰ ਰਚਨਾ

ਤੋਂ ਪਹਿਲਾਂ, ਵਾਕਿਆ ਹੀ, ਪ੍ਰਭੂ ਆਪ ਹੀ ਆਪ ਸੀ। ਸੁੰਨ ਸਮਾਧੀ ਵਿਚ ਸੀ। ਬਾਕੀ ਹੋਰ ਕੁਝ ਵੀ ਨਹੀਂ ਸੀ।

ਫਿਰ ਸਵਾਲ ਹੈ ਕਿ ਸ੍ਰਿਸ਼ਟੀ ਦੀ ਰਚਨਾ ਦਾ ਮੁੱਢ ਕਦੋਂ ਬੱਝਾ ?

ਇਹ ਇਕ ਗੁੰਝਲਦਾਰ ਪ੍ਰਸ਼ਨ ਹੈ। ਇਸ ਪ੍ਰਸ਼ਨ ਨੂੰ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਸ੍ਰਿਸ਼ਟੀ ਦੀ ਉਮਰ ਕਿੰਨੀ ਹੈ ?

ਇਸ ਪ੍ਰਸ਼ਨ ਵਿੱਚ ਸਮੇਂ (Time) ਦੀ ਗੱਲ ਕੀਤੀ ਗਈ ਹੈ। ਦਿਨ ਵਾਰ ਤੇ ਤਾਰੀਖ ਪੁੱਛੀ ਗਈ ਹੈ।

ਪੱਛਮੀ ਦਰਸ਼ਨ ਦੀ ਸ਼ਬਦਾਵਲੀ ਵਿੱਚ, ਸੰਸਾਰ ਇਤਿਹਾਸ ਦੀ ਲਿਖਾਈ ਹੈ। Chronology of the world ਉਸ ਲਿਖਾਈ ਅਨੁਸਾਰ ਵਿਚਾਰਵਾਨਾਂ ਦੇ ਦੋ ਧੜੇ ਹਨ। ਇਕ ਧੜਾ ਭੌਤਿਕਵਾਦੀਆਂ ਦਾ ਹੈ। ਦੂਜਾ ਧੜਾ ਅਧਿਆਤਮਵਾਦੀਆਂ ਦਾ ਹੈ। ਭੌਤਿਕਵਾਦੀ ਤਾਂ ਸ੍ਰਿਸ਼ਟੀ ਨੂੰ ਅਨਾਦਿ ਮੰਨਦੇ ਹਨ। ਉਨ੍ਹਾਂ ਅਨੁਸਾਰ, ਸ੍ਰਿਸ਼ਟੀ ਧੁਰ ਅਜ਼ਲਾਂ ਤੋਂ ਇੱਕ ਨਿਰੰਤਰ ਪ੍ਰਵਾਹ ਹੈ, ਜੋ ਕਦੇ ਰੁਕਿਆ ਨਹੀਂ। ਸ੍ਰਿਸ਼ਟੀ ਦਾ ਨਾ ਕੋਈ ਆਦਿ (ਮੁੱਢ) ਹੈ ਅਤੇ ਨਾ ਕੋਈ ਅੰਤ ਹੈ। ਇਹ ਸਵੈਚਲਿਤ ਵਹਿਣ ਹੈ।

ਪਰ ਦੂਜੇ ਪਾਸੇ ਉਹ ਬ੍ਰਹਮ ਵਿਚਾਰਕ ਮਹਾਂਪੁਰਖ ਹਨ, ਜਿਨ੍ਹਾਂ ਦੀ ਖੋਜ ਅਧਿਆਤਮਕ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਅਨੇਕਾਂ ਯੁੱਗ ਇਸ ਸ੍ਰਿਸ਼ਟੀ ਦਾ ਪਸਾਰਾ ਹੋਇਆ ਹੀ ਨਹੀਂ ਸੀ। ਆਪ ਹੀ ਪ੍ਰਮਾਤਮਾ ਸਮਾਧੀ ਸਥਿਤ ਸੀ। ਉਸ ਧੁੰਧੂਕਾਰ ਵਿੱਚ ਆਪ ਹੀ ਪ੍ਰਮਾਤਮਾ ਨਿਰਲੇਪ ਬੈਠਾ ਸੀ। ਉਹ ਸੈਭੰ ਹੈ। ਆਪਣੇ ਆਪ ਤੋਂ ਆਪ ਹੈ। ਅਨੇਕਾਂ ਹੀ ਯੁੱਗ ਇਸ ਘੁੱਪ-ਹਨੇਰੇ ਦੇ ਲੰਘ ਗਏ। ਭਾਵ ਕਿ ਸ੍ਰਿਸ਼ਟੀ-ਰਚਨਾ ਤੋਂ ਬਿਅੰਤ ਸਮਾਂ ਪਹਿਲਾਂ ਅਜਿਹੀ ਹਾਲਤ ਸੀ। ਉਸ ਹਾਲਤ ਬਾਰੇ ਯਕੀਨ ਨਾਲ ਕੁਝ ਸਮਝ ਨਹੀਂ ਆ ਸਕਦੀ। ਅਧਿਆਤਮਕ ਵਿਦਿਆ ਅਨੁਸਾਰ, ਉਦੋਂ ਅਪਰ-ਅਪਾਰ ਪ੍ਰਮਾਤਮਾ ਨੇ, ਆਪਣੇ ਆਪ ਵਿਚ, ਆਪ ਹੀ ਸਮਾਧੀ ਲਾਈ ਹੋਈ ਸੀ। ਉਦੋਂ ਨਾ ਹੀ ਇਸ ਜਗਤ ਦਾ ਪਸਾਰਾ ਸੀ, ਨਾ ਹੀ ਮੋਹ ਮਾਇਆ ਦਾ ਚੱਕਰ ਸੀ। ਅਧਿਆਤਮਕ ਵਿਦਿਆ ਅਨੁਸਾਰ, ਉਸ ਪਰੀਪੂਰਨ ਪ੍ਰਮਾਤਮਾ ਨੇ ਘੁੱਪ-ਹਨੇਰੇ ਦੇ ਛੱਤੀ ਯੁਗ ਇਸੇ ਤਰ੍ਹਾਂ ਹੀ ਵਰਤਾਈ ਰੱਖੇ। ਜਿਵੇਂ ਉਸ ਨੂੰ ਚੰਗਾ ਲੱਗਾ, ਉਵੇਂ ਹੀ ਉਹ ਉਸ ਘੁੱਪ-ਹਨੇਰੇ ਵਾਲੀ ਕਾਰ ਹੀ ਚਲਾਉਂਦਾ ਰਿਹਾ। ਉਸ ਦੇ ਬਰਾਬਰ ਉਸ ਦਾ ਕੋਈ ਸ਼ਰੀਕ ਨਹੀਂ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ—

ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ ॥
ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥੧॥
ਜੁਗ ਛਤੀਹ ਤਿਨੈ ਵਰਤਾਏ ॥ ਜਿਉ ਤਿਸੁ ਭਾਣਾ ਤਿਵੈ ਚਲਾਏ ॥
ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ ॥੨॥

(ਪੰਨਾ ੧੦੨੬)

ਧੰਨ ਗੁਰੂ ਅਮਰਦਾਸ ਜੀ ਦੇ ਵਿਚਾਰ ਵੀ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਹੀ ਵਿਚਾਰਾਂ ਦੀ ਪੁਸ਼ਟੀ ਕਰਦੇ ਹਨ—

ਜੁਗ ਛਤੀਹ ਕੀਓ ਗੁਬਾਰਾ ॥
ਤੂ ਆਪੇ ਜਾਣਹਿ ਸਿਰਜਣਹਾਰਾ ॥
ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ
ਤੂ ਆਪੇ ਕੀਮਤਿ ਪਾਇਦਾ ॥੧॥

(ਪੰਨਾ ੧੦੬੧)

ਦਰਅਸਲ ਗੁਰਮਤ ਨੇ ਇਹ ਫ਼ੈਸਲਾ ਦਿੱਤਾ ਹੈ ਕਿ ਉਹ ਪ੍ਰਮਾਤਮਾ, ਜਿਸ ਤੋਂ ਪਰ੍ਹੇ ਹੋਰ ਕੁਝ ਵੀ ਨਹੀਂ, ਨਿਰੋਲ ਆਪੇ ਹੀ ਆਪ ਹੈ। ਉਹ ਆਪਣੀ ਕਲਾ ਨਾਲ ਯਾਨੀ ਕਿ ਕੁਦਰਤ ਨਾਲ ਸਦਾ ਸੁੰਨ ਵੀ ਵਰਤਾ ਸਕਦਾ ਹੈ ਅਤੇ ਆਪ ਹੀ ਆਪਣੀ ਕਲਾ ਨਾਲ ਯਾਨੀ ਕਿ ਕੁਦਰਤ ਨਾਲ ਰਚਨਾ ਰਚਦਾ ਹੈ:-

ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥
ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥
ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥

(ਪੰਨਾ ੧੦੩੭)

ਇਸ ਤਰ੍ਹਾਂ ਦੇ ਵਿਚਾਰ ਪੁਰਾਤਨ ਗ੍ਰੰਥਿ ਰਿਗ ਵੇਦ ਵਿੱਚ ਫਿਰ ਮਿਲਦੇ ਹਨ।

ਤਮ ਅਸੀਤ੍ ਤਮਸਾ ਗੂਵ੍ਵਹ ਮਗਾਪ੍ਰਕੇਤੰ ਸਲਿਲੰ ਸਰਵਮਾਂ ਇੰਦਮ ।
ਤੁਚਛਯੇ ਨਾਭ, ਵਪਿਹਤੇ ਯਦਾ ਸੀਤ੍ ਤਪਸਸਤਨ ਮਹਿਨਾ ਜਾਯ ਤੈਕਸ ॥੩॥

(ਮੰਤਰ ਨੰ: ੩, ਰਿਗ ਵੇਦ, ਮੰਡਲ ੧ , ਸੂਕਤ ੧੨੯)

ਭਾਵ ਕਿ ਉਦੋਂ ਅੰਧਕਾਰ ਸੀ। ਜੋ ਕੁਝ ਵੀ ਸੀ, ਉਹ ਸਾਰਾ ਉਥੱਲ-ਪੁਥੱਲ ਸੀ। ਅੰਧੇਰਾ ਹੀ ਅੰਧੇਰਾ ਸੀ। ਜੋ ਕੁਝ ਉਸ ਵੇਲੇ ਹੋਂਦ ਵਿੱਚ ਸੀ ਉਹ ਅਕਾਰ-ਰਹਿਤ ਤੇ ਸੁੰਨ ਸੀ। ਉਦੋਂ ਹੀ ਸੁੰਨਧਾਰੀ ਪ੍ਰਮਾਤਮਾ ਦੀ ਮਹਾਨ ਸ਼ਕਤੀ "ਸ਼ਬਦ" ਤੋਂ ਸ੍ਰਿਸ਼ਟੀ ਦੀ ਸਾਜਨਾ ਸ਼ੁਰੂ ਹੋਈ। ਇਹ ਰਚਨਾ ਕਦੋਂ ਹੋਈ ? ਇਹ ਦਿਨ, ਵਾਰ ਤੇ ਤਾਰੀਖ਼ ਨਾ ਕਿਸੇ ਅਧਿਆਤਮਕਵਾਦੀ ਬ੍ਰਹਮ ਵਿਚਾਰਕ ਮਹਾਂਪੁਰਖ ਨੇ ਦੱਸੀ ਹੈ ਅਤੇ ਨਾ ਹੀ ਕਿਸੇ ਭੌਤਿਕਵਾਦੀ ਵਿਗਿਆਨੀ ਨੇ ਇਹ ਸਮਾਂ ਦੱਸਿਆ ਹੈ। ਬੱਸ, ਇਸ ਤਰ੍ਹਾਂ ਦੇ ਇਸ਼ਾਰੇ ਪੁਰਾਤਨ ਸੰਸਕ੍ਰਿਤ ਗ੍ਰੰਥਿ ਵਿੱਚ ਜ਼ਰੂਰ ਮਿਲਦੇ ਹਨ ਕਿ ਉਸ ਵੱਡੇ ਪ੍ਰਮਾਤਮਾ ਦੀ ਮਰਜ਼ੀ ਹੋਈ, ਯਾਨੀ ਕਿ ਇੱਛਾ ਹੋਈ ਕਿ ਮੈਂ "ਸੁੰਨ ਸ਼ਬਦ" ਤੋਂ ਅਨੇਕਾਂ ਰੂਪ ਹੋਵਾਂ।

ਤੈ ਤਿਰੀਯਾ ਉਪਨਿਸ਼ਦ ਦਾ ਕਹਿਣਾ ਹੈ—

ਸੋ ਕਾਮਯਤ ਏਕੋ ਹੂੰ ਬਹੂ ਸਿਆਮ ॥

(ਤੈਤਿਰੀਯਾ ਉਪਨਿਸਦ)

ਭਾਵ ਕਿ ਪ੍ਰਭੂ ਨੂੰ ਫੁਰਨਾ ਫੁਰਿਆ ਕਿ ਮੈਂ ਇਕ ਤੋਂ ਅਨੇਕਾਂ ਰੂਪ ਹੋਵਾਂ ? ਇਹ ਫੁਰਨਾ ਉਸ ਦਾ ਉਦੋਂ ਪੂਰਾ ਹੋਇਆ। ਸੁੰਨ ਸ਼ਬਦ ਤੋਂ ਪਉਣ ਬਣੀ, ਫਿਰ ਪਾਣੀ, ਤੇ ਪਾਣੀ ਤੋਂ ਸਹਿਜੇ-ਸਹਿਜੇ ਇਹ ਵਰਤਮਾਨ ਸੰਸਾਰ ਤੱਕ ਦੀ ਯਾਤਰਾ ਹੋਈ। ਇਹ ਵਿਚਾਰ ਹਿੰਦੂ ਸੰਸਕ੍ਰਿਤੀ ਹੀ ਨਹੀਂ ਦਰਸਾਉਂਦੀ, ਬਲਕਿ ਇਸਾਈਅਤ ਵੀ ਇਨ੍ਹਾਂ ਹੀ ਵਿਚਾਰਾਂ

ਨਾਲ ਸਹਿਮਤ ਹੈ। ਇਸਾਈ ਮੱਤ ਦੀ ਪਵਿੱਤਰ ਪੁਸਤਕ "ਬਾਈਬਲ" ਵਿੱਚ ਵੀ, ਪ੍ਰਭੂ ਦੀ ਸਵੈ-ਇੱਛਾ ਦਾ ਜ਼ਿਕਰ ਹੈ—

There was none but God.
God said, let there be light
and there was light.

(Bible)

ਭਾਵ ਕਿ ਪ੍ਰਮਾਤਮਾ ਤੋਂ ਇਲਾਵਾ ਉਦੋਂ ਉਥੇ ਹੋਰ ਕੋਈ ਨਹੀਂ ਸੀ। ਪ੍ਰਭੂ ਨੇ ਸ੍ਰਿਸ਼ਟੀ ਸਿਰਜਨਾ ਕਰਨ ਦੀ ਇੱਛਾ ਪ੍ਰਗਟ ਕੀਤੀ। ਪ੍ਰਭੂ ਦੀ ਇਸ ਇੱਛਾ ਅਨੁਸਾਰ ਸਾਰਾ ਵਰਤਮਾਨ ਸੰਸਾਰ ਪਉਣ, ਪਾਣੀ ਦੀ ਯਾਤਰਾ ਕਰਦਾ ਹੋਇਆ ਹੋਂਦ ਵਿਚ ਆਇਆ। (ਬਾਈਬਲ)

ਇਸ ਤਰ੍ਹਾਂ ਹੀ ਹੋਰ ਜਿੰਨੇ ਸੂਫ਼ੀ ਸੰਤ, ਮਹਾਂਪੁਰਖ ਹੋਏ ਹਨ, ਉਹ ਵੀ ਇਸੇ ਵਿਚਾਰਧਾਰਾ ਨਾਲ ਸਹਿਮਤ ਹਨ।

ਇਸਲਾਮ ਦੇ ਪਵਿੱਤਰ ਗ੍ਰੰਥ "ਕੁਰਾਨ ਸ਼ਰੀਫ਼" ਵਿਚ ਅਲਾਹ ਪਾਕਿ ਦੀ ਸਵੈ-ਇੱਛਾ ਦਾ ਜ਼ਿਕਰ ਇਸ ਤਰ੍ਹਾਂ ਹੈ ਕਿ "ਖ਼ੁਦਾ ਪਾਕ" ਨੇ ਕਿਹਾ, "ਕੁੱਨ"।

ਭਾਵ ਕਿ "ਹੋ ਜਾ"। ਤਤ ਛਿਨ ਹੀ "ਕੁੱਨ" ਸ਼ਬਦ ਤੋਂ "ਫੀਏ ਕੁੱਨ !" ਭਾਵ ਕਿ ਇਕ ਧਮਾਕਾ ਹੋਇਆ ਜਿਸ ਤੋਂ ਪਉਣ ਫਿਰ, ਪਾਣੀ ਅਤੇ ਸਹਿਜੇ-ਸਹਿਜੇ ਸਭ ਸ੍ਰਿਸ਼ਟੀ ਹੋ ਗਈ"! ਇਹ ਪਸਾਰਾ ਪਸਰ ਗਿਆ।

ਇਸ ਸ੍ਰਿਸ਼ਟੀ ਨੂੰ ਸਿਰਜਨ ਦਾ ਫੁਰਨਾ, ਪ੍ਰਭੂ ਨੂੰ ਕਦੋਂ ਫੁਰਿਆ ? ਯਾਨੀ ਸਵੈ-ਇੱਛਾ ਕਦੋਂ ਹੋਈ ਕਿ ਮੈਂ ਇਕ ਤੋਂ ਅਨੇਕਾਂ ਹੋਵਾਂ ? ਇਸ ਬਾਰੇ ਕੋਈ ਤਾਰੀਖ਼, ਦਿਨ, ਵਾਰ ਕਿਸੇ ਨੇ ਕੁਝ ਨਹੀਂ ਦੱਸਿਆ। ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਜੇਕਰ ਸਮੇਂ ਦੀ ਕੋਈ ਤਿਥੀ ਹੁੰਦੀ ਤਾਂ ਉਹ ਕਿਸੇ ਬ੍ਰਹਮਾ ਵਰਗੇ ਪੰਡਿਤ ਨੇ ਪੁਰਾਨਾਂ ਵਿੱਚ ਉਲੇਖ (ਜ਼ਿਕਰ) ਕਰਨਾ ਸੀ।

ਨਹੀਂ ਤਾਂ "ਹਜ਼ਰਤ ਮੁਹੰਮਦ" ਸਾਹਿਬ ਦੀਆਂ ਪਵਿੱਤਰ ਆਇਤਾਂ, ਜੋ ਕੁਰਾਨ ਸ਼ਰੀਫ਼ ਵਿੱਚ ਦਰਜ ਹਨ, ਕਿਸੇ ਕਾਜ਼ੀ ਮੌਲਵੀ ਨੇ ਕੁਰਾਨ ਦੀ ਪਵਿੱਤਰ ਪੁਸਤਕ ਵਿੱਚ ਲਿਖ ਦੇਣਾ ਸੀ। ਦਰਅਸਲ ਉਸ ਪ੍ਰਭੂ ਨੇ ਰਚਨਾ ਕਦੋਂ ਰਚੀ ? ਇਸ ਬਾਰੇ ਕੁਝ ਜਾਣਿਆ ਹੀ ਨਹੀਂ ਜਾ ਸਕਦਾ। ਜੇ ਜਾਣਿਆ ਜਾ ਸਕਦਾ ਹੋਵੇ ਤਾਂ ਕਿਸੇ "ਸ਼ਿਵ ਜੀ" ਵਰਗੇ ਮਹਾਨ ਯੋਗੀ ਨੇ ਅੰਤਰ-ਧਿਆਨ ਹੋ ਕੇ ਜਾਣ ਲੈਣਾ ਸੀ। ਬੱਸ, ਉਸ ਪ੍ਰਭੂ ਨੇ ਜਦੋਂ ਰਚਨਾ ਕੀਤੀ ਹੈ, ਉਹ ਆਪ ਹੀ ਜਾਣਦਾ ਹੈ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਵਿਚਾਰ ਨੂੰ ਹੀ ਉਜਾਗਰ ਕੀਤਾ ਹੈ—

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

(ਪੰਨਾ 4)

ਤਿਅਕੁਰ ਆਕਾਰੁ ਕੀਨ ਥਿਤਿ ਵਾਰੁ ਨ ਮਾਹੁ ਕਹਾਇਆ ।। ਭਾ.ਗੁ. 14/7

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ—

ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥

(ਪੰਨਾ ੨੮੫)

ਸਪੱਸ਼ਟ ਗੱਲ ਹੈ ਕਿ ਜੇ ਪ੍ਰਭੂ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਤਾਂ ਉਹੀ ਨਿਸ਼ਚੇ ਨਾਲ ਜਾਣਦਾ ਹੈ ਕਿ ਪ੍ਰਭੂ ਨੇ ਕਦੋਂ ਤੋਂ ਇਹ ਸਿਰਜਨਾ ਸ਼ੁਰੂ ਕੀਤੀ ਹੈ। ਜਿਵੇਂ ਇਕ ਪਿਤਾ ਤਾਂ ਜਾਣਦਾ ਹੈ ਕਿ ਬੱਚੇ ਦਾ ਜਨਮ ਕਿਵੇਂ ਤੇ ਕਦੋਂ ਹੋਇਆ ਹੈ ? ਪਰ

ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥
ਸਗਲ ਪਰੋਈ ਅਪੁਨੈ ਸੂਤਿ ॥

(ਪੰਨਾ ੨੮੪)

ਉਹ ਪ੍ਰਭੂ ਕਰਤਾ-ਪੁਰਖ ਪਿਤਾ ਹੈ। ਸਭ ਸੰਸਾਰ ਦਾ ਕਰਤਾ ਹੈ। ਸਾਰਾ ਸੰਸਾਰ ਕ੍ਰਿਤ ਹੈ। ਕ੍ਰਿਤ, ਕਰਤੇ ਬਾਰੇ ਕੁਝ ਨਹੀਂ ਜਾਣ ਸਕਦੀ। ਜਿਵੇਂ ਇਕ ਮਾਲਕ ਆਪਣਾ ਮਕਾਨ ਬਨਾਉਣ ਲਗਦਾ ਹੈ ਅਤੇ ਨਾ ਹੀ ਉਹ ਮਕਾਨ ਨੂੰ ਪੁੱਛਦਾ ਹੈ ਕਿ ਤੂੰ ਬਣਨਾ ਚਾਹੁੰਦਾ ਹੈ ਕਿ ਨਹੀਂ ? ਨਾ ਹੀ, ਮਕਾਨ ਨੂੰ ਪਤਾ ਹੁੰਦਾ ਹੈ ਕਿ ਮੈਂ ਬਣ ਰਿਹਾ ਹਾਂ।

ਬੱਸ, ਠੀਕ ਇਸ ਤਰ੍ਹਾਂ ਹੀ ਪ੍ਰਭੂ ਕਰਦਾ ਹੈ। ਉਹ ਸ੍ਰਿਸ਼ਟੀ ਬਨਾਉਣ ਲੱਗਿਆਂ, ਸ੍ਰਿਸ਼ਟੀ ਨੂੰ ਪੁਛਦਾ ਨਹੀਂ ਕਿ ਤੂੰ ਬਣਨਾ ਚਾਹੁੰਦੀ ਹੈਂ ਕਿ ਨਹੀਂ ? ਪਰਮਾਤਮਾ ਪ੍ਰਭੂ ਸ੍ਰਿਸ਼ਟੀ ਰਚ ਦੇਂਦਾ ਹੈ। ਨਾ ਹੀ ਸ੍ਰਿਸ਼ਟੀ ਨੂੰ ਪਤਾ ਹੁੰਦਾ ਹੈ ਕਿ ਮੈਂ ਹੁਣ ਬਣ ਰਹੀ ਹਾਂ ਜਾਂ ਹੁਣ ਮੇਰਾ ਵਿਨਾਸ਼ ਹੋਣ ਵਾਲਾ ਹੈ। ਪ੍ਰਭੂ ਆਪਣੇ ਸ਼ਬਦ ਦੁਆਰਾ ਸੰਸਾਰ ਦਾ ਵਿਸਥਾਰ ਕਰਦਾ ਹੈ। ਫਿਰ ਸ਼ਬਦ ਵਿਚ ਹੀ ਸਮੋ ਲੈਂਦਾ ਹੈ। ਗੁਰੂ ਅਮਰਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ—

ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥

(ਪੰਨਾ ੧੧੭)

ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਸਾਰੀ ਸ੍ਰਿਸ਼ਟੀ ਉਸ ਆਦਿ ਪਰਮ ਸਤਿ ਸਰੂਪ ਪ੍ਰਭੂ ਦੀ ਸਵੈ-ਇੱਛਾ ਅਨੁਸਾਰ ਪ੍ਰਗਟ ਹੋਈ ਹੈ। ਉਹ ਆਪਣੀ ਮਰਜ਼ੀ ਨਾਲ ਹੀ ਸ੍ਰਿਸ਼ਟੀ ਦਾ ਵਿਸਥਾਰ ਕਰਦਾ ਹੈ। ਆਪਣੀ ਮਰਜ਼ੀ ਨਾਲ ਹੀ ਆਪਣੇ ਸ਼ਬਦ ਵਿੱਚ ਸਮੋ ਲੈਂਦਾ ਹੈ। ਯਾਨੀ ਕਿ ਲੀਨ ਕਰ ਲੈਂਦਾ ਹੈ। ਗੁਰਦੇਵ ਦਾ ਕਥਨ ਹੈ—

ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥
ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ ॥

(ਪੰਨਾ ੨੮੪)

ਸਭ ਅਧਿਆਤਮਕ ਵਿਚਾਰਵਾਨਾਂ ਅਤੇ ਅਧਿਆਤਮਕ ਗ੍ਰੰਥਾਂ ਦੀ ਇਕ ਵਿਚਾਰ ਬੜੇ ਗਹਿਰੇ ਰੂਪ ਵਿਚ ਸਰਬ-ਸਾਂਝੀ ਵਿਚਾਰ ਹੈ। ਗੁਰਮਤਿ ਦੀ ਵਿਚਾਰ ਹੈ ਕਿ "ਓਅੰਕਾਰ ਸ਼ਬਦ", ਅਨਾਦਿ ਸ਼ਬਦ ਹੈ। ਇਸੇ ਸ਼ਬਦ ਨੂੰ ਹੀ ਨਿਰੰਕਾਰ ਕਿਹਾ ਗਿਆ ਹੈ। ਇਹ ਇਕ ਨਿਰੰਤਰ ਧੁਨੀ ਹੈ। ਇਹ "ਓਅੰਕਾਰ" ਹੀ 'ਸ਼ਬਦ' ਸਰੂਪ ਹੋ ਕੇ ਸਾਰੀ ਕਾਇਨਾਤ

ਵਿੱਚ ਸਮਾਇਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ—

ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥

(ਪੰਨਾ ੯੨੯)

ਗੁਰੂ ਅਮਰਦਾਸ ਜੀ ਮਹਾਰਾਜ ਦਾ ਕਹਿਣਾ ਹੈ ਕਿ "ਓਅੰਕਾਰ" ਤੋਂ ਹੀ ਸਾਰੀ ਸ੍ਰਿਸ਼ਟੀ ਬਣੀ ਹੈ, ਯਾਨੀ ਕਿ ਪੈਦਾ ਹੋਈ ਹੈ। ਇਹ ਸਾਰਾ ਜੋ ਸੰਸਾਰ ਦਾ ਪਸਰਿਆ ਹੋਇਆ ਇਕ ਖੇਲ ਤਮਾਸ਼ਾ ਦਿਸਦਾ ਹੈ, ਇਹ ਸਾਰਾ, ਓਅੰਕਾਰ ਦੀ ਹੀ ਵਡਿਆਈ ਦਾ ਤਮਾਸ਼ਾ ਹੈ। ਇਸ ਤਮਾਸ਼ੇ ਦੀ ਡੋਰੀ ਓਅੰਕਾਰ ਹੀ ਹੈ।

ਓਅੰਕਾਰਿ ਸਭ ਸ੍ਰਿਸਟਿ ਉਪਾਈ ॥
ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥

(ਪੰਨਾ ੧੦੬੧)

ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਵੀ ਇਹ ਵਿਚਾਰ ਹੈ ਕਿ—

ਓਅੰਕਾਰਿ ਉਤਪਾਤੀ ॥
ਕੀਆ ਦਿਨਸੁ ਸਭ ਰਾਤੀ ॥ *(ਪੰਨਾ ੧੦੦੩)*

ਓਅੰਕਾਰ, ਆਦਿ ਸਰੂਪ ਧੁਨੀ ਹੈ, ਜਿਸ ਨੂੰ ਸਿਰਫ਼ ਆਪਣੇ ਆਪ ਵਿਚੋਂ ਸੁਣਿਆ ਜਾ ਸਕਦਾ ਹੈ। ਗੁਰਮਤਿ ਦੀ ਇਸ ਵਿਚਾਰਧਾਰਾ ਨਾਲ ਸਨਾਤਨ ਵੈਦਿਕ ਗ੍ਰੰਥ ਵੀ ਸਹਿਮਤ ਹਨ। ਉਪਨਿਸ਼ਦ ਵੀ ਇਸ ਉਪਦੇਸ਼ ਦੀ ਹਾਮੀ ਭਰਦੇ ਹਨ। ਰਿਗ ਵੇਦ ਦਾ ਕਥਨ ਹੈ—

"ਸਵਰਮੋਂਕਾਰ ਏਵ"

(ਰਿਗ ਵੇਦ)

ਭਾਵ ਕਿ ਸਭ ਕੁਝ ਓਅੰਕਾਰ ਹੀ ਹੈ।

ਨਾਰਦ ਪਰਿਵ੍ਰਾਜਕੋਪਨਿਸ਼ਦ ਦੇ ਅਸ਼ਟਮੋਪਦੇਸ਼ ਦੇ ਦੂਜੇ ਸਲੋਕ ਵਿਚ ਕਿਹਾ ਹੈ ਕਿ—

"ਓਮਿਤਿ ਬ੍ਰਹਮ"

ਭਾਵ ਕਿ ਓਮ ਬ੍ਰਹਮ ਹੈ।

"ਮਾਂਡੂਕਯੋਪਨਿਸ਼ਦ" ਦੇ ਪਹਿਲੇ ਸਲੋਕ ਵਿਚ ਕਿਹਾ ਹੈ—

"ਓਮਿਤਯੇਤਦਕਸਰਮਿਦੰ ॥"

ਗੁਰੂ ਗੋਬਿੰਦ ਸਿੰਘ ਜੀ ਨੇ ਬਚਿੱਤਰ ਨਾਟਕ ਵਿੱਚ ਜ਼ਿਕਰ ਕੀਤਾ ਹੈ ਕਿ ਅਕਾਲ ਪੁਰਖ ਪ੍ਰਭੂ ਨੇ ਪਹਿਲੇ ਪਹਿਲ ਜਦੋਂ ਸ੍ਰਿਸ਼ਟੀ ਦੀ ਰਚਨਾ ਕੀਤੀ ਤਾਂ "ਓਅੰਕਾਰ" ਸ਼ਬਦ ਪੈਦਾ ਹੋਇਆ। ਓਅੰਕਾਰ ਸ਼ਬਦ ਹੋਣ ਦੇ ਨਾਲ ਹੀ ਸ੍ਰਿਸ਼ਟੀ ਦਾ ਮੁੱਢ ਬੱਝਾ ਸੀ। ਸਾਰੀ ਸ੍ਰਿਸ਼ਟੀ ਵਿੱਚ ਓਅੰਕਾਰ ਸ਼ਬਦ ਇਕ ਰਸ ਲੈਅ ਬੱਧ ਹੋ ਕੇ ਸਮਾਇਆ ਹੋਇਆ ਹੈ।

ਜਿਥੇ ਗੁਰਬਾਣੀ ਵਿੱਚ ਸ੍ਰਿਸ਼ਟੀ ਦਾ ਮੁੱਢ ਓਅੰਕਾਰ ਸ਼ਬਦ ਨੂੰ ਮੰਨਿਆ ਗਿਆ ਹੈ। ਓਥੇ ਵੇਦਾਂਤ ਨੇ ਵੀ ਮੂਲ ਮੁੱਢ ਓਅੰਕਾਰ ਨੂੰ ਹੀ ਮੰਨਿਆ ਹੈ। ਰਿਗਵੇਦ ਵਿੱਚ ਕਥਨ ਹੈ—

ਸਰਵ ਮੋਂਕਾਰ ਏਵ

ਭਾਵ ਕਿ ਸਭ ਓਅੰਕਾਰ ਹੀ ਹੈ। ਦਰਅਸਲ ਸਾਰੀ ਸ਼੍ਰਿਸ਼ਟੀ ਵਿੱਚ ਪ੍ਰਮਾਤਮਾ ਏਸ ਤਰ੍ਹਾਂ ਸ਼ਬਦ ਰੂਪ ਹੋ ਕੇ ਲੀਨ ਹੈ, ਜਿਵੇਂ ਦੁੱਧ ਵਿੱਚ ਮੱਖਣ ਸਮਾਇਆ ਹੋਇਆ ਹੈ। ਪਰ ਓਹ ਮੱਖਣ ਦੁੱਧ ਨੂੰ ਦੇਖ ਕੇ ਨਹੀਂ ਦਿਖਾਈ ਪੈਂਦਾ। ਮੱਖਣ ਪ੍ਰਾਪਤ ਕਰਨ ਲਈ ਵਿਸ਼ੇਸ਼ ਵਿਧੀ ਅਖਤਿਆਰ ਕਰਨੀ ਪੈਂਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਕਥਨ ਕਰਦੇ ਹਨ ਕਿ—

ਪ੍ਰਥਮ ਕਾਲ ਜਬ ਕਰਾ ਪਸਾਰਾ ॥
ਓਅੰਕਾਰ ਤੇ ਸ੍ਰਿਸ਼ਟਿ ਉਪਾਰਾ ॥ *(ਦਸਮ ਗ੍ਰੰਥ)*

ਪ੍ਰਮਾਤਮਾ ਸਾਰੇ ਸੰਸਾਰ ਦੀ ਸਿਰਜਨਾ ਕਰਕੇ, ਆਪ ਅਨੇਕਾਂ ਰੂਪ ਹੋ ਕੇ, ਸਾਰੇ ਸੰਸਾਰ ਵਿੱਚ ਪਸਰਿਆ ਹੋਇਆ ਹੈ, ਜਿਵੇਂ ਸੂਰਜ ਇੱਕ ਹੈ। ਪਰ ਕਿਰਨਾਂ ਅਨੇਕਾਂ ਹਨ। ਕਿਰਨਾਂ ਦੀ ਰੌਸ਼ਨੀ ਦੁਆਰਾ, ਸੂਰਜ ਹੀ ਸਾਰੇ ਸੰਸਾਰ ਵਿੱਚ ਪਸਰ ਜਾਂਦਾ ਹੈ:

ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥
(ਪੰਨਾ ੧੨)

ਠੀਕ ਸ਼ਬਦ ਦੁਆਰਾ ਪ੍ਰਮਾਤਮਾ ਸਾਰੇ ਸੰਸਾਰ ਵਿੱਚ ਸਮਾਇਆ ਹੋਇਆ ਹੈ। ਇਹ ਸਾਰਾ ਸੰਸਾਰ ਪ੍ਰਮਾਤਮਾ ਦਾ ਨਿਵਾਸ-ਅਸਥਾਨ ਹੈ:

ਇਹੁ ਜਗੁ ਸਚੈ ਕੀ ਹੈ ਕੋਠੜੀ,
ਸਚੇ ਕਾ ਵਿਚਿ ਵਾਸੁ ॥ *(ਪੰਨਾ ੪੬੩)*

ਗੁਰੂ ਅਰਜਨ ਦੇਵ ਜੀ ਦੇ ਵਕਤ ਦੀ ਇਹ ਕਥਾ ਹੈ ਕਿ ਇਕ ਸਿੱਖ ਅਨੰਦ ਸਾਹਿਬ ਦਾ ਪਾਠ ਕਰ ਰਿਹਾ ਸੀ। ਪਾਠ ਕਰਦਿਆਂ-ਕਰਦਿਆਂ ਜਦੋਂ ਇਹ ਪਾਠ ਆਇਆ ਕਿ

ਏ ਨੇਤ੍ਰਹੁ ਮੇਰਿਹੋ....॥ ਇਹ ਵਿਸੁ ਸੰਸਾਰੁ ਤੁਮ ਦੇਖਦੇ,
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥
(ਪੰਨਾ ੯੨੨)

ਇਹ ਪਾਠ ਪੜ੍ਹ ਕੇ ਸਿੱਖ ਕੁਝ ਸੋਚਣ ਲੱਗ ਗਿਆ। ਸੁਭਾਵਕ ਹੀ ਸੁਆਲ ਪੈਦਾ ਹੋ ਜਾਂਦਾ ਹੈ ਕਿ ਏਸ ਪਾਠ ਦੁਆਰਾ ਗੁਰੂ ਅਮਰਦਾਸ ਜੀ, ਇਕ ਤਾਂ ਇਹ ਕਹਿ ਰਹੇ ਹਨ ਕਿ ਇਹ ਸੰਸਾਰ ਵਿਸ ਹੈ। ਯਾਨੀ ਕਿ ਸੰਸਾਰ ਦੁਖਦਾਈ ਹੈ। ਵਿਸ ਕਹੀਏ, ਜ਼ਹਿਰ ਨੂੰ। ਭਾਵ ਕਿ ਸੰਸਾਰ ਬੜਾ ਖਤਰਨਾਕ ਹੈ.ਪਰ ਨਾਲ ਹੀ ਇਹ ਕਹਿ ਰਹੇ ਹਨ ਕਿ ਇਹ ਸੰਸਾਰ ਹੀ ਪ੍ਰਮਾਤਮਾ ਦਾ ਨਿਵਾਸ ਅਸਥਾਨ ਹੈ। ਉਸ ਸਿੱਖ ਦੇ ਮਨ ਅੰਦਰ ਦੁਬਿਧਾ ਬਣ ਗਈ। ਆਪਣੀ ਦੁਬਿਧਾ ਨੂੰ ਦੂਰ ਕਰਨ ਵਾਸਤੇ ਉਹ ਸਿੱਖ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਕੋਲ ਗਿਆ। ਹੱਥ ਜੋੜ ਕੇ ਪੁੱਛਿਆ ਕਿ ਗੁਰਦੇਵ! ਮੈਨੂੰ ਇਸ ਪਾਠ ਦੀ ਸਮਝ ਨਹੀਂ ਆਉਂਦੀ। ਕ੍ਰਿਪਾ ਕਰਕੇ ਮੈਨੂੰ ਸਮਝਾਉ? ਗੁਰਦੇਵ ਨੇ ਪੁੱਛਿਆ ਦੱਸੋ? ਕਿਹੜਾ ਪਾਠ ਹੈ, ਜਿਸ ਦੀ ਸਮਝ ਨਹੀਂ ਆਉਂਦੀ? ਤਾਂ ਉਸ ਸਿੱਖ ਨੇ ਪਾਠ ਸੁਣਾਇਆ,

ਏ ਨੇਤ੍ਰਹੁ ਮੇਰਿਹੋ...॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥ *(ਪੰਨਾ ੯੨੨)*

ਸਿੱਖ ਕਹਿਣ ਲੱਗਾ ਸਤਿਗੁਰੂ ਜੀ ! ਇਕ ਤਾਂ ਇਹ ਸੰਸਾਰ ਵਿਸ ਭਰਿਆ ਹੈ। ਦੂਜਾ ਪ੍ਰਮਾਤਮਾ ਦਾ ਰੂਪ ਵੀ ਏਹੀ ਹੈ । ਮੈਨੂੰ ਸਮਝ ਨਹੀਂ ਆਉਂਦੀ ।

ਉਸ ਸਿੱਖ ਨੂੰ ਗੁਰੂ ਅਰਜਨ ਦੇਵ ਜੀ ਨੇ ਬੜੇ ਸੁੰਦਰ ਢੰਗ ਨਾਲ ਸਮਝਾਇਆ ਹੈ—

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥

(ਪੰਨਾ ੬੧੭)

ਭਾਵ ਕਿ ਸਾਰੀ ਬਨਸਪਤੀ ਵਿੱਚ ਅਗਨੀ ਹੈ । ਪਰ ਉਹ ਅੱਗ ਦਿਖਾਈ ਨਹੀਂ ਪੈਂਦੀ । ਭਾਵੇਂ ਸੁੱਕੀ ਹੋਈ ਲੱਕੜ ਕੋਲ ਪਈ ਹੋਈ ਹੋਵੇ । ਉਸ ਉੱਪਰ ਦਾਲ ਨਹੀਂ ਬਣ ਸਕਦੀ । ਰੋਟੀ ਨਹੀਂ ਬਣ ਸਕਦੀ । ਉਸ ਲੱਕੜੀ ਵਿਚੋਂ ਅਗਨੀ ਨੂੰ ਉਜਾਗਰ ਕਰਨਾ ਪੈਂਦਾ ਹੈ । ਭਾਵੇਂ ਲੱਕੜ ਨੇ ਹੀ ਬਲਣਾ ਹੈ । ਪਰ ਅੱਗ ਉਜਾਗਰ ਕਰਨ ਲਈ ਦੂਜੀ ਅੱਗ ਚਾਹੀਦੀ ਹੈ । ਇਹ ਇੱਕ ਵਿਧੀ ਹੈ ਕਿ ਅੱਗ ਦੁਆਰਾ ਹੀ ਅੱਗ ਪ੍ਰਗਟ ਹੁੰਦੀ ਹੈ।

ਗੁਰਦੇਵ ਨੇ ਦੂਸਰਾ ਦ੍ਰਿਸ਼ਟਾਂਤ ਦਿੱਤਾ ਕਿ ਦੁੱਧ ਵਿੱਚ ਘਿਉ ਹੈ । ਪਰ ਦੁੱਧ ਵਿਚੋਂ ਘਿਉ ਨੂੰ ਪ੍ਰਗਟ ਕਰਨ ਲਈ ਇੱਕ ਵਿਧੀ ਦੀ ਜ਼ਰੂਰਤ ਹੈ । ਦੁੱਧ ਨੂੰ ਦਹੀਂ ਬਣਾਉਣਾ, ਫਿਰ ਉਸ ਦਹੀਂ ਨੂੰ ਰਿੜਕਣਾ ਪੈਂਦਾ ਹੈ। ਫਿਰ ਉਸ ਵਿਚੋਂ ਮੱਖਣ ਪ੍ਰਾਪਤ ਹੁੰਦਾ ਹੈ। ਮੱਖਣ ਤੋਂ ਘਿਉ ਬਣ ਜਾਂਦਾ ਹੈ ।

ਗੁਰਦੇਵ ਨੇ ਸਿੱਖ ਨੂੰ ਕਿਹਾ ਕਿ ਜਿਵੇਂ ਲੱਕੜੀ ਵਿੱਚ ਬੈਸੰਤਰ ਸਮਾਈ ਹੋਈ ਹੈ। ਯਾਨੀ ਕਿ ਅਗਨੀ ਲੱਕੜੀ ਵਿੱਚ ਸਮਾਈ ਹੋਈ ਹੈ । ਇਸ ਤਰ੍ਹਾਂ ਹੀ ਕਰਤਾਰ, ਸੰਸਾਰ ਵਿੱਚ ਸਮਾਇਆ ਹੋਇਆ ਹੈ । ਜਿਸ ਤਰ੍ਹਾਂ ਘਿਉ, ਦੁੱਧ ਵਿੱਚ ਸਮਾਇਆ ਹੋਇਆ ਹੈ। ਏਸ ਤਰ੍ਹਾਂ ਹੀ ਪ੍ਰਮਾਤਮਾ ਸੰਸਾਰ ਵਿੱਚ ਸਮਾਇਆ ਹੋਇਆ ਹੈ । ਜਿਵੇਂ ਅੱਗ ਦੁਆਰਾ ਹੀ ਲੱਕੜੀ ਵਿਚੋਂ ਅੱਗ ਉਜਾਗਰ ਕੀਤੀ ਜਾ ਸਕਦੀ ਹੈ । ਇਸ ਤਰ੍ਹਾਂ ਹੀ ਪ੍ਰਮਾਤਮਾ ਨੂੰ ਸੰਸਾਰ ਵਿਚੋਂ ਹੀ ਉਜਾਗਰ ਕੀਤਾ ਜਾ ਸਕਦਾ ਹੈ। ਜਿਵੇਂ ਅੱਗ ਦੁਆਰਾ ਅੱਗ ਨੂੰ ਉਜਾਗਰ ਕੀਤਾ ਜਾਂਦਾ ਹੈ । ਇਸ ਤਰ੍ਹਾਂ ਹੀ ਸ਼ਬਦ ਦੁਆਰਾ ਪਰਮ ਸ਼ਬਦ ਨੂੰ ਉਜਾਗਰ ਕੀਤਾ ਜਾ ਸਕਦਾ ਹੈ । ਪ੍ਰਮਾਤਮਾ ਹਰੇਕ ਸਰੀਰ ਵਿੱਚ ਹੈ । ਚਾਹੇ ਉਹ ਸਰੀਰ ਚੋਰ ਦਾ ਹੋਵੇ ਜਾਂ ਸਾਧ ਦਾ । ਪਾਪੀ ਦਾ ਹੋਵੇ ਜਾਂ ਪੁੰਨੀ ਦਾ। ਪ੍ਰਮਾਤਮਾ ਪਾਪੀ ਤੋਂ ਪਾਪੀ ਪੁਰਸ਼ ਵਿੱਚ ਵੀ ਓਨਾ ਹੀ ਹੈ, ਜਿੰਨਾ ਕਿ ਪੁੰਨੀ ਤੋਂ ਪੁੰਨੀ ਵਿੱਚ ਹੈ । ਜੇ ਮਨੁੱਖ ਸੰਸਾਰ ਦੇ ਪਾਪ, ਝੂਠ, ਕਪਟ, ਕ੍ਰੋਧ ਆਦਿ ਨੂੰ ਹੀ ਦੇਖੇ ਤਾਂ ਕਹੇਗਾ, ਕਿ ਸੰਸਾਰ ਵਿਸ ਭਰਿਆ ਹੈ । ਦੁਖਦਾਈ ਹੈ । ਪਰ ਜਿਸ ਦੇ ਅੰਦਰ ਸ਼ਬਦ ਜਾਗਦਾ ਹੈ, ਉਸ ਨੂੰ ਇਹ ਸਾਰਾ ਸੰਸਾਰ, ਕਰਤਾਰ ਦਾ ਨਿਵਾਸ ਅਸਥਾਨ ਹੀ ਲੱਗਦਾ ਹੈ। ਕਿਉਂਕਿ ਉਸ ਨੇ ਆਪਣੇ ਵਿਚੋਂ ਪ੍ਰਮਾਤਮਾ ਨੂੰ ਦੇਖਿਆ ਹੈ । ਸ਼ਬਦ ਦੁਆਰਾ ਹੀ ਉਸ ਪਰਮ ਸ਼ਬਦ ਨੂੰ ਜਗਾਇਆ ਜਾ ਸਕਦਾ ਹੈ । ਜੇ ਸ਼ਬਦ ਜਗ ਪਵੇ, ਤਾਂ ਫਿਰ ਉਸ ਸ਼ਬਦ ਦੀ ਰੋਸ਼ਨੀ ਵਿੱਚ ਸਾਰਾ ਸੰਸਾਰ ਪ੍ਰਮਾਤਮਾ ਦਾ ਨਿਵਾਸ ਅਸਥਾਨ ਹੀ ਦਿਸੇਗਾ :

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ...॥ *(ਪੰਨਾ ੭੯੫)*

⁂ ⁂ ⁂

ਸ਼ਬਦ ਸਬੰਧ ਅਤੇ ਸ਼ਬਦ ਦੀ ਕਲਾ

ਭਾਵ ਕਿ ਉਹ ਅਬਿਨਾਸੀ ਪ੍ਰਭੂ ਦਾ ਨਾਮ ਓਅੰਕਾਰ ਹੈ। ਗੁਰਮਤਿ ਜਿਸ ਓਅੰਕਾਰ ਨੂੰ—

"ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥" (ਪੰਨਾ ੨੭੬)

ਕਹਿੰਦੀ ਹੈ। ਇਸਲਾਮ ਦੀ ਸ਼ਬਦਾਵਲੀ ਵਿੱਚ ਉਸ ਨੂੰ—

ਮਸੱਬੀਬ-ਅਲ-ਅਸਬਾਬ ਆਖਿਆ ਹੈ।

ਇਸਲਾਮ ਦੇ ਬ੍ਰਹਮ ਵੇਤਾ ਪੁਰਸ਼ਾਂ ਅਨੁਸਾਰ, "ਬ੍ਰਹਮ ਗਿਆਨੀ ਮਹਾਰਪੁਰਖ" ਜਦੋਂ ਗੁਰ ਮੰਤਰ ਅਭਿਆਸ ਕਰਦਾ ਹੈ ਤਾਂ ਪੂਰਨ ਸਫਲਤਾ ਤੋਂ ਉਪਰੰਤ ਉਸ ਨੂੰ ਆਪਣੇ ਅੰਦਰੋਂ ਜੋ ਅਨਹਦ ਅਵਾਜ਼ ਸੁਣਦੀ ਹੈ। ਉਹ ਉਸ ਨੂੰ "ਓਮੀਨ" ਕਹਿੰਦੇ ਹਨ। ਓਮੀਨ, ਓਮ ਅਤੇ ਓਅੰਕਾਰ, ਇਹ ਸਾਰੇ ਸ਼ਬਦ ਆਪਣਾ ਧੁਨਾਤਮਿਕ ਸਬੰਧ ਇਕੋ ਜਿਹਾ ਹੀ ਰਖਦੇ ਹਨ।

ਭਾਰਤ ਵਿਚ ਚਾਰ ਪ੍ਰਕਾਰ ਦੇ ਮਜ਼ਬ ਹਨ। ਇਨ੍ਹਾਂ ਚੌਂਹਾ ਦਾ ਹੀ ਆਪਸ ਵਿਚ ਬੜਾ ਮੱਤ ਭੇਦ ਵੀ ਹੈ ਅਤੇ ਝਗੜਾ ਵੀ ਹੈ। ਇਹ ਚਾਰ ਮਜ਼ਬ ਇਹ ਹਨ। ਹਿੰਦੂ, ਜੈਨ, ਬੁਧ ਅਤੇ ਸਿੱਖ। ਇਨ੍ਹਾਂ ਵਿਚ ਅਨੇਕਾਂ ਮਜ਼ਬੀ ਅਸੂਲਾਂ ਕਰਕੇ ਮੱਤਭੇਦ ਹਨ। ਪਰ ਓਅੰਕਾਰ ਦੇ ਸਬੰਧ ਵਿਚ ਕੋਈ ਮੱਤਭੇਦ ਹਨ।

ਗੁਰਮਤਿ "ਓਅੰਕਾਰ" ਕਹਿੰਦੀ ਹੈ। ਹਿੰਦੂ ਮੱਤ ਵਾਲੇ "ਓਮ-ਤਤ-ਸੱਤ" ਕਹਿੰਦੇ ਹਨ। ਇਹ ਵੀ "ਓਅੰਕਾਰ" ਦਾ ਹੀ ਰੂਪ ਹੈ। ਜੈਨ ਤੇ ਬੁੱਧ ਮੱਤ ਦੇ ਲੋਕ "ਓਮ" ਸ਼ਬਦ ਦਾ ਪ੍ਰਯੋਗ ਕਰਦੇ ਹਨ। ਇਹ ਇਕ ਇਸ ਤਰ੍ਹਾਂ ਦਾ ਸ਼ਬਦ ਹੈ ਜੋ ਕਿਸੇ ਸੰਪਰਦਾ ਨਾਲ ਸਬੰਧ ਨਹੀਂ ਰੱਖਦਾ। ਬਾਕੀ ਸ਼ਬਦਾਂ ਤੇ ਸੰਪਰਦਾਇਕ ਝਗੜੇ ਹਨ। "ਬ੍ਰਹਮ" ਸ਼ਬਦ ਦਾ ਉਪਯੋਗ ਜੈਨ ਮੱਤ ਨਹੀਂ ਕਰਦਾ। "ਆਤਮਾ" ਸ਼ਬਦ ਦਾ ਉਪਯੋਗ ਬੁੱਧ ਮੱਤ ਨਹੀਂ ਕਰਦਾ। ਪਰ ਓਮ, ਓਅੰਕਾਰ ਜਾਂ ਓਮੀਨ, ਸ਼ਬਦ ਲਈ ਇਤਰਾਜ਼ ਨਹੀਂ ਕਰਦੇ। ਇਨ੍ਹਾਂ ਸ਼ਬਦਾਂ ਨੂੰ "ਆਦਿ ਸ਼ਬਦ" ਮੰਨਿਆ ਜਾਂਦਾ ਹੈ।

ਇਸੇ ਤਰ੍ਹਾਂ ਹੀ ਇਸਾਈ, ਇਸਲਾਮ ਅਤੇ ਯਹੂਦੀ ਇਹ ਤਿੰਨੇ ਮਜ਼ਬ ਭਾਰਤ ਵਿਚ ਪੈਦਾ ਨਹੀਂ ਹੋਏ। ਭਾਵੇਂ ਹੋਂਦ ਭਾਰਤ ਵਿੱਚ ਵੀ ਹੈ, ਇਨ੍ਹਾਂ ਦਾ ਪ੍ਰਚਾਰ ਵੀ ਭਾਰਤ ਵਿਚ ਬੜਾ ਰਿਹਾ ਹੈ, ਤਿੰਨੇ ਹੀ ਮਜ਼ਬਾਂ ਦੀ ਪੈਦਾਇਸ਼ ਭਾਰਤ ਤੋਂ ਬਾਹਰ ਅਰਬ ਦੇਸ਼ਾਂ ਵਿੱਚ ਹੈ। ਆਦਿ ਸ਼ਬਦ "ਓਮ, ਓਅੰਕਾਰ ਅਤੇ ਓਮੀਨ" ਬਾਰੇ ਉਹ ਵੀ ਯਕੀਨ ਕਰਦੇ ਹਨ ਕਿ ਇਹ ਇਕ ਆਦਿ ਧੁਨ ਹੈ। ਜਿਸ ਨੂੰ ਧਿਆਨੰਤਰ ਹੋ ਕੇ ਅੰਤਸ਼ਕਰਣ ਤੋਂ ਸੁਣਿਆ ਜਾ ਸਕਦਾ ਹੈ।

ਓਮ, ਓਅੰਕਾਰ ਅਤੇ ਓਮੀਨ, ਦਰਅਸਲ ਅਲੱਗ ਅਲੱਗ ਤਿੰਨ ਸ਼ਬਦ ਨਹੀਂ ਹਨ।

ਇਹ ਇਕ ਸ਼ਬਦ ਹੈ, ਜਿਸ ਨੂੰ ਤਿੰਨ ਪ੍ਰਕਾਰ ਦੇ ਲੋਕਾਂ ਨੇ ਸੁਣਿਆ ਹੈ ।

ਜਿਵੇਂ—ਇਕ ਰੇਲ ਗੱਡੀ ਵਿਚ ਤਿੰਨ ਮੁਸਾਫ਼ਰ ਸਫ਼ਰ ਕਰ ਰਹੇ ਹੋਣ। ਇਕ ਮੁਸਾਫ਼ਰ ਆਖੇ ਕਿ ਰੇਲ ਗੱਡੀ ਦੇ ਇੰਜਣ ਦੀ ਅਵਾਜ਼ ਛੱਕ-ਛੱਕ ਹੈ। ਦੂਜਾ ਆਖੇ ਨਹੀਂ ! ਭੱਕ-ਭੱਕ ਹੈ। ਤੀਜਾ ਆਖੇ ਨਹੀਂ ! ਮੇਰੇ ਕੰਨਾਂ ਨਾਲ ਸੁਣੋ ? ਰੇਲ ਦੇ ਇੰਜਣ ਦੀ ਅਵਾਜ਼ ਧੱਕ-ਧੱਕ ਹੈ। ਦਰਅਸਲ ਅਵਾਜ਼ ਇਕ ਹੀ ਹੈ। ਜਦੋਂ ਉਸ ਨੂੰ ਬਹੁਤੇ ਪ੍ਰਕਾਰ ਦੇ ਲੋਕਾਂ ਨੇ ਸੁਣਿਆ ਹੈ, ਤਾਂ ਲਫ਼ਜ਼ਾਂ ਵਿਚ ਅੰਤਰ ਆ ਗਿਆ ਹੈ।

ਬੱਸ ਇਵੇਂ ਹੀ ਓਮ, ਓਅੰਕਾਰ ਅਤੇ ਓਮੀਨ ਸ਼ਬਦ, ਇਕ ਹੀ ਸ਼ਬਦ ਨੂੰ ਬਹੁਤੇ ਪ੍ਰਕਾਰ ਦੇ ਲੋਕਾਂ ਨੇ ਸੁਣਿਆ ਹੈ। ਇਸ ਕਰਕੇ ਇਕ ਹੀ ਸ਼ਬਦ ਦਾ ਅਰਥ ਅਲੱਗ ਜਾਪਦਾ ਹੈ। ਦਰਅਸਲ ਇਕ ਸ਼ਬਦ ਦੀ ਹੀ ਨਿਰੰਤਰ ਹੋ ਰਹੀ ਧੁੰਨ ਦਾ ਨਾਮ ਓਅੰਕਾਰ ਹੈ। ਸ੍ਰਿਸ਼ਟੀ ਤੇ ਇਹੀ ਇਕ ਸ਼ਬਦ ਹੈ ਜੋ ਸਭ ਮਜ਼੍ਹਬਾਂ ਨੂੰ ਆਪਸ ਵਿਚ ਇਕ ਕਰਦਾ ਹੈ। ਯਾਨੀ ਕਿ ਜੋੜਦਾ ਹੈ। ਵਰਨਾ ਮਜ਼੍ਹਬਾਂ ਦੇ ਬੜੇ ਮੱਤਭੇਦ ਹਨ। ਓਅੰਕਾਰ ਸ਼ਬਦ ਤੇ ਕੋਈ ਭੇਦ ਨਹੀਂ ਹੈ। ਇਹੀ ਸ਼ਬਦ ਹੈ ਜਿਸ ਨੂੰ ਗੁਰੂ ਨਾਨਕ ਕਹਿੰਦੇ ਹਨः-

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

(ਪੰਨਾ ੧)

ਸਿਖਰ ਸ਼ਬਦ ਹੈ "ਓਅੰਕਾਰ"। ਗੀਤਾ ਵਿਚ ਸ੍ਰੀ ਭਗਵਾਨ ਕ੍ਰਿਸ਼ਨ ਨੇ ਤ੍ਰਿਗੁਣ ਦੀ ਚਰਚਾ ਕਰਦਿਆਂ ਓਅੰਕਾਰ ਨੂੰ **ਓਮ-ਤਤ-ਸਤ** ਕਿਹਾ ਹੈ। ਸਾਰਾ ਸੰਸਾਰ (ਅਸਤਤਿਤਵ) ਤਿਨਾਂ ਤੋਂ ਬਣਿਆ ਹੈ। **ਓਮ ਜਾਂ ਓਅੰਕਾਰ** ਦਾ ਸਰੂਪ ਵੀ ਤ੍ਰਿਗੁਣ ਵਿਚ ਰਮਿਆ ਹੋਇਆ ਹੈ। ਓਅੰਕਾਰ ਸ਼ਬਦ ਕੋਈ ਇਸ ਤਰ੍ਹਾਂ ਦਾ ਸ਼ਬਦ ਨਹੀਂ ਹੈ, ਜਿਸਦਾ ਕਿ ਭਾਸ਼ਕੋਸ਼ਗਤ ਅਰਥ ਕੀਤਾ ਜਾ ਸਕੇ। ਓਅੰਕਾਰ ਇਕ ਨਿਰੰਤਰ ਚਲ ਰਹੀ ਅੰਦਰਲੀ ਧੁੰਨ ਹੈ, ਜੋ ਬੜੀ ਅਜੀਬੋ-ਗਰੀਬ ਤੇ ਰਸਪੂਰਨ ਧੁੰਨ ਹੈ। ਇਕ ਅਦਭੁਤ ਰਸ ਹੈ।

ਇਸ ਰਸ ਨੂੰ ਮਾਨਣ ਵਾਸਤੇ ਆਪਣੀਆਂ ਵਿਚਾਰਾਂ ਦੇ ਪ੍ਰਵਾਹ ਨੂੰ "ਸੁੰਨ" ਕਰਨਾ ਪੈਂਦਾ ਹੈ। ਉਹ ਅਨਹਦ ਧੁੰਨ ਪਹਿਲਾਂ ਹੀ ਮੌਜੂਦ ਹੈ। ਪਰ ਸਾਡੀਆਂ ਵਿਚਾਰਾਂ ਦੀਆਂ ਤਰੰਗਾਂ ਏਨੀਆਂ ਥਿੜਕਦੀਆਂ ਹਨ ਕਿ ਉਸ ਅਨਹਦ ਨੂੰ ਸੁਣਿਆ ਨਹੀਂ ਜਾ ਸਕਦਾ। ਜਦੋਂ ਸਭ ਦਿਸ਼ਾਵਾਂ ਤੋਂ ਮਨ ਟਿਕ ਜਾਂਦਾ ਹੈ ਤਾਂ ਅੰਦਰੋਂ ਅਨਹਦ ਸ਼ਬਦ ਸੁਣਾਈ ਦੇਂਦਾ ਹੈ। ਓਅੰਕਾਰ ਕੋਈ ਮੰਤਰ ਨਹੀਂ। ਬਲਕਿ ਬੀਜ ਮੰਤਰ ਹੈ। ਗੁਰ-ਮੰਤਰ ਦੁਆਰਾ ਉਜਾਗਰ ਕਰਨਾ ਪੈਂਦਾ ਹੈ। ਅਨਹਦ (ਓਅੰਕਾਰ) ਦਾ ਮਤਲਬ ਏਨਾ ਹੈ ਕਿ ਜੋ ਕਿਸੇ ਤੋਂ ਪੈਦਾ ਨਹੀਂ ਹੋਇਆ। ਬਲਕਿ ਸਭ ਸ੍ਰਿਸ਼ਟੀ ਓਅੰਕਾਰ ਤੋਂ ਉਪਜੀ ਹੈ। ਓਅੰਕਾਰ ਸਾਡੇ ਤੋਂ ਪੈਦਾ ਨਹੀਂ ਹੁੰਦਾ। ਬਲਕਿ ਓਅੰਕਾਰ ਕਰਕੇ ਸਾਡੀ ਹੋਂਦ ਕਾਇਮ ਹੈ। ਓਅੰਕਾਰ ਸਾਡੇ ਤੋਂ ਪਹਿਲਾਂ ਹੀ ਹੈ। ਓਅੰਕਾਰ ਉਹ ਨਾਦ ਹੈ, ਜਿਸ ਤੋਂ ਸਭ ਕੁਝ ਬਣਿਆ ਹੈ। ਉਹ ਨਿਰੰਤਰ ਹੈ। ਸ੍ਰਿਸ਼ਟੀ ਦੀ ਸ਼ੁਰੂਆਤ ਦੀ ਲੜੀ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਦਰਸਾਇਆ ਹੈ ਕਿ ਓਅੰਕਾਰ (ਆਦਿ ਸਚੁ) ਤੋਂ ਪਉਣ ਪੈਦਾ ਹੋਈ। ਫਿਰ ਪਉਣ ਤੋਂ ਪਾਣੀ ਬਣਿਆ, ਪਾਣੀ ਤੋਂ ਫਿਰ ਇਹ ਸਾਰਾ ਪੰਜ-ਭੌਤਿਕ ਸੰਸਾਰ ਹੋਂਦ ਵਿਚ ਆਇਆ।

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥

(ਪੰਨਾ ੧੯)

ਹੁਣ ਗੁਰਬਾਣੀ ਦੀ ਰੌਸ਼ਨੀ ਵਿਚ ਇਹ ਪਤਾ ਕਰੀਏ ਕਿ ਆਤਮਾ ਕੀ ਹੈ ? ਯਾਨੀ ਕਿ ਜੀਵਨ ਕੀ ਹੈ ? ਆਤਮਾ ਨੂੰ ਪ੍ਰਮਾਤਮਾ ਦਾ ਅੰਸ਼ ਮੰਨਿਆ ਹੈ :

ਕਹੁ ਕਬੀਰ ਇਹੁ ਰਾਮ ਕੀ ਅੰਸੁ ॥
ਜਸ ਕਾਗਦ ਪਰ ਮਿਟੈ ਨ ਮੰਸੁ ॥

(ਪੰਨਾ ੮੭੧)

ਸਾਰੀ ਸ੍ਰਿਸ਼ਟੀ ਪ੍ਰਮਾਤਮਾ ਨੇ ਆਪਣੇ ਆਪ ਤੋਂ ਪ੍ਰਗਟ ਕੀਤੀ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ ਕਥਨ ਹੈ—

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥

(ਪੰਨਾ ੩)

ਭਾਈ ਸਾਹਿਬ ਭਾਈ ਗੁਰਦਾਸ ਜੀ ਮਹਾਰਾਜ ਨੇ ਵੀ ਇਸ ਪੁਸ਼ਟੀ ਦੀ ਵਿਆਖਿਆ ਕੀਤੀ ਹੈ—

ਕੇਵਡੁ ਇਕੁ ਕਵਾਉ ਪਸਾਉ ਕਰਾਇਆ।
ਕੇਵਡੁ ਕੰਡਾ ਤੋਲੁ ਤੋਲਿ ਤੁਲਾਇਆ।
ਕਰਿ ਬ੍ਰਹਮੰਡ ਕਰੋੜਿ ਕਵਾਉ ਵਧਾਇਆ।
ਲਖ ਲਖ ਧਰਤਿ ਅਗਾਸਿ ਅਧਰ ਧਰਾਇਆ।
ਪਉਣੁ ਪਾਣੀ ਬੈਸੰਤਰੁ ਲਖ ਉਪਾਇਆ।
ਲਖ ਚਉਰਾਸੀਹ ਜੋਨਿ ਖੇਲੁ ਰਚਾਇਆ।
ਜੋਨਿ ਜੋਨਿ ਜੀਅ ਜੰਤ ਅੰਤੁ ਨ ਪਾਇਆ।
ਸਿਰਿ ਸਿਰਿ ਲੇਖੁ ਲਿਖਾਇ ਅਲੇਖੁ ਧਿਆਇਆ ॥੯॥

(ਭਾ: ਗੁਰਦਾਸ ਜੀ)

ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ—

ਏਕ ਕਵਾਵੈ ਤੇ ਸਭਿ ਹੋਆ ॥੧॥

(ਪੰਨਾ ੧੦੦੩)

ਭਾਵ ਕਿ ਉਹ ਪਰੀਪੂਰਨ ਪ੍ਰਮਾਤਮਾ ਆਪਣੇ ਆਪ ਤੋਂ—

ਅਨੇਕ ਹੈਂ, ਫਿਰਿ ਏਕ ਹੈਂ ॥

(ਜਾਪੁ ਸਾਹਿਬ)

ਪ੍ਰਮਾਤਮਾ ਮੂਲ ਰੂਪ ਵਿਚ ਇਕ ਹੀ ਹੈ। ਮਗਰ ਉਹ ਆਪਣੇ ਪਸਾਰੇ ਵਿਚ ਅਨੇਕਾਂ ਰੂਪ ਹੋ ਕੇ ਵਰਤ ਰਿਹਾ ਹੈ। ਸਾਰਾ ਸੰਸਾਰ, ਪਰੀਪੂਰਨ ਕਰਤਾਰ ਦਾ ਵਿਸਥਾਰ ਹੈ। ਸੰਸਾਰ ਦਾ ਸਿਰਜਨਹਾਰ ਕਰਤਾਰ ਹੈ। ਅਠਾਰਾਂ ਪੁਰਾਣਾਂ, ਵੇਦਾਂ ਤੇ ਕਤੇਬਾਂ ਸਭ ਨੇ ਇਕ ਜ਼ਬਾਨ

ਹੋ ਕੇ ਇਹ ਗੱਲ ਆਖੀ ਹੈ ਕਿ ਅਸਲ ਰੂਪ ਵਿਚ ਪ੍ਰਮਾਤਮਾ ਇਕ ਹੀ ਹੈ—

ਸਹਸ ਅਠਾਰਹ ਕਹਨਿ ਕਤੇਬਾ
ਅਸੁਲੂ ਇਕੁ ਧਾਤੁ ॥

(ਪੰਨਾ ੫)

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਚਿੱਤਰ ਨਾਟਕ ਵਿਚ ਬੜਾ ਸੁੰਦਰ ਜ਼ਿਕਰ ਕੀਤਾ ਹੈ ਕਿ ਅਕਾਲ ਪੁਰਖ ਨੇ ਪਹਿਲੇ-ਪਹਿਲ ਜਦੋਂ ਰਚਨਾ ਕੀਤੀ ਤਾਂ ਉਹ ਓਅੰਕਾਰ ਤੋਂ ਕੀਤੀ। ਪਹਿਲਾਂ ਉਹ "ਸ਼ਬਦ" ਹੋ ਕੇ ਸਭ ਸ੍ਰਿਸ਼ਟੀ ਵਿਚ ਲੀਨ ਹੋ ਗਿਆ। ਫਿਰ ਉਸ ਨੇ ਆਪਣੇ ਆਪ ਤੋਂ ਸਾਰੇ ਸੰਸਾਰ ਨੂੰ ਵਜੂਦ ਵਿਚ ਲਿਆਂਦਾ।

ਪ੍ਰਿਥਮ ਕਾਲ ਜਬ ਕਰਾ ਪਸਾਰਾ ॥
ਓਅੰਕਾਰ ਤੇ ਸ੍ਰਿਸਟਿ ਉਪਾਰਾ ॥

(ਬਚਿੱਤਰ ਨਾਟਕ)

ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਕਹਿਣਾ ਹੈ ਕਿ ਮੇਰੀ ਉਸ ਪਰਮ ਸ਼ਕਤੀ ਨੂੰ ਨਮਸ਼ਕਾਰ ਹੈ, ਜੋ ਆਦਿ, ਮੱਧ ਅਤੇ ਅੰਤ ਤਕ ਆਪਣੇ ਆਪ ਵਿਚ ਆਪ ਕਰਮ ਕਰ ਰਹੀ ਹੈ। ਆਪਣੀ ਮਾਂ ਵੀ ਤੇ ਬਾਪ ਵੀ ਆਪ ਹੀ ਹੈ। ਸੰਸਾਰ ਦੇ ਅੰਤਰ ਤੇ ਬਾਹਰ ਵੀ ਉਹੀ ਹੈ।

ਓਅੰ ਸਾਧ ਸਤਿਗੁਰ ਨਮਸਕਾਰੰ ॥ ਆਦਿ ਮਧਿ ਅੰਤਿ ਨਿਰੰਕਾਰੰ ॥
ਆਪਹਿ ਸੁੰਨ ਆਪਹਿ ਸੁਖ ਆਸਨ ॥ ਆਪਹਿ ਸੁਨਤ ਆਪ ਹੀ ਜਾਸਨ ॥
ਆਪਨ ਆਪੁ ਆਪਹਿ ਉਪਾਇਓ ॥ ਆਪਹਿ ਬਾਪ ਆਪ ਹੀ ਮਾਇਓ ॥

(ਪੰਨਾ ੨੫)

ਸੰਸਾਰ ਨਿਰੰਕਾਰ ਦਾ ਅਕਾਰ ਹੈ। ਜੋ ਦਿੱਸਦਾ ਹੈ, ਸਭ ਪ੍ਰਮਾਤਮਾ ਦਾ ਆਤਮ ਪਸਾਰਾ ਹੈ। ਗੁਰਮਤਿ ਅਨੁਸਾਰ ਆਤਮਾ ਪ੍ਰਮਾਤਮਾ ਦਾ ਅੰਸ਼ ਹੈ—

ਕਹੁ ਕਬੀਰ ਇਹੁ ਰਾਮ ਕੀ ਅੰਸੁ ॥
ਜਸ ਕਾਗਦ ਪਰ ਮਿਟੈ ਨ ਮੰਸੁ ॥

(ਪੰਨਾ ੮੭੧)

* * *

ਜੀਵ ਆਤਮਾ ਅਤੇ ਸ਼ਬਦ ਦੀ ਕਲਾ

ਆਤਮਾ ਦਾ ਮੂਲ ਸਰੂਪ ਇਕ ਓਅੰਕਾਰ ਹੈ। ਯਾਨੀ ਕਿ ਆਤਮਾ ਦਾ ਅਸਲਾ ਇਕ **'ਓਅੰਕਾਰ'** ਹੀ ਹੈ। ਜਿਵੇਂ ਪ੍ਰਮਾਤਮਾ ! ਪੰਜ ਤੱਤਾਂ ਤੋਂ ਵਿਲੱਖਣ ਹੈ। ਵੱਖਰਾ ਹੈ। ਇਸੇ ਤਰ੍ਹਾਂ ਆਤਮਾ ਵੀ ਪੰਜ ਤੱਤ ਦੇ ਸਰੀਰ ਵਿਚ ਰਹਿੰਦਿਆਂ ਹੋਇਆਂ ਵੀ ਰਹਿਤ ਹੈ। ਆਤਮਾ ਦ੍ਰਿਸ਼ਟਮਾਨ ਨਹੀਂ ਹੈ। ਸਗੋਂ ਆਪਣੇ ਮੂਲ ਸਰੂਪ ਪ੍ਰਮਾਤਮਾ ਦੀ ਸਮਗੁਣੀ ਹੈ। ਪ੍ਰਮਾਤਮਾ ਸਤਿ-ਚਿੱਤ-ਅਨੰਦ ਹੈ। ਯਾਨਿ ਕਿ ਸਚਿਦਾਨੰਦ ਹੈ। ਆਤਮਾ ਵੀ ਸਤ-ਚਿੱਤ ਅਨੰਦ ਹੈ। ਪਰ ਪੰਜ ਭੌਤਿਕ ਸਰੀਰ ਨਾਲ ਜੋੜ ਜੁੜਨ ਕਰਕੇ ਆਪਣੇ ਅਸਲ ਰੂਪ ਵਿਚ ਭਾਸਣ ਲਗ ਪਈ ਹੈ। ਅਸੀਂ ਆਪਣੇ ਆਪ ਨੂੰ ਪ੍ਰਮਾਤਮਾ ਤੋਂ ਅਲੱਗ ਸਮਝਦੇ ਹਾਂ। ਇਸ ਕਰਕੇ ਹੀ ਪ੍ਰਮਾਤਮਾ ਦੀ ਖੋਜ ਕਰਨ ਬਾਹਰ ਜਾਂਦੇ ਹਾਂ। ਜੇਕਰ ਇਹ ਅਨੁਭਵ ਹੋਵੇ ਕਿ ਪ੍ਰਮਾਤਮਾ ਦਾ ਅੰਸ਼ ਸਾਡੇ ਅੰਦਰ ਹੈ ਤਾਂ ਅਸੀਂ ਅੰਤਰਮੁਖੀ ਹੋਣ ਦਾ ਜਤਨ ਕਰਾਂਗੇ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰ ਦੀ ਇਕ ਬੜੀ ਪਿਆਰੀ ਕਹਾਣੀ ਹੈ ਕਿ ਇਕ ਵਾਰ ਦਰਬਾਰ ਵਿਚ ਕੁਝ ਨੌਜਵਾਨ ਸੰਨਿਆਸੀ ਸਾਧੂ ਆਏ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਇਹ ਮੰਗ ਕੀਤੀ ਕਿ ਅਸੀਂ ਅਧਿਆਤਮ ਅਭਿਲਾਸ਼ੀ ਹਾਂ। ਪ੍ਰਭੂ ਦੀ ਖੋਜ ਵਿੱਚ ਨਿਕਲੇ ਹਾਂ। ਅਕਸਰ ਬਹੁਤ ਸੰਨਿਆਸੀ ਸਾਧੂ ਪਹਾੜੀ ਇਲਾਕਿਆਂ ਵਿਚ ਹੀ ਜਾਂਦੇ ਹਨ। ਇਹੀ ਸਭ ਤੋਂ ਵੱਡੀ ਭਾਰਤ ਦੀ ਬਦਕਿਸਮਤੀ ਰਹੀ ਹੈ ਕਿ ਜਿਹੜਾ ਵੀ ਅਧਿਆਤਮ ਅਭਿਆਸ ਕਰਨ ਲਈ ਪ੍ਰੇਰਤ ਹੋਇਆ, ਉਹ ਜਾਂ ਤਾਂ ਜੰਗਲਾਂ ਨੂੰ ਚਲਾ ਗਿਆ ਜਾਂ ਫਿਰ ਪਹਾੜਾਂ ਦੀਆਂ ਕੰਦਰਾਂ ਵਿੱਚ ਲੁਕਦਾ ਰਿਹਾ। ਸੰਸਾਰੀ ਲੋਕਾਂ ਨੂੰ ਬੜੇ ਭਰਮ-ਭੁਲੇਖੇ ਬਣੇ ਰਹੇ ਕਿ ਪ੍ਰਭੂ ਪ੍ਰਾਪਤੀ ਹਮੇਸ਼ਾ ਹੀ ਘਰ-ਬਾਹਰ ਛੱਡ ਕੇ ਅਤੇ ਜੰਗਲਾਂ ਪਹਾੜਾਂ ਵਿਚ ਜਾ ਕੇ ਹੁੰਦੀ ਹੈ।

ਇਹ ਨੌਜਵਾਨ ਸਾਧੂ ਵੀ ਕੁਝ ਇਸੇ ਤਰ੍ਹਾਂ ਹੀ ਗੁੰਮਰਾਹ ਹੋਏ ਹੋਏ ਸਨ। ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੋਲ ਕਿਹਾ ਕਿ "ਅਸੀਂ ਪ੍ਰਭੂ ਦੀ ਖੋਜ ਵਿੱਚ ਨਿਕਲੇ ਹਾਂ। ਪਹਾੜਾਂ ਵਿੱਚ ਜਾ ਰਹੇ ਹਾਂ। ਰਸਤੇ ਵਿਚ ਲੋੜ ਵਾਸਤੇ ਸਾਨੂੰ ਕੁਝ ਸਮੱਗਰੀ ਚਾਹੀਦੀ ਹੈ ? ਅੰਨ ਤੇ ਧਨ ਚਾਹੀਦਾ ਹੈ।"

ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਨਵਯੁਵਕ ਸਾਧੂਆਂ ਨੂੰ ਪੁੱਛਣ ਲੱਗੇ ਕਿ "ਆਖ਼ਿਰ ਤੁਸੀਂ ਪਹਾੜਾਂ ਵਿੱਚ ਹੀ ਕਿਉਂ ਜਾਣਾ ਹੈ ?" ਉਨ੍ਹਾਂ ਸਾਧੂਆਂ ਦਾ ਜਵਾਬ ਸੀ ਕਿ "ਜਿਹੜਾ ਵੀ ਸੰਨਿਆਸੀ ਸੰਨਿਆਸ ਧਾਰਨ ਕਰਦਾ ਹੈ ਉਹ ਪਹਾੜਾਂ ਵਿਚ ਹੀ ਜਾਂਦਾ ਹੈ। ਸੁਣਿਆ ਹੈ ਕਿ ਪ੍ਰਭੂ ਪ੍ਰਾਪਤੀ ਵੀ ਪਹਾੜਾਂ ਵਿੱਚ ਜਾ ਕੇ ਹੀ ਹੁੰਦੀ ਹੈ।" ਗੁਰਦੇਵ ਕਹਿਣ ਲੱਗੇ, "ਤੁਸੀਂ ਅਨਜਾਣ ਹੋ। ਰੱਬ ਕੋਈ ਗੁਆਚਾ ਹੋਇਆ ਨਹੀਂ ਕਿ ਜਿਸ ਨੂੰ ਤੁਸੀਂ ਪਹਾੜਾਂ

ਵਿਚੋਂ ਖੋਜੋਗੇ। ਪ੍ਰਮਾਤਮਾ ਸਿਰਫ਼ ਤੁਹਾਨੂੰ ਭੁੱਲਿਆ ਹੋਇਆ ਹੈ। ਜਿਥੇ ਮਰਜ਼ੀ ਬੈਠ ਕੇ ਉਸ ਨੂੰ ਯਾਦ ਕਰੋ। ਉਸ ਦਾ ਜਾਪ ਕਰੋ। ਪ੍ਰਮਾਤਮਾ ਖੋਜਣ ਦਾ ਵਿਸ਼ਾ ਨਹੀਂ ਹੈ। ਪ੍ਰਮਾਤਮਾ ਅਨੁਭਵ ਦਾ ਵਿਸ਼ਾ ਹੈ ਅਤੇ ਜਿਥੇ ਮਰਜ਼ੀ ਰਹਿ ਕੇ ਉਸ ਦਾ ਅਨੁਭਵ ਕੀਤਾ ਜਾ ਸਕਦਾ ਹੈ।"

ਦਰਅਸਲ ਇਹ ਹਕੀਕਤ ਹੈ ਕਿ ਪ੍ਰਮਾਤਮਾ ਦੀ ਖੋਜ ਬਾਹਰ-ਮੁਖੀ ਹੋ ਰਹੀ ਹੈ। ਮਨੁੱਖ ਆਪਣੇ ਅੰਦਰ ਹੀ ਉਸ ਦੀ ਖੋਜ ਨਹੀਂ ਕਰਦਾ। ਬਾਕੀ ਸਭ ਥਾਵਾਂ ਤੇ ਉਸ ਨੂੰ ਲੱਭਦਾ ਫਿਰਦਾ ਹੈ। ਗੁਰ ਪਰਸਾਦੀ ਪਾਇਆ ਜਾਇ॥

1. ਆਤਮਾ ਪਰਾਤਮਾ ਏਕੋ ਕਰੈ॥ (ਧਨਾਸਰੀ ਮਹਲਾ ੧)

2. ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ॥ (ਵਾਰ ਸੂਹੀ ਮ ੩)

3. ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ॥ ਆਤਮੇ ਨੋ ਆਤਮੇ ਦੀ ਪਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ॥ (ਵਾਰ ਸੋਰਠਿ ਮ. ੩)

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥ 35 ॥

ਸਰੀਰ ਅਤੇ ਸ਼ਬਦ ਦੀ ਕਲਾ

ਦਰਅਸਲ ਆਤਮਕ ਰੂਪ ਵਿਚ ਅਸੀਂ ਪ੍ਰਮਾਤਮਾ ਤੋਂ ਅਲੱਗ ਨਹੀਂ ਹਾਂ । ਪਰ ਪਰਾਕ੍ਰਿਤਕ ਸਰੀਰ ਨਾਲ ਸਬੰਧ ਹੋਣ ਕਰਕੇ ਆਤਮਾ ਨੇ ਆਪਣੇ ਮੂਲ ਸਰੂਪ ਪ੍ਰਮਾਤਮਾ ਨਾਲੋਂ ਸਬੰਧ ਤੋੜ ਲਿਆ ਹੈ । ਆਤਮਾ ਆਪਣੀ ਵੱਖਰੀ ਹੋਂਦ ਮੰਨ ਬੈਠੀ ਹੈ । ਜਿਵੇਂ ਸਮੁੰਦਰ ਦੇ ਤਲ ਤੇ ਚਲਦੀ ਹੋਈ ਹਵਾ, ਪਾਣੀ ਦੀ ਇਕ ਬੂੰਦ ਨਾਲ ਸਬੰਧ ਜੋੜ ਲਏ। ਬੱਸ ! ਸਾਡੇ ਸਰੀਰ ਵਿੱਚ ਵੀ, ਇਕ ਪਾਣੀ ਨਾਲ ਹਵਾ (ਸੁਆਸਾਂ) ਦਾ ਇਕ ਕਤਰਾ ਜੁੜਿਆ ਹੋਇਆ ਹੈ—

ਦੇਹੀ ਮਾਟੀ ਬੋਲੈ ਪਉਣੁ ॥

(ਪੰਨਾ ੧੫੨)

ਸਮੁੰਦਰ ਦੇ ਤਲ ਉਪਰ ਹਵਾ ਦੇ ਸਹਾਰੇ ਨਾਲ ਅਨੇਕਾਂ ਲਹਿਰਾਂ ਉਠਦੀਆਂ ਹਨ। ਕੁਝ ਪਾਣੀ ਦੇ ਕਤਰਿਆਂ ਵਿੱਚ ਹਵਾ ਸਮਾ ਜਾਂਦੀ ਹੈ । ਜਿਨ੍ਹਾਂ ਪਾਣੀ ਦੇ ਕਤਰਿਆਂ ਵਿਚ ਹਵਾ ਸਮਾਉਂਦੀ ਹੈ, ਉਹ ਬੁਲਬੁਲੇ ਬਣ ਕੇ ਸਮੁੰਦਰ ਦੀ ਛਾਤੀ ਉੱਪਰ ਤੈਰਦੇ ਹਨ। ਅਨੇਕਾਂ ਬੁਦਬੁਦੇ (ਬੁਲਬੁਲੇ) ਬਣਦੇ ਹਨ ਅਤੇ ਬਿਨਸਦੇ ਹਨ । ਪਰ ਸਮੁੰਦਰ ਦੀ ਛਾਤੀ ਉਪਰ ਤੈਰਦਾ ਹੋਇਆ ਇਕ ਬੁਲਬੁਲਾ ਵੀ ਸਮੁੰਦਰ ਨਾਲੋਂ ਅਲੱਗ ਨਹੀਂ ਹੁੰਦਾ । ਪਰ (ਵੱਖਰਾ) ਭਾਸਦਾ ਹੈ । ਹਾਲਾਂਕਿ ਉਹ ਬੁਲਬੁਲਾ ਸਮੁੰਦਰ ਨਾਲੋਂ ਅਲੱਗ ਕਦੇ ਵੀ ਨਹੀਂ ਹੋ ਸਕਦਾ। ਪਰ ਉਸ ਬੁਲਬੁਲੇ ਅੰਦਰ ਇਕ ਭਰਮ ਹੈ ਕਿ ਮੇਰੀ ਹਸਤੀ ਅਲੱਗ ਹੈ। ਹਾਲਾਂਕਿ ਉਸ ਦੀ ਹਸਤੀ ਸਮੁੰਦਰ ਕਰਕੇ ਹੈ । ਉਹ ਬੁਲਬੁਲਾ ਸਮੁੰਦਰ ਵਿੱਚ ਰਹਿ ਕੇ, ਜਿਥੇ ਤੱਕ ਮਰਜ਼ੀ ਤੈਰ ਸਕਦਾ ਹੈ । ਪਰ ਸਮੁੰਦਰ ਨੂੰ ਛੱਡ ਕੇ ਉਸ ਦੀ ਹਸਤੀ ਕਾਇਮ ਨਹੀਂ ਰਹਿ ਸਕਦੀ।

ਬੱਸ । ਇਹ ਸਾਡਾ ਜੀਵਨ ਹੈ । ਸਾਰਾ ਸੰਸਾਰ ਪ੍ਰਮਾਤਮਾ ਨਾਲੋਂ ਆਪਣੀ ਵੱਖਰੀ ਹਸਤੀ ਸਮਝਦਾ ਹੈ । ਸਾਰਾ ਸੰਸਾਰ ਪਾਣੀ ਦੇ ਬਣੇ ਹੋਏ ਬੁਲਬੁਲਿਆਂ ਵਾਂਗ ਹੈ । ਪ੍ਰਮਾਤਮਾ ਇਕ ਸਮੁੰਦਰ ਹੈ । ਆਤਮਾ ਤਾਂ ਪ੍ਰਮਾਤਮਾ ਦਾ ਇਕ ਕਤਰਾ ਹੈ । ਸੰਸਾਰ ਦੀ ਅੰਸ ਸਰੀਰ ਹੈ । ਆਤਮਾ ਪ੍ਰਮਾਤਮਾ ਦੀ ਅੰਸ ਹੈ । ਕਰਤਾਰ ਦੀ ਅੰਸ ਦਾ ਜਦੋਂ ਸੰਸਾਰ ਦੀ ਅੰਸ ਨਾਲ ਸੁਮੇਲ ਹੋ ਜਾਂਦਾ ਹੈ ਤਾਂ ਇਹ ਸਰੀਰ ਰੂਪ ਬੁਲਬੁਲਾ ਹੋਂਦ ਵਿੱਚ ਆਉਂਦਾ ਹੈ । ਮਗਰ ਇਹ ਬੁਲਬੁਲਾ ਸਮੁੰਦਰ ਵਿਚ ਰਹਿ ਕੇ ਜਿਥੇ ਤਕ ਮਰਜ਼ੀ ਤੈਰ ਸਕਦਾ ਹੈ । ਸਮੁੰਦਰ ਤੋਂ ਬਾਹਰ ਨਹੀਂ । ਸਾਡਾ ਜੀਵਨ ਸਿਰਫ਼ ਉਸ ਬੁਲਬੁਲੇ ਵਾਂਗ ਹੈ, ਜੋ ਪੈਦਾ ਤਾਂ ਸਮੁੰਦਰ ਦੀ ਛਾਤੀ ਤੇ ਹੁੰਦਾ ਹੈ, ਮਗਰ ਆਪਣੀ ਹੋਂਦ ਵੱਖਰੀ ਸਮਝਦਾ ਹੈ। ਅਨੇਕਾਂ ਹੀ ਬੁਲਬੁਲੇ ਬਣਦੇ ਹਨ, ਫਿਰ ਬਿਨਸਦੇ ਹਨ । ਪਰ ਪਾਣੀ (ਸਮੁੰਦਰ) ਤੋਂ ਬਾਹਰ ਨਹੀਂ, ਪਾਣੀ ਵਿਚ ਹੀ ਬਣਦੇ ਹਨ । ਪਾਣੀ ਵਿਚ ਹੀ ਬਿਨਸਦੇ ਹਨ । ਗੁਰੂ ਤੇਗ ਬਹਾਦਰ ਜੀ ਮਹਾਰਾਜ

ਹੋਰੁ ਸਿਆਣਪ ਕਛੁ ਨ ਚਲਈ ਭਾਈ ਜਉ ਰਾਖੈ ਸੋਈ ਆਪਿ ਮਾਈ ॥
ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੪॥
— ਟੋਡੀ ਮ: ੫ ॥

 ਜਿਉ ਬੁਝਈ ਨਾਹੀ ਤ੍ਰਿਸਨਾ ਮਾਇਆ ਆਸਾ ਦੇ ਬਦਲਿਆ ॥

ਨੇ ਇਸ ਹਕੀਕਤ ਨੂੰ ਕਿੰਨਾ ਸੋਹਣਾ ਬਿਆਨ ਕੀਤਾ ਹੈ—

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥

(ਪੰਨਾ ੧੪੨੭)

ਸੋ ਸਾਡਾ ਸਰੀਰ ਤਾਂ ਸੰਸਾਰ ਸਮੁੰਦਰ ਦਾ ਇਕ ਕਤਰਾ ਹੈ। ਇਸ ਕਤਰੇ ਵਿੱਚ ਸਮਾਈ ਹੋਈ ਆਤਮਾ, ਪ੍ਰਮਾਤਮਾ ਦਾ ਇੱਕ ਕਤਰਾ ਹੈ। ਬੱਸ! ਇਹ ਜੜ੍ਹ ਹੀ ਇਕ ਬੁਲਬੁਲਾ ਹੈ। ਇਹ ਸਰੀਰ ਦਾ ਬੁਲਬੁਲਾ, ਸਮੁੰਦਰ ਦੀ ਛਾਤੀ ਤੇ ਆਪਣੇ ਆਪ ਦੀ ਇਕ ਵੱਖਰੀ ਹਸਤੀ ਮੰਨਦਾ ਹੈ। ਇਹ ਮੰਨਣਾ ਹੀ ਕਿ "ਮੈਂ ਹਾਂ!" ਇਹੀ "ਹਉਮੈ" ਹੈ। ਇਸ "ਹਉਮੈ" ਨੂੰ ਅਸੀਂ ਮਨ ਵੀ ਕਹਿ ਸਕਦੇ ਹਾਂ। ਮਨ ਹੀ ਇਹ ਸਭ ਕੁਝ ਮੰਨਦਾ ਹੈ ਕਿ "ਮੈਂ ਹਾਂ।" ਹਉਮੈ, ਦਾ ਮਤਲਬ ਸਿਰਫ਼ ਇੰਨਾ ਹੀ ਹੈ ਕਿ "ਮੈਂ ਕੁਝ ਹਾਂ!"

ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ ਕਿ ਪ੍ਰਮਾਤਮਾ ਨੇ ਆਪਣੇ ਆਪ ਤੋਂ ਹੀ ਸਭ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਆਪ ਹੀ ਆਤਮ ਰੂਪ ਹੋ ਕੇ ਸ੍ਰਿਸ਼ਟੀ ਵਿੱਚ ਵਿਲੀਨ ਹੋਇਆ ਹੈ। ਯਾਨੀ ਕਿ ਪ੍ਰਮਾਤਮਾ ਦਾ ਹੀ ਛੋਟਾ ਨਾਮ "ਆਤਮਾ" ਹੈ।

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥

(ਪੰਨਾ ੪੬੩)

ਜਿਵੇਂ ਸੂਰਜ ਦੀਆਂ ਕਿਰਨਾਂ ਸੂਰਜ ਤੋਂ ਅਲੱਗ ਨਹੀਂ! ਪਰ ਸਭ ਕਿਰਨਾਂ ਸੂਰਜ ਦੀ ਰਚਨਾ ਹਨ। ਪ੍ਰਕਾਸ਼ ਦੀ ਸਾਜਨਾ ਸੂਰਜ ਵਿਚੋਂ ਹੈ। ਸਾਡੀ ਆਤਮਾ ਬਕਾਇਦਾ ਪ੍ਰਮਾਤਮਾ ਦੀ ਇਕ ਕਿਰਨ ਹੈ। ਸਾਰਾ ਸੰਸਾਰ ਕਰਤਾਰ ਦੀ ਰਚਨਾ ਹੈ।

ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਵਿਚਾਰ ਹੈ ਕਿ ਇਹ ਜਗਤ ਪ੍ਰਮਾਤਮਾ ਦੇ ਰਹਿਣ ਦਾ ਥਾਂ ਹੈ। ਪ੍ਰਮਾਤਮਾ ਦਾ ਨਿਵਾਸ ਅਸਥਾਨ ਹੈ। ਪ੍ਰਮਾਤਮਾ ਇਸ ਜੱਗ ਵਿਚ ਵੱਸ ਰਿਹਾ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

(ਪੰਨਾ ੪੬੩)

ਸਰੀਰ ਦੇ ਪ੍ਰਮਾਣ:
1. ਬਿਨੁ ਸਿਮਰਨੁ ਭਗਤਿ ਨ ਹੋਵਈ ਨ ਸੂਝ ਤੋਇ ਸਰੀਰ ॥
ਪ੍ਰੇਮ ਪਦਾਰਥੁ ਪਾਈਐ ਗੁਰ * * * ਭਗਤੀ ਮਨ ਧੀਰ ॥ ਆਸਾ ਮਹਲਾ ੩ ॥
2. ਕਾਇਆ ਨਗਰਿ ਨਗਰਿ ਗੜ ਅੰਦਰਿ ਸਾਚਾ ਨਾਮ ... ਮਨਿ ਭਾਇਆ ਰਾਮ ॥
3. ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥ — ਬਿਲਾਵਲ ਮਹਲਾ ੫ ॥
ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥
ਬੀਤਨ ਧਾਤਰਾ ਦਾ ਮਤਲਬ ॥ — ਰਾਗ ਸੂਹੀ ਮਹਲਾ ੪ ...
4. ਸਾਚੈ ਸਬਦੈ ਨੇ ਪਰਗਟੈ ਸਰੀਰਿ ਸਾਚੇ ਸਬਦ ਸਤਿ ਬਾਣੀ ॥

ਸਰਗੁਣ, ਨਿਰਗੁਣ ਅਤੇ ਸ਼ਬਦ ਦੀ ਕਲਾ

ਕੁਦਰਤ ਦੇ ਨਿਯਮ ਅਨੁਸਾਰ ਸੰਸਾਰ ਵਿਚ ਦੋ ਸ਼ਕਤੀਆਂ ਕੰਮ ਕਰਦੀਆਂ ਹਨ। ਇਕ ਨਿਰਗੁਣ ਹੈ। ਦੂਜੀ ਸਰਗੁਣ ਹੈ। ਸਰਗੁਣ ਨਿਯਮ ਜੋ ਹੈ ਇਹ ਸੰਸਾਰ ਮੁਖੀ ਹੈ। ਨਿਰਗੁਣ ਕਰਤਾਰ ਮੁਖੀ ਹੈ। ਇਹ ਦੋਵੇਂ ਨਿਯਮ ਇਕ ਦੂਜੇ ਨਾਲ ਜੁੜੇ ਹੋਏ ਹਨ। ਇਕ ਤੋਂ ਬਿਨਾਂ ਦੂਜੇ ਦੀ ਹੋਂਦ ਨਹੀਂ ਰਹਿ ਸਕਦੀ। ਨਿਰਗੁਣ, ਸਰਗੁਣ ਦੇ ਆਸਰੇ ਹੈ ਅਤੇ ਸਰਗੁਣ, ਨਿਰਗੁਣ ਦੇ ਆਸਰੇ ਹੈ। ਦੋਵਾਂ ਨਿਯਮਾਂ ਵਿਚ ਪ੍ਰਮਾਤਮਾ ਦੀ ਕਲਾ ਵਰਤ ਰਹੀ ਹੈ। ਯਾਨੀ ਕਿ ਸ਼ਬਦ ਦੀ ਕਲਾ ਵਰਤ ਰਹੀ ਹੈ।

ਨਿਰਗੁਨ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥

(ਪੰਨਾ ੨੮੭)

ਸਾਰੀ ਸ੍ਰਿਸ਼ਟੀ ਦੀ ਰਚਨਾ ਵਿੱਚ ਇਹ ਦੋ ਨਿਰਗੁਣ ਸਰਗੁਣ ਨਿਯਮ ਕੰਮ ਕਰਦੇ ਹਨ। ਪ੍ਰਮਾਤਮਾ, ਇਨ੍ਹਾਂ ਨਿਯਮਾਂ ਦੇ ਆਸਰੇ ਹੀ ਇਸ ਸੰਸਾਰ ਵਿੱਚ ਕਿਤੇ ਤਾਂ ਬੜਾ ਸੂਖਸ਼ਮ ਹੋ ਕੇ ਪ੍ਰਤੀਤ ਹੁੰਦਾ ਹੈ ਅਤੇ ਕਿਤੇ ਬੜਾ ਸਥੂਲ। ਇਕ ਨਿੱਕੀ ਕੀੜੀ ਦੀ ਬਣਤਰ ਵੇਖ ਕੇ ਕਹਿਣਾ ਪੈਂਦਾ ਹੈ ਕਿ ਹੇ ਪ੍ਰਭੂ! ਤੂੰ ਇੰਨਾ ਸੂਖਸ਼ਮ ਹੈਂ ਕਿ ਕੀੜੀ ਵਰਗੇ ਨਿੱਕੇ ਜੀਵ ਵਿੱਚ ਵੀ ਤੇਰਾ ਸਰੂਪ ਉਨਾ ਹੀ ਵੱਡਾ ਹੈ, ਜਿੰਨਾ ਕਿ ਇਕ ਵੱਡੇ ਸਾਰੇ ਹਾਥੀ ਵਿੱਚ। ਉਸ ਦੀ ਕਲਾ ਦੀ ਲੀਲ੍ਹਾ ਇਸ ਤਰ੍ਹਾਂ ਦੀ ਹੈ ਕਿ ਕੀੜੀ ਵਿਚ ਵੀ ਉਹ ਉਨ੍ਹਾਂ ਹੀ ਸਮਾਇਆ ਹੋਇਆ ਹੈ, ਜਿੰਨਾ ਕਿ ਇਕ ਹਾਥੀ ਵਿੱਚ।

ਆਪਹਿ ਸੂਖਮ ਆਪਹਿ ਅਸਥੂਲਾ ॥
ਲਖੀ ਨ ਜਾਈ ਨਾਨਕ ਲੀਲਾ ॥੧॥
ਚੀਟੀ ਤੇ ਕੁੰਚਰ ਅਸਥੂਲਾ ॥
ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ ॥

(ਚੌਪਈ ਪਾ: ੧੦)

ਪ੍ਰਮਾਤਮਾ ਦੀ ਇਸ ਕਲਾ ਦਾ ਨਾਮ ਸ਼ਬਦ ਦੀ ਕਲਾ ਹੈ। ਇਸ ਕਲਾ ਨਾਲ ਉਹ ਸਾਰੀ ਸ੍ਰਿਸ਼ਟੀ ਨੂੰ ਇਕ ਵਿਧਾਨ ਵਿਚ ਬੰਨ੍ਹ ਕੇ ਰੱਖਦਾ ਹੈ। ਸਾਡਾ ਵਜੂਦ ਇਕ ਵਿਧੀ ਅਨੁਸਾਰ ਬਣਿਆ ਹੈ। ਸਰੀਰ ਦੇ ਸਾਰੇ ਨਕਸ਼ੋ-ਨਿਗਾਰ ਇਕ ਵਿਧਾਨ ਵਿਚ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਨਾ ਵਿੱਚ ਪ੍ਰਭੂ ਦੀ ਕਲਾ ਦਾ ਅਤੇ ਵਿਧੀ ਵਿਧਾਨ ਦਾ ਬੜਾ ਸੁੰਦਰ ਜ਼ਿਕਰ ਕੀਤਾ ਹੈ—

ਅਨਿਕ ਭਾਂਤਿ ਕਰਿ ਮਣੀਏ ਸਾਜੇ...।

(ਪੰਨਾ ੬੦੯)

ਭਾਵ ਕਿ ਸਾਡੇ ਸਰੀਰ ਦੇ ਮਣੀਆਂ (ਭਾਵ ਮਣਕੇ) ਅਨੇਕ ਪ੍ਰਕਾਰ ਨਾਲ ਪ੍ਰਭੂ ਨੇ ਸਵਾਰੇ ਹਨ। ਇਕ ਹੱਥ ਤੇ ਫਿਰ ਪੰਜ ਉਂਗਲਾਂ। ਉਂਗਲਾਂ ਦੇ ਪੋਟੇ। ਇਕ ਇਕ ਮਣਕਾ ਥਾਂ ਸਿਰ ਥਾਂ ਹੈ। ਕੋਈ ਕਦੇ ਭੁੱਲ-ਚੁੱਕ ਨਹੀਂ ਹੁੰਦੀ। ਜਿਸ ਪੋਟੇ (ਅੰਗ) ਦੀ ਜਿਥੇ ਜ਼ਰੂਰਤ ਹੈ, ਉਹ ਉਥੇ ਹੀ ਸੈੱਟ ਕੀਤਾ ਹੈ। ਇਥੋਂ ਤਕ ਕਿ ਕੁਦਰਤ ਨੇ ਨਾਜ਼ੁਕ ਅੰਗਾਂ ਦਾ ਬੜਾ ਧਿਆਨ ਰਖਿਆ ਹੈ। ਅੱਖਾਂ ਦੀ ਰਖਿਆ ਲਈ ਨਿੱਕੀਆਂ ਝਿੰਮਣੀਆਂ (ਵਾਲ) ਪੈਦਾ ਕੀਤੇ ਹਨ। ਨਹੀਂ ਤਾਂ ਦੋ ਸਾਲਾਂ ਵਿੱਚ ਹੀ ਅੱਖਾਂ ਕੂੜ-ਗੁਬਾਰ ਨਾਲ ਖ਼ਰਾਬ ਹੋ ਜਾਣ। ਭਾਵ ਕਿ ਸਾਰੇ ਸਰੀਰ ਨੂੰ ਇਕ ਵਿਧੀ ਨਾਲ ਬਣਾਇਆ ਹੈ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਪ੍ਰਭੂ ਨੇ ਪਹਿਲਾਂ ਮਾਂ ਦੇ ਗਰਭ ਵਿਚ ਇਕ ਪਾਣੀ ਦੇ ਕਤਰੇ ਤੋਂ ਸਾਡੇ ਸਰੀਰ ਦੀ ਬਣਤਰ ਸ਼ੁਰੂ ਕੀਤੀ ਹੈ।

ਰਕਤੁ ਬਿੰਦੁ ਕਰਿ ਨਿੰਮਿਆ,
ਚਿੱਤ੍ਰ ਚਲਿਤ੍ਰ ਬਚਿਤ੍ਰ ਬਣਾਇਆ।

ਪਾਣੀ ਦੇ ਕਤਰੇ ਤੋਂ ਬੜੀ ਵਚਿੱਤਰ ਤਸਵੀਰ ਬਣਾਈ ਹੈ।

ਗਰਭ ਕੁੰਡ ਵਿਚਿ ਰਖਿਆ ਜੀਉ ਪਾਇ ਤਨੁ ਸਾਜਿ ਸੁਹਾਇਆ।
ਮੁਹੁ ਅਖੀ ਦੇ ਨਕੁ ਕੰਨ ਹਥ ਪੈਰ ਦੰਦ ਵਾਲ ਬਣਾਇਆ।

ਮਾਤਾ ਦੇ ਗਰਭ ਵਿਚ ਰੱਖ ਕੇ ਜੀਵ ਨੂੰ ਸਾਜਿਆ ਹੈ। ਫਿਰ ਉਸ ਵਿਧੀ ਨੂੰ ਇਕ ਐਸੀ ਤਰਤੀਬ ਦਿੱਤੀ ਹੈ ਕਿ ਕਦੇ ਇਹ ਨਹੀਂ ਹੋ ਸਕਦਾ ਕਿ ਮੂੰਹ ਦੀ ਥਾਂ ਹੱਥ ਬਣ ਜਾਣ। ਹੱਥਾਂ ਦੀ ਥਾਂ ਪੈਰ ਤੇ ਪੈਰਾਂ ਦੀ ਥਾਂ ਸਿਰ ਹੋਵੇ। ਨੱਕ ਦੀ ਥਾਂ ਅੱਖਾਂ ਹੋਣ। ਉਸ ਦੀ ਵਿਧੀ ਵਿਚ ਸਦਾ ਇਕ ਤਰਤੀਬ ਹੈ। ਕਦੀ ਕੋਈ ਭੁੱਲ-ਚੁੱਕ ਨਹੀਂ ਹੁੰਦੀ।

ਬਾਲ ਬੁਧਿ ਮੁਹਿ ਦੁਧਿ ਦੇ ਕਰਿ ਮਲ ਮੂਤ੍ਰ ਸੂਤ੍ਰ ਵਿਚਿ ਆਇਆ।

ਮਾਤਾ ਦੇ ਗਰਭ ਵਿੱਚ ਤਾਂ ਉਸ ਨੇ ਰਖਿਆ ਕੀਤੀ ਹੀ ਹੈ, ਪਰ ਕਮਾਲ ਦੀ ਗੱਲ ਹੈ ਕਿ ਜਿੰਨੀ ਦੇਰ ਤੱਕ ਬੱਚੇ ਦੇ ਦੰਦ ਨਹੀਂ ਪੈਂਦਾ ਹੋਏ, ਉਨੀ ਦੇਰ ਤਕ ਉਹ ਮਾਤਾ ਦੇ ਅਸਥਨਾਂ ਵਿਚ ਦੁੱਧ ਭੇਜਦਾ ਹੈ। ਇਹ ਵੀ ਉਸ ਦੀ ਕਲਾ ਦਾ ਨਮੂਨਾ ਹੈ। ਇਕ ਵਿਧੀ ਹੈ, ਮਰਿਆਦਾ ਹੈ। ਮਲ-ਮੂਤਰ ਲਈ ਬਕਾਇਦਾ ਇਕ ਸੂਤਰ ਹੈ। ਸਾਧਨ ਤਿਆਰ ਕੀਤੇ ਹਨ। ਸਾਡਾ ਸਾਰਾ ਵਜੂਦ ਇਕ ਵਿਧੀ ਵਿਚ ਬਣਿਆ ਹੈ। ਸਾਰੇ ਜਗਤ ਦਾ ਜੀਵਨ ਕਿਸੇ ਵਿਧੀ ਵਿਧਾਨ ਵਿਚ ਬੱਝਾ ਹੈ। ਇਕ ਤਰਤੀਬ ਨਾਲ ਖੜਾ ਹੈ।

ਪੁਤਰੀ ਤੇਰੀ ਬਿਧਿ ਕਰਿ ਥਾਟੀ ॥

(ਪੰਨਾ ੩੭੪)

ਜੇ ਇਹ ਵਿਧੀ ਨਾ ਹੋਵੇ ਤਾਂ ਸਰੀਰਾਂ ਦੀ ਬਣਤਰ ਹੋਰ ਦੀ ਹੋਰ ਹੀ ਬਦਲ ਜਾਇਆ ਕਰੇ। ਲੱਤਾਂ, ਬਾਹਾਂ ਦੀ ਥਾਂ ਤੇ ਲੱਗ ਜਾਣ ਅਤੇ ਬਾਹਾਂ ਲੱਤਾਂ ਦੀ ਥਾਂ ਤੇ। ਦੰਦ ਸਿਰ ਤੇ ਹੋਣ ਤੇ ਨੱਕ ਕੰਨਾਂ ਦੀ ਥਾਂ ਤੇ ਹੋਵੇ। ਮਗਰ ਪ੍ਰਭੂ ਨੇ ਸਰੀਰ ਦੇ ਹਰੇਕ ਅੰਗ ਨੂੰ ਥਾਂ ਸਿਰ ਬਣਾਇਆ ਹੈ ਅਤੇ ਹਰੇਕ ਸਰੀਰ ਦੀ ਬਣਤਰ ਇਕੋ ਵਿਧਾਨ ਵਿਚ ਹੈ। ਕਦੇ ਵੀ ਉਸ ਦੇ ਨਿਯਮ (ਵਿਧਾਨ) ਵਿਚ ਅਦਲਾ-ਬਦਲੀ ਨਹੀਂ ਹੋਈ। ਸੋ ਇਹ ਸਾਰਾ ਸੰਸਾਰ ਪ੍ਰਮਾਤਮਾ ਦੀ ਕਲਾ ਦਾ ਵਿਸਥਾਰ ਹੈ। ਸਾਡਾ ਸਰੀਰ ਉਸ ਦੀ ਕੁਦਰਤ ਦਾ ਚਿੱਤਰ

ਹੈ। ਇਹ ਚਿੱਤਰ ਕੁਝ ਸਰਗੁਣ ਤੇ ਕੁਝ ਨਿਰਗੁਣ ਦਾ ਜੋੜ ਹੈ। ਇਸ ਸਰਗੁਣ ਤੇ ਨਿਰਗੁਣ ਦੇ ਵਿਚਕਾਰ, ਉਹ ਪ੍ਰਭੂ ਆਪ ਸ਼ਬਦ ਹੋ ਕੇ ਆਸਣ ਲਾਈ ਬੈਠਾ ਹੈ। ਆਪਣੇ ਬਣਾਏ ਹੋਏ ਜਗਤ ਤਮਾਸ਼ੇ ਨੂੰ ਆਪ ਵੇਖਦਾ ਹੈ।

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

(ਪੰਨਾ ੪੬੩)

ਭਾਈ ਸਾਹਿਬ ਭਾਈ ਨੰਦ ਲਾਲ ਜੀ ਦਾ ਕਥਨ ਹੈ ਕਿ ਇਹ ਜੀਵ ਜਿਧਰ ਵੀ ਵੇਖਦਾ ਹੈ, ਉਧਰ ਉਸ ਪਿਆਰੇ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ। ਹਰੇਕ ਦੇ ਨੈਣਾਂ ਦੇ ਝਰੋਖੇ ਵਿਚੋਂ ਪ੍ਰਭੂ ਹੀ ਝਾਕਦਾ ਹੈ। ਉਸੇ ਦੀ ਜੋਤ ਹੈ। ਅੱਖਾਂ ਤਾਂ ਇੱਕ ਝਰੋਖੇ ਹਨ। ਦੇਖਣਹਾਰ ਤਾਂ ਪ੍ਰਭੂ ਪਿਆਰਾ ਹੈ।

ਬਹਰ ਸੂਇ ਕਿਮੀ ਬੀਨਮ ਬਚਸ਼ਮਮ ਮਾਸਵਾ ਨਾਇਦ।
ਹਮੇਸ਼ਾ ਨਕਸ਼ਿ ਊਦਰ ਦੀਦਾਇ ਮਾ ਬੂਦਾ ਮੀ ਬਾਸ਼ਦ।

(ਦੀਵਾਨ-ਏ ਗੋਯਾ, ਭਾ: ਸ: ਭਾ: ਨੰਦ ਲਾਲ ਜੀ)

ਭਾਈ ਗੁਰਦਾਸ ਜੀ ਮਹਾਰਾਜ ਦਾ ਕਹਿਣਾ ਹੈ ਕਿ ਸ਼ਬਦ ਹੀ ਆਤਮ ਰੂਪ ਹੋ ਕੇ ਸਾਰੇ ਪਸਾਰੇ ਵਿਚ ਲੀਨ ਹੈ।

ਓਅੰਕਾਰੁ ਆਕਾਰੁ ਕਰਿ ਪਉਣੁ ਪਾਣੀ ਬੈਸੰਤਰੁ ਧਾਰੇ॥
ਧਰਤਿ ਅਕਾਸ ਵਿਛੋੜਿਅਨੁ ਚੰਦੁ ਸੂਰੁ ਦੇ ਜੋਤਿ ਸਵਾਰੇ॥
ਖਾਣੀ ਚਾਰਿ ਬੰਧਾਨ ਕਰਿ ਲਖ ਚਉਰਾਸੀਹ ਜੂਨਿ ਦੁਆਰੇ॥
ਇਕਸ ਇਕਸ ਜੂਨਿ ਵਿਚਿ ਜੀਅ ਜੰਤੁ ਅਣਗਣਤ ਅਪਾਰੇ॥

(ਵਾਰ ੪, ਪਉੜੀ ੧)

ਬੱਸ! ਇਹ ਕਹਿਣਾ ਪਏਗਾ ਕਿ—

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥੧॥

(ਰਹਰਾਸਿ)

ਕਰਤੇ ਕੁਦਰਤੀ ਮੁਸਤਾਕੁ....॥

(ਪੰਨਾ ੭੨੪)

ਸ਼ਬਦ ਉਹ ਕਲਾ ਹੈ, ਯਾਨੀ ਕਿ ਸ਼ਕਤੀ ਹੈ, ਜਿਸ ਦੁਆਰਾ ਕਾਦਿਰ ਕਰੀਮ, ਸਰਬ ਵਿਆਪੀ ਹੋ ਕੇ, ਸਰਗੁਣ ਵਿਚ ਨਿਰਗੁਣ ਅਤੇ ਨਿਰਗੁਣ ਵਿਚ ਸਰਗੁਣ ਹੋ ਕੇ ਬੈਠ ਜਾਂਦਾ ਹੈ। ਫਿਰ ਉਸੇ ਆਸਣ ਤੇ ਬੈਠ ਕੇ, ਆਪਣੀ ਬਣਾਈ ਹੋਈ ਰਚਨਾ ਨੂੰ, ਬੜੀ ਪ੍ਰਸੰਨਤਾ ਨਾਲ ਤੱਕਦਾ ਹੈ। ਇਸ ਦਾ ਮਤਲਬ ਇਹ ਕਦਾਚਿਤ ਨਹੀਂ ਕਿ ਉਹ ਕਿਤੇ ਬੈਠ ਕੇ ਰਚਨਾ ਰਚਦਾ ਹੈ। ਬਲਕਿ ਸਾਡਾ ਆਪਣਾ ਵਜੂਦ ਹੀ ਉਸ ਦੀ ਰਚਨਾ ਹੈ ਅਤੇ ਸਾਡੇ ਵਿੱਚ ਬੈਠ ਕੇ ਹੀ ਉਹ ਸਾਨੂੰ ਅਤੇ ਸੰਸਾਰ ਨੂੰ ਵੇਖਦਾ ਹੈ। ਸਾਡੀਆਂ ਅੱਖਾਂ ਨਹੀਂ ਵੇਖਦੀਆਂ, ਬਲਕਿ ਅੱਖਾਂ ਦੇ ਰਾਹੀਂ ਪ੍ਰਮਾਤਮਾ ਵੇਖਦ ਹੈ।

ਭਾਈ ਸਾਹਿਬ ਭਾ: ਨੰਦ ਲਾਲ ਜੀ ਦਾ ਕਥਨ ਹੈ ਕਿ ਅਕਾਲ-ਪੁਰਖ, ਸ਼ਬਦ ਤੋਂ ਪ੍ਰਗਟ ਹੁੰਦਾ ਹੈ। ਸ਼ਬਦ ਦੀ ਕਲਾ ਦੁਆਰਾ ਸ਼ਬਦ ਹੋ ਕੇ, ਸੰਸਾਰ ਵਿਚ ਆਪ ਕਰਤਾਰ ਵੱਸਦਾ ਹੈ। ਆਪਣੀ ਕਲਾ ਵਿਚ ਪੂਰਿਆ ਹੋਇਆ ਹੈ। ਇਸੇ ਕਰਕੇ ਹੀ ਉਸ ਦਾ ਨਾਮ "ਕਰਤਾ ਪੁਰਖ" ਹੈ—

ਕਾਦਰਿ ਮੁਤਲਕ ਬ ਕੁਦਰਤ ਜ਼ਾਹਿਰ ਅਸ੍ਤ ॥
ਦਰਮਿਆਨੇ ਕੁਦਰਤੇ ਖ਼ੁਦ ਕਾਦਿਰ ਅਸ੍ਤ ॥

ਸਾਡਾ ਸਰੀਰ ਸਰਗੁਣ ਹੈ। ਸਾਡੀ ਆਤਮਾ ਨਿਰਗੁਣ ਹੈ। ਆਤਮਾ ਪ੍ਰਮਾਤਮਾ ਦਾ ਹੀ ਇਕ ਛੋਟਾ ਰੂਪ ਹੈ ਅਤੇ ਉਹ ਸ਼ਬਦ ਹੈ। ਸ਼ਬਦ ਨਾਮ ਹੈ। ਇਸੇ ਨਾਮ ਦੇ ਅਧਾਰ ਤੇ ਸਾਰੇ ਸਰਗੁਣ ਸੰਸਾਰ ਦੀ ਸਿਰਜਣਾ ਉਸ ਸਿਰਜਣਹਾਰ ਪ੍ਰਭੂ ਨੇ ਸਿਰਜੀ ਹੈ। ਆਤਮ ਰੂਪ ਹੋ ਕੇ ਹੀ ਸਾਰੀ ਸ੍ਰਿਸ਼ਟੀ ਵਿਚ ਲੀਨ ਹੈ, ਇਸੇ ਕਰਕੇ ਹੀ ਉਹ ਸਰਬ-ਵਿਆਪੀ ਹੈ। ਇਹ ਵਿਸਥਾਰ ਪੂਰਵਕ ਗੁਰੂ ਅਰਜਨ ਦੇਵ ਜੀ ਨੇ ਬਿਆਨ ਕੀਤਾ ਹੈ—

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ...॥

(ਪੰਨਾ ੨੮੪)

ਸੋ ਸਰਬ ਵਿਆਪਕ ਨਾਮ, ਆਤਮਾ ਹੀ ਹੈ। ਆਤਮਾ ਇਸ ਸ੍ਰਿਸ਼ਟੀ ਵਿਚ ਇਸ ਤਰ੍ਹਾਂ ਪ੍ਰੋਈ ਹੋਈ ਹੈ, ਜਿਵੇਂ ਮਾਲਾ ਦੇ ਮਣਕਿਆਂ ਵਿਚ ਸੂਤ ਦੀ ਡੋਰੀ ਪ੍ਰੋਈ ਹੁੰਦੀ ਹੈ।

ਸਗਲ ਪਰੋਈ ਅਪੁਨੈ ਸੂਤਿ ॥

(ਪੰਨਾ ੨੮੪)

ਓਅੰ ਗੁਰਮੁਖਿ ਕੀਓ ਅਕਾਰਾ ॥
ਏਕਹਿ ਸੂਤਿ ਪਰੋਵਨਹਾਰਾ ॥

(ਪੰਨਾ ੨੫)

ਜਿਵੇਂ ਮਾਲਾ ਵਿਚੋਂ ਸੂਤਰ ਦੀ ਡੋਰੀ ਖਿੱਚ ਲਈ ਜਾਵੇ ਤਾਂ ਮਾਲਾ ਦਾ ਸਰੂਪ ਖੇਰੂੰ ਖੇਰੂੰ ਹੋ ਕੇ, ਮਣਕੇ ਬਿੱਖਰ ਜਾਂਦੇ ਹਨ। ਇਵੇਂ ਹੀ ਸਰਬ ਵਿਆਪਕ ਸ਼ਬਦ ਯਾਨੀ ਕਿ ਆਤਮਾ ਨੂੰ ਜਦੋਂ ਪਰੀਪੂਰਨ ਪ੍ਰਮਾਤਮਾ ਆਪਣੀ ਨਿਰਗੁਣਤਾ ਵਿਚ ਖਿੱਚ ਲੈਂਦਾ ਹੈ ਤਾਂ ਸੰਸਾਰ ਦਾ ਸਰੂਪ ਖੇਰੂੰ-ਖੇਰੂੰ ਹੋ ਕੇ, ਸਰੀਰਾਂ ਰੂਪ ਮਣਕੇ ਬਿਖਰ ਜਾਂਦੇ ਹਨ।

ਜਬ ਆਕਰਖ ਕਰਤ ਹੋ ਕਬਹੂੰ ॥
ਤੁਮ ਮੈ ਮਿਲਤ ਦੇਹ ਧਰ ਸਭਹੂੰ ॥

(ਚੌਪਈ ਸਾਹਿਬ)

ਸੋ ਪ੍ਰਭੂ ਆਪ ਹੀ ਸੂਤ ਹੈ ਤੇ ਆਪ ਹੀ ਬਹੁਤ ਪ੍ਰਕਾਰ ਦੇ ਮਣਕੇ ਹੈ। ਆਪਣੀ ਸ਼ਕਤੀ ਨਾਲ ਹੀ ਸਰੀਰਾਂ ਰੂਪ ਮਣਕਿਆਂ ਨੂੰ ਸੰਸਾਰ ਵਿੱਚ ਪਰੋ ਕੇ ਰਖਦਾ ਹੈ। ਆਪ ਹੀ ਉਸ ਸੂਤ ਦੀ ਡੋਰੀ ਨੂੰ ਬੰਨ੍ (ਸੰਭਾਲ) ਕੇ ਰੱਖਦਾ ਹੈ। ਜਦੋਂ ਉਹ ਸੂਤ ਦੀ ਡੋਰੀ ਖਿੱਚਦਾ ਹੈ ਤਾਂ ਸਾਰੀ ਹੋਂਦ ਢਹਿ ਢੇਰੀ ਹੋ ਜਾਂਦੀ ਹੈ—

ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ ॥
ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ ॥੧॥

(ਪੰਨਾ ੬੦੪)

ਸੋ ਜਗਤ ਦੇ ਤਮਾਮ ਅਵਤਾਰੀ ਪੁਰਸ਼, ਇਸ ਆਦਿ ਸਚਾਈ ਨਾਲ ਸਹਿਮਤ ਹਨ ਕਿ ਜਗਤ ਦਾ ਆਉਣਾ ਸ਼ਬਦ ਤੋਂ ਹੋਇਆ ਹੈ। ਸ਼ਬਦ ਦਰਵਾਜ਼ਾ ਹੈ ਅਤੇ ਦਰਵਾਜਾ ਹਮੇਸ਼ਾ ਦੋ ਕੰਮ ਦੇਂਦਾ ਹੈ। ਨਿਕਾਸ (Exit) ਦਾ ਅਤੇ ਪਰਵੇਸ਼ (Entry) ਦਾ।

ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥

(ਪੰਨਾ ੧੧੭)

ਸੰਸਾਰ ਦਾ ਆਉਣਾ ਵੀ ਸਬਦ ਤੋਂ ਹੈ ਅਤੇ ਜਾਣਾ ਵੀ ਸ਼ਬਦ ਤੋਂ ਹੈ। ਇਹ ਉਤਪਤਿ ਪਰਲੈ, ਸ਼ਬਦ ਦੇ ਆਸਰੇ ਹੁੰਦੀ ਹੈ। ਯਾਨੀ ਕਿ ਅਵਾਜ਼ ਦੇ ਆਸਰੇ ਹੁੰਦੀ ਹੈ। ਸ਼ਬਦ ਹੀ ਅਵਾਜ਼ ਹੈ ਅਤੇ ਸ਼ਬਦ ਹੀ ਪ੍ਰਕਾਸ਼ ਹੈ। ਹੋਰ ਕੋਈ ਉਸ ਦਾ ਚਿੰਨ੍ਹ ਚੱਕਰ ਨਹੀਂ ਦਿੱਸਦਾ।

ਚੱਕ੍ਰ, ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ ॥

* * *

ਵਿਅਕਤੀ, ਸ਼ਕਤੀ ਅਤੇ ਸ਼ਬਦ ਦੀ ਕਲਾ

ਖੰਡਾ ਪ੍ਰਿਥਮੈ ਸਾਜਿ ਕੈ, ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ ਸਾਜਿ, ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥

(ਚੰਡੀ ਦੀ ਵਾਰ)

ਸ੍ਰਿਸ਼ਟੀ ਦੀ ਅਰੰਭਤਾ ਏਥੋਂ ਹੋਈ ਕਿ ਪ੍ਰਮਾਤਮਾ ਨੇ ਸਭ ਤੋਂ ਪਹਿਲਾਂ ਖੰਡਾ ਸਾਜਿਆ। ਖੰਡੇ ਦੇ ਅੱਖਰੀ ਅਰਥ ਸ਼ਕਤੀ ਹਨ। ਹੇ ਅਕਾਲ ਪੁਰਖ ! ਤੂੰ ਸ਼ਕਤੀ ਹੈਂ, ਸਾਰੀ ਉਤਪਤੀ ਸ਼ਕਤੀ ਤੋਂ ਹੋਈ ਹੈ। ਸਾਰਾ ਵਿਸਥਾਰ ਸ਼ਕਤੀ ਦੁਆਰਾ ਹੋਇਆ ਹੈ। ਸਿੱਖ ਜਗਤ ਵਿੱਚ ਧਾਰਮਿਕ ਚਿੰਨ੍ਹ ਖੰਡਾ ਹੈ। ਜੋ ਸਿੱਧਾ ਦੋ-ਧਾਰੀ ਖੰਡਾ ਹੈ, ਉਹ ਸ਼ਕਤੀ ਦਾ ਪ੍ਰਤੀਕ ਹੈ। ਜੋ ਦੁਆਲੇ ਗੋਲਾਕਾਰ, ਲੋਹੇ ਦਾ ਚੱਕਰ ਹੈ, ਉਹ ਪ੍ਰਿਥਵੀ ਦਾ ਪ੍ਰਤੀਕ ਹੈ। ਸਾਰੀ ਪ੍ਰਿਥਵੀ ਖੰਡੇ ਤੋਂ ਪੈਦਾ ਹੋਈ ਹੈ। ਯਾਨੀ ਕਿ ਸ਼ਕਤੀ ਤੋਂ ਪੈਦਾ ਹੋਈ ਹੈ। ਫਿਰ ਉਸ ਗੋਲਾਕਾਰ ਲੋਹੇ ਦੇ ਚੱਕਰ ਦੇ ਦੁਆਲੇ ਦੋ ਤਲਵਾਰਾਂ ਹਨ। ਇਸ ਦਾ ਅਰਥ ਹੈ ਕਿ ਸ਼ਕਤੀ ਦੁਆਰਾ ਪ੍ਰਿਥਵੀ (ਸ੍ਰਿਸ਼ਟੀ) ਪੈਦਾ ਹੋਈ ਹੈ ਅਤੇ ਸ਼ਕਤੀ ਹੀ ਪ੍ਰਿਥਵੀ ਦੀ ਪਾਲਣਾ ਕਰ ਰਹੀ ਹੈ। ਦੋਵੇਂ ਪਾਸੇ ਜੋ ਕ੍ਰਿਪਾਨਾਂ ਦਿਖਾਈਆਂ ਗਈਆਂ ਹਨ, ਉਹ ਪ੍ਰਿਥਵੀ ਦੀ ਪਾਲਣਾ ਦਾ ਪ੍ਰਤੀਕ ਹੈ। ਉਤਪਤੀ ਵੀ ਸ਼ਕਤੀ ਤੋਂ ਹੈ ਅਤੇ ਪਾਲਣਾ ਵੀ ਸ਼ਕਤੀ ਹੀ ਕਰਦੀ ਹੈ। ਦਰਅਸਲ ਪ੍ਰਮਾਤਮਾ ਇੱਕ ਸ਼ਕਤੀ ਹੈ। ਸਿੱਖੀ ਦੀ ਜੋ ਅਰਦਾਸ ਹੈ ਉਸ ਦੀ ਪਹਿਲੀ ਪਾਉੜੀ ਹੈ।

ਪ੍ਰਿਥਮ ਭਗੌਤੀ ਸਿਮਰਿ ਕੈ..............॥

ਭਗੌਤੀ ਨਾਮ ਸ਼ਕਤੀ ਦਾ ਹੈ। ਅਰਦਾਸ ਇਹ ਹੈ ਕਿ ਸਰਬ ਸ਼ਕਤੀਮਾਨ ਪ੍ਰਭੂ ਹੈ। ਸਭ ਤੋਂ ਪਹਿਲਾਂ ਉਸ ਦਾ ਹੀ ਧਿਆਨ ਕਰਨਾ ਚਾਹੀਦਾ ਹੈ। ਪ੍ਰਮਾਤਮਾ ਸ਼ਕਤੀ ਹੈ, ਵਿਅਕਤੀ ਨਹੀਂ। ਪ੍ਰਮਾਤਮਾ ਦਾ ਪੁਜਾਰੀ ਵੀ ਸ਼ਕਤੀਸ਼ਾਲੀ ਹੁੰਦਾ ਹੈ। ਸ਼ਕਤੀ ਦਾ ਪੁਜਾਰੀ ਕਮਜ਼ੋਰ ਨਹੀਂ ਹੋ ਸਕਦਾ। ਜੋ ਕਮਜ਼ੋਰ ਹੈ, ਉਹ ਅਕਾਲ ਦਾ ਪੁਜਾਰੀ ਨਹੀਂ ਹੈ। ਇਸ ਵਾਸਤੇ ਦੁਨੀਆਂ ਵਿੱਚ ਜੋ ਵੱਡੇ-ਵੱਡੇ ਕਰਾਂਤੀਕਾਰੀ ਕੰਮ ਹੋਏ ਹਨ, ਉਹ ਸੰਤਾਂ ਭਗਤਾਂ ਨੇ ਕੀਤੇ ਹਨ। ਭਗਤ ਜਾਂ ਸੰਤ ਤੋਂ ਮੁਰਾਦ ਹੈ ਕਿ ਜੋ ਸਰਬ ਸ਼ਕਤੀਮਾਨ ਸ਼ਬਦ ਨਾਲ ਜੁੜ ਕੇ, ਸ਼ਕਤੀ ਦਾ ਰੂਪ ਹੋ ਗਿਆ ਹੈ।

ਪ੍ਰਮਾਤਮਾ ਇੱਕ ਸ਼ਕਤੀ ਹੈ। ਵਿਅਕਤੀ ਨਹੀਂ। ਜੇ ਵਿਅਕਤੀ ਦੀਆਂ ਕਮਜ਼ੋਰੀਆਂ ਦਾ ਅਨੁਭਵ ਕਰੋ ਤਾਂ ਸ਼ਕਤੀ ਦਾ ਬੋਧ ਹੋਵੇਗਾ। ਵਿਅਕਤੀ ਦਾ ਜਨਮ ਹੈ। ਜਿਸ ਦਾ ਜਨਮ ਹੈ, ਉਸ ਦਾ ਫਿਰ ਮਰਨ ਹੈ। ਵਿਅਕਤੀ ਵਿਚ ਇਹ ਕਮਜ਼ੋਰੀ ਹੈ ਕਿ ਉਸ ਦਾ ਜਨਮ, ਮਰਨ ਹੈ। ਵਿਅਕਤੀ ਦੇ ਅੰਦਰ ਜੋ ਜੀਵਨ ਦੀ ਲਾਲਸਾ ਹੈ, ਉਹ ਮਰਨ ਦੇ ਭੈ ਕਰਕੇ ਹੈ। ਪ੍ਰਮਾਤਮਾ ਵਿਅਕਤੀ ਨਹੀਂ, ਸ਼ਕਤੀ ਹੈ। ਅਗਰ ਪ੍ਰਮਾਤਮਾ ਨੂੰ ਵਿਅਕਤੀ ਮੰਨ ਲਿਆ ਜਾਵੇ ਤਾਂ ਫਿਰ ਉਸ ਦਾ ਜਨਮ ਤੇ ਮਰਨ ਵੀ ਮੰਨਣਾ ਪਏਗਾ। ਵਿਅਕਤੀ

ਦਾ ਰੂਪ ਰੰਗ ਤੇ ਨਸਲ ਹੈ। ਪਰ ਪ੍ਰਮਾਤਮਾ ਦਾ ਕੋਈ ਰੂਪ ਰੰਗ ਤੇ ਨਸਲ ਨਹੀਂ ਹੈ। ਪ੍ਰਮਾਤਮਾ, ਸ਼ਬਦ ਰੂਪ ਹੋ ਕੇ ਸ੍ਰਿਸ਼ਟ ਰਮਿਆ ਹੋਇਆ ਹੈ।

ਚੱਕ੍ਰ ਚਿਹਨ ਅਰੁ ਬਰਨ ਜਾਤਿ, ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ, ਕੋਊ ਕਹਿ ਨ ਸਕਤਿ ਕਿਹ ॥

(ਜਾਪੁ ਸਾਹਿਬ)

ਅਗਰ ਪ੍ਰਮਾਤਮਾ ਨੂੰ ਵਿਅਕਤੀ ਮੰਨ ਲਿਆ ਜਾਵੇ ਤਾਂ ਵਿਅਕਤੀ ਸਰਬ ਠਾਉਰ ਤੇ ਸਰਬ ਕਾਲ ਵੀ ਨਹੀਂ ਹੈ। ਵਿਅਕਤੀ ਇੱਕ ਸਮੇਂ ਤੋਂ ਇੱਕ ਥਾਂ ਤੇ ਹੈ। ਵਿਅਕਤੀ ਅੱਜ ਹੈ ਤੇ ਕੱਲ੍ਹ ਨਹੀਂ ਹੋਵੇਗਾ। ਇਹ ਘਟਨਾ ਅਸੀਂ ਅਕਾਲ ਪੁਰਖ ਦੇ ਨਾਲ ਨਹੀਂ ਜੋੜ ਸਕਦੇ। ਉਹ ਪ੍ਰਭੂ ਕੋਈ ਬੀਤ ਗਈ ਘਟਨਾ ਵੀ ਨਹੀਂ। ਉਸ ਨੂੰ ਇਸ ਤਰ੍ਹਾਂ ਨਹੀਂ ਆਖਿਆ ਜਾ ਸਕਦਾ ਕਿ ਪ੍ਰਮਾਤਮਾ ਇੱਕ ਦਿਨ ਨਹੀਂ ਸੀ। ਅੱਜ ਹੈ। ਇਕ ਦਿਨ ਫਿਰ ਨਹੀਂ ਹੋਵੇਗਾ। ਅਕਾਲ ਪੁਰਖ ਨਾਲ ਅਸੀਂ ਵਰਤਮਾਨ ਕਾਲ ਹੀ ਜੋੜ ਸਕਦੇ ਹਾਂ। ਪ੍ਰਭੂ ਦ ਪੁਜਾਰੀ ਵੀ ਵਰਤਮਾਨ ਵਿਚ ਹੀ ਵਰਤਦਾ ਹੈ।

ਵਰਤਮਾਨ ਵਿਚ ਵਰਤਦਾ, ਹੋਵਨਹਾਰ ਸੋਈ ਪਰਵਾਣਾ (ਭਾ: ਗੁ:)

ਗੁਰਮੁਖ ਵਰਤਮਾਨ ਵਿਚ ਜਿਊਂਦਾ ਹੈ। ਕਿਉਂਕਿ ਅੱਜ ਦੇ ਜੀਵਨ ਨੇ ਹੀ ਕੱਲ੍ਹ ਬਣਨਾ ਹੈ। ਜੇ ਅੱਜ ਵਰਤਮਾਨ ਠੀਕ ਨਹੀਂ ਤਾਂ ਆਉਣ ਵਾਲਾ ਕੱਲ੍ਹ ਵੀ ਠੀਕ ਨਹੀਂ ਹੋਵੇਗਾ। ਅੱਜ ਵਰਤਮਾਨ ਸਮਾਂ ਹੀ ਆਉਣ ਵਾਲੇ ਕੱਲ੍ਹ ਦੀ ਬੁਨਿਆਦ ਹੈ। ਗੁਰੂ ਦਾ ਸਿੱਖ ਤਾਂ ਸਿਰਫ ਵਰਤਮਾਨ ਵਿਚ ਜਿਊਂਦਾ ਹੈ। ਕਿਉਂਕਿ ਅਕਾਲ ਪੁਰਖ ਸਿਰਫ ਵਰਤਮਾਨ ਹੈ। ਉਹ ਸ਼ਕਤੀ ਹੈ, ਵਿਅਕਤੀ ਨਹੀਂ। ਅਗਰ ਉਸ ਨੂੰ ਵਿਅਕਤੀ ਮੰਨ ਲਈਏ ਤਾਂ ਵਿਅਕਤੀ ਵਿਚ ਇੱਕ ਹੋਰ ਦੋਸ਼ ਹੈ। ਵਿਅਕਤੀ ਦੇ ਦੋ ਰੂਪ ਹਨ। ਇੱਕ ਇਸਤਰੀ, ਇੱਕ ਪੁਰਸ਼ ਹੈ। ਫਿਰ ਇਹ ਵੀ ਫੈਸਲਾ ਕਰਨਾ ਪਏਗਾ ਕਿ ਪ੍ਰਮਾਤਮਾ ਇਸਤਰੀ ਹੈ ਕਿ ਪੁਰਸ਼ ਹੈ ?

ਸਾਡੇ ਦੇਸ਼ ਵਿਚ ਵੀ ਤੇ ਬਾਕੀ ਦੇਸ਼ਾਂ ਵਿਚ ਵੀ ਪ੍ਰਮਾਤਮਾ ਨੂੰ ਕਿਤੇ ਇਸਤਰੀ ਰੂਪ ਮੰਨਿਆ ਜਾਂਦਾ ਹੈ। ਕਿਤੇ ਪੁਰਸ਼ ਰੂਪ ਵਿੱਚ ਮੰਨਿਆ ਜਾਂਦਾ ਹੈ। ਭਾਰਤ ਵਿੱਚ ਇਸਤਰੀ ਰੂਪ ਵਿਚ ਵੀ ਉਸ ਦੀ ਪੂਜਾ ਹੁੰਦੀ ਹੈ। ਮਾਤਾ, ਮਾਤਾ ਕਰਕੇ ਯਾਦ ਕੀਤਾ ਜਾਂਦਾ ਹੈ। ਮਾਤਾ ਦੇ ਜਗਰਾਤੇ ਹੁੰਦੇ ਹਨ। ਬੜੀ ਗੱਲ ਹੈ, ਮਾਤਾ ਕਰਕੇ। ਅਨੇਕਾਂ ਦੇਵੀਆਂ ਹਨ, ਜਿਨ੍ਹਾ ਨੂੰ ਪ੍ਰਮਾਤਮਾ ਦਾ ਪ੍ਰਤੀਕ ਮੰਨਿਆ ਗਿਆ ਹੈ। ਵੈਸ਼ਨੋ ਦੇਵੀ, ਦੁਰਗਾ ਦੇਵੀ, ਕਾਲੀ ਦੇਵੀ, ਲਾਟਾਂ ਵਾਲੀ ਦੇਵੀ ਤੇ ਲਛਮੀ ਦੇਵੀ ਆਦਿ। ਗਰਜ਼ ਕਿ ਅਗਰ ਪ੍ਰਮਾਤਮਾ ਨੂੰ ਵਿਅਕਤੀ ਮੰਨ ਲਿਆ ਜਾਵੇ ਤਾਂ ਫਿਰ ਵੰਡ ਕਰਨੀ ਪਏਗੀ ਕਿ ਉਹ ਪੁਰਸ਼ ਹੈ ਕਿ ਇਸਤਰੀ। ਦੋਵਾਂ ਚੋਂ ਇੱਕ ਰੂਪ ਚੁਣਨਾ ਪਏਗਾ ਕਿ ਉਹ ਇਸਤਰੀ ਹੈ ਕਿ ਪੁਰਸ਼। ਗੁਰੂ ਗ੍ਰੰਥ ਸਾਹਿਬ ਦੀ ਇਕ ਬਾਣੀ ਵਿੱਚ ਬੜਾ ਸੁੰਦਰ ਫੈਸਲਾ ਹੈ ਕਿ—

ਸੁੰਨ ਮੰਡਲ ਇਕੁ ਜੋਗੀ ਬੈਸੇ ॥
ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥

(ਪੰਨਾ ੬੮੫)

ਪ੍ਰਮਾਤਮਾ ਅਨਾਦਿ ਹੈ ਅਤੇ ਪਰਮ ਸ਼ਕਤੀ, ਉਸ ਦਾ ਸ਼ਬਦ ਹੈ। ਆਤਮਾ ਪ੍ਰਮਾਤਮਾ

ਦੀ ਅੰਸ਼ ਹੈ। ਆਤਮਾ ਸ਼ਬਦ ਰੂਪ ਨਿਰਾਕਾਰ ਹੈ। ਆਤਮਾ ਸ਼ਕਤੀ ਹੈ। ਇਸ ਸ਼ਕਤੀ ਦੀ ਬਦੌਲਤ ਹੀ ਵਜੂਦ ਕਾਇਮ ਹੈ। ਇਹ ਗੱਲ ਸਪੱਸ਼ਟ ਹੈ ਕਿ ਪ੍ਰਮਾਤਮਾ ਸ਼ਕਤੀ ਹੈ, ਵਿਅਕਤੀ ਨਹੀਂ। ਜਿਹੜੇ ਲੋਕ ਪ੍ਰਮਾਤਮਾ ਨੂੰ ਵਿਅਕਤੀ ਰੂਪ ਵਿਚ ਦੇਖਣਾ ਚਾਹੁੰਦੇ ਹਨ, ਉਹ ਸਰੀਰ ਦੇ ਤੱਲ ਤੇ ਖੜੇ ਹਨ। ਸਰੀਰ ਸਥੂਲ ਹੈ। ਜਿਹੜੇ ਸਰੀਰ ਤੱਕ ਹੀ ਵੇਖਦੇ ਹਨ, ਉਹਨਾਂ ਦੀ ਅਕਲ ਬਾਰੀਕ ਨਹੀਂ ਹੁੰਦੀ, ਮੋਟੀ ਹੁੰਦੀ ਹੈ। ਸਰੀਰ, ਸੰਸਾਰ ਦੀ ਅੰਸ ਹੈ। ਸੰਸਾਰ ਨਾਲੋਂ ਹੋਰ ਕੁਝ ਵੀ ਮੋਟਾ ਨਹੀਂ। ਇਸ ਕਰਕੇ ਸਰੀਰ ਦੇ ਤੱਲ ਤੇ ਪ੍ਰਮਾਤਮਾ ਨੂੰ ਦੇਖਣ ਵਾਲੇ ਦੀ ਸੁਰਤ ਵਿਚ ਸ਼ਬਦ ਨਹੀਂ ਹੁੰਦਾ। ਬਲਕਿ ਸਰੀਰ ਤੱਕ ਦੇਖਣ ਵਾਲਾ ਕੇਵਲ ਕਾਮ ਦੇਖਦਾ ਹੈ।

ਬੜੀ ਪੁਰਾਣੀ ਇਹ ਕਥਾ ਹੈ, ਜੋ ਇਸ ਭਾਵ ਨੂੰ ਚੰਗੀ ਤਰ੍ਹਾਂ ਉਜਾਗਰ ਕਰਦੀ ਹੈ। ਰਾਜਾ ਜਨਕ ਮਿਰਲਾ ਪੁਰੀ ਦਾ ਇਕ ਇਨਸਾਫ਼-ਪਸੰਦ, ਨੇਕ-ਦਿਲ ਅਤੇ ਆਤਮ-ਗਿਆਨੀ ਰਾਜਾ ਹੋਇਆ ਹੈ। ਰਾਜੇ ਜਨਕ ਨੂੰ ਗੁਰ-ਮੰਤਰ ਦੀ ਸਮਝ ਨਹੀਂ ਸੀ ਲਗਦੀ। ਜਿੰਨੀ ਦੇਰ ਗੁਰ-ਮੰਤਰ ਦੀ ਸਮਝ ਨਾ ਲੱਗੇ, ਉਨੀ ਦੇਰ ਸ਼ਬਦ ਦੀ ਸਮਝ ਵੀ ਨਹੀਂ ਲਗਦੀ। ਹੁਣ ਜਨਕ ਤਾਂ ਉਹ ਹੁੰਦਾ ਹੈ, ਜਿਹੜਾ ਪੂਰਾ ਜਾਣਕਾਰ, ਹੋਵੇ। ਇਹ ਨਾ ਸਮਝਣਾ ਕਿ ਜਨਕ ਕੋਈ ਰਾਜੇ ਦਾ ਨਾਮ ਹੀ ਹੁੰਦਾ ਹੈ। "ਜਨਕ" ਦੇ ਅਰਥ ਹਨ ਗਿਆਨੀ ਯਾਨੀ, ਕਿ ਜਾਣਕਾਰ ਜਿਸ ਨੂੰ ਪੂਰਨ ਬਿਬੇਕ ਦਾ ਗਿਆਨ ਹੋਵੇ, ਉਹ ਜਨਕ ਹੁੰਦਾ ਹੈ।

ਜਨਕੁ ਸੋਇ ਜਿਨਿ ਜਾਣਿਆ...॥

(ਪੰਨਾ ੧੩੯੮)

ਜਨਕ ਆਦਮੀ ਹੀ ਬਿਬੇਕ ਦੁਆਰਾ, ਆਤਮਕ ਸਿੰਘਾਸਣ ਤੇ ਬੈਠ ਕੇ ਰਾਜ ਕਰਦਾ ਹੈ।

ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ ॥

(ਪੰਨਾ ੧੩੦੯)

ਗੁਰਬਾਣੀ, ਭੱਟ, ਕਲ੍ਹ ਜੀ, ਗੁਰੂ ਰਾਮਦਾਸ ਜੀ ਨੂੰ ਕਹਿੰਦੇ ਹਨ ਕਿ ਹੇ ਸਤਿਗੁਰੂ! ਤੁਸੀਂ ਜਨਕ ਰਾਜਾ ਹੋ। ਕਿਉਂਕਿ ਜਨਕ ਉਹੀ ਹੁੰਦਾ ਹੈ, ਜਿਹੜਾ ਆਤਮ-ਗਿਆਨੀ ਹੋਵੇ। ਜਿਸ ਦੇ ਮਨ ਅੰਤਰਮੁਖੀ (ਉਨਮਨਿ) ਹੋਵੇ। ਜਿਸ ਦਾ ਹਿਰਦਾ ਸਤ ਸੰਤੋਖ ਦੇ ਅੰਮ੍ਰਿਤ ਨਾਲ ਭਰਿਆ ਹੋਵੇ। ਆਪਣੇ ਇੰਦਰਿਆਂ ਨੂੰ ਵੱਸ ਵਿਚ ਕਰਕੇ (ਅਮਰਾਪੁਰੀ) ਇੰਦਰਪੁਰੀ ਦਾ ਰਾਜਾ ਹੋਵੇ। ਹੇ ਗੁਰੂ ਰਾਮਦਾਸ, ਇਸ ਅਭਿਆਸ ਵਿਚ ਤੁਸੀਂ ਪੂਰਨ ਸਫਲ ਹੋਏ ਹੋ। ਇਸ ਵਾਸਤੇ ਇਸ ਜਨਕ ਰਾਜ ਦਾ ਰਸ ਆਪ ਨੇ ਹੀ ਜਾਣਿਆ ਹੈ।

ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ ॥
ਸਤੁ ਸੰਤੋਖੁ ਸਮਾਚਰੇ ਅਭਰਾ ਸਰੁ ਭਰਿਆ ॥
ਅਕਥ ਕਥਾ ਅਮਰਾ ਪੁਰੀ ਜਿਸੁ ਦੇਇ ਸੁ ਪਾਵੈ ॥
ਇਹੁ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣਿ ਆਵੈ ॥

(ਪੰਨਾ ੧੩੯੮)

ਜਨਕ, ਯਾਨੀ ਕਿ ਉਹ ਪੁਰਖ ਜਿਸ ਕੋਲ ਬਹੁਤ ਗਿਆਨ ਹੈ। ਕਹਿੰਦੇ ਹਨ ਕਿ

ਦੀ ਅੰਸ਼ ਹੈ। ਆਤਮਾ ਸ਼ਬਦ ਰੂਪ ਨਿਰਾਕਾਰ ਹੈ। ਆਤਮਾ ਸ਼ਕਤੀ ਹੈ। ਇਸ ਸ਼ਕਤੀ ਦੀ ਬਦੌਲਤ ਹੀ ਵਜੂਦ ਕਾਇਮ ਹੈ। ਇਹ ਗੱਲ ਸਪੱਸ਼ਟ ਹੈ ਕਿ ਪ੍ਰਮਾਤਮਾ ਸ਼ਕਤੀ ਹੈ, ਵਿਅਕਤੀ ਨਹੀਂ। ਜਿਹੜੇ ਲੋਕ ਪ੍ਰਮਾਤਮਾ ਨੂੰ ਵਿਅਕਤੀ ਰੂਪ ਵਿਚ ਦੇਖਣਾ ਚਾਹੁੰਦੇ ਹਨ, ਉਹ ਸਰੀਰ ਦੇ ਤੱਲ ਤੇ ਖੜੇ ਹਨ। ਸਰੀਰ ਸਥੂਲ ਹੈ। ਜਿਹੜੇ ਸਰੀਰ ਤੱਕ ਹੀ ਵੇਖਦੇ ਹਨ, ਉਹਨਾਂ ਦੀ ਅਕਲ ਬਾਰੀਕ ਨਹੀਂ ਹੁੰਦੀ, ਮੋਟੀ ਹੁੰਦੀ ਹੈ। ਸਰੀਰ, ਸੰਸਾਰ ਦੀ ਅੰਸ ਹੈ। ਸੰਸਾਰ ਨਾਲੋਂ ਹੋਰ ਕੁਝ ਵੀ ਮੋਟਾ ਨਹੀਂ। ਇਸ ਕਰਕੇ ਸਰੀਰ ਦੇ ਤੱਲ ਤੇ ਪ੍ਰਮਾਤਮਾ ਨੂੰ ਦੇਖਣ ਵਾਲੇ ਦੀ ਸੁਰਤ ਵਿਚ ਸ਼ਬਦ ਨਹੀਂ ਹੁੰਦਾ। ਬਲਕਿ ਸਰੀਰ ਤੱਕ ਦੇਖਣ ਵਾਲਾ ਕੇਵਲ ਕਾਮ ਦੇਖਦਾ ਹੈ।

ਬੜੀ ਪੁਰਾਣੀ ਇਹ ਕਥਾ ਹੈ, ਜੋ ਇਸ ਭਾਵ ਨੂੰ ਚੰਗੀ ਤਰ੍ਹਾਂ ਉਜਾਗਰ ਕਰਦੀ ਹੈ। ਰਾਜਾ ਜਨਕ ਮਿਰਲਾ ਪੁਰੀ ਦਾ ਇਕ ਇਨਸਾਫ਼-ਪਸੰਦ, ਨੇਕ-ਦਿਲ ਅਤੇ ਆਤਮ-ਗਿਆਨੀ ਰਾਜਾ ਹੋਇਆ ਹੈ। ਰਾਜੇ ਜਨਕ ਨੂੰ ਗੁਰ-ਮੰਤਰ ਦੀ ਸਮਝ ਨਹੀਂ ਸੀ ਲਗਦੀ। ਜਿੰਨੀ ਦੇਰ ਗੁਰ-ਮੰਤਰ ਦੀ ਸਮਝ ਨਾ ਲੱਗੇ, ਉਨੀ ਦੇਰ ਸ਼ਬਦ ਦੀ ਸਮਝ ਵੀ ਨਹੀਂ ਲਗਦੀ। ਹੁਣ ਜਨਕ ਤਾਂ ਉਹ ਹੁੰਦਾ ਹੈ, ਜਿਹੜਾ ਪੂਰਾ ਜਾਣਕਾਰ, ਹੋਵੇ। ਇਹ ਨਾ ਸਮਝਣਾ ਕਿ ਜਨਕ ਕੋਈ ਰਾਜੇ ਦਾ ਨਾਮ ਹੀ ਹੁੰਦਾ ਹੈ। "ਜਨਕ" ਦੇ ਅਰਥ ਹਨ ਗਿਆਨੀ ਯਾਨੀ, ਕਿ ਜਾਣਕਾਰ ਜਿਸ ਨੂੰ ਪੂਰਨ ਬਿਬੇਕ ਦਾ ਗਿਆਨ ਹੋਵੇ, ਉਹ ਜਨਕ ਹੁੰਦਾ ਹੈ।

ਜਨਕੁ ਸੋਇ ਜਿਨਿ ਜਾਣਿਆ...॥

(ਪੰਨਾ ੧੩੯੮)

ਜਨਕ ਆਦਮੀ ਹੀ ਬਿਬੇਕ ਦੁਆਰਾ, ਆਤਮਕ ਸਿੰਘਾਸਣ ਤੇ ਬੈਠ ਕੇ ਰਾਜ ਕਰਦਾ ਹੈ।

ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ ॥

(ਪੰਨਾ ੧੩੦੯)

ਗੁਰਬਾਨੀ, ਭੱਟ, ਕਲ੍ਹ ਜੀ, ਗੁਰੂ ਰਾਮਦਾਸ ਜੀ ਨੂੰ ਕਹਿੰਦੇ ਹਨ ਕਿ ਹੇ ਸਤਿਗੁਰੂ! ਤੁਸੀਂ ਜਨਕ ਰਾਜਾ ਹੋ। ਕਿਉਂਕਿ ਜਨਕ ਉਹੀ ਹੁੰਦਾ ਹੈ, ਜਿਹੜਾ ਆਤਮ-ਗਿਆਨੀ ਹੋਵੇ। ਜਿਸ ਦੇ ਮਨ ਅੰਤਰਮੁਖੀ (ਉਨਮਨਿ) ਹੋਵੇ। ਜਿਸ ਦਾ ਹਿਰਦਾ ਸਤ ਸੰਤੋਖ ਦੇ ਅੰਮ੍ਰਿਤ ਨਾਲ ਭਰਿਆ ਹੋਵੇ। ਆਪਣੇ ਇੰਦਰਿਆਂ ਨੂੰ ਵੱਸ ਵਿਚ ਕਰਕੇ (ਅਮਰਾਪੁਰੀ) ਇੰਦਰਪੁਰੀ ਦਾ ਰਾਜਾ ਹੋਵੇ। ਹੇ ਗੁਰੂ ਰਾਮਦਾਸ, ਇਸ ਅਭਿਆਸ ਵਿਚ ਤੁਸੀਂ ਪੂਰਨ ਸਫਲ ਹੋਏ ਹੋ। ਇਸ ਵਾਸਤੇ ਇਸ ਜਨਕ ਰਾਜ ਦਾ ਰਸ ਆਪ ਨੇ ਹੀ ਜਾਣਿਆ ਹੈ।

ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ ॥
ਸਤੁ ਸੰਤੋਖੁ ਸਮਾਚਰੇ ਅਭਰਾ ਸਰੁ ਭਰਿਆ ॥
ਅਕਥ ਕਥਾ ਅਮਰਾ ਪੁਰੀ ਜਿਸੁ ਦੇਇ ਸੁ ਪਾਵੈ ॥
ਇਹੁ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣਿ ਆਵੈ ॥

(ਪੰਨਾ ੧੩੯੮)

ਜਨਕ, ਯਾਨੀ ਕਿ ਉਹ ਪੁਰਖ ਜਿਸ ਕੋਲ ਬਹੁਤ ਗਿਆਨ ਹੈ। ਕਹਿੰਦੇ ਹਨ ਕਿ

ਇਕ ਵਿਦਵਾਨ ਨੇ ਤਾਂ ਰਾਜੇ ਜਨਕ ਨੂੰ ਕਿਹਾ, "ਰਾਜਨ! ਤੁਸੀਂ ਇਸ ਅਸ਼ਟਾਵਕਰ ਨੂੰ ਆਪਣਾ ਗੁਰੂ ਧਾਰਨ ਕਰ ਲਉ ?" ਇਹ ਸੁਣ ਕੇ ਸਾਰੇ ਪੰਡਿਤ ਫਿਰ ਉੱਚੀ-ਉੱਚੀ ਹੱਸ ਪਏ। ਵਿਦਵਾਨਾਂ ਦੀ ਸਭਾ ਵਿਚ ਆਪਣਾ ਹਾਸਾ ਉਡਦਿਆਂ ਦੇਖ ਕੇ ਅਸ਼ਟਾਵਕਰ ਵੀ ਖੂਬ ਜ਼ੋਰ ਨਾਲ ਹੱਸਿਆ। ਅਸ਼ਟਾਵਕਰ ਨੂੰ ਜ਼ੋਰ ਨਾਲ ਹੱਸਦਿਆਂ ਦੇਖ ਕੇ ਸਾਰੀ ਸਭਾ ਦੇ ਪੰਡਿਤ ਹੱਸਣੋਂ ਬੰਦ ਹੋ ਗਏ। ਰਾਜਾ ਜਨਕ ਅਸ਼ਟਾਵਕਰ ਨੂੰ ਹੱਸਦਿਆਂ ਦੇਖ ਕੇ ਗੰਭੀਰਤਾ ਨਾਲ ਪੁੱਛਣ ਲਗਾ, "ਅਸ਼ਟਾਵਕਰ! ਮੈਨੂੰ ਇਹ ਗੱਲ ਤਾਂ ਸਮਝ ਆਉਂਦੀ ਹੈ ਕਿ ਤੇਰਾ ਵਿੰਗਾ-ਟੇਡਾ ਤਨ ਦੇਖ ਕੇ ਅਸੀਂ ਹੱਸਦੇ ਹਾਂ। ਪਰ ਤੂੰ ਕੀ ਦੇਖ ਕੇ ਹੱਸਦਾ ਹੈਂ ?" ਤਾਂ ਅਸ਼ਟਾਵਕਰ ਨੇ ਜੁਆਬ ਦਿੱਤਾ, "ਰਾਜਨ ! ਤੁਸੀਂ ਮੇਰਾ ਵਿੰਗਾ-ਟੇਡਾ ਤਨ ਦੇਖ ਕੇ ਹੱਸਦੇ ਹੋ ! ਮੈਂ ਤੁਹਾਡੇ ਵਿੰਗੇ ਟੇਡੇ ਮਨ ਦੇਖ ਕੇ ਹਸਦਾ ਹਾਂ।" ਰਾਜਾ ਜਨਕ ਪੁੱਛਦਾ ਹੈ, ਕੀ ਮਤਲਬ ਹੈ ਤੇਰਾ ? ਅਸ਼ਟਾਵਕਰ ਕਹਿਣ ਲਗਾ "ਰਾਜਨ ! ਮੈਂ ਸੁਣਿਆ ਸੀ ਕਿ ਆਪਦੀ ਸਭਾ ਵਿਚ ਬੜੇ-ਬੜੇ ਵਿਦਵਾਨ ਪੰਡਿਤ ਬੈਠਦੇ ਹਨ। ਪਰ ਅੱਜ ਤਾਂ ਮੈਂ ਵੇਖਿਆ ਹੈ ਕਿ ਸਾਰੇ ਚਮਾਰ ਬੈਠੇ ਹਨ। ਬਲਕਿ ਮੈਨੂੰ ਸ਼ੱਕ ਹੈ ਕਿ ਰਾਜਾ ਜਨਕ ਵੀ ਚਮਾਰ ਹੈ।" ਇਹ ਸੁਣ ਕੇ ਜਨਕ ਨੇ ਪੁਛਿਆ, "ਅਸ਼ਟਾਵਕਰ! ਤੂੰ ਕਿਤੇ ਮੇਰੀ ਸਭਾ ਦੀ ਤੌਹੀਨ ਤਾਂ ਨਹੀਂ ਕਰ ਰਿਹਾ ?" ਅਸ਼ਟਾਵਕਰ ਕਹਿਣ ਲੱਗਾ, "ਰਾਜਨ! ਨਹੀਂ, ਮੈਂ ਤੌਹੀਨ ਨਹੀਂ ਕਰਦਾ। ਮੈਂ ਤਾਂ ਸੱਚ ਬਿਆਨ ਕਰਦਾ ਹਾਂ। ਇਹ ਨਾ ਸਮਝਣਾ ਕਿ ਚਮਾਰ ਕੋਈ ਜਾਤੀ ਹੁੰਦੀ ਹੈ। ਅਕਸਰ, ਅਸੀਂ ਉਸ਼ ਨੂੰ ਚਮਾਰ ਕਹਿੰਦੇ ਹਾਂ, ਜਿਹੜਾ ਚਮੜੇ ਦਾ ਕੰਮ ਕਰੇ ਅਤੇ ਚਮੜੀ ਦੀ ਉਸ ਨੂੰ ਪੂਰੀ ਤੇ ਪਛਾਣ ਹੋਵੇ। ਤੇਰੀ ਸਭਾ ਵਿਚ ਜਿੰਨੇ ਪੰਡਿਤ ਵਿਦਵਾਨ ਹਨ, ਇਹ ਸਾਰੇ ਮੇਰੀ ਚਮੜੀ ਵੱਲ ਵੇਖ ਕੇ ਖੂਬ ਹੱਸੇ ਹਨ। ਖੂਬ ਪਛਾਣ ਹੈ, ਇਹਨਾਂ ਸਾਰੇ ਚਮਾਰਾਂ ਨੂੰ ਮੇਰੀ ਚਮੜੀ ਦੀ। ਅਕਸਰ ਜਿਹੜਾ ਚਮੜੀ ਤੋਂ ਪਾਰ ਨਾ ਵੇਖ ਸਕੇ, ਉਹ ਚਮਾਰ ਹੀ ਹੁੰਦਾ ਹੈ। ਅਕਸਰ ਆਦਮੀ ਕਿਸੇ ਦੀ ਸੁੰਦਰਤਾ ਦਾ ਫੈਸਲਾ ਕਿਸੇ ਦੀ ਗੋਰੀ ਕਾਲੀ ਚਮੜੀ ਦੇਖ ਹੀ ਕਰਦਾ ਹੈ। ਜਿਹੜਾ ਆਦਮੀ ਚਮੜੀ ਤੱਕ ਹੀ ਦੇਖ ਸਕਦਾ ਹੈ, ਉਹ ਪੰਡਿਤ ਜਾਂ ਗਿਆਨੀ ਨਹੀਂ ਹੋ ਸਕਦਾ। ਉਹ ਚਮਾਰ ਹੀ ਹੁੰਦਾ ਹੈ। ਐਸੇ ਆਦਮੀ ਅਕਸਰ ਕਾਮੀ ਅਤੇ ਕਾਮਨਾਵਾਂ ਵਿਚ ਹੀ ਜਿਊਣ ਵਾਲੇ ਹੁੰਦੇ ਹਨ। ਲੋਕ ਐਵੇਂ ਹੀ ਕਿਰਤ ਕਰਨ ਵਾਲੇ, ਚਮੜੇ ਦੀਆਂ ਜੁੱਤੀਆਂ ਬਣਾਉਣ ਵਾਲਿਆਂ ਨੂੰ ਚਮਾਰ-ਚਮਾਰ ਕਹਿੰਦੇ ਰਹਿੰਦੇ ਹਨ। ਦਰ ਅਸਲ ਚਮਾਰ ਉਹ ਹੈ, ਜਿਹੜਾ ਚਮੜੀ ਨੂੰ ਦੇਖ ਫੈਸਲਾ ਕਰਦਾ ਹੈ ਅਤੇ ਚਮੜੀ ਤੋਂ ਅੰਦਰ ਦੇਖ ਨਹੀਂ ਸਕਦਾ।"

ਸਰੀਰ ਤੱਕ ਤਾਂ ਆਮ ਆਦਮੀ ਵੀ ਦੇਖ ਲੈਂਦਾ ਹੈ, ਪਰ ਮਨ ਨੂੰ ਦੇਖਣ ਵਾਸਤੇ ਪਾਰ-ਦਰਸ਼ੀ ਅੱਖ ਚਾਹੀਦੀ ਹੈ। ਅੱਗੇ ਇਹ ਕਥਾ ਇਸ ਤਰ੍ਹਾਂ ਹੈ ਕਿ ਰਾਜੇ ਜਨਕ ਨੇ ਅਸ਼ਟਾਵਕਰ ਨੂੰ ਕਿਹਾ ਕਿ "ਐ ਅਸ਼ਟਾਵਕਰ ! ਮੈਂ ਤੈਨੂੰ ਆਪਣਾ ਗੁਰੂ ਧਾਰਨਾ ਚਾਹੁੰਦਾ ਹਾਂ। ਕੀ ਤੂੰ ਮੈਨੂੰ ਮੇਰੇ ਮਨ ਦਾ ਗਿਆਨ ਦੇ ਸਕਦਾ ਹੈ ?" ਅਸ਼ਟਾਵਕਰ ਨੇ ਕਿਹਾ, "ਰਾਜਨ ! ਮੈਂ ਤੈਨੂੰ ਮਨ ਦਾ ਭੇਦ ਦੱਸ ਸਕਦਾ ਹਾਂ। ਪਰ ਪਹਿਲਾਂ ਤੁਸੀਂ ਮੈਨੂੰ ਗੁਰੂ ਭੇਟਾ (ਦਖਣਾ) ਦਿਉ ? ਦੱਖਣਾ, ਉਹ ਚੀਜ਼ ਚਾਹੀਦੀ ਹੈ, ਜਿਹੜੀ ਤੁਹਾਡੀ ਆਪਣੀ ਹੋਵੇ ?" ਰਾਜਾ ਜਨਕ ਕਹਿਣ ਲੱਗਾ, "ਇਹ ਸਾਰਾ ਧਨ ਪਦਾਰਥ ਰਾਜ ਭਾਗ ਮੇਰਾ ਹੀ ਹੈ। ਜੋ

ਚਾਹੀਦਾ ਹੈ ਲੈ ਲਉ ?" ਅਸ਼ਟਾਵਕਰ ਕਹਿਣ ਲੱਗਾ ਕਿ "ਨਹੀਂ! ਇਹ ਜੋ ਧਨ ਅੰਨ ਰਾਜ ਭਾਗ ਹੈ, ਇਹ ਸਭ ਕੁਝ ਤੇਰਾ ਨਹੀਂ ਰਾਜਨ! ਇਹ ਸਭ ਕੁਝ ਤਾਂ ਤੈਨੂੰ ਮਿਲਿਆ ਹੈ।" ਰਾਜਾ ਜਨਕ ਕਹਿਣ ਲੱਗਾ ਕਿ, ਫਿਰ ਮੇਰਾ ਕੀ ਹੈ? ਜੋ ਮੈਂ ਭੇਟਾ ਰੱਖ ਸਕਾਂ ?" ਅਸ਼ਟਾਵਕਰ ਨੇ ਕਿਹਾ ਕਿ "ਰਾਜਨ ! ਤੇਰੇ ਤਨ ਸਮੇਤ ਸੰਸਾਰ ਵਿਚ ਤੇਰਾ ਕੁਝ ਵੀ ਨਹੀ। ਤੇਰਾ ਮਨ ਹੀ ਤੇਰਾ ਹੈ। ਇਹ ਮਨ ਹੀ ਸਭ ਕੁਝ ਹੈ। ਇਹ ਮਨ ਹੀ ਤੂੰ ਹੈਂ। ਯਾਨੀ ਕਿ ਮਨ ਹਉਮੈ ਹੈ। ਇਹ ਮਨ ਹੀ ਭੇਟਾ ਕਰਨਾ ਪਏਗਾ ? ਵਰਨਾ ਗੁਰ ਮੰਤਰ ਦੀ ਸਮਝ ਨਹੀਂ ਲਗ ਸਕਦੀ।"

ਜਨਕ ਕਹਿਣ ਲੱਗਾ ਕਿ "ਮੈਂ, ਮਨ ਕਿਵੇਂ ਭੇਟਾ ਕਰਾਂ, ਕਿਉਂਕਿ ਮਨ ਤਾਂ ਨਿਰਾਕਾਰ ਹੈ?" ਅਸ਼ਟਾਵਕਰ ਨੇ ਕਿਹਾ ਕਿ ਗੁਰੂ-ਮੰਤਰ ਵੀ ਨਿਰਾਕਾਰ ਹੈ। ਯਾਨੀ ਕਿ ਸ਼ਬਦ ਹੈ। ਸ਼ਬਦ ਨੂੰ ਹੀ ਗੁਰੂ ਮੰਨਣਾਂ ਹੈ ਅਤੇ ਸ਼ਬਦ ਦੁਆਰਾ ਹੀ ਸ਼ਬਦ ਨੂੰ ਉਜਾਗਰ ਕਰਨਾ ਹੈ। ਸ਼ਬਦ ਸੂਖਸ਼ਮ ਹੈ। ਸਰੀਰ ਸਥੂਲ ਹੈ। ਜਿਹੜੇ ਸਰੀਰ ਦੇ ਤੱਲ ਤੇ ਖੜੇ ਹਨ, ਉਹ ਬੜੀ ਮੋਟੀ ਅਕਲ ਵਾਲੇ ਹੁੰਦੇ ਹਨ। ਉਹ ਚਮੜੀ ਤੋਂ ਪਾਰ ਨਹੀਂ ਵੇਖ ਸਕਦੇ। ਪਰ ਮਨ ਦੇ ਦਰਸ਼ਨ ਸਰੀਰ ਦੇ ਅੰਦਰੋਂ ਹਨ।

ਸ਼ਬਦ ਨਿਰਾਕਾਰ ਹੈ ਅਤੇ ਸ਼ਬਦ ਦੁਆਰਾ ਜਨਮ-ਮਰਨ ਮੁੱਕਦਾ ਹੈ। ਅਕਾਰ ਸਰੀਰ ਹੈ ਅਤੇ ਸਰੀਰ ਦੀ ਦੁਨੀਆਂ ਵਿਚ ਜਨਮ-ਮਰਨ ਬਣਿਆ ਹੀ ਰਹਿੰਦਾ ਹੈ। ਅਕਾਰ ਬਣਦਾ ਹੈ, ਫਿਰ ਮਿਟਦਾ ਹੈ ਅਤੇ ਫਿਰ ਬਣਦਾ ਹੈ। ਅਕਾਰ ਕੋਈ ਵੀ ਸਦਾ ਸਥਿਰ ਨਹੀਂ ਰਹਿੰਦਾ। ਮਹਾਕਵੀ ਤੁਲਸੀ ਦਾ ਕਥਨ ਹੈ ਕਿ—

ਸਰਗੁਨ ਉਪਾਸ਼ਕ ਮੁਕਤ ਨ ਹੋਈ ॥

(ਤੁਲਸੀ)

ਸਾਕਾਰ ਦੀ ਪੂਜਾ ਕਰਨ ਵਾਲਾ ਮੁਕਤ ਨਹੀਂ ਹੋ ਸਕਦਾ। ਕਿਉਂਕਿ ਸਾਕਾਰ ਬਣਦਾ ਹੈ ਅਤੇ ਫਿਰ ਮਿਟ ਜਾਂਦਾ ਹੈ। ਪ੍ਰਮਾਤਮਾ ਨਿਰਗੁਣ ਹੈ, ਸ਼ਬਦ ਗੁਰੂ ਹੈ ਅਤੇ ਜਿਸ ਸਰੀਰ ਵਿਚ ਸ਼ਬਦ ਉਜਾਗਰ ਹੋਵੇ, ਉਹ ਵੀ ਨਿਰਗੁਣ ਨੂੰ ਸਮਝ ਸਕਦਾ ਹੈ। ਜਿਸ ਸਰੀਰ ਵਿਚ ਨਿਰਗੁਣ ਸ਼ਬਦ ਦਾ ਭੇਦ ਪ੍ਰਗਟ ਹੁੰਦਾ ਹੈ, ਉਸ ਵਿਚ ਅਤੇ ਪਾਰਬ੍ਰਹਮ ਵਿਚ ਕੋਈ ਭੇਦ ਨਹੀ ਰਹਿ ਜਾਂਦਾ।

ਨਾਨਕ ਸੋਧੇ ਸਿੰਮ੍ਰਿਤਿ ਬੇਦ ॥
ਪਾਰਬ੍ਰਹਮ ਗੁਰ ਨਾਹੀ ਭੇਦ ॥

(ਪੰਨਾ ੧੧੪੨)

* * *

ਗੁਰ ਗੋਬਿੰਦ ਦੋਊ ਖੜੇ ਕਾ ਕੇ ਲਾਗਉ ਪਾਂਇ ॥
ਬਲਿਹਾਰੀ ਗੁਰ ਆਪਣੇ ਜਿਨਿ ਗੋਬਿੰਦ ਦੀਓ ਮਿਲਾਇ ॥

ਗੁਰੂ ਅਤੇ ਸ਼ਬਦ ਦੀ ਕਲਾ

ਪ੍ਰਮਾਤਮਾ ਸ਼ਕਤੀ ਹੈ ਅਤੇ ਗੁਰੂ ਵੀ ਸ਼ਕਤੀਮਾਨ ਹੈ। ਪ੍ਰਮਾਤਮਾ ਦੀ ਸ਼ਕਤੀ ਪ੍ਰਕਾਸ਼ਮਾਨ ਹੈ ਅਤੇ ਗੁਰੂ ਦੀ ਸ਼ਕਤੀ ਰੂਪਮਾਨ ਵੀ ਹੋ ਜਾਂਦੀ ਹੈ। ਪਰ ਗੁਰੂ ਵਿੱਚ ਵੀ ਸ਼ਕਤੀ ਪ੍ਰਮਾਤਮਾ ਦੇ ਸ਼ਬਦ ਦੀ ਹੀ ਹੁੰਦੀ ਹੈ। ਏਸ ਵਾਸਤੇ ਗੁਰੂ ਨੂੰ ਸਮਝ ਲੈਣਾ ਪ੍ਰਮਾਤਮਾ ਨੂੰ ਸਮਝਣ ਬਰਾਬਰ ਹੀ ਹੈ। ਗੁਰੂ ਪਹਿਲਾਂ ਹੈ, ਦਰਅਸਲ ਪ੍ਰਮਾਤਮਾ ਦੇ ਘਰ ਦਾ ਦਰ ਗੁਰੂ ਹੈ। ਸ਼ਬਦ ਗੁਰੂ ਹੈ। ਗੁਰੂ ਸ਼ਬਦ ਹੈ। ਸ਼ਬਦ ਅਮਰ ਹੈ ਅਤੇ ਸਦੀਵੀਂ ਹੈ। ਸ਼ਬਦ ਦੀ ਸ਼ਕਤੀ ਸਰਬ ਵਿਆਪਕ ਹੈ। ਸ਼ਬਦ ਸਦਾ ਅੰਗ-ਸੰਗ ਹੈ, ਪਰ ਜੀਵ ਦੀ ਅਗਿਆਨਤਾ ਕਰਕੇ ਉਹ ਦੂਰ ਭਾਸਦਾ ਹੈ:

ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥

(ਪੰਨਾ ੬੧੨)

ਪ੍ਰਮਾਤਮਾ ਅਮਰ ਹੈ। ਪ੍ਰਮਾਤਮਾ ਸਦਾ ਬੋਲਦਾ ਹੈ ਅਤੇ ਉਸ ਦਾ ਬੋਲ ਸ਼ਬਦ ਬਣਕੇ ਸਾਰੇ ਬ੍ਰਹਿਮੰਡ ਵਿਚ ਰਮਿਆ ਹੋਇਆ ਹੈ। ਅਕਸਰ ਜਿਊਂਦੇ-ਜਾਗਦੇ ਦੀ ਪਛਾਣ ਉਸ ਦਾ ਬੋਲ (ਅਵਾਜ਼) ਹੀ ਹੁੰਦੀ ਹੈ। ਪ੍ਰਮਾਤਮਾ ਇਕ ਚੇਤਨ ਸ਼ਕਤੀ ਹੈ ਅਤੇ ਪੂਰੇ ਬ੍ਰਹਿਮੰਡ ਵਿਚ ਉਸ ਦੀ ਸਦੀਵੀ ਅਵਾਜ਼, ਉਸ ਦਾ ਸ਼ਬਦ ਹੈ। ਸ਼ਬਦ ਹੀ ਉਸ ਦਾ ਬੋਲ ਹੈ ਅਤੇ ਉਹ ਸਦਾ ਬੋਲਦਾ ਹੈ:

ਠਾਕੁਰ ਹਮਰਾ ਸਦ ਬੋਲੰਤਾ ॥

(ਪੰਨਾ ੧੧੬੦)

ਜਪ ਅਤੇ ਧਿਆਨ ਦੁਆਰਾ ਜਦੋਂ ਮਨੁੱਖ ਦੀ ਸੁਰਤ ਆਪਣੇ ਅੰਦਰ ਉਤਰਦੀ ਹੈ, ਤਾਂ ਸੁਆਸਾਂ ਦੇ ਅੰਦਰਲੇ ਸ਼ਬਦ ਨੂੰ ਸੁਣਨ ਲੱਗਦੀ ਹੈ। ਸੁਆਸਾਂ ਦੀ ਧੜਕਣ ਵਿੱਚ ਜੋ ਸਮਾਇਆ ਹੋਇਆ ਸ਼ਬਦ ਹੈ, ਉਹ ਅਨਹਦ ਸ਼ਬਦ ਹੈ। ਗੁਰਮੰਤਰ ਦੀ ਆਵਾਜ਼ ਸੁਆਸਾਂ ਵਿਚਲੇ ਅਨਹਦ ਸ਼ਬਦ ਨੂੰ ਜਗਾਉਂਦੀ ਹੈ। ਸੁਆਸਾਂ ਦੀ ਹੱਦ ਪੇਟ ਦੀ ਨਾਭੀ ਹੈ। ਨਾਭੀ ਵਿੱਚ ਅਨਹਦ ਸ਼ਕਤੀ ਅਚੇਤ ਹੀ ਸੁੱਤੀ ਹੈ। ਜਾਪ ਦੀ ਆਵਾਜ਼ ਅਤੇ ਸੁਰਤ ਦੀ ਇਕਾਗਰਤਾ ਧਿਆਨ ਨੂੰ ਜਨਮ ਦਿੰਦੀ ਹੈ। ਧਿਆਨ ਦੁਆਰਾ ਅੰਦਰਲੇ ਅਨਹਦ ਸ਼ਬਦ ਨੂੰ ਸੁਣਿਆ ਜਾ ਸਕਦਾ ਹੈ। ਅਜੋਕੇ ਮਨੁੱਖ ਦੀ ਸੁਰਤ ਸੁੱਤੀ ਪਈ ਹੈ। ਜਾਪ ਤੋਂ ਬਿਨਾਂ ਸੁਰਤ ਨਹੀਂ ਜਾਗ ਸਕਦੀ। ਸੁਰਤ ਨੂੰ ਜਾਪ ਦੁਆਰਾ ਜਗਾਉਣਾ ਹੈ। ਅਨਹਦ ਸ਼ਬਦ ਨੂੰ ਧਿਆਨ ਦੁਆਰਾ ਸੁਣਨਾ ਹੈ। ਅਨਹਦ ਸ਼ਬਦ ਦੇ ਪਿੱਛੇ ਸੁਰਤ ਨੂੰ ਚਲਾਉਣਾ ਹੈ। ਸੁਰਤ ਸਿੱਖ ਹੈ ਅਤੇ ਅਨਹਦ ਸ਼ਬਦ ਗੁਰੂ ਹੈ।

ਗੁਰੂ ਨਾਨਕ ਦੇਵ ਜੀ ਨੂੰ ਸਿੱਧ ਯੋਗੀਆਂ ਨੇ ਸੁਆਲ ਕੀਤਾ ਸੀ ਕਿ ਐ ਗੁਰੂ ਨਾਨਕ ਦੇਵ ਜੀ ! ਤੁਹਾਡਾ ਗੁਰੂ ਕੌਣ ਹੈ ? ਜਿਸ ਦੇ ਤੁਸੀਂ ਚੇਲੇ ਹੋ ?

ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥

(ਪੰਨਾ ੯੪੨)

ਗੁਰਦੇਵ ਨੇ ਉਨ੍ਹਾਂ ਸਿੱਧ ਜੋਗੀਆਂ ਨੂੰ ਇਹ ਜੁਆਬ ਦਿੱਤਾ ਸੀ ਕਿ ਮੈਂ ਸ਼ਬਦ ਨੂੰ ਆਪਣਾ ਗੁਰੂ ਮੰਨਦਾ ਹਾਂ ਅਤੇ ਆਪਣੀ ਸੁਰਤ ਨੂੰ ਸ਼ਬਦ ਦਾ ਸਿੱਖ ਮੰਨਦਾ ਹਾਂ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

(ਪੰਨਾ-੯੪੩)

ਦਰਅਸਲ ਸੁਰਤ ਹੀ ਸਿੱਖ ਹੈ (ਚੇਲਾ ਹੈ) ਸ਼ਬਦ ਦੀ ਧੁਨੀ ਗੁਰੂ ਹੈ। ਸ਼ਬਦ ਦੀ ਧੁਨ ਯਾਨੀ ਕਿ ਗੁਰ ਮੰਤਰ ਦੀ ਆਵਾਜ਼। ਗੁਰਮਤਿ ਵਿੱਚ ਆਵਾਜ਼ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ। ਜਦੋਂ ਕਿਸੇ ਮਨੁੱਖ ਦੀਆਂ ਅੱਖਾਂ ਕੰਮ ਨਾ ਕਰਨ ਤਾਂ ਆਵਾਜ਼ ਸੇਧ ਦਿੰਦੀ ਹੈ। ਇੱਕ ਨੇਤਰਹੀਣ ਬੰਦੇ ਨੂੰ ਜਦੋਂ ਕੋਈ ਆਵਾਜ਼ ਮਾਰਦਾ ਹੈ ਕਿ ਆਜਾ ! ਤਾਂ ਓਹ ਨੇਤਰਹੀਣ ਬੰਦਾ, ਉਸ ਆਵਾਜ਼ ਨੂੰ ਸੁਣਦਾ ਹੈ ਅਤੇ ਆਵਾਜ਼ ਦੀ ਸੇਧ ਵਿੱਚ ਤੁਰ ਪੈਂਦਾ ਹੈ :

ਸੁਣਿਐ ਅੰਧੇ ਪਾਵਹਿ ਰਾਹੁ ॥

(ਪੰਨਾ ੩)

ਜੋ ਪ੍ਰਮਾਤਮਾ ਦਾ ਮਾਰਗ ਹੈ, ਇਹ ਸੁਰਤ ਦਾ ਮਾਰਗ ਹੈ। ਉਥੇ ਤਾਂ ਅੱਖਾਂ ਕੰਮ ਹੀ ਨਹੀਂ ਕਰਦੀਆਂ। ਉਥੇ ਤਾਂ ਸਿਵਾਇ ਸ਼ਬਦ ਤੋਂ ਹੋਰ ਕੋਈ ਸਾਧਨ ਨਹੀਂ ਹੈ। ਇਹ ਜੋ ਸਾਡੀਆਂ ਅੱਖਾਂ, ਸਾਰੇ ਸੰਸਾਰ ਨੂੰ ਵੇਖ ਸਕਦੀਆਂ ਹਨ, ਇਹ ਕਰਤਾਰ ਨੂੰ ਦੇਖਣ ਦੇ ਸਮਰੱਥ ਨਹੀਂ ਹਨ :

ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥ *(ਪੰਨਾ-੧੧੦੦)*

ਏਹਨਾਂ ਅੱਖਾਂ ਦੀ ਉਥੇ ਕੋਈ ਪਹੁੰਚ ਨਹੀਂ ਹੈ। ਉਥੇ ਇਸ ਤਰ੍ਹਾਂ ਚਲਣਾ ਹੈ, ਜਿਵੇਂ ਕੋਈ ਨੇਤਰਹੀਣ ਸਾਹਮਣੇ ਖੜ੍ਹਾ ਹੈ ਤੇ ਅਸੀਂ ਆਵਾਜ਼ ਦੇਂਦੇ ਹਾਂ ਕਿ ਸਿੱਧਾ ਚਲਿਆ ਆ। ਉਹ ਆਵਾਜ਼ ਦੀ ਸੇਧ ਵਿੱਚ ਤੁਰ ਪੈਂਦਾ ਹੈ। ਉਸ ਮਾਰਗ ਵਿੱਚ ਸਾਡੇ ਕੋਲ ਅੱਖਾਂ ਨਹੀਂ ਹਨ। ਜਿਹੜੀਆਂ ਅੱਖਾਂ ਸਾਡੇ ਕੋਲ ਹਨ, ਇਹ ਉਸ ਮਾਰਗ ਵਿੱਚ ਕੰਮ ਨਹੀਂ ਆਉਂਦੀਆਂ। ਪ੍ਰਭੂ ਦੇ ਮਾਰਗ ਵਿੱਚ ਤਾਂ ਕੇਵਲ ਸੁਰਤ ਚਲਦੀ ਹੈ। ਉਥੇ ਅੱਖਾਂ ਕੰਮ ਨਹੀਂ ਕਰਦੀਆਂ, ਬਲਕਿ ਸ਼ਬਦ ਕੰਮ ਕਰਦਾ ਹੈ। ਸਾਡੀ ਸੁਰਤ ਜਦੋਂ ਪੂਰੀ ਇਕਾਗਰਤਾ ਧਾਰਨ ਕਰੇਗੀ ਤਾਂ ਉਹ ਸ਼ਬਦ ਆਪਣੇ ਆਪ ਸੁਣਨ ਲੱਗੇਗਾ। ਉਸ ਸ਼ਬਦ ਦੀ ਸੇਧ ਵਿੱਚ ਫਿਰ ਸੁਰਤ ਚਲਦੀ ਹੈ।

ਗੁਰੂ ਘਰ ਵਿੱਚ ਵਾਹਿਗੁਰੂ ਸ਼ਬਦ ਨੂੰ ਗੁਰਮੰਤਰ ਮੰਨਿਆ ਜਾਂਦਾ ਹੈ। ਗੁਰਮੰਤਰ ਕੇਵਲ ਜਪਣ ਲਈ ਅਤੇ ਸੁਰਤ ਨੂੰ ਇਕਾਗਰ ਕਰਨ ਲਈ ਹੁੰਦਾ ਹੈ। ਜਿਸ ਵਕਤ ਬੰਦਾ ਵਾਹਿਗੁਰੂ-ਵਾਹਿਗੁਰੂ ਨਿਰੰਤਰ ਤੇ ਲੈਅ ਬੱਧ ਆਵਾਜ਼ ਨਾਲ ਜਪਦਾ ਹੈ, ਤਾਂ ਇਕ ਧੁਨ ਬਣ ਜਾਂਦੀ ਹੈ। ਥੋੜ੍ਹੇ ਦਿਨਾਂ ਦੇ ਅਭਿਆਸ ਦੁਆਰਾ ਹੀ ਇਹ ਧੁੰਨ ਬਣਾਉਣ ਦਾ ਢੰਗ ਆ ਜਾਂਦਾ ਹੈ। ਉਸ ਧੁੰਨ ਨੂੰ ਆਪਣੇ ਕੰਨਾਂ ਦੁਆਰਾ, ਨਿਰੰਤਰ ਸੁਣਦੇ ਰਹਿਣਾ ਹੈ ਅਤੇ

ਰਸਨਾ ਦੁਆਰਾ ਗੁਰਮੰਤਰ ਦਾ ਜਾਪ ਉੱਚੀ ਆਵਾਜ਼ ਵਿੱਚ ਕਰਦੇ ਜਾਣਾ ਹੈ । ਜੇਕਰ ਅਸੀਂ ਕੰਨਾਂ ਦੁਆਰਾ ਨਿਰੰਤਰ ਉਸ ਧੁੰਨ ਨੂੰ ਨਹੀਂ ਸੁਣਾਂਗੇ ਤਾਂ ਸਾਡਾ ਧਿਆਨ ਇਕਾਗਰ ਨਹੀਂ ਰਹਿ ਸਕੇਗਾ । ਧਿਆਨ ਦੇ ਉਖੜਨ ਨਾਲ ਹੀ ਸੁਰਤ ਟੁੱਟ ਜਾਏਗੀ। ਫਿਰ ਜਾਪ ਕੀਤਾ ਹੋਇਆ ਕਿਸੇ ਕੰਮ ਨਹੀਂ ਆਵੇਗਾ । ਗੁਰ ਮੰਤਰ, ਜਪ ਕੇ ਹੀ ਸੁਰਤ ਤੇ ਸ਼ਬਦ ਦਾ ਸੁਮੇਲ ਬਣਦਾ ਹੈ । ਏਸੇ ਵਾਸਤੇ ਹੀ ਸਾਡੇ ਅਧਿਆਤਮਕ ਗ੍ਰੰਥ ਤੇ ਮਹਾਂਪੁਰਖ ਜਪਣ ਲਈ ਉਪਦੇਸ਼ ਬੜੇ ਜ਼ੋਰ ਨਾਲ ਕਰਦੇ ਹਨ । ਗੁਰਬਾਣੀ ਦੇ ਹਰੇਕ ਸ਼ਬਦ ਵਿੱਚ ਕੇਵਲ ਜਪਣ ਦਾ ਉਪਦੇਸ਼ ਹੈ । ਜੇ ਬੰਦਾ ਬਾਕੀ ਸਭ ਕੁਝ ਧਾਰਮਕ ਕਰਮਕਾਂਡ ਕਰੇ, ਪਰ ਜਪੁ ਨਾ ਕਰੇ, ਤਾਂ ਸਭ ਕੁਝ ਹੀ ਵਿਅਰਥ ਹੋ ਜਾਂਦਾ ਹੈ । ਕਿਉਂਕਿ ਬਾਕੀ ਸਭ ਕੁਝ ਕੇਵਲ ਕਰਮ ਹੈ । ਕਰਮ ਉਸ ਦੇ ਹੀ ਸ਼ੁੱਧ ਹੁੰਦੇ ਹਨ, ਜਿਸ ਦਾ ਹਿਰਦਾ (ਮਨ) ਸ਼ੁੱਧ ਹੋਵੇ । ਮਨ ਸ਼ੁੱਧੀ, ਬਿਨਾਂ ਜਪਣ ਤੋਂ ਨਹੀਂ ਹੁੰਦੀ । ਬਾਕੀ ਸਭ ਕੁਝ ਤਾਂ ਕਰਨਾ ਵੀ ਏਸ ਵਾਸਤੇ ਹੈ ਕਿ ਇੱਕ ਦਿਨ ਇਹ ਮਨ ਜਾਪ ਕਰਨ ਵਾਸਤੇ ਰਾਜ਼ੀ ਹੋ ਜਾਵੇ। ਮਨ ਦੀ ਤਿਆਰੀ ਵਾਸਤੇ ਹੀ ਜੀਵਨ ਦਾ ਬਹੁਤ ਹਿੱਸਾ ਖਰਚ ਹੋ ਜਾਂਦਾ ਹੈ । ਦਰਅਸਲ ਮਨ ਦੀ ਦੁਬਿਧਾ ਛੇਤੀ ਕੀਤੇ ਨਹੀਂ ਮਿਟਦੀ । ਏਸ ਵਾਸਤੇ ਵਿਸ਼ਵਾਸ ਨਹੀਂ ਆਉਂਦਾ। ਜਿੰਨੀ ਦੇਰ ਵਿਸ਼ਵਾਸ਼ ਨਾ ਬੱਝੇ, ਓਨੀ ਦੇਰ ਜਪਿਆ ਨਹੀਂ ਜਾ ਸਕਦਾ। ਬੰਦੇ ਨੂੰ ਇਹ ਵਿਸ਼ਵਾਸ ਹੀ ਨਾ ਆਵੇ ਕਿ ਰੱਬ ਹੈ ਵੀ ਕਿ ਨਹੀਂ, ਤਾਂ ਜਪੇਗਾ ਕੀ ? ਜਪਣ ਵਾਸਤੇ ਵਿਸ਼ਵਾਸ਼ ਦਾ ਹੋਣਾ ਬੜਾ ਲਾਜ਼ਮੀ ਹੈ । ਵਰਨਾ ਮਨ ਭਟਕਦਾ ਹੀ ਰਹੇਗਾ । ਮਨ ਨੂੰ ਟਿਕਾਉਣ ਲਈ ਗੁਰਮੰਤਰ ਦਾ ਜਾਪ ਜ਼ਰੂਰੀ ਹੈ :

ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥

(ਪੰਨਾ-੭੨੮)

ਕਥਾ, ਕੀਰਤਨ, ਸਤਸੰਗ ਅਤੇ ਗੁਰਬਾਣੀ ਦਾ ਪਾਠ ਵੀ ਏਸੇ ਵਾਸਤੇ ਕਰਨਾ ਹੈ ਕਿ ਇੱਕ ਦਿਨ ਇਹ ਮਨ, ਜਪੁ ਕਰਨ ਲਈ ਤਿਆਰ ਹੋ ਜਾਵੇ । ਗੁਰਦੇਵ ਦਾ ਕਥਨ ਹੈ ਕਿ ਰਸਨਾ ਨਾਲ ਗੁਰਮੰਤਰ ਜਪਣਾ ਹੈ । ਸ੍ਵਣਾਂ (ਕੰਨਾਂ) ਨਾਲ ਉਸ ਨੂੰ ਸੁਣਨਾ ਹੈ।

ਸ੍ਵਨ ਗੋਬਿੰਦ ਗੁਨ ਸੁਨਉ ਅਰੁ ਗਾਉ, ਰਸਨਾ ਗੀਤਿ ॥

(ਪੰਨਾ-੬੩੧)

ਜਿਵੇਂ ਮਧਾਣੀ ਨਾਲ ਦਹੀਂ ਰਿੜਕਦਿਆਂ-ਰਿੜਕਦਿਆਂ ਮੱਖਣ ਤੱਕ ਪਹੁੰਚੀਦਾ ਹੈ। ਏਸ ਤਰ੍ਹਾਂ ਨਾਮ ਜਪਦਿਆਂ-ਜਪਦਿਆਂ ਸ਼ਬਦ ਤੱਕ ਪਹੁੰਚ ਜਾਈਦਾ ਹੈ । ਸ਼ਬਦ ਤੱਕ ਯਾਨੀ ਕਿ ਅੰਮ੍ਰਿਤ ਤੱਕ ਪਹੁੰਚ ਜਾਈਦਾ ਹੈ :

ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥

(ਪੰਨਾ ੭੨੮)

ਜਪੁਜੀ ਸਾਹਿਬ ਦੀ ਬਾਣੀ ਵਿੱਚ, ਗੁਰੂ ਨਾਨਕ ਦੇਵ ਜੀ ਮਹਾਰਾਜ ਨੇ, ਇਸ ਵਿਸ਼ੇ ਦਾ ਬੜਾ ਵਧੀਆ ਖੁਲਾਸਾ ਕੀਤਾ ਹੈ :

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

(ਪੰਨਾ-੭)

ਪ੍ਰਭੂ ਪਤੀ ਹੈ। ਜੀਵਾਤਮਾਂ ਪਤਨੀ ਹੈ। ਪ੍ਰਭੂ ਪ੍ਰਮੇਸ਼ਵਰ ਦੇ ਮਾਰਗ ਦੀਆਂ ਏਹੋ ਪਾਉੜੀਆਂ ਹਨ। ਏਨਾ ਪਾਉੜੀਆਂ ਤੇ ਜਾਪ ਦੁਆਰਾ ਮਨ ਨੂੰ ਇਕਾਗਰ ਕਰਕੇ ਹੀ ਚੜ੍ਹਿਆ ਜਾ ਸਕਦਾ ਹੈ। ਜਾਪ ਦੁਆਰਾ ਆਪਣੀ ਸੁਰਤ ਨੂੰ ਜਗਾਉਣਾ ਹੈ। ਯਾਨੀ ਕਿ ਜੀਵਨ ਚੇਤਨਾ ਨੂੰ ਜਗਾਉਣਾ ਹੈ। ਜੀਵਨ ਚੇਤਨਾ ਬਹੁਤ ਸੁੱਤੀ ਪਈ ਹੈ। ਏਹ ਜੋ ਜੀਵਨ ਚੇਤਨਾ ਹੈ, ਏਸ ਦਾ ਮੂਲ ਟਿਕਾਣਾ, ਸਰੀਰ ਦੀ ਨਾਭੀ ਦੇ ਥੱਲੇ ਹੈ। ਨਾਭੀ ਤੋਂ ਹੇਠ ਮੂਲ ਕਾਮ ਇੰਦਰਾ ਹੈ। ਆਮ ਬੰਦੇ ਦੀ, ਚੇਤਨਾ ਸ਼ਕਤੀ, ਨਾਭੀ ਤੋਂ ਥੱਲੇ, ਕਾਮ ਅਤੇ ਕਾਮਨਾਵਾਂ ਦੁਆਰਾ ਸੈਭੰ ਹੀ ਖਰਚ ਹੋ ਜਾਂਦੀ ਹੈ। ਸੁਤੇ ਹੀ ਜੀਵਨ ਖਰਚ ਹੋ ਜਾਂਦਾ ਹੈ। ਜੀਵਨ ਖਰਚ ਹੋ ਜਾਵੇ ਕਿ ਉਸ ਤੋਂ ਪਹਿਲਾਂ ਇਸ ਜੀਵਨ ਸ਼ਕਤੀ ਨੂੰ ਜਗਾ ਕੇ ਮਸਤਕ ਵਿਚੋਂ ਇਸ ਦੇ ਦਰਸ਼ਨ ਕਰਨੇ ਚਾਹੀਦੇ ਹਨ। ਸ਼ਬਦ ਅਭਿਆਸ ਦੁਆਰਾ ਜਦੋਂ ਇਹ ਚੇਤਨਾ ਸ਼ਕਤੀ ਜਾਗਦੀ ਹੈ ਤਾਂ ਮਸਤਕ ਖੁੱਲ੍ਹਦਾ ਹੈ, ਯਾਨੀ ਕਿ ਦਸਮ ਦੁਆਰਾ ਖੁੱਲ੍ਹਦਾ ਹੈ। ਜੀਵਨ ਸ਼ਕਤੀ ਨਾਭੀ ਤੋਂ ਉੱਠ ਕੇ ਮਸਤਕ ਵਿੱਚ ਆ ਟਿਕਦੀ ਹੈ, ਯਾਨੀ ਕਿ ਮਸਤਕ ਵਿੱਚ ਪ੍ਰਭੂ ਮਿਲਾਪ ਹੁੰਦਾ ਹੈ। ਮਸਤਕ ਵਿੱਚ ਸੱਚਖੰਡ ਹੈ। ਮਸਤਕ ਵਿੱਚ ਪਰਮਾਨੰਦ ਹੈ। ਮਸਤਕ ਵਿੱਚ ਰਾਮ ਰਸ ਹੈ। ਜੀਵਨ ਵਿੱਚ ਦੋ ਹੀ ਰਸ ਹਨ। ਇਕ ਰਾਮ ਰਸ ਹੈ ਅਤੇ ਦੂਜੇ ਕਾਮ ਰਸ ਹੈ। ਹੋਰ ਕੋਈ ਰਸ ਨਹੀਂ ਹੈ। ਤਮਾਮ ਇੰਦਰਿਆਂ ਦੇ ਰਸ ਅਤੇ ਪਦਾਰਥ ਦੇ ਰਸ ਕਾਮ ਦੇ ਰਸ ਹੀ ਹਨ। ਸਰੀਰ ਵਿੱਚ ਕਾਮ ਰਸ ਹੈ ਅਤੇ ਆਤਮਾ ਵਿਚ ਰਾਮ ਰਸ ਹੈ। ਸਰੀਰ ਦੇ ਰਸ ਭੋਗ ਵਿੱਚ ਹਨ ਅਤੇ ਰਾਮ ਦਾ ਰਸ ਯੋਗ ਵਿੱਚ ਹੈ। ਆਤਮਾ ਜੋੜਦੀ ਹੈ ਅਤੇ ਸਰੀਰ ਤੋੜਦਾ ਅਤੇ ਟੁੱਟਦਾ ਹੈ।

ਕਾਮ ਰਸ ਕੇਵਲ ਪਦਾਰਥ ਅਤੇ ਇੰਦਰਿਆਂ ਦਾ ਰਸ ਹੈ। ਸਰੀਰ ਦੀ ਨਾਭੀ ਤੋਂ ਥੱਲੇ ਸਾਰਾ ਕਾਮ ਰਸ ਹੈ। ਕਿਉਂਕਿ ਕਾਮ ਦਾ ਮੂਲ ਕੇਂਦਰ ਨਾਭੀ ਤੋਂ ਥੱਲੇ ਹੈ ਅਤੇ ਜੀਵਨ ਸ਼ਕਤੀ ਵੀ ਨਾਭੀ ਦੇ ਥੱਲੇ ਹੀ ਸੁੱਤੀ ਹੈ। ਇਹ ਸ਼ਕਤੀ ਹੀ ਸਾਰੇ ਜੀਵਨ ਦਾ ਮੂਲ ਅਧਾਰ ਹੈ। ਏਸ ਵਾਸਤੇ ਏਸ ਟਿਕਾਣੇ ਨੂੰ ਮੂਲਾਧਾਰ ਵੀ ਆਖਿਆ ਜਾਂਦਾ ਹੈ। ਆਤਮਕ ਦੁਨੀਆਂ ਇਸ ਤੋਂ ਉਪਰਲੀ ਦੁਨੀਆਂ ਹੈ। ਕਾਮ ਤੇ ਕਾਮਨਾਵਾਂ ਦੇ ਰਸ ਸਾਰੇ ਪਦਾਰਥ ਅਤੇ ਨੀਵੇਂ ਦਰਜੇ ਦੇ ਹੀ ਰਸ ਹਨ। ਭਾਵੇਂ ਉਹ ਅੱਖਾਂ ਦੁਆਰਾ ਦੇਖਣ ਦਾ ਰਸ ਹੈ। ਕੰਨਾਂ ਦੁਆਰਾ ਗੀਤ ਸੰਗੀਤ ਸੁਨਨ ਦਾ ਰਸ ਹੈ। ਭੋਜਨ ਦਾ ਜ਼ੁਬਾਨ ਦੁਆਰਾ ਸਪਰਸ਼ ਦਾ ਰਸ ਹੈ। ਖਾ ਕੇ, ਬੋਲ ਕੇ, ਸੁਣ ਕੇ ਜਾਂ ਸਪਰਸ਼ ਦੁਆਰਾ ਜੋ ਰਸ ਬਣਦਾ ਹੈ, ਉਹ ਸਾਰਾ ਕਾਮ ਦਾ ਹੀ ਰਸ ਹੁੰਦਾ ਹੈ। ਕਰੀਬਨ ਕਰੀਬਨ ਸਾਰੀ ਜ਼ਿੰਦਗੀ ਮਨੁੱਖ ਦੀ ਕਾਮ ਤੇ ਕਾਮਨਾਵਾਂ ਦੇ ਰਸ ਵਿੱਚ ਖਤਮ ਹੁੰਦੀ ਹੈ। ਏਥੋਂ ਤੱਕ ਕਿ ਕਈ ਲੋਗ ਗੁਰੂ ਕੋਲ ਕਾਮਨਾਵਾਂ ਪੂਰਤੀ ਦੀ ਹੀ ਅਰਦਾਸ ਕਰਦੇ ਹਨ। ਇਹ ਬੜਾ ਹੈਰਾਨ ਕੁੰਨ ਤਜ਼ਰਬਾ ਹੈ ਕਿ ਕਾਮ ਦਾ ਰਸ ਸੁੱਤਾ ਹੋਇਆ ਆਦਮੀ ਵੀ ਮਾਣ ਲੈਂਦਾ ਹੈ। ਜੀਵਨ ਸੁੱਤਾ ਹੈ ਤੇ ਆਦਮੀ ਕਾਮ ਵਿੱਚ ਗਲਤਾਨ ਹੈ। ਇਹ ਜੋ ਸਭ ਇੰਦਰਿਆਂ ਦਾ ਰਸ ਹੈ, ਸਭ ਕਾਮ ਦਾ ਰਸ ਹੈ।

ਦਰਅਸਲ ਇੰਦਰਿਆਂ ਦੇ ਰਸ ਵਿੱਚ ਗਲਤਾਨ ਰਹਿਣ ਵਾਲੇ ਨੂੰ ਹੀ ਇੰਦਰ ਆਖਿਆ

ਜਾਂਦਾ ਹੈ। ਇਸ ਭਰਮ ਭੁਲੇਖੇ ਵਿੱਚ ਨਹੀਂ ਰਹਿਣਾ ਚਾਹੀਦਾ ਕਿ ਕੋਈ ਇੰਦਰ ਦੇਵਤਾ ਹੈ ਅਤੇ ਉਹ ਸੁਰਗਾਂ ਦਾ ਰਾਜਾ ਹੈ ਜਾਂ ਕਿਸੇ ਇੰਦਰ ਦੇਵਤੇ ਦੀ ਅਕਾਸ਼ਾਂ ਵਿੱਚ ਇੰਦਰਪੁਰੀ ਹੈ। ਕਪੋਲ ਕਲਪਨਾਵਾਂ ਬੜੀਆਂ ਪ੍ਰਚਲਤ ਹਨ ਕਿ ਇੰਦਰ ਦੇਵਤਾ ਹੈ। ਉਹ ਸੁਰਗਾਂ ਦਾ ਰਾਜਾ ਹੈ। ਉਥੇ ਕਈ ਅਪੱਸਰਾਂ ਨ੍ਰਿਤ ਕਰਦੀਆਂ ਹਨ ਜਾਂ ਕਿੰਨਰ ਗੰਧਰਬ ਆਦਿ ਗਾਇਨ ਕਰਦੇ ਹਨ, ਕੋਈ ਸਵਰਗ ਨਹੀਂ। ਨਾ ਹੀ ਕੋਈ ਇੰਦਰ ਦੇਵਤਾ ਹੈ। ਦਰਅਸਲ ਮੂਲ ਗੱਲ ਏਨੀ ਹੈ ਕਿ ਜਿਹੜਾ ਆਦਮੀ ਇੰਦਰਿਆਂ ਦੇ ਰਸ ਵਿੱਚ ਜਿਉਂ ਰਿਹਾ ਹੈ। ਉਹ ਇੰਦਰ ਹੈ। ਜਿਸ ਕੋਲ ਇੰਦਰਿਆਂ ਦੇ ਸਾਰੇ ਰਸ ਮੌਜੂਦ ਹਨ, ਉਹ ਇੰਦਰ ਹੈ। ਕੰਨਾਂ ਨਾਲ ਗੀਤ ਸੰਗੀਤ ਦੀ ਮਸਤੀ ਦਾ ਰਸ ਲੈਂਦਾ ਹੈ। ਅੱਖਾਂ ਨਾਲ ਰੂਪ ਦੀ ਮਸਤੀ ਮਾਣ ਰਿਹਾ ਹੈ। ਜ਼ੁਬਾਨ ਦੁਆਰਾ ਤਰ੍ਹਾਂ-ਤਰ੍ਹਾਂ ਦੇ ਪਦਾਰਥਾਂ ਦਾ ਰਸ ਲੈ ਰਿਹਾ ਹੈ। ਨਾਸਕਾਂ ਦੁਆਰਾ ਤਰ੍ਹਾਂ-ਤਰ੍ਹਾਂ ਦੀਆਂ ਸੁਗੰਧੀਆਂ ਦਾ ਰਸ ਲੈਂਦਾ ਹੈ। ਸਪਰਸ਼ ਦੁਆਰਾ ਚਮੜੀ ਦਾ ਰਸ ਮਾਣਦਾ ਹੈ। ਇਨ੍ਹਾਂ ਸਾਰੇ ਰਸਾਂ ਵਿੱਚ ਡੁੱਬੇ ਹੋਏ ਨੂੰ ਹੀ ਇੰਦਰ ਆਖਿਆ ਜਾਂਦਾ ਹੈ। ਸੰਸਾਰ ਨੂੰ ਇਨ੍ਹਾਂ ਇੰਦਰਿਆਂ ਦਾ ਸੁਖ ਹੀ ਸਵਰਗ ਲੱਗਦਾ ਹੈ। ਪਰ ਸੰਤ, ਸ਼ਬਦ ਦੀ ਕਲਾ ਨਾਲ ਇਨ੍ਹਾਂ ਇੰਦਰਿਆਂ ਦੇ ਰਸ ਤੋਂ ਉੱਚਾ ਉੱਠ ਜਾਂਦੇ ਹਨ। ਸੰਤ ਬੰਦਾ ਨਰਕ ਸੁਰਗ ਤੋਂ ਵੀ ਉੱਪਰ ਉਠਦਾ ਹੈ:

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥

(ਪੰਨਾ-੧੩੭੦)

ਸੰਸਾਰ ਦਾ ਸੁਖ, ਇੰਦਰਿਆਂ ਦਾ ਸੁਖ ਹੈ। ਪਰ ਸੰਤ ਬੰਦਾ, ਇਨ੍ਹਾਂ ਸੁੱਖਾਂ ਤੋਂ ਉੱਚਾ ਹੁੰਦਾ ਹੈ। ਸੰਤ ਦੁੱਖ ਤੋਂ ਤਾਂ ਉੱਚਾ ਉਠਦਾ ਹੀ ਹੈ। ਪਰ ਸੰਤ ਸੁਖ ਤੋਂ ਵੀ ਉੱਚਾ ਉੱਠ ਜਾਂਦਾ ਹੈ:

ਸੂਖ ਦੂਖ ਤੇ ਰਹੈ ਨਿਆਰਾ ॥

ਸੰਤ ਨੂੰ ਦੁੱਖ ਵੀ ਦੁੱਖੀ ਨਹੀਂ ਕਰਦੇ ਅਤੇ ਸੁੱਖਾਂ ਨਾਲ ਵੀ ਕੋਈ ਸਨੇਹ ਨਹੀਂ ਹੁੰਦਾ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥

(ਪੰਨਾ-੬੩੩)

ਦੁੱਖ ਨਰਕ ਹੈ ਤੇ ਸੁਖ ਸਵਰਗ ਹੈ। ਸੰਤ ਦੋਵਾਂ ਤੋਂ ਹੀ ਉੱਚਾ ਉਠ ਜਾਂਦਾ ਹੈ। ਭਗਤ ਕਬੀਰ ਸਾਹਿਬ ਜੀ ਮਹਾਰਾਜ ਦਾ ਕਥਨ ਹੈ ਕਿ ਸੁਰਗ ਨਰਕ ਤੋਂ ਉੱਚੀ ਕੋਈ ਹੋਰ ਦੁਨੀਆਂ ਹੈ। ਉਹ ਚਰਨ ਕਮਲਾਂ ਦੀ ਮੌਜ ਹੈ। ਉਹ ਧੁਰ ਕੇਂਦਰੀ ਮਿਲਾਪ ਹੈ। ਉਹ ਆਦਿ ਅਮਤ ਦਾ ਮਿਲਾਪ ਹੈ:

ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥

(ਪੰਨਾ-੧੩੭੦)

ਭਾਵ ਕਿ ਪ੍ਰਮਾਤਮਾ ਦੀ ਸ਼ਰਨ ਅਤੇ ਸੁਰਤ ਦਾ ਮਿਲਾਪ ਹੀ ਚਰਨ ਕਮਲਾਂ ਦੀ ਮੌਜ ਹੈ। ਜਿਥੇ ਪ੍ਰਮਾਤਮਾ ਵਿੱਚ ਆਤਮਾ ਦਾ ਮਿਲਾਪ ਨਸੀਬ ਹੁੰਦਾ ਹੈ, ਉਥੇ ਹੀ ਚਰਨ

ਕਮਲ ਦੀ ਮੌਜ਼ ਹੁੰਦੀ ਹੈ।

ਪਰ ਬੰਦੇ ਦੀ ਚੇਤਨਾ ਕਾਮ ਰਸ ਵਿੱਚ, ਯਾਨੀ ਕਿ ਇੰਦਰਿਆਂ ਦੇ ਰਸ ਵਿਚ ਗਲਤਾਨ ਹੋਣ ਕਰਕੇ, ਚਰਨ ਕਮਲ ਦੇ ਰਸ ਤੋਂ ਵਾਂਝੀ ਰਹਿੰਦੀ ਹੈ। ਜੋ ਕਾਮ ਰਸ ਵਿੱਚ ਲੀਨ ਹੈ, ਉਹ ਰਾਮ ਰਸ ਵਿੱਚ ਲੀਨ ਨਹੀਂ ਹੋ ਸਕਦਾ। ਸੁਰਤ ਨੂੰ ਰਾਮ ਰਸ ਦੀ ਮੌਜ਼ ਪ੍ਰਾਪਤ ਹੋ ਸਕੇ, ਇਸ ਵਾਸਤੇ ਵਿਸ਼ੇਸ਼ ਘਾਲਣਾ ਘਾਲਣੀ ਪੈਂਦੀ ਹੈ। ਆਪਣੀ ਸੁਰਤ ਨੂੰ ਚਰਨ ਕਮਲਾਂ ਤੱਕ ਚੜ੍ਹਾਉਣਾ ਪੈਂਦਾ ਹੈ।

ਆਦਮੀ ਦੀ ਸੁਰਤ (ਜੀਵਨ ਚੇਤਨਾ) ਨਾਭੀ ਦੇ ਥੱਲੇ ਸੁੱਤੀ ਪਈ ਹੈ। ਸੁਰਤ ਦੇ ਸੁੱਤੇ ਹੋਏ ਹੋਣ ਦੀ ਏਹੋ ਪਛਾਣ ਹੈ ਕਿ ਬੰਦਾ ਇੰਦਰਿਆਂ ਦੇ ਰਸ ਵਿੱਚ ਗਲਤਾਨ ਹੈ:

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥
ਸਾਬਤੁ ਵਸਤੁ ਓਹੁ ਅਪਨੀ ਲਹੈ ॥

(ਪੰਨਾ-੧੮੨)

ਮਨੁੱਖੀ ਸਰੀਰ ਵਿੱਚ ਸੁਰਤ ਦੇ ਜਾਗਣ ਦੀ ਬੜੀ ਸੰਭਾਵਨਾ ਹੈ। ਪਸ਼ੂ ਪੰਛੀ ਸਭ ਸੁੱਤੇ ਹਨ। ਪਰ ਮਨੁੱਖਾ ਸਰੀਰ ਪ੍ਰਾਪਤ ਕਰਕੇ ਵੀ ਕੋਈ-ਕੋਈ ਕਦੇ ਜਾਗਦਾ ਹੈ। ਵਰਨਾ ਬਹੁਤੀ ਦੁਨੀਆਂ ਸੁੱਤੀ ਹੋਈ ਜੀਵਨ ਬਤੀਤ ਕਰਦੀ ਹੈ। ਕਬੀਰ, ਫਰੀਦ, ਰਵਿਦਾਸ, ਸਧਨਾ, ਸੈਣ, ਨਾਮਦੇਵ ਆਦਿ ਮਹਾਂਪੁਰਖ ਰੋਜ਼ ਨਹੀਂ ਮਿਲਦੇ। ਕਦੇ ਕਦਾਈ ਸਦੀਆਂ ਬਾਅਦ ਕੋਈ ਕਦੇ ਮਹਾਂਪੁਰਖ ਇਸ ਧਰਤੀ 'ਤੇ ਉਜਾਗਰ ਹੁੰਦਾ ਹੈ।

ਅਨਾਦਿ ਸ਼ਬਦ ਅਤੇ ਸ਼ਬਦ ਦੀ ਕਲਾ

ਪ੍ਰਮਾਤਮਾ ਨੇ ਆਪਣੇ ਸ਼ਬਦ ਤੋਂ ਸਾਰੀ ਸ੍ਰਿਸ਼ਟੀ ਦੀ ਸਿਰਜਨਾ ਕੀਤੀ ਹੈ। ਉਸ ਸ਼ਬਦ ਨੂੰ ਆਪਣੇ-ਆਪਣੇ ਢੰਗ ਨਾਲ ਅਵਤਾਰੀ, ਮਹਾਂਪੁਰਖਾਂ, ਰਿਸ਼ੀਆਂ ਮੁਨੀਆ ਤੇ ਪੀਰ ਪੈਗੰਬਰਾਂ ਨੇ ਉਜਾਗਰ ਕਰਕੇ ਬਿਆਨ ਕੀਤਾ ਹੈ। ਉਹ ਪ੍ਰਭੂ ਦਾ ਬੋਲ, ਯਾਨੀ ਕਿ ਸ਼ਬਦ ਇਕ ਹੀ ਹੈ ਪਰ ਕਿਸੇ ਨੇ ਉਸ ਨੂੰ "ਓਮ" ਆਖਿਆ ਹੈ। ਕਿਸੇ ਨੇ "ਓਅੰਕਾਰ" ਆਖਿਆ ਹੈ। ਕਿਸੇ ਨੇ "ਕੁੱਨ" ਆਖਿਆ ਹੈ। ਕਿਸੇ ਨੇ "ਲੋਗੋਸ" ਆਖਿਆ ਹੈ ਅਤੇ ਕਈਆਂ ਨੇ ਇਸ ਤੋਂ ਇਲਾਵਾਂ ਹੋਰ ਸ਼ਬਦਾਂ ਦੀ ਚਰਚਾ ਵੀ ਕੀਤੀ ਹੈ। ਪਰ ਉਹ ਸਾਰਿਆਂ ਵਿਚ ਰਮਿਆ ਹੋਇਆ ਹੈ ਅਤੇ ਰਾਮ ਹੋ ਕੇ ਜ਼ਰਰੇ-ਜ਼ਰਰੇ ਵਿਚ ਬੋਲ ਰਿਹਾ ਹੈ:-

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥
ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥

(ਪੰਨਾ ੯੮੮)

ਇਕ ਮਿਸਾਲ ਹੈ ਕਿ ਜਦੋਂ ਬਾਰਸ਼ ਪੈਂਦੀ ਹੋਏ ਤਾਂ ਜਿੰਨੇ ਖਾਲੀ ਬਰਤਨ ਬਾਹਰ ਵਿਹੜੇ ਵਿਚ ਸਿੱਧੇ ਪਏ ਹੁੰਦੇ ਹਨ, ਉਹਨਾਂ ਸਭਨਾਂ ਵਿਚ ਬਰਸਾਤ ਦਾ ਪਾਣੀ ਭਰ ਜਾਂਦਾ ਹੈ। ਪਰ ਉਹ ਪਾਣੀ ਗਲਾਸ ਵਿਚ ਗਲਾਸ ਦੀ ਸ਼ਕਲ ਅਖਤਿਆਰ ਕਰਦਾ ਹੈ ਅਤੇ ਬਾਲਟੀ ਵਿਚ ਬਾਲਟੀ ਦੀ ਸ਼ਕਲ ਅਖਤਿਆਰ ਕਰਦਾ ਹੈ। ਕੌਲੀ ਵਿਚ ਕੌਲੀ ਦੇ ਢੰਗ ਦਾ ਅਕਾਰ ਬਣਾ ਲੈਂਦਾ ਹੈ ਅਤੇ ਲੋਟੇ ਜਾਂ ਥਾਲੀ ਵਿਚ ਉਸ ਢੰਗ ਦਾ ਹੀ ਅਕਾਰ ਬਣਾ ਲੈਂਦਾ ਹੈ। ਠੀਕ ਏਸੇ ਤਰ੍ਹਾਂ ਹੀ ਉਹ ਪ੍ਰਮਾਤਮਾ ਸਦਾ ਸ਼ਬਦ ਹੈ ਪਰ ਉਹ ਹਰ ਹਿਰਦੇ ਵਿਚ ਵੱਖੋ-ਵੱਖਰੀ ਸ਼ਕਲ ਧਾਰਨ ਕਰਕੇ ਰਮਿਆ ਹੋਇਆ ਹੈ। ਕਿਸੇ ਨੂੰ ਉਸ ਦੀ ਧੁਨੀ "ਓਮ" ਕਰਕੇ ਸੁਣਦੀ ਹੈ ਅਤੇ ਕਿਸੇ ਨੂੰ "ਓਅੰਕਾਰ" ਕਰਕੇ ਸੁਣਾਈ ਦੇਂਦੀ ਹੈ। ਕਿਸੇ ਨੂੰ "ਕੁੱਨ" ਕਰਕੇ ਅਤੇ ਕਿਸੇ ਨੂੰ "ਲੋਗੋਸ" ਕਰਕੇ ਸੁਣਾਈ ਦੇਂਦੀ ਹੈ। ਉਸ ਧੁੰਨ ਤੱਕ ਜੋ ਪਹੁੰਚ ਜਾਂਦਾ ਹੈ, ਉਹ ਆਪਣੀ ਅਸਲੀ ਮੰਜ਼ਿਲ ਤੱਕ ਪਹੁੰਚ ਜਾਂਦਾ ਹੈ। ਬੱਸ, ਧਰਮ ਦੀ ਸਾਰੀ ਸਾਧਨਾ, ਇਸ ਮੰਜ਼ਿਲ ਤੱਕ ਪਹੁੰਚਣ ਵਾਸਤੇ ਹੈ।

ਸ਼ਬਦ ਦੀਆਂ ਕਿਸਮਾਂ :– ਸੰਗੀਤ ਅਚਾਰੀਆਂ ਅਨੁਸਾਰ ਤਾਂ ਪੰਜ ਪ੍ਰਕਾਰ ਦੇ ਸ਼ਬਦ ਮੰਨੇ ਜਾਂਦੇ ਹਨ, ਪਰ ਮੂਲ ਰੂਪ ਵਿਚ ਸ਼ਬਦ ਦੋ ਕਿਸਮ ਦਾ ਭਾਂਸਦਾ ਹੈ, ਆਹਤ ਅਤੇ ਅਨਾਹਤ। ਆਹਤ ਸ਼ਬਦ ਦੋ ਚੀਜ਼ਾਂ ਦੇ ਟਕਰਾਉ ਤੋਂ ਪੈਦਾ ਹੁੰਦਾ ਹੈ, ਲੋਹੇ ਨਾਲ ਲੋਹਾ ਟਕਰਾਏ, ਪੱਥਰ ਨਾਲ ਪੱਥਰ ਟਕਰਾਏ। ਪਾਣੀ ਨਾਲ ਪੱਥਰ ਟਕਰਾਉਣ ਜਾਂ ਧਾਤੂਆਂ ਨਾਲ ਧਾਤੂ ਟਕਰਾਉਣ ਤੋਂ ਜੋ ਅਵਾਜ਼ ਪੈਦਾ ਹੁੰਦੀ ਹੈ, ਉਹ ਆਹਤ ਸ਼ਬਦ ਹੀ ਹੁੰਦਾ ਹੈ। ਆਹਤ ਯਾਨੀ ਕਿ ਜੋ ਇਕ ਹੱਦ ਤਕ ਸੁਣ ਸਕਦਾ ਹੈ, ਉਸ ਤੋਂ ਅਗੇ ਨਹੀਂ। ਜਿਵੇਂ ਦੋ ਹੱਥਾਂ ਨਾਲ ਤਾਲੀ ਵਜਾਉਣ ਤੋਂ ਅਵਾਜ਼ ਪੈਦਾ ਹੁੰਦੀ ਹੈ। ਉਹ ਇਹ ਹੱਦ ਤੱਕ ਸੁਣਦੀ

ਹੈ, ਉਸ ਤੋਂ ਅੱਗੇ ਨਹੀਂ।

ਜੋ ਸ਼ਬਦ ਮੂਲ ਰੂਪ ਵਿਚ ਸਾਰੀ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ, ਉਹ ਅਨਹਦ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਨਹਦ ਸ਼ਬਦ ਦੀ ਬੜੀ ਵਿਆਖਿਆ ਹੈ।

ਸੁੰਨ ਸਮਾਧਿ ਅਨਹਦ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥

(ਪੰਨਾ ੨੯੩)

ਬਿਨਵੰਤਿ ਨਾਨਕ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥

(ਪੰਨਾ ੯੨੨)

ਸੁਰਤ ਸਾਧਨਾ ਦੁਆਰਾ ਜਦੋਂ ਸੁਰਤ, ਸ਼ਬਦ ਤੱਕ ਪਹੁੰਚਦੀ ਹੈ ਤਾਂ ਅਨਹਦ ਸ਼ਬਦ ਦਾ ਅਨੁਭਵ ਖੁਲ੍ਹ ਜਾਂਦਾ ਹੈ। ਨਿਰਵਿਚਾਰ ਹੋ ਕੇ ਜਦੋਂ ਨਾਮ ਜਪਿਆ ਜਾਂਦਾ ਹੈ ਤਾਂ ਸੁਰਤ ਨੂੰ ਸ਼ਬਦ ਤੱਕ ਪਹੁੰਚਣ ਦਾ ਮਾਰਗ ਮਿਲ ਜਾਂਦਾ ਹੈ। ਜਾਨਦਾਰ ਜੀਵਾਂ ਵਿਚ, ਸੁਆਸਾਂ ਦੀ ਪੌਣ ਦੁਆਰਾ ਬੋਲ (ਸ਼ਬਦ) ਪੈਦਾ ਹੁੰਦਾ ਹੈ। ਸੁਆਸਾਂ ਦੀ ਪੌਣ ਨਾਭੀ ਨਾਲ ਟਕਰਾਉਂਦੀ ਹੈ ਤਾਂ ਸ਼ਬਦ ਬਾਹਰ ਆਉਂਦਾ ਹੈ ਅਤੇ ਉਹੀ ਸ਼ਬਦ ਫਿਰ ਬੈਰੂਨੀ ਭਾਸ਼ਾ, ਪੰਜਾਬੀ, ਹਿੰਦੀ, ਇੰਗਲਿਸ਼, ਉਰਦੂ, ਪਰਸ਼ੀਅਨ ਆਦਿ ਬਣਦਾ ਹੈ। ਪਰ ਇਹ ਸ਼ਬਦ ਕੇਵਲ ਆਹਤ ਹੈ। ਲਿਹਾਜ਼ਾ ਇਸ ਸੁਆਸਾਂ ਦੀ ਪੌਣ ਤੋਂ ਪੈਦਾ ਹੋਏ ਸ਼ਬਦ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਗੁਰੂ ਆਖਿਆ ਹੈ:-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

(ਸਲੋਕ, ਜਪੁਜੀ ਸਾਹਿਬ)

ਭਾਈ ਗੁਰਦਾਸ ਜੀ ਨੇ ਵੀ ਇਹ ਫੁਰਮਾਣ ਕੀਤਾ ਹੈ—

ਪਉਣੁ ਗੁਰੂ ਗੁਰ ਸਬਦੁ ਹੈ ਵਾਹਿਗੁਰੂ ਗੁਰ ਸਬਦੁ ਸੁਣਾਇਆ। (ਭਾ: ਗੁ:)

* * *

ਬ੍ਰਹਮ ਮਾਰਗ ਅਤੇ ਸ਼ਬਦ ਦੀ ਕਲਾ

ਦਰਅਸਲ ਇਹ ਸ਼ਬਦ ਹੀ, ਜਾਨਦਾਰ ਜੀਵਾਂ ਦੀ ਕੇਂਦਰੀ ਸ਼ਕਤੀ ਹੈ। ਅਨਹਦ ਸ਼ਬਦ ਹੀ ਮਨੁੱਖੀ ਆਤਮਾ ਜਾਂ ਅਮਰ ਤਤ ਹੈ। ਅਮਰ ਤਤ ਦਾ ਮੂਲ ਟਿਕਾਣਾ ਦਸਮ ਦੁਆਰ ਹੈ। ਮਨੁੱਖੀ ਜੀਵਨ ਸ਼ਕਤੀ ਯਾਨੀ ਕਿ ਸੁਰਤ ਮਨੁੱਖੀ ਕੇਂਦਰ ਵਿੱਚ ਸੁੱਤੀ ਹੋਈ ਹੈ। ਤਨ ਦੀ ਨਾਭੀ, ਸਰੀਰ ਦਾ ਕੇਂਦਰ ਹੁੰਦਾ ਹੈ। ਮਨੁੱਖੀ ਸ਼ਕਤੀ ਨਾਭੀ ਦੇ ਹੇਠਾਂ ਸੁੱਤੀ ਹੋਈ ਹੈ। ਸਰੀਰ ਦੇ ਦੋ ਭਾਗ ਬੜੇ ਹੀ ਕੀਮਤੀ ਹਨ। ਇਕ ਨਾਭੀ ਤੇ ਦੂਜਾ ਮਸਤਕ। ਨਾਭੀ ਅਤੇ ਮਸਤਕ ਜੀਵਨ ਊਰਜਾ ਦੇ ਦੋ ਕਿਨਾਰੇ ਹਨ। ਇਕ ਕਿਨਾਰਾ ਨਾਭੀ ਵਿਚ ਅਤੇ ਦੂਜਾ ਕਿਨਾਰਾ ਮਸਤਕ ਵਿਚ ਹੈ। ਸੁਆਸ ਨਾੜੀ, (ਸੁਖਮਨਾ) ਮਸਤਕ ਤੋਂ ਨਾਭੀ ਤੱਕ ਆਉਂਦੀ ਹੈ। ਮਸਤਕ ਦੇ ਪਿੱਛੇ ਸਰੀਰ ਦੀਆਂ ਤਿੰਨ ਪ੍ਰਧਾਨ ਨਾੜੀਆਂ ਦਾ ਜੋੜ ਹੈ। ਜਿਥੇ ਏਹਨਾਂ ਤਿੰਨਾ ਦਾ ਜੋੜ ਹੈ, ਉਸ ਜੋੜ ਵਿਚ ਇਕ ਬਰੀਕ ਸੁਰਾਖ ਹੈ। ਉਹ ਸੁਰਾਖ ਹੀ ਦਸਮ ਦੁਆਰਾ ਹੈ। ਪਰ ਉਹ ਸੁਰਾਖ ਬੰਦ ਹੈ ਅਤੇ ਸ਼ਬਦ ਸੁਰਤ ਦੇ ਸੁਮੇਲ ਤੋਂ ਬਿਨਾਂ ਨਹੀਂ ਖੁਲ੍ਹ ਸਕਦਾ। ਭਗਤ ਬੇਣੀ ਜੀ ਨੇ ਆਪਣੀ ਬਾਣੀ ਦੁਆਰਾ ਇਹਨਾਂ ਤਿੰਨ ਨਾੜੀਆਂ ਦੇ ਜੋੜ ਨੂੰ ਤ੍ਰਿਬੇਣੀ ਕਿਹਾ ਹੈ:-

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥

(ਪੰਨਾ ੯੭੪)

ਇੜਾ—ਯੋਗੀਆਂ ਦਾ ਮੰਨਣਾ ਹੈ ਕਿ ਇੜਾ ਮਨੁੱਖ ਦੀ ਖੱਬੀ ਨਾਸਕਾ ਹੈ ਅਤੇ ਖੱਬੀ ਨਾਸਕਾ ਦੀ ਨਾੜੀ ਨੱਕ ਤੋਂ ਲੈ ਕੇ ਕੰਗਰੋੜ (ਰੀੜ੍ਹ) ਦੀ ਹੱਡੀ ਦੇ ਖੱਬੇ ਪਾਸੇ ਹੁੰਦੀ ਹੋਈ, ਨਾਭੀ ਵਲੋਂ ਵੱਲ ਖਾ ਕੇ, ਫਿਰ ਵਾਪਿਸ ਦਿਮਾਗ ਵਿਚ ਪਹੁੰਚਦੀ ਹੈ। ਮਸਤਕ ਵਿਚ ਆ ਕੇ ਪਿੰਗਲਾ ਤੇ ਸੁਖਮਨਾ ਇਸ ਨਾਲ ਮਿਲ ਜਾਂਦੀਆਂ ਹਨ। ਇੜਾ ਨੂੰ ਯੋਗੀ ਲੋਕ ਚੰਦਰਮਾ ਦੀ ਨਾੜੀ ਮੰਨਦੇ ਹਨ ਅਤੇ ਯੋਗੀ ਇੜਾ ਨਾੜੀ ਦੁਆਰਾ ਪ੍ਰਾਣਾਯਾਮ ਕਰਦੇ ਹਨ। ਚੰਦਰਮਾ, ਸੋਮਵਾਰ ਦਾ ਮਾਲਕ ਹੈ। ਯੋਗੀਆਂ ਦਾ ਵਿਸ਼ਵਾਸ਼ ਹੈ ਕਿ ਸੋਮਵਾਰ ਵਾਲੇ ਦਿਨ ਖੱਬੀ ਨਾਸਕਾ ਇੜਾ ਵਿਚੋਂ ਅੰਮ੍ਰਿਤ ਝਰਦਾ ਹੈ-

ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥

(ਪੰਨਾ ੩੪੪)

ਪਿੰਗੁਲਾ—ਨੱਕ ਦੀ ਸੱਜੀ ਨਾਸਕਾ ਦਾ ਨਾਮ ਪਿੰਗੁਲਾ ਹੈ। ਇਹ ਨੱਕ ਤੋਂ ਸ਼ੁਰੂ ਹੋ ਕੇ ਰੀੜ ਦੀ ਹੱਡੀ ਦੇ ਸੱਜੇ ਪਾਸੇ ਚਲਦੀ ਹੋਈ ਨਾਭੀ ਤੋਂ ਪਾਉਂਦੀ ਹੋਈ ਮਸਤਕ ਇੜਾ ਤੇ ਸੁਖਮਨਾ ਨਾਲ ਮਿਲਦੀ ਹੈ। ਸੂਰਜ ਨਾੜੀ ਪਿੰਗੁਲਾ ਨੂੰ ਹੀ ਆਖਿਆ ਜਾਂਦਾ ਹੈ।

ਸੁਖਮਨਾ—ਇੜਾ ਤੇ ਪਿੰਗਲਾ ਦੇ ਵਿਚਕਾਰ ਸੁਖਮਨਾ ਸਥਿਤ ਹੈ। ਇੜਾ ਤੇ ਪਿੰਗੁਲਾ ਦੋਵੇਂ ਨਾੜੀਆਂ ਰਾਹੀ ਸੁਆਸਾਂ ਦੀ ਆਕਸੀਜਨ, ਸੁਖਮਨਾ ਨੂੰ ਮਿਲਦੀ ਹੈ। ਭਾਵ ਕਿ ਮੂਲ ਸੁਆਸ ਸੁਖਮਨਾ ਵਿੱਚ ਚਲਦੇ ਹਨ। ਸੁਖਮਨਾ ਨੱਕ ਤੋਂ ਸ਼ੁਰੂ ਨਹੀਂ ਹੁੰਦੀ ਹੋਈ ਇੜਾ ਦੇ ਪਿੰਗੁਲਾ ਨਾਲ ਗੁਪਤ ਹੀ ਮਿਲਦੀ ਹੈ। ਮਸਤਕ ਦੇ ਪਿੱਛੇ ਜਿਥੇ ਇਹਨਾਂ ਤਿੰਨਾਂ ਨਾੜੀਆਂ ਦਾ ਸੰਗਮ (ਜੋੜ) ਜੁੜਦਾ ਹੈ, ਉਸ ਦਾ ਨਾਮ ਤ੍ਰਿਕੁਟੀ ਹੈ। ਬ੍ਰਾਹਮਣ ਲੋਕ ਆਪਣੇ ਮਸਤਕ ਤੇ ਜਿਥੇ ਤਿਲਕ ਲਾਉਂਦੇ ਹਨ, ਉਹ ਥਾਂ ਤ੍ਰਿਕੁਟੀ ਹੈ। ਸੁਖਮਨਾ ਵਿੱਚ ਜਦੋਂ ਯੋਗੀ ਅਭਿਆਸ ਦੁਆਰਾ ਸੁਆਸ ਚਲਾਉਂਦੇ ਹਨ ਤਾਂ ਅਨਹਦ ਨਾਦ ਪ੍ਰਗਟ ਹੁੰਦਾ ਹੈ। ਸੁਖਮਨਾ ਨਾੜੀ ਮੂਲ ਰੂਪ ਵਿਚ "ਬ੍ਰਹਮ ਮਾਰਗ" ਹੈ। ਕਬੀਰ ਸਾਹਿਬ ਦਾ ਕਥਨ ਹੈ ਕਿ ਸੁਖਮਨਾ ਵਿੱਚ ਅੰਮ੍ਰਿਤ ਸਮਾਇਆ ਹੋਇਆ ਹੈ, ਪੀਣ ਵਾਲੇ ਨਾਮ ਅਭਿਆਸੀ ਸੰਤ ਸੁਖਮਨਾ ਦੁਆਰਾ ਅੰਮ੍ਰਿਤ ਪੀਂਦੇ ਹਨ।

ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨ ਹਾਰਾ ॥੧॥

(ਪੰਨਾ ੯੬੯)

ਗੁਰੂ ਨਾਨਕ ਸਾਹਿਬ ਜੀ ਕਹਿੰਦੇ ਹਨ ਕਿ, ਐ ਬੰਦੇ ! ਪ੍ਰਭੂ ਨੂੰ ਸਮਝਣ ਲਈ ਸੁਖਮਨਾ ਇੜਾ ਤੇ ਪਿੰਗੁਲਾ ਨੂੰ ਸਮਝਣ ਦਾ ਜਤਨ ਕਰ :

ਸੁਖਮਨਾ ਇੜਾ ਪਿੰਗੁਲਾ ਬੂਝੈ...॥ *(ਪੰਨਾ ੯੪੪)*

ਤ੍ਰਿਬੇਣੀ—ਮਸਤਕ ਵਿੱਚ ਜਿਥੇ ਇੜਾ ਪਿੰਗੁਲਾ ਤੇ ਸੁਖਮਨਾ ਮਿਲਦੀਆਂ ਹਨ, ਉਹੀ ਤ੍ਰਿਬੇਣੀ ਹੈ। ਇਲਾਹਾਬਾਦ ਵਿੱਚ ਤ੍ਰਿਬੇਣੀ ਤੀਰਥ ਹੈ, ਅਤੇ ਇਸ ਤੀਰਥ ਦੀ ਭਾਰਤ ਵਿੱਚ ਬੜੀ ਮਹਾਨਤਾ ਹੈ। ਏਥੇ ਤਿੰਨ ਨਦੀਆਂ ਦਾ ਮੇਲ ਹੁੰਦਾ ਹੈ। ਗੰਗਾ, ਜਮਨਾ ਤੇ ਸੁਰਸਵਤੀ ਤਿੰਨਾ ਦਾ ਸੰਗਮ ਅਲਾਹਬਾਦ ਦੇ ਤ੍ਰਿਬੇਣੀ ਤੀਰਥ ਤੇ ਹੁੰਦਾ ਹੈ। ਭਗਤ ਬੇਣੀ ਜੀ ਨੂੰ ਕਿਸੇ ਨੇ "ਕਿਹਾ ਕਿ, "ਚਲੋ, ਤ੍ਰਿਬੇਣੀ ਤੀਰਥ ਇਸਨਾਨ ਕਰਨ ਤੇ ਚਲੀਏ। ਕੁੰਭ ਦਾ ਮੇਲਾ ਆਇਆ ਹੈ ਤੇ ਇਹ ਬਾਰਾਂ ਸਾਲਾਂ ਬਾਅਦ ਆਉਂਦਾ ਹੈ। ਤ੍ਰਿਬੇਣੀ ਉੱਪਰ ਕੁੰਭ ਦੇ ਇਸ਼ਨਾਨ ਦਾ ਬੜਾ ਮਹਾਤਮ ਹੈ, ਚਲੋ ਕੁੰਭ ਦਾ ਇਸ਼ਨਾਨ ਕਰਨ ਵਾਸਤੇ ਚਲੀਏ।" ਤ੍ਰਿਬੇਣੀ ਦਾ ਘਾਟ ਬੜਾ ਪਵਿੱਤਰ ਮੰਨਿਆ ਜਾਂਦਾ ਹੈ। ਇਸ ਸੰਗਮ ਨੂੰ ਤਿੰਨ ਨਦੀਆਂ ਦਾ ਸੰਗਮ ਮੰਨਿਆ ਜਾਂਦਾ ਹੈ, ਪਰ ਉਥੇ ਤਿੰਨ ਨਦੀਆਂ ਹੈ ਨਹੀਂ। ਦੋ ਹਨ, ਗੰਗਾ ਤੇ ਜਮਨਾ। ਤੀਜੀ ਸੁਰਸਤੀ ਦਿਖਾਈ ਨਹੀਂ ਪੈਂਦੀ। ਜੇ ਉਥੋਂ ਦੇ ਪੰਡੇ ਪਜਾਰੀਆਂ ਨੂੰ ਪੁਛੋ ਤਾਂ ਪਤਾ ਹੈ, ਉਹ ਕੀ ਜੁਆਬ ਦੇਂਦੇ ਹਨ ? ਉਹ ਕਹਿੰਦੇ ਹਨ ਕਿ 'ਸੁਰਸਤੀ' ਤੀਜੀ ਨਦੀ ਹੈ ਤੇ ਉਹ ਧਰਤੀ ਦੇ ਹੇਠੋਂ ਹੀ ਗੁਪਤ ਆ ਕੇ ਮਿਲਦੀ ਹੈ। ਬਾਕੀ ਤਾਂ ਮੈਨੂੰ ਉਸ ਤ੍ਰਿਬੇਣੀ ਬਾਰੇ ਪਤਾ ਨਹੀਂ। ਪਰ ਇਕ ਗੱਲ ਬੜੀ ਵਧੀਆ ਸਮਝ ਆਉਂਦੀ ਹੈ। ਭਗਤ ਬੇਣੀ ਜੀ ਨੇ ਇਸ ਗੁੰਝਲ ਨੂੰ ਆਪਣੀ ਬਾਣੀ ਦੁਆਰਾ ਬੜਾ ਸੁੰਦਰ ਖੋਹਲਿਆ ਹੈ। ਬੇਣੀ ਜੀ ਕਹਿੰਦੇ ਹਨ ਕਿ ਖੱਬੀ ਨਾਸਕਾ ਗੰਗਾ ਹੈ, ਤੇ ਸੱਜੀ ਜਮੁਨਾ ਹੈ। ਪਰ ਸੁਖਮਨਾ ਮਸਤਕ ਵਿਚੋਂ ਗੁਪਤ ਰੂਪ ਹੀ ਮਿਲ ਰਹੀ ਹੈ, ਉਹ ਸੁਰਸਤੀ ਹੈ। ਅਕਸਰ ਤ੍ਰਿਬੇਣੀ ਦੇ ਪੰਡੇ ਪਜਾਰੀ ਏਹੀ ਕਹਿੰਦੇ ਹਨ ਕਿ ਸੁਰਸਤੀ ਗੁਪਤ ਹੀ ਆਉਂਦੀ ਹੈ। ਦਿਸਦੀ ਨਹੀਂ ਹੈ। ਦਰਅਸਲ ਗੱਲ ਸਿਰਫ਼ ਏਨੀ ਹੈ ਕਿ ਜਿਹੜੀ ਸੁਖਮਨਾ ਨਾੜੀ ਹੈ, ਉਹ ਇੜਾ ਪਿੰਗੁਲਾ ਨਾਲ ਗੁਪਤ

ਹੀ ਮਿਲਦੀ ਹੈ। ਮਸਤਕ ਵਿਚ ਇਹਨਾਂ ਤਿੰਨਾਂ ਦਾ ਸੰਗਮ (ਜੋੜ) ਹੁੰਦਾ ਹੈ।

ਇਸ ਵਾਸਤੇ ਮਸਤਕ ਬਹੁਤ ਕੀਮਤੀ ਹੈ। ਮਨੁੱਖੀ ਤਨ ਦੀ ਬਨਾਵਟ ਪ੍ਰਭੂ ਨੇ ਇਸ ਤਰ੍ਹਾਂ ਦੀ ਬਣਾਈ ਹੈ ਕਿ ਪਸ਼ੂ ਪੰਛੀਆਂ ਦੇ ਸਰੀਰ ਮਨੁੱਖੀ ਤਨ ਦਾ ਮੁਕਾਬਲਾ ਨਹੀਂ ਕਰ ਸਕਦੇ। ਮਨੁੱਖੀ ਤਨ ਦੁਆਰਾ ਹੀ ਪ੍ਰਭੂ ਦੇ ਦਰਸ਼ਨ ਹੋ ਸਕਦੇ ਹਨ। ਪਸ਼ੂ ਪੰਛੀਆਂ ਦੇ ਸਰੀਰਾਂ ਵਿਚ ਇਹ ਬਰਕਤ ਨਹੀਂ ਹੈ। ਜਦੋਂ ਵੀ ਸ਼ਕਤੀ ਮਿਲੇਗੀ ਮਨੁੱਖ ਤਨ ਦੁਆਰਾ ਹੀ ਮਿਲੇਗੀ। ਪਸ਼ੂ ਪੰਛੀਆਂ ਨੇ ਤਨ ਬੱਝੇ ਹੋਏ ਤੇ ਪਛੜੇ ਹੋਏ ਹਨ। ਸੁਖਮਨਾ ਸਰੀਰ ਦੀ ਸੁਆਸ ਨਾੜੀ ਹੈ, ਅਤੇ ਸੁਖਮਨਾ ਵਿਚ ਹੀ ਸ਼ਬਦ ਦਾ ਟਿਕਾਣਾ ਹੈ। ਏਸ ਸ਼ਬਦ ਦੁਆਰਾ ਜਨਮ ਮਰਨ ਕੱਟਿਆਂ ਜਾਂਦਾ ਹੈ।

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥
ਏਕੁ ਸਬਦੁ ਮੇਰੈ ਸਬਦੁ ਪ੍ਰਾਨੀ ਬਸਤੁ ਹੈ ਬਾਹੁੜੀ ਜਨਮਿ ਨ ਆਵਾ ॥੧॥ *(ਪੰਨਾ ੭੯੫)*

ਸੁਖਮਨਾ ਵਿਚ ਜੀਵਨ ਸ਼ਕਤੀ ਛੇ ਪ੍ਰਕਾਰ ਦੇ ਟਿਕਾਣੇ ਬਣਾ ਕੇ ਸੁੱਤੀ ਹੋਈ ਹੈ। ਯੋਗੀ ਜਨ ਇਸ ਕੇਂਦਰੀ ਸ਼ਕਤੀ ਨੂੰ "ਕੁੰਡਲਨੀ" ਆਖਦੇ ਹਨ। ਦਰਅਸਲ ਇਹ ਮੂਲ ਸ਼ਬਦ ਸ਼ਕਤੀ ਹੈ, ਜੋ ਸੁਤੀ ਹੋਈ ਹੈ। ਇਸ ਨੂੰ ਉਜਾਗਰ ਕਰਨਾ ਪੈਂਦਾ ਹੈ, ਜਿਵੇਂ ਦੀਵੇ ਨੂੰ ਜਗਾਈਦਾ ਹੈ ਤੇ ਫਿਰ ਰੋਸ਼ਨੀ ਹੁੰਦੀ ਹੈ। ਇਸ ਸ਼ਕਤੀ ਨੂੰ ਜਗਾਉਣਾ ਪੈਂਦਾ ਹੈ। ਭਗਤ ਕਬੀਰ ਸਾਹਿਬ ਜੀ ਉਸ ਕੇਂਦਰੀ ਊਰਜਾ ਦੇ ਟਿਕਾਣੇ ਦੀ ਰੂਪ-ਰੇਖਾ ਇਸ ਤਰ੍ਹਾਂ ਦਸਦੇ ਹਨ ਕਿ:-

ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥ *(ਪੰਨਾ ੩੩੯)*

ਪਰੀਪੂਰਨ ਪ੍ਰਮਾਤਮਾ ਨੇ ਸਰੀਰ ਅੰਦਰ ਇਕ ਕੋਠੜੀ ਬਣਾਈ ਹੈ, ਜਿਸ ਦੀਆਂ ਛੇ ਮੰਜ਼ਿਲਾਂ ਹਨ। ਉਹਨਾਂ ਛੇ ਮੰਜ਼ਿਲਾਂ ਤੋਂ ਸਭ ਤੋਂ ਉਪਰਲੀ ਮੰਜ਼ਿਲ ਵਿੱਚ ਅਨੂਪਮ ਵਸਤੂ **"ਸ਼ਬਦ ਸ਼ਕਤੀ"** ਪ੍ਰਭੂ ਨੇ ਸੰਭਾਲ ਕੇ ਟਿਕਾਈ ਹੈ।

ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥
ਅਬ ਮਨ ਜਾਗਤ ਰਹੁ ਰੇ ਭਾਈ ॥ *(ਪੰਨਾ ੩੩੯)*

ਜਿਸ ਕੋਠੜੀ ਵਿੱਚ ਉਸ ਪਰਮ ਸ਼ਕਤੀ ਸ਼ਬਦ ਦੀ ਕਲਾ ਨੂੰ ਪ੍ਰਭੂ ਨੇ ਸੰਭਾਲਿਆ ਹੈ, ਉਸ ਨੂੰ ਸੁਆਸਾਂ ਦੀ ਤਾਲਾ ਕੁੰਜੀ ਲਾਈ ਹੈ। ਹੋਰ ਕੋਈ ਦਰਵਾਜ਼ਾ ਨਹੀਂ। ਹੇ ਮਨ! ਸੁਚੇਤ ਹੋ ਕੇ ਆਪਣੀ ਪੂੰਜੀ ਸੰਭਾਲ ਲੈ।

ਮਨੁੱਖੀ ਸਰੀਰ ਵਿਚ ਛੇ ਕੋਠੜੀਆਂ ਵਿਚ ਸ਼ਕਤੀ ਦੇ ਟਿਕਾਣੇ ਹਨ। ਇਹਨਾਂ ਛੇ ਪ੍ਰਕਾਰ ਦੀਆਂ ਕੋਠੜੀਆਂ ਦਾ ਰਸਤਾ, ਇਕ ਕੋਠੜੀ ਵਿਚੋਂ ਦੂਜੀ ਵਿੱਚ ਜਾਂਦਾ ਹੈ ਅਤੇ ਦੂਜੀ ਵਿਚੋਂ ਤੀਜੀ ਵਿਚ। ਸਭ ਤੋਂ ਨੀਵੀ ਥੱਲੇ ਵਾਲੀ ਕੋਠੜੀ ਵਿਚ ਮਨੁੱਖ ਦੀ ਸੁਰਤ ਸੁੱਤੀ ਹੋਈ ਹੈ। ਉਸ ਅਨੂਪਮ "ਸ਼ਬਦ ਸ਼ਕਤੀ" ਨੂੰ ਮਨੁੱਖ ਆਪਣੀ ਸੁਰਤ ਦੁਆਰਾ ਹੀ ਅਨੁਭਵ ਕਰ ਸਕਦਾ ਹੈ। ਸਭ ਤੋਂ ਥੱਲੇ ਵਾਲੀ ਕੋਠੜੀ ਨਾਭੀ ਹੈ। ਸੁਰਤ ਨੇ ਨਾਭੀ ਤੋਂ ਉਠਣਾ ਹੈ ਅਤੇ ਮਸਤਕ ਤੱਕ ਦੀ ਉਚਾਈ ਤਹਿ ਕਰਨੀ ਹੈ। ਰਸਤੇ ਵਿਚ ਛੇ ਮੰਜ਼ਿਲਾਂ ਅਤੇ ਸੱਤਵਾਂ ਸੱਚਖੰਡ ਮਿਲਣਾ ਹੈ। ਇਹ ਇਕ ਕਠਿਨ ਘਾਲਣਾ ਹੈ। ਬਿਨਾਂ ਮੁਸ਼ੱਕਤ ਤੋਂ ਗੱਲ ਨਹੀਂ ਬਣ ਸਕਦੀ।

ਸਰੀਰ ਦੇ ਭੇਦ ਅਤੇ ਸ਼ਕਤੀ ਦੀ ਕਲਾ

ਉਹ "ਸ਼ਬਦ ਸ਼ਕਤੀ" ਭਾਵੇਂ ਸਰੀਰ ਦੇ ਰੋਮ-ਰੋਮ ਵਿਚ ਸਮਾਈ ਹੋਈ ਹੈ, ਪਰ ਮਸਤਕ ਵਿਚ ਉਸ ਦਾ ਕੇਂਦਰੀ ਦਰਸ਼ਨ ਹੁੰਦਾ ਹੈ। ਜਿਥੇ ਤ੍ਰਿਕੁਟੀ ਹੈ ਉਥੇ ਸ਼ਬਦ ਜਾਗਦਾ ਹੈ। ਉਹ ਸੱਚਖੰਡ ਹੈ। ਸੁਰਤ ਨਾਭੀ ਤੇ ਸੁੱਤੀ ਹੈ। ਏਸੇ ਨੂੰ ਗੁਰਬਾਣੀ ਵਿਚ ਆਖਿਆ ਹੈ ਕਿ-

ਏਕਾ ਸੇਜ ਵਿਛੀ ਧਨ ਕੰਤਾ ॥
ਧਨ ਸੂਤੀ ਪਿਰ ਸਦ ਜਾਗੰਤਾ ॥

(ਪੰਨਾ ੭੩੭)

ਕਰਤਾ ਪੁਰਖ ਨੇ ਅਮਰ ਤਤ ਦਾ ਭੇਦ ਮਨੁੱਖ ਦੇ ਅੰਦਰ ਹੀ ਛਿਪਾਇਆ ਹੋਇਆ ਹੈ। ਜੋਤਿਸ਼ ਦੇ ਰਿਸ਼ੀ ਤੇ ਸਰੀਰ ਸ਼ਾਸ਼ਤਰੀਆਂ, ਜਿਨ੍ਹਾਂ ਕੋਲ ਸਰੀਰ ਦੇ ਬੜੇ ਭੇਦਾਂ ਦੀ ਜਾਣਕਾਰੀ ਹੈ, ਉਹ ਕਹਿੰਦੇ ਹਨ ਕਿ ਸਰੀਰ ਵਿਚ ਬੜੇ ਕ੍ਰਿਸ਼ਮਿਆਂ ਦੇ ਭੇਦ ਛਿਪੇ ਹੋਏ ਹਨ। ਨਾਮ ਜਪਦਿਆਂ-ਜਪਦਿਆਂ "ਗੁਰ ਸ਼ਬਦ" ਦੁਆਰਾ ਤਨ ਦੇ ਅਨੇਕਾਂ ਭੇਦ ਖੁਲ੍ਹਦੇ ਹਨ-

ਸੁਣਿਐ ਜੋਗ ਜੁਗਤਿ ਤਨਿ ਭੇਦ ॥ *(ਪੰਨਾ ੨)*

ਸਿਮਰਨ ਦੁਆਰਾ ਸਰੀਰ ਵਿਚ ਜਦੋਂ "ਸ਼ਬਦ" ਉਜਾਗਰ ਹੁੰਦਾ ਹੈ ਤਾਂ ਤਨ ਦੇ ਭੇਦਾਂ ਦਾ ਪਤਾ ਲਗਦਾ ਹੈ। ਬੜੇ ਸੂਖਸ਼ਮ ਭੇਦ ਤਨ ਵਿਚ ਪ੍ਰਭੂ ਨੇ ਛਿਪਾਏ ਹੋਏ ਹਨ। ਅੱਜ ਦੇ ਵਿਗਿਆਨੀ ਵੀ ਬੜੇ ਹੈਰਾਨ ਹਨ ਕਿ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ, ਤਨ ਬਾਰੇ ਜਿਹੜੇ ਭੇਦ, ਰਿਸ਼ੀਆਂ ਮੁਨੀਆਂ ਨੇ ਦੱਸੇ ਸਨ, ਉਹ ਅੱਜ ਵੀ ਸਹੀ ਅਤੇ ਸੱਚੇ ਹਨ। ਹੁਣ ਇਹ ਵਿਚਾਰਨਯੋਗ ਗੱਲ ਹੈ ਕਿ ਉਹਨਾਂ ਨੂੰ ਇਹ ਭੇਦ ਕਿਵੇਂ ਮਿਲੇ? ਇਹ ਸਾਰੇ ਭੇਦ "ਗੁਰ ਸ਼ਬਦ" ਦੁਆਰਾ ਮਿਲਦੇ ਹਨ। "ਗੁਰ ਸ਼ਬਦ" ਦੀ ਕਮਾਈ ਕਰਨੀ ਪੈਂਦੀ ਹੈ। ਕਬੀਰ ਸਾਹਿਬ ਦਾ ਕਥਨ ਹੈ ਕਿ-

ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥੧॥
ਜਉ ਜਾਚਉ ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥

(ਪੰਨਾ ੧੧੬੨)

ਜਦੋਂ ਬਨਾਰਸ ਦੇ ਪਾਂਡਿਆਂ ਨੇ ਕਬੀਰ ਸਾਹਿਬ ਨੂੰ ਕਿਹਾ ਕਿ ਕਬੀਰ ਨਾਸਤਕ ਹੈ। ਕਿਉਂਕਿ ਪੂਰਨਮਾਸ਼ੀ, ਸੰਗਰਾਂਦ, ਮੱਸਿਆ, ਪਿਤਰ ਲੋਕ ਅਤੇ ਸ਼ਰਾਧ ਆਦਿ ਕੁਝ ਨਹੀਂ ਮੰਨਦਾ ਕਬੀਰ ਸਾਹਿਬ ਨੇ ਪਾਂਡਿਆਂ ਨੂੰ ਗੰਗਾ ਜਮਨਾ ਤੋਂ ਸੂਰਜ ਚੰਦਰਮਾਂ ਨੂੰ ਪਾਣੀ ਦੇਂਦਿਆਂ ਵੇਖਕੇ, ਪੁਛਿਆ ਸੀ ਕਿ ਤੁਹਾਡੇ ਪਿੱਤਰ ਲੋਕ ਕਿਸ ਸੂਰਜ ਲੋਕ ਵਿਚ ਹਨ? ਕਿਉਂਕਿ ਸੂਰਜ ਇਕ ਨਹੀਂ, ਕਰੋੜਾਂ ਹੀ ਸੂਰਜ ਹਨ। ਕਿਹੜੇ ਚੰਦਰਮਾਂ ਨੂੰ ਸਾਹਮਣੇ ਰੱਖ

ਕੇ ਮੱਸਿਆ ਪੂਰਨਮਾਸੀ ਮਨਾਉਂਦੇ ਹੋ ? ਕਿਉਂਕਿ ਚੰਦਰਮਾ ਵੀ ਇਕ ਨਹੀਂ ਕਰੋੜਾਂ ਚੰਦਰਮਾ ਹਨ। ਜਿੰਨਾਂ ਦੇਵੀ ਦੇਵਤਿਆਂ ਦੀ ਤੁਸੀਂ ਪੂਜਾ ਕਰਦੇ ਫਿਰਦੇ ਹੋ, ਇਹ ਤਾਂ ਕ੍ਰੋੜਾਂ ਹੀ ਧੱਕੇ ਖਾਂਦੇ ਫਿਰਦੇ ਹਨ। ਅਕਸਰ ਕਰਮਕਾਂਡੀ ਲੋਕ ਅੱਗ, ਪਾਣੀ, ਪਾਉਣ, ਚੰਦ, ਸੂਰਜ, ਧਰਤੀ, ਸ਼ਨੀ, ਬੁੱਧ, ਮੰਗਲ ਸਭ ਨੂੰ ਦੇਵਤੇ ਹੀ ਮੰਨਦੇ ਹਨ। ਇਹ ਤਾਂ ਸਾਰੇ ਕਰਤਾ ਪੁਰਖ ਦੀ ਕਿਰਤ ਹਨ। ਕਬੀਰ ਸਾਹਿਬ ਕਹਿੰਦੇ ਹਨ ਕਿ ਪ੍ਰਭੂ ਤੋਂ ਸਿਵਾ ਮੇਰਾ ਕਿਸੇ ਕਿਰਤ ਨਾਲ ਕੋਈ ਵਾਸਤਾ ਨਹੀਂ।

ਹੁਣ ਕਬੀਰ ਸਾਹਿਬ ਦੇ ਜ਼ਮਾਨੇ ਵਿਚ ਕੋਈ ਮੰਨਣ ਨੂੰ ਥੋੜਾ ਤਿਆਰ ਸੀ ਕਿ ਕਰੋੜਾਂ ਸੂਰਜ ਹਨ। ਹਰੇਕ ਨੂੰ ਪਤਾ ਸੀ ਕਿ ਇਕੋ ਸੂਰਜ ਹੈ। ਬਾਣੀ ਵਿਚ ਅਨੇਕਾਂ ਸ਼ਬਦ ਹਨ, ਜਿਨ੍ਹਾਂ ਵਿਚ ਇਹ ਦਰਸਾਇਆ ਗਿਆ ਹੈ ਕਿ ਅਨੇਕਾਂ ਸੂਰਜ ਹਨ, ਚੰਦਰਮਾ, ਮੰਗਲ, ਬੁਧ, ਗ੍ਰਿਹ, ਨੱਛਤਰ ਅਨੰਤਾ ਹਨ। ਸਾਡੀ ਧਰਤੀ ਵਰਗੀਆਂ ਅਨੇਕਾਂ ਹੀ ਹੋਰ ਧਰਤੀਆਂ ਹਨ।

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥

(ਜਪੁਜੀ ਸਾਹਿਬ)

ਅੱਜ ਤੋਂ ਅੱਸੀ-ਨੱਬੇ ਸਾਲ ਪਹਿਲਾਂ ਵੀ ਕਈ ਨਾਸਤਕ ਲੋਕ ਮਜ਼ਾਕ ਉਡਾਉਂਦੇ ਸਨ ਕਿ ਇਹ ਜੋ ਗੁਰਬਾਣੀ ਵਿਚ ਲਿਖਿਆ ਹੈ, ਇਹ ਐਵੇਂ ਹੀ ਹੈ। ਗੁਰਬਾਣੀ ਨੂੰ ਤਾਂ ਉਹ ਮੰਨਦੇ ਹੀ ਨਹੀਂ ਸਨ। ਪਰ ਅੱਜ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਕਰੋੜਾਂ ਨਹੀਂ, ਅਰਬਾਂ ਹੀ ਸੂਰਜ ਹਨ। ਬਹੁਤ ਵੱਡਾ ਇਹ ਪਸਾਰਾ ਹੈ। ਕਈ ਸੂਰਜ ਹਨ ਤੇ ਕਈ ਇਸ ਤਰ੍ਹਾਂ ਦੇ ਸੂਰਜ ਹਨ, ਜਿਨ੍ਹਾਂ ਦੀ ਰੋਸ਼ਨੀ ਲੱਖਾਂ ਸਾਲਾਂ ਤੋਂ ਚਲੀ ਹੋਈ ਹੈ ਅਤੇ ਅਜੇ ਤੱਕ ਧਰਤੀ ਤੇ ਨਹੀਂ ਪਹੁੰਚੀ। ਅੰਦਾਜ਼ਾ ਲਗਾਉ ਕਿ ਕਿੰਨੀ ਦੂਰੀ ਹੋਵੇਗੀ। ਜਦੋਂ ਕਿ ਰੋਸ਼ਨੀ ਚਲਦੀ ਬੜੀ-ਬੜੀ ਤੇਜ਼ ਹੈ। ਇਸ ਦਾ ਮਤਲਬ ਹੈ ਕਿ ਇਸ ਸੂਰਜ ਦੇ ਪਿਛੇ ਕੋਈ ਹੋਰ ਸੂਰਜ ਹੈ, ਉਸ ਦੇ ਪਿਛੇ ਕੋਈ ਹੋਰ ਸੂਰਜ ਹੈ। ਇਸ ਤਰ੍ਹਾਂ ਇਹ ਅਨੰਤ ਸੂਰਜ ਹਨ। ਅਨੰਤ ਹੀ, ਚੰਦ, ਮੰਗਲ, ਬੁਧ ਹਨ। ਲੇਕਿਨ ਇਹ ਸੁਆਲ ਹੈ ਕਿ ਇਨ੍ਹਾਂ ਸੰਤਾਂ ਭਗਤਾਂ ਤੇ ਗੁਰੂ ਸਾਹਿਬਾਂ ਨੂੰ ਕਿਵੇਂ ਪਤਾ ਲੱਗਾ ਕਿ ਸੂਰਜ ਅਨੰਤ ਹਨ, ਧਰਤੀਆਂ ਅਨੰਤ ਹਨ ਆਦਿ ? ਹੁਣ ਕਬੀਰ ਸਾਹਿਬ ਤਾਂ ਕੋਈ ਵਿਗਿਆਨੀ ਨਹੀਂ। ਗੁਰੂ ਨਾਨਕ ਸਾਹਿਬ ਜੀ ਇਕ ਗੱਲ ਬੜੀ ਸਪੱਸ਼ਟ ਕਰ ਰਹੇ ਹਨ ਕਿ ਜਿਹੜਾ ਆਦਮੀ ਨਾਮ ਜਪ ਕੇ, ਸ਼ਬਦ ਸੁਰਤ ਨੂੰ ਮਿਲਾ ਲੈਂਦਾ ਹੈ, ਉਸ ਦੇ ਅੰਦਰੋਂ ਅਨੰਤ ਪਸਾਰੇ ਦਾ ਭੇਦ ਖੁਲ੍ਹ ਜਾਂਦਾ ਹੈ।

ਸੁਣਿਐ ਜੋਗ ਜੁਗਤਿ ਤਨਿ ਭੇਦ ॥

(ਪੰਨਾ ੨)

ਤਨ ਦੇ ਭੇਦ ਦੇ ਅਧਾਰ ਉਪਰ ਹੀ ਭਗਤਾਂ ਨੇ ਦੱਸਿਆ ਕਿ ਹਰ ਮਨੁੱਖ ਦੇ ਮਸਤਕ ਵਿਚ ਤ੍ਰਿਬੇਣੀ ਹੈ। ਉਸ ਸੰਗਮ (ਜੋੜ) ਵਿਚ ਹੀ ਦਸਮ ਦੁਆਰ ਹੈ, ਜੋ ਬੜਾ ਹੀ ਸੂਖਸ਼ਮ ਹੈ। ਉਸ ਦੁਆਰ ਤੱਕ ਸੁਰਤ ਪਹੁੰਚ ਕੇ ਹੀ ਅਨੁਭਵ ਕਰ ਸਕਦੀ ਹੈ ਕਿ-

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥

(ਜਪੁਜੀ ਸਾਹਿਬ)

ਗੁਰ ਸ਼ਬਦ ਅਤੇ ਸ਼ਬਦ ਦੀ ਕਲਾ

ਬਹੁਤ ਜ਼ਰੂਰੀ ਹੈ ਕਿ ਮਨੁੱਖ ਨੂੰ ਸੱਚਾ ਗੁਰੂ ਪ੍ਰਾਪਤ ਹੋਵੇ। ਸੱਚਾ ਗੁਰੂ ਹੀ ਗੁਰ ਮੰਤਰ (ਗੁਰ ਸ਼ਬਦ) ਦੇ ਸਕਦਾ ਹੈ ਅਤੇ ਜਪਣ ਦੀ ਵਿਧੀ ਦੱਸ ਸਕਦਾ ਹੈ। ਮਨੁੱਖਤਾ ਦੀ ਬਦਕਿਸਮਤੀ ਇਹ ਹੈ ਕਿ ਦੁਨੀਆਂ ਵਿਚ ਸੱਚਾ ਗੁਰੂ ਨਹੀਂ ਮਿਲਦਾ। ਜੋ ਗੁਰੂ ਹੈ, ਉਸਨੂੰ ਗੁਰੂ ਮੰਨਿਆ ਨਹੀਂ ਜਾਂਦਾ ਅਤੇ ਜੋ ਨਹੀਂ ਹੈ, ਉਹ ਚੋਰ ਵੀ ਗੁਰੂ ਕਰਕੇ ਹੀ ਪੂਜੇ ਜਾਂਦੇ ਹਨ। ਗੁਰ ਮੰਤਰ ਕੇਵਲ ਗੁਰੂ ਹੀ ਦੇ ਸਕਦਾ ਹੈ। ਜਾਂ ਫਿਰ ਆਦਮੀ ਖੁਦ ਏਨਾ ਬੌਧਿਕ ਬਲ ਰਖਦਾ ਹੋਵੇ ਕਿ ਉਹ ਗੁਰ ਮੰਤਰ ਕਿਸੇ ਗ੍ਰੰਥ ਵਿਚੋਂ ਖੋਜ ਲਵੇ। ਪਰ ਫਿਰ ਉਸ ਨੂੰ ਵਿਸ਼ਵਾਸ ਨਹੀਂ ਆਵੇਗਾ। ਪ੍ਰੈਕਟੀਕਲ ਅਭਿਆਸ ਲਈ ਤਾਂ ਸ਼ਾਖਸਾਤ ਗੁਰੂ ਦੀ ਲੋੜ ਪੈਂਦੀ ਹੈ। ਹਾਲਾਂ ਕਿ "ਆਦਿ ਗੁਰੂ", "ਸ਼ਬਦ" ਹੀ ਹੈ। ਪਰ ਸੱਚਾ ਗੁਰੂ ਓਹੀ ਹੁੰਦਾ ਹੈ, ਜਿਸ ਨੂੰ ਆਪ ਸ਼ਬਦ ਦਾ ਗਿਆਨ ਹੋਵੇ ਅਤੇ ਦੂਜਿਆਂ ਨੂੰ ਸ਼ਬਦ ਨਾਲ ਜੋੜੇ, ਨਾ ਕਿ ਆਪਣੇ ਸਰੀਰ ਨਾਲ ਜੋੜੇ। ਗੁਰ ਮੰਤਰ (ਗੁਰ ਸ਼ਬਦ) ਆਹਦ ਸ਼ਬਦ ਹੁੰਦਾ ਹੈ ਅਤੇ ਇਹ ਸ਼ਬਦ ਕੇਵਲ ਜਪਣ ਵਾਸਤੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਅਨਹਦ ਸ਼ਬਦ ਤੱਕ ਪਹੁੰਚਣ ਲਈ, ਆਹਦ ਸ਼ਬਦ ਦੀ ਬੜੀ ਜ਼ਰੂਰਤ ਹੈ। ਗੁਰ ਮੰਤਰ ਤੋਂ ਬਿਨਾ ਅਨਹਦ ਸ਼ਬਦ ਤੱਕ ਨਹੀ ਪਹੁੰਚਿਆ ਜਾ ਸਕਦਾ। ਗੁਰ ਮੰਤਰ ਹਮੇਸ਼ਾ ਅਲੱਗ-ਅਲੱਗ ਹੁੰਦੇ ਹਨ। ਕੋਈ "ਰਾਮ" "ਰਾਮ" ਜਪ ਕੇ ਅਨਹਦ ਤਕ ਪਹੁੰਚਦਾ ਹੈ। ਕੋਈ "ਅਲਖ ਨਿਰੰਜਨ" ਮੰਤਰ ਜਪਦਾ ਹੈ। ਕਈ "ਮਧੂ ਸੂਦਨ" ਮੰਤਰ ਦਾ ਜਾਪ ਕਰਦੇ ਹਨ। ਕਈ "ਹਰੀ ਹਰਿ" ਕਰਦਾ-ਕਰਦਾ ਅਨਹਦ ਸ਼ਬਦ ਤੱਕ ਪਹੁੰਚਦਾ ਹੈ। ਇਸਲਾਮ ਅਤੇ ਸੂਫ਼ੀ ਮਤ ਦੇ ਮਹਾਤਮਾ, ਅੱਲਾ ਹੂ ਅਲਾਹੂ ਦੀ ਧੁਨੀ ਦਾ ਜਾਪ ਕਰਦੇ ਹਨ। ਗੁਰ ਮੰਤਰ ਹਮੇਸ਼ਾ ਹੀ ਦੋ ਜਾਂ ਚਾਰ ਅੱਖਰਾਂ ਦਾ ਹੁੰਦਾ ਹੈ ਅਤੇ ਗੁਰ ਮੰਤਰ ਸੁਆਸ-ਗਿਰਾਸ ਵਿਚ ਪੂਰਾ ਆ ਜਾਂਦਾ ਹੈ। ਮੰਤਰ ਕੇਵਲ ਜਪਿਆ ਹੀ ਜਾਂਦਾ ਹੈ, ਇਸ ਵਿਚ ਕੋਈ ਗਿਆਨ ਫਲਸਫ਼ਾ ਨਹੀਂ ਹੁੰਦਾ। ਸਿੱਖ ਨੂੰ "ਅਨਹਦ ਸ਼ਬਦ" ਦੀ ਪ੍ਰਾਪਤੀ ਵਾਸਤੇ ਗੁਰੂ ਨਾਨਕ ਸਾਹਿਬ ਜੀ ਨੇ ਜੋ ਗੁਰ ਮੰਤਰ ਬਖਸ਼ਿਆ ਹੈ, ਉਹ ਹੈ "ਵਾਹਿਗੁਰੂ"। "ਵਾਹਿਗੁਰੂ" "ਵਾਹਿਗੁਰੂ" ਦੀ ਧੁਨ ਪਹਿਲਾਂ ਆਪਣੀ ਜ਼ਬਾਨ ਦੁਆਰਾ ਉੱਚੀ ਅਵਾਜ਼ ਵਿਚ ਕਰਨੀ ਹੈ। ਜਿਸ ਅਸਥਾਨ ਤੇ ਬੈਠ ਕੇ ਜਾਪ ਸ਼ੁਰੂ ਕਰਨਾ ਹੈ, ਉਹ ਜਗ੍ਹਾ ਬੜੀ ਪਵਿੱਤਰ, ਸ਼ਾਂਤ ਅਤੇ ਇਕਾਂਤ ਹੋਣੀ ਚਾਹੀਦੀ ਹੈ। ਉਸ ਥਾਂ ਤੇ ਆਮ ਆਵਾਜਾਈ ਜਾਂ ਕੋਈ ਹੋਰ ਸ਼ੋਰ-ਗੁਲ ਨਹੀਂ ਹੋਣਾ ਚਾਹੀਦਾ, ਜਿਸ ਨਾਲ ਕਿ ਧਿਆਨ ਉਖੜਨ ਦਾ ਖਤਰਾ ਹੋਵੇ। ਮਹਾਂਪੁਰਖ ਪੰਜਾਬੀ ਦੀ ਇਕ ਕਹਾਵਤ ਕਹਿੰਦੇ ਹਨ ਕਿ

ਭੋਜਨ ਭਜਨ ਖਜਾਨਾ ਨਾਰੀ ॥
ਚਾਰੇ ਪਰਦੇ ਕੇ ਅਧਿਕਾਰੀ ॥

ਭੋਜਨ, ਧਨ, ਇਸਤਰੀ ਅਤੇ ਭਗਤੀ ਪਰਦੇ ਦਾ ਅਧਿਕਾਰ ਮੰਗਦੇ ਹਨ। ਜਿਹੜੇ ਭੋਜਨ ਨੂੰ ਪਰਦੇ ਵਿੱਚ ਢੱਕ ਕੇ ਨਹੀਂ ਰਖਿਆ ਜਾਂਦਾ, ਉਸ ਭੋਜਨ ਵਿਚ ਕੁਝ ਗਿਰ ਜਾਣ ਦਾ ਖਤਰਾ ਹੁੰਦਾ ਹੈ। ਜਿਸ ਇਸਤਰੀ ਦੇ ਅੰਗ ਪ੍ਰਦਸ਼ਨ ਹੁੰਦੇ ਹਨ, ਉਸ ਦੀ ਇਜ਼ਤ-ਆਬਰੂ (ਅਸਮਤ) ਨੂੰ ਖਤਰਾ ਹੁੰਦਾ ਹੈ। ਖਜ਼ਾਨਾ (ਧਨ) ਭਾਵੇਂ ਕਰੋੜਾਂ ਕੋਲ ਹੋਣ, ਉਹ ਬੈਂਕ ਆਦਿ ਵਿਚ ਰੱਖਣੇ ਚਾਹੀਦੇ ਹਨ। ਜਿਸ ਧਨ ਦਾ ਵਿਖਾਵਾਂ ਕੀਤਾ ਜਾਂਦਾ ਹੈ, ਉਹ ਤਾਂ ਚੋਰਾਂ ਤੇ ਦੁਸ਼ਮਣਾਂ ਨੂੰ ਸੱਦਾ ਦੇਣ ਵਾਲੀ ਗੱਲ ਹੈ। ਵਿਖਾਵੇ ਦਾ ਧਨ ਮਿੱਤਰਾਂ ਨੂੰ ਵੀ ਦੁਸ਼ਮਣ ਬਣਾਉਂਦਾ ਹੈ। ਨਾਮ ਜਪਣ (ਭਗਤੀ) ਵਾਸਤੇ ਵੀ ਇਕ ਇਕਾਂਤ ਤੇ ਸ਼ੁੱਧ ਵਾਤਾਵਰਨ ਵਾਲੀ, ਪਰਦੇ ਦੀ ਜਗ੍ਹਾ ਚਾਹੀਦੀ ਹੈ, ਜਿਥੇ ਬੈਠ ਕੇ ਅਨੁਭਵ ਕੀਤਾ ਜਾ ਸਕੇ ਕਿ ਏਥੇ ਖੁਲ੍ਹ ਕੇ ਹੱਸਿਆ ਤੇ ਰੋਇਆ ਵੀ ਜਾ ਸਕਦਾ ਹੈ। ਸਿਮਰਨ ਕਰਨ ਲਈ ਜੋ ਅਸੀਂ ਮੰਤਰ ਜਪਦੇ ਹਾਂ, ਉਸ ਮੰਤਰ ਨੂੰ ਕੇਵਲ ਜ਼ਬਾਨੀ ਬੋਲਿਆ ਜਾਣ ਵਾਲਾ ਸ਼ਬਦ ਹੀ ਨਹੀਂ ਮੰਨਣਾ, ਬਲਕਿ ਇਸ ਵਿਸ਼ਵਾਸ ਤੇ ਪ੍ਰੇਮ ਸਤਿਕਾਰ ਨਾਲ ਜਪਣਾ ਹੈ ਕਿ ਜਿਸ ਦਾ ਅਸੀਂ ਨਾਮ ਜਪ ਰਹੇ ਹਾਂ, ਉਹ ਸ਼ਾਖਸਾਤ ਸਾਡੇ ਸਾਹਮਣੇ ਬੈਠਾ ਹੈ। ਜੇ ਅਸੀਂ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਹੋਈਏ, ਤਾਂ ਸਾਨੂੰ ਇਸ ਤਰ੍ਹਾਂ ਅਨੁਭਵ ਕਰਨਾ ਚਾਹੀਦਾ ਹੈ ਕਿ ਗੁਰੂ ਨਾਨਕ ਸਾਹਿਬ ਆਪ ਸਾਡੀ ਜ਼ਬਾਨ ਦੁਆਰਾ ਬੋਲ ਰਹੇ ਹਨ।

ਗੁਰੂ ਅਰਜਨ ਸਾਹਿਬ ਜੀ ਨੂੰ ਤੱਤੀ ਤਵੀ ਉਪਰ ਬਿਠਾਇਆ ਗਿਆ ਤਾਂ ਆਪ ਜੀ ਇਸ ਤਰ੍ਹਾਂ ਤੱਤੀ ਤਵੀ ਉਪਰ ਬੈਠ ਕੇ ਪ੍ਰੇਮ ਸ਼ਬਦ ਗਾਉਂਦੇ ਸਨ, ਜਿਵੇਂ ਕੋਈ ਪ੍ਰੇਮੀ, ਆਪਣੇ ਪ੍ਰੀਤਮ ਨੂੰ ਸਾਹਮਣੇ ਸ਼ਾਖਸਾਤ ਬੈਠਾ ਦੇਖ ਕੇ ਕਹਿੰਦਾ ਹੈ ਕਿ—

ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥

(ਪੰਨਾ ੩੯੪)

ਹੇ ਪ੍ਰਭੂ! ਜੇ ਤੇਰੀ ਖੁਸ਼ੀ ਹੈ ਤਾਂ ਇਹ ਤੱਤੀ ਤਵੀ ਵੀ ਮੇਰੇ ਵਾਸਤੇ ਨਿਹਚਲ ਆਸਣ ਹੈ। ਪ੍ਰੀਤਮ ਪਿਆਰੇ ਨੂੰ ਆਪਣੇ ਸਾਹਮਣੇ ਸ਼ਾਖਸਾਤ ਰੂਪ ਵਿਚ ਬੈਠਾ ਅਨੁਭਵ ਕਰਕੇ ਨਾਮ ਜਪਣਾ ਹੈ। ਜਦੋਂ ਸਿਮਰਨ (ਜਾਪ) ਸ਼ੁਰੂ ਕਰਨਾ ਹੈ ਤਾਂ ਪਹਿਲਾਂ ਰਸਨਾ ਦੁਆਰਾ ਉੱਚੀ-ਉੱਚੀ ਵਾਹਿਗੁਰੂ ਵਾਹਿਗੁਰੂ ਬੋਲ ਕੇ ਸ਼ੁਰੂ ਕਰਨਾ ਹੈ। ਬਿਲਕੁਲ ਪਾਗਲਾਂ ਵਾਂਗ ਉੱਚੀ-ਉੱਚੀ ਬੋਲਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਗੁਰਮਤਿ ਵਿਚ ਜਪਣ ਦੀ ਬੜੀ ਮਹਾਨਤਾ ਹੈ। ਬਲਕਿ ਸਾਰੀ ਗੁਰਬਾਣੀ ਦੀ ਸਿਖਿਆ ਹੀ ਜਪਣ ਵਾਸਤੇ ਹੈ। ਸਭ ਤੋਂ ਮੂਲ ਸਿਧਾਂਤ ਹੀ ਜਪਣਾ ਹੈ। ਸਭ ਧਰਮਾਂ ਤੋਂ ਸ੍ਰੇਸ਼ਟ ਧਰਮ ਹੈ ਜਪਣਾ। ਮਨ ਦੀ ਨਿਰਮਲਤਾ ਕੇਵਲ ਜਪਣ ਨਾਲ ਹੈ। ਮਨ ਨਿਰਮਲ ਹੋਵੇਗਾ ਤਾਂ ਹੀ ਸਰੀਰ ਦੁਆਰਾ ਕੀਤੇ ਹੋਏ ਕੰਮ ਨਿਰਮਲ ਹੋਣਗੇ:-

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

(ਸੁਖਮਨੀ ਪੰਨਾ ੨੬੬)

ਮਨ ਨਿਰਮਲ ਹੋਵੇ ਤਾਂ ਸਰੀਰ ਨਿਰਮਲ ਕਰਮ ਕਰਦਾ ਹੈ। ਮਨ, ਜਾਪ ਤੋਂ ਬਿਨਾਂ

ਨਿਰਮਲ ਨਹੀਂ ਹੋ ਸਕਦਾ। ਜੇ ਮਨ ਸਿਮਰਨ ਤੋਂ ਬਿਨਾਂ ਨਿਰਮਲ ਹੋ ਜਾਵੇ ਤਾਂ, ਫਿਰ ਇਹ ਇਸ ਤਰ੍ਹਾਂ ਹੈ ਕਿ ਕਪੜਾ ਸਾਫ਼ ਹੈ ਧੋਣ ਦੀ ਕੀ ਲੋੜ ਹੈ ?

ਜਪਹੁ ਤ ਏਕੋ ਨਾਮਾ ॥
ਅਵਰਿ ਨਿਰਾਫਲ ਕਾਮਾ ॥

(ਪੰਨਾ ੭੨੮)

ਗੁਰਮਤਿ ਦਾ ਉਪਦੇਸ਼ ਹੈ ਕਿ ਐ ਬੰਦੇ ! ਜੇ ਤੂੰ ਸਭ ਕੁਝ ਕਰੇਂ, ਪਰ ਜਪੁ ਨਾ ਕਰੇਂ, ਤਾਂ ਬਾਕੀ ਸਭ ਕੁਝ ਕੀਤਾ ਵੀ ਵਿਅਰਥ ਹੈ। ਬਾਕੀ ਸਭ ਕੁਝ ਕਰਨਾ ਵੀ ਇਸ ਵਾਸਤੇ ਹੈ ਕਿ ਇਕ ਦਿਨ ਜਪੁ ਕਰਨ ਦੀ ਸਮਝ ਆ ਸਕੇ। ਇਸ ਸਮਝ ਅਤੇ ਮਨ ਦੀ ਤਿਆਰੀ ਵਾਸਤੇ, ਜ਼ਿੰਦਗੀ ਦਾ ਬਹੁਤ ਸਾਰਾ ਸਮਾਂ ਖਰਚ ਹੋ ਜਾਂਦਾ ਹੈ। ਪਰ ਮਨ ਨੂੰ ਫਿਰ ਸਮਝ ਨਹੀਂ ਲਗਦੀ। ਮਨ ਬਾਰ-ਬਾਰ ਭਟਕ ਜਾਂਦਾ ਹੈ। ਕਥਾ, ਕੀਰਤਨ, ਸਤਿਸੰਗ ਤੇ ਗੁਰਬਾਣੀ ਦਾ ਪਾਠ ਵੀ ਇਸੇ ਵਾਸਤੇ ਕਰਨਾ ਹੈ ਕਿ ਇਕ ਦਿਨ ਸਿਮਰਨ ਦੀ ਸਮਝ ਲਗ ਜਾਏ ਅਤੇ ਮਨ ਜਾਪ ਕਰਨ ਨੂੰ ਰਾਜ਼ੀ ਹੋ ਜਾਏ।

ਹੁਣ ਸੁਆਲ ਹੈ ਕਿ ਜਪਣ ਦਾ ਢੰਗ ਕੀ ਹੈ ? ਗੁਰਦੇਵ ਦਾ ਕਥਨ ਹੈ ਕਿ—

ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥

(ਪੰਨਾ ੭੨੮)

ਰਸਨਾ ਨਾਲ ਇਸ ਤਰ੍ਹਾਂ ਜਪਦੇ ਜਾਉਂ, ਜਿਵੇਂ ਮਧਾਣੀ ਨਾਲ ਦਹੀਂ ਓਨੀ ਦੇਰ ਰਿੜਕੀਦਾ ਹੈ ਜਿੰਨੀ ਦੇਰ ਰਿੜਕਦਿਆਂ-ਰਿੜਕਦਿਆਂ, ਮੱਖਣ ਦੀ ਪ੍ਰਾਪਤੀ ਨਾ ਹੋ ਜਾਵੇ।

ਆਦਮੀ ਦਾ ਮਨ ਬਹੁਤ ਤਰਲ ਹੈ। ਮਨ ਜਪਣ ਲਈ ਤਿਆਰ ਨਹੀਂ ਹੁੰਦਾ, ਏਸ ਕਰਕੇ ਬਾਰ-ਬਾਰ ਧਿਆਨ ਟੁੱਟ ਜਾਂਦਾ ਹੈ ਏਸ ਕਰਕੇ ਧਰਮ ਦੀ ਦੁਨੀਆਂ ਵਿਚ ਵੀ ਜਾਪ, ਇਕ ਪਾਖੰਡ ਹੀ ਬਣ ਜਾਂਦਾ ਹੈ। ਬਹੁਤ ਲੋਕ ਜਪਣ ਦੇ ਨਾਮ ਉਪਰ ਕੇਵਲ ਪੜ੍ਹਦੇ ਹਨ। ਓਹ ਪਾਠ ਵੀ ਇਸ ਤਰ੍ਹਾਂ ਪੜ੍ਹਦੇ ਹਨ, ਜਿਵੇਂ ਅਖਬਾਰ ਦੀਆਂ ਖਬਰਾਂ ਪੜ੍ਹੀਦੀਆਂ ਹਨ। ਪੜ੍ਹਨ ਨਾਲ ਕੇਵਲ ਜਾਣਕਾਰੀ ਵਧਦੀ ਹੈ। ਜਪਣ ਨਾਲ ਸੁਰਤ ਸ਼ਬਦ ਦਾ ਸੁਮੇਲ ਹੁੰਦਾ ਹੈ। ਪੜ੍ਹਨ ਨਾਲ ਗਿਆਨ ਵਧਦਾ ਹੈ। ਜਪਣ ਨਾਲ ਧਿਆਨ ਜੁੜਦਾ ਹੈ। ਪੜ੍ਹਨ ਨਾਲ ਸਿਰਫ਼ ਅਰਥ-ਬੋਧ ਦਾ ਪਤਾ ਲਗਦਾ ਹੈ। ਜਪਣ ਨਾਲ ਸੰਸਕਾਰ ਮਿਟਦੇ ਹਨ ਅਤੇ ਦੁੱਖਾਂ ਪਾਪਾਂ ਦਾ ਨਾਸ਼ ਹੁੰਦਾ ਹੈ। ਪੜ੍ਹਨ ਨਾਲ ਬੰਦਾ ! ਵੱਡਾ ਪੰਡਿਤ (ਗਿਆਨੀ) ਤਾਂ ਹੋ ਜਾਂਦਾ ਹੈ, ਪਰ ਅੰਦਰੋਂ ਕਪਟ ਤੇ ਪਾਪ ਨਹੀਂ ਮਿਟਦਾ। ਅਕਸਰ ਬੜੇ ਪੜ੍ਹੇ-ਲਿਖੇ ਵਿਦਵਾਨ ਵੀ ਪਰਲੇ ਦਰਜੇ ਦੇ ਬੇਈਮਾਨ ਦੇਖੇ ਜਾਂਦੇ ਹਨ। ਸ਼ਾਇਦ ਅਨਪੜ੍ਹ ਬੰਦਾ ਏਨੀ ਖਤਰਨਾਕ ਬੇਈਮਾਨੀ ਕਰ ਵੀ ਨਾ ਸਕੇ, ਜਿੰਨੀ ਕਿ ਪੜ੍ਹੇ-ਲਿਖੇ ਕਰਦੇ ਹਨ।

ਕਿਆ ਪੜੀਐ ਕਿਆ ਗੁਨੀਐ ॥
ਕਿਆ ਬੇਦ ਪੁਰਾਨਾਂ ਸੁਨੀਐ ॥
ਪੜੇ ਸੁਨੇ ਕਿਆ ਹੋਈ ॥
ਜਉ ਸਹਜ ਨ ਮਿਲਿਓ ਸੋਈ ॥੧॥
ਹਰਿ ਕਾ ਨਾਮੁ ਨ ਜਪਸਿ ਗਵਾਰਾ ॥

ਕਿਆ ਸੋਚਹਿ ਬਾਰੰ ਬਾਰਾ ॥

(ਪੰਨਾ ੬੫੫)

ਪੜ੍ਹਨ ਦਾ ਅਤੇ ਜਪਣ ਦਾ ਬਹੁਤ ਫਰਕ ਹੈ। ਗੁਰਬਾਣੀ ਅਤੇ ਹੋਰ ਮਹਾਂਪੁਰਖਾਂ ਦਾ ਉਪਦੇਸ਼ ਇਕੱਲਾ ਪੜ੍ਹਨ ਲਈ ਹੀ ਨਹੀਂ ਹੁੰਦਾ, ਬਲਕਿ ਪੜ੍ਹਨ ਦੇ ਨਾਲ-ਨਾਲ ਜਪਣ ਦਾ ਵਿਸ਼ਾ ਹੁੰਦਾ ਹੈ। ਅਖਬਾਰ ਅਸੀਂ ਪੜ੍ਹਦੇ ਹਾਂ, ਅਖਬਾਰ ਦਾ ਪਾਠ ਨਹੀਂ ਕਰਦੇ। ਨਾਵਲ ਅਸੀਂ ਮਨੋਰੰਜਨ ਲਈ ਪੜ੍ਹਦੇ ਹਾਂ, ਉਹ ਕੋਈ ਜਾਪ ਨਹੀਂ ਕਰਦੇ। ਜਪਣ ਦਾ ਅਰਥ ਹੈ ਕਿ ਜੋ ਅਸੀਂ ਪੜ੍ਹਿਆ ਹੈ ਉਹ ਸਾਡੇ ਰੋਮ-ਰੋਮ ਵਿਚ ਰਮ ਜਾਏ।

ਗੁਰਬਾਣੀ ਕੋਈ ਕਵਿਤਾ ਦਾ ਤਖੀਅਲਿ ਨਹੀਂ। ਨਾ ਹੀ ਗੁਰਬਾਣੀ ਵਿਚ ਕੋਈ ਨਾਵਲ ਜਾਂ ਉਪਨਿਆਸ ਦੀ ਕਹਾਣੀ ਹੈ। ਨਾ ਹੀ ਸਿਆਸੀ ਖਬਰਾਂ ਹਨ। ਗੁਰਬਾਣੀ ਉਹਨਾਂ ਮਹਾਂਪੁਰਖਾਂ ਦੀ ਆਤਮਾਂ ਦੇ ਬੋਲ ਹਨ, ਜਿਨ੍ਹਾਂ ਮਹਾਂਪੁਰਖਾਂ ਦੇ ਰੋਮ-ਰੋਮ ਵਿਚੋਂ ਰੱਬ ਬੋਲਿਆ ਹੈ। ਇਸ ਵਾਸਤੇ ਹੀ ਗੁਰਬਾਣੀ ਜਪਣ ਦਾ ਵਿਸ਼ਾ ਹੈ, ਨਾਕਿ ਪੜ੍ਹਨ ਦਾ। ਨਿਰਾ ਪੜ੍ਹਨ ਨਾਲ ਗੱਲ ਨਹੀ ਬਣਦੀ।

ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥
ਸਾਧੂ ਜਨ ਰਾਮੁ ਰਸਨ ਵਖਾਣੀ ॥

(ਪੰਨਾ ੧੯੨)

ਬਾਣੀ, ਰੱਬ ਦੇ ਬੋਲ ਹਨ ਤੇ ਇਸ ਨੂੰ ਓਨੀ ਦੇਰ ਜਪਦੇ ਜਾਣਾ, ਜਿੰਨੀ ਦੇਰ ਇਹ ਬਾਣੀ, ਸਾਡੇ ਜੀਵਨ ਦਾ ਅੰਗ ਨਹੀਂ ਬਣ ਜਾਂਦੀ। ਨਿਰਾ ਪੜ੍ਹਨ ਵਾਲਿਆਂ ਦੇ ਪੱਲੇ ਕੁਝ ਨਹੀ ਹੁੰਦਾ।

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥

(ਪੰਨਾ ੬੪੧)

ਭੋਜਨ ਦੀ ਬੁਰਕੀ ਬੰਦਾ ਆਪਣੇ ਮੂੰਹ ਵਿਚ ਰੱਖੇ, ਪਰ ਥੱਲੇ ਨਾ ਕਰੇ, ਕੀ ਭੁੱਖ ਮਿਟੇਗੀ? ਬੰਦਾ, ਪਾਣੀ ਆਪਣੇ ਮੂੰਹ ਵਿਚ ਰੱਖੇ, ਪਰ ਪੀਵੇ ਨਾ। ਤਾਂ ਪਿਆਸ ਨਹੀਂ ਮਿਟ ਸਕਦੀ। ਗੁਰਬਾਣੀ ਦਾ ਪਾਠ ਵੀ ਤੇ ਹੋਰ ਪੜ੍ਹਾਈ ਭਾਵੇਂ ਸਾਰੀ ਜ਼ਿੰਦਗੀ ਬੰਦਾ ਜ਼ਬਾਨੀ-ਜ਼ਬਾਨੀ ਕਰਦਾ ਰਹੇ, ਇਸ ਨਾਲ ਕੋਈ ਦੁਖ ਪਾਪ ਨਹੀਂ ਮਿਟਦਾ। ਜਿਵੇਂ ਖਾਧਾ ਹੋਇਆ ਭੋਜਨ ਹੀ ਪੇਟ ਵਿਚ ਜਾ ਕੇ ਖੂਨ ਵਿਚ ਬਦਲ ਕੇ ਜੀਵਨ ਪ੍ਰਦਾਨ ਕਰਦਾ ਹੈ, ਇਵੇਂ ਹੀ ਗੁਰ ਮੰਤਰ ਤੇ ਗੁਰਬਾਣੀ ਦਾ ਪਾਠ ਮਨੁੱਖੀ ਅੰਤਸ਼ਕਰਣ ਵਿਚ ਜਾ ਕੇ ਮਨੁੱਖ ਦਾ ਜੀਵਨ ਬਦਲ ਦੇਂਦਾ ਹੈ। ਆਤਮਿਕ ਜੀਵਨ ਦਾ ਜਨਮ ਉਸ ਦਿਨ ਹੀ ਹੁੰਦਾ ਹੈ, ਜਿਸ ਦਿਨ ਸ਼ਬਦ ਸੁਰਤ ਦਾ ਸੁਮੇਲ ਹੋ ਜਾਵੇ।

ਇਕ ਵਿਚਾਰ ਹੋਰ ਸਮਝਣ ਯੋਗ ਹੈ ਕਿ ਜੇਕਰ, ਬਹੁਤਾ ਗਿਆਨ ਤੇ ਗੁਰਬਾਣੀ ਨਹੀਂ ਪੜ੍ਹਨੀ ਆਉਂਦੀ ਤਾਂ ਵੀ ਕੋਈ ਗੱਲ ਨਹੀਂ। ਗੁਰ ਮੰਤਰ ਜਪਣ ਦੀ ਸਮਝ ਆਉਣੀ ਚਾਹੀਦੀ ਹੈ। ਜੇ ਗੁਰ ਮੰਤਰ ਜਪਣਾ ਵੀ ਨਹੀਂ ਆਉਂਦਾ, ਤਾਂ ਪੱਲੇ ਕੁਝ ਵੀ ਨਹੀਂ ਪੈਣਾ। ਗੁਰ ਮੰਤਰ ਤਾਂ ਪੰਜ ਸਾਲ ਦਾ ਬੱਚਾ ਵੀ ਜਪ ਸਕਦਾ ਹੈ। ਬਹੁਤ ਅਰਥ ਬੋਧ ਤੇ ਗੂੜ੍ਹ,

ਗਿਆਨ ਨਹੀਂ ਆਉਂਦਾ ਤਾਂ ਵੀ ਕੋਈ ਗੱਲ ਨਹੀ, ਪਰ ਗੁਰ ਮੰਤਰ ਜਪਣਾ ਆਉਣਾ ਚਾਹੀਦਾ ਹੈ। ਅੱਜ ਤੋਂ ਸੌ ਡੇਢ ਸੌ ਸਾਲ ਪਹਿਲਾਂ, ਬਹੁਤ ਲੋਕਾਂ ਕੋਲ ਅਰਥ ਬੋਧ ਨਹੀਂ ਸੀ ਹੁੰਦਾ। ਉਹ ਕੇਵਲ ਜਪਦੇ ਸਨ ਤੇ ਬ੍ਰਹਮ-ਗਿਆਨੀ ਬਣ ਜਾਂਦੇ ਸਨ। ਹੁਣ ਤਾਂ ਲੋਕਾਂ ਨੂੰ ਅਰਥ ਬੋਧ ਵੀ ਆਉਂਦਾ ਹੈ। ਪਰ ਅੱਜ ਦਾ ਬੰਦਾ ਚਤੁਰ ਚਲਾਕ ਬਹੁਤ ਹੈ। ਕੇਵਲ ਜਪਣ ਦਾ ਢੋਂਗ ਕਰਦਾ ਹੈ, ਜਪਦਾ ਨਹੀਂ ਹੈ। ਇਸ ਕਰਕੇ ਬ੍ਰਹਮ-ਗਿਆਨੀ ਦੇ ਦਰਸ਼ਨ ਨਹੀਂ ਹੁੰਦੇ। ਅੱਜ ਦਾ ਬੰਦਾ ਪੰਡਿਤ ਹੋ ਗਿਆ ਹੈ, ਪਰ ਭਗਤ ਨਹੀਂ ਹੋ ਸਕਿਆ। ਜਪਣ ਵਾਸਤੇ ਦ੍ਰਿੜ ਸੰਕਲਪ ਦੀ ਲੋੜ ਹੈ। ਦ੍ਰਿੜਤਾ ਤੋਂ ਬਿਨਾ ਮਨ ਦੁਬਿਧਾ ਵਿਚ ਰਹਿੰਦਾ ਹੈ। ਦੁਬਿਧਾ, ਯਾਨੀ ਕਿ ਦੋ ਪਾਸੇ ਦੀ ਦੌੜ ਦੁਬਿਧਾ ਵਿਚ ਧਿਆਨ ਨਹੀਂ ਟਿਕ ਸਕਦਾ। ਦੁਬਿਧਾ ਤੋਂ ਬਚਣ ਲਈ ਦ੍ਰਿੜ ਨਿਸ਼ਚੇ ਦੀ ਲੋੜ ਹੈ। ਬਿਨਾ ਨਾਗਾ ਤੇ ਦ੍ਰਿੜ ਨਿਸ਼ਚੇ ਨਾਲ ਜਪਣਾ ਹੈ। ਜਿਵੇਂ ਬਿਨਾ ਨਾਗਾ ਭੋਜਨ ਪਾਣੀ, ਖਾਈਦਾ ਹੈ, ਇਸ ਤਰ੍ਹਾਂ ਬਿਨਾ ਨਾਗਾ ਜਪਣਾ ਹੈ। ਦ੍ਰਿੜ ਨਿਸ਼ਚੇ ਨਾਲ ਕੀਤੀ ਹੋਈ ਮੁਸ਼ੱਕਤ ਸਫਲ ਹੋਏਗੀ। ਜਿਸ ਦਿਨ ਵੀ ਭਜਨ ਕਰਨ ਵਿਚ ਨਾਗਾ ਪੈ ਗਿਆ ਸਮਝੋ ਕਿ ਦੁਬਿਧਾ ਪ੍ਰਧਾਨ ਹੋ ਗਈ ਹੈ। ਵੈਸੇ ਦੁਬਿਧਾ ਤਾਂ ਏਸ ਤਰ੍ਹਾਂ ਵੀ ਬਣ ਸਕਦੀ ਹੈ ਕਿ ਪਤਾ ਨਹੀਂ ਜਿਸ ਪ੍ਰਭੂ ਦਾ ਨਾਮ ਜਪਿਆ ਜਾ ਰਿਹਾ ਹੈ, ਉਹ ਕਿਤੇ ਸੁਣਦਾ ਵੀ ਹੈ ਕਿ ਨਹੀਂ ? ਭੋਜਨ ਦੀ ਭੁੱਖ ਨਾ ਲੱਗੇ ਤਾਂ ਸਮਝ ਲਉ ਕਿ ਸਰੀਰ ਅੰਦਰ ਕੋਈ ਰੋਗ ਹੈ। ਜੇ ਭਜਨ ਕਰਨ ਵਿਚ ਮਨ ਨਾ ਲੱਗੇ ਤਾਂ ਸਮਝ ਲਉ ਕਿ ਮਨ ਵਿਚ ਕੋਈ ਦੁਬਿਧਾ ਹੈ। ਤਨ ਦੇ ਰੋਗੀ ਨੂੰ ਭੁੱਖ ਨਹੀਂ ਲਗਦੀ ਅਤੇ ਮਨ ਦੇ ਰੋਗੀ ਨੂੰ ਭਜਨ ਦੀ ਭੁੱਖ ਨਹੀਂ ਲਗਦੀ।

ਜਪਣ ਤੋਂ ਬਿਨਾਂ ਪ੍ਰਭੂ ਨੂੰ ਨਹੀਂ ਜਾਣਿਆ ਜਾ ਸਕਦਾ। ਜਪਣ ਦਾ ਮਤਲਬ ਹੈ ਕਿ ਰੱਬ ਨੂੰ ਜਾਣੋ। ਬਿਨਾਂ ਜਾਣਿਆਂ ਕਿਸੇ ਦੀ ਹੋਂਦ ਨੂੰ ਮੰਨਿਆ ਨਹੀਂ ਜਾ ਸਕਦਾ। ਅੱਜ ਅੱਧੀ ਦੁਨੀਆਂ ਤੋਂ ਵੱਧ ਲੋਕ ਰੱਬ ਦੀ ਹੋਂਦ ਨੂੰ ਨਹੀਂ ਮੰਨਦੇ। ਅੱਧੀ ਦੁਨੀਆਂ ਤੋਂ ਘੱਟ ਲੋਕ ਰੱਬ ਦੀ ਹੋਂਦ ਨੂੰ ਮੰਨਦੇ ਹਨ। ਜਿਹੜੇ ਮੰਨਦੇ ਹਨ ਉਹ ਵੀ ਬਿਨਾਂ ਜਾਣਿਆਂ ਹੀ ਮੰਨਦੇ ਹਨ ਅਤੇ ਜਿਹੜੇ ਨਹੀਂ ਮੰਨਦੇ, ਉਹ ਵੀ ਬਿਨਾਂ ਜਾਣਿਆਂ ਹੀ ਨਹੀਂ ਮੰਨਦੇ।

ਹੁਣ ਸੁਆਲ ਹੈ ਕਿ ਜਪੀਏ ਕਿਵੇਂ ?

ਗੁਰੂ ਨਾਨਕ ਸਾਹਿਬ ਨੇ ਗੁਰ ਮੰਤਰ ਵਾਹਿਗੁਰੂ ਦਿੱਤਾ ਹੈ।

ਧਰਮ ਦੀ ਦੁਨੀਆਂ ਵਿਚ ਸ਼ਬਦ ਨੂੰ ਕੇਂਦਰ ਮੰਨਿਆ ਜਾਂਦਾ ਹੈ। ਧਰਮ ਸ਼ਬਦ ਆਸਰੇ ਚਲਦਾ ਹੈ। ਪਰ ਹੈਰਾਨ ਹੋਵੋਗੇ ਕਿ ਸੰਸਾਰ ਦੇ ਸਬੰਧ ਵੀ ਸ਼ਬਦ ਦੇ ਆਸਰੇ ਹੀ ਚਲਦੇ ਹਨ। ਜਗਤ ਦੇ ਸਬੰਧ ਬੋਲ (ਸ਼ਬਦ) ਦੇ ਆਸਰੇ ਅਸਥਾਪਨ ਹੁੰਦੇ ਹਨ। ਇਕੱਲਾ ਦੇਖਣ ਨਾਲ ਸਬੰਧ ਨਹੀਂ ਬਣਦੇ। ਦੇਖਣ ਨੂੰ ਤਾਂ ਦੁਸ਼ਮਣ ਵੀ ਇਕ-ਦੂਸਰੇ ਨੂੰ ਦੇਖਦੇ ਹਨ, ਪਰ ਬੋਲ-ਚਾਲ ਨਹੀਂ ਹੁੰਦਾ। ਜਿਥੇ ਬੋਲ ਚਾਲ-ਬੰਦ ਹੋ ਜਾਵੇ, ਉਥੇ ਸਬੰਧ ਟੁੱਟ ਜਾਂਦੇ ਹਨ। ਦੋ ਭਰਾ ਆਪਸ ਵਿਚ ਨਾ ਬੋਲਣ ਤਾਂ ਸਿਆਣੇ ਅੰਦਾਜ਼ਾ ਲਾ ਲੈਂਦੇ ਹਨ ਕਿ ਇਸ ਵਕਤ ਸਬੰਧ ਟੁੱਟੇ ਹੋਏ ਹਨ। ਅਕਸਰ, ਜਿਥੇ ਸਬੰਧ ਨਹੀਂ ਹੁੰਦੇ, ਆਦਮੀ ਕਹਿ ਦੇਂਦਾ ਹੈ ਕਿ ਉਥੇ ਮੇਰੀ-ਬੋਲ ਚਾਲ ਬੰਦ ਹੈ। ਜਿਥੇ ਸਬੰਧ ਗੂੜ੍ਹੇ ਹੁੰਦੇ ਹਨ, ਉਥੇ ਕਹਿ ਦੇਂਦਾ ਹੈ, ਉਥੇ ਸਾਡੀ ਬੋਲ-ਚਾਲ ਬਹੁਤ ਗਹਿਰੀ ਹੈ। ਬੋਲ-ਚਾਲ ਹੈ ਤਾਂ ਸਬੰਧ ਹਨ।

ਬੋਲ-ਚਾਲ ਨਹੀਂ ਤਾਂ ਸਮਝੋ ਸਬੰਧ ਨਹੀਂ। ਸਾਰੇ ਸਬੰਧ ਬੋਲ (ਸ਼ਬਦ) ਦੇ ਆਸਰੇ ਹਨ। ਬੋਲ (ਸ਼ਬਦ) ਨਾਲ ਹੀ ਸੰਸਾਰ ਨਾਲ ਸਬੰਧ ਬਣਦੇ ਹਨ ਅਤੇ ਬੋਲ (ਸ਼ਬਦ) ਨਾਲ ਹੀ ਕਰਤਾਰ ਨਾਲ ਸਬੰਧ ਬਣਦੇ ਹਨ। ਹਾਲਾਂਕਿ ਸਰੀਰ ਦਾ ਹਰ ਇੰਦਰਾ ਕੀਮਤੀ ਹੈ ਅਤੇ ਹਰੇਕ ਇੰਦਰਾ ਸੰਸਾਰ ਨਾਲ ਸਰੀਰ ਦੇ ਸਬੰਧ ਬਣਾਉਂਦਾ ਹੈ। ਪਰ ਜ਼ੁਬਾਨ ਏਨੀ ਕੀਮਤੀ ਹੈ ਕਿ ਇਸ ਤੋਂ ਬਿਨਾਂ ਨਾ ਸੰਸਾਰ ਨਾਲ ਸਬੰਧ ਬਣਦੇ ਹਨ ਅਤੇ ਨਾ ਹੀ ਕਰਤਾਰ ਨਾਲ। ਸੰਸਾਰ ਦੇ ਸਾਰੇ ਨਜ਼ਾਰੇ ਅੱਖਾਂ ਕਰਕੇ ਹਨ। ਸਿਆਣਿਆਂ ਦਾ ਕਹਿਣਾ ਹੈ ਕਿ ਅੱਖਾਂ ਗਈਆਂ ਤਾਂ ਸੰਸਾਰ ਗਿਆ। ਕਿਉਂਕਿ ਸੰਸਾਰ ਦਾ ਰੰਗ ਰੂਪ ਸਾਰਾ ਅੱਖਾਂ ਨਾਲ ਸਬੰਧ ਰੱਖਦਾ ਹੈ। ਪਰ ਜਿਨ੍ਹਾਂ ਦੀਆਂ ਅੱਖਾਂ ਨਹੀਂ ਹੁੰਦੀਆਂ, ਉਹ ਵੀ ਸੰਸਾਰ ਨਾਲ ਸਬੰਧ ਬਨਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਅੱਖਾਂ ਨਾਲ ਕੇਵਲ ਰੂਪ ਰੰਗ ਦਾ ਗਿਆਨ ਹੁੰਦਾ ਹੈ, ਅੱਖਾਂ ਨਾਲ ਸੁਣਿਆ ਤੇ ਚੱਖਿਆ ਨਹੀਂ ਜਾ ਸਕਦਾ। ਪਰ ਨੇਤਰਹੀਣਾਂ ਵਾਸਤੇ ਵੀ ਵਿਕਾਸ ਦੇ ਦਰਵਾਜ਼ੇ ਜਗਤ ਵਿਚ ਬੰਦ ਨਹੀਂ ਹੁੰਦੇ। ਨੇਤ੍ਰਹੀਣ, ਚੰਗੇ ਸੰਗੀਤਕਾਰ, ਚੰਗੇ ਕਵੀ, ਚੰਗੇ ਫਿਲਾਸਫ਼ਰ, ਦਾਰਸ਼ਨਿਕ ਬੁਲਾਰੇ, ਅਤੇ ਚੰਗੇ ਭਗਤ ਵੀ ਹੋਏ ਹਨ ਅਤੇ ਅੱਜ-ਕਲ ਵੀ ਨੇਤਰਹੀਣ ਵਿਦਿਆ ਦੇ ਬੜੇ ਗਿਆਨੀ ਦੇਖੇ ਜਾਂਦੇ ਹਨ। ਭਗਤ ਸੂਰਦਾਸ ਦਾ ਨਾਮ, ਉੱਘੇ ਭਗਤਾਂ ਵਿਚ ਦਰਜ ਹੈ। ਸੂਰਦਾਸ ਜੀ ਸੰਸਾਰ ਨੂੰ ਦੇਖਣ ਵਿਚ ਤਾਂ ਅਸਮਰਥ ਹੋਏ, ਪਰ ਕਰਤਾਰ ਨੂੰ ਦੇਖਣ ਵਿਚ ਸਫ਼ਲ ਹੋ ਗਏ। ਨੇਤਰਹੀਣਾਂ ਦਾ ਗ੍ਰਿਹਿਸਤੀ ਜੀਵਨ ਵੀ ਚੰਗਾ ਵੇਖਿਆ ਗਿਆ ਹੈ।

ਪਰ ਇਤਿਹਾਸ ਵਿਚ ਇਸ ਤਰ੍ਹਾਂ ਦਾ ਆਦਮੀ ਲੱਭਣਾ ਹੋਵੇ, ਜੋ ਗੂੰਗਾ ਹੋਵੇ ਤੇ ਚੋਟੀ ਦਾ ਗਾਇਕ ਹੋਵੇ, ਕਵੀ ਹੋਵੇ, ਦਾਰਸ਼ਨਿਕ ਜਾਂ ਫਿਲਾਸਫਰ ਹੋਵੇ ਤਾਂ ਨਹੀਂ ਮਿਲੇਗਾ। ਗੂੰਗਾਂ ਧਰਮ ਨਾਲ ਵੀ ਸਬੰਧ ਜੋੜਨ ਵਿਚ ਅਸਮਰਥ ਹੁੰਦਾ ਹੈ। ਗੂੰਗੇ ਲੋਕ, ਭਗਤ, ਸੰਤ ਬ੍ਰਹਮ-ਗਿਆਨੀ ਹੋਣ, ਕੋਈ ਮਿਸਾਲ ਕਦੇ ਸਾਹਮਣੇ ਨਹੀਂ ਆਈ। ਇਤਿਹਾਸ ਵਿਚ ਵੀ ਕੋਈ ਜਿਕਰ ਨਹੀਂ ਆਉਂਦਾ। ਦਰਅਸਲ ਗੂੰਗੇ ਲਈ ਵਿਕਾਸ ਦੇ ਸਾਰੇ ਦੁਆਰ ਬੰਦ ਹੁੰਦੇ ਹਨ। ਕਿਉਂਕਿ ਸਬੰਧ ਸਾਰੇ ਜ਼ੁਬਾਨ ਨਾਲ, (ਸ਼ਬਦ) ਦੇ ਆਸਰੇ ਬਣਦੇ ਹਨ ਅਤੇ ਗੂੰਗੇ ਕੋਲ ਜ਼ੁਬਾਨ ਨਹੀਂ ਹੁੰਦੀ। ਗੂੰਗੇ ਕੋਲ ਕੇਵਲ ਸਰੀਰਕ ਅੰਗਾਂ ਦੇ ਇਸ਼ਾਰੇ ਹੁੰਦੇ ਹਨ, ਜਿਨ੍ਹਾਂ ਆਸਰੇ ਉਹ ਸੰਸਾਰ ਨਾਲ ਸਬੰਧ ਬਨਾਉਣ ਦਾ ਜਤਨ ਕਰਦਾ ਹੈ। ਉਹ ਗੂੰਗੇ ਦੇ ਇਸ਼ਾਰੇ ਵੀ ਗੂੰਗੇ ਦੀ ਮਾਂ ਹੀ ਸਮਝ ਸਕਦੀ ਹੈ, ਹੋਰ ਕਿਸੇ ਦੀ ਸਮਝ ਵਿਚ ਘੱਟ ਹੀ ਆਉਂਦੇ ਹਨ। ਇਸ ਵਾਸਤੇ ਗੂੰਗਾ ਪ੍ਰਾਣੀ, ਨੇਤਰਹੀਣਾਂ ਨਾਲੋਂ ਵੀ ਜ਼ਿਆਦਾ ਦਇਆ ਦਾ ਪਾਤਰ ਹੁੰਦਾ ਹੈ। ਗੂੰਗਾ, ਸੰਸਾਰ ਨਾਲ ਸਬੰਧ ਬਨਾਉਣ ਵਿਚ ਅਸਮਰਥ ਹੁੰਦਾ ਹੈ। ਗੂੰਗਿਆਂ ਦੇ ਕੋਈ ਗੂੜ੍ਹੇ ਮਿੱਤਰ ਨਹੀਂ ਬਣਦੇ। ਜੋ ਸੰਸਾਰ ਨਾਲ ਸਬੰਧ ਬਨਾਉਣ ਵਿਚ ਅਸਮਰਥ ਹੋ ਜਾਏ, ਉਹ ਕਰਤਾਰ ਨਾਲ ਵੀ ਸਬੰਧ ਨਹੀਂ ਬਣਾ ਸਕਦਾ। ਕਿਉਂਕਿ ਸੰਸਾਰ ਨਾਲ ਵੀ ਸਬੰਧ ਬੋਲ (ਸ਼ਬਦ) ਦੇ ਆਸਰੇ ਬਣਦੇ ਹਨ ਅਤੇ ਕਰਤਾਰ ਨਾਲ ਵੀ। ਬੋਲ (ਸ਼ਬਦ) ਦੇ ਆਸਰੇ ਸਬੰਧ ਬਣਦੇ ਹਨ-

ਹੁਣ ਸੁਆਲ ਹੈ ਕਿ ਉਹ ਕਿਹੜਾ ਬੋਲ (ਸ਼ਬਦ) ਹੈ, ਜਿਹੜਾ ਬੋਲੀਏ ਤੇ ਕਰਤਾਰ ਨਾਲ ਸਬੰਧ ਬਣ ਜਾਏ।

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥

(ਜਪੁਜੀ)

ਜਿਸ ਸ਼ਬਦ (ਬੋਲ) ਨਾਲ ਕੇਵਲ ਸੰਸਾਰ ਨਾਲ ਸਬੰਧ ਬਣਦੇ ਹਨ, ਉਹ ਸ਼ਬਦ (ਅੱਖਰ) ਹਨ। ਪਰ ਜਿਹੜੇ ਸ਼ਬਦ (ਬੋਲ) ਨਾਲ ਕਰਤਾਰ ਨਾਲ ਸਬੰਧ ਬਣਦਾ ਹੈ, ਉਹ ਗੁਰ ਮੰਤਰ ਹੈ। ਯਾਨੀ ਕਿ ਗੁਰ ਸ਼ਬਦ ਹੈ। ਸੰਸਾਰ ਨਾਲ ਸਬੰਧ ਜਿਹੜੇ ਸ਼ਬਦਾਂ ਦੁਆਰਾ ਬਣਦੇ ਹਨ ਉਹ ਅੱਖਰਾਂ ਤੇ ਭਾਸ਼ਾ ਦੇ ਮੁਹਤਾਜ ਹੁੰਦੇ ਹਨ। ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਪਰਸ਼ੀਅਨ ਆਦਿ ਭਾਸ਼ਾਵਾਂ ਦੇ ਮੁਹਤਾਜ ਅੱਖਰ, ਸਮਾਜ ਤੇ ਸੰਸਾਰ ਤੱਕ ਤਾਂ ਸਬੰਧ ਬਣਾ ਸਕਦੇ ਹਨ, ਪਰ ਕਰਤਾਰ ਨਾਲ ਸਬੰਧ ਕੇਵਲ, ਗੁਰ ਸ਼ਬਦ ਨੂੰ ਪ੍ਰੇਮ ਦੀ ਭਾਸ਼ਾ ਵਿਚ ਜਪਣ ਨਾਲ ਬਣਦੇ ਹਨ।

ਭਾਖਿਆ ਭਾਉ ਅਪਾਰੁ ॥

(ਜਪੁਜੀ ਸਾਹਿਬ)

ਸੰਸਾਰ ਨਾਲ ਸਬੰਧ ਕਾਇਮ ਕਰਨ ਲਈ, ਮਨੁੱਖ ਨੇ ਬਕਾਇਦਾ ਭਾਸ਼ਾਵਾਂ ਦੇ ਅੱਖਰ ਤਿਆਰ ਕੀਤੇ ਹਨ। ਵਰਨਾ ਅਵਾਜ਼ ਤਾਂ ਪਸ਼ੂਆਂ ਕੋਲ ਵੀ ਹੈ। ਪਰ ਉਹਨਾਂ ਕੋਲ ਬੌਧਿਕ ਗਿਆਨ ਤੇ ਭਾਸ਼ਾਵਾਂ ਦੇ ਅੱਖਰ ਨਹੀਂ ਹਨ। ਇਸ ਕਰਕੇ ਪਸ਼ੂਆਂ ਦਾ ਕੋਈ ਪ੍ਰਵਾਰ, ਸਮਾਜ ਤੇ ਭਾਸ਼ਾ ਨਹੀਂ ਹੁੰਦੀ। ਹਾਲਾਂਕਿ ਪ੍ਰੇਮ ਦੀ ਭਾਸ਼ਾ ਨੂੰ ਪਸ਼ੂ ਪੰਛੀ ਵੀ ਕਬੂਲਦੇ ਹਨ। ਪਰ ਮਨੁੱਖ ਨਾਲੋਂ ਬਹੁਤ ਪਛੜੇ ਹੋਏ ਹਨ। ਕਿਉਂਕਿ ਪਸ਼ੂਆਂ ਪੰਛੀਆਂ ਕੋਲ ਅਵਾਜ਼ ਹੈ, ਅੱਖਰ ਤੇ ਭਾਸ਼ਾ ਨਹੀਂ ਹੈ। ਪਸ਼ੂ ਕੋਲ ਸ਼ਬਦ (ਧੁਨ) ਹੈ, ਪਰ ਬੌਧਿਕ ਗਿਆਨ ਨਹੀਂ। ਇਸ ਕਰਕੇ ਉਸ ਨੂੰ ਭਾਸ਼ਾ ਦਾ ਕੋਈ ਗਿਆਨ ਨਹੀਂ ਆਉਂਦਾ। ਪਸ਼ੂ ਆਪਣੀ ਅਵਾਜ਼ ਨਾਲ, ਆਪਣੀ ਹੋਂਦ ਦਾ ਪ੍ਰਗਟਾਵਾ ਤਾਂ ਕਰ ਸਕਦਾ ਹੈ, ਪਰ ਪਸ਼ੂ ਕੋਲੋਂ ਪੁਛਿਆ ਜਾਵੇ ਕਿ ਤੇਰਾ ਘਰ-ਬਾਰ ਤੇ ਮਾਂ-ਬਾਪ ਕਿਥੇ ਹਨ? ਤਾਂ ਉਹ ਨਹੀਂ ਦੱਸ ਸਕਦਾ। ਪਸ਼ੂ ਆਪਣੀ ਉਮਰ ਨਹੀਂ ਦੱਸ ਸਕਦਾ। ਦਰਅਸਲ ਪਸ਼ੂ ਕੋਲ ਕੋਈ ਬੁਧੀ ਨਹੀਂ। ਭਾਸ਼ਾ ਦੇ ਅੱਖਰ ਕੇਵਲ ਮਨੁੱਖੀ ਦੁਨੀਆਂ ਵਿਚ ਹਨ। ਏਸੇ ਕਰਕੇ ਮਨੁੱਖਾ ਜਨਮ ਇਸ ਸ੍ਰਿਸ਼ਟੀ ਦਾ ਸਭ ਤੋਂ ਉੱਤਮ ਜਨਮ ਹੈ। ਮਨੁੱਖ ਨੇ ਸ਼ਬਦ ਤੋਂ ਭਾਸ਼ਾ ਤੇ ਅੱਖਰ ਤਿਆਰ ਕੀਤੇ ਹਨ। ਮਨੁੱਖ, ਸੰਸਾਰ ਤੇ ਕਰਤਾਰ ਨਾਲ ਸਬੰਧ ਅੱਖਰਾਂ ਦੁਆਰਾ ਅਸਥਾਪਨ ਕਰਦਾ ਹੈ। ਹੈ ਸਾਰੀ ਸ਼ਬਦ ਦੀ ਕਲਾ, ਪਰ ਇਸ ਵਿਚ ਮਨੁੱਖੀ ਬੁੱਧੀ ਦੀ ਸ਼ਕਤੀ ਕੰਮ ਕਰਦੀ ਹੈ।

ਅਖਰੀ ਨਾਮੁ ਅਖਰੀ ਸਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥
ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥

(ਜਪੁਜੀ ਸਾਹਿਬ)

ਜਿਨ੍ਹਾਂ ਸ਼ਬਦਾਂ ਦੁਆਰਾ ਸੰਸਾਰ ਨਾਲ ਸਬੰਧ ਬਣਦੇ ਹਨ, ਉਹ ਸਾਰੇ ਆਹਤ ਸ਼ਬਦ ਹੀ ਹੁੰਦੇ ਹਨ। ਇਹਨਾਂ ਸ਼ਬਦਾਂ ਵਿਚ ਬੌਧਿਕ ਬਲ ਕੰਮ ਕਰਦਾ ਹੈ। ਇਹੀ ਸ਼ਬਦ ਹੁੰਦੇ ਹਨ, ਜਿਨਾ ਦੁਆਰਾ ਸੰਸਾਰ ਦੇ ਵਿਗੜੇ ਸਬੰਧ ਵੀ ਬਣ ਜਾਂਦੇ ਹਨ। ਪਰ ਕੁਝ ਐਸੇ ਸ਼ਬਦ ਹੁੰਦੇ ਹਨ ਕਿ ਜਿਨ੍ਹਾਂ ਦਾ ਇਸਤੇਮਾਲ ਕਰਨ ਨਾਲ ਬਣੇ ਹੋਏ ਸਬੰਧ ਵੀ ਟੁੱਟ ਜਾਂਦੇ ਹਨ। ਜਿਨ੍ਹਾਂ ਸ਼ਬਦਾਂ ਨਾਲ ਸੰਸਾਰ ਸਬੰਧ ਰੱਖਦਾ ਹੈ, ਉਹ ਕੇਵਲ ਸ਼ਬਦ ਹਨ, ਪਰ ਜਿਹਨਾਂ

ਸ਼ਬਦਾਂ ਨਾਲ ਅਧਿਆਤਮਕ ਜੀਵਨ ਸਬੰਧਤ ਹੁੰਦਾ ਹੈ, ਉਹ ਗੁਰਮਤਿ ਹੁੰਦੀ ਹੈ। ਪਰ ਗੁਰ ਮੰਤਰ ਐਸਾ ਸ਼ਬਦ ਹੁੰਦਾ ਹੈ, ਜਿਸ ਨੂੰ ਕੇਵਲ ਜਪਿਆ ਹੀ ਜਾ ਸਕਦਾ ਹੈ। ਉਹ ਗੁਰ ਮੰਤਰ ਜਾਂ ਗੁਰ ਸ਼ਬਦ ਹੁੰਦਾ ਹੈ। ਜਿਹੜੇ ਸ਼ਬਦਾਂ ਦੁਆਰਾ ਨਿਰੰਕਾਰ ਦਾ ਬੋਧ ਹੁੰਦਾ ਹੈ, ਉਹ ਸਭ ਗੁਰਮਤਿ ਹੁੰਦੀ ਹੈ। ਇਕ ਐਸੇ ਸ਼ਬਦ ਹੁੰਦੇ ਹਨ, ਜਿਨ੍ਹਾਂ ਦੁਆਰਾ ਅੰਤਰ ਆਤਮਾ ਤੋਂ ਪ੍ਰਾਰਥਨਾ ਜਨਮ ਲੈਂਦੀ ਹੈ। ਪ੍ਰਾਰਥਨਾ ਵਿਚ ਪ੍ਰਮਾਤਮਾ ਪਾਸੋਂ ਨਿਰਮਲ ਤੇ ਬਿਬੇਕ ਬੁੱਧ ਦੀ ਮੰਗ ਕੀਤੀ ਜਾਂਦੀ ਹੈ।

ਸੰਸਾਰ ਦਾ ਗਿਆਨ ਮਨੁੱਖ ਨੂੰ ਬ-ਖੂਬੀ ਆ ਗਿਆ ਹੈ, ਪਰ ਕਰਤਾਰ ਦਾ ਬੋਧ ਨਹੀਂ ਆਇਆ। ਧਨ ਕਮਾਉਣਾ ਮਨੁੱਖ ਨੂੰ ਆਉਂਦਾ ਹੈ, ਪਰ ਧਰਮ ਕਮਾਉਣਾ ਨਹੀਂ ਆਉਂਦਾ। ਸੰਸਾਰ ਦੇ ਗਿਆਨ ਲਈ ਮਨੁੱਖ ਕੋਲ, ਸਕੂਲ, ਕਾਲਜ, ਵਿਸ਼ਵ ਵਿਦਿਆਲੇ ਹਨ, ਜੋ ਤਰ੍ਹਾਂ-ਤਰ੍ਹਾਂ ਦਾ ਗਿਆਨ ਮਨੁੱਖਤਾ ਦੀ ਝੋਲੀ ਵਿਚ ਪਾ ਰਹੇ ਹਨ, ਪਰ ਧਰਮ ਤੇ ਪ੍ਰਮਾਤਮਾ ਦੇ ਨਾਮ ਤੇ ਹਜ਼ਾਰਾਂ ਸਾਲ ਪਹਿਲਾਂ ਜੋ ਅੰਧੇਰਾ ਸੀ, ਉਹ ਅੱਜ ਵੀ ਹੈ। ਧਰਮ ਦੇ ਨਾਮ ਤੇ ਅੰਧ-ਵਿਸ਼ਵਾਸ਼ ਤੇ ਅਗਿਆਨਤਾ ਹੀ ਜ਼ਿਆਦਾ ਫੈਲੀ ਹੈ। ਵਿਰਲੇ ਵਿਰਲੇ ਮਨੁੱਖ ਸਦੀਆਂ ਪਹਿਲਾਂ ਆਤਮ-ਦਰਸ਼ੀ ਹੁੰਦੇ ਸਨ ਤੇ ਅੱਜ ਵੀ ਆਤਮ ਗਿਆਨੀ ਵਿਰਲੇ-ਵਿਰਲੇ ਹੀ ਮਿਲਦੇ ਹਨ। ਦਰਅਸਲ ਇਸ ਦਾ ਕਾਰਨ ਹੈ ਕਿ, ਸੰਸਾਰ ਨੂੰ ਸਮਝਣ ਲਈ ਮਨੁੱਖ ਕਾਫੀ ਸਮਾਂ ਖਰਚ ਕਰਦਾ ਹੈ। ਕੋਈ ਡਾਕਟਰ, ਇੰਜੀਨੀਅਰ ਬਣਿਆ ਤਾਂ ਸਤਾਰਾਂ ਅਠਾਰਾਂ ਸਾਲ ਖਰਚ ਕੀਤੇ ਹਨ। ਵਕੀਲ ਬਣਨ ਵਾਸਤੇ ਸਾਲਾਂ ਬੱਧੀ ਸਮਾਂ ਖਰਚ ਕਰਦਾ ਹੈ। ਸੰਸਾਰ ਨੂੰ ਸਮਝਣ ਲਈ ਮਨੁੱਖ ਜ਼ਿਆਦਾ ਸਮਾਂ ਖਰਚ ਕਰਦਾ ਹੈ ਅਤੇ ਕੁਝ ਸਮਝ ਮਾਂ-ਬਾਪ ਤੋਂ ਪ੍ਰਾਪਤ ਕਰ ਲੈਂਦਾ ਹੈ। ਕੁਝ ਸੰਸਾਰ ਦੀ ਸਮਝ, ਸਮਾਜ ਵਿਚ ਵਿਚਾਰਦਿਆਂ ਪ੍ਰਾਪਤ ਹੋ ਜਾਂਦਾ ਹੈ। ਪਰ ਪ੍ਰਮਾਤਮਾ ਦਾ ਗਿਆਨ ਨਾ ਹੀ ਮਾਂ-ਬਾਪ ਤੋਂ ਮਿਲਦਾ ਹੈ ਅਤੇ ਨਾ ਹੀਂ ਸਮਾਜਿਕ ਸਕੂਲਾਂ ਕਾਲਜਾਂ ਤੋਂ। ਵੈਸੇ, ਹਰ ਮਨੁੱਖ ਅੰਦਰ ਪਰਮ-ਰਸ ਪ੍ਰਾਪਤ ਕਰਨ ਦੀ ਲਾਲਸਾ ਹੈ। ਪਰ ਬਹੁਤਾਤ ਵਿਚ ਇਹ ਪਿਆਸ ਵੀ ਨਹੀਂ। ਇਸ ਕਰਕੇ ਧਰਮ ਦਾ ਗਿਆਨ ਬਹੁਤਿਆਂ ਕੋਲ ਨਹੀਂ ਹੁੰਦਾ। ਇਸ ਦਾ ਮੂਲ ਕਾਰਨ ਹੈ ਕਿ ਅੱਜ ਦੇ ਮਨੁੱਖ ਦੀ ਜ਼ਿੰਦਗੀ ਸੰਸਾਰ ਵਲ ਜ਼ਿਆਦਾ ਮਸ਼ਰੂਫ ਹੈ। ਧਰਮ ਗਿਆਨ ਵਾਸਤੇ ਮਨੁੱਖ ਸਮਾਂ ਨਹੀਂ ਦੇਂਦਾ। ਤਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਮਾਂ ਕੱਢਦਾ ਹੈ, ਪਰ ਮਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਮਾਂ ਨਹੀਂ ਕੱਢਦਾ। ਤਨ ਨੂੰ ਭੋਜਨ ਦੀ ਲੋੜ ਹੈ ਅਤੇ ਮਨ ਨੂੰ ਭਜਨ ਦੀ ਲੋੜ ਹੈ। ਭੋਜਨ ਪ੍ਰਾਪਤੀ ਦੇ ਸਾਧਨ ਮਨੁੱਖ ਕੋਲ ਹਨ, ਪਰ ਭਜਨ ਦੀ ਜੁਗਤਿ ਨਹੀਂ ਆਉਂਦੀ। ਕ੍ਰੋੜਾਂ ਵਿਚੋਂ ਕੋਈ ਇਕ ਦੋ ਬੰਦੇ ਪ੍ਰਮਾਤਮਾ ਦਾ ਗਿਆਨ ਉਪਲਬਧ ਕਰਦੇ ਹਨ, ਵਰਨਾ ਕੋਈ ਨਹੀਂ ਮਿਲਦਾ। ਜੋ ਮਿਲਦੇ ਹਨ, ਬਹੁਤੇ ਪਖੰਡੀ ਤੇ ਦੰਭੀ ਹੁੰਦੇ ਹਨ।

ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ ॥

(ਪੰਨਾ ੬੮੫)

ਹੁਣ ਜੇ ਕ੍ਰੋੜਾਂ ਵਿਚੋਂ ਕਦੇ ਕਦਾਈਂ ਇਕ ਦੋ ਮਨੁੱਖਾਂ ਨੂੰ ਪਰਮਾਤਮਾ ਦੀ ਪਹਿਚਾਣ ਹੋਵੇ ਤਾਂ ਇਹ ਕੋਈ ਖਾਸ ਗੱਲ ਨਹੀਂ। ਇਸ ਵਾਸਤੇ ਧਰਮ ਦੀ ਦੁਨੀਆਂ ਵਿਚ ਸ਼ੋਸ਼ਣ

ਬਹੁਤਾ ਹੁੰਦਾ ਹੈ। ਧੋਖਾ, ਛੱਲ ਫਰੇਬ, ਸਭ ਧਰਮ ਦੀ ਦੁਨੀਆਂ ਵਿਚ ਚਲਦਾ ਹੈ। ਇਸਦਾ ਮੂਲ ਕਾਰਨ ਲੋਕਾਂ ਦੀ ਨਾ-ਸਮਝੀ ਹੈ। ਆਤਮ-ਰਸ ਦੇ ਗਿਆਨ ਵਾਲੀ, ਆਤਮਾ ਲੱਭਣੀ ਹੋਵੇ ਤਾਂ ਬੜੀ ਔਖੀ ਗੱਲ ਹੈ, ਪਰ ਏਥੇ ਗਲੀ-ਗਲੀ ਗੁਰੂਆਂ ਦੀ ਭਰਮਾਰ ਹੈ। ਇਹ ਧਰਮ ਦੇ ਨਾਮ ਤੇ ਵਪਾਰ ਬਹੁਤ ਚਲਦਾ ਹੈ। ਚਲਾਕ ਲੋਕਾਂ ਨੇ ਧਰਮ ਦੇ ਨਾਮ ਤੇ ਬੜੀਆਂ ਵਡੀਆਂ-ਵਡੀਆਂ ਦੁਕਾਨਾਂ ਚਲਾਈਆਂ ਹੋਈਆਂ ਹਨ, ਪਰ ਉਹਨਾਂ ਦੀ ਦੁਕਾਨ ਵਿਚ ਧਰਮ ਨਹੀਂ ਹੈ। ਦਰਅਸਲ ਇਹ ਲੋਕ ਧਰਮ ਵੇਚ ਰਹੇ ਹਨ।

ਅਮਰ ਤਤ ਨੂੰ ਪ੍ਰਾਪਤ ਕੀਤੇ ਤੋਂ ਬਿਨਾਂ ਅੰਤਸ਼ਕਰਨ ਦਾ ਅੰਧੇਰਾ ਦੂਰ ਨਹੀਂ ਹੋ ਸਕਦਾ। ਹੁਣ ਸੁਆਲ ਹੈ ਕਿ ਉਹ ਕਿਹੜਾ ਮੰਤਰ ਹੈ, ਜਿਸ ਨੂੰ ਜਪਣ ਨਾਲ ਅਮਰ ਤਤ (ਜੀਵਨ ਚੇਤਨਾ) ਉਜਾਗਰ ਹੋ ਸਕੇ?

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥

(ਜਪੁਜੀ ਸਾਹਿਬ)

ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਜੋ ਆਪਣੇ ਅੰਤਰ-ਆਤਮੇ ਤੋਂ ਅਨੁਭਵ ਕਰਕੇ, ਗੁਰ ਮੰਤਰ ਜਗਤ ਨੂੰ ਦਿੱਤਾ ਹੈ। ਉਹ ਹੈ "ਵਾਹਿਗੁਰੂ"। ਗੁਰ ਮੰਤਰ ਹਮੇਸ਼ਾ ਹੀ ਅਧਿਕਾਰੀ ਨੂੰ ਦਿੱਤਾ ਜਾਂਦਾ ਹੈ, ਪਰ ਗੁਰੂ ਨਾਨਕ ਸਾਹਿਬ ਨੇ ਗੁਰ ਮੰਤਰ ਗੁਪਤ ਨਹੀਂ ਰੱਖਿਆ। ਸਭ ਜਗਤ ਨੂੰ ਦਰਸਾਇਆ ਹੈ ਅਤੇ ਉਪਦੇਸ਼ ਕੀਤਾ ਹੈ, ਕਿ "ਵਾਹਿਗੁਰੂ" ਮੰਤਰ ਦੁਆਰਾ ਹੀ "ਵਾਹਿਗੁਰੂ ਪ੍ਰਭੂ" ਨੂੰ ਪ੍ਰਗਟ ਕਰਨਾ ਹੈ। ਪ੍ਰਭੂ, ਸ਼ਬਦ ਹੋ ਕੇ ਹਰੇਕ ਰੋਮ-ਰੋਮ ਵਿਚ ਰਮਿਆ ਹੋਇਆ ਹੈ। ਸਾਰਾ ਪਸਾਰਾ ਸ਼ਬਦ ਦਾ ਹੈ, ਯਾਨੀ ਕਿ ਅਵਾਜ਼ ਦਾ ਹੈ। ਧਾਰਮਿਕ ਦੁਨੀਆਂ ਦਾ ਸਾਰਾ ਸਬੰਧ, ਸ਼ਬਦ ਨਾਲ ਬੱਝਾ ਹੈ। ਸ਼ਬਦ ਹੀ ਜਪਣਾ ਹੈ ਅਤੇ ਸ਼ਬਦ ਰਾਹੀਂ ਹੀ "ਸ਼ਬਦ ਪ੍ਰਭੂ" ਨੂੰ ਉਜਾਗਰ ਕਰਨਾ ਹੈ। ਸ਼ਬਦ ਅਵਾਜ਼ ਹੈ। ਅਵਾਜ਼ ਦੀ ਮਹਿਮਾ ਬਹੁ-ਪੱਖੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਕਥਨ ਹੈ ਕਿ ਸਾਰਾ ਬ੍ਰਹਿਮੰਡ ਹੀ ਅਵਾਜ਼ (ਸ਼ਬਦ) ਤੋਂ ਆਇਆ ਹੈ। ਓਅੰਕਾਰ ਦੀ ਧੁਨ ਤੋਂ ਆਇਆ ਹੈ।

ਪ੍ਰਥਮ ਕਾਲ ਜਬ ਕਰਾ ਪਸਾਰਾ ॥
ਓਅੰਕਾਰ ਤੇ ਸ੍ਰਿਸਟਿ ਅਪਾਰਾ ॥

(ਦਸਮ ਗ੍ਰੰਥ)

ਹੁਣ ਤਾਂ ਵਿਗਿਆਨ ਵੀ ਇਹ ਮੰਨਦਾ ਹੈ ਕਿ ਅਰਬਾਂ-ਖਰਬਾਂ ਸਾਲ ਪਹਿਲਾਂ ਇਕ ਧਮਾਕਾ ਹੋਇਆ ਸੀ, ਉਸ ਤੋਂ ਬਾਅਦ ਗੈਸ ਹੋਈ। ਫਿਰ ਪਾਣੀ ਤੇ ਪਾਣੀ ਤੋਂ ਜੀਵਨ ਬਣ ਗਿਆ।

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥

(ਪੰਨਾ ੧੯)

ਇਸ ਤਰ੍ਹਾਂ ਉਹ ਮੂਲ ਸ਼ਬਦ ਘਟ-ਘਟ ਵਿਚ ਰਮਿਆ ਹੋਇਆ ਹੈ। ਉਹ ਸ਼ਬਦ ਹੀ ਪ੍ਰਭੂ ਹੈ। ਸ਼ਬਦ ਹੀ ਅਮਰ ਹੈ। ਦਰਅਸਲ ਸਾਰਾ ਪਸਾਰਾ ਸ਼ਬਦ ਦਾ ਹੈ। ਚੂੰਕਿ ਸ਼ਬਦ ਤੋਂ ਸੰਸਾਰ ਆਇਆ ਹੈ। ਇਸ ਵਾਸਤੇ ਸ਼ਬਦ ਅਮਰ ਹੈ, ਸ਼ਬਦ ਸਰਬ-ਵਿਆਪਕ

ਹੈ। ਜਦੋਂ ਕੋਈ ਆਪਣੀ ਸੁਰਤ ਨੂੰ ਆਪਣੇ ਅੰਦਰਲੇ ਸ਼ਬਦ ਤਕ ਲੈ ਜਾਂਦਾ ਹੈ ਤਾਂ ਉਹ ਅਮਰ ਹੋ ਜਾਂਦਾ ਹੈ। ਯਾਨੀ ਕਿ ਜੀਵਨ ਮੁਕਤੀ (ਮੋਖ਼ਸ਼) ਨੂੰ ਉਪਲਬਧ ਹੋ ਜਾਂਦਾ ਹੈ। ਦਰਅਸਲ ਆਪਣੇ ਅੰਦਰ ਉੱਤਰ ਕੇ ਹੀ ਪਤਾ ਲਗਦਾ ਹੈ ਕਿ, ਤਨ ਦਾ ਮੂਲ ਸ਼ਬਦ ਕਰਕੇ ਹੈ ਅਤੇ ਸ਼ਬਦ ਹੀ ਆਦਿ ਗੁਰੂ ਹੈ। ਦੇਹ ਗੁਰੂ ਨਹੀਂ, ਬਲਕਿ ਸ਼ਬਦ ਗੁਰੂ ਹੈ।

ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥੯॥

(ਚੌਪਈ ਪਾ: ੧੦)

ਗੁਰੂ ਨਾਨਕ ਦੇਵ ਜੀ ਨੇ ਆਪਣੇ ਧੁਰ ਅੰਤਰ ਉਤਰ ਕੇ ਜੋ ਅਨੁਭਵ ਕੀਤਾ, ਉਸ ਅਨੁਸਾਰ ਉਹਨਾਂ ਨੇ ਜਗਤ ਨੂੰ ਕਿਹਾ ਕਿ "**ਵਾਹਿਗੁਰੂ ਸ਼ਬਦ**" ਜਪਣ ਨਾਲ ਤੁਸੀਂ ਆਪਣੇ ਅੰਦਰ ਹੀ ਸੁੱਤੀ ਹੋਈ ਸ਼ਬਦ ਦੀ ਆਦਿ ਸ਼ਕਤੀ ਨੂੰ ਉਜਾਗਰ ਕਰ ਸਕਦੇ ਹੋ। ਸੋ ਉਹ ਜੋ ਰਾਮ ਰੂਪ ਸ਼ਬਦ, ਸਭ ਵਿਚ ਰਮਿਆ ਹੈ, ਉਸ ਨੂੰ ਉਜਾਗਰ ਕਰਨ ਲਈ ਕੀ ਬੋਲੀਏ ?

ਬਾਬਾ ਬੋਲਨਾ ਕਿਆ ਕਹੀਐ ॥
ਜੈਸੇ ਰਾਮ ਨਾਮ ਰਵਿ ਰਹੀਐ ॥੧॥ ਰਹਾਉ ॥

(ਪੰਨਾ ੮੭੦)

ਜੇ ਗੁਰੂ ਨਾਨਕ ਸਾਹਿਬ ਤੇ ਵਿਸ਼ਵਾਸ ਹੈ ਤਾਂ ਫਿਰ "**ਵਾਹਿਗੁਰੂ**" ਗੁਰ ਮੰਤਰ ਜਪਿਆ ਜਾਂ ਸਕਦਾ ਹੈ। ਇਸ ਗੱਲ ਦੀ ਤਰਦੀਦ ਭਾਈ ਗੁਰਦਾਸ ਜੀ ਨੇ ਵੀ ਕੀਤੀ ਹੈ–

ਪਉਣ ਗੁਰੂ ਗੁਰ ਸਬਦੁ ਹੈ ਵਾਹਗੁਰੂ ਗੁਰ ਸਬਦੁ ਸੁਣਾਇਆ ॥

(ਭਾ: ਗੁ:)

ਉਹ ਜੋ ਸ੍ਰਿਸ਼ਟੀ ਦੇ ਕਣ-ਕਣ ਵਿਚ ਰਮਿਆ ਹੋਇਆ ਰਾਮ ਹੈ, ਧੰਨ ਗੁਰੂ ਨਾਨਕ ਦੇਵ ਜੀ ਦੀ ਪਕੜ ਵਿਚ, ਉਸ ਰਾਮ ਦੀ ਅਵਾਜ਼, **ਵਾਹਿਗੁਰੂ–ਵਾਹਿਗੁਰੂ–ਵਾਹਿਗੁਰੂ** ਕਰਕੇ ਆਈ। ਗੁਰੂ ਨਾਨਕ ਸਾਹਿਬ ਨੇ ਜਗਤ ਦੇ ਸਾਹਮਣੇ ਜੋ ਗੁਰ ਸ਼ਬਦ ਦਾ ਉਪਦੇਸ਼ ਕੀਤਾ, ਉਹ "**ਵਾਹਿਗੁਰੂ**" ਸ਼ਬਦ ਹੈ।

* * *

[illegible]

[illegible]

ਗੁਰੂ ਮਾਰਗ ਤੇ ਸ਼ਬਦ ਦੀ ਕਲਾ

ਜ਼ਮੀਨ ਤੇ ਚਲ ਕੇ ਅਗਰ ਅਸੀਂ ਕੋਈ ਰਸਤਾ ਤਹਿ ਕਰੀਏ ਤਾਂ ਰਸਤੇ ਦੇ ਮੀਲ-ਪੱਥਰਾਂ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਅਸੀਂ ਕਿੰਨੇ ਮੀਲ ਰਸਤਾ ਤਹਿ ਕੀਤਾ ਹੈ ਅਤੇ ਕਿੰਨਾ ਹੋਰ ਰਹਿੰਦਾ ਹੈ। ਪਰ ਇਹ ਕਿਵੇਂ ਪਤਾ ਲੱਗੇ ਕਿ ਧਰਮ ਦੇ ਰਸਤੇ ਤੇ ਅਸੀਂ ਕਿੰਨਾ ਸਫ਼ਰ ਤਹਿ ਕੀਤਾ ਹੈ ? ਗੁਰਮਤਿ ਵਿੱਚ ਧਰਮ ਮਾਰਗ ਨੂੰ "ਗੁਰੂ ਪੰਥ" ਆਖਿਆ ਜਾਂਦਾ ਹੈ। ਪੰਥ, ਯਾਨੀ ਕਿ ਰਸਤਾ। ਗੁਰੂ ਪੰਥ ਤੋਂ ਭਾਵ ਕਿ ਗੁਰੂ ਦਾ ਰਸਤਾ। ਗੁਰੂ ਵੱਲੋਂ ਬਣਾਇਆ ਹੋਇਆ ਮਾਰਗ। ਬੱਸ ! ਗੁਰੂ ਪੰਥ ਦੇ ਅੱਖਰੀ ਅਰਥ ਏਨੇ ਹੀ ਹਨ। ਪੰਥੀ ਦਾ ਅਰਥ ਹੈ, ਮੁਸਾਫਰ। ਸੰਸਕ੍ਰਿਤ ਵਿਚ ਰਸਤੇ ਦਾ ਨਾਮ ਹੈ "ਪੰਥ"। ਜਿਹੜੇ ਉਸ ਰਸਤੇ ਤੇ ਚਲਦੇ ਹਨ, ਉਹ ਪੰਥੀ ਹਨ।

ਜੇ ਜ਼ਮੀਨ ਤੇ ਅਸੀਂ ਚਲੀਏ। ਇੱਕ ਸ਼ਹਿਰ ਤੋਂ ਦੂਸਰੇ ਸ਼ਹਿਰ ਜਾਣਾ ਹੋਵੇ, ਤਾਂ ਸੜਕ ਦੇ ਮੀਲ-ਪੱਥਰਾਂ ਨੂੰ ਪੜ੍ਹ ਕੇ ਪਤਾ ਲੱਗ ਸਕਦਾ ਹੈ ਕਿ ਅਸੀਂ ਕਿੰਨਾ ਸਫ਼ਰ ਕਰ ਲਿਆ ਹੈ। ਕਿੰਨਾ ਹੋਰ ਕਰਨਾ ਹੈ। ਇਹ ਜੋ ਗੁਰੂ ਪੰਥ ਹੈ। ਇਸ ਤੇ ਬੰਦੇ ਨੇ ਕਿੰਨੀ ਕੁ ਯਾਤਰਾ ਕੀਤੀ ਹੈ ? ਇਹ ਪਤਾ ਕਿਵੇਂ ਲੱਗੇ ? ਕੋਈ ਪੂਰਨ ਤੌਰ ਤੇ ਮੰਜ਼ਿਲ ਤੱਕ ਪਹੁੰਚ ਗਿਆ ਹੈ। ਉਸ ਪਹੁੰਚੇ ਹੋਏ ਪੁਰਖ ਦੀ ਕੀ ਨਿਸ਼ਾਨੀ ਹੈ, ਇਹ ਪਤਾ ਕਿਵੇਂ ਲੱਗੇ ? ਕਿਸੇ ਨੇ ਅਜੇ ਯਾਤਰਾ ਸ਼ੁਰੂ ਵੀ ਕੀਤੀ ਹੈ ਕਿ ਨਹੀਂ ? ਇਹ ਵੀ ਕਿਵੇਂ ਪਤਾ ਲੱਗੇ। ਗੁਰੂ ਪੰਥ ਰਾਹੀਂ ਚਲ ਕੇ, ਜਿਸ ਮੰਜ਼ਿਲ ਤੱਕ ਪਹੁੰਚਣਾ ਹੈ, ਉਸ ਮੰਜ਼ਿਲ ਦਾ ਕੀ ਨਾਮ ਹੈ ?

ਗੁਰੂ ਮਾਰਗ, ਬਕਾਇਦਾ ਇੱਕ ਅਗੰਮੀ ਗਿਆਨ ਹੈ। ਇਸ ਗਿਆਨ ਦੁਆਰਾ ਜਿਸ ਮੰਜ਼ਿਲ ਤੇ ਮਨੁੱਖ ਪਹੁੰਚ ਸਕਦਾ ਹੈ, ਉਸ ਮੰਜ਼ਿਲ ਦਾ ਨਾਮ "ਸੱਚਖੰਡ" ਹੈ। ਸੱਚਖੰਡ ਦਾ ਭਾਵ ਹੈ ਕਿ ਜਿਥੇ ਸੱਚ ਦਾ ਵਾਸਾ ਹੈ। ਸੱਚ ਤੱਕ ਪਹੁੰਚਣਾ ਹੈ। ਪ੍ਰਭੂ ਦਾ ਨਾਮ ਸੱਚ ਹੈ। ਪ੍ਰਭੂ ਤੱਕ ਪਹੁੰਚਣਾ ਹੀ ਸੱਚ ਤੱਕ ਪਹੁੰਚਣਾ ਹੈ। ਪ੍ਰਭੂ ਹੀ—

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਉਸ ਆਦਿ ਸੱਚ ਵਿੱਚ ਲੀਨ ਹੋਣਾ ਹੈ। ਇਹੀ ਸੱਚਖੰਡ ਨਿਵਾਸ ਹੈ। ਨਦੀ ਨੇ ਸਮੁੰਦਰ ਤੱਕ ਪਹੁੰਚਣਾ ਹੈ। ਆਤਮਾ ਨੇ ਪ੍ਰਮਾਤਮਾ ਤੱਕ ਪਹੁੰਚਣਾ ਹੈ। ਪਹੁੰਚੇ ਤੋਂ ਬਿਨਾਂ ਜੀਵਨ ਅਧੂਰਾ ਹੈ। ਪ੍ਰਮਾਤਮਾ ਤੱਕ ਪਹੁੰਚ ਕੇ ਹੀ ਪੂਰਾ ਹੋ ਸਕਦਾ ਹੈ। ਹੋਰ ਕਿਸੇ ਤਰ੍ਹਾਂ ਵੀ ਜੀਵਨ ਪੂਰਾ ਨਹੀਂ ਹੋ ਸਕਦਾ। ਕਿਉਂਕਿ ਪ੍ਰਮਾਤਮਾ ਪੂਰਾ ਹੈ ਤੇ ਬਾਕੀ ਸਭ ਕੁਝ ਅਧੂਰਾ ਹੈ। ਵੈਸੇ ਆਦਮੀ ਆਪਣੇ ਆਪ ਨੂੰ ਝੂਠੀ ਤਸੱਲੀ ਦੇ ਲੈਂਦਾ ਹੈ। ਜਦੋਂ ਕੋਈ ਮਰ ਜਾਏ ਤਾਂ ਇਹ ਕਹਿ ਦੇਂਦਾ ਹੈ ਕਿ ਉਹ ਪੂਰਾ ਹੋ ਗਿਆ ਹੈ। ਇਸ ਤਰ੍ਹਾਂ ਕਿਵੇਂ ਪੂਰਾ ਹੋ ਸਕਦਾ ਹੈ ? ਜਦੋਂ ਕਿ ਓਹ ਜੀਵਿਆ ਹੀ ਅਧੂਰਾ ਹੈ। ਪੂਰਾ ਤਾਂ ਜਿਊਂਦੇ ਜੀ ਹੀ ਹੋਣਾ ਪੈਂਦਾ ਹੈ। ਮਰ ਕੇ ਕਿਵੇਂ ਕੋਈ ਪੂਰਾ ਹੋਵੇਗਾ। ਅਕਾਲ ਪੁਰਖ ਨਾਲ ਜੁੜੇ

ਤੋਂ ਬਿਨਾਂ ਪੂਰਾ ਨਹੀਂ ਹੋਇਆ ਜਾ ਸਕਦਾ। ਧਨ ਮਿਲ ਸਕਦਾ ਹੈ। ਪਤੀ ਮਿਲਿਆ ਹੈ। ਪਤਨੀ ਮਿਲੀ ਹੈ। ਉਲਾਦ ਮਿਲ ਗਈ ਹੈ। ਮਾਨ ਤੇ ਸਨਮਾਨ ਵੀ ਮਿਲਿਆ ਹੈ! ਪਰ ਤਾਂ ਵੀ ਬੰਦਾ ਅਧੂਰਾ ਹੀ ਰਹਿੰਦਾ ਹੈ। ਰੋਂਦਾ-ਪਿਟਦਾ ਹੀ ਰਹਿੰਦਾ ਹੈ। ਗੱਲ ਨਹੀਂ ਬਣਦੀ। ਜਿਸ ਦਿਨ ਪ੍ਰਮਾਤਮਾ ਮਿਲਦਾ ਹੈ। ਉਸ ਦਿਨ ਗੱਲ ਬਣਦੀ ਹੈ। ਉਸ ਦਿਨ ਪੂਰਾ ਸਕੂਨ ਮਿਲਦਾ ਹੈ। ਦਰਅਸਲ ਉਸ ਦਿਨ ਬੰਦਾ ਸੰਪੂਰਨ ਹੋ ਜਾਂਦਾ ਹੈ।

ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ॥

(ਪੰਨਾ ੨੯੫)

ਦੁਨੀਆਂ ਵਿਚ ਆਮ ਕਹਾਵਤ ਹੈ ਕਿ ਜਿਸ ਦਿਨ ਬੰਦਾ ਮਰ ਜਾਵੇ ਉਸ ਦਿਨ ਕਹਿੰਦੇ ਹਨ ਕਿ ਇਹ ਪੂਰਾ ਹੋ ਗਿਆ ਹੈ। ਦਸੋ ? ਮਰ ਕੇ ਕੋਈ ਕਿਵੇਂ ਪੂਰਾ ਹੋਵੇਗਾ ? ਦਸਅਸਲ ਮਰ ਕੇ ਕੋਈ ਪੂਰਾ ਨਹੀਂ ਹੁੰਦਾ। ਪੂਰੇ ਵਿਚ ਮਿਲ ਕੇ ਪੂਰਾ ਹੁੰਦਾ ਹੈ। ਪੂਰਨ ਹੋਣਾ ਹੀ ਬੰਦੇ ਦੀ ਮੰਜ਼ਿਲ ਹੈ। ਸੱਚਖੰਡ ਸਾਡਾ ਘਰ ਹੈ। ਕੋਈ ਨਿੱਜੀ ਘਰ ਤੱਕ ਪਹੁੰਚ-ਕੇ ਹੀ ਪੂਰਾ ਹੁੰਦਾ ਹੈ।

ਜਿਹੜਾ ਸੱਚਖੰਡ ਤੱਕ ਪਹੁੰਚ ਜਾਂਦਾ ਹੈ, ਉਸ ਕੋਲ ਬੜੀ ਪ੍ਰਸੰਨਤਾ ਹੁੰਦੀ ਹੈ, ਉਸ ਕੋਲ ਬੜਾ ਖੇੜਾ ਹੁੰਦਾ ਹੈ, ਉਸ ਨੂੰ ਲੱਖ ਜਤਨ ਕਰਕੇ ਵੀ ਪ੍ਰੇਸ਼ਾਨ ਨਹੀਂ ਕੀਤਾ ਜਾ ਸਕਦਾ। ਜੋ ਪੂਰਨ ਪੁਰਖ ਹੁੰਦਾ ਹੈ, ਉਹ ਤੱਤੀ ਤਵੀ ਤੇ ਬੈਠ ਕੇ ਵੀ ਮੁਸਕਰਾਉਂਦਾ ਹੈ। ਉਸ ਨੂੰ ਕੋਈ ਦੁਖੀ ਨਹੀਂ ਕਰ ਸਕਦਾ। ਜਿਹੜਾ ਦੁਖ ਵਿਚ ਜਿਊਂ ਰਿਹਾ ਹੈ, ਉਹ ਅਧੂਰਾ ਹੈ। ਪੂਰਾ ਨਹੀਂ ਹੈ। ਸ਼ਬਦ ਤੋਂ ਬਿਨਾਂ ਸੁਖੀ ਨਹੀਂ ਹੋਇਆ ਜਾ ਸਕਦਾ। ਸੰਸਾਰ ਦੁਖੀ ਹੋ ਰਿਹਾ ਹੈ। ਕਿਉਂਕਿ ਬਹੁਤੇ ਲੋਕ ਸ਼ਬਦ ਤੋਂ ਟੁੱਟੇ ਹੋਏ ਹਨ। ਜਦ ਇਹ ਉਪਦੇਸ਼ ਮਿਲਦਾ ਹੈ ਕਿ ਨਾਮ ਜਪੋ, ਤਾਂਕਿ ਤੁਸੀਂ ਸੁਖੀ ਹੋ ਸਕੋ ਤਾਂ ਅਕਸਰ ਬੰਦਾ ਇਹ ਕਹਿਕੇ ਆਪਣੇ ਆਪ ਨੂੰ ਤਸੱਲੀ ਦੇ ਲੈਂਦਾ ਹੈ ਕਿ ਨਾਮ ਜਪਣ ਲਈ ਕੋਈ ਚੰਗਾ ਮਾਹੌਲ ਚਾਹੀਦਾ ਹੈ। ਅੱਜ ਦੇ ਜ਼ਮਾਨੇ ਦਾ ਮਾਹੌਲ ਚੰਗਾ ਨਹੀਂ ਹੈ। ਘਰ ਵਿਚ ਪਰਵਾਰਾਂ ਦਾ ਕਲੇਸ਼ ਹੈ। ਬਾਹਰੋਂ ਕਈ ਤਰ੍ਹਾਂ ਦੇ ਵਿਵਾਦਾਂ ਨੂੰ ਬੰਦੇ ਨੇ ਜਨਮ ਦੇ ਰੱਖਿਆ ਹੈ। ਏਸ ਵਾਸਤੇ ਬੰਦਾ ਸ਼ਿਕਾਇਤ ਕਰਦਾ ਹੈ ਕਿ ਮਨ ਟਿਕਦਾ ਨਹੀਂ। ਪ੍ਰੇਸ਼ਾਨੀਆਂ ਬਹੁਤ ਹਨ। ਪਰ ਇਕ ਵਿਚਾਰ ਧਿਆਨ ਗੋਚਰੀ ਹੈ ਕਿ ਪ੍ਰੇਸ਼ਾਨੀਆਂ ਨੂੰ ਨਾਮ ਸ਼ਬਦ ਨੇ ਹੀ ਖਤਮ ਕਰਨਾ ਹੈ। ਜੇ ਆਦਮੀ ਨਾਮ ਨਹੀਂ ਜਪੇਗਾ ਤਾਂ ਪ੍ਰੇਸ਼ਾਨੀਆਂ ਵਧਦੀਆਂ ਹੀ ਜਾਣਗੀਆਂ। ਜੇ ਪ੍ਰੇਸ਼ਾਨੀਆਂ ਪ੍ਰੇਸ਼ਾਨ ਕਰ ਰਹੀਆਂ ਹਨ ਤਾਂ ਇਹ ਸ਼ਬਦ ਤੋਂ ਟੁੱਟੇ ਹੋਏ ਹੋਣ ਦਾ ਸਬੂਤ ਹੈ। ਜੇ ਪ੍ਰਸਥਿਤੀਆਂ ਠੀਕ ਨਾ ਹੋਵਣ ਤਾਂ ਮਨੁਸਥਿਤੀ ਨੂੰ ਠੀਕ ਕਰਨਾ ਚਾਹੀਦਾ ਹੈ। ਮਨਸਥਿਤੀ ਨਾਮ ਜਪੇ ਤੋਂ ਬਿਨਾਂ ਨਹੀਂ ਠੀਕ ਹੁੰਦੀ। ਪਰ ਪਰਸਥਿਤੀਆਂ ਠੀਕ ਨਾ ਹੋਣ ਦਾ ਬਹਾਨਾ ਠੀਕ ਨਹੀਂ ਹੈ। ਜ਼ਰਾ ਵਿਚਾਰ ਕਰਨਾ ਕਿ ਪ੍ਰਹਿਲਾਦ ਦੇ ਘਰ ਦੀ ਪ੍ਰਸਥਿਤੀ ਵੀ ਠੀਕ ਨਹੀਂ ਸੀ। ਜਿੰਨਾ ਮਾਹੌਲ ਪ੍ਰਹਿਲਾਦ ਦੇ ਘਰ ਦਾ ਖਰਾਬ ਸੀ, ਏਨਾ ਖਰਾਬ ਮਾਹੌਲ ਅੱਜ ਦੇ ਕਲਿਜੁਗ ਵਿਚ ਵੀ ਕਿਸੇ ਪਰਵਾਰ ਦਾ ਨਹੀਂ ਵੇਖਿਆ ਜਾ ਸਕਦਾ। ਹਾਲਾਂਕਿ ਪ੍ਰਹਿਲਾਦ ਸਤਿਯੁਗ ਵਿਚ ਪੈਦਾ ਹੋਏ ਹਨ। ਪਿਉ ਨੇ ਹੀ ਪੁੱਤਰ ਨੂੰ ਜੇਲ੍ਹ ਵਿਚ ਡੱਕ ਛੱਡਿਆ ਸੀ। ਪਿਉ

ਹੀ ਪੁੱਤਰ ਨੂੰ ਭੁੱਖਾ ਮਾਰ ਰਿਹਾ ਸੀ। ਰੋਟੀ ਤੇ ਪਾਣੀ ਵੀ ਨਹੀਂ ਸੀ ਦੇ ਰਿਹਾ। ਹਰਨਾਖਸ਼ ਵੱਲੋਂ ਆਪਣੇ ਪੁੱਤਰ ਪ੍ਰਹਿਲਾਦ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਗਏ ਸਨ। ਲੇਕਿਨ ਪ੍ਰਹਿਲਾਦ ਫੇਰ ਵੀ ਨਾਮ ਜਪਣਾ ਨਹੀਂ ਸੀ ਛੱਡਦਾ। ਪ੍ਰਹਿਲਾਦ ਐਸੇ ਦੁੱਖਾਂ ਵਿਚ ਵੀ ਰਾਮ ਨਾਮ ਦੀ ਧੁੰਨ ਵਿੱਚ ਉੱਤਰ ਜਾਂਦਾ ਸੀ।

ਬੜੀ ਪਿਆਰੀ ਇਹ ਕਥਾ ਹੈ ਕਿ ਹਰਨਾਖਸ਼ ਨੇ ਸਾਰੀ ਪਰਜਾ ਨੂੰ ਕਹਿ ਰੱਖਿਆ ਸੀ ਕਿ ਰੱਬ ਨਾਮ ਦੀ ਕੋਈ ਹਸਤੀ ਨਹੀਂ ਹੈ। ਤੁਹਾਡਾ ਰੱਬ ਕੇਵਲ ਮੈਂ (ਹਰਨਾਖਸ਼) ਹੀ ਹਾਂ। ਤੁਸੀਂ ਕੇਵਲ ਹਰਨਾਖਸ਼ ਦਾ ਨਾਮ ਹੀ ਜਪੋਗੇ। ਸਾਰੀ ਪਰਜਾ ਏਸ ਢੰਗ ਨਾਲ ਜਪਣ ਲੱਗੀ ਸੀ ਕਿ—

ਜਲ ਹਰਨਾਖਸ਼ ॥ ਥਲ ਹਰਨਾਖਸ਼ ॥
ਹੈ ਭੀ ਹਰਨਾਖਸ਼ ॥ ਹੋਸੀ ਭੀ ਹਰਨਾਖਸ਼ ॥

ਪਰ ਆਪਣੇ ਹੀ ਪੁੱਤਰ ਨੇ ਬਗਾਵਤ ਕਰ ਦਿੱਤੀ ਸੀ। ਹਰਨਾਖਸ਼ ਦਾ ਆਪਣਾ ਪੁੱਤਰ ਪ੍ਰਹਿਲਾਦ ਹੀ ਆਪਣੇ ਪਿਤਾ ਨੂੰ ਕਹਿਣ ਲੱਗਾ, ਬਾਪੂ ! ਕਿੰਨੀ ਬਚਪਨੀ ਗੱਲ ਕਰਦੇ ਹੋ ਕਿ ਤੁਸੀਂ ਜਲ ਵਿਚ ਆਪਣੀ ਹੋਂਦ ਨੂੰ ਕਿਵੇਂ ਪ੍ਰਗਟ ਕਰ ਸਕਦੇ ਹੋ ? ਤੁਸੀਂ ਤਾਂ ਇਕ ਵੇਲੇ ਇੱਕ ਥਾਂ ਤੇ ਹੀ ਹੋ ਸਕਦੇ ਹੋ। ਜਲ ਵਿੱਚ, ਥਲ ਵਿਚ ਤੇ ਹੁਣ ਵੀ ਤੇ ਕਦੇ ਵੀ ਤੁਸੀਂ ਨਹੀਂ ਰਹਿ ਸਕਦੇ। ਤੁਹਾਡਾ ਇੱਕ ਪੰਜ ਭੌਤਕ ਸਰੀਰ ਹੈ, ਜੋ ਅੱਜ ਹੈ ਤੇ ਕੱਲ੍ਹ ਨਹੀਂ ਹੋਵੇਗਾ। ਇਸ ਕਰਕੇ ਨਾਮ ਤਾਂ ਓਸੇ ਦਾ ਹੀ ਜਪਿਆ ਜਾ ਸਕਦਾ ਹੈ, ਜੋ ਯਕੀਨਨ ਹੀ ਜਲ ਵਿਚ ਵੀ, ਥਲ ਵਿਚ ਵੀ, ਭੂਤ, ਭਵਿੱਖ ਵਿਚ ਸਦਾ ਹੈ। ਇਸ ਕਰਕੇ ਮੈਂ ਤੁਹਾਡੇ ਖਿਆਲਾਂ ਨਾਲ ਸਹਿਮਤ ਨਹੀਂ ਹਾਂ।" ਹਰਨਾਖਸ਼ ਸੋਚਣ ਲੱਗਾ ਕਿ ਇਹ ਤਾਂ ਮੇਰੇ ਘਰ ਵਿਚ ਹੀ ਮੇਰੇ ਖਿਲਾਫ਼ ਬਗਾਵਤ ਹੋ ਗਈ ਹੈ। ਜੇ ਏਸ ਬਗਾਵਤ ਨੂੰ ਨਾ ਦਬਾਇਆ ਗਿਆ ਤਾਂ ਸਾਰੀ ਪਰਜਾ ਵਿਚ ਬਗਾਵਤ ਫੈਲ ਜਾਏਗੀ। ਏਸ ਕਰਕੇ ਕਹਿੰਦੇ ਹਨ ਕਿ ਪ੍ਰਹਿਲਾਦ ਨੂੰ ਦਬਾਉਣ ਲਈ ਹਰਨਾਖਸ਼ ਨੇ ਦੋ ਐਸੇ ਉਸਤਾਦਾਂ ਕੋਲ ਪੜ੍ਹਨ ਬਿਠਾਇਆ ਜਿਹੜੇ ਕਿ ਸਾਰੇ ਬੱਚਿਆਂ ਦੇ ਨਾਲ ਪ੍ਰਹਿਲਾਦ ਨੂੰ ਵੀ ਬਿਠਾ ਕੇ ਇਹ ਪਾਠ ਪੜ੍ਹਾਉਣ ਕਿ ਸਭ ਕੁਝ ਹਰਨਾਖਸ਼ ਹੀ ਹੈ। ਹਰਨਾਖਸ਼ ਤੋਂ ਬਿਨਾਂ ਕੋਈ ਹੋਰ ਰੱਬ ਨਹੀਂ ਹੈ। ਏਸ ਤਰ੍ਹਾਂ ਪ੍ਰਹਿਲਾਦ ਨੂੰ ਸੰਡਾ ਮਰਕਾ ਨਾਮ ਦੇ ਦੋ ਉਸਤਾਦਾਂ ਕੋਲ ਪਾਠਸ਼ਾਲਾ ਵਿੱਚ ਪੜ੍ਹਨ ਬਿਠਾਇਆ ਗਿਆ। ਭਗਤ ਕਬੀਰ ਜੀ ਮਹਾਰਾਜ ਨੇ ਏਸ ਕਥਾ ਦਾ ਆਪਣੀ ਬਾਨੀ ਵਿਚ ਬੜਾ ਸੁੰਦਰ ਜ਼ਿਕਰ ਕੀਤਾ ਹੈ। ਪਾਠਸ਼ਾਲਾ ਵਿਚ ਸੰਡਾ, ਮਰਕਾ ਵੱਲੋਂ ਪ੍ਰਹਿਲਾਦ ਨੂੰ ਕਿਹਾ ਗਿਆ ਕਿ ਆਪਣੀ ਪੱਟੀ (ਤਖਤੀ) ਉੱਪਰ ਲਿਖੋ, ਜਲ ਹਰਨਾਖਸ਼ ! ਥਲ ਹਰਨਾਖਸ਼ ! ਤਾਂ ਪ੍ਰਹਿਲਾਦ ਕਹਿਣ ਲੱਗੇ ਕਿ–

ਮੋ ਕਉ ਕਹਾ ਪੜ੍ਹਾਵਸਿ ਆਲ ਜਾਲ॥
ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੁੋਪਾਲ॥੨॥

(ਪੰਨਾ ੧੧੯੪)

"ਮੈਨੂੰ ਕੀ ਫਜ਼ੂਲ ਦੀਆਂ ਗੱਲਾਂ ਪੜ੍ਹਾ ਰਹੇ ਹੋ ? ਤੁਸੀਂ ਮੇਰੀ ਪੱਟੀ ਤੇ ਕੁਝ ਲਿਖਵਾਉਣਾ ਹੀ ਤਾਂ ਸ੍ਰਿਸ਼ਟੀ ਕਰਤਾ ਗੁਪਾਲ ਦਾ ਨਾਮ ਲਿਖਵਾ ਦਿਉ।" ਸੰਡਾ,, ਮਰਕਾ ਕਹਿਣ ਲੱਗੇ,

"ਪ੍ਰਹਿਲਾਦ ! ਰਾਮ ਨਾਮ ਜਪਣ ਨਾਲ ਤੇਰੇ ਪਿਤਾ ਜੀ ਕ੍ਰੋਧ ਕਰਨਗੇ। ਤੈਨੂੰ ਸਜ਼ਾ ਵੀ ਮਿਲ ਸਕਦੀ ਹੈ।" ਪ੍ਰਹਿਲਾਦ ਕਹਿਣ ਲੱਗਾ ਕਿ "ਪ੍ਰਭੂ ਦੀ ਕ੍ਰਿਪਾ ਦੁਆਰਾ ਮੈਨੂੰ ਕਿਸੇ ਸਜ਼ਾ ਦਾ ਡਰ ਨਹੀਂ ਹੈ।"

ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ ॥
ਸਾਸਨਾ ਤੇ ਬਾਲਕੁ ਗਮੁ ਨ ਕਰੈ ॥

(ਪੰਨਾ ੧੧੩੩)

ਪ੍ਰਹਿਲਾਦ ਕਹਿਣ ਲੱਗਾ ਸੰਡਾ, ਮਰਕਾ ਨੂੰ ਕਿ "ਜਿਸ ਦੇ ਅੰਦਰ ਉਹ ਪ੍ਰਭੂ, ਨਿਰਭਉ ਹੈ, ਉਸ ਨੂੰ ਕਿਸੇ ਤਰ੍ਹਾਂ ਵੀ ਭੈ ਮਾਨ ਨਹੀਂ ਕੀਤਾ ਜਾ ਸਕਦਾ।" ਪ੍ਰਹਿਲਾਦ ਨੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਉੱਚੀ ਸੁਰ ਵਿਚ ਰਾਮ ਨਾਮ ਦੀ ਧੁੰਨ ਗਾਉਣੀ ਆਰੰਭ ਕਰ ਦਿੱਤੀ। ਸੰਡਾ, ਮਰਕਾ ਬੜੇ ਘਬਰਾਏ ਕਿ ਏਹ ਤਾਂ ਸਾਰੇ ਸਕੂਲ ਨੇ ਹੀ ਬਗਾਵਤ ਕਰ ਦਿੱਤੀ ਹੈ। ਏਸ ਤੋਂ ਪਹਿਲਾਂ ਕਿ ਹਰਨਾਖਸ਼ ਨੂੰ ਪਤਾ ਲੱਗੇ, ਸਾਨੂੰ ਆਪ ਹੀ ਦੱਸ ਦੇਣਾ ਚਾਹੀਦਾ ਹੈ ਕਿ ਪ੍ਰਹਿਲਾਦ ਨੇ ਸਾਰੇ ਸਕੂਲ ਦੇ ਵਿਦਿਆਰਥੀਆਂ ਨੂੰ ਵਿਗਾੜ ਦਿੱਤਾ ਹੈ।

ਸੰਡਾ ਮਰਕਾ ਸਭਿ ਜਾਇ ਪੁਕਾਰੇ ॥
ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ॥

(ਪੰਨਾ ੧੧੩੩)

ਸੰਡਾ ਮਰਕਾ ਨੇ ਹਰਨਾਖਸ਼ ਕੋਲ ਕਿਹਾ ਕਿ "ਪ੍ਰਹਿਲਾਦ ਨੂੰ ਪੜ੍ਹਾਉਣਾ ਸਾਡੇ ਵੱਸ ਦਾ ਕੰਮ ਨਹੀਂ। ਉਸ ਨੇ ਤਾਂ ਸਾਰੇ ਵਿਦਿਆਰਥੀਆਂ ਨੂੰ ਵੀ ਵਿਗਾੜ ਦਿੱਤਾ ਹੈ। ਇਹ ਸੁਣ ਕੇ ਹਰਨਾਖਸ਼ ਨੇ ਆਪਣੀ ਸਭਾ ਸੱਦ ਲਈ ਤੇ ਮਤਾ ਪਕਾਇਆ ਕਿ ਪ੍ਰਹਿਲਾਦ ਨੂੰ ਕੀ ਸਜ਼ਾ ਦਿੱਤੀ ਜਾਏ। ਪਹਿਲਾਂ ਮਤਾ ਇਹ ਪਾਸ ਹੋਇਆ ਕਿ ਪ੍ਰਹਿਲਾਦ ਨੂੰ ਹਨੇਰੀ ਕੋਠੜੀ ਵਿਚ ਬੰਦ ਕਰ ਦਿਉ।

ਪ੍ਰਹਿਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ॥
ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ ॥

(ਪੰਨਾ ੧੧੫੪)

ਪ੍ਰਹਿਲਾਦ ਨੂੰ ਸਮਝਾਉਣ ਲਈ ਪ੍ਰਹਿਲਾਦ ਦੀ ਮਾਤਾ ਨੇ ਦਬਾਅ ਪਾਇਆ ਕਿ "ਤੂੰ ਰੱਬ ਦੇ ਨਾਮ ਤੋਂ ਕੀ ਲੈਣਾ ਹੈ ? ਤੂੰ ਰਾਮ ਨਾਮ ਛੱਡ ਦੇ ਅਤੇ ਆਪਣੇ ਆਪ ਨੂੰ ਬਚਾ ਲੈ।"

ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ ॥
ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ ॥

(ਪੰਨਾ ੧੧੩੩)

ਪ੍ਰਹਿਲਾਦ ਕਹਿਣ ਲੱਗਾ ਕਿ "ਮਾਤਾ ਜੀ ! ਮੈਂ ਰਾਮ ਨਾਮ ਏਸ ਕਰਕੇ ਨਹੀਂ ਕਹਿੰਦਾ ਕਿ ਮੈਂ ਪਿਤਾ ਦਾ ਦੁਸ਼ਮਣ ਹਾਂ। ਪਿਤਾ ਦਾ ਸਾਰਾ ਰਾਜ ਮੇਰਾ ਆਪਣਾ ਹੀ ਹੈ। ਮੈਂ ਤਾਂ ਏਸ ਕਰਕੇ ਜਪਦਾ ਹਾਂ ਕਿ ਨਾਮ ਜਪਣ ਨਾਲ ਆਤਮਿਕ ਅਨੰਦ ਮਿਲਦਾ ਹੈ, ਪਰ ਪਿਤਾ ਜੀ ਧੱਕੇ ਨਾਲ ਆਪਣਾ ਨਾਮ ਜਪਵਾਉਂਦੇ ਹਨ। ਰਾਮ ਨਾਮ ਮੈਂ ਆਪਣੀ ਖੁਸ਼ੀ ਨਾਲ ਜਪਦਾ ਹਾਂ। ਮੇਰੇ ਤੇ ਕਿਸੇ ਦਾ ਕੋਈ ਦਬਾਅ ਨਹੀਂ ਹੈ।"

ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥
ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ ॥੨॥

(ਪੰਨਾ ੧੨੩੩)

ਫਿਰ ਕੀ ਸੀ ! ਮਾਤਾ ਮਮਤਾ ਦੀ ਮਾਰੀ ਹੋਈ ਫਿਰ ਸੰਡਾ ਮਰਕਾ ਕੋਲ ਗਈ ਕਿ ਪ੍ਰਹਿਲਾਦ ਨੂੰ ਉਸ ਦਾ ਪਿਤਾ ਮਾਰ ਦੇਵੇਗਾ। ਪ੍ਰਹਿਲਾਦ ਨੂੰ ਕਾਲ ਕੋਠੜੀ ਵਿਚੋਂ ਛੁਡਵਾਉ। ਪਰ ਫਿਰ ਓਹੀ ਸ਼ਰਤ ਰੱਖੀ ਕਿ ਕਾਲ ਕੋਠੜੀ ਵਿਚੋਂ ਅਜ਼ਾਦ ਕਰਵਾ ਦੇਂਦੇ ਹਾਂ । ਪਰ ਪਹਿਲਾਂ ਰਾਮ ਨਾਮ ਕਹਿਣਾ ਛੱਡੋ-

ਸੰਡੇ ਮਰਕੇ ਕਹਿਓ ਜਾਇ ॥
ਪ੍ਰਹਲਾਦ ਬੁਲਾਏ ਬੇਗਿ ਧਾਇ ॥
ਤੂ ਰਾਮ ਕਹਨ ਕੀ ਛੋਡੁ ਬਾਨਿ ॥
ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥੨॥

(ਪੰਨਾ ੧੧੯੪)

ਪ੍ਰਹਿਲਾਦ ਕਹਿਣ ਲੱਗਾ ਕਿ "ਇਹ ਗੱਲ ਨਹੀਂ ਮੰਨਣੀ । ਭਾਵੇਂ ਛੁਡਾਉ ਭਾਵੇਂ ਨਾ ਛੁਡਾਓ ।"

ਨਹੀ ਛੋਡਉ ਰੇ ਬਾਬਾ ਰਾਮ ਨਾਮ ॥
ਮੇਰੋ ਅਉਰ ਪੜਨ ਸਿਉ ਨਹੀ ਕਾਮੁ ॥

(ਪੰਨਾ ੧੧੯੪)

ਸੰਡਾ ਮਰਕਾ ਦੋਵੇਂ ਕਹਿਣ ਲੱਗੇ ਕਿ "ਫਿਰ ਤੇਰੇ ਪਿਤਾ ਨੇ ਤੈਨੂੰ ਪਹਾੜ ਤੋਂ ਥੱਲੇ ਸੁਟਵਾ ਕੇ ਮਾਰ ਦੇਣਾ ਹੈ। ਜਾਂ ਉਹ ਸਮੁੰਦਰ ਦੇ ਪਾਣੀ ਵਿਚ ਸੁਟਵਾ ਦੇਵੇਗਾ।" ਪ੍ਰਹਿਲਾਦ ਕਹਿਣ ਲੱਗਾ, "ਕਈ ਗੱਲ ਨਹੀਂ। ਪਹਾੜਾਂ ਤੇ ਸਮੁੰਦਰਾਂ ਵਿਚ ਵੀ ਪ੍ਰਭੂ ਵੱਸਦਾ ਹੈ। ਤੁਸੀਂ ਮੈਨੂੰ ਬਾਰ-ਬਾਰ ਸਤਾਉ ਨਾ। ਮੈਂ ਪ੍ਰਭੂ ਦਾ ਨਾਮ ਜਪਣਾ ਤਿਆਗਣਾ ਨਹੀਂ। ਭਾਵੇਂ ਮੈਨੂੰ ਮਾਰੋ ਭਾਵੇਂ ਛੱਡੋ।"

ਮੋ ਕਉ ਕਹਾ ਸਤਾਵਹੁ ਬਾਰ ਬਾਰ ॥
ਪ੍ਰਭਿ ਜਲ ਥਲ ਗਿਰਿ ਕੀਏ ਪਹਾਰ ॥
ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥
ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥੩॥

(ਪੰਨਾ ੧੧੯੪)

ਅਖੀਰ ਤੇ ਕਹਿੰਦੇ ਹਨ ਕਿ ਪ੍ਰਹਿਲਾਦ ਨੂੰ ਪਾਣੀ ਵਿਚ ਵੀ ਸੁੱਟਿਆ ਤੇ ਪਹਾੜ ਤੋਂ ਵੀ ਗਿਰਾਇਆ। ਪਰ ਕੁਦਰਤ ਦੀ ਖੇਡ : ਪ੍ਰਹਿਲਾਦ ਨੂੰ ਕੁਝ ਵੀ ਨਹੀਂ ਹੋਇਆ। ਅਖੀਰ ਤੇ ਹਰਨਾਖਸ਼ ਨੇ ਸੋਚਿਆ ਕਿ ਕਿਉਂ ਨਾ ਇੱਕ ਵਾਰ ਮੈਂ ਆਪ ਤਲਵਾਰ ਨਾਲ ਪ੍ਰਹਿਲਾਦ ਨੂੰ ਡਰਾ ਧਮਕਾ ਕੇ ਦੇਖਾਂ। ਬੜੇ ਗੁੱਸੇ ਨਾਲ ਖੰਜਰ ਲੈ ਕੇ ਹਰਨਾਖਸ਼ ਆਇਆ। ਪ੍ਰਹਿਲਾਦ ਨੂੰ ਪੁੱਛਣ ਲੱਗਾ, "ਦੱਸ ! ਤੇਰਾ ਪ੍ਰਭੂ ਕਿਥੇ ਹੈ ? ਜੇ ਹੈ ਤਾਂ ਉਹ ਮੇਰੇ ਕੋਲੋਂ ਤੈਨੂੰ ਆ ਕੇ ਬਚਾਵੇ ?"

ਕਾਢਿ ਖੜਗੁ ਕੋਪਿਓ ਰਿਸਾਇ ॥
ਤੁਝ ਰਾਖਨਹਾਰੋ ਮੋਹਿ ਬਤਾਇ ॥

(ਪੰਨਾ ੧੧੯੪)

ਪ੍ਰਹਿਲਾਦ ਕਹਿਣ ਲੱਗਾ ਕਿ-

ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ ॥
ਹਰਿ ਸੁਖਦਾਤਾ ਮੇਰੈ ਨਾਲਾ ॥੨॥

(ਭੈਰਉ ਮਹਲਾ-੩ ਪੰਨਾ ੧੧੩੩)

ਹਰਨਾਖਸ਼ ਨੇ ਕਿਹਾ ਕਿ "ਠੀਕ ਹੈ ! ਮੈਂ ਦੇਖਦਾ ਹਾਂ ਕਿ ਹੁਣ ਤੈਨੂੰ ਕੌਣ ਬਚਾਉਂਦਾ ਹੈ ?" ਕਹਿੰਦੇ ਹਨ ਕਿ ਇੱਕ ਬੜਾ ਭਿਆਨਕ ਥੰਮ੍ਹ ! ਉਸ ਨੂੰ ਅੱਗ ਵਿਚ ਤਪਾ ਕੇ ਲਾਲ ਕੀਤਾ ਗਿਆ । ਪ੍ਰਹਿਲਾਦ ਨੂੰ ਕਿਹਾ ਕਿ ਤੂੰ ਇਸ ਥੰਮ੍ਹ ਨੂੰ ਜੱਫ਼ੀ ਪਾ । ਇਹ ਦੰਦ ਕਥਾ ਵੀ ਸੁਣੀ ਹੈ ਕਿ ਪ੍ਰਹਿਲਾਦ ਨੇ ਧਿਆਨੰਤਰ ਹੋ ਕੇ ਦੇਖਿਆ ਤਾਂ ਉਸ ਥੰਮ੍ਹ ਉੱਪਰ ਇੱਕ ਕੀੜੀ ਚਲਦੀ ਹੋਈ ਨਜ਼ਰ ਆਈ । ਪ੍ਰਹਿਲਾਦ ਨੇ ਸੋਚਿਆ ਕਿ ਜੇ ਇਹ ਤਤਾ ਥੰਮ੍ਹ ਇੱਕ ਕੀੜੀ ਨੂੰ ਨਹੀਂ ਸਾੜ ਸਕਦਾ ਤਾਂ ਇਹ ਮੇਰਾ ਕੀ ਵਿਗਾੜ ਸਕਦਾ ਹੈ । ਇਹ ਵੇਖਦਿਆਂ ਸਾਰ ਪ੍ਰਹਿਲਾਦ ਨੇ ਥੰਮ੍ਹ ਨਾਲ ਜੱਫ਼ੀ ਪਾ ਲਈ । ਕੁਝ ਵੀ ਨਾ ਹੋਇਆ । ਹਰਨਾਖਸ਼ ਬੜਾ ਹੈਰਾਨ ਹੋਇਆ ।

ਕਹਿੰਦੇ ਹਨ ਹਰਨਾਖਸ਼ ਨੇ ਆਪਣੀਆਂ ਉਕਤੀਆਂ-ਜੁਗਤੀਆਂ ਦੁਆਰਾ ਏਨੇ ਪ੍ਰਬੰਧ ਕਰ ਲਏ ਸਨ ਕਿ ਦਿਨ ਵੇਲੇ, ਰਾਤ ਵੇਲੇ, ਅੰਦਰ ਜਾਂ ਬਾਹਰ, ਪਾਣੀ ਵਿਚ ਜਾਂ ਆਕਾਸ਼ ਵਿਚ, ਪਸ਼ੂ ਜਾਂ ਪੰਛੀ ਅਤੇ ਨਾ ਕੋਈ ਆਦਮੀ, ਹਰਨਾਖਸ਼ ਨੂੰ ਮਾਰ ਸਕਦੀ ਸੀ । ਪਰ ਜਦੋਂ ਪ੍ਰਹਿਲਾਦ ਨੂੰ ਤੱਤੇ ਥੰਮ੍ਹ ਨਾਲ ਲਾਇਆ ਗਿਆ ਤਾਂ ਓਸ ਥੰਮ੍ਹ ਨੂੰ ਪਾੜ ਕੇ ਵਿਚੋਂ ਇੱਕ ਐਸਾ ਵਿਰਾਟ ਰੂਪ ਨਿਕਲਿਆ, ਜਿਸ ਦਾ ਮੂੰਹ ਸ਼ੇਰ ਦਾ ਸੀ ਤੇ ਹੱਥ-ਪੈਰ ਕਿਸੇ ਹੋਰ ਪਸ਼ੂ-ਪੰਛੀ ਦੇ ਸਨ । ਧੜ ਮਨੁੱਖ ਦਾ ਸੀ । ਯਾਨੀ ਕਿ ਓਹ ਇਸ ਸ਼੍ਰਿਸ਼ਟੀ ਦੀ ਪੈਦਾਇਸ਼ ਕੋਈ ਜੀਵ ਨਹੀਂ ਸੀ । ਸੰਤਾਂ ਮਹਾਂਪੁਰਖਾਂ ਨੇ ਉਸ ਵਿਰਾਟ ਰੂਪ ਨੂੰ ਆਖਿਆ ਕਿ ਇਹ ਆਪ ਪ੍ਰਭੂ ਸੀ, ਜੋ ਹਰਨਾਖਸ਼ ਨੂੰ ਮਾਰਨ ਲਈ ਨਰਸਿੰਘ ਰੂਪ ਧਾਰਨ ਕਰਕੇ ਆਇਆ ਸੀ । ਗੁਰੂ ਅਮਰਦਾਸ ਜੀ ਮਹਾਰਾਜ ਆਪਣੀ ਬਾਣੀ ਦੁਆਰਾ ਜ਼ਿਕਰ ਕਰਦੇ ਹਨ ਕਿ-

ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ਹ ਉਪਾੜਿ ॥
ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ ॥੪॥

(ਪੰਨਾ-੧੧੩੩)

ਕਹਿੰਦੇ ਹਨ ਕਿ ਉਸ ਵਿਰਾਟ ਰੂਪ ਨਰਸਿੰਘ ਨੇ ਹਰਨਾਖਸ਼ ਨੂੰ ਆਪਣੇ ਗੋਡਿਆਂ ਉੱਤੇ ਰੱਖ ਲਿਆ । ਸ਼ਾਮ ਵੇਲੇ ਜਦੋਂ ਸੂਰਜ ਛਿਪ ਰਿਹਾ ਸੀ, ਉਸ ਵੇਲੇ ਦਰਵਾਜ਼ੇ ਦੀਆਂ ਸਰਦਲਾਂ ਉੱਪਰ ਬੈਠ ਕੇ, ਆਪਣੇ ਹੱਥਾਂ ਦੇ ਨੌਹਾਂ ਨਾਲ ਹਰਨਾਖਸ਼ ਨੂੰ ਚੀਰ ਸੁਟਿਆ।

ਇਸ ਸਾਰੀ ਕਥਾ ਨੂੰ ਪੜ੍ਹ ਕੇ ਇਹ ਪਤਾ ਲੱਗਦਾ ਹੈ ਕਿ ਅੱਜ ਦੇ ਕਲਿਯੁਗ ਨਾਲੋਂ ਵੀ ਉਸ ਵੱਕਤ ਦੇ ਸਤਿਯੁਗ ਵਿੱਚ, ਜਦੋਂ ਕਿ ਪ੍ਰਹਿਲਾਦ ਵਰਗਾ ਮਹਾਂਪੁਰਖ ਹੋਇਆ ਹੈ, ਬੜਾ ਸਮਾਂ ਖਰਾਬ ਸੀ । ਪ੍ਰਹਿਲਾਦ ਦੇ ਆਪਣੇ ਘਰ ਦਾ ਮਾਹੌਲ ਹੀ ਬੜਾ ਖਤਰਨਾਕ

ਸੀ। ਪਰ ਪ੍ਰਹਿਲਾਦ ਨੇ ਕਦੇ ਵੀ ਨਾਮ ਜਪਣਾ ਤਿਆਗਿਆ ਨਹੀਂ। ਪਰ ਅੱਜ ਦਾ ਬੰਦਾ ਹਮੇਸ਼ਾਂ ਨਾਮ ਜਪਣ ਤੋਂ ਕਤਰਾਉਂਦਾ ਹੈ ਤੇ ਕਾਰਨ ਸਿਰਫ਼ ਇਹ ਦੱਸਦਾ ਹੈ ਕਿ ਮਾਹੌਲ ਠੀਕ ਨਹੀਂ। ਪ੍ਰਸਿਥਤੀ ਠੀਕ ਨਹੀਂ। ਦਰਅਸਲ ਬੰਦੇ ਦੀ ਮਨੁਸਥਿਤੀ ਠੀਕ ਨਹੀਂ ਹੈ। ਪ੍ਰਹਿਲਾਦ ਨੇ ਆਪਣੇ ਮਨ ਨੂੰ ਸ਼ਬਦ ਦੇ ਆਸਰੇ ਟਿਕਾ ਕੇ ਰਖਿਆ ਸੀ। ਸ਼ਬਦ ਦੀ ਕਲਾ ਮਨ ਨੂੰ ਟਿਕਾਉਂਦੀ ਹੈ। ਟਿਕੇ ਹੋਏ ਮਨ ਵਿਚ ਹੀ ਸ਼ਕਤੀ ਉਜਾਗਰ ਹੁੰਦੀ ਹੈ। ਜਿਹੜਾ ਪ੍ਰਸਥਿਤੀਆਂ ਵੱਲ ਦੇਖ ਕੇ ਚਲਦਾ ਹੈ, ਉਹ ਚਿੜਕਿਆ ਹੋਇਆ ਹੁੰਦਾ ਹੈ। ਉਸ ਨੂੰ ਸ਼ਬਦ ਦੀ ਕਲਾ ਦਾ ਗਿਆਨ ਨਹੀਂ ਹੁੰਦਾ।

* * *

ਸਮਾਂ ਤੇ ਸ਼ਬਦ ਦੀ ਕਲਾ

ਜੇ ਸਮੇਂ ਦੀ ਗੱਲ ਕਰੀਏ ਤਾਂ ਗੁਰੂ ਅਰਜਨ ਸਾਹਿਬ ਜੀ ਦੇ ਘਰ ਦਾ ਮਾਹੌਲ ਏਨਾ ਵਿਗੜਿਆ ਹੋਇਆ ਸੀ ਕਿ ਵੱਡਾ ਭਰਾ ਹੀ ਜਾਨ ਦਾ ਦੁਸ਼ਮਣ ਸੀ। ਪਰ ਗੁਰੂ ਅਰਜਨ ਦੇਵ ਜੀ ਕਦੇ ਵੀ ਡੋਲੇ ਨਹੀਂ। ਆਪਣੇ ਭਰਾ ਨੇ ਹੀ ਏਸ ਤਰ੍ਹਾਂ ਦੇ ਕੰਡੇ ਬੀਜੇ ਸਨ ਕਿ ਇਨ੍ਹਾਂ ਕੰਡਿਆਂ ਤੇ ਚੱਲਣਾ ਸੌਖਾ ਨਹੀਂ ਸੀ। ਪਰ ਗੁਰੂ ਅਰਜਨ ਸਾਹਿਬ ਨੇ ਕਦੇ ਵੀ ਕੋਈ ਸ਼ਿਕਾਇਤ ਨਹੀਂ ਕੀਤੀ ਸੀ। ਆਪਣੇ ਸੱਕੇ ਭਰਾ ਪ੍ਰਿਥੀ ਚੰਦ ਨੇ ਸਭ ਤੋਂ ਪਹਿਲਾਂ ਉਸ ਵਕਤ ਪਰੇਸ਼ਾਨ ਕਰਨ ਦਾ ਜਤਨ ਕੀਤਾ। ਜਦੋਂ ਗੁਰੂ ਅਰਜਨ ਸਾਹਿਬ ਦੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਜੀ ਅਜੇ ਬਹੁਤ ਹੀ ਛੋਟੇ ਸਨ। ਪ੍ਰਿਥੀਚੰਦ ਨੇ ਇੱਕ ਦਾਈ -,ਜਿਸ ਦਾ ਨਾਮ ਫਤੋ ਸੀ, ਉਸ ਨੂੰ ਦੋ ਸੌ ਰੁਪਏ ਦੇ ਕੇ ਭੇਜਿਆ ਸੀ ਕਿ ਉਹ ਆਪਣੇ ਥਣਾਂ ਨੂੰ ਜ਼ਹਿਰ ਲਾ ਕੇ ਹਰਿਗੋਬਿੰਦ ਸਾਹਿਬ ਦੇ ਮੂੰਹ ਵਿਚ ਪਾ ਦੇਵੇ।

ਦਾਈ ਫਤੋ ਨੂੰ ਦੋ ਸੌ ਰੁਪਿਆ ਕਾ ਟਿਕਾਣਾ ਮੇਖਾ ॥

ਲੋਭ ਵੱਸ ਦਾਈ ਫਤੋਂ ਨੇ ਆਪਣੇ ਥਣਾਂ ਉੱਪਰ ਜ਼ਹਿਰ ਦਾ ਲੇਪ ਕਰ ਲਿਆ ਤੇ ਵਡਾਲੀ ਆ ਗਈ। ਉਸ ਨੇ ਮਾਤਾ ਗੰਗਾ ਜੀ ਨਾਲ ਪੂਰਾ ਇਤਬਾਰ ਜਮਾ ਲਿਆ ਸੀ। ਮੁੜ-ਮੁੜ ਇਹ ਹੀ ਕਹਿੰਦੀ ਸੀ ਕਿ "ਬਾਲਕ ਦਾ ਵਿਸਾਹ ਨਹੀਂ ਕਰਨਾ। ਪ੍ਰਿਥੀਚੰਦ ਬੜੀਆਂ ਮੰਦੀਆਂ ਖ਼ਾਹਿਸ਼ਾਂ ਰੱਖੀ ਬੈਠਾ ਹੈ।" ਇੱਕ ਦਿਨ ਅੱਖ ਬਚਾ ਕੇ ਬਾਲਕ ਨੂੰ ਚੁੱਕ ਕੇ ਕੋਠੇ ਉੱਪਰ ਲੈ ਗਈ। ਆਪਣੇ ਜ਼ਹਿਰੀਲੇ ਥਣ ਜ਼ਬਰਦਸਤੀ ਬਾਲਕ ਦੇ ਮੂੰਹ ਵਿਚ ਪਾਉਣ ਲੱਗੀ। ਬਾਲਕ ਨੇ ਅੱਗੋਂ ਰੋਣਾ ਤੇ ਨਹੁੰਦਰਾਂ ਧੱਪੇ ਮਾਰਨੇ ਸ਼ੁਰੂ ਕਰ ਦਿੱਤੇ। ਰੋਣ ਕੁਰਲਾਣ ਦੀ ਅਵਾਜ਼ ਸੁਣ ਕੇ ਮਾਤਾ ਜੀ ਤੇ ਹੋਰ ਸਿੱਖ ਸੇਵਕ ਕੋਠੇ ਉੱਪਰ ਆ ਗਏ। ਸਾਰਿਆਂ ਨੇ ਦਾਈ ਫਤੋਂ ਨੂੰ ਜ਼ਬਰਦਸਤੀ ਦੁੱਧ ਪਿਲਾਉਣ ਦਾ ਜਤਨ ਕਰਦਿਆਂ ਦੇਖ ਲਿਆ। ਪੁੱਛਿਆ ਗਿਆ ਕਿ ਮਾਤਾ ਗੰਗਾ ਦੇ ਹੁੰਦਿਆਂ ਬਾਲਕ ਨੂੰ ਤੇਰਾ ਆਪਣੇ ਅਸਥਣਾਂ ਦੁਆਰਾ ਦੁੱਧ ਪਿਲਾਉਣ ਦਾ ਕੀ ਮਤਲਬ ਹੈ? ਤਾਂ ਦਾਈ ਫਤੋਂ ਨੇ ਸਾਰਾ ਸੱਚ ਉਗਲ ਦਿੱਤਾ।

ਲੋਭ ਲਹਿਰ ਨੇ ਪ੍ਰੇਰਨ ਕੀਨਸ
ਮੈ ਆਈ ਸੁ ਮਨੋਰਥ ਧਾਰਿ ॥

ਗੁਰੂ ਅਰਜਨ ਸਾਹਿਬ ਜੀ ਨੂੰ ਜਦੋਂ ਏਸ ਘਟਨਾ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਏਨਾ ਹੀ ਆਖਿਆ ਕਿ "ਫ਼ਿਕਰ ਨਾ ਕਰੋ! ਨਾਮ ਸ਼ਬਦ ਜਪੋ। ਜਿਸ ਨੇ ਹੁਣ ਰੱਖਿਆ ਕੀਤੀ ਹੈ, ਉਹ ਸਦਾ ਰੱਖੇਗਾ।"

ਗੁਰ ਪੂਰੇ ਰਾਖਿਆ ਦੇ ਹਾਥ ॥
ਪ੍ਰਗਟੁ ਭਇਆ ਜਨ ਕਾ ਪਰਤਾਪੁ ॥੧॥

(ਪੰਨਾ ੩੯੬)

ਮਾਤਾ ਗੰਗਾ ਜੀ ਨੇ ਹੁਣ ਹੋਰ ਸੰਭਾਲ ਕਰਨੀ ਸ਼ੁਰੂ ਕਰ ਦਿੱਤੀ। ਆਪਣੇ ਹੱਥੀਂ ਖੁਆਂਦੇ, ਪਿਆਂਦੇ ਤੇ ਖਿਡਾਉਂਦੇ। ਪਰ ਜਦੋਂ ਗੁਰੂ ਜੀ ਦੌੜਨ-ਭੱਜਣ ਲੱਗ ਪਏ ਤਾਂ ਆਮ ਬੱਚਿਆਂ ਵਿਚ ਚਲੇ ਜਾਂਦੇ ਸਨ। ਪ੍ਰਿਥੀ ਚੰਦ ਨੇ ਇੱਕ ਹੋਰ ਵਾਰ ਕਰਨ ਦਾ ਜਤਨ ਕੀਤਾ। ਉਸ ਨੇ ਇੱਕ ਸਪੇਰੇ ਨੂੰ ਕੁਝ ਧਨ ਦੇ ਕੇ ਖਰੀਦ ਲਿਆ। ਸਪੇਰੇ ਨੂੰ ਤਿਆਰ ਕੀਤਾ ਕਿ ਉਹ ਸੱਪ ਦਾ ਤਮਾਸ਼ਾ ਦਿਖਾਲਣ ਦੇ ਬਹਾਨੇ ਵਡਾਲੀ ਜਾਵੇ ਤੇ ਜ਼ਹਿਰੀਲਾ ਸੱਪ ਹਰਿਗੋਬਿੰਦ ਤੇ ਛੱਡ ਦੇਵੇ। ਇਸ ਨੂੰ ਕਿਸੇ ਵੱਲੋਂ ਵਾਰ ਨਹੀਂ ਸਮਝਿਆ ਜਾਵੇਗਾ ਤੇ ਕੰਮ ਵੀ ਹੋ ਜਾਵੇਗਾ। ਸਪੇਰੇ ਨੇ ਵਡਾਲੀ ਆ ਕੇ ਤਮਾਸ਼ੇ ਲਈ ਲੋਕ ਇਕੱਠੇ ਕੀਤੇ। ਬੀਨ ਵਜਾਈ, ਪਹਿਲਾਂ ਪਟਾਰੀ ਖੋਲ੍ਹੀ। ਫਿਰ ਦੂਜੀ ਤੇ ਤੀਜੀ ਵਾਰੀ ਖੋਲ੍ਹੀ। ਜ਼ਹਿਰੀਲੇ ਸੱਪ ਨੂੰ ਬੀਨ ਦੇ ਇਸ਼ਾਰੇ ਨਾਲ ਗੁਰੂ ਹਰਿਗੋਬਿੰਦ ਸਾਹਿਬ ਵੱਲ ਲੈ ਗਿਆ। ਜਦ ਜ਼ਹਿਰੀਲਾ ਸੱਪ ਹਰਗੋਬਿੰਦ ਸਾਹਿਬ ਜੀ ਵੱਲ ਡੰਗ ਮਾਰਨ ਲਈ ਵਧਿਆ ਤਾਂ ਗੁਰੂ ਹਰਿਗੋਬਿੰਦ ਨੇ ਹੱਥ ਨਾਲ ਸੱਪ ਦੀ ਸਿਰੀ ਪਕੜ ਲਈ। ਸਾਰੇ ਪਾਸੇ ਸ਼ੋਰ ਮੱਚ ਗਿਆ। ਸਾਰੇ ਕਹਿਣ ਕਿ ਸੱਪ ਛੱਡ ਦਿਓ, ਪਰ ਮਹਾਰਾਜ ਨੇ ਸਿਰੀ ਐਸੀ ਫੜੀ ਕਿ ਉਸ ਦਾ ਸਿਰ ਜ਼ਮੀਨ ਤੇ ਰਗੜ-ਰਗੜ ਕੇ ਫੇਹ ਦਿੱਤਾ।

ਸੀਸ ਦਬਾਇਕੈ ਫੇਸ ਦਿਯੋ
ਬਹੁ ਦੀਰਘ ਸੋ ਉਲਟਯੋ ਬਲ ਖਾਏ ॥

(ਗੁ: ਪ੍ਰ: ਸੂ: ਗ੍ਰੰਥ)

ਇਹ ਕੌਤਕ ਦੇਖ ਕੇ ਸਪੇਰਾ ਵੀ ਬੱਕ ਪਿਆ ਕਿ "ਮੈਂ ਪ੍ਰਿਥੀ ਚੰਦ ਦਾ ਭੇਜਿਆ ਆਇਆ ਸਾਂ।"

ਏਥੇ ਵੀ ਪ੍ਰਿਥੀ ਚੰਦ ਨੇ ਹੱਠ ਨਹੀਂ ਛੱਡਿਆ। ਉਹ ਸਮਝਦਾ ਸੀ ਕਿ ਜੰਮਦੇ ਬੂਟੇ ਨੂੰ ਉਖਾੜਨਾ ਕੋਈ ਔਖਾ ਨਹੀਂ। ਪਰ ਜਦ ਬ੍ਰਿਛ ਬਣ ਗਿਆ ਤਾਂ ਲੱਖ ਜ਼ੋਰ ਨਾਲ ਵੀ ਨਹੀਂ ਪੁਟਿਆ ਜਾਣਾ।

ਲਘ ਦਰਖਤ ਜਬਿ ਉਗਾਤਿ ਹੈ ਬਲ ਅਲਪ ਉਪਾਰੇ ॥
ਗਾਢੋ ਹੋਵਹਿ ਮੂਲ ਤੇ ਨਰ ਲਗਿ ਤਬਿ ਹਾਰੇ ॥

ਪ੍ਰਿਥੀ ਚੰਦ ਨੇ ਫਿਰ ਗੁਰਦੇਵ ਦੇ ਰਸੋਈਏ ਇੱਕ ਬ੍ਰਾਹਮਣ ਨੂੰ ਖਰੀਦ ਲਿਆ ਤੇ ਆਪਣੇ ਹੱਥੀ ਪਾਲਿਆ। ਉਸ ਨੇ ਦਹੀ ਵਿਚ ਜ਼ਹਿਰ ਮਿਲਾ ਕੇ ਹਰਿਗੋਬਿੰਦ ਸਾਹਿਬ ਨੂੰ ਜ਼ਬਰਦਸਤੀ ਦੇਣਾ ਚਾਹਿਆ। ਉਸ ਨੂੰ ਵੀ ਦਹੀਂ ਸਮੇਤ ਪਕੜ ਲਿਆ। ਜਦੋਂ ਉਹ ਦਹੀਂ ਇੱਕ ਕੁੱਤੇ ਨੂੰ ਪਾਇਆ ਗਿਆ ਤਾਂ ਕੁੱਤਾ ਤੜਪ-ਤੜਪ ਕੇ ਮਰ ਗਿਆ। ਕੁਦਰਤ ਦੀ ਖੇਡ ਉਸ ਬ੍ਰਾਹਮਣ ਨੂੰ ਐਸਾ ਸੂਲ ਪਿਆ ਕਿ ਆਖਰੀ ਦਮਾਂ ਤੇ ਆ ਗਿਆ। ਮਰਦਾ-ਮਰਦਾ ਉਹ ਵੀ ਸੱਚ ਦੱਸ ਗਿਆ ਕਿ ਇਹ ਕਾਰਾ ਮੈਂ ਲੋਭ-ਵੱਸ ਕਰਨਾ ਚਾਹਿਆ ਸੀ ਤੇ ਪ੍ਰਿਥੀ ਚੰਦ ਨੇ ਮੈਨੂੰ ਧਨ ਦਿੱਤਾ ਸੀ। ਫਿਰ ਵੀ ਗੁਰਦੇਵ ਨੇ ਪਿੰਥੀ ਚੰਦ ਨੂੰ ਕੋਈ ਰੋਸ ਨਹੀਂ ਭੇਜਿਆ। ਸਿਰਫ਼ ਸ਼ੁਕਰਾਨੇ ਵਜੋਂ ਇਹ ਸ਼ਬਦ ਉਚਾਰਿਆ ਕਿ—

ਲੇਪੁ ਨ ਲਾਗੋ ਤਿਲ ਕਾ ਮੂਲਿ ॥
ਦੁਸਟੁ ਬ੍ਰਾਹਮਣੁ ਮੂਆ ਹੁਇ ਕੈ ਸੂਲ ॥੧॥

(ਪੰਨਾ ੧੧੩੭)

ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
ਪਾਪੀ ਮੂਆ ਗੁਰ ਪਰਤਾਪਿ ॥ (ਪੰਨਾ ੧੧੩੭)

ਪ੍ਰਿਥੀ ਚੰਦ ਦਾ ਇਹ ਵੀ ਵਾਰ ਜਦੋਂ ਖਾਲੀ ਗਿਆ ਤਾਂ ਉਸ ਨੇ ਇੱਕ ਹੋਰ ਹੱਲਾ ਕੀਤਾ। ਹਰਿਗੋਬਿੰਦ ਸਾਹਿਬ ਦੀ ਉਮਰ ਕੋਈ ਪੰਜ ਛੇ ਸਾਲ ਸੀ। ਇੱਕ ਬ੍ਰਾਹਮਣਾਂ ਦਾ ਨੰਦ ਲਾਲ ਨਾਮੇ ਲੜਕਾ ਹਰਿਗੋਬਿੰਦ ਸਾਹਿਬ ਦਾ ਦੋਸਤ ਸੀ। ਉਹ ਰੋਜ਼ ਗੁਰਦੇਵ ਕੋਲ ਖੇਡਣ ਆਉਂਦਾ ਸੀ। ਉਸ ਬੱਚੇ ਦੇ ਚਾਚੇ ਨੂੰ ਪ੍ਰਿਥੀ ਚੰਦ ਨੇ ਲਾਲਚ ਦੇ ਲਿਆ। ਇੱਕ ਯੋਜਨਾ ਅਨੁਸਾਰ ਉਸ ਰਾਹੀਂ ਬੱਚੇ ਦੀ ਕਮੀਜ਼ ਨੂੰ ਦੋ ਜੇਬਾਂ ਲਵਾਈਆਂ ਗਈਆਂ। ਇੱਕ ਜੇਬ ਵਿਚ ਜ਼ਹਿਰ ਵਾਲੀ ਮਠਿਆਈ ਪਾ ਦਿੱਤੀ ਤੇ ਦੂਜੀ ਵਿੱਚ ਚੰਗੀ ਮਠਿਆਈ ਪਾ ਦਿੱਤੀ। ਬੰਸਾਵਲੀ ਨਾਮੇ ਦੇ ਕਥਨ ਅਨੁਸਾਰ ਉਸ ਬੱਚੇ ਨੂੰ ਇੰਜ ਸਮਝਾ ਦਿੱਤਾ ਕਿ—

ਨੀਂਗਰ ਨੂੰ ਤਿਨ ਬੈਠ ਸਮਝਾਇਆ ॥
ਚੰਗੀ ਮਠਿਆਈ ਤੂੰ ਖਾਈ ਜੋ ਸੱਜੇ ਵੱਲ ਪਾਇਆ ॥
ਦੂਜੀ ਹਰਿਗੋਬਿੰਦ ਨੂੰ ਖੁਵਾਂਈਂ ॥
ਤੇ ਤੂੰ ਉਸ ਵਿਚੋਂ ਜ਼ਰਾ ਨਾ ਖਾਂਈ ॥ ੬੦ ॥
(ਬ੍ਰਿਤਾਂਤ ਗੁਰੂ ਅਰਜਨ ਦੇਵ ਚਰਨ ਪੰਜਵਾਂ)

ਨੰਦ ਲਾਲ ਬੱਚੇ ਨੂੰ ਖੂਬ ਸਮਝਾ-ਬੁਝਾ ਕੇ ਸ਼ਾਮ ਨੂੰ ਖੇਡਣ ਲਈ ਗੁਰਦੇਵ ਕੋਲ ਭੇਜ ਦਿੱਤਾ।

ਜਾਇ ਖੇਡੇ ਨਾਲੇ ਮਠਿਆਈ ਖਾਏ ॥
ਇਕ ਮੁਠ ਹਰਿਗੋਬਿੰਦ ਮੁਖ ਪਾਏ ॥
ਚੰਗੀ ਦੇਵੇ ਸਾਹਿਬ ਨੂੰ ਮੰਦੀ ਆਪੇ ਖਾਏ ॥
(ਬੰਸਾਵਲੀ)

ਖਾਂਦੇ-ਖਾਂਦੇ ਹੀ ਉਹ ਨੰਦ ਲਾਲ ਲੜਕਾ ਧਰਤੀ ਤੇ ਡਿੱਗ ਪਿਆ ਤੇ ਚਾਚਾ ਉਸਦਾ, ਉਸ ਨੂੰ ਚੁੱਕ ਕੇ ਲੈ ਗਿਆ। ਵਿਚਾਰੇ ਨੰਦ ਲਾਲ ਦੀ ਵੀ ਮੌਤ ਹੋ ਗਈ।

ਏਨਾ ਕੁਝ ਹੋ ਜਾਣ ਦੇ ਬਾਵਜੂਦ ਵੀ ਗੁਰੂ ਅਰਜਨ ਦੇਵ ਜੀ ਨੇ ਕਿਸੇ ਨੂੰ ਕੋਈ ਉਲਾਂਭਾ ਨਹੀਂ ਦਿੱਤਾ। ਬਲਕਿ ਗੁਰਦੇਵ ਨੇ ਗੁਰਬਾਣੀ ਦੁਆਰਾ ਪ੍ਰਮਾਤਮਾ ਨੂੰ ਹੀ ਆਖਿਆ ਹੈ ਕਿ ਇਹ ਵੀ ਤੇਰੀ ਖੇਡ ਹੈ। ਮੈਨੂੰ ਮਿੱਠੀ ਲੱਗਦੀ ਹੈ-

ਉਲਾਹਨੋ ਮੈ ਕਾਹੂ ਨ ਦੀਓ ॥
ਮਨ ਮੀਠ ਤੁਮਾਰੋ ਕੀਓ ॥
(ਪੰਨਾ ੯੭੮)

ਸ਼ਬਦ ਦਾ ਭੇਦ ਸਮਝ ਲੈਣ ਵਾਲੇ ਕਦੇ ਵੀ ਕਿਸੇ ਤੇ ਕੋਈ ਦੋਸ਼ ਨਹੀਂ ਕਰਦੇ, ਉਹਨਾਂ ਦੇ ਮਨ ਵਿਚ ਕੇਵਲ ਸ਼ਬਦ ਦਾ ਆਸਰਾ ਹੁੰਦਾ ਹੈ। ਸਮੇਂ ਤੇ ਸਮਾਜ ਤੋਂ ਬਹੁਤ ਉੱਚਾ ਹੁੰਦੇ ਹਨ।

ਜੇਕਰ ਪਰਸਥਿਤੀ ਦੀ ਗੱਲ ਕਰੀਏ ਤਾਂ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਪਰਸਥਿਤੀਆਂ ਵਿਚ ਰਹੇ, ਉਸ ਹਾਲਤ ਵਿਚ ਤਾਂ ਨਾਮ ਜਪਿਆ ਹੀ ਨਹੀਂ ਜਾ ਸਕਦਾ ਸੀ। ਪਰ ਗੁਰੂ

ਅਰਜਨ ਦੇਵ ਜੀ ਕਦੇ ਵੀ ਡੋਲੇ ਨਹੀਂ। ਉਹਨਾਂ ਦਾ ਆਸਣ ਸਦਾ ਅਡੋਲ ਰਿਹਾ ਹੈ। ਆਪਣਾ ਹੀ ਵੱਡਾ ਭਰਾ ਪ੍ਰਿਥੀ ਚੰਦ ਤਰ੍ਹਾਂ-ਤਰ੍ਹਾਂ ਦੀਆਂ ਵਿਉਂਤਬੰਦੀਆਂ ਨਾਲ ਪ੍ਰੇਸ਼ਾਨ ਕਰਦਾ ਰਿਹਾ। ਹਕੂਮਤ ਦੇ ਕੰਨ ਗੁਰਦੇਵ ਦੇ ਖਿਲਾਫ਼ ਭਰਦਾ ਸੀ। ਇੱਕ ਵਾਰੀ ਪ੍ਰਿਥੀ ਚੰਦ ਨੇ ਸਮੇਂ ਦੀ ਹਕੂਮਤ ਨਾਲ ਰਲ ਕੇ ਇਕ ਪਠਾਣ ਅਹਿਲਕਾਰ ਨੂੰ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਨ ਲਈ ਚੜ੍ਹਾ ਲਿਆਂਦਾ। ਇਸ ਪਠਾਣ ਦਾ ਨਾਮ ਸੁਲਹੀ ਖਾਂ ਸੀ। ਸੁਲਹੀ ਬੜਾ ਰਿਸ਼ਵਤਖੋਰ ਬੰਦਾ ਸੀ। ਸੁਲਹੀ ਖਾਂ ਜਦੋਂ ਦਰਬਾਰ ਸਾਹਿਬ ਤੇ ਹਮਲਾ ਕਰਨ ਆਇਆ ਤਾਂ ਉਸ ਨੇ ਸੋਚਿਆ ਕਿ ਪਹਿਲਾਂ ਪ੍ਰਿਥੀ ਚੰਦ ਦੇ ਪਿੰਡ ਚਲਦਾ ਹਾਂ। ਨਾਲੇ ਤਾਂ ਸਾਰੀ ਫੌਜ ਵਾਸਤੇ ਖਾਣ-ਪੀਣ ਦਾ ਪ੍ਰਬੰਧ ਹੋ ਜਾਵੇਗਾ, ਨਾਲ ਹੀ ਪ੍ਰਿਥੀ ਚੰਦ ਚੰਗਾ ਨਜ਼ਰਾਨਾ ਦੇਵੇਗਾ। ਫਿਰ ਅਗਲੇ ਦਿਨ ਦਰਬਾਰ ਸਾਹਿਬ ਤੇ ਹਮਲਾ ਕਰਕੇ ਗੁਰੂ ਅਰਜਨ ਦੇਵ ਜੀ ਨੂੰ ਫੜ ਲਿਆਵਾਂਗੇ। ਸੋ ਇਸ ਵਿਚਾਰ ਦੇ ਨਾਲ ਸੁਲਹੀ ਖਾਂ, ਪ੍ਰਿਥੀ ਚੰਦ ਦੇ ਪਿੰਡ ਕੋਠੇ ਚਲਾ ਗਿਆ। ਪ੍ਰਿਥੀ ਚੰਦ ਨੇ ਬੜੀ ਆਉ-ਭਗਤ ਕੀਤੀ। ਪ੍ਰਿਥੀ ਚੰਦ ਨੇ ਇੱਟਾਂ ਪਕਾਉਣ ਵਾਲੇ ਭੱਠੇ ਲਾਏ ਹੋਏ ਸਨ। ਪ੍ਰਿਥੀ ਚੰਦ ਨੇ ਉਹ ਭੱਠੇ ਸੁਲਹੀ ਖਾਂ ਨੂੰ ਵਿਖਾਉਣੇ ਚਾਹੇ। ਸੁਲਹੀ ਖਾਂ ਭੱਠੇ ਦੇਖਣ ਵਾਸਤੇ ਘੋੜੇ ਤੇ ਅਸਵਾਰ ਹੋ ਕੇ ਗਿਆ। ਭੱਠੇ ਦੇ ਨੇੜੇ ਕਿਸੇ ਮਰੇ ਹੋਏ ਪਸ਼ੂ ਦਾ ਕਰੰਗ ਪਿਆ ਸੀ। ਉਸ ਕਰੰਗ ਉੱਪਰ ਬਹੁਤ ਕਾਂ, ਕੁੱਤੇ, ਇੱਲਾਂ ਤੇ ਗਿਰਝਾਂ ਬੈਠੀਆਂ ਸਨ। ਸੁਲਹੀ ਖਾਂ ਦੇ ਨਾਲ ਘੋੜਿਆਂ ਤੇ ਅਸਵਾਰ ਫੌਜ ਸੀ। ਸਾਰੀ ਫੌਜ ਨੂੰ ਦੇਖ ਕੇ ਕੁੱਤੇ ਭੌਂਕਣ ਲੱਗੇ ਤੇ ਕਾਂ ਤੇ ਗਿਰਝਾਂ ਆਪਣੇ ਖੰਭ ਫੜ-ਫੜਾਂਦੀਆਂ ਹੋਈਆਂ ਉੱਡਣ ਲੱਗੀਆਂ। ਉਨ੍ਹਾਂ ਦੇ ਖੰਭਾਂ ਦੀ ਫੜ-ਫੜਾਹਟ ਦੀ ਬੜੀ ਅਜੀਬੋ-ਗਰੀਬ ਅਵਾਜ਼ ਨਾਲ ਸੁਲਹੀ ਖਾਂ ਦਾ ਘੋੜਾ ਡਰ ਗਿਆ। ਸੁਲਹੀ ਖਾਂ ਨੇ ਬਥੇਰਾ ਵਾਗ ਨੂੰ ਖਿਚਿਆ, ਪਰ ਡਰਿਆ ਹੋਇਆ ਘੋੜਾ ਭੱਠੇ ਦੇ ਉੱਪਰ ਜਾ ਚੜ੍ਹਿਆ। ਭੱਠੇ ਦੀਆਂ ਇੱਟਾਂ ਨੂੰ ਜਦੋਂ ਅੱਗ ਦਿੱਤੀ ਜਾਂਦੀ ਹੈ ਤਾਂ ਉਹ ਥੱਲੇ ਅੱਗ ਬਲਦੀ ਹੈ, ਪਰ ਉਪਰੋਂ ਢੱਕ ਦਿੱਤੀ ਜਾਂਦੀ ਹੈ। ਦੇਖਣ ਵਾਲੇ ਨੂੰ ਉਹ ਲੱਗਦਾ ਹੈ ਕਿ ਮਿੱਟੀ ਦਾ ਢੇਰ ਹੀ ਹੈ। ਘੋੜਾ ਉੱਪਰ ਚੜ੍ਹਿਆ ਤਾਂ ਸੁਲਹੀ ਖਾਂ ਸਮੇਤ ਘੋੜੇ ਦੇ ਅੱਗ ਦੇ ਵਿੱਚ ਧੱਸ ਗਿਆ। ਮੁਸਲਮਾਨ ਅੱਗ ਵਿਚ ਸੜਨ ਨੂੰ ਬੜਾ ਨਾਪਾਕ ਮੰਨਦੇ ਹਨ। ਸੁਲਹੀ ਖਾਂ ਨਾਪਾਕ ਹੋਕੇ ਮਰ ਗਿਆ। ਜਦੋਂ ਸਾਰੀ ਘਟਨਾ ਦਾ ਗੁਰੂ ਅਰਜਨ ਦੇਵ ਜੀ ਨੂੰ ਪਤਾ ਲੱਗਾ ਕਿ ਸੁਲਹੀ ਖਾਂ ਦਰਬਾਰ ਸਾਹਿਬ ਤੇ ਹਮਲਾ ਕਰਨ ਆਇਆ ਸੀ, ਪਰ ਸੜ ਕੇ ਮਰ ਗਿਆ ਹੈ। ਗੁਰਦੇਵ ਨੇ ਤਾਂ ਵੀ ਕੋਈ ਸ਼ਿਕਾਇਤ ਨਹੀਂ ਕੀਤੀ। ਬੱਸ ! ਕਰਤਾਪੁਰਖ ਨੂੰ ਏਨੀ ਹੀ ਅਰਦਾਸ ਕੀਤੀ ਕਿ–

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ
ਸੁਲਹੀ ਹੋਇ ਮੂਆ
ਨਾਪਾਕੁ ॥੧॥ ਰਹਾਉ ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ
ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ

ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥

(ਪੰਨਾ ੧੨੫)

ਪ੍ਰਿਥੀ ਚੰਦ ਨੇ ਆਪਣੇ ਰਹਿੰਦੇ ਦਮ ਤੱਕ ਆਪਣਾ ਹੱਠ ਤੇ ਈਰਖਾ ਨਹੀਂ ਛੱਡੀ ਤੇ ਗੁਰੂ ਅਰਜਨ ਸਾਹਿਬ ਜੀ ਨੇ ਰਹਿੰਦੇ ਦਮ ਤੱਕ ਕੋਈ ਸ਼ਿਕਾਇਤ ਨਹੀਂ ਕੀਤੀ। ਕੇਵਲ ਅਕਾਲ-ਪੁਰਖ ਨੂੰ ਹੀ ਕਿਹਾ ਹੈ ਕਿ ਸਭ ਕੁਝ ਤੇਰੀ ਖੇਡ ਹੈ। ਇਹ ਓਹੀ ਪੁਰਸ਼ ਕਹਿ ਸਕਦਾ ਹੈ ਜੋ ਪੂਰੇ ਪ੍ਰਭੂ ਨਾਲ ਜੁੜਿਆ ਹੋਇਆ ਹੈ। ਐਸੇ ਪੁਰਖ ਨੂੰ ਕਿਸੇ ਤਰ੍ਹਾਂ ਵੀ ਡੁਲਾਇਆ ਨਹੀਂ ਜਾ ਸਕਦਾ, ਕਿਉਂਕਿ ਪ੍ਰਭੂ ਸਿਮਰਨ ਦੁਆਰਾ ਨਿਹਚਲ ਆਸਣ ਨੂੰ ਪ੍ਰਾਪਤ ਕਰ ਚੁਕੇ ਹੋਏ ਹੁੰਦੇ ਹਨ।

ਸ਼ਬਦ ਤੇ ਸ਼ੁਕਰ

ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥
ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥

(ਸੁਖਮਨੀ)

ਨਿਹਚਲ ਆਸਣ ਇਹ ਨਹੀਂ ਕਿ ਆਦਮੀ ਚੌਂਕੜਾ ਮਾਰ ਕੇ ਬੈਠਾ ਹੋਏ। ਦਰਅਸਲ ਨਿਹਚਲ ਆਸਣ ਤਾਂ ਬੰਦੇ ਦੇ ਮਨ ਵਿਚ ਹੁੰਦਾ ਹੈ। ਜੇ ਮਨ ਟਿਕਿਆ ਹੋਇਆ ਹੈ ਤਾਂ ਬੰਦਾ ਬਾਹਰੋਂ ਵੀ ਟਿਕ ਜਾਵੇਗਾ। ਇਹ ਟਿਕਾਓ ਕੇਵਲ ਸ਼ਬਦ ਦੀ ਕਲਾ ਦੁਆਰਾ ਹੀ ਮਿਲਦਾ ਹੈ। ਜੇ ਬੰਦਾ ਬਾਹਰੋਂ ਤਾਂ ਸੰਤਾਂ ਵਾਲਾ ਭੇਖ ਬਣਾਵੇ ਤੇ ਵਿਖਾਵੇ ਲਈ ਆਸਣ ਲਾ-ਲਾ ਕੇ ਚੌਂਕੜੇ ਲਾ ਕੇ ਬੈਠੇ। ਪਰ ਮਨ ਵਾਸ਼ਨਾਵਾਂ ਤੇ ਤ੍ਰਿਸ਼ਨਾਵਾਂ ਵਿਚ ਭਟਕਿਆ ਰਹੇ। ਐਸੇ ਆਦਮੀ ਨੂੰ ਸਿਰਫ ਪਾਖੰਡੀ ਕਿਹਾ ਜਾ ਸਕਦਾ ਹੈ। ਮਨ ਦਾ ਟਿਕਾਉ ਕੇਵਲ ਪ੍ਰਭੂ-ਸਿਮਰਨ ਦੁਆਰਾ ਬਣਦਾ ਹੈ। ਇਸ ਤਰ੍ਹਾਂ ਦੇ ਨਿਹਚਲ ਆਸਣ ਵਾਲੇ ਹੀ ਤੱਤੀ ਤਵੀ ਤੇ ਬੈਠ ਸਕਦੇ ਹਨ। ਪਰ ਜਿਨ੍ਹਾਂ ਦਾ ਮਨ ਨਿਹਚਲ ਆਸਣ ਤੇ ਚੌਂਕੜਾ ਮਾਰ ਲੈਂਦਾ ਹੈ, ਉਹ ਪ੍ਰਭੂ ਕ੍ਰਿਪਾ ਦੇ ਅੰਮ੍ਰਿਤ ਜਲ ਦੁਆਰਾ ਏਨੇ ਸੀਤਲ ਹੋ ਜਾਂਦੇ ਹਨ ਕਿ ਉਹਨਾਂ ਨੂੰ ਕੋਈ ਅੱਗ ਵੀ ਸਾੜ ਨਹੀਂ ਸਕਦੀ। ਗੁਰੂ ਨਾਨਕ ਦੇਵ ਜੀ ਨੇ ਬਸੰਤ ਰਾਗ ਵਿਚ ਫੁਰਮਾਇਆ ਕਿ ਸੰਸਾਰ ਨੂੰ ਅਜੇ ਤੱਕ ਇਹ ਸੂਝ ਨਹੀਂ ਆਈ ਕਿ ਅਗਨ ਹੁੰਦੇ ਹੋਏ ਵੀ ਖਿੜਨਾ ਕਿਵੇਂ ਹੈ? ਸਾਗਰ ਵਰਗਾ ਵਿਸ਼ਾਲ ਹੋ ਕੇ ਵੀ ਸਿਮਟੇ ਕਿਵੇਂ ਰਹਿਣਾ ਹੈ? ਤਪਸ਼ ਦੇ ਸੋਮੇ ਲਾਗੇ ਰਹਿ ਕੇ ਵੀ ਸੀਤਲਤਾ ਕਿਵੇਂ ਕਾਇਮ ਰੱਖਣੀ ਹੈ?

ਭੀਤਰਿ ਅਗਨਿ ਬਨਾਸਪਤਿ ਮਉਲੀ
ਸਾਗਰੁ ਪੰਡੈ ਪਾਇਆ ॥
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ
ਐਸਾ ਗਿਆਨੁ ਨ ਪਾਇਆ ॥੨॥

(ਪੰਨਾ ੧੧੭੧)

ਐਸਾ ਗਿਆਨ ਪਾਵਣਹਾਰੇ ਸਤਿਗੁਰੂ ਅਰਜਨ ਦੇਵ ਜੀ, ਐਸੇ ਸੀਤਲ ਪੁਰਖ ਹੋ ਨਿਤਰੇ ਹਨ ਕਿ ਕਿਸੇ ਯਤਨ ਨਾਲ ਵੀ ਉਹਨਾਂ ਨੂੰ ਕੋਈ ਤਪਾ ਨਹੀਂ ਸਕਿਆ, ਪਰ ਸਾਰੇ ਤਪ ਗਏ ਸਨ। ਕਿਹੜਾ ਸੀ ਜਿਹੜਾ ਗਰਮ ਨਹੀਂ ਸੀ। ਜਰਾ ਇਤਿਹਾਸ ਪੜ੍ਹਕੇ ਤੱਕੋ?

ਜਹਾਂਗੀਰ ਗਰਮ ਸੀ। ਸ਼ਾਹਜਹਾਨ ਗਰਮ ਸੀ। ਮੁੱਲਾਂ ਕਾਜ਼ੀ ਸਾਰੇ ਗਰਮ ਸਨ। ਭਗਤ ਕਾਨ੍ਹਾ ਵਰਗੇ ਅੱਗ-ਬਗੋਲੇ ਹੋ ਗਏ ਸਨ। ਸੁਲਬੀ ਉਬਲਿਆ ਹੋਇਆ ਸੀ। ਵੱਡਾ ਭਰਾ ਪ੍ਰਿਥੀ ਚੰਦ ਬੜਾ ਗਰਮ ਸੀ। ਅਨਾਇਤ ਖਾਂ ਗਰਮ ਸੀ। ਕੁਲੀਜ ਖਾਂ ਗਰਮ ਸੀ। ਸੁਲਹੀ ਖਾਂ ਗਰਮ ਸੀ। ਵੱਡੀ ਭਰਜਾਈ ਕਰਮੋ ਵੀ ਬੜੀ ਗਰਮ ਸੀ। ਮਹੀਨਾ ਜੇਠ ਦਾ, ਉਹ ਵੀ ਗਰਮ। ਅੱਗ ਗਰਮ। ਪਾਣੀ ਉਬਲਦਾ ਸੀ। ਏਥੋਂ ਤੱਕ ਕਿ ਸਦਾ ਸੀਤਲ ਰਹਿਣ ਵਾਲਾ ਸਾਂਈਂ ਮੀਆਂ ਮੀਰ ਵੀ ਗਰਮ ਹੋ ਗਿਆ। ਦੇਗ ਉਬਾਲੇ ਖਾਂਦੀ ਹੈ। ਰੇਤ ਗਰਮ। ਰੇਤ ਪਾਉਣ ਵਾਲਾ ਭੜਭੂੰਜਾ ਗਰਮ ਹੈ। ਸਾਰੇ ਗਰਮ ਹਨ। ਜੇ ਕੋਈ ਸੀਤਲ ਹੈ ਤਾਂ ਉਹ ਗੁਰੂ ਅਰਜਨ ਜੀ ਸਨ। ਕਿਉਂਕਿ ਗੁਰੂ ਅਰਜਨ ਦੇਵ ਜੀ ਸ਼ਬਦ ਦੀ ਕਲਾ ਨੂੰ ਸਮਝਦੇ ਸਨ। ਜਿਹੜਾ ਸ਼ਬਦ ਦੀ ਕਲਾ ਨੂੰ ਸਮਝ ਲੈਂਦਾ ਹੈ, ਉਸ ਨੂੰ ਕਿਸੇ ਤਰ੍ਹਾਂ ਵੀ ਤਪਾਇਆ ਤੇ ਸਤਾਇਆ ਨਹੀਂ ਜਾ ਸਕਦਾ।

ਸੋ ਅਨੁਭਵ ਕੀਤਾ ਜਾ ਸਕਦਾ ਹੈ ਕਿ ਅੱਜ ਦੇ ਝੁਲਸੇ ਹੋਏ ਮਾਹੌਲ ਵਿਚ ਜੇ ਪੂਰਨ ਧਿਆਨ ਨਾਲ ਗੁਰੂ ਅਰਜਨ ਦੇਵ ਜੀ ਨੂੰ ਸਮਝਾਂਗੇ ਤਾਂ ਇਹ ਸਮਝ ਲੱਗੇਗੀ ਕਿ ਸ਼ਬਦ ਦੁਆਰਾ ਪੂਰਨ ਸੀਤਲ ਹੋਇਆ ਜਾ ਸਕਦਾ ਹੈ। ਸ਼ਬਦ ਦੀ ਕਲਾ ਦੁਆਰਾ ਅਸਹਿ ਤੋਂ ਅਸਹਿ ਕਸ਼ਟ ਵੀ ਝੱਲੇ ਜਾ ਸਕਦੇ ਹਨ। ਤੁਸੀਂ ਹੈਰਾਨ ਹੋਵੋਗੇ ਕਿ ੨੨ ਮਈ ੧੬੦੬ ਈ: ਨੂੰ ਅੰਮ੍ਰਿਤਸਰ ਤੋਂ ਜਹਾਂਗੀਰ ਦੇ ਹੁਕਮ ਨਾਲ ਮੁਰਤਜ਼ਾ ਖਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕੀਤਾ। ਗੁਰੂ ਅਰਜਨ ਦੇਵ ਜੀ ਦੇ ਨਾਲ ਪੰਜ ਪ੍ਰਮੁੱਖ ਸਿੱਖਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਚੌਧਰੀ ਲੰਗਾਹਾ, ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਪੈੜਾ ਜੀ, ਭਾਈ ਪਿਰਾਣਾ ਜੀ। ਏਨਾ ਪ੍ਰਮੁੱਖ ਸਿੱਖਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਆਪ ਹੀ ਲਾਹੌਰ ਤੋਂ ਵਾਪਸ ਅੰਮ੍ਰਿਤਸਰ ਪਹੁੰਚਣ ਲਈ ਹੁਕਮ ਦਿੱਤਾ ਸੀ। ਇਹ ਪ੍ਰਮੁੱਖ ਸਿੱਖਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਵਿਚ ਸਿੱਖੀ ਲਈ ਸਭ ਯੋਗ ਪ੍ਰਬੰਧ ਕੀਤੇ ਸਨ।

ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਜਹਾਂਗੀਰ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਬੰਸਾਵਲੀ ਨਾਮਾ ਦਾ ਕਰਤਾ ਕਹਿੰਦਾ ਹੈ ਕਿ

ਜਵਾਬ ਸਵਾਲ ਬਹੁਤਾ ਹੀ ਹੋਇਆ ॥
ਭਏ ਕੈਦ, ਸ੍ਰਮ ਪਾਇਆ, ਸੁਖ ਸਭ ਖੋਇਆ ॥

(ਬੰਸਾਵਲੀ)

ਜਹਾਂਗੀਰ ਨੇ ਗੁਰਦੇਵ ਤੇ ਪਹਿਲਾ ਸੁਆਲ ਇਹ ਕੀਤਾ ਸੀ ਕਿ ਤੁਸੀਂ ਬਾਗ਼ੀ ਸ਼ਹਿਜਾਦੇ ਖੁਸਰੋ ਨੂੰ ਪਨਾਹ ਦਿੱਤੀ ਤੇ ਭੋਜਨ ਪਾਣੀ ਛਕਾਇਆ ਸੀ। ਕਿਉਂਕਿ ਅਕਬਰ ਨੇ ਮਰਨ ਤੋਂ ਪਹਿਲਾਂ ਆਪਣਾ ਰਾਜ ਆਪਣੇ ਪੋਤਰੇ ਖੁਸਰੋ ਨੂੰ ਦੇਣਾ ਕੀਤਾ ਸੀ, ਪਰ ਜਹਾਂਗੀਰ ਨੇ ਧੱਕੇ ਨਾਲ ਰਾਜ-ਗੱਦੀ ਖੋਹ ਲਈ ਤੇ ਉਸ ਦੇ ਆਪਣੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ ਸੀ। ਜਹਾਂਗੀਰ ਆਪਣੇ ਪੁੱਤਰ ਨੂੰ ਮਾਰ ਦੇਣਾ ਚਾਹੁੰਦਾ ਸੀ। ਖੁਸਰੋ ਦੌੜਿਆ ਹੋਇਆ ਗੋਇੰਦਵਾਲ ਦੇ ਪੱਤਣ ਤੋਂ ਲੰਘਦਾ ਹੋਇਆ ਗੁਰੂ ਦਰਬਾਰ ਵਿੱਚ ਆ ਗਿਆ ਸੀ। ਹੁਣ ਗੁਰੂ-ਘਰ ਹੈ। ਲੰਗਰ ਤਾਂ ਹਮੇਸ਼ਾ ਸਭ ਲਈ ਸਾਂਝਾ ਚੱਲਦਾ ਹੈ। ਗੁਰੂ

ਅਰਜਨ ਦੇਵ ਜੀ ਕਹਿਣ ਲੱਗੇ ਕਿ "ਇਹ ਓਹੀ ਲੰਗਰ ਸੀ, ਜਿਥੋਂ ਤੇਰਾ ਪਿਤਾ ਅਕਬਰ ਭੋਜਨ ਪਾਣੀ ਛੱਕ ਗਿਆ ਸੀ। ਜੇ ਹੁਣ ਤੇਰਾ ਪੁੱਤਰ ਖੁਸਰੋ, ਛੱਕ ਗਿਆ ਹੈ ਤਾਂ ਕਿਹੜੀ ਆਫ਼ਤ ਆ ਗਈ ਹੈ ?"

ਜਹਾਂਗੀਰ ਨੇ ਦੂਜਾ ਸੁਆਲ ਕੀਤਾ ਕਿ "ਤੁਸਾਂ ਗ੍ਰੰਥ-ਸਾਹਿਬ ਤਿਆਰ ਕੀਤਾ ਹੈ। ਇਸ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੀ ਤਾਰੀਫ ਦੇ ਸ਼ਬਦ ਪਾਉ ?" ਗੁਰਦੇਵ ਨੇ ਇਨਕਾਰ ਕਰ ਦਿੱਤਾ "ਕਿ ਨਹੀਂ,। ਇਹ ਗ੍ਰੰਥ ਆਦਿ ਸੱਚ ਹੈ। ਇਸ ਵਿਚ ਰਲਾ ਨਹੀਂ ਪੈ ਸਕਦਾ।" ਅਖੀਰ ਤਾਂ ਜਹਾਂਗੀਰ ਨੇ ਕਿਹਾ ਕਿ "ਤੁਹਾਨੂੰ, ਅਸੀਂ ਮੁਸਲਮਾਨਾਂ ਵਿੱਚ ਰਲਾਉਣਾ ਚਾਹੁੰਦੇ ਹਾਂ।" ਗੁਰਦੇਵ ਨੇ ਕਿਹਾ ਕਿ "ਇਹ ਸਰੀਰ ਨਾਸਵੰਤ ਹੈ। ਅਸੀਂ ਕਿਸੇ ਦੇ ਰਲਾਇਆ ਨਹੀਂ ਰਲਣਾ। ਵੈਸੇ ਸਾਰਿਆਂ ਦੀ ਸਾਡੇ ਦਿਲ ਵਿਚ ਇੱਜ਼ਤ ਹੈ।" ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕਰਤਾ ਨੇ ਲਿਖਿਆ ਹੈ ਕਿ ਜਹਾਂਗੀਰ ਗੁਰਦੇਵ ਨੂੰ ਦੋ ਲੱਖ ਰੁਪਏ ਜੁਰਮਾਨਾ ਕਰਕੇ ਆਪ ਲਾਹੌਰ ਤੋਂ ਚਲਾ ਗਿਆ ਸੀ ਇਹ ਜੁਰਮਾਨਾ ਵਸੂਲਣ ਦੀ ਡਿਊਟੀ ਦੀਵਾਨ ਚੰਦੂ ਮੱਲ ਨੇ ਲੈ ਲਈ। ਸਾਰੇ ਵਿਰੋਧੀ ਬੰਦੇ ਇਕੱਠੇ ਹੋ ਗਏ। ਇੱਕ ਤਾਂ ਸ਼ੇਖ-ਸਿਰਹੰਦੀ ਬੜਾ ਕੱਟੜ ਮੁਸਲਮਾਨ ਸੀ ਤੇ ਉਸ ਨੇ ਸਾਰੇ ਦੇਸ਼ ਵਿੱਚ ਇਹ ਪ੍ਰਚਾਰ ਕਰ ਰੱਖਿਆ ਸੀ ਕਿ ਮੈਂ ਖਲੀਫੇ ਦਾ ਅਵਤਾਰ ਹਾਂ। ਉਹ ਸਿੱਖੀ ਨੂੰ ਵੱਧਦੀ-ਫੁਲਦੀ ਨਹੀਂ ਸੀ ਦੇਖਣਾ ਚਾਹੁੰਦਾ। ਉਸ ਨੇ ਮੁਰਤਜਾ ਖਾਂ ਨੂੰ ਚਿੱਠੀ ਲਿਖੀ ਕਿ ਕਿਸੇ ਵੀ ਤਰ੍ਹਾਂ ਗੁਰੂ ਅਰਜਨ ਦੇਵ ਨੂੰ ਜਿਊਂਦਿਆਂ ਨਹੀਂ ਛੱਡਣਾ। ਇੱਕ ਚੰਦੂ ਮੱਲ ਦੀਵਾਨ ਬੜਾ ਅਹੰਕਾਰੀ ਬੰਦਾ ਸੀ। ਉਸ ਨੇ ਆਪਣੀ ਲੜਕੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਕਰਨਾ ਚਾਹਿਆ ਸੀ, ਪਰ ਧਰਮ ਤੇ ਅਹੰਕਾਰ ਦਾ ਮੇਲ ਨਾ ਹੋ ਸਕਿਆ। ਰਿਸ਼ਤਾ ਟੁਟ ਗਿਆ। ਚੰਦੂ ਮੱਲ ਗੁਰਦੇਵ ਦਾ ਦੁਸ਼ਮਣ ਹੋ ਗਿਆ। ਚੰਦੂ ਮੱਲ ਦੀ ਹੀ ਲਾਲ ਖੂਹੀ ਵਾਲੀ ਹਵੇਲੀ ਵਿਚ ਗੁਰਦੇਵ ਨੂੰ ਕੈਦ ਕੀਤਾ ਗਿਆ। ਇਹ ਹਵੇਲੀ ਲਾਹੌਰ ਦੇ ਮੋਤੀ ਬਾਜ਼ਾਰ ਲਾਗੇ ਸੀ। ਅੱਜ ਕੱਲ੍ਹ ਉਥੇ ਗੁਰਦੁਆਰਾ ਹੈ। ਚੰਦੂ ਨੇ ਪਹਿਲਾਂ ਤਾਂ ਆਪਣਾ ਇਹ ਗੁੱਸਾ ਕੱਢਿਆ ਕਿ ਮੇਰੀ ਧੀ ਦੀ ਸਗਾਈ ਕਿਉਂ ਤੋੜੀ ਹੈ ?

ਮੋਰਿ ਸੁਤਾ ਕੀ ਮੋਰਿ ਸਗਾਈ॥
ਕਯੋ ਹੂੰ ਨ ਮਾਨੀ ਬਿਨੈ ਅਲਾਈ॥

(ਗੁ: ਪ੍ਰ: ਸੂ: ੨੩੬੨)

ਗੁਰਦੇਵ ਕਹਿਣ ਲੱਗੇ ਕਿ "ਤੂੰ ਆਪ ਹੀ ਇਤਰਾਜ਼ ਕੀਤਾ ਸੀ ਕਿ ਮੈਂ ਉੱਚੀ ਕੁਲ ਦਾ ਹਾਂ। ਗੁਰੂ ਅਰਜਨ ਇੱਕ ਸੰਤ ਹੈ। ਇੱਕ ਧਰਮੀ ਬੰਦਾ ਹੈ। ਸੁਆਲ ਤਾਂ ਇਹ ਪੈਦਾ ਹੋ ਗਿਆ ਕਿ ਇੱਕ ਧਨਵਾਨ ਦਾ ਧਰਮਵੰਤ ਨਾਲ ਰਿਸ਼ਤਾ ਕਿਵੇਂ ਨਿਭੇਗਾ ? ਤੂੰ ਆਪ ਇਹ ਲਫ਼ਜ਼ ਕਹੇ ਸਨ ਕਿ ਇਹ ਰਿਸ਼ਤਾ ਤਾਂ ਇਸ ਤਰ੍ਹਾਂ ਹੈ ਜਿਵੇਂ ਚੁਬਾਰੇ ਦੀ ਇੱਟ, ਕੋਈ ਮੋਰੀ ਨੂੰ ਲਾ ਦੇਵੇ। ਇਸ ਨਾਲ ਚੁਬਾਰੇ ਦਾ ਅਪਮਾਨ ਹੈ।"

ਤੂੰ ਊਚੀ ਕੁਲ ਅਹੈਂ ਚੁਬਾਰਾ॥
ਹਮ ਕੋ ਮੋਰੀ ਸਰਸ ਉਚਾਰਾ॥

(ਗੁ: ਪ੍ਰ: ਸੂ: ੨੩੬੨)

ਦਰਅਸਲ ਇਹ ਰਿਸ਼ਤਾ, ਤਾਂ ਟੁੱਟਿਆ ਕਿ ਧਰਮ ਤੇ ਹੰਕਾਰ ਦਾ ਮੇਲ ਨਹੀਂ ਹੋ ਸਕਿਆ। ਨੇਕੀ ਤੇ ਬਦੀ ਦਾ ਮੇਲ ਕਦੇ ਵੀ ਨਹੀਂ ਹੁੰਦਾ। ਸੂਰਜ ਤੇ ਰਾਤ ਦਾ ਮੇਲ ਕਦੇ ਨਹੀਂ ਹੁੰਦਾ। ਵੈਸੇ ਰਾਤ ਦਾ ਅੰਧੇਰਾ ਕਿੰਨਾ ਵੀ ਗਹਿਰਾ ਹੋਵੇ, ਉਸ ਅੰਧੇਰੇ ਦਾ ਅਸਰ ਚਾਨਣ ਤੇ ਕਦੇ ਵੀ ਨਹੀਂ ਹੁੰਦਾ।

ਚੰਦੁ ਅਨੇਰਾ ਕਿਆ ਕਰੇ, ਸੂਰਜ ਕੇਹੀ ਰਾਤ ॥

ਗੱਲ ਤਾਂ ਧਰਮ ਦੀ ਹੈ। ਧਰਮ ਇੱਕ ਐਸਾ ਪ੍ਰਕਾਸ਼ ਹੈ, ਜਿਸ ਨਾਲ ਪਾਪ ਦੀ ਰਾਤ ਨੂੰ ਦੁਸ਼ਮਣੀ ਹੈ। ਚੰਦੂ ਕੋਲੋਂ ਗੁਰਦੇਵ ਦੇ ਇਹ ਵਿਚਾਰ ਵੀ ਬਰਦਾਸ਼ਤ ਨਾ ਹੋਏ। ਕ੍ਰੋਧ-ਵੱਸ ਕਹਿਣ ਲੱਗਾ ਕਿ ਹੁਣ ਤੁਹਾਡਾ ਭੋਜਨ ਪਾਣੀ ਬੰਦ ਹੈ। ਸਿਪਾਹੀਆਂ ਨੂੰ ਕੋਲ ਬੁਲਾਕੇ ਕਹਿਣ ਲੱਗਾ ਕਿ—

ਨਿਕਟਿ ਬੁਲਾਏ ਆਪਨਿ ਸਿਪਾਹੀ ॥ ਜਲ ਭੋਜਨ ਪਹੁੰਚਨਿ ਦਿਹੁ ਨਾਹੀ॥
ਜਬ ਲਾਗਹਿਗੀ ਤ੍ਰਿਖਾ ਮਹਾਨੀ ॥ ਦੇ ਗਿਨ ਲਾਖ ਦਿਹੁ ਤਬਿ ਪਾਨੀ ॥

ਕਿਹਾ ਕਿ ਜਦੋਂ ਬਹੁਤੀ ਪਿਆਸ ਗੁਰੂ ਅਰਜਨ ਦੇਵ ਨੂੰ ਲੱਗੇਗੀ। ਕਿਉਂਕਿ ਗਰਮੀ ਦੇ ਦਿਨ ਤੇ ਜੇਠ ਦਾ ਮਹੀਨਾ ਸੀ। ਦੋ ਘੰਟੇ ਵਿਚ ਹੀ ਦਮ ਖੁਸ਼ਕ ਹੋਣ ਲੱਗਦੇ ਸਨ। ਜੇ ਗੁਰਦੇਵ ਪਾਣੀ ਮੰਗਣ ਤਾਂ ਇਨ੍ਹਾਂ ਕੋਲੋਂ ਇੱਕ ਲੱਖ ਰੁਪਏ ਲੈ ਕੇ ਪਾਣੀ ਦਿਉ।

ਬਿਆਕੁਲ ਹੋਇ ਛੁਧਿਤਿ ਬਹੁ ਜਬੈ ॥ ਲੇਹੁ ਲਾਖ ਦਿਹੁ ਭੋਜਨ ਤਬੈ ॥
ਨਿੰਦ੍ਰਾ ਤੇ ਜਬਿ ਸੁਪਤਨਿ ਚਹੈਂ ॥ ਦੇਹਿ ਲਾਖ ਤੌਂ ਸੋਵਨ ਲਹੈਂ ॥

ਭੁੱਖ ਨਾਲ ਜਦੋਂ ਗੁਰਦੇਵ ਵਿਆਕੁਲ ਹੋਣ ਤਾਂ ਇੱਕ ਲੱਖ ਹੋਰ ਲਉ, ਫੇਰ ਭੋਜਨ ਦਿਉ। ਨੀਂਦ ਵੱਸ ਜਦੋਂ ਸੌਣਾ ਚਾਹੁਣ, ਤਾਂ ਇਕ ਲੱਖ ਲੈ ਕੇ ਸੌਣ ਦਿਉ। ਸੋ ਪਹਿਲੇ ਦਿਨ ਤਾਂ ਇਸ ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ। ਪਰ ਗੁਰਦੇਵ ਦਾ ਏਨਾ ਸੀਤਲ ਹਿਰਦਾ ਕਿ ਇੱਕ ਵਾਰ ਵੀ ਇਹ ਨਹੀਂ ਆਖਿਆ ਕਿ ਇਹ ਗਲਤ ਹੈ। ਇਹ ਨਜਾਇਜ਼ ਹੈ। ਸਭ ਕੁਝ ਉਸ ਦਾ ਭਾਣਾ ਹੈ। ਗੁਰਦੇਵ ਪ੍ਰਭੂ ਨਾਮ ਦੀ ਖੁਮਾਰੀ ਵਿੱਚ ਮਸਤ ਰਹੇ। ਏਨਾ ਸਿਦਕ ਕੇਵਲ ਸ਼ਬਦ ਦੀ ਕਲਾ ਦੁਆਰਾ ਬਣ ਸਕਦਾ ਹੈ।

ਦੂਜੇ ਦਿਨ ਫਿਰ ਹੋਰ ਕਸ਼ਟਦਾਇਕ ਸਜ਼ਾ ਚੁਣੀ ਗਈ। ਦਰਅਸਲ ਚੰਦੂ ਮੱਲ ਦੀਵਾਨ ਦੇ ਪਿੱਛੇ ਕੰਮ ਕੋਈ ਹੋਰ ਕਰਦਾ ਸੀ। ਸ਼ੇਖ ਸਿਰਹੰਦੀ ਤੇ ਮੁਰਤਜ਼ਾ ਖਾਨ ਦੀ ਸਿਆਸਤ ਚਲ ਰਹੀ ਸੀ। ਦੂਜੇ ਦਿਨ ਹੁਕਮ ਹੋਇਆ ਕਿ-

ਆਨਹੁ ਅਗਨਿ ਤਪਾਵਹੁ ਨੀਰ ॥ ਬੀਚ ਬਿਠਾਵਹੁ ਤਪਹਿ ਸਰੀਰ ॥

ਭਾਵ ਪਾਣੀ ਗਰਮ ਕਰੋ ਤੇ ਗੁਰਦੇਵ ਨੂੰ ਉਸ ਪਾਣੀ ਵਿਚ ਬਿਠਾਉ।

ਤਬਿ ਸਤਿਗੁਰ ਉਠਿ ਆਪੇ ਗਏ ॥ ਤਪਤਿ ਨੀਰ ਮਹਿਂ ਬੈਠਤ ਭਏ ॥

ਇਕ ਦਿਨ ਗਰਮ ਪਾਣੀ ਦੀ ਸਜ਼ਾ ਦਿੱਤੀ ਗਈ। ਦੂਜੇ ਦਿਨ ਅੱਗ ਬਾਲ ਕੇ ਕੁਝ ਰੇਤ ਗਰਮ ਕੀਤੀ ਗਈ। ਸਿਪਾਹੀਆਂ ਨੂੰ ਹੁਕਮ ਕੀਤਾ ਕਿ ਇਸ ਰੇਤ ਉੱਪਰ ਗੁਰਦੇਵ ਨੂੰ ਬਿਠਾਉ ? ਕੜਛੇ ਭਰ-ਭਰ ਕੇ ਤਨ ਤੇ ਰੇਤ ਪਾਉ। ਗੁਰਦੇਵ ਆਪ ਹੀ ਉਠ ਕੇ ਰੇਤ ਉੱਪਰ ਬੈਠ ਗਏ।

ਤਪਤਿ ਰੇਤ ਪਰ ਨਿਸ਼ਚਲ ਬੈਸੇ ॥ ਸੁਖ ਤੇ ਮ੍ਰਿਦੁ ਆਸਨ ਪਰ ਜੈਸੇ ॥

ਇਤ ਉਤ ਅੰਗ ਨਹੀਂ ਭੁਲਯੰਤੇ ॥ ਭਏ ਮੌਨ ਕੁਛ ਨਹੀਂ ਕਹੰਤੇ ॥
ਕਹਯੋ ਦੁਸ਼ਟ ਪੁਨ, ਕਰਛੇ ਲੈ ਕੇ ॥ ਤਪਤਿ ਰੇਤ ਦਿਹੁ ਊਪਰਿ ਪੈ ਕੇ ॥

(ਗੁ: ਪ੍ਰ: ਸੂ: ਪੰਨਾ ੨੩੯੯)

ਤੀਜੇ ਦਿਨ ਇਕ ਹੋਰ ਬੜੀ ਕਰੜੀ ਸਜ਼ਾ ਦਿੱਤੀ ਗਈ। ਇੱਕ ਵੱਡੀ ਸਾਰੀ ਤਵੀ (ਲੋਹ) ਗਰਮ ਕਰਵਾਈ। ਗੁਰਦੇਵ ਨੂੰ ਕਿਹਾ ਕਿ ਇਸ ਤਵੀ ਤੇ ਬੈਠੋ ? ਫੇਰ ਗੁਰਦੇਵ ਬਿਨਾਂ ਕੁਝ ਬੋਲੇ ਹੀ ਤੱਤੀ ਤਵੀ ਤੇ ਬੈਠ ਗਏ।

ਤਿਸ ਦਿਨ ਸਤਿਗੁਰੂ ਕਛੂ ਨ ਬੋਲੇ ॥
ਤਪਤ ਲੋਹ ਪਰ ਥਿਰੇ ਅਡੋਲੇ ॥

ਏਨੇ ਕਸ਼ਟ ਸਹਿ ਕੇ ਵੀ ਗੁਰਦੇਵ ਨੇ ਕੋਈ ਸ਼ਿਕਾਇਤ ਨਹੀਂ ਕੀਤੀ। ਨਿਜ ਅਨੰਦ ਸਰੂਪ ਵਿਚ ਉਤਰੇ ਰਹੇ। ਸਭ ਕੁਝ ਕਰਤਾ-ਪੁਰਖ ਦੀ ਖੇਡ ਸਮਝਦੇ ਰਹੇ।

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

(ਪੰਨਾ ੩੯੪)

ਇਸ ਤਰ੍ਹਾਂ ਪ੍ਰਭੂ ਦੇ ਗੁਣ ਗਾਉਂਦੇ ਰਹੇ। ਪੰਜਵੇਂ ਦਿਨ ਦੁਸ਼ਟ ਚੌਕੜੀ ਨੇ ਆਪਸ ਵਿਚ ਸਲਾਹ ਕਰਕੇ ਕਿ ਗੁਰਦੇਵ ਨੂੰ ਇਸ਼ਨਾਨ ਕਰਨ ਦੇ ਬਹਾਨੇ ਰਾਵੀ ਦਰਿਆ ਉੱਪਰ ਲੈ ਜਾਓ ਤੇ ਡੂੰਘੇ ਪਾਣੀ ਵਿੱਚ ਰੋੜ੍ਹ ਦਿਓ। ਏਸ ਤਰ੍ਹਾਂ ਹੀ ਹੋਇਆ। ਰਾਵੀ ਦਰਿਆ ਵਿਚ ਗੁਰਦੇਵ ਨੇ ਤਨ ਤਿਆਗ ਦਿੱਤਾ। ਪਰ ਏਨੇ ਕਸ਼ਟ ਸ਼ਹਿ ਕੇ ਵੀ ਸੀਤਲਤਾ ਦਾ ਤਿਆਗ ਨਹੀਂ ਕੀਤਾ। ਹੁਣ ਜੇ ਮਾਹੌਲ ਦੀ ਗੱਲ ਕੀਤੀ ਜਾਵੇ ਤਾਂ ਮਾਹੌਲ ਕਦੇ ਵੀ ਠੀਕ ਨਹੀਂ ਹੋਇਆ। ਬਦੀ, ਨੇਕੀ ਨੂੰ ਹਰਾਉਣ ਵਿਚ ਸਦਾ ਲੱਗੀ ਰਹਿੰਦੀ ਹੈ। ਮਾਹੌਲ ਦੇਖੀਏ ਤਾਂ ਗੁਰੂ ਅਰਜਨ ਸਾਹਿਬ ਦੇ ਆਲੇ-ਦੁਆਲੇ ਕੁਝ ਵੀ ਸ਼ਾਂਤ ਨਹੀਂ। ਸਭ ਕੁਝ ਗਰਮ ਹੈ। ਪਰ ਗੁਰਦੇਵ ਸ਼ਾਂਤ ਹਨ। ਤੱਤੀ ਤਵੀ ਤੇ ਬੈਠ ਕੇ ਸ਼ਬਦ ਵਿਚ ਜੁੜੇ ਰਹੇ ਹਨ। ਸ਼ਬਦ ਗਾਉਂਦੇ ਸਨ। ਫਿਰ ਏਸ ਢੰਗ ਨਾਲ ਸ਼ਬਦ ਗਾਉਂਦੇ ਸਨ, ਜਿਵੇਂ ਕੋਈ ਆਪਣੇ ਅਤਿ ਪਿਆਰੇ ਦੇ ਸਾਹਮਣੇ ਬੈਠ ਕੇ ਉਸ ਦਾ ਪਿਆਰ ਜਿੱਤਣ ਵਾਸਤੇ ਕਹਿ ਰਿਹਾ ਹੋਵੇ ਕਿ-

ਜੋ ਤੁਧੁ ਭਾਵੈ ਸੋ ਪਰਵਾਣੁ॥
ਤੇਰੇ ਭਾਣੇ ਨੋ ਕੁਰਬਾਣੁ॥

(ਪੰਨਾ ੬੭੬)

ਇਉ ਲੱਗਦਾ ਹੈ ਕਿ ਗੁਰੂ ਅਰਜਨ ਦੇਵ ਜੀ ਸ਼ਾਖਸਾਤ ਸਾਹਮਣੇ, ਆਪਣੇ ਪਿਆਰੇ ਪ੍ਰੀਤਮ ਨੂੰ ਬਿਠਾ ਕੇ ਇਹ ਗੱਲ ਕਹਿ ਰਹੇ ਸਨ ਕਿ ਤੇਰਾ ਹੁਕਮ ਜਿਨ੍ਹਾਂ ਪਛਾਣਿਆ ਹੈ ਉਹ ਕਦੇ ਵੀ ਰੋਂਦੇ ਨਹੀਂ। ਦਰ ਅਸਲ, ਏਹੀ ਸ਼ਬਦ ਦੀ ਕਲਾ।

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥....
ਜਿੰਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ ॥

(ਪੰਨਾ ੫੨੩)

ਹੁਣ ਗੁਰੂ ਅਰਜਨ ਦੇਵ ਜੀ ਤਾਂ ਤੱਤੀ ਤਵੀ ਤੇ ਬੈਠ ਕੇ ਵੀ ਇਹ ਮਿੱਠੇ ਤੇ ਸੀਤਲ ਰੱਬੀ ਗੀਤ ਗਾਉਂਦੇ ਹਨ। ਪਰ ਆਮ ਬੰਦਾ ਫੁੱਲਾਂ ਦੀ ਸੇਜ ਤੇ ਬੈਠ ਕੇ ਵੀ ਰੋ ਰਿਹਾ ਹੈ। ਅੱਜ ਦੇ ਝੁਲਸੇ ਹੋਏ ਮਾਹੌਲ ਵਿਚ ਲੋਕ ਬਹੁਤ ਦੁਖੀ ਹਨ। ਰੋਂਦੇ ਹਨ। ਹਰੇਕ ਦੀ ਸ਼ਿਕਾਇਤ ਹੈ ਕਿ ਮੈਂ ਦੁਖੀ ਹਾਂ। ਦਰਅਸਲ ਉਹ ਦੁਖੀ ਹੀ ਤਦ ਹਨ, ਕਿਉਂਕਿ ਉਹਨਾਂ ਨੂੰ ਸ਼ਬਦ ਦੀ ਪਛਾਣ ਨਹੀਂ ਹੈ। ਸ਼ਬਦ ਕਲਾ ਦੁਆਰਾ ਆਦਮੀ ਹਮੇਸ਼ਾਂ ਖੁਸ਼ ਰਹਿੰਦਾ ਹੈ। ਤੱਤੀ ਤਵੀ ਤੇ ਵੀ ਖੁਸ਼ ਰਹਿੰਦਾ ਹੈ। ਸ਼ਬਦ ਨਾਲੋਂ ਟੁੱਟ ਕੇ ਹਮੇਸ਼ਾਂ ਹੀ ਦੁਖੀ ਹੁੰਦਾ ਹੈ। ਉਹ ਫੁੱਲਾਂ ਦੀ ਸੇਜ ਉੱਪਰ ਵੀ ਦੁਖੀ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਕੈਦਖਾਨੇ ਵਿਚ ਵੀ ਨਾਮ ਜਪਦੇ ਹਨ। ਪਰ ਬੰਦਾ ਘਰ ਵਿਚ ਬੈਠ ਕੇ ਵੀ ਨਾਮ ਨਹੀਂ ਜਪਦਾ। ਦਰਅਸਲ ਇਹ ਘਟਨਾ ਬੰਦੇ ਦੇ ਮਨ ਸਥਿਤੀ ਦੀ ਹੈ। ਪਰਸਥਿਤੀ ਕਿਹੋ ਜਿਹੀ ਵੀ ਹੋਵੇ, ਪਰਸਥਿਤੀ ਯਾਨੀ ਕਿ ਆਲੇ-ਦੁਆਲੇ ਦਾ ਮਾਹੌਲ ਕਿਹੋ ਜਿਹਾ ਵੀ ਹੋਵੇ। ਬੰਦੇ ਦੀ ਮਨਸਥਿਤੀ ਠੀਕ ਹੋਣੀ ਚਾਹੀਦੀ ਹੈ। ਜਦੋਂ ਆਦਮੀ ਨਾਮ ਨਹੀਂ ਜਪਦਾ ਤਾਂ ਓਹ ਝੂਠਾ ਬਹਾਨਾ ਬਣਾਉਂਦਾ ਹੈ ਕਿ ਪਰਸਥਿਤੀ ਠੀਕ ਨਹੀਂ ਹੈ। ਦਰਅਸਲ ਉਸ ਦੀ ਮਨਸਥਿਤੀ ਠੀਕ ਨਹੀਂ। ਮਾਹੌਲ ਦੀ ਗੱਲ ਨਹੀਂ। ਮਨੁੱਖ ਖੁਦ ਹੀ ਠੀਕ ਨਹੀਂ ਹੈ। ਮਾਹੌਲ ਤਾਂ ਹਮੇਸ਼ਾ ਤੋਂ ਏਸ ਤਰ੍ਹਾਂ ਹੀ ਰਿਹਾ ਹੈ। ਪੁੰਨਿਆ ਦੀ ਰਾਤ ਵੀ ਹਮੇਸ਼ਾ ਰਹੀ ਹੈ। ਮੱਸਿਆ ਦੀ ਰਾਤ ਵੀ ਹਮੇਸ਼ਾ ਰਹੀ ਹੈ। ਇਸੇ ਜ਼ਮੀਨ ਤੇ ਸੰਤ ਪੈਦਾ ਹੁੰਦੇ ਹਨ। ਇਸੇ ਜ਼ਮੀਨ ਤੇ ਸ਼ੈਤਾਨ ਪੈਦਾ ਹੁੰਦੇ ਹਨ। ਦੇਵਤੇ ਵੀ ਹਨ। ਦੈਂਤ ਵੀ ਹਨ। ਜੇ ਰਾਮ ਦਾ ਜਨਮ ਹੈ ਤਾਂ ਰਾਵਣ ਦਾ ਵੀ ਹੈ। ਜੇ ਕ੍ਰਿਸ਼ਨ ਦਾ ਜਨਮ ਹੈ ਤਾਂ ਕੰਸ ਤੇ ਦੁਯੋਧਨ ਦਾ ਵੀ ਜਨਮ ਹੈ। ਦਰਅਸਲ ਇਸ ਰੂਹ-ਏ-ਜ਼ਮੀਨ ਤੇ ਨੇਕੀ ਤੇ ਬਦੀ ਹਮੇਸ਼ਾ ਹੀ ਰਹੀ ਹੈ। ਹੁਣ ਸੁਆਲ ਇਹ ਹੈ ਕਿ ਬੰਦੇ ਨੇ ਨੇਕੀ ਚੁਣਨੀ ਹੈ ਕਿ ਬਦੀ ਚੁਣਨੀ ਹੈ। ਬੰਦੇ ਦੀ ਮਨ ਸਥਿਤੀ ਕੀ ਹੈ ? ਪਰਸਥਿਤੀ ਦੀ ਗੱਲ ਨਹੀਂ। ਮਾਹੌਲ ਦੀ ਗੱਲ ਨਹੀਂ। ਬੰਦੇ ਦੇ ਖੁਦ ਦੀ ਗੱਲ ਹੈ। ਮਾਹੌਲ ਤਾਂ ਹਮੇਸ਼ਾ ਏਸੇ ਤਰ੍ਹਾਂ ਹੀ ਰਹਿੰਦਾ ਹੈ। ਇਕ ਸੂਫ਼ੀ ਫ਼ਕੀਰ ਦਾ ਕਥਨ ਹੈ ਕਿ—

ਜੋ ਹੰਸ ਰਹਾ ਹੈ, ਸੋ ਹੰਸ ਰਹੇਗਾ ॥
ਜੋ ਰੋ ਰਹਾ ਹੈ, ਸੋ ਰੋ ਰਹੇਗਾ ॥
ਸ਼ਕੂਨ-ਏ-ਕਲਬ ਸੇ, ਖੁਦਾ ਖੁਦਾ ਕਰ,
ਜੋ ਕੁਝ ਕਿ ਹੋਨਾ ਹੈ, ਸੋ ਹੋ ਰਹੇਗਾ ॥

ਜੋ ਕੁਝ ਹੋਣਾ ਹੈ, ਉਹ ਤਾਂ ਹੋਣਾ ਹੀ ਹੈ। ਤੂੰ ਮਨ ਨੂੰ ਟਿਕਾ ਕੇ ਰੱਖ ਤੇ ਰੱਬ ਦੇ ਗੀਤ ਗਾ। ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦਾ ਕਹਿਣਾ ਹੈ ਕਿ

ਜੋ ਹੋਆ ਹੋਵਤ ਸੋ ਜਾਨੈ॥
ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥

(ਪੰਨਾ ੨੮੬)

ਜੋ ਕੁਝ ਹੋਇਆ ਹੈ। ਇਹ ਤਾਂ ਹੋਣਾ ਹੀ ਸੀ। ਪ੍ਰਭੂ ਦੇ ਕੀਤੇ ਨੂੰ ਭਲਾ ਕਰਕੇ ਮੰਨੋ। ਸ਼ਬਦ ਨੂੰ ਉਜਾਗਰ ਕਰੋ ਤੇ ਸ਼ਬਦ ਵਿੱਚ ਲੀਨ ਹੋਵੋ।

ਗੁਰੂ ਪੰਥ ਤੇ ਚਲਦਿਆਂ ਬੰਦਾ ਕਿਥੇ ਤੱਕ ਪਹੁੰਚਿਆ ਹੈ ? ਇਹ ਕਿਵੇਂ ਪਤਾ ਲੱਗੇ ? ਬੰਦਾ ਪ੍ਰਭੂ ਦੇ ਦਰ ਤੋਂ ਕਿੰਨਾ ਕੁ ਦੂਰ ਹੈ, ਇਹ ਕਿਵੇਂ ਪਤਾ ਲੱਗੇ, ਜਿੰਨੀ ਦੇਰ ਉਥੇ ਪਹੁੰਚ ਨਹੀਂ ਜਾਂਦਾ, ਆਦਮੀ ਸੰਪੂਰਨ ਨਹੀਂ ਹੋ ਸਕਦਾ। ਇਸ ਦੁਨੀਆਂ ਵਿਚ ਗਰੀਬ ਵੀ ਅਧੂਰਾ ਹੈ। ਅਮੀਰ ਵੀ ਅਧੂਰਾ ਹੈ। ਪੂਰਾ ਤਾਂ ਉਹ ਹੁੰਦਾ ਹੈ, ਜਿਸ ਦੀ ਜੋਤੀ, ਪਰਮਜੋਤੀ ਵਿਚ ਮਿਲ ਜਾਵੇ। ਜ਼ਮੀਨ ਤੇ ਚਲੀਏ ਤਾਂ ਰਸਤੇ ਦੇ ਲਿਖੇ ਮੀਲ-ਪੱਥਰਾਂ ਤੇ ਸਾਈਨ ਬੋਰਡ ਪੜ੍ਹ ਕੇ ਪਤਾ ਲੱਗਦਾ ਹੈ ਕਿ ਬੰਦੇ ਨੇ ਕਿੰਨਾ ਸਫ਼ਰ ਤਹਿ ਕੀਤਾ ਹੈ ਅਤੇ ਕਿੰਨਾ ਹੋਰ ਰਹਿੰਦਾ ਹੈ। ਆਤਮਿਕ ਯਾਤਰਾ ਵਿਚ ਬੰਦੇ ਦੀ ਮੰਜ਼ਿਲ ਪ੍ਰਮਾਤਮਾ ਹੈ, ਯਾਨੀ ਕਿ ਸ਼ਬਦ ਹੈ, ਆਤਮਾ ਦਾ ਟਿਕਾਣਾ ਪ੍ਰਮਾਤਮਾ ਵਿਚ ਲੀਨ ਹੋਣਾ ਹੈ। ਯਾਨੀ ਕਿ ਸ਼ਬਦ ਵਿਚ ਸੁਰਤ ਨੂੰ ਲੀਨ ਕਰਨਾ ਹੈ। ਪਰ ਇਹ ਪਤਾ ਕਿਵੇਂ ਲੱਗੇ ਕਿ ਆਦਮੀ ਅਜੇ ਚਲਿਆ ਵੀ ਹੈ ਕਿ ਨਹੀਂ ? ਸੁਰਤ ਅਜੇ ਤੁਰੀ ਹੈ ਕਿ ਨਹੀਂ ? ਦਰਅਸਲ ਇਹ ਪਤਾ ਲਾਉਣ ਵਾਸਤੇ ਹੀ ਸਤਿਸੰਗ ਹੁੰਦੇ ਹਨ, ਤਾਂਕਿ ਬੰਦੇ ਨੂੰ ਆਪਣੇ ਆਤਮ-ਮਾਰਗ ਦੀ ਪ੍ਰੇਰਣਾ ਮਿਲ ਸਕੇ। ਸਤਿਸੰਗ ਨੂੰ ਸਮਝਿਆਂ, ਸਭ ਪਤਾ ਲੱਗਦਾ ਹੈ ਕਿ ਬੰਦਾ ਕਿਥੇ ਤੱਕ ਪੁੱਜਾ ਹੈ।

ਕਈ ਤਾਂ ਏਸ ਤਰ੍ਹਾਂ ਦੇ ਹਨ ਕਿ ਕਿਸੇ ਪਾਸੇ ਚਲੇ ਹੀ ਨਹੀਂ। ਪਰ ਕਈ ਚਲੇ ਹਨ ਤੇ ਕਿਸੇ ਹੱਦ ਤੇ ਜਾ ਕੇ ਉਹ ਰਸਤਾ ਭੁੱਲ ਗਏ ਹਨ। ਗਲਤ ਪਾਸੇ ਤੁਰ ਪਏ ਹਨ। ਰਸਤਾ ਗਲਤ ਪਕੜ ਲਿਆ ਹੈ ਤੇ ਸ਼ਿਕਾਇਤ ਕਰਦੇ ਹਨ ਕਿ ਰਸਤਾ ਮੁਕਦਾ ਹੀ ਨਹੀਂ। ਆਪਣਾ ਘਰ ਹੀ ਨਹੀਂ ਲੱਭਦਾ। ਗਲਤ ਦਿਸ਼ਾ ਵਿੱਚ ਚਲ ਪਏ ਹਨ। ਜਿੰਨਾ ਚਲਣਗੇ ਓਨਾ ਹੀ ਆਪਣੇ ਘਰ ਤੋਂ ਦੂਰ ਹੋਈ ਜਾਣਗੇ।

* * *

ਧਰਮ ਅਤੇ ਸ਼ਬਦ ਦੀ ਕਲਾ

ਸੋ ਦੁਨੀਆਂ ਵਿਚ ਧਰਮ ਦੇ ਰਸਤੇ ਵੀ ਕੁਝ ਗਲਤ ਹਨ। ਬੱਸ! ਸਮਝਿਆ ਜਾਂਦਾ ਹੈ ਕਿ ਇਹ ਧਾਰਮਿਕ ਮਾਰਗ ਹੈ। ਪਰ ਹੁੰਦਾ ਨਹੀਂ। ਇਨ੍ਹਾਂ ਰਸਤਿਆਂ ਤੇ ਧਰਮ ਦੇ ਨਾਮ ਤੇ ਪਾਖੰਡ ਚਲਦਾ ਹੈ। ਬੜਾ ਪਾਖੰਡ ਚਲਦਾ ਹੈ। ਪਾਖੰਡ ਦਾ ਜਨਮ ਹਮੇਸ਼ਾ ਉਸ ਵਕਤ ਹੁੰਦਾ ਹੈ, ਜਦੋਂ ਕੋਈ ਧਾਰਮਿਕ ਬੰਦਾ ਇਹ ਐਲਾਨ ਕਰ ਦਿੰਦਾ ਹੈ ਕਿ ਮੈਂ ਰੱਬ ਹਾਂ। ਅੱਜ ਤੋਂ ਨਹੀਂ। ਹਜ਼ਾਰਾਂ ਸਾਲਾਂ ਤੋਂ ਇਹ ਸਿਲਸਿਲਾ ਚਲਿਆ ਆ ਰਿਹਾ ਹੈ। ਰਾਵਣ ਨੇ ਕਹਿ ਦਿੱਤਾ ਸੀ ਕਿ ਮੈਂ ਹੀ ਰੱਬ ਹਾਂ। ਹੋਰ ਕੋਈ ਰੱਬ ਨਹੀਂ। ਹਰਨਾਖਸ਼ ਨੇ ਕਹਿ ਦਿੱਤਾ ਸੀ ਕਿ ਜਲ ਹਰਨਾਖਸ਼! ਥਲ ਹਰਨਾਖਸ਼! ਹੈ ਭੀ ਹਰਨਾਖਸ਼! ਹੋਸੀ ਭੀ ਹਰਨਾਖਸ਼! ਯਾਨਿ ਕਿ ਹਰਨਾਖਸ਼ ਦਾ ਨਾਮ ਜਪੋ? ਸਾਰੀ ਪਰਜਾ ਵਿਚਾਰੀ ਡਰ ਦੇ ਮਾਰੇ ਹਰਨਾਖਸ਼ ਦਾ ਨਾਮ ਜਪਦੀ ਰਹੀ। ਹਰਨਾਖਸ਼ ਦਾ ਆਪਣਾ ਪੁੱਤਰ ਪ੍ਰਹਿਲਾਦ ਬਾਗ਼ੀ ਹੋ ਗਿਆ। ਆਪਣੇ ਪੁੱਤਰ ਨੇ ਬਾਪ ਨੂੰ ਕਿਹਾ ਕਿ ਨਹੀਂ ਹਰਨਾਖਸ਼ ਸਦੀਵੀਂ ਨਹੀਂ ਹੋ ਸਕਦਾ। ਸਦੀਵੀਂ ਹਮੇਸ਼ਾ ਰਾਮ ਹੈ ਤੇ ਉਹ ਸ੍ਰਿਸ਼ਟੀ ਦੇ ਕਣ-ਕਣ ਵਿਚ ਰਮਿਆ ਹੋਇਆ ਹੈ। ਹਰਨਾਖਸ਼ ਰਮਿਆ ਹੋਇਆ ਨਹੀਂ ਹੈ। ਹਰਨਾਖਸ਼ ਅੱਜ ਹੈ। ਕੱਲ੍ਹ ਨਹੀਂ ਹੋਵੇਗਾ। ਰਾਮ ਤਾਂ ਸਦੀਵੀਂ ਹੈ।

ਕਈ ਰਾਜੇ ਮਹਾਰਾਜਿਆਂ ਅਤੇ ਹੋਰ ਧਨਵਾਨਾਂ ਨੂੰ ਵੀ ਇਹ ਅਨੁਭਵ ਹੋਣ ਲੱਗ ਪੈਂਦਾ ਹੈ ਕਿ ਰਾਜੇ ਦਾ ਹੁਕਮ ਤਾਂ ਓਨੀ ਦੇਰ ਹੀ ਚਲਦਾ ਹੈ ਜਿੰਨੀ ਦੇਰ ਉਸ ਦਾ ਰਾਜ ਹੈ। ਰਾਜੇ ਦਾ ਨਾਮ ਕੇਵਲ ਕਾਗਜ਼ਾਂ ਵਿਚ ਰਹਿ ਜਾਂਦਾ ਹੈ। ਪਰ ਧਾਰਮਿਕ ਲੋਕਾਂ ਦਾ ਨਾਮ ਲੋਕਾਂ ਦੇ ਦਿਲਾਂ ਤੇ ਰਾਜ ਕਰਦਾ ਹੈ। ਲੋਕ ਧਰਮ ਨੂੰ ਤੇ ਧਾਰਮਕ ਬੰਦਿਆਂ ਨੂੰ ਦਿਲੋਂ ਯਾਦ ਕਰਦੇ ਹਨ। ਹਾਲਾਂਕਿ ਓਨਾ ਕੋਲ ਕੋਈ ਸੱਤਾ ਨਹੀਂ ਹੁੰਦੀ ਪਰ ਰਾਜਿਆਂ ਦੀ ਗਲ ਤਾਂ ਡਰਦੇ ਹੋਏ ਮੰਨਦੇ ਹਨ। ਇਹ ਤਾਂ ਉਹਨਾਂ ਦੀ ਮਜ਼ਬੂਰੀ ਹੈ। ਵਰਨਾ ਪਰਜਾ ਦੀ ਅਜ਼ਾਦੀ ਨਾਲ ਗੱਲ ਕੀਤੀ ਜਾਵੇ ਤਾਂ ਰਾਜਿਆਂ ਨੂੰ ਕੋਈ ਦੇਖਣ ਨੂੰ ਰਾਜ਼ੀ ਨਾ ਹੋਵੇ। ਇਹ ਗੱਲ ਅਕਬਰ ਨੂੰ ਵੀ ਇਕ ਵੇਲੇ ਅਨੁਭਵ ਹੋਈ ਸੀ। ਅਕਬਰ ਨੇ ਆਪਣਾ ਮਨ ਬਣਾਇਆ ਕਿ ਆਪਣਾ ਇੱਕ ਧਰਮ ਚਲਾਉਣਾ ਚਾਹੀਦਾ ਹੈ। ਅਕਬਰ ਆਪਣੇ ਆਪ ਨੂੰ ਖ਼ੁਦਾ ਦਾ ਪੈਗੰਬਰ ਸਿੱਧ ਕਰਨਾ ਚਾਹੁੰਦਾ ਸੀ। ਅਕਬਰ ਨੇ ਧਰਮ ਸਥਾਪਤ ਕਰਨ ਵਾਸਤੇ ਪਹਿਲਾਂ ਆਪਣੀ ਰਾਜ ਸਭਾ ਵਿਚੋਂ ਗੱਲ ਸ਼ੁਰੂ ਕੀਤੀ। ਆਪਣੇ ਨੌਂ ਰਤਨਾਂ ਅਤੇ ਹੋਰ ਮੰਤਰੀਆਂ ਨੂੰ ਆਪਣੇ ਨਵੇਂ ਧਰਮ ਵਿਚ ਸ਼ਾਮਲ ਹੋਣ ਲਈ ਕਿਹਾ। ਅਕਬਰ ਨੇ ਦੀਨ-ਏ-ਇਲਾਹੀ ਨਾਮ ਦਾ ਮਜ਼ਬ ਸ਼ੁਰੂ ਕੀਤਾ ਸੀ। ਵੱਡੇ-ਵੱਡੇ ਲੋਕ ਇਸ ਦੇ ਧਰਮ ਵਿਚ ਸ਼ਾਮਲ ਹੋਣੇ ਸ਼ੁਰੂ ਹੋ ਗਏ ਸਨ। ਰਾਜਾ ਮਾਨ ਸਿੰਘ ਨੇ ਇਨਕਾਰ ਕਰ ਦਿੱਤਾ ਸੀ। ਉਹ ਕਹਿੰਦਾ ਸੀ ਕਿ ਮੈਨੂੰ ਆਪਣਾ ਹੀ ਮਜ਼ਬ ਚੰਗਾ ਹੈ। ਹੋਰ ਬਹੁਤ ਲੋਕ ਬੀਰਬਲ, ਮੁੱਲਾਂ

ਦੋ ਪਿਆਜ਼ਾ, ਕਵੀ ਰਹੀਮ ਆਦਿ ਇਸ ਦੇ ਧਰਮ ਵਿਚ ਸ਼ਾਮਲ ਹੋਏ। ਪਰ ਇਹ ਨਵਾਂ ਮਜ਼ਬ ਕਾਮਯਾਬ ਨਾ ਹੋ ਸਕਿਆ। ਸਫ਼ਲਤਾ ਨਾ ਮਿਲਣ ਕਰਕੇ ਅਕਬਰ ਦਾ ਪੈਗੰਬਰ ਬਣਨ ਦਾ ਸੁਪਨਾ ਵਿਚ ਹੀ ਰਹਿ ਗਿਆ। ਅਕਬਰ ਦੇ ਅੰਦਰ ਸ਼ੌਕ ਪੈਦਾ ਹੋ ਗਿਆ ਸੀ ਕਿ ਬਾਦਸ਼ਾਹਾਂ ਨਾਲੋਂ ਪੈਗੰਬਰਾਂ ਦੀ ਜ਼ਿਆਦਾ ਇੱਜ਼ਤ ਹੈ। ਅਕਬਰ ਕਹਿੰਦਾ ਸੀ ਕਿ ਬਾਦਸ਼ਾਹ ਤਾਂ ਮੈਂ ਹਾਂ ਹੀ। ਲੋਕ ਮੁਗਲ-ਏ-ਆਜ਼ਮ ਵੀ ਅਕਬਰ ਨੂੰ ਕਹਿੰਦੇ ਸਨ। ਅਕਬਰ ਨੇ ਸੋਚਿਆ ਕਿ ਮੈਂ ਮਹਾਂਬਲੀ ਮੁਗਲ-ਏ-ਆਜ਼ਮ ਤਾਂ ਹਾਂ ਹੀ। ਪਰ ਮਰ ਜਾਣ ਤੋਂ ਬਾਦ ਇਹ ਗੱਲ ਮੁੱਕ ਜਾਣੀ ਹੈ। ਜੇ ਮੈਂ ਪੈਗੰਬਰ ਹੋਣ ਦਾ ਦਾਹਵਾ ਕਰਾਂ ਤਾਂ ਰਹਿੰਦੀ ਦੁਨੀਆਂ ਤੱਕ ਮੇਰੀ ਪੂਜਾ ਪ੍ਰਤਿਸ਼ਠਾ ਹੁੰਦੀ ਰਹੇਗੀ। ਇਹ ਸੋਚ ਕੇ ਹੀ ਅਕਬਰ ਨੇ ਦੀਨ-ਏ-ਇਲਾਹੀ ਨਾਮ ਦਾ ਮਜ਼ਬ ਪ੍ਰਚਲਤ ਕੀਤਾ ਸੀ। ਇਸ ਮਜ਼ਬ ਨੂੰ ਬਹੁਤਿਆਂ ਨੇ ਕਬੂਲ ਵੀ ਕਰ ਲਿਆ ਸੀ। ਪਰ ਫਿਰ ਵੀ ਕਾਮਯਾਬੀ ਨਹੀਂ ਸੀ ਮਿਲ ਸਕੀ। ਗੱਲ ਤਾਂ ਸੋਚ ਦੀ ਹੈ ਕਿ ਬੰਦੇ ਦੇ ਅੰਦਰ ਤਾਕਤ ਦੀ ਪ੍ਰਭਤਾ ਵਧ ਜਾਵੇ ਤਾਂ ਰੱਬ ਤੇ ਪੈਗੰਬਰ ਬਣਨ ਦਾ ਸ਼ੌਕ ਪੈਦਾ ਹੋ ਜਾਂਦਾ ਹੈ। ਕਿਉਂਕਿ ਜਿਉਂ-ਜਿਉਂ ਬੰਦੇ ਦੀ ਤਾਕਤ ਵਧਦੀ ਹੈ ਤਾਂ ਬੰਦੇ ਦੀ ਮਹਿਮਾਂ ਵੀ ਵਧਦੀ ਹੈ। ਐਸਾ ਬੰਦਾ ਫਿਰ ਆਪਣੇ ਤੋਂ ਵੱਡਾ ਕਿਸੇ ਨੂੰ ਨਹੀਂ ਦੇਖਣਾ ਚਾਹੁੰਦਾ। ਜੋ ਛੋਟਾ ਹੈ, ਉਹ ਤਾਂ ਕਬੂਲ ਹੈ ਪਰ ਜੋ ਵੱਡਾ ਹੈ, ਉਹ ਨਹੀਂ ਕਬੂਲ। ਏਨੀ ਗੱਲ ਤਾਂ ਸਪੱਸ਼ਟ ਹੈ ਕਿ ਅਕਬਰ ਤੋਂ ਵੱਡਾ, ਉਸ ਜ਼ਮਾਨੇ ਵਿਚ ਕੋਈ ਨਹੀਂ ਸੀ। ਸਾਰੇ ਭਾਰਤ ਵਿਚ ਉਸ ਦਾ ਰਾਜ ਸੀ। ਬੜੀ ਗੱਲ ਸੀ। ਪਰ ਇਕਾਂਤ ਵਿਚ ਇਹ ਗੱਲ ਚੁਭਦੀ ਹੋਵੇਗੀ ਕਿ ਰੱਬ ਤਾਂ ਮੇਰੇ ਨਾਲੋਂ ਵੱਡਾ ਹੈ। ਖ਼ੁਦਾ ਤਾਂ ਸਭ ਤੋਂ ਵੱਡਾ ਹੈ। ਚਲੋ ਹੁਣ ਖ਼ੁਦਾ ਬਣਨ ਦਾ ਦਾਹਵਾ ਕਰੋ। ਇਹ ਦਾਹਵਾ ਰਾਵਣ ਨੇ ਵੀ ਕੀਤਾ ਸੀ। ਏਹੀ ਦਾਹਵਾ ਹਰਨਾਖਸ਼ ਨੇ ਕੀਤਾ ਸੀ। ਏਹੀ ਦਾਵਾ ਫਰਿਊਨ ਨੇ ਕੀਤਾ ਸੀ।

✲ ✲ ✲

ਪਾਖੰਡ ਅਤੇ ਸ਼ਬਦ ਦੀ ਕਲਾ

ਇੱਕ ਵਿਦਵਾਨ ਲੇਖਕ ਦੀ ਲੇਖਣੀ ਮੈਂ ਇੱਕ ਵਾਰ ਪੜ੍ਹੀ ਸੀ। ਉਸ ਨੇ ਲਿਖਿਆ ਸੀ ਕਿ ਇਸ ਵਕਤ ਹਿੰਦੁਸਤਾਨ ਵਿਚ ਚੌਰਾਸੀ ਦੇ ਕਰੀਬ ਐਸੇ ਬੰਦੇ ਹਨ, ਜਿਨ੍ਹਾਂ ਨੇ ਆਪਣੇ ਰੱਬ ਹੋਣ ਦਾ ਦਾਹਵਾ ਕੀਤਾ ਹੋਇਆ ਹੈ।

ਦਰਅਸਲ ਜਿਹੜਾ ਜਿੰਨਾ ਵੱਡਾ ਅਹੰਕਾਰੀ ਹੋਵੇਗਾ ਉਹ ਕਿਸੇ ਹੱਦ ਤੱਕ ਛੋਟਾ ਨਹੀਂ ਹੋਣਾ ਚਾਹੁੰਦਾ। ਰੱਬ ਦੇ ਸਾਹਮਣੇ ਤਾਂ ਇਹ ਛੋਟਾ ਹੀ ਹੈ। ਭਾਵੇਂ ਇਹ ਰੱਬ ਨੂੰ ਛੋਟਾ ਨਾ ਕਰ ਸਕੇ, ਲੇਕਿਨ ਕੁਲ ਜਗਤ ਦੇ ਸਾਹਮਣੇ ਇਹ ਪਾਖੰਡ ਕਰਕੇ ਦਾਹਵਾ ਤਾਂ ਕਰ ਸਕਦਾ ਹੈ ਕਿ ਮੈਂ ਰੱਬ ਹਾਂ। ਇਹ ਦਾਹਵਾ ਆਦਿ ਕਾਲ ਤੋਂ ਕਈ ਕਰਦੇ ਆਏ ਹਨ। ਹੁਣ ਵੀ ਭਾਰਤ ਵਿਚ ਕਈਆਂ ਨੇ ਇਹ ਦਾਹਵਾ ਕੀਤਾ ਹੋਇਆ ਹੈ ਕਿ ਅਸੀਂ ਰੱਬ ਹਾਂ। ਅਸੀਂ ਭਗਵਾਨ ਹਾਂ।

ਮੈਂ ਤਾਂ ਇਹ ਵੀ ਵੇਖਿਆ ਹੈ ਕਿ ਕਈ ਗੁਰੂ ਗ੍ਰੰਥ ਸਾਹਿਬ ਦੀ ਆੜ ਵਿਚ ਗੁਰੂ ਹੋਣ ਦਾ ਦਾਹਵਾ ਕਰਦੇ ਹਨ। ਪਹਿਲਾਂ ਤਾਂ ਉਹ ਗੁਰੂ ਗ੍ਰੰਥ ਸਾਹਿਬ ਨੂੰ ਅੱਗੇ ਕਰਨਗੇ। ਗੁਰਬਾਣੀ ਦੀ ਪੂਜਾ ਕਰਵਾਉਣਗੇ। ਫਿਰ ਇਕ ਦਮ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਆਪ ਹੋ ਜਾਣਗੇ। ਫਿਰ ਆਪਣੇ ਨਾਲ ਲੋਕਾਂ ਨੂੰ ਜੋੜਨਗੇ। ਆਪਣੀ ਮਰਿਆਦਾ ਦੱਸਣਗੇ। ਗੱਲ ਸਿਰਫ਼ ਏਨੀ ਹੈ ਕਿ ਬੰਦੇ ਦਾ ਹੰਕਾਰ ਜਦ ਵੱਧ ਜਾਵੇ ਤਾਂ ਫਿਰ ਉਹ ਗੁਰੂ ਤੇ ਪ੍ਰਮਾਤਮਾ ਨੂੰ ਵੱਡਾ ਨਹੀਂ ਮੰਨੇਗਾ। ਪਰ ਇਹਨਾਂ ਅਹੰਕਾਰੀਆਂ ਨੂੰ ਕੌਣ ਦੱਸੇ ਕਿ ਰੱਬ ਨੂੰ ਕਿਸੇ ਕੀਮਤ ਤੇ ਵੀ ਛੋਟਾ ਨਹੀਂ ਕੀਤਾ ਜਾ ਸਕਦਾ। ਤੁਸੀਂ ਹੀ ਛੋਟੇ ਹੋਵੋਗੇ। ਪਤਾ ਨਹੀਂ ਕਿੰਨੇ ਹੰਕਾਰੀ ਆਏ ਤੇ ਕਿੰਨੇ ਚਲੇ ਗਏ। ਪਰ ਬੁਰਾਈ ਵੀ ਕਦੇ ਨਹੀਂ ਖਤਮ ਹੁੰਦੀ ਤੇ ਚੰਗਿਆਈ ਵੀ ਕਦੇ ਨਹੀਂ ਮਰਦੀ। ਕਿੰਨੇ ਰਾਵਣ ਆਏ। ਕਿੰਨੇ ਰਾਮ ਆਏ। ਕੋਈ ਪਤਾ ਨਹੀਂ। ਕਈ ਪਖੰਡੀ ਆਏ, ਜਿੰਨਾ ਦਾਹਵਾ ਕੀਤਾ ਕਿ ਅਸੀਂ ਰੱਬ ਹਾਂ। ਸਭ ਚਲੇ ਗਏ ਹਨ। ਇਹ ਨੇਕੀ ਬਦੀ ਦਾ ਸਿਲਸਿਲਾ ਨਿਰੰਤਰ ਜਾਰੀ ਰਹਿੰਦਾ ਹੈ। ਜਿਵੇਂ ਪੁੰਨਿਆਂ ਦੀ ਰਾਤ ਧਰਤੀ ਤੇ ਆਉਂਦੀ ਹੈ ਤੇ ਫਿਰ ਮੱਸਿਆ ਦੀ ਰਾਤ ਵੀ ਆਉਂਦੀ ਹੈ। ਬੱਸ! ਇਹ ਦੋਵੇਂ ਨੇਕੀ ਤੇ ਬਦੀ ਧਰਤੀ ਤੇ ਏਸੇ ਤਰ੍ਹਾਂ ਹੀ ਚਲਦੀਆਂ ਹਨ।

ਮਨੁੱਖ ਨੇ ਰੱਬ ਦੇ ਮਾਰਗ ਤੇ ਕਿੰਨੀ ਕੁ ਸਫ਼ਲਤਾ ਪ੍ਰਾਪਤ ਕੀਤੀ ਹੈ? ਇਹ ਕਿਵੇਂ ਪਤਾ ਲੱਗੇ? ਇੱਕ ਹੀ ਧਿਆਨ ਸਦਾ ਰੱਖਣਾ ਚਾਹੀਦਾ ਹੈ ਕਿ ਬੁਰਾਈ ਤੋਂ ਸਦਾ ਬਚਣਾ ਚਾਹੀਦਾ ਹੈ। ਬੁਰਿਆਈ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਪਖੰਡ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਖੰਡ ਕਦੇ ਵੀ ਧਰਤੀ ਤੋਂ ਖਤਮ ਨਹੀਂ ਹੁੰਦਾ। ਕੋਈ ਬੰਦਾ ਧਰਤੀ ਤੋਂ ਗਰਮੀ ਨੂੰ ਖਤਮ ਕਰਨਾ ਚਾਹਵੇ ਤਾਂ ਵੀ ਗਰਮੀ ਖਤਮ ਨਹੀਂ ਹੋਵੇਗੀ। ਪਰ ਗਰਮੀ ਤੋਂ ਬਚਣ ਦਾ ਉਪਰਾਲਾ ਕੀਤਾ ਜਾ ਸਕਦਾ ਹੈ। ਜੇ ਕੋਈ ਸਰਦੀ ਨੂੰ ਖਤਮ

ਕਰਨ ਦੀ ਕੋਸ਼ਿਸ਼ ਕਰੇ ਤਾਂ ਵੀ ਸਰਦੀ ਖਤਮ ਨਹੀਂ ਹੁੰਦੀ, ਪਰ ਸਰਦੀ ਤੋਂ ਬਚਣ ਲਈ ਉਪਾਅ ਕੀਤੇ ਜਾ ਸਕਦੇ ਹਨ। ਬੀਮਾਰੀ ਦਾ ਇਲਾਜ ਹੈ, ਪਰ ਬਿਮਾਰੀਆਂ ਨਹੀਂ ਮੁਕਦੀਆਂ। ਰਾਤ ਦੇ ਹਨੇਰੇ ਤੋਂ ਬਚਣ ਲਈ ਉਪਾਅ ਹੈ, ਪਰ ਹਨੇਰਾ ਖਤਮ ਨਹੀਂ ਹੁੰਦਾ। ਬੁਰਿਆਈ ਨੂੰ ਖਤਮ ਨਹੀਂ ਕੀਤਾ ਜਾ ਸਕਦਾ, ਬੁਰਿਆਈ ਤੋਂ ਬਚਣ ਲਈ ਉਪਰਾਲੇ ਕੀਤੇ ਜਾ ਸਕਦੇ ਹਨ। ਇਹ ਸਾਰੇ ਬੁਰਿਆਈ ਤੋਂ ਬਚਣ ਦੇ ਹੀ ਸਾਧਨ ਹਨ ਕਿ ਬੰਦਾ ਗੁਰੂ ਦੀ ਸੰਗਤ ਕਰੇ। ਗੁਰਬਾਣੀ ਸੁਣੇ ਤੇ ਪੜ੍ਹੇ। ਨਾਮ ਦਾ ਜਾਪ, ਸੇਵਾ ਤੇ ਸਿਮਰਨ ਸਭ ਬੁਰਿਆਈ ਤੋਂ ਬਚਣ ਦੇ ਹੀ ਸਾਧਨ ਹਨ। ਜਿਸ ਦਿਨ ਸ਼ਬਦ ਦੀ ਸਮਝ ਆ ਜਾਂਦੀ ਹੈ, ਉਸ ਦਿਨ ਸਾਰੀਆਂ ਬਦੀਆਂ ਖਤਮ ਹੋ ਜਾਂਦੀਆਂ ਹਨ। ਕਈ ਵਾਰੀ ਬੰਦਾ ਬੁਰਿਆਈਆਂ ਤੋਂ ਬਚਣ ਲਈ ਸਾਧਨ ਤਾਂ ਕਰਦਾ ਹੈ, ਪਰ ਉਨ੍ਹਾਂ ਸਾਧਨਾਂ ਦੀ ਵੀ ਵਰਤੋਂ ਗਲਤ ਪਾਸੇ ਕਰਨ ਲੱਗ ਜਾਂਦਾ ਹੈ। ਉਹ ਗਲਤੀ ਵੀ ਇਸ ਦੀ ਸਮਝ ਵਿਚ ਨਹੀਂ ਆਉਂਦੀ। ਦਰਅਸਲ ਬੰਦਾ ਬੁਰਿਆਈ ਵੀ ਕਰਨੀ ਚਾਹੁੰਦਾ ਹੈ ਅਤੇ ਬੁਰਿਆਈ ਤੋਂ ਬਚੇ ਵੀ ਰਹਿਣਾ ਚਾਹੁੰਦਾ ਹੈ। ਸ਼ਰਾਬ ਵੀ ਪੀਣੀ ਚਾਹੁੰਦਾ ਹੈ ਅਤੇ ਸ਼ਰਾਬੀ ਵੀ ਨਹੀਂ ਅਖਵਾਉਣਾ ਚਾਹੁੰਦਾ। ਪਾਪ ਵੀ ਕਰਦਾ ਹੈ ਅਤੇ ਪੁੰਨੀ ਵੀ ਅਖਵਾਉਂਦਾ ਹੈ। ਫਿਰ ਇਸ ਦੇ ਜੀਵਨ ਦੀ ਗੱਡੀ ਉਥੇ ਹੀ ਰੁਕੀ ਰਹਿੰਦੀ ਹੈ। ਮੈਨੂੰ ਇੱਕ ਬੜਾ ਵਧੀਆ ਮਜ਼ਾਕ ਕਿਸੇ ਨੇ ਸੁਣਾਇਆ ਸੀ। ਚਾਰ ਭਰਾ ਸਨ। ਪਰ ਕੋਈ ਕੰਮ ਉਨ੍ਹਾਂ ਦਾ ਚਲਦਾ ਨਹੀਂ ਸੀ। ਉਨ੍ਹਾਂ ਚਾਰਾਂ ਭਰਾਵਾਂ ਨੇ ਰਲਕੇ ਇੱਕ ਟੈਕਸੀ ਪਾ ਲਈ। ਪਰ ਫਿਰ ਵੀ ਉਨ੍ਹਾਂ ਦਾ ਰੁਜ਼ਗਾਰ ਨਾ ਚਲਿਆ। ਉਲਟਾ ਟੈਕਸੀ ਤੇ ਆਪਣੇ ਕੋਲੋਂ ਹੀ ਪੈਸੇ ਖਰਚਣੇ ਪਏ। ਚਾਰੇ ਭਰਾ ਉਸ ਟੈਕਸੀ ਵਿਚ ਸ਼ਰਾਬ ਪੀ ਕੇ ਘੁੰਮਦੇ ਰਹਿੰਦੇ ਸਨ। ਕੋਈ ਸਵਾਰੀ ਬੈਠਦੀ ਹੀ ਨਹੀਂ ਸੀ। ਤੰਗ ਆ ਕੇ ਉਹਨਾਂ ਨੇ ਟੈਕਸੀ ਵੇਚਣ ਲਾ ਦਿੱਤੀ। ਪਰ ਉਸ ਟੈਕਸੀ ਨੂੰ ਕੋਈ ਖਰੀਦੇ ਹੀ ਨਾ। ਅਖੀਰ ਤੇ ਇੱਕ ਦਿਨ ਉਹ ਟੈਕਸੀ ਸਮੁੰਦਰ ਕਿਨਾਰੇ ਰੁਕ ਗਈ। ਕਿਸੇ ਤਰ੍ਹਾਂ ਵੀ ਸਟਾਰਟ ਨਾ ਹੋਈ। ਇੱਕ ਭਰਾ ਨੇ ਕਿਹਾ ਕਿ ਇਸ ਗੱਡੀ ਨੂੰ ਧੱਕਾ ਲਾ ਕੇ ਸਮੁੰਦਰ ਵਿਚ ਸੁੱਟ ਦਿਉ। ਸਾਰੇ ਕਹਿਣ ਲੱਗੇ. ਠੀਕ ਹੈ। ਚਾਰੇ ਭਰਾ ਧੱਕਾ ਮਾਰਨ ਲੱਗੇ ਪਰ ਉਹ ਟੈਕਸੀ ਆਪਣੀ ਜਗ੍ਹਾ ਤੋਂ ਇੱਕ ਇੰਚ ਭਰ ਵੀ ਨਾ ਹਿੱਲੀ। ਕਿਸੇ ਵੇਖਿਆ ਕਿ ਦੋ ਭਰਾ ਅੱਗੋਂ ਧੱਕਾ ਲਗਾ ਰਹੇ ਸਨ ਅਤੇ ਦੋ ਪਿੱਛੇ ਤੋਂ ਧੱਕਾ ਲਗਾ ਰਹੇ ਸਨ।

ਦਰਅਸਲ ਏਹੀ ਹਾਲ ਬੰਦੇ ਦਾ ਹੈ। ਜੀਵਨ ਦੀ ਗੱਡੀ ਓਥੇ ਦੀ ਓਥੇ ਹੈ। ਇਹ ਗੁਰੂ ਦੀ ਗੱਲ ਸੁਣਦਾ ਹੈ। ਪਰ ਮੰਨਦਾ ਨਹੀਂ। ਸ਼ਬਦ ਦੀ ਇਹ ਗੱਲ ਕਰਦਾ ਹੈ। ਪਰ ਕਮਾਉਂਦਾ ਬੁਰਿਆਈ ਹੈ। ਗੱਲ ਬਾਤ ਇਹ ਅੰਮ੍ਰਿਤ ਦੀ ਸੁਣਦਾ ਹੈ ਪਰ ਪੀਂਦਾ ਸ਼ਰਾਬ ਹੈ। ਏਸੇ ਵਾਸਤੇ ਜੀਵਨ ਬਦਲਦਾ ਨਹੀਂ। ਜੀਵਨ ਰੁਕਿਆ ਹੋਇਆ ਹੈ। ਚਾਲੀ-ਚਾਲੀ ਸਾਲ ਤੋਂ ਲੋਕ ਗੁਰਦੁਆਰੇ, ਮੰਦਰਾਂ ਤੇ ਹੋਰ ਧਰਮ ਅਸਥਾਨਾਂ ਤੇ ਸਤਿਸੰਗ ਕਰ ਰਹੇ ਹਨ। ਪਰ ਜੀਵਨ ਬਦਲਦਾ ਨਹੀਂ। ਦਰਅਸਲ ਲੋਕ ਗੁਰੂ ਦੀ ਗੱਲ ਸੁਣਦੇ ਹਨ, ਮੰਨਦੇ ਨਹੀਂ ਹਨ। ਬੰਦਾ ਗੁਰਮਤਿ ਦੀ ਚਰਚਾ ਕਰਦਾ ਸੁਣਦਾ ਹੈ। ਪਰ ਕਰਦਾ ਮਨਮਤਿ ਹੈ। ਅੰਮ੍ਰਿਤ ਦੀ ਚਰਚਾ ਕਰਦਾ ਹੈ ਤੇ ਸ਼ਰਾਬ ਪੀਂਦਾ ਹੈ। ਹੋਰ ਬੰਦਾ ਸ਼ਰਾਬ ਦੀ ਤਾਂ ਕਿਸੇ ਕੋਲ ਕਦੇ ਗੱਲ ਕਰਦਾ ਹੀ ਨਹੀਂ। ਸ਼ਰਾਬ ਤਾਂ ਪੀਂਦਾ ਹੈ। ਦਰਅਸਲ ਨੇਕੀ ਦੀ ਚਰਚਾ ਕਰਦਾ

ਹੈ। ਪਰ ਧਾਰਨ ਬੁਰਿਆਈ ਕਰਦਾ ਹੈ। ਹੋਰ ਤਾਂ ਹੋਰ ਧਰਮ ਦੇ ਪ੍ਰਚਾਰਕ ਵੀ ਧਰਮੀ ਨਹੀਂ ਹਨ। ਹੈਰਾਨ ਕਰਨ ਵਾਲੀ ਇਹ ਵਿਚਾਰ ਹੈ ਕਿ ਡਾਕਟਰਾਂ ਦੀ ਸਭਾ ਸੁਸਾਇਟੀ ਦਾ ਮੁਖੀ ਕੋਈ ਸਿਆਣਾ ਡਾਕਟਰ ਹੁੰਦਾ ਹੈ। ਵਕੀਲਾਂ ਦੀ ਸਭਾ ਦਾ ਕੋਈ ਸਿਆਣਾ ਵਕੀਲ ਮੁਖੀ ਬਣਦਾ ਹੈ। ਕਵੀਆਂ ਦੀ ਸਭਾ ਦਾ ਮੁਖੀ ਕੋਈ ਕਵੀ ਬਣਦਾ ਹੈ। ਹੁਣ ਧਾਰਮਿਕ ਸਭਾ ਦਾ ਮੁਖੀ ਵੀ ਕੋਈ ਧਰਮੀ ਬੰਦਾ ਹੋਣਾ ਚਾਹੀਦਾ ਹੈ। ਵਰਨਾ ਕਿਸ ਤਰ੍ਹਾਂ ਧਰਮ ਦੀ ਪ੍ਰੇਰਨਾ ਮਿਲੇਗੀ ? ਤੁਸੀਂ ਹੈਰਾਨ ਹੋਵੋਗੇ ਕਿ ਗੁਰਦੁਆਰੇ ਦੀ ਸਭਾ ਦਾ ਪ੍ਰਧਾਨ ਚੁਣਿਆ ਹੋਇਆ ਹੁੰਦਾ ਹੈ, ਪਰ ਬੈਠਾ ਸ਼ਰਾਬੀਆਂ ਵਿਚ ਹੁੰਦਾ ਹੈ। ਪ੍ਰਧਾਨ ਗੁਰਦੁਆਰੇ ਦਾ ਹੁੰਦਾ ਹੈ, ਪਰ ਕੇਸ ਕੈਂਚੀ ਨਾਲ ਸੁਆਰਦਾ ਹੈ। ਕੰਘੇ ਦੀ ਥਾਂ ਕੈਂਚੀ ਦੀ ਵਰਤੋਂ ਕਰਦਾ ਹੈ। ਦੱਸੋ ਐਸੇ ਮੁਖੀ ਤੋਂ ਕੀ ਧਰਮ ਦੀ ਪ੍ਰੇਰਨਾ ਮਿਲੇਗੀ ? ਘੱਟ ਤੋਂ ਘੱਟ ਗੁਰਦੁਆਰੇ ਦਾ ਮੁਖੀ ਤਾਂ ਕੋਈ ਧਾਰਮਿਕ ਹੋਣਾ ਚਾਹੀਦਾ ਹੈ। ਮੁਆਫ਼ ਕਰਨਾ, ਸਾਡੇ ਧਰਮ ਦਾ ਮੁਖੀ ਵੀ ਓਹੀ ਬਣ ਜਾਂਦਾ ਹੈ, ਜਿਹੜਾ ਸਾਡੇ ਕਲੱਬ ਦਾ ਮੁਖੀ ਹੁੰਦਾ ਹੈ।

ਮੈਂ ਆਪਣੇ ਬਾਬਾ ਜੀ ਤੋਂ ਇਕ ਵਾਕਿਆ ਸੁਣਿਆ ਸੀ। ਡਾ. ਸਰ ਮੁਹੰਮਦ ਇਕਬਾਲ ਬਹੁਤ ਸਾਰੇ ਯੂਰਪੀਨ ਮੁਲਕਾਂ ਵਿਚ ਭਰਮਣ ਕਰਕੇ ਜਦੋਂ ਵਾਪਸ ਭਾਰਤ ਪਰਤੇ। ਉਸ ਵਕਤ ਭਾਰਤ, ਪਾਕਿਸਤਾਨ ਦੀ ਵੰਡ ਅਜੇ ਨਹੀਂ ਸੀ ਹੋਈ। ਇਕਬਾਲ ਲਾਹੌਰ ਰਹਿੰਦੇ ਸਨ। ਜਦੋਂ ਇਹ ਭਰਮਣ ਤੋਂ ਬਾਅਦ ਲਾਹੌਰ ਪਰਤੇ ਤਾਂ ਇਕਬਾਲ ਦੇ ਸਵਾਗਤ ਵਿੱਚ ਬਹੁਤ ਵੱਡਾ ਸਮਾਰੋਹ ਹੋਇਆ। ਕਵੀਆਂ, ਸ਼ਾਇਰਾਂ ਨੇ ਰਲ ਕੇ ਬੜਾ ਵੱਡਾ ਜਲਸਾ ਕੀਤਾ। ਉਸ ਜਲਸੇ ਵਿੱਚ ਲੋਕਾਂ ਵੱਲੋਂ ਮੰਗ ਕੀਤੀ ਗਈ ਕਿ ਇਕਬਾਲ ਸਾਰੇ ਯੂਰਪੀਨ ਦੇਸ਼ਾਂ ਦਾ ਦੌਰਾ ਕਰਕੇ ਆਏ ਹਨ। ਸਾਨੂੰ ਦੱਸਿਆ ਜਾਵੇ ਕਿ ਭਾਰਤ ਦੇ ਧਰਮ ਵਿਚ ਤੇ ਯੂਰਪ ਦੇ ਧਰਮ ਵਿਚ ਕੀ ਫ਼ਰਕ ਹੈ ?

ਇਕਬਾਲ ਬੜਾ ਦਾਰਸ਼ਨਿਕ ਤੇ ਸਿਆਣਾ ਬੰਦਾ ਸੀ। ਆਮ ਗਿਆਨ ਲਈ ਏਥੇ ਇਹ ਵੀ ਕਹਿਣਾ ਕੋਈ ਗਲਤ ਨਹੀਂ ਕਿ ਇਕਬਾਲ, ਕਸ਼ਮੀਰੀ ਬ੍ਰਾਹਮਣ ਸਨ। ਇਕਬਾਲ ਦੇ ਬਾਪ ਨੇ ਇਸਲਾਮ ਧਾਰਨ ਕਰ ਲਿਆ ਸੀ, ਮਗਰ ਦਾਦਾ ਕਸ਼ਮੀਰੀ ਬ੍ਰਾਹਮਣ ਸੀ। ਖੁਦ ਇਕਬਾਲ ਨੇ ਆਪ ਕਬੂਲ ਕੀਤਾ ਹੈ।

ਬ੍ਰਹਮਣ ਜਾਦਾ ਅਸਤ ਵ ਰਾਜ ਗਏ ਸ਼ਮਸ਼ ਤਬਰੇਜ਼ੀ

ਭਾਵ ਕਿ ਹਾਂ ਤਾਂ ਮੈਂ ਬ੍ਰਾਹਮਣ ਦਾ ਪੁੱਤਰ, ਪਰ ਸ਼ਮਸ਼ ਤਬਰੇਜ਼ੀ ਦੇ ਰਾਜ਼ ਵੀ ਜਾਣਦਾ ਹਾਂ। ਭਾਵ ਕਿ ਮੈਨੂੰ ਹਿੰਦੂ ਧਰਮ ਦੀ ਵੀ ਸਮਝ ਹੈ ਤੇ ਮੈਨੂੰ ਇਸਲਾਮ ਦੀ ਵੀ ਸਮਝ ਹੈ। ਮੈਂ ਦੋਵਾਂ ਦੀਆਂ ਬਾਰੀਕੀਆਂ ਨੂੰ ਦੇਖਿਆ ਹੈ। ਕਿਉਂਕਿ ਮੇਰਾ ਦਾਦਾ ਬ੍ਰਾਹਮਣ ਸੀ। ਇਕਬਾਲ ਇਸ ਗੱਲ ਨੂੰ ਮੰਨਦੇ ਹਨ।

ਸੋ ਬਹੁਤ ਵੱਡੇ ਇਕੱਠ ਵਿਚ ਇਕਬਾਲ ਤੋਂ ਮੰਗ ਕੀਤੀ ਗਈ ਕਿ ਯੂਰਪ ਤੇ ਭਾਰਤ ਦੇ ਧਰਮ ਵਿਚ ਬੁਨਿਆਦੀ ਫ਼ਰਕ ਕੀ ਹੈ ? ਸਾਨੂੰ ਦੱਸੋ। ਡਾ. ਸਰ ਮੁਹੰਮਦ ਇਕਬਾਲ ਇੱਕ ਉਘੇ ਸ਼ਾਇਰ ਸਨ। ਕਵੀ ਸਨ। ਕਲਮ ਦੇ ਧਨੀ ਸਨ। ਉਹਨਾਂ ਨੇ ਆਪਣੇ ਢੰਗ ਨਾਲ ਬੜੀ ਗਜ਼ਬ ਦੀ ਗੱਲ ਕੀਤੀ। ਉਹ ਕਹਿੰਦੇ ਹਨ ਕਿ–

ਬਹੁਤ ਦੇਖੇ ਹੈਂ ਮੈਨੇ ਮਸ਼ਰਕ ਔਰ ਮਗਰਬ ਕੇ ਮੈਖਾਨੇ।

ਜਹਾਂ ਸਾਕੀ ਨਹੀਂ ਮਿਲਤਾ, ਵਹਾਂ ਬੇ ਜੌਕ ਹੈ ਸਾਬਾ

ਉਹ ਕਹਿੰਦੇ ਹਨ ਕਿ ਮਸ਼ਰਕ ਤੇ ਮਗਰਬ ਦੇ ਬੜੇ ਸ਼ਰਾਬਖਾਨੇ ਦੇਖੇ ਹਨ।

ਮਸ਼ਰਕ ਤੋਂ ਭਾਵ ਹੈ, ਪੂਰਬ ਦੇ। ਮਗਰਬ ਤੋਂ ਮਤਲਬ ਹੈ, ਪੱਛਮ ਦੇ। ਮੈਖਾਨੇ ਤੋਂ ਮੁਰਾਦ ਹੈ ਸ਼ਰਾਬਖਾਨੇ। ਧਰਮ ਮੰਦਰ ਨੂੰ ਇਕਬਾਲ ਨੇ ਸ਼ਰਾਬਖਾਨਿਆਂ ਨਾਲ ਤਸ਼ਬੀਹ ਦਿੱਤੀ ਹੈ। ਦਰਅਸਲ ਨਾਮ ਬੰਦਗੀ ਵੀ ਇੱਕ ਸਰੂਰ ਹੈ, ਮਸਤੀ ਹੈ। ਨਸ਼ਾ ਹੈ, ਪਰ ਬੜਾ ਬ-ਹੋਸ਼ ਨਸ਼ਾ ਹੈ। ਬੜਾ ਹੋਸ਼ ਹੈ, ਇਸ ਨਸ਼ੇ ਵਿਚ। ਸ਼ਰਾਬ ਦਾ ਨਸ਼ਾ ਤਾਂ ਬੜੀ ਬੇਹੋਸ਼ੀ ਦਾ ਨਸ਼ਾ ਹੈ। ਮਗਰ ਨਾਮ ਦੀ ਖੁਮਾਰੀ ਨੂੰ ਇਕਬਾਲ ਇਕ ਨਸ਼ੇ ਨਾਲ ਤਸ਼ਬੀਹ ਦੇ ਰਹੇ ਹਨ। ਹੈ, ਨਾਮ ਦਾ ਵੀ ਇਕ ਨਸ਼ਾ। ਜਨਮ ਸਾਖੀ ਵਿਚ ਇਸ ਸਰੂਰ ਨੂੰ ਨਾਮ-ਖੁਮਾਰੀ ਆਖਿਆ ਹੈ-

ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ ॥

ਨਾਮ ਦੀ ਵੀ ਇੱਕ ਮਸਤੀ ਹੈ। ਬੜੀ ਹੋਸ਼-ਪੂਰਬਕ ਮਸਤੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਭਾਈ ਨੰਦ ਲਾਲ ਜੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣੀ ਰਚਨਾ ਵਿੱਚ ਸਾਕੀ ਆਖਿਆ ਹੈ। ਸ਼ਰਾਬ ਪਿਲਾਉਣ ਵਾਲੇ ਨੂੰ ਸਾਕੀ ਕਿਹਾ ਜਾਂਦਾ ਹੈ। ਭਾਈ ਸਾਹਿਬ ਭਾਈ ਨੰਦ ਲਾਲ ਦੀ ਇਹ ਗਜ਼ਲ ਹੈ ਕਿ-

ਬਿਦੇਹ ਸਾਕੀ ਮਰ ਯਕ ਜਾਮ ਜਾਂ ਰੰਗੀਨੀ ਏ ਦਿਲਹਾ
ਬ-ਚਸ਼ਮੇ ਪਾਕ ਬੀਂ ਅਸਾਂ ਕੁਨਮ ਈਂ ਜੁਮਲਾ ਮੁਸ਼ਕਲਹਾ

ਐ ਮੇਰੇ ਗੁਰੂ ! ਐ ਮੇਰੇ ਸਾਕੀ ! ਮੈਨੂੰ ਇਸ ਤਰ੍ਹਾਂ ਦੀ ਸ਼ਰਾਬ ਦਾ ਜਾਮ ਪਿਲਾ ਕਿ ਪੀਂਦਿਆਂ ਹੀ ਦੋ ਜਹਾਨਾਂ ਦੀਆਂ ਮੁਸ਼ਕਲਾਂ ਹੱਲ ਹੋ ਜਾਣ। ਮੈਂ ਪਵਿੱਤਰ ਹੋ ਜਾਵਾਂ। ਨਾਮ ਨੂੰ ਇੱਕ ਸਰੂਰ ਆਖਿਆ ਹੈ। ਇਹ ਇੱਕ ਹੋਸ਼ ਦੀ ਸ਼ਰਾਬ ਹੈ। ਦੁਨੀਆਂ ਦੀ ਸ਼ਰਾਬ ਬੇਹੋਸ਼ੀ ਦੀ ਹੈ। ਬੇਹੋਸ਼ੀ ਦੀ ਸ਼ਰਾਬ ਤਾਂ ਬਜ਼ਾਰ ਵਿਚੋਂ ਪੈਸਿਆਂ ਨਾਲ ਮਿਲ ਜਾਏਗੀ। ਪਰ ਇਹ ਜੋ ਹੋਸ਼ ਦੀ ਸ਼ਰਾਬ ਹੈ। ਇਹ ਤਾਂ ਗੁਰੂ ਨੂੰ ਸਿਰ ਦੇ ਕੇ ਫਿਰ ਮਿਲਦੀ ਹੈ। ਇਹ ਬਣੀ ਬਣਾਈ ਨਹੀਂ ਮਿਲਦੀ। ਇਹ ਤਾਂ ਨਾਮ ਜਪ ਕੇ ਬਣਾਉਣੀ ਪੈਂਦੀ ਹੈ। ਇਸ ਖੁਮਾਰੀ ਨੂੰ ਮਾਨਣ ਵਾਸਤੇ ਸ਼ਬਦ ਦੀ ਕਲਾ ਸਿੱਖਣੀ ਪੈਂਦੀ ਹੈ।

ਸੋ ਇਕਬਾਲ ਕਹਿੰਦੇ ਹਨ ਕਿ ਮੈ ਯੂਰਪੀਨ ਦੇਸ਼ਾਂ ਅਤੇ ਭਾਰਤ ਦੇ ਸ਼ਰਾਬਖਾਨੇ ਦੇਖੇ ਹਨ। ਭਾਵ ਕਿ ਧਾਰਮਕ ਮੰਦਰ ਦੇਖ ਕੇ ਆਇਆ ਹਾਂ। ਭਾਰਤ ਦੀ ਸ਼ਰਾਬ ਬੜੀ ਪਵਿੱਤਰ ਹੈ। ਇਸ ਵਿਚ ਬੜਾ ਨਸ਼ਾ ਹੈ। ਭਾਵ ਕਿ ਭਾਰਤ ਦੇ ਰਿਸ਼ੀ, ਮੁਨੀ, ਪੀਰ, ਪੈਗੰਬਰਾਂ ਤੇ ਗੁਰੂ ਅਵਤਾਰਾਂ ਦਾ ਗਿਆਨ ਬੜਾ ਮਹਾਨ ਹੈ। ਬੜੀ ਗੱਲ ਹੈ। ਇਸ ਸ਼ਰਾਬ ਵਿਚ ਬੜਾ ਨਸ਼ਾ ਹੈ। ਪਰ ਸਾਕੀ ਬੜਾ ਗੰਦਾ ਹੈ। ਜਿਹੜਾ ਅੱਜ ਇਸ ਮਸਤੀ ਦਾ ਦਾਹਵੇਦਾਰ ਧਾਰਮਕ ਆਗੂ ਹੈ, ਉਹ ਬੜਾ ਵਿਗੜਿਆ ਹੋਇਆ ਹੈ। ਉਸ ਦੇ ਹੱਥ ਬੜੇ ਗੰਦੇ ਹਨ। ਵੇਖ ਕੇ ਉਸ ਦੇ ਹੱਥੋਂ ਸ਼ਰਾਬ ਪੀਣ ਨੂੰ ਜੀ ਨਹੀਂ ਕਰਦਾ। ਸਾਕੀ ਤੋਂ ਮੁਰਾਦ ਹੈ, ਮੌਲਵੀ, ਬ੍ਰਾਹਮਣ ਤੇ ਇੰਞ ਕਹਿ ਲਉ ਕਿ ਗੁਰਦੁਆਰਿਆਂ ਦੇ ਪਾਠੀ, ਭਾਈ, ਪੁਜਾਰੀ ਤੇ ਪ੍ਰਧਾਨ ਆਦਿ। ਇਕਬਾਲ ਇਨ੍ਹਾਂ ਨੂੰ ਕਹਿ ਰਹੇ ਹਨ ਕਿ ਇਹ ਸਾਕੀ ਨਹੀਂ ਚੰਗੇ। ਜਿਨ੍ਹਾਂ ਨੇ ਸ਼ਰਾਬ ਪਿਲਾਉਣੀ ਹੈ। ਇਹ ਨਹੀਂ ਚੰਗੇ। ਜਿਨ੍ਹਾਂ ਪਿਆਲਿਆਂ ਵਿਚ ਸ਼ਰਾਬ ਪਾਉਣੀ

ਹੈ, ਉਹ ਪਿਆਲੇ ਵੀ ਸਾਫ਼ ਨਹੀਂ। ਜਿਨ੍ਹਾਂ ਹੱਥਾਂ ਨਾਲ ਇਹ ਸ਼ਰਾਬ ਪੇਸ਼ ਕਰਨੀ ਹੈ, ਉਹ ਹੱਥ ਵੀ ਸਾਫ਼ ਨਹੀਂ ਹਨ। ਭਾਵ ਕਿ ਪੇਸ਼ ਕਰਨ ਦਾ ਢੰਗ ਬੜਾ ਗਲਤ ਹੈ। ਗੁਸਤਾਖੀ ਮੁਆਫ਼! ਜੇ ਸੌ ਵਿਚੋਂ ਅੱਸੀ ਗੁਰਦੁਆਰਿਆਂ ਵਿਚ ਲੜਾਈ ਝਗੜਾ ਹੀ ਹੋਵੇ। ਹਉਮੈ ਹੰਕਾਰ ਦੀ ਭੁੱਖ ਹੋਵੇ। ਨਾਮ ਅਭਿਆਸ ਦੀ ਕੋਈ ਗੱਲ ਹੀ ਨਾ ਹੋਵੇ। ਤਾਂ ਇਹ ਵੇਖਕੇ ਲੋਕ ਗੁਰਦੁਆਰਿਆਂ ਤੋਂ ਮੁਨਕਰ ਹੋ ਜਾਣਗੇ। ਫਿਰ ਕੌਣ ਸ਼ਬਦ ਦੀ ਗੱਲ ਸੁਣੇਗਾ ਤੇ ਕੌਣ ਸੁਣਾਵੇਗਾ।

ਜਿਸ ਨੇ ਗੁਰੂ ਦੇ ਪਵਿੱਤਰ ਗਿਆਨ ਦੀ ਗੱਲ ਕਰਨੀ ਹੈ। ਉਸ ਦਾ ਗੱਲ ਕਰਨ ਦਾ ਢੰਗ ਗਲਤ ਹੋਵੇ। ਅੱਜ ਦਾ ਕੀਰਤਨੀਆਂ ਗੁਰੂ ਦਾ ਕੀਰਤਨੀਆਂ ਨਹੀਂ। ਲੋਕਾਂ ਦਾ ਮੂੰਹ ਰੱਖ ਕੇ ਕੀਰਤਨ ਕਰਦਾ ਹੈ। ਮੁਆਫ਼ ਕਰਨਾ ਕਿ ਜੇ ਕੁਝ ਸ਼ਬਦ ਐਸੇ ਚੁਣਕੇ ਗਾਏ ਜਾਣ ਕਿ ਕਿਸੇ ਮਾਣ ਪ੍ਰਤਿਸ਼ਠਾ ਵਾਲੇ ਬੰਦੇ ਦਾ ਮੂੰਹ ਰੱਖ ਕੇ, ਤਾਂ ਫਿਰ ਉਹ ਗੁਰੂ ਦਾ ਕੀਰਤਨ ਨਹੀਂ ਹੁੰਦਾ। ਉਹ ਤਾਂ ਹਉਮੈ ਨੂੰ ਪੱਠੇ ਪਾਉਣ ਵਾਲੀ ਗੱਲ ਹੈ। ਲੋਕਾਂ ਦਾ ਹੀ ਕੀਰਤਨ ਹੈ। ਗੁਰੂ ਦਾ ਨਹੀਂ। ਦਰਅਸਲ ਇਕਬਾਲ ਦੀ ਗੱਲ ਪੂਰਨ ਸੱਚ ਹੈ ਕਿ–

ਜਹਾਂ ਸਾਕੀ ਨਹੀਂ ਮਿਲਤਾ, ਵਹਾਂ ਬੇ ਜੌਕ ਹੈ ਸ਼ਾਬਾ

ਇਕਬਾਲ ਕਹਿੰਦੇ ਹਨ ਕਿ ਜਿਹੜੇ ਯੂਰਪ ਦੇ ਦੇਸ਼ ਹਨ, ਉਥੇ ਸ਼ਰਾਬ ਕਿਸੇ ਕੰਮ ਦੀ ਨਹੀਂ। ਕੋਈ ਸਰੂਰ ਨਹੀਂ। ਨਸ਼ਾ ਨਹੀਂ। ਕੁਝ ਵੀ ਨਹੀਂ। ਪਰ ਪਿਆਲੇ ਬੜੇ ਚਮਕਦਾਰ ਤੇ ਸੁਹਣੇਂ ਹਨ। ਪੇਸ਼ ਕਰਨ ਵਾਲੇ ਹੱਥ ਬੜੇ ਸੁੰਦਰ ਤੇ ਸਾਫ਼ ਹਨ। ਸ਼ਰਾਬ ਪੇਸ਼ ਕਰਨ ਦਾ ਢੰਗ ਬੜਾ ਸੁੰਦਰ ਹੈ। ਭਾਵੇਂ ਕਿ ਸ਼ਰਾਬ ਵਿਚ ਕੋਈ ਨਸ਼ਾ ਨਹੀਂ, ਫਿਰ ਵੀ ਪੀਣ ਨੂੰ ਜੀ ਕਰਦਾ ਹੈ।

ਭਾਵ ਕਿ ਈਸਾਈਆਂ ਕੋਲ ਜਿਹੜੇ ਪਾਦਰੀ ਹਨ, ਇਕਬਾਲ ਉਹਨਾਂ ਨੂੰ ਅੱਜ ਦੇ ਸਾਕੀ ਕਹਿ ਰਹੇ ਹਨ ਬਾਈਬਲ ਵਿਚ ਕੁਝ ਵੀ ਨਹੀਂ। ਮੁਆਫ਼ ਕਰਨਾ! ਬਾਈਬਲ ਵਿਚ ਕੋਈ ਖਾਸ ਗਿਆਨ ਧਿਆਨ ਦੀ ਗੱਲ ਨਹੀਂ। ਸਭ ਕਲਪਤ ਕਹਾਣੀਆਂ ਹਨ। ਗਿਆਨ ਧਿਆਨ ਦੀ ਗਹਿਰੀ ਗੱਲ, ਭਾਰਤ ਦੇ ਗ੍ਰੰਥਾਂ ਤੋਂ ਬਿਨਾਂ ਹੋਰ ਕਿਤੇ ਨਹੀਂ ਮਿਲੇਗੀ। ਇਹ ਗੱਲ ਇਕਬਾਲ ਨੇ ਖੁਲ੍ਹੇ ਲਫ਼ਜ਼ਾਂ ਵਿਚ ਕੀਤੀ ਹੈ। ਇਕਬਾਲ ਕਹਿੰਦੇ ਹਨ ਕਿ ਬਾਈਬਲ ਵਿੱਚ ਕੁਝ ਵੀ ਨਹੀਂ। ਪਰ ਈਸਾਈਆਂ ਕੋਲ ਸ਼ਰਾਬ ਪੇਸ਼ ਕਰਨ ਦਾ ਢੰਗ ਬੜਾ ਸੁਹਣਾ ਹੈ। ਪਾਦਰੀ ਬੜੇ ਸਿਆਣੇ ਹਨ। ਪ੍ਰਚਾਰ ਦਾ ਢੰਗ ਬੜਾ ਸੁਹਣਾ ਹੈ। ਭਾਵ ਸੰਸਾਰ ਦੇ ਅੱਗੇ ਸ਼ਰਾਬ ਪੇਸ਼ ਕਰਨ ਦਾ ਢੰਗ ਬੜਾ ਸੁਹਣਾ ਹੈ। ਲੋਕ ਖੁਸ਼ੀ ਨਾਲ ਪੀ ਲੈਂਦੇ ਹਨ। ਉਹਨਾਂ ਦੇ ਦਿਸ਼ਾਹੀਣ ਗਿਆਨ ਨੂੰ ਲੋਕ ਪ੍ਰਵਾਨ ਕਰਦੇ ਹਨ। ਅੱਜ ਅੱਧੀ ਤੋਂ ਵੱਧ ਦੁਨੀਆਂ ਈਸਾਈ ਹੈ। ਚਾਲੀ ਪੰਜਾਹ ਸਾਲਾਂ ਵਿਚ ਤਿੰਨ ਕਰੋੜ ਤੋਂ ਵੱਧ ਲੋਕ ਭਾਰਤ ਵਿਚ ਈਸਾਈ ਬਣ ਗਏ ਹਨ। ਹਾਲਾਂਕਿ ਈਸਾਈਆਂ ਕੋਲ ਕੋਈ ਗਿਆਨ ਨਹੀਂ ਹੈ। ਬੱਸ! ਪਿਆਲੇ ਜ਼ਰਾ ਚੰਗੇ ਹਨ। ਪੇਸ਼ ਕਰਨ ਦਾ ਢੰਗ ਚੰਗਾ ਹੈ। ਪ੍ਰਚਾਰ ਦਾ ਢੰਗ ਸੁਹਣਾ ਹੈ। ਲੋਕ ਈਸਾਈ ਧਰਮ ਨੂੰ ਕਬੂਲ ਕਰ ਰਹੇ ਹਨ। ਸਿੱਖ ਕੌਮ ਕੋਲ ਏਨਾ ਚੰਗਾ ਫਲਸਫਾ ਅਤੇ ਗੁਰੂ ਗ੍ਰੰਥ ਵਰਗਾ ਸ਼ਬਦ ਗੁਰੂ ਖਜ਼ਾਨਾ ਹੈ, ਪਰ ਪ੍ਰਚਾਰ ਕਰਨਾ ਨਹੀਂ ਆਇਆ। ਇਸ

ਕਰਕੇ ਸਾਰੀ ਦੁਨੀਆਂ ਵਿਚ ਪੰਜ ਸਾਲਾਂ ਵਿਚ ਵੀ ਆਪਣੇ ਆਪ ਨੂੰ ਸਿੱਖ ਕੌਮ ਵਜੋਂ ਪੇਸ਼ ਨਹੀਂ ਕਰ ਸਕੇ।

ਭਾਰਤ ਕੋਲ ਸ਼ਰਾਬ ਬੜੀ ਪਵਿੱਤਰ ਹੈ। ਸ਼ਰਾਬ ਵਿਚ ਬੜਾ ਸਰੂਰ ਹੈ। ਕੋਈ ਪੀਵੇ ਤਾਂ ਉਸ ਦੇ ਕਪਾਟ ਖੁਲ੍ਹ ਜਾਂਦੇ ਹਨ, ਯਾਨੀ ਕਿ ਕੋਈ ਸ਼ਬਦ ਦੀ ਕਲਾ ਨੂੰ ਸਮਝ ਸਕੇ ਤਾਂ ਕਪਾਟ ਖੁਲ੍ਹ ਜਾਂਦੇ ਹਨ। ਪਰ ਪਿਆਲੇ ਬੜੇ ਗੰਦੇ ਹਨ। ਪੇਸ਼ ਕਰਨ ਦਾ ਢੰਗ ਨਹੀਂ ਚੰਗਾ। ਧਰਮ ਮੰਦਰਾਂ ਵਿਚ ਜੋ ਕੁਝ ਹੋਣਾ ਚਾਹੀਦਾ ਸੀ, ਉਹ ਹੈ ਨਹੀਂ। ਸਿੱਟਾ ਇਹ ਨਿਕਲ ਰਿਹਾ ਹੈ ਕਿ ਨੌਜਵਾਨ ਪੀੜ੍ਹੀ ਨਾਸਤਿਕਤਾ ਵੱਲ ਵੱਧ ਰਹੀ ਹੈ। ਬੱਚੇ ਬਾਗ਼ੀ ਹੋ ਰਹੇ ਹਨ। ਇਕਬਾਲ ਨੇ ਦੋ ਸ਼ਬਦਾਂ ਵਿਚ ਗੱਲ ਮੁਕਾ ਦਿੱਤੀ ਹੈ ਕਿ-

ਬਹੁਤ ਦੇਖੇ ਹੈਂ ਮੈਨੇ ਮਸ਼ਰਕ ਔਰ ਮਗਰਬ ਕੇ ਮੈ ਖਾਨੇ॥
ਜਹਾਂ ਸਾਕੀ ਨਹੀਂ ਮਿਲਤਾ ਵਹਾਂ ਬੇ ਜੌਕ ਹੈ ਸ਼ਾਬਾ॥

ਏਨੀ ਪਵਿੱਤਰ ਸ਼ਰਾਬ। ਯਾਨੀ ਕਿ ਏਨਾ ਪਵਿੱਤਰ ਗਿਆਨ ਹੈ ਤੇ ਅਸੀਂ ਜਗਤ ਤੱਕ ਨਹੀਂ ਪਹੁੰਚਾ ਸਕੇ। ਸਿੱਖੀ ਦੇ ਧਰਮ ਗ੍ਰੰਥਾਂ ਵਿਚ ਬਹੁਤ ਕੁਝ ਹੈ। ਪਰ ਸਾਰਾ ਕੁਝ ਸੰਸਾਰ ਅੱਗੇ ਦੱਸਣ ਲਈ ਢੰਗ ਠੀਕ ਨਹੀਂ ਹੈ। ਈਸਾਈਆਂ ਕੋਲ ਕੁਝ ਵੀ ਨਹੀਂ। ਕੋਰਾ ਪਾਣੀ ਹੈ। ਪਰ ਪੇਸ਼ ਕਰਨ ਦਾ ਢੰਗ ਏਨਾ ਵਧੀਆ ਹੈ ਕਿ ਲੋਕ ਫਿੱਕਾ ਪਾਣੀ ਮਸਤੀ ਨਾਲ ਪੀ ਰਹੇ ਹਨ।

ਆਖਰ ਬਹੁਤ ਲੰਬੀ ਚੌੜੀ ਗੱਲ ਨਾ ਕਰੀਏ। ਅਸੀਂ ਆਪਣੇ ਮਜ਼੍ਹਬ ਦੇ ਮੁਖੀਆਂ ਦੀ ਗੱਲ ਕਰੀਏ। ਜੇ ਆਪਣੇ ਧਾਰਮਕ ਮੁਖੀਆਂ ਦੀ ਗਲ ਕਰੀਏ ਤਾਂ ਭਾਈ ਗੁਰਦਾਸ ਜੀ ਦੇ ਵਿਚਾਰ ਕਹਿਣੇ ਬੜੇ ਯੋਗ ਹਨ ਕਿ

ਚੰਦਨ ਕੀ ਬਾਰਿ ਜੈਸੇ ਦੀਜੀਅਤ ਬਬੂਰ ਦ੍ਰੁਮ,
ਕੰਚਨ ਸੰਪੁਟ ਮਧਿ ਕਾਚੁ ਗ੍ਰਿਹਿ ਰਾਖੀਐ॥

ਭਾਵ ਕਿ ਇੱਕ ਕਿਸਾਨ ਚੰਦਨ ਦੀ ਵਾੜ, ਆਪਣੀਆਂ ਕਿੱਕਰਾਂ ਦੇ ਦੁਆਲੇ ਲਾ ਰਿਹਾ ਸੀ। ਹੁਣ ਚੰਦਨ ਦੀ ਲੱਕੜੀ ਬੜੀ ਕੀਮਤੀ ਹੈ। ਅਸਲੀ ਚੰਦਨ ਤਾਂ ਹਜ਼ਾਰਾਂ ਰੁਪਏ ਦਾ ਤੋਲਾ ਮਿਲਦਾ ਹੈ। ਏਨਾ ਮਹਿੰਗਾ ਚੰਦਨ ਹੈ। ਚੰਦਨ ਦੀ ਵਾੜ ਕਿੱਕਰਾਂ ਦੇ ਪੌਦਿਆਂ ਦੇ ਦੁਆਲੇ ਲਾ ਰਿਹਾ ਸੀ। ਭਾਈ ਸਾਹਿਬ ਕਹਿੰਦੇ ਹਨ ਕਿ ਮੈਂ ਪੁੱਛ ਲਿਆ ਕਿ ਤੂੰ ਖੇਤ ਵਿਚ ਕੇਸਰ ਬੀਜਿਆ ਹੈ? ਕਾਹਦੇ ਬੂਟੇ ਲਾਏ ਹਨ ਜੋ ਤੂੰ ਚੰਦਨ ਦੀ ਵਾੜ ਦੇ ਰਿਹਾ ਹੈ? ਤਾਂ ਉਹ ਕਿਸਾਨ ਕਹਿਣ ਲੱਗਾ ਕਿ ਕਿੱਕਰਾਂ ਦੇ ਪੌਦੇ ਬੀਜੇ ਹਨ। ਬਾਬੂਰ ਨਾਮ ਕਿੱਕਰ ਦਾ ਹੈ। ਕਿੱਕਰਾਂ ਦੇ ਬੂਟਿਆਂ ਨੂੰ ਚੰਦਨ ਦੀ ਵਾੜ ਲਾਈ ਹੈ।

ਕੰਚਨ ਸੰਪੁਟ ਮਧਿ ਕਾਚ ਗ੍ਰਿਹਿ ਰਾਖੀਐ॥

ਭਾਈ ਸਾਹਿਬ ਕਹਿੰਦੇ ਹਨ ਕਿ ਫਿਰ ਉਸ ਕਿਸਾਨ ਦੇ ਘਰ ਇੱਕ ਬਕਸਾ ਦੇਖਿਆ। ਸੰਪੁਟ ਨਾਮ ਬਕਸੇ ਦਾ ਹੈ। ਉਹ ਬਕਸਾ ਸੋਨੇ ਦਾ ਬਣਿਆ ਸੀ। ਸੋਨੇ ਦਾ ਤਾਲਾ ਲੱਗਾ ਸੀ। ਭਾਈ ਸਾਹਿਬ ਕਹਿੰਦੇ ਹਨ ਕਿ ਮੈਂ ਪੁੱਛ ਲਿਆ ਕਿ ਜੇ ਤੂੰ ਬਕਸਾ ਏਡਾ ਵੱਡਾ ਸੋਨੇ ਦਾ ਬਣਵਾਇਆ ਹੈ ਤਾਂ ਇਸ ਵਿਚ ਜ਼ਰੂਰ ਹੀਰੇ ਮੋਤੀ ਰੱਖੇ ਹੋਣਗੇ? ਕਿਸਾਨ ਕਹਿਣ ਲੱਗਾ, ਨਹੀਂ! ਇਸ ਵਿਚ ਕੱਚ ਦੇ ਬਲੌਰ ਰੱਖੇ ਹਨ। ਪੱਥਰ ਤੇ ਕੱਚ ਨਾਲ ਭਰਿਆ ਪਿਆ ਹੈ।

ਸਾਧਨ ਦੁਰਾਇਕੈ, ਅਸਾਧ ਅਪਰਾਧ ਕਰੈ,
ਉਲਟੀਐ ਚਾਲ ਕਲੀ ਕਾਲ ਭ੍ਰਮ ਭਾਖੀਐ ॥

ਇਸ ਕਲਯੁਗ ਦੀ ਉਲਟੀ ਚਾਲ ਦੇਖੋ ! ਜਿਹੜਾ ਮਹਾਂ ਪਾਪੀ ਬੰਦਾ ਹੈ, ਉਹ ਧਰਮ ਦਾ ਮੁਖੀ ਹੈ। ਅੰਦਰ ਨਿਰੇ ਕਿੱਕਰ ਹਨ। ਬਾਹਰ ਚੰਦਨ ਦੀ ਵਾੜ ਦਿੱਤੀ ਹੈ। ਭਾਵ ਕਿ ਬਾਹਰੋਂ ਧਰਮੀ ਦਿੱਸਦਾ ਹੈ। ਧਰਮ ਦਾ ਮੁਖੀ ਸਦਵਾਉਂਦਾ ਹੈ। ਪਰ ਅੰਦਰ ਝਾਤ ਮਾਰ ਕੇ ਦੇਖੀਏ ਤਾਂ ਕਿੱਕਰਾਂ ਦੇ ਬੂਟੇ ਹਨ। ਹੋਰ ਕੁਝ ਵੀ ਨਹੀਂ। ਸੋਨੇ ਦਾ ਬਕਸਾ ਹੈ। ਖੋਲ੍ਹ ਕੇ ਦੇਖਣਾ। ਅੰਦਰ ਕੱਚ ਤੇ ਪੱਥਰ ਹਨ। ਇਨ੍ਹਾਂ ਧਰਮ ਮੁਖੀਆਂ ਤੋਂ ਹੀ ਪ੍ਰੇਰਨਾ ਲੈਣੀ ਹੈ। ਮੁਆਫ਼ ਕਰਨਾ ! ਧਰਮ ਦੇ ਨਾਮ ਤੇ ਸਭ ਧੋਖਾ ਹੋ ਰਿਹਾ ਹੈ। ਧਰਮ ਲੁੱਟ ਗਿਆ ਹੈ। ਮਿਰਜ਼ਾ ਗਾਲਿਬ ਨੇ ਇੱਕ ਸੁੰਦਰ ਫ਼ਿਕਰਾ ਕਿਹਾ ਹੈ ਕਿ—

ਕਾਰਵਾਂ ਕੇ ਲੁਟ ਜਾਨੇ ਕਾ ਗ਼ਮ ਨਹੀਂ ਗਾਲਿਬ,
ਸਵਾਲ ਤੋ ਥਾਂ ਤੇਰੀ ਰਹਿਬਰੀ ਕਾ॥

ਮੈਂ ਲੁੱਟ ਗਿਆ ਹਾਂ। ਬਰਬਾਦ ਹੋ ਗਿਆ ਹਾਂ। ਇਸ ਗੱਲ ਦਾ ਮੈਨੂੰ ਕੋਈ ਗ਼ਮ ਨਹੀਂ।

ਸਵਾਲ ਤੋ ਥਾ ਤੇਰੀ ਰਹਿਬਰੀ ਕਾ॥

ਤੂੰ ਸਾਡਾ ਮੁਖੀ ਕਾਹਦਾ ਹੈਂ ? ਤੇਰੇ ਪਿਛੇ ਚਲ ਕੇ ਅਸੀਂ ਬਰਬਾਦ ਹੋ ਗਏ ਹਾਂ। ਲੁੱਟੇ ਗਏ ਹਾਂ। ਬਹੁਤੀ ਪ੍ਰੇਰਨਾ ਤਾਂ ਧਰਮ ਦੇ ਮੁਖੀਆਂ ਤੋਂ ਮਿਲਣੀ ਹੈ। ਪਰ ਧਰਮ ਦੇ ਮੁਖੀ ਬੜੇ ਗਲਤ ਚਲ ਰਹੇ ਹਨ। ਜਿਹੜੇ ਸਾਧੂ ਸੰਤ ਹਨ, ਉਹ ਦੇਖਣ ਨੂੰ ਹੀ ਬਹੁਤੇ ਸੰਤ ਹਨ। ਆਪੋ-ਆਪਣੀ ਪੂਜਾ ਵਿਚ ਰੁਝੇ ਹੋਏ ਹਨ। ਇਕਬਾਲ ਦਾ ਕਥਨ ਹੈ ਕਿ—

ਇਲਾਹੀ, ਯੇਹ ਤੇਰੇ ਸਾਦਾ ਦਿਲ ਬੰਦੇ ਕਿਧਰ ਜਾਏਂ ॥
ਕਿ ਸ਼ਾਹੀ ਇਕ ਅਜ਼ਾਰੀ ਹੈ, ਫਕੀਰੀ ਭੀ ਮਕਾਰੀ ਹੈ ॥

ਇਕਬਾਲ ਕਹਿੰਦਾ ਹੈ ਕਿ ਮੈਂ ਧਨਾਢ ਬੰਦੇ ਦੇਖਦਾ ਹਾਂ ਤਾਂ ਉਹ ਅਯਾਸ਼ ਹਨ। ਪਰ ਇਨ੍ਹਾਂ ਸੰਤਾਂ ਸਾਧੂਆਂ ਨੂੰ ਦੇਖਦਾ ਹਾਂ ਤੇ ਇਹ ਬੜੇ ਮਕਾਰ ਹਨ। ਦੱਸੋ ਇਹ ਸਧਾਰਣ ਬੰਦਾ ਕਿਧਰ ਜਾਵੇ ? ਸਾਦਾ ਦਿਲ ਬੰਦਾ ਕੀ ਕਰੇ ? ਆਖਰ ਇਨ੍ਹਾਂ ਤੋਂ ਹੀ ਪ੍ਰੇਰਨਾ ਲੈਣੀ ਹੈ। ਧਨਵਾਨਾਂ ਦੀ ਨਕਲ ਹੁੰਦੀ ਹੈ ਅਤੇ ਗੁਣਵਾਨਾਂ ਦੀ ਨਕਲ ਹੁੰਦੀ ਹੈ। ਜਿਹੜੇ ਬੰਦੇ ਧਰਮ ਵਿਚ ਅੱਗੇ ਨਿਕਲਣ ਉਹਨਾਂ ਤੋਂ ਪ੍ਰੇਰਨਾ ਮਿਲਦੀ ਹੈ। ਜਿਹੜੇ ਧਨ ਵਿਚ ਅੱਗੇ ਹੋਣ ਉਹਨਾਂ ਤੋਂ ਹੀ ਪ੍ਰੇਰਨਾ ਮਿਲਦੀ ਹੈ। ਪਰ ਜੇ ਧਨਵਾਨਾਂ ਨੂੰ ਦੇਖੀਏ ਤਾਂ ਉਹ ਅਯਾਸ਼ ਹਨ। ਧਾਰਮਕ ਲੋਕਾਂ ਨੂੰ ਦੇਖੀਏ ਤਾਂ ਉਹ ਮਕਾਰ ਹਨ। ਉਹ ਪਖੰਡੀ ਹਨ। ਕੋਈ ਵਿਰਲੇ ਮਿਲਦੇ ਹਨ ਜੋ ਧਰਮ ਦੇ ਨਾਮ ਤੇ ਵੀ ਧਾਰਮਕ ਹੀ ਹਨ। ਸਾਦਾ ਦਿਲ ਬੰਦਾ ਦੁਬਿਧਾ ਵਿਚ ਫਸਿਆ ਹੋਇਆ ਹੈ।

ਜੇ ਝੂਠਿਆਂ ਬੰਦਿਆਂ ਅੱਗੇ ਸੱਚ ਕਹੀਏ ਤਾਂ ਟਕਰਾਅ ਹੁੰਦਾ ਹੈ। ਵਿਵਾਦ ਵਧਦਾ ਹੈ। ਫਿਰ ਵਕਤੀ ਤੌਰ ਤੇ ਕਰੀਬਨ ਝੂਠ ਦੀ ਜਿੱਤ ਹੁੰਦੀ ਹੈ। ਸੱਚ ਨੂੰ ਲੱਜਾ ਦਾ ਮੂੰਹ ਦੇਖਣਾ ਪੈਂਦਾ ਹੈ। ਵਕਤੀ ਤੌਰ ਤੇ ਝੂਠ ਦੀ ਜੈ-ਜੈ ਕਾਰ ਹੋ ਜਾਂਦੀ ਹੈ। ਪੁਰਾਣੇ ਤੋਂ ਪੁਰਾਣਾ ਇਤਿਹਾਸ ਵਾਚੀਏ ਤਾਂ ਏਹੋ ਕੁਝ ਹੀ ਦੇਖਣ ਨੂੰ ਮਿਲਦਾ ਹੈ। ਸ੍ਰੀ ਕ੍ਰਿਸ਼ਨ ਦੇ

ਮਾਤਾ-ਪਿਤਾ, ਦੇਵਕੀ ਤੇ ਵਾਸਦੇਵ ਸੱਚ ਦੀ ਮੂਰਤ ਹਨ। ਪਰ ਕੰਸ ਨੇ ਕੈਦ ਵਿਚ ਡੱਕੇ ਹੋਏ ਹਨ। ਵਕਤੀ ਤੌਰ ਤੇ ਸੱਚ ਜੇਲ੍ਹ ਵਿਚ ਹੈ ਤੇ ਝੂਠਾ ਕੰਸ ਰਾਜ ਸਿੰਘਾਸਣ ਤੇ ਬੈਠਾ ਹੈ। ਦ੍ਰੋਪਤੀ ਸੱਚ ਦੀ ਮੂਰਤ ਹੈ। ਪਰ ਦੁਯੋਧਨ ਦੀ ਬੁਰਾਈ ਦਾ ਸ਼ਿਕਾਰ ਹੈ। ਦੁਯੋਧਨ ਰਾਜ ਕਰਦਾ ਹੈ। ਪਰ ਸੱਚੇ ਪਾਂਡਵ ਜੰਗਲਾਂ ਵਿਚ ਭਟਕ ਰਹੇ ਹਨ। ਵਕਤੀ ਤੌਰ ਤੇ ਝੂਠ ਤੇ ਮੱਕਾਰੀ ਦੀ ਜਿੱਤ ਹੁੰਦੀ ਹੈ। ਧ੍ਰੂਅ, ਉਤਾਨਪਾਦ ਰਾਜੇ ਦਾ ਆਪਣਾ ਪੁੱਤਰ ਹੈ। ਪਰ ਰਾਜ ਭਾਗ ਮਤਰੇਈ ਮਾਂ ਕਰ ਰਹੀ ਹੈ। ਪ੍ਰਹਿਲਾਦ ਜੇਲ੍ਹ ਵਿੱਚ ਹੈ ਅਤੇ ਝੂਠਾ ਹਰਨਾਖਸ਼ ਮਨ-ਮਾਨੀ ਕਰਦਾ ਹੈ। ਜਹਾਂਗੀਰ ਰਾਜ-ਗੱਦੀ ਤੇ ਬੈਠਾ ਹੈ। ਝੂਠਾ ਹੈ। ਪਰ ਸੱਚ ਤੱਤੀ ਤਵੀ ਤੇ ਬੈਠਾ ਹੈ। ਬਾਬਰ ਦੀ ਜੇਲ੍ਹ ਵਿਚ ਗੁਰੂ ਨਾਨਕ ਹਨ। ਔਰੰਗਜ਼ੇਬ ਦੀ ਜੇਲ੍ਹ ਵਿਚ ਗੁਰੂ ਤੇਗ ਬਹਾਦਰ ਹਨ। ਦਰਅਸਲ ਸੱਚ ਦਾ ਜਨਮ ਪਿੰਜਰੇ ਵਿਚ ਹੁੰਦਾ ਹੈ ਅਤੇ ਅੰਤ ਵੀ ਪਿੰਜਰੇ ਵਿਚ ਹੀ ਹੁੰਦਾ ਹੈ। ਕ੍ਰਿਸ਼ਨ ਦਾ ਜਨਮ ਪਿੰਜਰੇ ਵਿਚ ਹੈ। ਗੁਰੂ ਤੇਗ ਬਹਾਦਰ ਜੀ ਦਾ ਅੰਤ ਵੀ ਪਿੰਜਰੇ ਵਿਚ ਹੈ।

ਤੁਲਸੀ ਯਾ ਸੰਸਾਰ ਮੇਂ ਸਾਧ ਨ ਮਾਨੈ ਕੋਇ ॥
ਕਾਮੀ ਕ੍ਰੋਧੀ ਮਸਖਰਾ ਤਿਨ ਕੀ ਪੂਜਾ ਹੋਇ ॥

ਦਰਅਸਲ ਇਹ ਹਕੀਕਤ ਹੈ। ਸਿਲਸਿਲਾ ਏਸੇ ਤਰ੍ਹਾਂ ਚਲਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪਾਵਨ ਵਿਚਾਰ ਹੈ ਕਿ-

ਅਕ੍ਰਿਤ ਕ੍ਰਿਤ ਕਾਰਨੋ ਅਨਿਤ ਨਿਤ ਹੋਹਿਗੇ
ਤਿਆਗ ਧਰਮਣੋ ਤ੍ਰਿਆ ਕੁਨਾਰ ਸਾਧ ਜੋਹਿਗੇ ॥

(ਦਸਮ ਗ੍ਰੰਥ)

ਜਿਹੜੀਆਂ ਇਸਤ੍ਰੀਆਂ ਧਰਮ ਨੂੰ ਤਿਆਗ ਜਾਣਗੀਆਂ, ਉਹ ਸਾਧਾਂ ਦੇ ਆਲੇ-ਦੁਆਲੇ ਹੋਣਗੀਆਂ। ਕਿੰਨੇ ਸੱਚੇ ਬਚਨ ਹਨ ਕਲਗੀਧਰ ਜੀ ਦੇ। ਜੋ ਕਰਮ ਨਹੀਂ ਕਰਨ ਯੋਗ, ਉਹ ਹੋਣਗੇ। ਜੋ ਕਰਨ ਯੋਗ ਹਨ ਉਹ ਨਹੀਂ ਹੋਣਗੇ। ਵਿਭਚਾਰੀ ਲੋਕ ਧਰਮ ਦੀ ਆੜ ਵਿਚ ਧਰਮੀ ਸਦਵਾਉਂਦੇ ਹਨ। ਝੂਠ ਦੀ ਪੂਜਾ ਸੱਚ ਸਮਝ ਕੇ ਹੁੰਦੀ ਹੈ।

ਦਰਅਸਲ ਵਕਤੀ ਤੌਰ ਤੇ ਝੂਠ ਦੀ ਜਿੱਤ ਹੁੰਦੀ ਹੈ। ਸੱਚ ਦੀ ਹਾਰ ਹੁੰਦੀ ਹੈ। ਪਰ ਇਹ ਝੂਠ ਦੀ ਜਿੱਤ ਵਕਤੀ ਜਿੱਤ ਹੈ। ਸਦੀਵੀ ਨਹੀਂ।

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥ (ਪੰਨਾ ੯੫੩)

ਆਖਰ ਜਿੱਤ ਸੱਚ ਦੀ ਹੁੰਦੀ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੀਵਨ ਦੀ ਇਹ ਘਟਨਾ ਬੜੀ ਅਜੀਬ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਕੋਲੋਂ ਅਨੰਦਪੁਰ ਛੁੱਟ ਚੁਕਾ ਸੀ। ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਚੁੱਕੇ ਸਨ। ਆਪ ਸਾਰੇ ਪਰਿਵਾਰ ਤੋਂ ਵਿਛੜ ਕੇ ਮਾਛੀਵਾੜੇ ਦੇ ਜੰਗਲਾਂ ਵਿਚ ਭਟਕਦੇ ਰਹੇ। ਸਿੱਖ ਸੇਵਕ ਵੀ ਬਹੁਤੇ ਸ਼ਹੀਦ ਹੋ ਚੁੱਕੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਸਾਬੋ ਕੀ ਤਲਵੰਡੀ ਪਹੁੰਚੇ ਤਾਂ ਉਸ ਵਕਤ ਦੁਬਾਰਾ ਸਿੱਖ ਸੇਵਕਾਂ ਨੂੰ ਜੋੜਨ ਲੱਗੇ ਸਨ। ਗੁਰਦੇਵ ਦੀਆਂ ਧਰਮ ਪਤਨੀਆਂ ਇਨ੍ਹਾਂ ਦਿਨਾਂ ਵਿਚ ਦਿੱਲੀ ਵੱਲ ਭਾਈ ਮਨੀ ਸਿੰਘ ਦੇ ਨਾਲ ਚਲੇ ਗਈਆਂ ਸਨ। ਜਦੋਂ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਨੂੰ ਪਤਾ ਲੱਗਾ

ਕਿ ਗੁਰੂ ਜੀ ਸਾਬੋ ਕੀ ਤਲਵੰਡੀ ਹਨ। ਉਸ ਵਕਤ ਮਾਤਾਵਾਂ ਦਿੱਲੀ ਤੋਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਚਲ ਪਈਆਂ। ਮਾਤਾਵਾਂ ਨੇ ਗੁਰੂ ਦਰਬਾਰ ਵਿਚ ਆਣ ਕੇ ਸਭ ਤੋਂ ਪਹਿਲਾਂ ਆਪਣੇ ਬੱਚਿਆਂ, ਅਜੀਤ ਸਿੰਘ, ਜੁਝਾਰ ਸਿੰਘ ਆਦਿ ਨੂੰ ਲੱਭਣ ਦਾ ਯਤਨ ਕੀਤਾ। ਜਦੋਂ ਕੋਈ ਸਾਹਿਬਜ਼ਾਦਾ ਵੀ ਸੰਗਤ ਵਿਚ ਨਾ ਦਿੱਸਿਆ ਤਾਂ ਮਾਤਾ ਜੀ ਨੇ ਪੁਛਿਆ, ਗੁਰਦੇਵ ! ਸਾਡੇ ਪੁੱਤਰ ਕਿਥੇ ਹਨ ? ਗੁਰਦੇਵ ਨੇ ਕਿਹਾ, ਕਿ ਉਹ ਤਾਂ ਮੈਂ ਵਾਰ ਦਿੱਤੇ ਹਨ। ਗੁਰਦੇਵ ਨੇ ਇਹ ਬਚਨ ਬੜੇ ਸਹਿਜ ਵਿਚ ਕਹੇ ਸਨ। ਮਾਤਾ ਜੀ ਇਕ ਦਮ ਘਬਰਾਏ ਤੇ ਪੁਛਣ ਲੱਗੇ, ਗੁਰਦੇਵ ! ਤੁਸੀਂ ਬੱਚਿਆਂ ਬਾਰੇ ਇਸ ਢੰਗ ਨਾਲ ਗੱਲ ਕੀਤੀ ਹੈ, ਜਿਵੇਂ ਕੋਈ ਕੀਮਤੀ ਚੀਜ਼ ਬਚਾਉਣ ਲਈ, ਆਪਣੀ ਤੁੱਛ ਚੀਜ਼ ਕੁਰਬਾਨ ਕਰ ਦੇਂਦਾ ਹੈ। ਕਿਸੇ ਮਾਂ ਦੇ ਬੱਚੇ ਨੂੰ ਨਜ਼ਰ ਲੱਗੀ ਹੋਵੇ ਤਾਂ, ਮਾਂ ਚਾਰ ਮਿਰਚਾਂ ਲੈ ਕੇ ਆਪਣੇ ਬੱਚੇ ਦੇ ਸਿਰ ਤੋਂ ਵਾਰ ਕੇ, ਅੱਗ ਵਿਚ ਸੁੱਟਦੀ ਹੈ। ਵੱਧ ਹੋਰ ਕਰੇਗੀ ਤਾਂ, ਬੱਚੇ ਦੇ ਸਿਰ ਤੋਂ ਦੱਸ ਰੁਪਏ ਵਾਰ ਕੇ ਕਿਸੇ ਗਰੀਬ ਨੂੰ ਦੇਵੇਗੀ। ਪਰ ਤੁਸੀਂ ਕਿਹੜੀ ਹੈ ਓਹ ਚੀਜ਼, ਜਿਹੜੀ ਮੇਰੇ ਬੱਚਿਆਂ ਤੋਂ ਵੱਧ ਪਿਆਰੀ ਸਮਝੀ, ਜਿਸ ਤੋਂ ਮੇਰੇ ਬੱਚੇ ਵਾਰ ਦਿੱਤੇ ਹਨ। ਗੁਰਦੇਵ ਨੇ ਮਾਤਾ ਦੇ ਮਮਤਾ-ਭਰੇ ਬੋਲ ਸੁਣ ਕੇ ਕਿਹਾ, "ਕਿ ਮੈਂ ਬੜੀ ਕੀਮਤੀ ਚੀਜ਼ ਬਚਾਈ ਹੈ।" ਗੁਰਦੇਵ ਨੇ ਸਿੱਖਾਂ ਵੱਲ ਇਸ਼ਾਰਾ ਕਰਕੇ ਕਿਹਾ ਕਿ—

ਇਨ ਪੁਤਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ ॥
ਚਾਰ ਮੂਏ ਤਉ ਕਿਆ ਹੂਆ, ਜੀਵਤ ਕਈ ਹਜ਼ਾਰ ॥

ਇਹਨਾਂ ਦਿਨਾਂ ਵਿਚ ਹੀ ਕੁਝ ਗੁਪਤਚਰ ਹਕੂਮਤ ਵੱਲੋਂ, ਗੁਰੂ ਗੋਬਿੰਦ ਸਿੰਘ ਦੀ ਗੁਪਤ ਰਿਪੋਰਟ ਲੈ ਰਹੇ ਸਨ। ਉਹ ਵੀ ਸੰਗਤ ਵਿਚ ਭੇਸ ਵਟਾ ਕੇ ਆਉਂਦੇ ਜਾਂਦੇ ਸਨ। ਜਦੋਂ ਮਾਤਾਵਾਂ ਨੇ ਆ ਕੇ ਪੁੱਤਰਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਗੁਪਤਚਰਾਂ ਨੂੰ ਪਤਾ ਲੱਗਾ ਕਿ ਹੁਣ ਤਾਂ ਗੁਰੂ ਗੋਬਿੰਦ ਸਿੰਘ ਕੋਲ ਕੁਝ ਬਚਿਆ ਨਹੀਂ ਹੈ। ਹੁਣ ਤਾਂ ਸਾਹਮਣੇ ਹੋਕੇ ਪੁੱਛ ਲੈਣਾ ਚਾਹੀਦਾ ਹੈ ਕਿ ਤੁਸੀਂ ਹਾਰ ਤਸਲੀਮ ਕਰਦੇ ਹੋ ਕਿ ਨਹੀਂ ?

ਕਹਿੰਦੇ ਹਨ ਕਿ ਉਹ ਗੁਪਤਚਰ ਗੁਰੂ ਜੀ ਤੋਂ ਪੁੱਛਦੇ ਹਨ ਕਿ "ਐ ਗੁਰਦੇਵ ! ਹੁਣ ਤਾਂ ਤੁਹਾਡੇ ਕੋਲ ਕੋਈ ਫੌਜ, ਘੋੜੇ ਤੇ ਹਥਿਆਰ ਆਦਿ ਨਹੀਂ ਰਿਹਾ। ਹੁਣ ਤਾਂ ਤੁਸੀਂ ਹਾਰ ਤਸਲੀਮ ਕਰਦੇ ਹੋ ਕਿ ਨਹੀਂ ?" ਗੁਰੂ ਜੀ ਕਹਿਣ ਲੱਗੇ, "ਨਹੀਂ ! ਮੈਂ ਅਜੇ ਨਹੀਂ ਹਾਰਿਆ। ਮੈਂ ਤਾਂ ਜਿੱਤਿਆ ਹਾਂ। ਮੈਂ ਕਦੇ ਵੀ ਹਾਰ ਸਵੀਕਾਰ ਨਹੀਂ ਕਰ ਸਕਦਾ।" ਉਹ ਗੁਪਤਚਰ ਕਹਿਣ ਲੱਗੇ, "ਕੀ ਤੁਸੀਂ ਹਾਲੇ ਵੀ ਔਰੰਗਜ਼ੇਬ ਵਜ਼ੀਰ ਖਾਂ ਨਾਲ ਲੜੋਗੇ ?" ਗੁਰਦੇਵ ਕਹਿਣ ਲੱਗੇ ! "ਮੈਂ ਲੜਾਂਗਾ।" ਪਰ ਕਿਸ ਆਸਰੇ ਲੜੋਗੇ ? ਤੁਹਾਡੇ ਕੋਲ ਤਾਂ ਫੌਜ, ਘੋੜੇ, ਹਥਿਆਰ ਤੇ ਹੋਰ ਕੋਈ ਕਿਲ੍ਹਾ ਆਦਿ ਵੀ ਨਹੀਂ ? ਔਰੰਗਜ਼ੇਬ ਕੋਲ ਸਭ ਕੁਝ ਹੈ। ਘੋੜੇ, ਹਾਥੀ, ਫੌਜਾਂ, ਹਥਿਆਰ ਅਤੇ ਕਿਲ੍ਹੇ। ਗੁਰਦੇਵ ਕਹਿਣ ਲੱਗੇ, "ਔਰੰਗਜ਼ੇਬ ਫੌਜਾਂ ਆਸਰੇ ਤੇ ਮੱਕਾਰੀ ਨਾਲ ਲੜਦਾ ਹੈ। ਪਰ ਮੈਂ ਖੁਦਾ ਦੇ ਆਸਰੇ ਲੜਦਾ ਹਾਂ। ਮੈਂ ਸੱਚ ਦੇ ਆਸਰੇ ਲੜਦਾ ਹਾਂ। ਕੋਈ ਗੱਲ ਨਹੀਂ ! ਵਕਤੀ ਤੌਰ ਤੇ ਜਾਪਦਾ ਹੈ ਕਿ ਸੱਚ ਹਾਰ ਗਿਆ ਹੈ। ਪਰ ਓੜਕ ਸੱਚ ਦੀ ਹੀ ਜਿੱਤ ਹੁੰਦੀ ਹੈ।"

ਨ ਸਾਜ਼ੋ ਨ ਬਾਜ਼ੋ ਨ ਫ਼ੌਜੋ ਨ ਫ਼ਰਸ਼ ॥
ਖੁਦਾਵੰਦ ਬਖ਼ਸ਼ਿੰਦਏ ਐਸ਼ ਅਰਸ਼ ॥੪॥

(ਜ਼ਫਰਨਾਮਹ)

ਦਰਅਸਲ ਸੱਚ ਹਾਰ ਕੇ ਵੀ ਨਹੀਂ ਹਾਰਦਾ ਹੁੰਦਾ। ਝੂਠ ਜਿੱਤ ਕੇ ਵੀ ਬਾਜ਼ੀ ਹਾਰ ਜਾਂਦਾ ਹੈ। ਗੁਰਦੇਵ ਉਨ੍ਹਾਂ ਗੁਪਤਚਰਾਂ ਨੂੰ ਕਹਿ ਰਹੇ ਸਨ ਕਿ ਔਰੰਗਜ਼ੇਬ ਫੌਜਾਂ ਤੇ ਮੱਕਾਰੀ ਦੇ ਸਹਾਰੇ ਲੜਦਾ ਹੈ। ਪਰ ਮੈਂ ਸੱਚ ਅਤੇ ਪ੍ਰਮਾਤਮਾ ਦੇ ਸਹਾਰੇ ਲੜਦਾ ਹਾਂ। ਤੁਸੀਂ ਕਹਿੰਦੇ ਹੋ ਕਿ ਮੈਂ ਹਾਰ ਕਬੂਲ ਕਰ ਲਵਾਂ। ਪਰ ਹਾਰ ਜਾਣਾ ਹੋਰ ਗੱਲ ਹੈ ਤੇ ਹਾਰ ਮੰਨ ਲੈਣੀ ਹੋਰ ਗੱਲ ਹੈ। ਬੜੇ ਕੀਮਤੀ ਬੋਲ ਹਨ ਗੁਰਦੇਵ ਦੇ ਕਿ—

ਸੰਗ-ਏ-ਬਦਗੋ ਗਰ ਅਗਰ ਕਾਸਾ—ਏ-ਜਰੀਂ ਸਿਕੰਦ ॥
ਕੀਮਤ-ਏ-ਸੰਗ ਨ ਫਜ਼ਾਇਤ ਵ ਜਰ ਕਮ ਸੂਦ ॥

(ਜ਼ਫਰਨਾਮਹ)

ਜਰੀਂ ਕਹੀਏ ਸੋਨੇ ਨੂੰ। ਸੰਗ, ਕਹੀਏ ਪੱਥਰ ਨੂੰ। ਬਦ ਗੋ ਦਾ ਅਰਥ ਹੈ ਬੁਰਾ ਆਦਮੀ। ਜੋ ਬਹੁਤ ਬਦ ਕਲਾਮ ਹੋਵੇ। ਭਾਵ ਕਿ ਬੁਰਾ ਤੇ ਬਦਕਲਾਮ ਬੰਦਾ ਅਗਰ ਪੱਥਰ ਚੁੱਕਕੇ ਸੋਨੇ ਦੇ ਕਾਸੇ ਨੂੰ ਤੋੜਨ ਦਾ ਯਤਨ ਕਰੇ। ਗੁਰਦੇਵ ਕਹਿੰਦੇ ਹਨ ਕਿ ਸੋਨੇ ਦਾ ਕਾਸਾ ਹੀ ਟੁਟੇਗਾ। ਪੱਥਰ ਨਹੀਂ ਟੁਟੇਗਾ। ਸੋਨੇ ਦਾ ਕਾਸਾ ਕੋਮਲ ਹੈ। ਪੱਥਰ ਵੱਡਾ ਵੀ ਹੈ ਤੇ ਕਠੋਰ ਵੀ। ਅਗਰ ਪੱਥਰ ਸੋਨੇ ਦੇ ਕਾਸੇ ਨੂੰ ਵੱਜੇਗਾ ਤਾਂ ਯਕੀਨਨ ਸੋਨੇ ਦਾ ਕਾਸਾ ਹੀ ਟੁੱਟੇਗਾ। ਪੱਥਰ ਨਹੀਂ ਟੁਟੇਗਾ। ਪਰ ਫਿਰ ਵੀ ਪੱਥਰ ਦੀ ਕੋਈ ਅਹਿਮੀਅਤ ਨਹੀਂ ਵਧਣੀ। ਸੋਨੇ ਦੀ ਕੀਮਤ ਟੁਟ ਕੇ ਵੀ ਕੋਈ ਫ਼ਰਕ ਨਹੀਂ ਪੈਣਾ। ਪਰ ਪੱਥਰ ਦੀ ਕੀਮਤ ਸੋਨੇ ਨੂੰ ਤੋੜ ਕੇ ਵੀ ਨਹੀਂ ਵਧਣੀ। ਸੋਨਾ ਟੁਟ ਕੇ ਵੀ ਸੋਨਾ ਹੀ ਹੈ। ਪਰ ਪੱਥਰ ਨਾ ਟੁਟ ਕੇ ਵੀ ਪੱਥਰ ਹੈ। ਕਲਗੀਧਰ ਜੀ ਕਹਿੰਦੇ ਹਨ ਕਿ ਸਚਿਆਰ ਬੰਦਾ, ਤਬਾਹ ਹੋਕੇ ਵੀ ਤਬਾਹ ਨਹੀਂ ਹੁੰਦਾ। ਪਰ ਝੂਠ ਤੇ ਮੱਕਾਰ ਬੰਦਾ, ਅਬਾਦ ਹੋ ਕੇ ਵੀ ਬਰਬਾਦ ਹੋ ਜਾਂਦਾ ਹੈ। ਸੱਚ ਹਾਰ ਕੇ ਵੀ ਹਾਰਦਾ ਨਹੀ ਹੈ। ਝੂਠ ਜਿੱਤ ਕੇ ਵੀ ਹਾਰ ਜਾਂਦਾ ਹੈ। ਗੁਰਦੇਵ ਨੇ ਔਰੰਗਜ਼ੇਬ ਨੂੰ ਜਫ਼ਰਨਾਮੇ ਦੀ ਚਿੱਠੀ ਵਿਚ ਲਿਖਿਆ ਸੀ ਕਿ "ਐ ਔਰੰਗਜ਼ੇਬ! ਤੂੰ ਹਾਰ ਗਿਆ ਹੈਂ। ਮੈਂ ਜਿੱਤ ਗਿਆ ਹਾਂ। ਹਾਲਾਂਕਿ ਦੌੜ-ਭਜ ਤੂੰ ਵੀ ਬੜੀ ਕੀਤੀ ਹੈ ਅਤੇ ਮੈਂ ਵੀ ਕਈ ਰਾਤਾਂ ਜਾਗ ਕੇ ਕੱਟੀਆਂ ਹਨ। ਪਰ ਤੇਰੇ ਨਿਸ਼ਾਨੇ ਦਾ ਤੇ ਮੇਰੇ ਨਿਸ਼ਾਨੇ ਦਾ ਬੜਾ ਫਰਕ ਰਿਹਾ ਹੈ। ਤੂੰ ਸਾਰੀ ਜ਼ਿੰਦਗੀ ਦੀ ਦੌੜ-ਭੱਜ ਮੱਕਾਰ ਤੇ ਫਰੇਬ ਨਾਲ ਕੀਤੀ ਹੈ। ਪਰ ਮੈਂ ਹਮੇਸ਼ਾ ਸੱਚ ਨੂੰ ਅੱਗੇ ਰੱਖ ਕੇ ਚਲਿਆ ਹਾਂ। ਐ, ਔਰੰਗਜ਼ੇਬ! ਯਾਦ ਰੱਖ! ਮੈਂ ਕਦੇ ਵੀ ਹਾਰਨ ਵਾਲਾ ਨਹੀਂ, ਕਿਉਂਕਿ ਸੱਚ ਹਮੇਸ਼ਾ ਬੁਲੰਦ ਰਹਿੰਦਾ ਹੈ। ਹਾਰ ਉਹ ਜਾਂਦਾ ਹੈ, ਜਿਸ ਦੇ ਅੰਦਰੋਂ ਸਿਦਕ ਹਾਰ ਜਾਏ। ਮੈਂ ਆਪਣੇ ਪਿਤਾ, ਪੁੱਤਰ, ਮਾਤਾ ਤੇ ਸਭ ਧੰਨ-ਦੌਲਤ, ਸਭ ਕੁਝ ਕੁਰਬਾਨ ਕਰ ਦਿੱਤਾ ਹੈ। ਪਰ ਸਿਦਕ ਨਹੀਂ ਹਾਰਿਆ। ਅਜੇ ਵੀ ਹੌਸਲੇ ਬੁਲੰਦ ਹਨ। ਐ ਔਰੰਗਜ਼ੇਬ! ਤੂੰ ਆਪਣੇ ਬਾਪ ਸ਼ਾਹਜਹਾਨ ਨੂੰ ਕੈਦ ਕਰਕੇ ਆਪਣੇ ਹੱਥੀਂ ਮਾਰਿਆ ਹੈ। ਆਪਣੇ ਭਰਾਵਾਂ ਤੇ ਪੁੱਤਰਾਂ ਤੱਕ ਨੂੰ ਨਹੀਂ ਬਖ਼ਸ਼ਿਆ। ਤੂੰ ਹਰੇਕ ਨੂੰ ਫਰੇਬ ਤੇ ਮੱਕਾਰ ਨਾਲ ਮਾਰਿਆ ਹੈ। ਦਰਅਸਲ ਤੂੰ ਹਾਰ ਗਿਆ ਹੈਂ। ਤੇਰਾ

ਸਿਦਕ ਤੇ ਸਬਰ ਹਾਰ ਗਿਆ ਹੈ।"

ਤੁਰਾ ਤਰਕ ਤਾਜ਼ੀ ਬ ਮਕਰੋ ਰਹਿਆ ॥
ਮਰਾ ਚਾਰਾ ਸਾਜ਼ੀ ਬ ਸਿਦਕੋ ਸਫ਼ਾ ॥

(ਜ਼ਫ਼ਰਨਾਮਹ)

ਗੁਰਦੇਵ ਨੇ ਔਰੰਗਜ਼ੇਬ ਨੂੰ ਕਿਹਾ ਸੀ ਕਿ ਤੇਰੀ ਦੌੜ-ਭੱਜ ਹਮੇਸ਼ਾ ਮੱਕਾਰੀ ਤੇ ਫਰੇਬ ਨਾਲ ਰਹੀ ਹੈ। ਮੇਰੀ ਦੌੜ-ਭੱਜ ਹਮੇਸ਼ਾ ਸੱਚ ਤੇ ਸਿਦਕ ਨੂੰ ਅੱਗੇ ਰੱਖ ਕੇ ਰਹੀ ਹੈ।

ਜਿਸ ਬੰਦੇ ਦੇ ਅੰਦਰ ਸਬਰ ਸ਼ੁਕਰ ਹੈ, ਉਹ ਦੁੱਖਾਂ ਤੇ ਮੁਸੀਬਤਾਂ ਵਿਚ ਵੀ ਅਨੰਦ ਨਾਲ ਜੀਵਨ ਜਿਊ ਲਏਗਾ। ਪਰ ਜਿਸ ਦੇ ਅੰਦਰ ਲੋਭ-ਫਰੇਬ ਤੇ ਮੱਕਾਰੀ ਹੈ, ਭਾਵ ਕਿ ਉਹਦੇ ਅੰਦਰ ਸਾਰੇ ਹੀ ਪਾਪ ਹੋਣਗੇ। ਐਸੇ ਪਾਪੀਆਂ ਦੇ ਹੱਥ ਸਿਵਾਏ ਪਛ਼ਤਾਵੇ ਤੋਂ ਹੋਰ ਕੁਝ ਨਹੀਂ ਰਹਿ ਜਾਂਦਾ।

ਦਿਨ ਪ੍ਰਤਿ ਕਰੈ ਕਰੈ ਪਛਤਾਪੈ
ਸੋਗ ਲੋਭ ਮਹਿ ਸੂਕੈ ॥੨॥

(ਪੰਨਾ ੬੭੨)

ਜਿਸ ਬੰਦੇ ਦੇ ਅੰਦਰ ਪਛਤਾਵਾ ਤੇ ਚਿੰਤਾ ਹੈ। ਉਸ ਨੂੰ ਕਿਸੇ ਹੋਰ ਨਰਕ ਦੀ ਲੋੜ ਨਹੀਂ ਰਹਿ ਜਾਂਦੀ। ਜਿਸ ਥਾਂ ਤੇ ਜਿਸ ਢੰਗ ਨਾਲ ਉਹ ਰਹਿ ਰਿਹਾ ਹੈ, ਉਹ ਥਾਂ ਹੀ ਨਰਕ ਹੈ। ਜ਼ਿੰਦਗੀ ਦਾ ਪਛਤਾਵਾ ਤੇ ਚਿੰਤਾ ਹੀ ਨਰਕ ਹੈ। ਬੰਦੇ ਦਾ ਇਹ ਸੁਭਾਅ ਹੀ ਬਣ ਗਿਆ ਹੈ ਕਿ ਅਵਗੁਣ ਕਰਦਾ ਹੈ, ਫਿਰ ਪਛਤਾਉਂਦਾ ਹੈ। ਬਾਰ-ਬਾਰ ਪਛਤਾਉਂਦਾ ਹੈ। ਜਦੋਂ ਸਮਾਂ ਕੋਲ ਹੈ ਤਾਂ ਸਮੇਂ ਦੀ ਕਦਰ ਨਹੀਂ ਕਰਦਾ। ਜਦੋਂ ਸਮਾਂ ਗੁਜ਼ਰ ਜਾਂਦਾ ਹੈ ਤਾਂ ਫਿਰ ਪਛਤਾਉਂਦਾ ਹੈ। ਇਹ ਜੀਵਨ ਕਾਲ ਸਾਨੂੰ ਪ੍ਰਮਾਤਮਾ ਵੱਲੋਂ ਬਖਸ਼ਿਸ਼ ਹੈ। ਕਿੰਨੇ ਸਾਲ ਹੋ ਗਏ ਹਨ ਸਾਨੂੰ ਇਸ ਧਰਤੀ ਤੇ ਆਇਆ ਨੂੰ ? ਇਸ ਗੱਲ ਵੱਲ ਕਦੇ ਧਿਆਨ ਹੀ ਨਹੀਂ ਦਿੱਤਾ ਕਿ ਜੇ ਮੈਂ ਇਸ ਧਰਤੀ ਤੇ ਨਾ ਆਉਂਦਾ ਤਾਂ ਇਸ ਧਰਤੀ ਦਾ ਕੀ ਘਟ ਜਾਣਾ ਸੀ ? ਜੇ ਮੈਂ ਹੁਣ ਇਸ ਧਰਤੀ ਤੇ ਆਇਆਂ ਹਾਂ ਤਾਂ ਮੇਰੇ ਆਉਣ ਨਾਲ ਇਸ ਧਰਤੀ ਦਾ ਕੀ ਵਧਿਆ ਹੈ ? ਅਸੀਂ ਇਸ ਸੰਸਾਰ ਨੂੰ ਵਿਗਾੜਿਆ ਹੈ ਕਿ ਸੁਆਰਿਆ ਹੈ ? ਇਹ ਸੁਆਲ ਕਦੇ ਵੀ ਇਮਾਨਦਾਰੀ ਨਾਲ ਬੰਦੇ ਨੇ ਨਹੀਂ ਸੋਚਿਆ। ਇਸ ਧਰਤੀ ਉੱਪਰ ਬੰਦਾ ਬਹੁਤ ਕੂੜਾ ਕਰਕਟ ਖਲਾਰਦਾ ਵੀ ਹੈ ਤੇ ਸੰਵਾਰਨ ਦੀ ਸਮਰੱਥਾ ਵੀ ਬੰਦੇ ਵਿਚ ਹੀ ਹੈ। ਕਬੀਰ ਸਾਹਿਬ ਨੇ ਮਨੁੱਖਤਾ ਨੂੰ ਇੱਕ ਬੜੀ ਚੋਟ ਮਾਰੀ ਹੈ। ਉਹ ਕਹਿੰਦੇ ਹਨ ਕਿ ਐ ਬੰਦੇ ! ਜੇ ਤੂੰ ਸਾਕਤ ਹੈਂ ! ਤਾਂ ਫਿਰ ਭਾਵੇਂ ਤੇਰੀ ਕਰੋੜਾਂ ਸਾਲ ਉਮਰ ਹੋਵੇ। ਉਸ ਦਾ ਫਾਇਦਾ ਨਹੀਂ।

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥
ਉਹੁ ਸਾਕਤੁ ਬਪੁਰਾ ਮਰਿ ਗਇਆ, ਕੋਇ ਨ ਲੈਹੈ ਨਾਉ ॥੧੪੩॥ (ਕਬੀਰ ਜੀ)

ਸਾਕਤ ਯਾਨੀ ਕਿ ਬੁਰਾ ਬੰਦਾ। ਕਬੀਰ ਕਹਿੰਦੇ ਹਨ ਕਿ ਸਾਕਤ ਨਾਲੋਂ ਤਾਂ ਸੂਰ ਚੰਗਾ ਹੈ। ਸੂਰ ਤਾਂ ਸਾਰੇ ਸ਼ਹਿਰ ਦਾ ਗੰਦ ਸਾਫ਼ ਕਰ ਛੱਡਦਾ ਹੈ। ਪਰ ਸਾਕਤ ਬੰਦਾ ਬੜਾ ਗੰਦ ਖਲਾਰਦਾ ਹੈ। ਗੰਦ ਤੋਂ ਭਾਵ ਕਿ ਅਚਾਰ ਹੀਣਤਾ। ਇਕ ਤਾਂ ਹੈ ਕਿ ਇਕ

ਵਾਰੀ ਗੰਦਗੀ ਚੋਂ ਲੰਘਿਆ ਬੰਦਾ, ਆਪਣੇ ਆਪ ਦਾ ਇਸ਼ਨਾਨ ਕਰ ਲਏਗਾ। ਇਕ ਵਾਰ ਹੱਥ ਨੂੰ ਕਾਲਖ ਲੱਗੀ ਹੈ ਤਾਂ ਹੱਥ ਸਾਫ਼ ਕਰ ਲਏਗਾ, ਪਰ ਜੇ ਬੰਦੇ ਦਾ ਮਨ ਕਾਲਾ ਹੈ ਤਾਂ ਜਿਥੇ ਬੈਠੇਗਾ, ਅਨੇਕਾਂ ਨੂੰ ਕਾਲਿਆਂ ਕਰੇਗਾ। ਜਿਥੇ ਬੈਠੇਗਾ ਪਾਪ ਨੂੰ ਜਨਮ ਦੇਵੇਗਾ। ਦਰਅਸਲ ਮਨੁੱਖ ਨੂੰ ਤਨ ਧੋਣਾ ਤਾਂ ਆ ਗਿਆ ਹੈ। ਪਰ ਮਨ ਧੋਣਾ ਨਹੀਂ ਆਇਆ। ਤਨ ਧੋਣ ਲਈ ਤਾਂ ਸੰਸਾਰ ਵਿੱਚ ਥਾਂ-ਥਾਂ ਤੇ ਪਾਣੀ ਮਿਲ ਜਾਂਦਾ ਹੈ। ਪਰ ਮਨ ਧੋਣ ਵਾਸਤੇ ਜਲ ਸਿਰਫ਼ ਇਕੋ ਥਾਂ ਤੋਂ ਮਿਲ ਸਕਦਾ ਹੈ। ਉਹ ਥਾਂ ਹੈ ਸਚੇ ਗੁਰੂ ਦਾ ਦੁਆਰਾ।

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥੧॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ, ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ (ਪੰਨਾ ੫੯੮)

ਮਨੁੱਖ ਦੇ ਸਰੀਰ ਵਿਚ ਹੀ ਪ੍ਰਮਾਤਮਾ ਨੇ ਇਹ ਅੰਮ੍ਰਿਤ ਜਲ ਟਿਕਾਇਆ ਹੋਇਆ ਹੈ। ਗੁਰੂ ਕ੍ਰਿਪਾ ਤੋਂ ਬਿਨਾਂ ਇਹ ਅੰਮ੍ਰਿਤ ਜਲ ਪ੍ਰਾਪਤ ਨਹੀਂ ਹੁੰਦਾ। ਇਸ ਅੰਮ੍ਰਿਤ ਜਲ ਤੋਂ ਬਿਨਾਂ ਮਨ ਨਹੀਂ ਸਾਫ਼ ਹੋ ਸਕਦਾ।

ਦਰਅਸਲ ਹਰ ਆਦਮੀ ਪ੍ਰਮਾਤਮਾ ਤੋਂ ਸੁਖ ਮੰਗਦਾ ਹੈ। ਪਰ ਬੀਜ ਦੁਖਾਂ ਦੇ ਬੀਜਦਾ ਹੈ। ਦਰਅਸਲ ਜੋ ਕੁਝ ਇਹ ਬੰਦਾ ਆਪਣੇ ਅੰਦਰੋਂ ਹੈ। ਮਨੋਂ ਹੈ। ਕਿਧਰੇ ਇਮਾਨਦਾਰੀ ਨਾਲ ਸੋਚੇ ਤਾਂ ਜਿਹੋ-ਜਿਹਾ ਇਹ ਹੈ। ਇਸ ਤਰ੍ਹਾਂ ਦੇ ਬੰਦੇ ਨਾਲ ਆਪ ਵੀ ਇਹ ਰਹਿਣ ਨੂੰ ਰਾਜ਼ੀ ਨਹੀਂ ਹੋਵੇਗਾ। ਹਾਲਾਂਕਿ ਬੰਦਾ ਪ੍ਰਮਾਤਮਾ ਨਾਲ ਮਿਲਣਾ ਚਾਹੁੰਦਾ ਹੈ। ਪਰ ਆਪਣੇ ਆਪ ਨਾਲ ਵੀ ਇਹ ਰਹਿ ਕੇ ਸਹਿਮਤ ਨਹੀਂ ਹੈ। ਜਦ ਆਪਣੇ ਮਨ ਨੂੰ ਵੇਖਕੇ ਬੰਦਾ, ਆਪਣੇ ਨਾਲ ਐਸੇ ਮਨ ਵਾਲੇ ਬੰਦੇ ਨੂੰ ਰੱਖਣ ਲਈ ਰਾਜ਼ੀ ਨਹੀਂ ਹੈ ਤਾਂ ਫਿਰ ਪ੍ਰਮਾਤਮਾ, ਇਸ ਨਾਲ ਕਿਵੇਂ ਰਹਿ ਸਕੇਗਾ? ਪ੍ਰਮਾਤਮਾ ਨਾਲ ਰਹਿਣ ਵਾਸਤੇ ਬੰਦੇ ਨੂੰ, ਪ੍ਰਮਾਤਮਾ ਵਰਗਾ ਹੋਣਾ ਪਵੇਗਾ। ਪਰ ਬੰਦਾ ਤਾਂ ਬੰਦੇ ਵਰਗਾ ਵੀ ਬਣ ਕੇ ਰਾਜ਼ੀ ਨਹੀਂ। ਪਰ ਸੁਖ ਪ੍ਰਮਾਤਮਾ ਵਰਗੇ ਚਾਹ ਰਿਹਾ ਹੈ। ਸੁਖ ਬਹੁਤ ਚਾਹੁੰਦਾ ਹੈ। ਪਰ ਬੀਜ ਦੁਖ ਦਾ ਬੀਜਦਾ ਹੈ।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥੨੩॥

(ਫਰੀਦ ਜੀ)

ਫਰੀਦ ਸਾਹਿਬ ਕਹਿੰਦੇ ਹਨ ਕਿ ਜੇ ਜ਼ਿਮੀਦਾਰ ਕਿਕਰਾਂ ਦੇ ਕੰਡਿਆਲੇ ਬੀਜ ਬੀਜਕੇ, ਬਿਜਾਉਰ ਦੇਸ਼ ਦੀਆਂ ਦਾਖਾਂ ਦੀ ਆਸ ਕਰੇ, ਤਾਂ ਇਹ ਗਲਤ ਹੈ। ਉੱਨ ਬੁਣਨ ਵਾਸਤੇ ਦੇ ਕੇ, ਰੇਸ਼ਮ ਦਾ ਕੱਪੜਾ ਮੰਗਣਾ ਗਲਤ ਹੈ। ਬੁਰਿਆਈ ਕਰਕੇ ਨੇਕੀ ਦੇ ਫਲ ਦੀ ਆਸ ਕਰਨੀ ਗਲਤ ਹੈ। ਬੰਦੇ ਨੇ ਵਿਚਾਰਾਂ ਬੜੀਆਂ ਸੁੰਦਰ ਕਹੀਆ ਹਨ, ਪਰ ਬੰਦਾ ਆਪ ਬੁਰਾ ਹੈ।

* * *

ਨੇਕੀ, ਬਦੀ ਅਤੇ ਸ਼ਬਦ ਦੀ ਕਲਾ

ਅੱਜ ਤਕ ਬਦੀ, ਇਹ ਜਤਨ ਕਰਦੀ ਆਈ ਹੈ ਕਿ ਕਿਵੇਂ ਮੈਂ ਨੇਕੀ ਵਿਚ ਬਦਲ ਸਕਾਂ ? ਇਸ ਵਾਸਤੇ ਬਦੀ ਨੇ ਨੇਕ ਬੰਦਿਆਂ ਨੂੰ ਸੂਲੀ ਤੇ ਵੀ ਟੰਗਿਆ, ਪਰ ਨੇਕੀ ਸੂਲੀ ਤੇ ਟੰਗੀ ਹੋਈ ਵੀ ਬਦੀ ਦਾ ਪਿੱਛਾ ਨਹੀਂ ਛੱਡਦੀ । ਅੱਜ ਤੱਕ ਇਹ ਸਿਲਸਿਲਾ ਜਾਰੀ ਹੈ ਕਿ ਬਦੀ ਨੇ ਨੇਕ ਬੰਦਿਆਂ ਨੂੰ ਹਮੇਸ਼ਾਂ ਮੌਤ ਦੇ ਘਾਟ ਉਤਾਰਿਆ ਹੈ । ਕਿਸੇ ਸਤਪੁਰਖ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ । ਕਿਸੇ ਨੂੰ ਸਲੀਬ ਤੇ ਚਾੜ੍ਹਿਆ ਗਿਆ। ਯਜ਼ੀਦ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰਿਆਂ ਹਸਨ ਤੇ ਹੁਸੈਨ ਨੂੰ ਕਰਬਲਾ ਦੀ ਰੇਤ ਵਿੱਚ ਤੜਪਾ-ਤੜਪਾ ਕੇ ਮਾਰ ਦਿੱਤਾ ਸੀ । ਗੁਰੂ ਨਾਨਕ ਨੂੰ ਰਾਹੀਆ ਕੁਰਾਹੀਆ ਆਖਿਆ ਗਿਆ। ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬੈਠਾਇਆ ਗਿਆ। ਗੁਰੂ ਤੇਗ਼ ਬਹਾਦਰ ਜੀ ਨੂੰ ਚਾਂਦਨੀ ਚੌਕ ਦਿੱਲੀ ਵਿਚ ਮੌਤ ਦੇ ਘਾਟ ਉਤਾਰਿਆ ਗਿਆ । ਸਿੱਖਾਂ ਨੂੰ ਆਰੇ ਨਾਲ ਚੀਰਨਾ ਪਿਆ ਤੇ ਸੀਸ ਕਟਵਾਉਣੇ ਪਏ । ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਾਸੂਮ ਬੱਚਿਆਂ ਨੂੰ ਸਰਹੰਦ ਦੀਆਂ ਨੀਹਾਂ ਵਿਚ ਚਿਣ ਦਿੱਤਾ ਗਿਆ।

ਸਿਆਣੇ ਮਹਾਂਪੁਰਖਾਂ ਦਾ ਖਿਆਲ ਹੈ ਕਿ ਬਦੀ ਨੇ ਹਮੇਸ਼ਾ ਖਤਮ ਕਰਨਾ ਚਾਹਿਆ, ਪਰ ਨੇਕੀ ਮਰ ਕੇ ਵੀ ਨਾ ਮੁੱਕੀ। ਦਰਅਸਲ ਨੇਕੀ ਦਾ ਮਰਨ ਪਿਛੋਂ ਹੋਰ ਵੀ ਬੋਲ-ਬਾਲਾ ਹੋ ਜਾਂਦਾ ਹੈ । ਬਦੀ ਬਚ ਕੇ ਵੀ ਨਹੀਂ ਬਚਦੀ ।

ਅੱਜ ਦੇ ਜ਼ਮਾਨੇ ਅਨੁਸਾਰ ਬੁਰਿਆਈ ਨੇ ਆਪਣੇ ਆਪ ਨੂੰ ਬਚਾਉਣ ਵਾਸਤੇ ਨਵਾਂ ਢੰਗ ਈਜਾਦ ਕੀਤਾ ਹੈ। ਬੁਰਿਆਈ ਬੜੀ ਹੁਸ਼ਿਆਰ ਹੁੰਦੀ ਹੈ। ਇਸ ਵਾਸਤੇ ਬੁਰੇ ਬੰਦਿਆਂ ਨੇ ਹੋਰ ਗੱਲ ਸੋਚੀ ਹੈ। ਬੁਰਿਆਈ ਕਹਿੰਦੀ ਹੈ ਕਿ ਅਛਿਆਈ ਮਾਰਨ ਵਾਸਤੇ ਅੱਛੇ ਬੰਦਿਆਂ ਨੂੰ ਮਾਰਨ ਦੀ ਲੋੜ ਨਹੀਂ। ਅੱਛੇ ਬੰਦਿਆਂ ਨਾਲ ਅਛਿਆਈ ਹੋਰ ਚਮਕ ਉੱਠਦੀ ਹੈ । ਇਸ ਕਰਕੇ ਕਿਸੇ ਨੇਕ ਤੇ ਚੰਗੇ ਬੰਦੇ ਨੂੰ ਤੱਤੀ ਤਵੀ ਤੇ ਨਾ ਬੈਠਾਉ । ਨਾ ਹੀ ਫਾਂਸੀ ਦਿਉ । ਚੰਗੇ ਬੰਦੇ ਨੂੰ ਮਾਰਨ ਵਾਸਤੇ ਚੰਗੇ ਬੰਦੇ ਦੀ ਚੰਗੀ ਗੱਲ ਕਦੇ ਨਾ ਮੰਨੋ । ਬੱਸ ! ਇਸ ਨਾਲ ਚੰਗੇ ਬੰਦੇ ਆਪੇ ਹੀ ਮਰ ਜਾਣਗੇ। ਅਛਿਆਈ ਵੀ ਖਤਮ ਹੋ ਜਾਵੇਗੀ । ਚੰਗੇ ਬੰਦਿਆਂ ਦੇ ਗਲ ਵਿਚ ਫੁੱਲਾਂ ਦੇ ਹਾਰ ਜ਼ਰੂਰ ਪਾਉ। ਪਰ ਉਹਨਾਂ ਦੀ ਕਿਸੇ ਚੰਗੀ ਗੱਲ ਨੂੰ ਨਾ ਮੰਨੋ। ਚੰਗੇ ਵਿਚਾਰਾਂ ਨੂੰ ਸੁਣ ਤੇ ਪੜ੍ਹ ਭਾਵੇਂ ਲਉ, ਪਰ ਉਸ ਤੇ ਅਮਲ ਕਦੇ ਨਾ ਕਰਨਾ । ਲੋਕ ਚੰਗੇ ਬੰਦਿਆਂ ਨੂੰ ਮੱਥਾ ਵੀ ਟੇਕਦੇ ਹਨ । ਪਰ ਜੋ ਉਹ ਕਹਿੰਦੇ ਹਨ, ਉਸ ਤੋਂ ਉਲਟ ਕਰਦੇ ਹਨ । ਮੰਨਦੇ ਨਹੀਂ ।

ਦਰਅਸਲ ਬੰਦਾ ਆਪਣੇ ਦੁਸ਼ਮਣਾਂ ਨੂੰ ਪ੍ਰੇਮ ਕਰ ਰਿਹਾ ਹੈ । ਜਦੋਂ ਨੇਕੀ ਨੂੰ ਮੰਨਦਾ ਨਹੀਂ। ਚੰਗੀ ਗੱਲ ਨੂੰ ਨਹੀਂ ਮੰਨਦਾ ਤਾਂ ਬੁਰਿਆਈਆਂ ਨਾਲ ਸਾਂਝ ਪਾ ਰਿਹਾ ਹੈ। ਅਵਗੁਣਾਂ ਨਾਲ ਸਾਂਝ ਪਾ ਰਿਹਾ ਹੈ ।

ਜਿਸ ਕੋਲੋਂ ਸਾਡੀ ਇੱਜ਼ਤ ਨੂੰ ਖ਼ਤਰਾ ਹੋਵੇ, ਉਸ ਨੂੰ ਅਸੀਂ ਸਮਝਦੇ ਹਾਂ ਕਿ ਇਹ ਸਾਡਾ ਦੁਸ਼ਮਣ ਹੈ। ਜਿਸ ਕੋਲੋਂ ਇੱਜ਼ਤ ਦੀ ਆਸ ਹੋਵੇ, ਉਸ ਨੂੰ ਸਮਝਦੇ ਹਾਂ ਕਿ ਇਹ ਸਾਡਾ ਮਿੱਤਰ ਹੈ। ਜਿਸ ਤੋਂ ਆਰਥਿਕ ਤੌਰ ਤੇ ਧਨ ਦਾ ਨੁਕਸਾਨ ਹੋਵੇ ਉਹ ਦੁਸ਼ਮਣ। ਜਿਸ ਕੋਲੋਂ ਆਰਥਿਕ ਲਾਭ ਹੋਣ, ਉਹ ਸੱਜਣ ਸਮਝਿਆ ਜਾਂਦਾ ਹੈ। ਗੁਰਦੇਵ ਨੇ ਮਿੱਤਰ ਦੁਸ਼ਮਣ ਦਾ ਇੱਕ ਫ਼ਰਕ ਦੱਸਿਆ ਹੈ। ਗੁਰਦੇਵ ਕਹਿੰਦੇ ਹਨ ਕਿ ਸੁਆਲ ਕੇਵਲ ਆਪਣਾ ਹੀ ਨਹੀਂ। ਜਿਹੜਾ ਮਨੁੱਖਤਾ ਦਾ ਦੁਸ਼ਮਣ ਹੈ, ਉਹ ਸਭ ਦਾ ਦੁਸ਼ਮਣ ਹੈ। ਜਿਹੜਾ ਮਨੁੱਖਤਾ ਦਾ ਸੱਜਣ ਹੈ, ਉਹ ਸਭ ਦਾ ਸੱਜਣ ਹੈ। ਜਿਸ ਦੇ ਅੰਦਰ ਦੁਸ਼ਮਣੀ ਹੈ, ਉਹ ਬੰਦਾ ਕਦੇ ਕਿਸੇ ਦਾ ਭਲਾ ਨਹੀਂ ਕਰ ਸਕਦਾ। ਜਿਸ ਦੇ ਅੰਦਰ ਮਿੱਤਰਤਾ ਹੈ, ਉਹ ਬੰਦਾ ਕਦੇ ਕਿਸੇ ਦਾ ਬੁਰਾ ਨਹੀਂ ਕਰ ਸਕਦਾ। ਜਿਹੜੇ ਦੁਸ਼ਮਣ ਹਥਿਆਰ ਫੜ ਕੇ ਸਾਹਮਣੇ ਆ ਜਾਣ, ਉਹ ਏਨੇ ਖਤਰਨਾਕ ਨਹੀਂ ਹੁੰਦੇ। ਕਿਉਂਕਿ ਉਹਨਾਂ ਬਾਰੇ ਪਤਾ ਹੁੰਦਾ ਹੈ ਕਿ ਇਹ ਦੁਸ਼ਮਣ ਹਨ। ਪਰ ਜਿਹੜੇ ਕੋਲ ਹੀ ਬੈਠੇ ਹੋਣ, ਉਹਨਾਂ ਬਾਰੇ ਪਤਾ ਹੀ ਨਾ ਹੋਵੇ ਕਿ ਇਹ ਸਾਡੇ ਦੁਸ਼ਮਣ ਹਨ। ਉਹ ਬਹੁਤ ਖਤਰਨਾਕ ਹੁੰਦੇ ਹਨ। ਇਸ ਤਰ੍ਹਾਂ ਦੇ ਬੰਦੇ ਬੜੇ ਪਾਖੰਡੀ, ਕਪਟੀ ਤੇ ਧੋਖੇਬਾਜ਼ ਹੁੰਦੇ ਹਨ। ਐਸੇ ਲੋਕ ਕੋਲ ਹੀ ਬੈਠੇ ਹੁੰਦੇ ਹਨ ਤੇ ਮਿੱਤਰ ਬਣ ਕੇ ਬੈਠੇ ਹੁੰਦੇ ਹਨ। ਇਸ ਤਰ੍ਹਾਂ ਦੇ ਲੋਕ ਬਹੁਤ ਹਨ, ਜਿਨ੍ਹਾਂ ਦੇ ਅੰਦਰ ਬਿਨਾਸ਼ ਦੀ ਭਾਵਨਾ ਹੁੰਦੀ ਹੈ। ਮਿੱਤਰ ਬਣ ਕੇ ਹੀ ਦੂਸਰਿਆਂ ਨੂੰ ਮਾਰਦੇ ਹਨ।

ਜੇ ਬੰਦੇ ਦੇ ਅੰਦਰ ਸ਼ੁਭ ਗੁਣ ਸਮਾਏ ਹੋਏ ਹਨ ਤਾਂ ਇਸ ਤਰ੍ਹਾਂ ਦਾ ਬੰਦਾ ਸਭ ਦਾ ਭਲਾ ਮੰਗੇਗਾ। ਪਰ ਅੰਦਰ ਅਵਗੁਣ ਸਮਾਏ ਹੋਏ ਹਨ ਤਾਂ ਇਸ ਤਰ੍ਹਾਂ ਦਾ ਬੰਦਾ ਕੋਲ ਬੈਠੇ ਬੰਦੇ ਦਾ ਵੀ ਬੁਰਾ ਹੀ ਮੰਗੇਗਾ। ਦਰਅਸਲ ਇਹ ਉਸ ਦੀ ਬੇ-ਵਸੀ ਹੈ, ਉਹ ਕਿਸੇ ਦਾ ਭਲਾ ਕਰ ਹੀ ਨਹੀਂ ਸਕਦਾ। ਜੇ ਇੱਕ ਬੰਦਾ ਦੂਜਿਆਂ ਦਾ ਬੁਰਾ ਮੰਗ ਰਿਹਾ ਹੈ, ਤਾਂ ਉਸ ਦੇ ਅੰਦਰ ਬੁਰਾਈ ਹੈ। ਅੰਦਰੋਂ ਬੁਰਾ ਹੈ। ਅੰਦਰ ਮੋਹ, ਮਮਤਾ, ਕਾਮ, ਲੋਭ ਤੇ ਅਹਿਕਾਰ ਦੀ ਪਕੜ ਹੋਣ ਕਰਕੇ, ਹਰ ਵਸਤੂ ਤੇ ਆਪਣਾ ਕਬਜ਼ਾ ਜਮਾਉਣਾ ਚਾਹੁੰਦਾ ਹੈ। ਇਸ ਤਰ੍ਹਾਂ ਦਾ ਬੰਦਾ ਸਾਰੀ ਸ੍ਰਿਸ਼ਟੀ ਦਾ ਦੁਸ਼ਮਣ ਹੁੰਦਾ ਹੈ। ਜਿਸ ਬੰਦੇ ਦੇ ਅੰਦਰ ਸਤ ਸੰਤੋਖ, ਦਇਆ, ਬਿਬੇਕ, ਗਿਆਨ, ਪ੍ਰੇਮ ਤੇ ਸੱਚ ਹੈ, ਉਹ ਬੰਦਾ ਸਾਰੀ ਮਨੁੱਖਤਾ ਦਾ ਹੀ ਮਿੱਤਰ ਹੁੰਦਾ ਹੈ। ਸਾਰੇ ਗੁਣ ਇੱਕ ਐਸੀ ਮਸਤੀ ਪ੍ਰਦਾਨ ਕਰਦੇ ਹਨ, ਜਿਸ ਨਾਲ ਆਦਮੀ ਅੰਦਰੋਂ ਸਦਾ ਸੁਖੀ ਰਹਿੰਦਾ ਹੈ। ਗੁਣੀ ਬੰਦਾ ਭਾਵੇਂ ਪਾਟੀਆਂ ਹੋਈਆਂ ਲੀਰਾਂ ਵਿਚ ਹੋਵੇ, ਪਰ ਅੰਦਰੋਂ ਸੁਖੀ ਹੋਵੇਗਾ। ਪਰ ਜਿਹੜਾ ਬੰਦਾ ਅਵਗੁਣਿਆਰਾ ਹੈ, ਉਹ ਅੰਦਰੋਂ ਸਦਾ ਦੁਖੀ ਰਹਿੰਦਾ ਹੈ। ਕਿਉਂਕਿ ਅਵਗੁਣ ਸਾਰੇ ਗਰਮ ਹਨ ਤੇ ਬੰਦੇ ਨੂੰ ਅੰਦਰੋਂ ਤਪਾਉਂਦੇ ਹਨ। ਦਰਅਸਲ ਅਵਗੁਣ ਤਾਂ ਐਸੇ ਕੰਡੇ ਹਨ, ਜੋ ਮਨੁੱਖ ਨੂੰ ਆਪਣੇ ਅੰਦਰੋਂ ਹੀ ਚੁਭਦੇ ਹਨ। ਅਵਗੁਣਾਂ ਦੀ ਪੀੜਾ ਆਦਮੀ ਨੂੰ ਅੰਦਰੋਂ ਦੁਖੀ ਕਰਦੀ ਹੈ। ਅਵਗੁਣਾ ਦੇ ਪਿਛੇ ਪਛਤਾਵਾ ਹੈ ਤੇ ਗੁਣਾਂ ਦੇ ਪਿੱਛੇ ਖ਼ੁਸ਼ੀ ਹੁੰਦੀ ਹੈ।

ਕਰ ਆਉਗਣ ਪਛੋਤਾਵਣਿਆ ॥

ਅਉਗਣ ਸਾਰੇ ਹੀ ਤੱਤੇ ਹਨ। ਇਕ ਆਦਮੀ ਜਦੋਂ ਕਾਮੀ ਕ੍ਰੋਧੀ ਹੁੰਦਾ ਹੈ ਤਾਂ ਉਸ ਦਾ ਟੈਂਪ੍ਰੇਚਰ ਵੀ ਵਧ ਜਾਂਦਾ ਹੈ। ਸਾਰੇ ਅਉਗਣ ਹੀ ਸਰੀਰ ਨੂੰ ਤਪਾ ਦਿੰਦੇ ਹਨ। ਕਿਸੇ

ਸੱਜਣ ਮਿੱਤਰ ਨਾਲ ਬੈਠ ਕੇ ਘੰਟਿਆਂ-ਬੱਧੀ ਪ੍ਰੇਮ ਦੀਆਂ ਗੱਲਾਂ-ਬਾਤਾਂ ਕਰਦੇ ਰਹੀਏ, ਕਦੇ ਥਕੇਵਾਂ ਨਹੀਂ ਹੁੰਦਾ। ਪਰ ਦੋ ਆਦਮੀ ਕ੍ਰੋਧ ਨਾਲ ਸਿਰਫ਼ ਪੰਜ ਮਿੰਟ ਝਗੜਾ ਕਰ ਲੈਣ ਤਾਂ ਮੰਜੀ ਤੇ ਪੈਣ ਜੋਗੇ ਹੋ ਜਾਂਦੇ ਹਨ। ਹਾਲਾਂਕਿ ਪ੍ਰੇਮ ਨਾਲ ਵੀ ਬੋਲਣਾ ਹੀ ਹੁੰਦਾ ਹੈ ਅਤੇ ਕ੍ਰੋਧ-ਵੱਸ ਵੀ ਬੋਲਣਾ ਹੀ ਹੁੰਦਾ ਹੈ। ਕ੍ਰੋਧ-ਵੱਸ ਜਦੋਂ ਝਗੜਾ ਹੁੰਦਾ ਹੈ ਤਾਂ ਵੀ ਬੋਲਣਾ ਹੀ ਪੈਂਦਾ ਹੈ। ਪ੍ਰੇਮ ਵਿੱਚ ਥਕਾਵਟ ਨਹੀਂ ਹੁੰਦੀ। ਅਨੰਦ ਹੁੰਦਾ ਹੈ। ਪ੍ਰੇਮ ਵਿਚ ਹਿਰਦਾ ਸ਼ਾਂਤ ਰਹਿੰਦਾ ਹੈ, ਪਰ ਕ੍ਰੋਧ ਵਿਚ ਹਿਰਦਾ ਤਪ ਜਾਂਦਾ ਹੈ। ਹੁਣ ਆਦਮੀ ਕਿੰਨਾ ਕੁ ਚਿਰ ਤਪ ਸਕੇਗਾ ? ਤਪਿਆ ਬੰਦਾ ਕਿੰਨਾ ਵੀ ਬੋਲ ਲਏਗਾ, ਆਖਰ ਗਿਰੇਗਾ।

ਦਰਅਸਲ ਅੰਦਰਲੇ ਅਵਗੁਣ ਹੀ ਬੰਦੇ ਦੇ ਵੈਰੀ ਹਨ। ਬ-ਗੌਰ ਵਿਚਾਰ ਕਰਕੇ ਦੇਖਣਾ ਕਿ ਕਿਤੇ ਦੋ ਪ੍ਰੇਮੀ ਮਿਲ ਜਾਣ ਤਾਂ ਕਹਿਣਗੇ ਮਿਲ ਕੇ ਠੰਢ ਪੈ ਗਈ ਹੈ। ਪਰ ਕ੍ਰੋਧੀ-ਕ੍ਰੋਧੀ ਦੋ ਮਿਲ ਜਾਣ ਤਾਂ ਵੱਡੇ ਤੋਂ ਵੱਡੇ ਇੱਕ ਦੂਜੇ ਦੇ ਦੁਸ਼ਮਣ ਬਣ ਜਾਣਗੇ। ਦਰਅਸਲ ਇਸ ਦਾ ਕਾਰਨ ਹੈ ਕਿ ਦੋਵਾਂ ਦੇ ਅੰਦਰ ਦੁਸ਼ਮਣ ਬੈਠੇ ਹਨ। ਪ੍ਰੇਮ ਦਾ ਮਿਲਣ ਅਨੰਦ ਹੈ। ਪਰ ਕ੍ਰੋਧ ਦਾ ਮਿਲਣ ਟਕਰਾਉ ਹੈ। ਟਕਰਾਉ ਵਿਚ ਹਮੇਸ਼ਾ ਕੁਝ ਟੁੱਟਦਾ ਹੈ। ਦੁਖ ਪੈਦਾ ਹੁੰਦਾ ਹੈ।

ਫੁੱਲ ਨਾਲੋਂ ਕੰਡੇ ਦੀ ਉਮਰ ਜ਼ਿਆਦਾ ਹੁੰਦੀ ਹੈ। ਬਾਹਰ ਆਉਣ ਤੇ ਬਗੀਚੇ ਵਿਚ ਅਨੇਕਾਂ ਫੁੱਲ ਆਉਂਦੇ ਹਨ ਤੇ ਝੜ ਜਾਂਦੇ ਹਨ। ਪਰ ਕੰਡੇ ਮੌਜੂਦ ਰਹਿੰਦੇ ਹਨ। ਫੁੱਲ ਟੁੱਟ ਕੇ ਵੀ ਸੁਗੰਧ ਵੰਡਦਾ ਹੈ। ਪਰ ਕੰਡਾ ਟੁੱਟੇਗਾ ਵੀ ਤਾਂ, ਕਿਸੇ ਦੇ ਪੈਰ ਵਿਚ। ਭਾਵ ਕਿ ਅਵਗੁਣ ਸਾਰੇ ਦੁਖ ਪੈਦਾ ਕਰਦੇ ਹਨ। ਅਵਗੁਣਾਂ ਪਿਛੇ ਸਿਵਾਇ ਪਛਤਾਵੇਂ ਤੋਂ ਕੁਝ ਨਹੀਂ ਹੁੰਦਾ। ਸਾਰੇ ਅਵਗੁਣ ਬੰਦੇ ਦੇ ਬੜੇ ਵੱਡੇ ਵੈਰੀ ਹਨ। ਅਸਲ ਵਿਚ ਵੈਰੀ ਓਹੀ ਹੁੰਦੇ ਹਨ, ਜੋ ਸਾਰਿਆਂ ਵਾਸਤੇ ਖਤਰਾ ਹੋਣ। ਬੰਦੇ ਦੇ ਵੈਰੀ ਬੰਦੇ ਦੇ ਅੰਦਰ ਹੀ ਬੈਠੇ ਹਨ। ਜਿਸ ਦੇ ਅੰਦਰ ਹੀ ਸਾਰੇ ਵੈਰੀ ਬੈਠੇ ਹੋਣ, ਉਹ ਸਾਰਿਆਂ ਦਾ ਵੈਰੀ ਹੋਵੇਗਾ। ਹਰ ਆਦਮੀ ਦੇ ਦੁਸ਼ਮਣ ਵੀ ਉਸ ਦੇ ਅੰਦਰ ਬੈਠੇ ਹਨ ਤੇ ਮਿੱਤਰ ਵੀ ਉਸ ਦੇ ਅੰਦਰ ਬੈਠੇ ਹਨ। ਜਿਹੜੇ ਸੱਜਣ ਤੇ ਦੁਸ਼ਮਣ ਬਾਹਰ ਬਣਦੇ ਹਨ, ਉਹ ਅੰਦਰ ਦੇ ਮਿੱਤਰ ਦੁਸ਼ਮਣਾਂ ਦੇ ਅਧਾਰ ਤੇ ਬਣਦੇ ਹਨ। ਜੇ ਅੰਦਰਲੇ ਦੁਸ਼ਮਣ ਤਕੜੇ ਹੋਣ ਤਾਂ, ਮਨੁੱਖ ਦੇ ਸੰਸਾਰ ਵਿਚ ਦੁਸ਼ਮਣ ਵੱਧ ਜਾਂਦੇ ਹਨ। ਜੇ ਅੰਦਰਲੇ ਮਿੱਤਰ ਪ੍ਰਬਲ ਹੋਣ ਤਾਂ ਮਨੁੱਖ ਦੇ ਸੰਸਾਰ ਵਿਚ ਮਿੱਤਰ ਵੱਧ ਜਾਂਦੇ ਹਨ। ਹਰ ਉਸ ਬੰਦੇ ਦੀ ਜ਼ਿੰਦਗੀ ਗੁਨਾਹਾਂ ਨਾਲ ਭਰੀ ਹੁੰਦੀ ਹੈ, ਜਿਸ ਦੇ ਅੰਤਸ਼ਕਰਣ ਵਿਚ ਵਿਕਾਰ ਹਨ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਸੀ ਤਾਂ ਓਸ ਵਕਤ ਔਰੰਗਜ਼ੇਬ ਬੜੀ ਪਛਤਾਵੇ ਦੀ ਜ਼ਿੰਦਗੀ ਜਿਊ ਰਿਹਾ ਸੀ। ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਲਿਖਿਆ ਸੀ ਕਿ ਐ ਔਰੰਗਜ਼ੇਬ ! ਦੇਖ ਮੇਰੀ ਜਿੱਤ ਹੋ ਗਈ ਹੈ। ਤੂੰ ਹਾਰ ਗਿਆ ਹੈਂ। ਤੂੰ ਮੇਰੇ ਨਾਲ ਕਪਟ ਵੀ ਕੀਤਾ। ਕੁਰਾਨ ਸ਼ਰੀਫ਼ ਦੀਆਂ ਕਸਮਾਂ ਵੀ ਖਾਧੀਆਂ, ਪਰ ਤੂੰ ਪੂਰਾ ਨਾ ਉਤਰਿਆ। ਗੁਰਦੇਵ ਕਹਿੰਦੇ ਹਨ ਕਿ ਮੈਂ ਤਾਂ ਜੰਗ ਯੁਧ ਕਰਨਾ ਵੀ ਨਹੀਂ ਸੀ ਚਾਹੁੰਦਾ। ਮੈਂ ਤਾਂ ਇਕ ਹੇਮਕੁੰਟ ਤੇ ਤਪੱਸਿਆ ਕਰਨ ਵਾਲਾ ਕੇਵਲ ਸੰਤ ਸਾਂ। ਪਰ ਐ ਔਰੰਗਜ਼ੇਬ ਤੇਰੇ ਜ਼ੁਲਮ ਨੇ ਮੈਨੂੰ ਤਲਵਾਰ ਚੁੱਕਣ ਲਈ ਮਜਬੂਰ

ਕਰ ਦਿੱਤਾ ਹੈ। ਤੇਰੇ ਜ਼ੁਲਮ ਦਾ ਸ਼ਿਕਾਰ ਮੇਰਾ ਨਿਰਦੋਸ਼ ਪਿਤਾ ਹੋਇਆ। ਤੇਰੇ ਕੋਲ ਕੁਰਾਨ ਸ਼ਰੀਫ਼ ਵਰਗਾ ਗਿਆਨ ਸੀ। ਮੈਂ ਤਾਂ ਕੁਰਾਨ ਦਾ ਯਕੀਨ ਵੀ ਕੀਤਾ, ਪਰ ਤੂੰ ਕੁਰਾਨ ਦੀ ਕਸਮ ਖਾ ਕੇ ਵੀ ਮੈਨੂੰ ਧੋਖਾ ਦਿੱਤਾ। ਆਖਰ ਮੈਨੂੰ ਤਲਵਾਰ ਚੁੱਕਣ ਲਈ ਮਜਬੂਰ ਹੋਣਾ ਪਿਆ।

ਚੂ ਕਾਰ ਅਜ਼ ਹਮ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥੨੨॥

(ਜ਼ਫ਼ਰਨਾਮਾ)

ਜਦੋਂ ਬੰਦੇ ਦੇ ਹੱਥੋਂ ਸਾਰੇ ਵਸੀਲੇ ਨਿਕਲ ਜਾਣ। ਕੋਈ ਹੋਰ ਮੌਕਾ ਨਾ ਰਹੇ, ਤਾਂ ਆਤਮ-ਰੱਖਿਆ ਲਈ ਤਲਵਾਰ ਨੂੰ ਹੱਥ ਪਾ ਲੈਣਾ ਵੀ, ਮਾਲਾ ਨੂੰ ਹੱਥ ਪਾਉਣਾ ਹੀ ਹੈ।

ਐ ਔਰੰਗਜ਼ੇਬ ਤੂੰ ਮੈਨੂੰ ਤਲਵਾਰ ਚੁੱਕਣ ਲਈ ਮਜਬੂਰ ਕੀਤਾ ਹੈ। ਮੈਂ ਤਾਂ ਤੈਨੂੰ ਵਿਚਾਰ ਨਾਲ ਸਮਝਾਉਣਾ ਚਾਹੁੰਦਾ ਸੀ, ਮਗਰ ਤੂੰ ਮੈਨੂੰ ਲਾਚਾਰ ਕਰ ਦਿੱਤਾ ਕਿ ਮੈਂ ਸਿਮਰਨ ਕਰਨ ਵਾਲਾ ਸੰਤ, ਸ਼ਸ਼ਤਰ ਚੁੱਕਣ ਲਈ ਮਜਬੂਰ ਹੋ ਗਿਆ ਹਾਂ।

ਬ-ਲਾਚਾਰਗੀ ਦਰ ਮਿਯਾਂ ਆਮਦਮ ॥
ਬ-ਤਦਬੀਰਿ ਤੀਰੋ ਤੁਫੰਗ ਆਮਦਮ ॥੨੨॥

(ਜ਼ਫ਼ਰਨਾਮਾ)

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮੇ ਵਿਚ ਇਹ ਵੀ ਲਿਖਿਆ ਕਿ ਔਰੰਗਜ਼ੇਬ! ਇਹ ਜੋ ਤੇਰਾ ਨਾਮ ਹੈ ਔਰੰਗਜ਼ੇਬ! ਇਹ ਨਾਮ ਤੈਨੂੰ ਫਬਦਾ ਨਹੀਂ। ਔਰੰਗਜ਼ੇਬ ਦਾ ਅਰਥ ਹੁੰਦਾ ਹੈ ਤਖ਼ਤ ਦਾ ਸ਼ਿੰਗਾਰ। ਤਖ਼ਤ ਦੀ ਸ਼ੋਭਾ। ਪਰ ਤੂੰ ਤਾਂ ਬੜਾ ਮੱਕਾਰੀ ਬੰਦਾ ਹੈਂ, ਧੋਖੇਬਾਜ਼ ਹੈਂ, ਕਪਟੀ ਤੇ ਪਾਖੰਡੀ ਹੈਂ।

ਤੁਰਾ ਤਰਕ ਤਾਜੀ ਬ-ਮਕਰੋ ਰਹਿਆ ॥
ਮਰਾ ਚਾਰਾ ਸ਼ਾਜੀ ਬ ਸਿਦਕੋ ਸਫਾ ॥
ਨ ਜ਼ੇਬਤ ਨਾਮ ਔਰੰਗਜ਼ੇਬ ॥
ਕਿ ਔਰੰਗਜ਼ੇਬ ਨ ਬਾਇਦ ਫਰੇਬ ॥

(ਜ਼ਫ਼ਰਨਾਮਾ)

ਐ ਔਰੰਗਜ਼ੇਬ! ਮੱਕਾਰੀ, ਪਖੰਡ, ਧੋਖੇ ਤੇ ਫਰੇਬ ਨਾਲ ਤੂੰ ਆਪਣੇ ਭਰਾਵਾਂ ਨੂੰ ਮਾਰ ਦਿੱਤਾ। ਪਿਤਾ ਨੂੰ ਮਾਰ ਦਿੱਤਾ। ਸਾਰਿਆਂ ਨੂੰ ਲੁਟਿਆ। ਸਿਦਕ ਤੇਰੇ ਅੰਦਰ ਹੈ ਨਹੀਂ। ਅਜੇ ਵੀ ਤੂੰ ਔਰੰਗਜ਼ੇਬ ਹੈਂ? ਯਾਨੀ ਤਖ਼ਤ ਦਾ ਸ਼ਿੰਗਾਰ ਹੈਂ? ਇਹ ਨਾਮ ਤਾਂ ਤੈਨੂੰ ਫਬਦਾ ਨਹੀਂ, ਜੇ ਤੇਰੇ ਵਰਗਾ ਔਰੰਗਜ਼ੇਬ ਹੁੰਦਾ ਹੈ, ਯਾਨੀ ਕਿ ਤਖ਼ਤ ਦਾ ਸ਼ਿੰਗਾਰ ਹੁੰਦਾ ਹੈ, ਤਾਂ ਫਿਰ ਇਹ ਤਖ਼ਤ ਦੀ ਤੌਹੀਨ ਹੈ।

ਕਹਿੰਦੇ ਹਨ ਕਿ ਇਹ ਜ਼ਫ਼ਰਨਾਮੇ ਦੀ ਚਿੱਠੀ ਪੜ੍ਹ ਕੇ ਔਰੰਗਜ਼ੇਬ ਪੂਰਾ ਹਿੱਲ ਗਿਆ ਸੀ। ਪਛਤਾਵੇ ਦੀ ਅੱਗ ਵਿਚ ਸੜਨ ਲੱਗਾ। ਜ਼ਫ਼ਰਨਾਮੇ ਦਾ ਅਰਥ ਹੁੰਦਾ ਹੈ, "ਫਤਹਿ ਦੀ ਚਿੱਠੀ।" ਜਿੱਤ ਦੀ ਚਿੱਠੀ। ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਸੀ, ਔਰੰਗਜ਼ੇਬ

ਮੇਰੀ ਜਿੱਤ ਹੋਈ ਹੈ ਤੇ ਤੇਰੀ ਹਾਰ ਹੋ ਗਈ ਹੈ। ਤੂੰ ਹਾਰ ਗਿਆ ਹੈਂ, ਮੈਂ ਜਿੱਤ ਗਿਆ ਹਾਂ। ਭਾਵੇਂ ਮੇਰੇ ਬੱਚੇ, ਮੇਰੇ ਸਿੱਖ, ਮੇਰੀ ਧਨ-ਦੌਲਤ ਸਭ ਕੁਝ ਕੁਰਬਾਨ ਹੋ ਗਿਆ ਹੈ। ਪਰ ਮੈਂ ਅਬਾਦ ਹਾਂ। ਕਿਉਂਕਿ ਵੱਡਾ ਖੁਦਾ ਮੇਰੇ ਨਾਲ ਹੈ। ਪਰ ਤੂੰ ਸਭ ਕੁਝ ਪਾ ਕੇ ਵੀ ਬਰਬਾਦ ਹੋ ਗਿਆ ਹੈਂ। ਤੇਰੀ ਜ਼ਿੰਦਗੀ ਅਉਗਣਾ ਦੀ ਅੱਗ ਵਿਚ ਸੜ ਗਈ ਹੈ। ਮੈਨੂੰ ਕੋਈ ਪਛਤਾਵਾ ਨਹੀਂ। ਪਰ ਤੂੰ ਪਛਤਾਵੇ ਦੀ ਅੱਗ ਵਿਚ ਸੜ ਰਿਹਾ ਹੈਂ।

ਯਕੀਨਨ ਹੀ ਔਰੰਗਜ਼ੇਬ ਆਪਣੇ ਬੁਢਾਪੇ ਦੇ ਦਿਨਾਂ ਵਿਚ ਬੜਾ ਪਛਤਾ ਰਿਹਾ ਸੀ। ਉਸ ਦੇ ਪਛਤਾਵੇ ਦਾ ਸਬੂਤ ਉਹ ਚਿੱਠੀ ਹੈ, ਜੋ ਉਸ ਨੇ ਆਖਰੀ ਸਮੇਂ ਤੇ ਆਪਣੇ ਪੁੱਤਰਾਂ ਨੂੰ ਲਿਖੀ ਸੀ। ਉਸ ਨੇ ਲਿਖਿਆ ਸੀ ਕਿ-

ਐ ਮੇਰੇ ਜਿਗਰ ਬੰਦ ! ਮੇਰੇ ਫਰਜ਼ੰਦ ! ਅਬ ਜਬ ਕਿ ਮੈਂ ਸਭ ਸੇ ਵਿਦਾ ਹੋ ਰਹਾ ਹੂੰ। ਤੁਮਹਾਰੀ ਬੇ ਸਰੋਂ ਸਮਾਨੀ ਪਰ ਰਹਿਮ ਆਤਾ ਹੈ। ਮਗਰ ਇਸ ਸੇ ਕਿਆ ਫਾਇਦਾ। ਅੱਛਾ ਯਾ ਬੁਰਾ ਜੋ ਕੁਛ ਭੀ ਕੀਆ। ਅਪਨੇ ਸਾਥ ਲਿਏ ਜਾ ਰਹਾ ਹੂੰ। ਅਜ਼ਬ ਕ੍ਰਿਸ਼ਮਾ ਹੈ, ਕਿ ਤਨਹਾ ਆਇਆ ਥਾ, ਅਬ ਮਾਲਿਕ ਅਪਨੇ ਕੋ ਸਾਥ ਲਿਏ ਜਾ ਰਹਾ ਹੂੰ। ਗੁਨਾਹ ਬਹੁਤ ਕੀਏ ਹੈਂ। ਮਾਲੂਮ ਨਹੀਂ ਕਿ ਕਿਸ ਸਜ਼ਾ ਮੇਂ ਗ੍ਰਿਫਤਾਰ ਹੂੰਗਾ॥

ਇਹ ਲਫ਼ਜ਼ ਆਪਣੀ ਚਿੱਠੀ ਵਿਚ ਔਰੰਗਜ਼ੇਬ ਨੇ ਆਪਣੇ ਮੁਨਸ਼ੀ ਕੋਲੋਂ ਲਿਖਵਾਏ ਸਨ। ਇਹ ਲਫ਼ਜ਼ ਦੱਸਦੇ ਹਨ ਕਿ ਔਰੰਗਜ਼ੇਬ ਆਖਰੀ ਜ਼ਿੰਦਗੀ ਵਿਚ ਕਿੰਨਾ ਦੁਖੀ ਸੀ। ਸੰਤਾਨ ਵੱਲੋਂ ਵੀ ਦੁਖੀ ਸੀ ਤੇ ਆਪਣੇ ਕੀਤੇ ਹੋਏ ਗੁਨਾਹਾਂ ਦਾ ਵੀ ਪਛਤਾਵਾ ਕਰ ਰਿਹਾ ਸੀ।

ਦਰਅਸਲ ਓੜਕ ਨੂੰ ਸੱਚ ਹੀ ਰਹਿੰਦਾ ਹੈ। ਕੂੜ ਬਰਬਾਦ ਹੀ ਹੁੰਦਾ ਹੈ। ਔਰੰਗਾਬਾਦ ਤੇ ਦੌਲਤਾਬਾਦ ਦੇ ਕਿਲ੍ਹੇ ਦੇ ਵਿਚਕਾਰ ਔਰੰਗਜ਼ੇਬ ਦਾ ਮਕਬਰਾ ਬਣਿਆ ਹੋਇਆ ਹੈ। ਔਰੰਗਾਬਾਦ ਤੋਂ ਕੋਈ ਗਿਆਰਾਂ ਕੁ ਮੀਲ ਦੀ ਦੂਰੀ ਤੇ ਜਿਧਰ ਅਲੋਰਾ ਦੀਆਂ ਗੁਫ਼ਾਵਾਂ ਹਨ। ਏਥੇ ਖ਼ੁਆਜਾ ਮਯੁਦੀਨ ਚਿਸ਼ਤੀ ਦੇ ਪੋਤਰੇ ਦਾ ਮਜ਼ਾਰ ਹੈ। ਔਰੰਗਜ਼ੇਬ ਮਰਨ ਤੋਂ ਪਹਿਲਾਂ ਕਿਤੇ ਇਹ ਵਸੀਅਤ ਕਰ ਗਿਆ ਸੀ ਕਿ ਮੇਰੀ ਕਬਰ ਖ਼ੁਆਜ਼ਾ ਮਯੁਦੀਨ ਦੇ ਪੋਤਰੇ ਦੇ ਮਜ਼ਾਹ ਦੇ ਕਦਮਾਂ ਵਿਚ ਬਣਾਇਉ। ਸੋ ਏਸੇ ਤਰ੍ਹਾਂ ਹੀ ਮਜ਼ਾਰ ਦੇ ਕਦਮਾਂ ਵਿਚ ਹੀ ਔਰੰਗਜ਼ੇਬ ਦੀ ਕਬਰ ਬਣੀ ਹੋਈ ਹੈ। ਕਬਰ ਕੱਚੀ ਹੈ। ਕਿਤੇ ਇਹ ਵੀ ਉਹ ਵਸੀਹਤ ਕਰ ਗਿਆ ਸੀ ਕਿ ਮੇਰੀ ਕਬਰ ਕੱਚੀ ਰੱਖਣੀ। ਦਰਅਸਲ ਔਰੰਗਜ਼ੇਬ ਬੜਾ ਪਾਖੰਡੀ ਬੰਦਾ ਸੀ। ਇੱਕ ਤਾਂ ਇਹ ਵਸੀਅਤ ਕਰਕੇ ਲੋਕਾਂ ਵਿਚ ਆਪਣੇ ਨਿਰਭਿਮਾਨ ਹੋਣ ਦਾ ਸਬੂਤ ਦਿੱਤਾ ਹੈ। ਇਕ ਏਸ ਦੇ ਗੁਨਾਹ ਬਹੁਤ ਸਨ। ਸ਼ਾਇਦ ਇਸ ਦਾ ਵਿਸ਼ਵਾਸ ਸੀ ਕਿ ਸੰਤ ਦੇ ਮਜ਼ਾਰ ਦੇ ਕਦਮਾਂ ਵਿਚ ਕਬਰ ਬਨਾਉਣ ਨਾਲ ਮੈਂ ਬਖਸ਼ਿਆ ਜਾਵਾਂਗਾ। ਸੋ ਕਬਰ ਤਾਂ ਕੱਚੀ ਹੈ, ਪਰ ਕਬਰ ਦੇ ਚਾਰੇ ਪਾਸੇ ਨਿਜ਼ਾਮ ਹੈਦਰਾਬਾਦ ਨੇ ਹੁਣ ਸੰਗ-ਏ-ਮਰਮਰ ਦੀ ਜਾਲੀ ਲਵਾਈ ਹੈ। ਮੈਂ ਉਸ ਕਬਰ ਨੂੰ ਅੱਖੀਂ ਵੇਖਿਆ ਹੈ। ਉਸ ਜਾਲੀ ਉੱਪਰ ਚੰਦ ਕੁ ਸ਼ਿਅਰ ਵੀ ਲਿਖੇ ਹੋਏ ਹਨ।

ਹੈਰਾਨ ਕਰਨ ਵਾਲੀ ਇਹ ਵਿਚਾਰ ਹੈ ਕਿ ਔਰੰਗਜ਼ੇਬ ਦੇ ਮਕਬਰੇ ਦੇ ਮਜੌਰ ਆਪਣੀ ਉਪਜੀਵਕਾ ਲਈ ਲੋਕਾਂ ਕੋਲੋਂ ਪੈਸਾ-ਪੈਸਾ ਮੰਗਦੇ ਹਨ। ਯਾਤਰਾ ਤੇ ਗਏ ਹੋਏ ਯਾਤਰੀਆਂ

ਨੂੰ ਉਹ ਕਹਿੰਦੇ ਹਨ ਕਿ ਚਿਰਾਗ਼ ਜਗਾਉਣ ਲਈ ਤੇਲ ਚਾਹੀਦਾ ਹੈ। ਤੇਲ ਲਈ ਵੀ ਪੈਸੇ ਦੂਜੇ ਲੋਕ ਦਿੰਦੇ ਹਨ।

ਧੰਨ ਗੁਰੂ ਤੇਗ਼ ਬਹਾਦਰ ਜੀ ਨੂੰ ਔਰੰਗਜ਼ੇਬ ਦੀ ਹਕੂਮਤ ਵੱਲੋਂ ਹੀ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ ਗਿਆ ਸੀ। ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਥਾਂ ਤੇ ਅਕਾਸ਼ ਬੁਲੰਦੀਆਂ ਨੂੰ ਛੂੰਹਦਾ ਸ਼ੀਸ਼ ਗੰਜ ਗੁਰਦੁਆਰਾ ਬਣਿਆ ਹੋਇਆ ਹੈ। ਲੱਖਾਂ ਲੋਕਾਂ ਨੂੰ ਰੋਜ਼ ਉਥੇ ਭੋਜਨ ਮਿਲਦਾ ਹੈ। ਧਨ ਦੀਆਂ ਨਦੀਆਂ ਵਗਦੀਆਂ ਹਨ। ਕਹਿਣਾ ਪਏਗਾ ਕਿ ਓੜਕ ਜਿੱਤ ਤਾਂ ਸੱਚ ਦੀ ਹੀ ਹੁੰਦੀ ਹੈ। ਝੂਠ ਤਾਂ ਜਿੱਤ ਕੇ ਵੀ ਹਾਰ ਜਾਂਦਾ ਹੈ। ਉਹ ਔਰੰਗਜ਼ੇਬ, ਜਿਸ ਦੇ ਹੁਕਮ ਵਿਚ ਸਾਰਾ ਹਿੰਦੋਸਤਾਨ ਗ੍ਰਿਫ਼ਤਾਰ ਸੀ। ਉਸ ਦੀ ਕਬਰ ਤੇ ਚਿਰਾਗ਼ ਜਲਾਉਣ ਲਈ ਦੋ ਪੈਸੇ ਦੂਜੇ ਦਿੰਦੇ ਹਨ। ਪਰ ਐ ਧੰਨ ਗੁਰੂ ਤੇਗ਼ ਬਹਾਦਰ ਜੀ ! ਤੇਰੀ ਕੁਰਬਾਨੀ ਅਸਥਾਨ ਤੇ ਅੱਜ ਵੀ ਧਨ ਦੌਲਤ, ਪਰੇਮ, ਸਿਦਕ ਤੇ ਭਰੋਸੇ ਦੀ ਨਦੀ ਚਲਦੀ ਹੈ।

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

ਆਖਰ ਸੱਚ ਹੀ ਪੂਜਿਆ ਜਾਂਦਾ ਹੈ। ਆਖਰ ਜਿੱਤ ਸੱਚ ਦੀ ਹੀ ਹੁੰਦੀ ਹੈ। ਵਕਤੀ ਤੌਰ ਤੇ ਕੂੜ ਜਿੱਤਦਾ ਹੈ। ਝੂਠ ਦੀਆਂ ਬਾਹਵਾਂ ਜ਼ਿਆਦਾ ਹੁੰਦੀਆਂ ਹਨ। ਪਰ ਓੜਕ ਸੱਚ ਹੀ ਰਹਿੰਦਾ ਹੈ।

☆ ☆ ☆

ਗੁਰਮੁਖਾ ਪਿਆਰੇ ਨਾਨਕ ਦੁਖੁ ਨ ਥੀਵਈ ॥

ਗਿਆਨ ਅਤੇ ਸ਼ਬਦ ਦੀ ਕਲਾ

ਇਕ ਤਜਰਬੇ ਦੀ ਮਿਸਾਲ ਹੈ ਕਿ ਜੇ ਧਰਤੀ ਵਿਚੋਂ ਪਾਣੀ ਕੱਢਣਾ ਹੋਵੇ ਤਾਂ ਨਲ ਵਿੱਚ ਕੁਝ ਬਾਲਟੀਆਂ ਪਾਉਣੀਆਂ ਪੈਂਦੀਆ ਹਨ। ਵਰਨਾ ਪਾਣੀ ਧਰਤੀ ਦੇ ਥੱਲਿ ਵੀ ਨਹੀਂ ਆ ਸਕਦਾ। ਜਦੋਂ ਕਦੇ ਵੀ ਉਪਰਲੇ ਪਾਣੀ ਦਾ ਸੰਬੰਧ ਅੰਦਰਲੇ ਪਾਣੀ ਨਾ ਟੁੱਟ ਜਾਏ ਤਾਂ ਧਰਤੀ ਦੇ ਹੇਠੋਂ ਵੀ ਪਾਣੀ ਆਉਣਾ ਬੰਦ ਹੋ ਜਾਂਦਾ ਹੈ। ਠੀਕ ਜਿ ਧਰਤੀ ਦੇ ਹੇਠਲੇ ਪਾਣੀ ਨੂੰ ਉੱਪਰ ਲਿਆਉਣ ਲਈ ਉਪਰੋਂ ਪਾਣੀ ਪਾਉਣਾ ਪੈਂਦਾ ਹੈ ਸਰੀਰ ਦੇ ਅੰਦਰ ਚਲ ਰਹੇ ਸ਼ਬਦ ਦਾ ਗਿਆਨ ਕਰਨ ਲਈ ਗੁਰੂ ਦੇ ਸ਼ਬਦ ਦਾ ਗਿਆ ਕਰਨਾ ਪੈਂਦਾ ਹੈ। ਗੁਰਮੰਤਰ ਤੋਂ ਬਿਨਾਂ ਗੱਲ ਨਹੀਂ ਬਣ ਸਕਦੀ। ਇਸ ਵਾਸਤੇ ਗੁਰਮ ਦੇ ਸਿਧਾਂਤਾਂ ਵਿੱਚ ਗੁਰਮੰਤਰ ਪ੍ਰਾਪਤ ਕਰਨਾ ਪੈਂਦਾ ਹੈ। ਯਾਨੀ ਕਿ ਗੁਰੂ ਧਾਰਨ ਕਰ ਪੈਂਦਾ ਹੈ। ਗੁਰੂ ਤੋਂ ਬਿਨਾਂ ਪਰਮ ਸ਼ਬਦ ਦਾ ਗਿਆਨ ਨਹੀਂ ਹੋ ਸਕਦਾ। ਜਿਹੜਾ ਗਿਆ ਆਪਣੇ ਅੰਦਰੋਂ ਪ੍ਰਗਟ ਹੁੰਦਾ ਹੈ, ਉਸ ਨਾਲ ਸੱਚ ਵੀ ਪੈਦਾ ਹੁੰਦਾ ਹੈ। ਜਿਹੜਾ ਗਿਆ ਇਕੱਲਾ ਬੁੱਧੀ ਦੁਆਰਾ ਇਕੱਠਾ ਕੀਤਾ ਜਾਂਦਾ ਹੈ, ਉਹ ਉਧਾਰਾ ਗਿਆਨ ਹੁੰਦਾ ਹੈ ਬੁੱਧੀ ਦੇ ਗਿਆਨ ਨਾਲ ਬੰਦਾ ਬਦਲਦਾ ਨਹੀਂ ਹੈ। ਬੁੱਧੀ ਦੇ ਗਿਆਨ ਨਾਲ ਬੰਦਾ ਚਲਾ ਤੇ ਫਰੇਬੀ ਹੋ ਜਾਂਦਾ ਹੈ। ਦਰਅਸਲ ਇਹ ਗਿਆਨ ਆਪਣੇ ਅੰਤਸ਼ਕਰਣ ਤੋਂ ਪ੍ਰਗਟ ਹੋਇਅ ਗਿਆਨ ਨਹੀਂ ਹੁੰਦਾ। ਇਹ ਗਿਆਨ ਦੂਜਿਆਂ ਦਾ ਚੁਰਾਇਆ ਹੋਇਆ ਗਿਆਨ ਹੁੰ ਹੈ। ਜਾਂ ਫਿਰ ਦੂਜਿਆਂ ਦਾ ਸੁਣਿਆ ਸੁਣਾਇਆ ਉਧਾਰਾ ਗਿਆਨ ਹੁੰਦਾ ਹੈ। ਉਧਾ ਗਿਆਨ ਨਾਲ ਆਦਮੀ ਦੀ ਜ਼ਿੰਦਗੀ ਬਦਲਦੀ ਨਹੀਂ, ਬਲਕਿ ਵਿਖਾਵੇ ਦੀ ਜ਼ਿੰਦਰ ਹੁੰਦੀ ਹੈ।

ਗੁਰੂ ਦੇ ਸ਼ਬਦ ਨਾਲ ਜੋ ਗਿਆਨ ਪ੍ਰਗਟ ਹੁੰਦਾ ਹੈ, ਉਹ ਪਰਮ ਗਿਆਨ ਹੁੰਦਾ ਹੈ ਉਹ ਧੁਰ ਆਪਣੇ ਅੰਦਰ ਦੀ ਉਜਾਗਰਤਾ ਹੁੰਦੀ ਹੈ। ਇਸ ਗਿਆਨ ਨੂੰ ਇੱਕ ਵਿਸ਼ੇ ਮਿਹਨਤ ਅਤੇ ਅਭਿਆਸ ਦੀ ਤਕਲੀਫ਼ ਵਿਚੋਂ ਗੁਜ਼ਰ ਕੇ ਪੈਦਾ ਕਰਨਾ ਪੈਂਦਾ ਹੈ। ਕਿ ਕਿਸੇ ਹੋਰ ਨਵੇਂ ਜੀਵਨ ਦੀ ਸ਼ੁਰੂਆਤ ਹੁੰਦੀ ਹੈ। ਦਰਅਸਲ ਇਹ ਅੰਦਰਲੀ ਇਕ ਹਕੀਕ ਹੈ। ਇਸ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਪ੍ਰਸੂਤ ਦੀ ਪੀੜ ਨੂੰ ਝੱ ਤੋਂ ਬਿਨਾਂ ਕੋਈ ਇਸਤਰੀ ਮਾਂ ਨਹੀਂ ਬਣ ਸਕਦੀ। ਪ੍ਰਸੂਤ ਦੀ ਪੀੜ ਦਾ ਦੁਖ ਸਹਿ ਕੀਤੇ ਤੋਂ ਬਿਨਾਂ ਕੋਈ ਇਸਤਰੀ ਆਪਣੀ ਗੋਦ ਵਿੱਚ ਖੂਬਸੂਰਤ ਬੱਚਾ ਨਹੀਂ ਦੇਖ ਸਕਦੀ

ਆਤਮ ਪੀੜ ਬ੍ਰਿਹਾ ਦੀ ਪੀੜ ਹੈ। ਜਦੋਂ ਗੁਰ ਮੰਤਰ ਦਾ ਅਭਿਆਸ ਆਰੰਭ ਹੁੰ ਹੈ ਤਾਂ ਅਭਿਆਸੀ ਦੇ ਅੰਦਰ ਇਹ ਬ੍ਰਿਹਾ ਪੈਦਾ ਹੁੰਦਾ ਹੈ। ਇਸ ਬ੍ਰਿਹਾ ਦਾ ਆਪਣੇ ਪ੍ਰਕਾ ਦਾ ਇਕ ਦੁਖ ਹੈ, ਜਿਸ ਵਿਚ ਪ੍ਰਭੂ ਦੀ ਯਾਦ ਬਾਰ-ਬਾਰ ਤੀਬਰ ਹੁੰਦੀ ਹੈ। ਇਸ ਬ੍ਰਿ ਦੀ ਪੀੜ ਤੋਂ ਬਾਅਦ ਆਤਮਕ ਦਰਦ ਵੱਧਦਾ ਜਾਂਦਾ ਹੈ। ਇਸ ਦਰਦ ਨਾਲ ਆਤਮ

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥ ਫਰੀਦਾ ਜਿਤੁ ਤਨਿ ਬਿ
ਨ ਊਪਜੈ ਸੋ ਤਨੁ ਜਾਣੁ ਮਸਾਨੁ ॥

ਅਭਿਆਸੀ ਇਸ ਤਰ੍ਹਾਂ ਕੁਰਲਾ ਉੱਠਦਾ ਹੈ ਜਿਵੇਂ ਇਕ ਬੱਚੇ ਨੂੰ ਜਨਮ ਦੇਣ ਤੋਂ ਪਹਿਲਾਂ ਪ੍ਰਸੂਤ ਦੀ ਦਰਦ ਨਾਲ, ਇਕ ਇਸਤਰੀ ਕੁਰਲਾ ਉਠਦੀ ਹੈ। ਆਤਮ-ਗਿਆਨ ਪੈਦਾ ਹੋਣ ਤੋਂ ਪਹਿਲਾਂ ਬੜੀ ਵੱਡੀ ਪੀੜ ਨੂੰ ਝੱਲਣਾ ਪੈਂਦਾ ਹੈ। ਬੜਾ ਵੱਡਾ ਇਹ ਦੁਖ ਹੈ। ਲੇਕਿਨ ਕੌਣ ਦੱਸੇ ਕਿ ਕੁਦਰਤ ਨੇ ਇਹ ਨਿਯਮ ਹੀ ਬਣਾ ਰੱਖਿਆ ਹੈ ਕਿ ਬੜੀ ਵੱਡੀ ਪੀੜ ਨੂੰ ਝੱਲ ਕੇ ਹੀ ਬੱਚੇ ਦਾ ਜਨਮ ਹੁੰਦਾ ਹੈ। ਜੇ ਨਵਜਾਤ ਬੱਚਾ ਐਵੇਂ ਰੇਤ ਦੀ ਢੇਰੀ ਤੋਂ ਹੀ ਲੱਭ ਜਾਂਦਾ ਤਾਂ ਕਿਸੇ ਨੇ ਪਾਲਣਾ-ਪੋਸਣਾ ਵੀ ਨਹੀਂ ਸੀ। ਕਿਸੇ ਨੇ ਗਲ ਨਾਲ ਵੀ ਨਹੀਂ ਸੀ ਲਾਉਣਾ। ਦਰਅਸਲ ਦੁਖ ਝੱਲ ਕੇ ਉਸ ਨੂੰ ਨੌਂ ਮਹੀਨੇ ਤੱਕ ਗਰਭ ਵਿਚ ਰੱਖਿਆ ਹੈ। ਫਿਰ ਪ੍ਰਸੂਤ ਦੀ ਪੀੜਾ ਝੱਲੀ ਹੈ। ਫਿਰ ਉਸ ਬੱਚੇ ਦੇ ਮੂੰਹ ਵਿਚ ਜੁਆਨੀ ਘੋਲ ਕੇ ਦੁੱਧ ਪਾਇਆ ਹੈ। ਹੁਣ ਉਸ ਬੱਚੇ ਦੇ ਸਰੀਰ ਵਿਚ ਮਾਂ ਤੇ ਬਾਪ ਦਾ ਸਰੀਰ ਵੀ ਮਿਲਿਆ ਹੋਇਆ ਹੈ। ਇਸ ਵਾਸਤੇ ਉਹ ਬੱਚਾ ਆਪਣਾ ਹੈ। ਹੁਣ ਉਸ ਬੱਚੇ ਨੂੰ ਸਾਂਭ-ਸਾਂਭ ਕੇ ਰੱਖਿਆ ਜਾਂਦਾ ਹੈ।

ਜਿਹੜਾ ਧਨ ਬੰਦਾ, ਮਿਹਨਤ ਨਾਲ ਕਮਾਉਂਦਾ ਹੈ, ਉਸ ਧਨ ਨੂੰ ਸਾਂਭ ਕੇ ਰੱਖਦਾ ਹੈ। ਉਸ ਧਨ ਦੀ ਬੜੀ ਕਦਰ ਹੁੰਦੀ ਹੈ। ਪਰ ਜਿਸ ਧਨ ਦੀ ਲਾਟਰੀ ਨਿਕਲ ਆਵੇ, ਫਿਰ ਤਾਂ ਬੰਦਾ ਦਿਨ ਰਾਤ ਸ਼ਰਾਬਖਾਨੇ ਹੀ ਬੈਠਾ ਰਹੇਗਾ। ਐਸਾ ਆਦਮੀ ਅਯਾਸ਼ੀ ਤੇ ਬਦਮਾਸ਼ੀ ਦੇ ਚੱਕਰ ਵਿਚ ਪੈ ਜਾਏਗਾ। ਗਲਤ ਕੰਮ ਕਰੇਗਾ।

ਕੁਦਰਤ ਨੇ ਇਸਤਰੀ ਨੂੰ ਔਲਾਦ ਦਾ ਰਤਨ ਬੜੀ ਪੀੜ ਚੋਂ ਲੰਘਾ ਕੇ, ਫਿਰ ਦਿੱਤਾ ਹੈ। ਨਾਮ ਦਾ ਰਸ ਆਤਮ-ਪੀੜ ਵਿਚੋਂ ਗੁਜ਼ਰੇ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ। ਇਸ ਵਾਸਤੇ ਨਾਮ ਨੂੰ ਉਜਾਗਰ ਕਰਨ ਲਈ ਇਕ ਵਿਸ਼ੇਸ਼ ਅਭਿਆਸ ਦੀ ਜ਼ਰੂਰਤ ਹੈ। ਗੁਰ ਮੰਤਰ ਦੀ ਜ਼ਰੂਰਤ ਹੈ। ਯਾਨੀ ਕਿ ਐਸੇ ਸ਼ਬਦ ਦੀ ਜ਼ਰੂਰਤ ਹੈ ਜੋ ਸਰੀਰ ਦੇ ਅੰਦਰਲੇ ਸ਼ਬਦ ਨੂੰ ਜਗਾ ਸਕੇ। ਗੁਰੂ ਦੇ ਸ਼ਬਦ ਦਾ ਤੀਰ ਜਦੋਂ ਅੰਦਰ ਜਾ ਕੇ ਵੱਜਦਾ ਹੈ, ਤਾਂ ਇਕ ਵਿਸ਼ੇਸ਼ ਦਰਦ ਉਠਦਾ ਹੈ। ਤੀਰ ਵੱਜੇਗਾ ਤਾਂ ਲਾਜ਼ਮੀ ਹੈ ਕਿ ਦਰਦ ਹੋਵੇਗਾ। ਏਸ ਤੀਰ ਦੇ ਵੱਜਦਿਆ ਹੀ ਜ਼ਿੰਦਗੀ ਬਦਲ ਜਾਂਦੀ ਹੈ। ਗੁਰ ਸ਼ਬਦ ਦੇ ਤੀਰ ਦੀ ਦਰਦ ਤੇ ਬਦਲਾਹਟ ਨੂੰ ਜ਼ੁਬਾਨ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ।

ਅੰਤਰਿ ਪਿਆਸ ਉਠੀ ਪ੍ਰਭ ਕੇਰੀ, ਸੁਣਿ ਗੁਰ ਬਚਨ ਮਨਿ ਤੀਰ ਲਗਈਆ॥
ਮਨ ਕੀ ਬਿਰਥਾ ਮਨ ਹੀ ਜਾਣੈ, ਅਵਰੁ ਕਿ ਜਾਣੈ ਕੋ ਪੀਰ ਪਰਈਆ॥

(ਪੰਨਾ ੮੩੫)

ਸੋ ਇਸ ਪੀੜ ਨੂੰ ਕੋਈ ਪਰਾਇਆ ਨਹੀਂ ਸਮਝ ਸਕਦਾ। ਕਿਉਂਕਿ ਇਹ ਨਿਜੀ ਘਟਨਾ ਹੈ। ਪ੍ਰਾਈਵੇਟ ਘਟਨਾ ਹੈ। ਇਸ ਘਟਨਾ ਨਾਲ ਸਾਰਾ ਜੀਵਨ ਹੀ ਬਦਲ ਜਾਂਦਾ ਹੈ। ਕਬੀਰ ਸਾਹਿਬ ਜੀ ਇਸ ਘਟਨਾ ਨੂੰ ਇਸ ਤਰ੍ਹਾਂ ਦਰਸਾਉਂਦੇ ਹਨ ਕਿ

ਲਾਗੀ ਹੋਇ ਸੁ ਜਾਨੈ ਪੀਰ ॥ ਰਾਮ ਭਗਤਿ ਅਨੀਆਲੇ ਤੀਰ ॥

(ਪੰਨਾ ੩੨੭)

ਇਹ ਐਸਾ ਤੀਰ ਹੈ ਕਿ ਜਿਸ ਨੂੰ ਲੱਗੇ ਓਹੀ ਜਾਣ ਸਕਦਾ ਹੈ। ਦੂਜੇ ਨੂੰ ਇਸ ਬਾਰੇ ਕੁਝ ਪਤਾ ਨਹੀਂ ਲੱਗਦਾ। ਜਿਵੇਂ ਤੀਰ ਲੱਗਣ ਨਾਲ ਕੋਈ ਤੜਫਦਾ ਹੈ। ਠੀਕ

ਸ਼ਬਦ ਦਾ ਤੀਰ ਲੱਗਣ ਨਾਲ ਅੰਦਰ ਇਕ ਤੜਪ ਪੈਦਾ ਹੁੰਦੀ ਹੈ। ਇਹ ਬਿਰਹਾ ਦੀ ਤੜਪ ਹੈ, ਜੋ ਭਗਤ ਨੂੰ ਰੁਆ ਦੇਂਦੀ ਹੈ। ਇਸ ਕਰਕੇ ਭਗਤਾਂ ਮਹਾਂਪੁਰਖਾਂ ਨੇ ਬ੍ਰਿਹਾ ਦੇ ਬੜੇ ਦਰਦ ਭਰੇ ਗੀਤ ਗਾਏ ਹਨ।

ਜਿਸ ਸ਼ਬਦ ਦੁਆਰਾ ਅੰਦਰਲੇ ਪਰਮ ਸ਼ਬਦ ਨੂੰ ਜਗਾਉਣਾ ਹੈ, ਉਹ ਸ਼ਬਦ ਗੁਰੂ ਤੋਂ ਮਿਲ ਸਕਦਾ ਹੈ। ਕਿਸੇ ਪਰਮ ਪੁਰਖ ਤੋਂ ਉਸ ਦੀ ਸਮਝ ਲੱਗ ਸਕਦੀ ਹੈ। ਅਧੂਰਾ ਪੁਰਖ ਉਸ ਬਾਰੇ ਕੁਝ ਨਹੀਂ ਜਾਣ ਸਕਦਾ। ਪੂਰੇ ਗੁਰੂ ਦੇ ਅੰਦਰੋਂ ਸ਼ਬਦ ਆਉਂਦਾ ਹੈ। ਜੋ ਸ਼ਬਦ ਅੰਦਰੋਂ ਆਉਂਦਾ ਹੈ, ਉਹ ਕੋਈ ਮਨੁੱਖ ਨਹੀਂ ਬੋਲਦਾ, ਬਲਕਿ ਉਸ ਮਨੁੱਖ ਰਾਹੀਂ ਰੱਬ ਬੋਲਦਾ ਹੈ। ਮਨੁੱਖ ਦੇ ਅੰਦਰ ਜੋ ਹਉਮੈ ਹੈ, ਉਹ ਬੜੀ ਸੂਖਸਮ ਹੈ। ਸ਼ਬਦ ਵੀ ਬੜਾ ਸੂਖਸਮ ਹੈ। ਛੇਤੀ ਕੀਤੇ ਨਾ ਹੀ ਹਉਮੈ ਦੀ ਸਮਝ ਲੱਗਦੀ ਹੈ ਅਤੇ ਨਾ ਹੀ ਸ਼ਬਦ ਦੀ ਸਮਝ ਲਗਦੀ ਹੈ। ਪੂਰਾ ਗੁਰੂ ਹਮੇਸ਼ਾ ਉਹ ਹੁੰਦਾ ਹੈ, ਜਿਹੜਾ ਉਹ ਮੰਤਰ ਦੇਵੇ, ਜਿਸ ਮੰਤਰ ਦੁਆਰਾ ਮਨੁੱਖ ਦੇ ਅੰਦਰਲੀ ਹਉਮੈ ਜੜ੍ਹੋਂ ਹੀ ਪੁੱਟੀ ਜਾ ਸਕੇ। ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ, ਉਹਨਾਂ ਨੇ ਸਭਨਾਂ ਨੂੰ ਗੁਰ ਸ਼ਬਦ ਦਿੱਤਾ ਅਤੇ ਜੋ ਵੀ ਦਿੱਤਾ ਉਹ ਸ਼ਬਦ ਦੇ ਰਾਹੀਂ ਦਿੱਤਾ। ਪੁਰਾਤਨ ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਇਕ ਸਾਖੀ ਹੈ। ਗੁਰੂ ਨਾਨਕ ਦੇਵ ਜੀ ਦੀ ਸਰੀਰ ਕਰਕੇ ਉਮਰ ਅਜੇ ਕੋਈ ਗਿਆਰਾਂ ਬਾਰਾਂ ਸਾਲ ਸੀ। ਗੁਰੂ ਜੀ ਇਕ ਬ੍ਰਿਛ ਹੇਠਾਂ ਲੇਟੇ ਹੋਏ ਸਨ। ਉਹਨਾਂ ਦੀ ਕੰਨੀਂ ਰਬਾਬ ਵਜਾਉਣ ਦੀ ਅਵਾਜ਼ ਪਈ। ਗੁਰਦੇਵ ਉਠ ਕੇ ਉਸ ਰਬਾਬ ਵਜਾਉਣ ਵਾਲੇ ਦੇ ਕੋਲ ਜਾ ਕੇ ਪੁਛਣ ਲੱਗੇ, “ਤੇਰਾ ਨਾਮ ਕੀ ਹੈ ?” ਉਸ ਨੇ ਕਿਹਾ, ਮੇਰਾ ਨਾਮ ਦਾਨਾ ਮਰਾਸੀ ਹੈ। ਗੁਰਦੇਵ ਕਹਿਣ ਲੱਗੇ, “ਤੂੰ ਰਬਾਬ ਭਲੀ ਵਜਾਉਂਦਾ ਹੈ। ਤੈਨੂੰ ਰਾਗਾਂ ਦੀ ਚੰਗੀ ਸੋਝੀ ਹੈ। ਪਰ ਜੇ ਤੂੰ ਸਾਡੀ ਸੰਗਤ ਕਰੇਂ, ਤਾਂ ਇਸ ਰਾਗ ਵਿੱਚ ਸ਼ਬਦ ਪਾਕੇ ਗਾਇਆ ਕਰੇਂ ? ਤੇਰਾ ਦੀਨ ਦੁਨੀ ਵਿਚ ਉਧਾਰ ਹੋ ਜਾਵੇਗਾ।” ਦਾਨੇ ਨੇ ਕਿਹਾ, “ਮਹਾਰਾਜ! ਅਸੀਂ ਤਾਂ ਧਨਾਢ ਲੋਕਾਂ ਨੂੰ ਰਾਗ ਸੁਣਾ ਕੇ ਚਾਰ ਪੈਸੇ ਲਿਆਉਂਦੇ ਹਾਂ। ਆਪਣੇ ਧੀਆਂ-ਪੁੱਤਰਾਂ ਦਾ ਗੁਜ਼ਾਰਾ ਇਸ ਤਰ੍ਹਾਂ ਹੀ ਕਰਦੇ ਹਾਂ। ਜੇ ਮੈਂ ਤੁਹਾਡੀ ਸੰਗਤ ਕਰਾਂ ਤੇ ਬਾਲ-ਬੱਚੇ ਦੀ ਪਾਲਣਾ ਕੌਣ ਕਰੇਗਾ ?” ਗੁਰਦੇਵ ਕਹਿਣ ਲੱਗੇ, “ਦਾਨਿਆ ! ਤੂੰ ਐਵੇਂ ਚਿੰਤਾ ਕਰਦਾ ਹੈਂ। ਸਭ ਦੀ ਪ੍ਰਤਿ-ਪਾਲਣਾ ਈਸ਼ਵਰ ਆਪ ਕਰਦਾ ਹੈ।” ਗੁਰਦੇਵ ਨੇ ਆਖਿਆ, “ਜੇ ਤੂੰ ਦਾਨੇ ਦੀ ਥਾਂ ਮਰਦਾਨਾ ਹੋਵੇਂ ਤਾਂ ਦੋਵੇਂ ਕਾਰਜ ਪ੍ਰਭੂ ਆਪ ਕਰੇਗਾ। ਮਰਦਾਨਾ ਯਾਨੀ ਕਿ ਸੂਰਮਾ ਬਣੇ ? ਤੂੰ ਰਾਗ ਦੇ ਬਰਤਨ ਵਿਚ ਸ਼ਬਦ ਪਾ ਕੇ ਗਾਵੇਂ ?” ਸੋ ਜਿਹੜਾ ਦਾਨਾ ਸੀ ਉਹ ਗੁਰੂ ਦਾ ਬਚਨ ਮੰਨ ਕੇ ਮਰਦਾਨਾ ਬਣ ਗਿਆ ਤੇ ਇਸ ਸ੍ਰਿਸ਼ਟੀ ਦੇ ਭਲੇ ਲਈ ਗੁਰੂ ਨਾਨਕ ਦੇਵ ਜੀ ਦੇ ਨਾਲ ਸ਼ਬਦ ਵੰਡਣ ਲਈ ਚੜ੍ਹ ਪਿਆ।

ਮਰਦਾਨੇ ਦੀ ਰਬਾਬ ਅਤੇ ਗੁਰੂ ਦੇ ਸ਼ਬਦ ਨੇ ਉਹ ਕਲਾ ਵਰਤਾਈ ਕਿ ਜਿਸ ਦਾ ਬਦਲ ਸੰਸਾਰ ਨੂੰ ਅਜੇ ਤੱਕ ਵੀ ਨਹੀਂ ਮਿਲਿਆ।

ਮਰਦਾਨੇ ਨੇ ਪੁੱਛਿਆ, “ਬਾਬਾ ਜੀ ! ਇਹ ਜੋ ਸ਼ਬਦ ਕੀਰਤਨ ਅਸੀਂ ਗਾਉਂਦੇ ਹਾਂ। ਇਹ ਉਹੀ ਸ਼ਬਦ ਹੈ, ਜਿਸ ਨਾਲ ਮੁਕਤੀ ਮਿਲਦੀ ਹੈ ?” ਗੁਰਦੇਵ ਕਹਿਣ ਲੱਗੇ, “ਹਾਂ ਮਰਦਾਨਿਆ ! ਇਹ ਓਸੇ ਸ਼ਬਦ ਦੀ ਰੋਸ਼ਨੀ ਹੈ ਜਿਸ ਸ਼ਬਦ ਦੁਆਰਾ ਮੋਖਸ਼ ਮਿਲਦਾ

ਹੈ। ਇਸ ਰੋਸ਼ਨੀ ਵਿਚ ਹੀ ਉਸ ਆਦਿ "ਸ਼ਬਦ" ਦਾ ਅਨੁਭਵ ਹੁੰਦਾ ਹੈ। ਉਹ ਆਦਿ ਸ਼ਬਦ ਸਾਰਿਆਂ ਦੇ ਵਿਚ ਪਹਿਲਾਂ ਤੋਂ ਹੀ ਮੌਜੂਦ ਹੈ। ਮਨੁੱਖ ਦੀ ਸੁਰਤ ਜਿਸ ਵਕਤ, ਉਸ ਅੰਦਰਲੇ ਸ਼ਬਦ ਨਾਲ ਮਿਲਣ ਵਿਚ ਕਾਮਯਾਬ ਹੋ ਜਾਂਦੀ ਹੈ, ਤਾਂ ਫਿਰ ਮਨੁੱਖ ਪ੍ਰਭੂ ਨਾਲ ਇਕ-ਮਿਕ ਹੋ ਜਾਂਦਾ ਹੈ। ਉਸ ਆਦਮੀ ਵਿੱਚ ਇਕੱਲਾ ਸੰਸਾਰ ਹੀ ਨਹੀਂ, ਕਰਤਾਰ ਵੀ ਬੋਲਦਾ ਹੈ।"

ਦਰਅਸਲ ਇਹ ਜੋ ਗੁਰੂ ਨਾਨਕ ਤੇ ਮਰਦਾਨੇ ਦਾ ਮੇਲ ਸੀ, ਇਹ ਤਾਂ ਸੁਰਤ ਸ਼ਬਦ ਦਾ ਮੇਲ ਸੀ। ਮਰਦਾਨਾ ਸੁਰਤ ਅਤੇ ਨਾਨਕ ਸ਼ਬਦ ਹੈ। ਮਰਦਾਨਾ ਸੰਸਾਰ ਹੈ ਅਤੇ ਨਾਨਕ ਕਰਤਾਰ ਹੈ। ਦੋਵੇਂ ਹੀ ਇਕ ਦੂਜੇ ਤੋਂ ਬਿਨਾ ਕੁਝ ਨਹੀਂ ਹਨ। ਮਰਦਾਨਾ ਸੰਸਾਰ ਵਿੱਚ ਗੁਰੂ ਨਾਨਕ ਨੂੰ ਪ੍ਰਗਟਾਉਂਦੇ ਹਨ। ਜਦੋਂ ਕਿ ਮਰਦਾਨੇ ਦੀ ਸੁਰਤ ਵਿੱਚ ਨਾਨਕ ਸ਼ਬਦ ਹੈ। ਜਨਮ ਸਾਖੀ ਵਿਚ ਜ਼ਿਕਰ ਹੈ ਕਿ ਇਕ ਦਿਨ ਮਰਦਾਨੇ ਨੇ ਗੁਰੂ ਨਾਨਕ ਨੂੰ ਕਿਹਾ **"ਬਾਬਾ ! ਤੇਰਾ ਮੇਰਾ ਬਹੁਤਾ ਅੰਤਰ ਨਾਹੀ। ਤੂੰ ਰੱਬ ਦਾ ਡੂਮ ਹੈਂ, ਮੈਂ ਤੇਰਾ ਡੂਮ ਹਾਂ। ਤੈਂ ਖ਼ੁਦਾਇ ਨੂੰ ਪਾਇਆ ਹੈ, ਮੈਂ ਤੈਨੂੰ ਪਾਇਆ ਹੈ। ਤੇਰਾ ਕਹਿਆ ਖ਼ੁਦਾਇ ਕਰਦਾ ਹੈ। ਤੂੰ ਮੇਰਾ ਕਹਿਆ ਵੀ ਕਰ ?"**

ਸੋ ਗੁਰੂ ਨਾਨਕ ਸਾਹਿਬ ਜੀ ਨੇ ਦੁਨੀਆਂ ਵਿਚ ਜੋ ਕੁਝ ਵੀ ਵੰਡਿਆ, ਉਹ ਸ਼ਬਦ ਵੰਡਿਆ ਅਤੇ ਸ਼ਬਦ ਦੇ ਰਾਹੀਂ ਵੰਡਿਆ। ਗੁਰੂ ਨਾਨਕ ਦੇਵ ਜੀ ਸਭ ਜਗਤ ਨੂੰ ਕਹਿੰਦੇ ਸਨ ਕਿ ਸ਼ਬਦ ਮੇਰਾ ਨਹੀਂ। ਸ਼ਬਦ ਤਾਂ ਕਰਤਾਰ ਦਾ ਹੈ। ਮੈਂ ਆਪਣੇ ਸਰੀਰ ਦੁਆਰਾ ਪ੍ਰਗਟ ਕਰਦਾ ਹਾਂ। ਸ਼ਬਦ ਨੂੰ ਸ਼ਬਦ ਦੁਆਰਾ ਹੀ ਪ੍ਰਗਟ ਕੀਤਾ ਜਾ ਸਕਦਾ ਹੈ। ਸ਼ਬਦ ਤੋਂ ਬਿਨਾਂ ਸੰਸਾਰ ਨੂੰ ਟਿਕਾਓ ਨਹੀਂ ਆ ਸਕਦਾ। ਸ਼ਬਦ ਦੁਆਰਾ, ਸ਼ਬਦ ਨੂੰ ਜਗਾਉਣਾ ਪੈਂਦਾ ਹੈ। ਭਾਈ ਗੁਰਦਾਸ ਜੀ ਮਹਾਰਾਜ ਨੇ ਦਰਸਾਇਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਪ੍ਰਭੂ ਦੀ ਬਖਸ਼ਸ਼ ਦੁਆਰਾ ਘਾਲਣਾ ਸਫ਼ਲ ਕੀਤੀ। ਫਿਰ ਉਹ ਸੱਚਖੰਡ ਦਾ ਸ਼ਬਦ ਦੁਨੀਆਂ ਨੂੰ ਵੰਡਿਆ।

ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਂ ਦੇ ਫਿਰਿ ਘਾਲਿ ਕਮਾਈ।

(ਵਾਰ ਪਹਿਲੀ-ਪਉੜੀ ੨੪)

ਨਹੀਂ ਤਾਂ ਸਾਰੀ ਜ਼ਿੰਦਗੀ ਅੰਧੇਰ ਨਾਲ ਭਰ ਜਾਂਦੀ ਹੈ। ਭਾਈ ਗੁਰਦਾਸ ਜੀ ਮਹਾਰਾਜ ਕਥਨ ਕਰਦੇ ਹਨ ਕਿ ਇਹ ਸ਼ਬਦ, ਪਹਿਲਾਂ ਬਾਬੇ ਨਾਨਕ ਨੇ ਅਕਾਲ ਪੁਰਖ ਦੇ ਦਰ ਤੋਂ ਬਖਸ਼ਸ਼ ਪ੍ਰਾਪਤ ਕੀਤੀ। ਫਿਰ ਉਸ ਸ਼ਬਦ ਦੇ ਚਾਨਣ ਵਿਚ ਸਾਰੀ ਕਾਇਨਾਤ ਨੂੰ ਦੇਖਿਆ ਕਿ ਸਾਰੀ ਕਾਇਨਾਤ ਵਿਚ ਹੀ ਸ਼ਬਦ ਸਮਾਇਆ ਹੋਇਆ ਹੈ। ਕੋਈ ਵੀ ਥਾਂ ਸ਼ਬਦ ਤੋਂ ਖ਼ਾਲੀ ਨਹੀਂ ਹੈ। ਪਰ ਸੰਸਾਰ ਨੂੰ ਕਿਤੇ ਵੀ ਦਿਖਾਈ ਨਹੀਂ ਦੇਂਦਾ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਜਦੋਂ ਗੁਰਦੇਵ ਨੇ ਸ਼ਬਦ ਦੀ ਲੋਅ ਵਿਚ ਦੇਖਿਆ ਤਾਂ :

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।

(ਵਾਰ ਪਹਿਲੀ-ਪਉੜੀ ੨੪)

ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ।

ਚੜ੍ਹਿਆ ਸੋਧਣਿ ਧਰਤਿ ਲੁਕਾਈ॥੨੪॥

(ਭਾ : ਗੁ: ਵਾਰ ਪਹਿਲੀ-ਪਉੜੀ ੨੪)

ਜੇ ਗੁਰੂ ਨਾਨਕ ਦੇਵ ਜੀ ਲੁਕਾਈ ਦੀ ਸੁਧਵਾਈ ਲਈ ਨਿਕਲੇ ਹਨ ਤਾਂ ਉਨ੍ਹਾਂ ਕੋਲ ਕੋਈ ਸ਼ਸ਼ਤਰ, ਸੈਨਾ ਤੇ ਘੋੜੇ ਆਦਿ ਨਹੀਂ ਸਨ। ਕੇਵਲ ਇਕ ਸ਼ਬਦ ਸੀ। ਸ਼ਬਦ ਦੁਆਰਾ ਹੀ ਧਰਤੀ ਦਾ ਪਾਰ-ਉਤਾਰਾ ਕਰਨ ਲਈ ਤੁਰੇ ਸਨ। ਉਹ ਸ਼ਬਦ ਤੇ ਵੀ ਆਪਣਾ ਦਾਅਵਾ ਨਹੀਂ ਕਰਦੇ। ਕਹਿੰਦੇ ਹਨ ਕਿ "ਸਭ ਕਰਤਾਰ ਦਾ ਹੈ ਅਤੇ ਮੈਨੂੰ ਕਰਤਾ ਪੁਰਖ ਨੇ ਬਖਸ਼ਸ਼ ਕੀਤਾ ਹੈ। ਇਸ ਸ਼ਬਦ ਦੀ ਰੋਸ਼ਨੀ ਵਿਚ ਮੈਨੂੰ ਸਾਰਾ ਸੰਸਾਰ ਦਿੱਸਦਾ ਹੈ। ਜਦੋਂ ਵੀ ਸ਼ਬਦ ਦੁਆਰਾ ਸੁਰਤ ਜਾਗੇਗੀ ਤਾਂ ਸਾਰਾ ਸੰਸਾਰ ਦਿਸੇਗਾ। ਫਿਰ ਇਸ ਤਰ੍ਹਾਂ ਦੇ ਪ੍ਰਕਾਸ਼ਮਾਨ ਮਹਾਂਪੁਰਖ ਨੂੰ ਸੰਸਾਰ ਤੇ ਤਰਸ ਆਉਂਦਾ ਹੈ। ਸੰਸਾਰ ਦੀ ਐਸੀ ਹਾਲਤ ਦੇਖ ਕੇ ਪ੍ਰਕਾਸ਼ਮਾਨ ਮਹਾਂਪੁਰਖ ਦਰਦ ਨਾਲ ਭਰ ਜਾਂਦੇ ਹਨ।

✲ ✲ ✲

ਵਿਆਸ
ਅੱਤੇਖ ਵਿਸਤੇ, ਇੰਤ ਦੀ ਰਹੇ ਆਪ।
ਸਾਰ ਦੇ ਸਮਾਈ ਨੂੰ ਸਿਰਫ ਵਰਗਾ ਤੇ ਪੀਤੇ ਦਾ ਅਨੁਭਵਦਾਰ।
ਜਿਸ ਵਿਚੋਂ ਕੁਦਰਤ ਤੇ ਸਿਰਫ
ਪੀਤੇ ਈਆਂ ਕੁਦਰਤਾਂ ਦਾ ਵਰਤਾਰ।

ਦਿਮਾਗੀ ਗਿਆਨ ਅਤੇ ਸ਼ਬਦ ਦੀ ਕਲਾ

ਸਿੱਖੀ ਦਾ ਜਨਮ ਇਥੋਂ ਹੁੰਦਾ ਹੈ ਕਿ ਮੈਂ ਸਿੱਖਣ ਨੂੰ ਰਾਜ਼ੀ ਹਾਂ। ਮੈਂ ਕੁਝ ਨਹੀਂ ਜਾਣਦਾ। ਸਿੱਖ ਹਾਂ। ਸਿੱਖਣ ਨੂੰ ਤਿਆਰ ਹਾਂ। ਜਿੰਨੀ ਨਿਰਮਾਣਤਾ ਹੋਵੇਗੀ, ਓਨੀ ਹੀ ਗੱਲ ਬਣੇਗੀ। ਜੇ ਹੰਕਾਰ ਹੈ ਤਾਂ ਨਹੀਂ ਬਣੇਗੀ। ਜੇ ਬੜੀਆਂ-ਬੜੀਆਂ ਡਿਗਰੀਆਂ ਵੀ ਲੈ ਕੇ ਡਿਗਰੀ ਦਾ ਹੰਕਾਰ ਹੈ ਤਾਂ ਇਹ ਵਿਦਿਆ ਨਹੀਂ ਹੈ।

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

(ਪੰਨਾ ੧੪੦)

ਅੱਜ ਦੀ ਵਿਦਿਆ ਨੇ ਮਨੁੱਖੀ ਅਕਲ ਨੂੰ ਬਾਰੀਕ ਬਣਾਇਆ ਹੈ।

ਅਕਲ ਬਰੀਕ ਹੂਈ ਜਾਤੀ ਹੈ। ਰੂਹ ਤਾਰੀਕ ਹੂਈ ਜਾਤੀ ਹੈ।

ਮੋਟੀ ਅਕਲ ਕੀ ਹੈ? ਮੋਟੀਆਂ ਗੱਲਾਂ ਦਾ ਚਿੰਤਨ ਸਦਾ ਹੀ ਅੰਦਰ ਚਲਦਾ ਰਹੇ, ਯਾਦ ਚਲਦੀ ਰਹੇ ਤਾਂ ਅਕਲ ਮੋਟੀ ਹੋ ਜਾਂਦੀ ਹੈ। ਬਾਰੀਕੀ ਦਾ ਗਿਆਨ ਚਲਦਾ ਰਹੇ ਤਾਂ ਅਕਲ ਬਾਰੀਕ ਹੁੰਦੀ ਹੈ। ਪ੍ਰਮਾਤਮਾ ਤੋਂ ਜ਼ਿਆਦਾ ਹੋਰ ਕੁਝ ਬਾਰੀਕ ਨਹੀਂ। ਸੰਸਾਰ ਤੋਂ ਜ਼ਿਆਦਾ ਹੋਰ ਕੁਝ ਮੋਟਾ ਨਹੀਂ। ਪਦਾਰਥ ਦਾ ਚਿੰਤਨ ਸਿਰਫ਼ ਮੋਟੀ ਅਕਲ ਹੀ ਕਰਦੀ ਹੈ। ਪ੍ਰਮਾਤਮਾ ਦਾ ਚਿੰਤਨ ਬਾਰੀਕ ਅਕਲ ਨਾਲ ਹੁੰਦਾ ਹੈ।

ਸਰੀਰ ਵਿਚ ਦਿਮਾਗ਼ ਦੀ ਆਪਣੀ ਖ਼ਾਸ ਥਾਂ ਹੈ। ਦਿਮਾਗ਼ ਇਕ ਆਂਤ੍ਰਿਕ ਸ਼ਕਤੀ ਹੈ, ਜਿਸ ਨਾਲ ਜੀਵਨ ਨੂੰ ਸੇਧ ਦੇਣ ਵਿਚ ਮਦਦ ਮਿਲਦੀ ਹੈ। ਅੰਧਾ ਬੰਦਾ ਜਾਣ ਲਗਿਆਂ ਥਾਂ-ਥਾਂ ਠੋਕਰਾਂ ਖਾਵੇਗਾ। ਕਈਆਂ ਦਾ ਤਾਂ ਦਿਮਾਗ਼ ਕੰਮ ਹੀ ਨਹੀਂ ਕਰਦਾ। ਪਰ ਕਈ ਆਪਣੇ ਦਿਮਾਗ਼ ਤੋਂ ਕੰਮ ਲੈਂਦੇ ਹੀ ਨਹੀਂ। ਜਿਸ ਦਾ ਦਿਮਾਗ਼ ਕੰਮ ਨਾ ਕਰੇ ਉਹ ਤਾਂ ਪਾਗ਼ਲ ਹੈ। ਪਰ ਜੋ ਦਿਮਾਗ਼ ਤੋਂ ਕੰਮ ਹੀ ਨਾ ਲਵੇ ਉਹ ਵੀ ਪਾਗ਼ਲਾਂ ਵਰਗਾ ਹੈ। ਇਸ ਤਰ੍ਹਾਂ ਦੇ ਪਾਗ਼ਲਾਂ ਦੀ ਤਾਦਾਦ ਘੱਟ ਹੈ, ਜਿਨ੍ਹਾਂ ਦਾ ਦਿਮਾਗ਼ ਕੰਮ ਨਹੀਂ ਕਰਦਾ। ਪਰ ਇਸ ਤਰ੍ਹਾਂ ਦੇ ਪਾਗ਼ਲਾਂ ਨਾਲ ਦੁਨੀਆਂ ਭਰੀ ਪਈ ਹੈ ਜੋ ਦਿਮਾਗ਼ ਤੋਂ ਕੰਮ ਲੈਂਦੇ ਹੀ ਨਹੀਂ।

ਦਿਮਾਗੀ ਤਲ ਤੇ ਜਿਊਣ ਵਾਲਿਆਂ ਨੂੰ ਬੁੱਧੀਜੀਵ ਕਿਹਾ ਜਾ ਸਕਦਾ ਹੈ। ਦਿਮਾਗ਼ ਦੀ ਵਰਤੋਂ ਜਿਸ ਦਿਸ਼ਾ ਵਿਚ ਵੀ ਕਰੀਏ, ਦਿਮਾਗ਼ ਦੀ ਜਾਣਕਾਰੀ ਉਸੇ ਦਿਸ਼ਾ ਵਿਚ ਵੱਧ ਜਾਂਦੀ ਹੈ। ਦਿਮਾਗ਼ ਦੀ ਭਾਵੇਂ ਸੀਮਾਂ ਹੈ (ਹੱਦ ਹੈ) ਪਰ ਫਿਰ ਵੀ ਅਨਹਦ ਦਾ ਗਿਆਨ ਪ੍ਰਾਪਤ ਕਰਨ ਦੀ ਸਮਰਥਾ ਦਿਮਾਗ਼ ਵਿਚ ਹੈ। ਕਿਸੇ ਇਕ ਮੁੱਦੇ ਤੇ ਦਿਮਾਗ਼ ਨੂੰ ਤੋਰੀਏ ਤਾਂ ਉਸ ਮੁੱਦੇ ਦੀ ਜਾਣਕਾਰੀ ਵਧਦੀ ਹੀ ਜਾਂਦੀ ਹੈ। ਬੁੱਧੀਮਾਨ ਲੋਕਾਂ ਨੇ ਸੰਸਾਰ ਦੇ ਬਹੁਤ ਡੂੰਘੇ ਰਾਜ਼ ਜਗਤ ਦੇ ਸਾਹਮਣੇ ਰੱਖੇ ਹਨ। ਸੰਸਾਰ ਦੇ ਕਈ ਰੂਪਾਂ ਵਿਚ ਕਾਮਯਾਬੀ ਹਾਸਲ ਕੀਤੀ ਹੈ ਅਤੇ ਸੰਸਾਰ ਨੂੰ ਕਈ ਤਰ੍ਹਾਂ ਦੇ ਸੁਖ ਪ੍ਰਾਪਤ ਹੋਏ ਹਨ।

ਜਿਸ ਦਿਸ਼ਾ ਦਾ ਪੂਰਨ ਬੋਧ ਪ੍ਰਾਪਤ ਹੋ ਜਾਂਦਾ ਹੈ, ਉਸ ਵਿਚੋਂ ਰਹੱਸ ਮੁੱਕ ਜਾਂਦਾ ਹੈ ਰਹੱਸ ਦੇ ਮੁਕਦਿਆਂ ਹੀ ਹੋਰ ਖੋਜ ਦੀ ਭੁੱਖ ਵੀ ਮਰ ਜਾਂਦੀ ਹੈ। ਬੁੱਧੀ ਵਿਚ ਰਹੱਸ ਨਹੀਂ ਹੈ। ਬੁੱਧੀ ਵਿਸਮਾਦ-ਰਹਿਤ ਜੀਵਨ ਬਤੀਤ ਕਰਦੀ ਹੈ।

ਅੱਜ ਦੇ ਜ਼ਮਾਨੇ ਵਿਚ ਜਿੰਨੇ ਬੌਧਕ ਵਿਕਾਸ ਦੇ ਸਾਧਨ ਉਪਲਬਧ ਹਨ, ਇੰਨੇ ਪਹਿਲਾਂ ਕਦੀ ਵੀ ਉਪਲਬਧ ਨਹੀਂ ਹੋ ਸਕੇ। ਕੋਈ ਸੌ ਜਾਂ ਪੰਜਾਹ ਮੀਲ ਦੀ ਦੂਰੀ ਤੇ ਕਿਸੇ ਇਕ ਸੰਤ ਮਹਾਤਮਾ ਦਾ ਆਸ਼ਰਮ ਹੁੰਦਾ ਸੀ। ਉਸ ਵਿਚ ਸਿਰਫ਼ ਸਪੰਨ ਘਰਾਣਿਆਂ ਦੇ ਬੱਚੇ ਹੀ ਵਿਦਿਆ ਹਾਸਲ ਕਰਦੇ ਸਨ। ਸਿਰਫ਼ ਇਕ ਫ਼ੀ ਸਦੀ ਮਨੁੱਖ ਪੜ੍ਹਿਆ ਲਿਖਿਆ ਮਿਲਦਾ ਸੀ। ਇਸ ਦਸ਼ਾ ਨੂੰ ਇਹ ਛੋਟੀ ਕਹਾਣੀ ਬੜੀ ਖ਼ੂਬਸੂਰਤੀ ਨਾਲ ਰੂਪਮਾਨ ਕਰਦੀ ਹੈ। ਇਕ ਦਿਨ ਇਕ ਆਦਮੀ ਆਪਣੇ ਹੱਥ ਵਿਚ ਕਲਮ ਦਵਾਤ ਲੈ ਕੇ ਦੂਸਰੇ ਪਿੰਡ ਦੇ ਇਕ ਪੜ੍ਹੇ-ਲਿਖੇ ਆਦਮੀ ਕੋਲ ਪਹੁੰਚਿਆ। ਉਸ ਆਦਮੀ ਨੇ ਬੜੇ ਤਰਲੇ ਨਾਲ ਉਸ ਪੜ੍ਹੇ-ਲਿਖੇ ਆਦਮੀ ਨੂੰ ਕਿਹਾ। ਮਿਹਰਬਾਨੀ ਕਰਕੇ ਇਹ ਇਕ ਚਿੱਠੀ ਹੈ ਤੁਸੀਂ ਲਿਖ ਦਿਉ। ਇਹ ਚਿੱਠੀ ਮੈਂ ਆਪਣੀ ਲੜਕੀ ਦੇ ਨਾਮ ਪਾਉਣੀ ਹੈ। ਉਸ ਪੜ੍ਹੇ-ਲਿਖੇ ਆਦਮੀ ਨੇ ਜਵਾਬ ਦਿੱਤਾ ਕਿ ਮੈਂ ਇਹ ਚਿੱਠੀ ਨਹੀਂ ਲਿਖ ਸਕਦਾ। ਉਸ ਨੇ ਪੁਛਿਆ, ਕਿਉਂ ? ਤੁਸੀਂ ਚਿੱਠੀ ਕਿਉਂ ਨਹੀਂ ਲਿਖ ਸਕਦੇ ? ਮੈਂ ਤੁਹਾਨੂੰ ਤੁਹਾਡੀ ਲਿਖਾਈ ਦੀ ਫ਼ੀਸ ਵੀ ਦੇਣ ਨੂੰ ਤਿਆਰ ਹਾਂ। ਉਹ ਪੜ੍ਹਿਆਂ ਲਿਖਿਆ ਆਦਮੀ ਕਹਿਣ ਲਗਾ, ਨਹੀਂ ! ਭਾਈ ਸਾਹਿਬ। ਨਹੀਂ ! ਗੱਲ ਇਹ ਨਹੀਂ ਹੈ। ਫਿਰ ਤੁਸੀਂ ਚਿੱਠੀ ਕਿਉਂ ਨਹੀਂ ਲਿਖ ਸਕਦੇ ? ਉਸ ਨੇ ਪੁੱਛਿਆ। ਤਾਂ ਉਸ ਪੜ੍ਹੇ-ਲਿਖੇ ਆਦਮੀ ਨੇ ਜੁਆਬ ਦਿੱਤਾ ਕਿ ਦਰਅਸਲ ਮੇਰੇ ਪੈਰ ਵਿਚ ਮੋਚ ਆਈ ਹੋਈ ਹੈ। ਪੈਰ ਬਹੁਤ ਦਰਦ ਕਰਦਾ ਹੈ। ਉਹ ਬੜਾ ਹੈਰਾਨ ਹੋ ਕੇ ਪੁੱਛਣ ਲੱਗਾ, ਕਮਾਲ ਹੈ ! ਮੈਂ ਤਾਂ ਅੱਜ ਤਕ ਨਹੀਂ ਸੁਣਿਆ ਕਿ ਚਿੱਠੀਆਂ ਪੈਰਾਂ ਨਾਲ ਵੀ ਲਿਖੀਆਂ ਜਾਂਦੀਆਂ ਹਨ। ਉਹ ਪੜ੍ਹਿਆ-ਲਿਖਿਆ ਆਦਮੀ ਕਹਿਣ ਲੱਗਾ, ਨਹੀਂ ! ਦਰਅਸਲ ਇਹ ਵੀ ਗੱਲ ਨਹੀਂ ! ਫਿਰ ਗੱਲ ਕੀ ਹੈ ? ਉਸ ਆਦਮੀ ਨੇ ਪੁਛਿਆ। ਤਾਂ ਉਹ ਪੜ੍ਹਿਆ-ਲਿਖਿਆ ਆਦਮੀ ਕਹਿਣ ਲੱਗਾ ਕਿ ਜਿਸ ਪਿੰਡ ਵਿਚ ਇਹ ਚਿੱਠੀ ਜਾਣੀ ਹੈ। ਉਥੇ ਵੀ ਪੜ੍ਹਿਆ-ਲਿਖਿਆ ਕੋਈ ਨਹੀਂ। ਇਹ ਚਿੱਠੀ ਪੜ੍ਹਨ ਵਾਸਤੇ ਵੀ ਮੈਨੂੰ ਹੀ ਜਾਣਾ ਪੈਣਾ ਹੈ। ਮੇਰੇ ਪੈਰ ਵਿਚ ਦਰਦ ਹੈ ਅਤੇ ਮੈਂ ਤੁਰ ਨਹੀਂ ਸਕਦਾ। ਇਸ ਵਾਸਤੇ ਮੈਂ ਇਹ ਚਿੱਠੀ ਨਹੀਂ ਲਿਖ ਸਕਦਾ।

ਦਰਅਸਲ ਇਹ ਹਕੀਕਤ ਸੀ ਕਿ ਸਿਰਫ਼ ਇਕ ਪ੍ਰਤੀਸ਼ਤ ਪੜ੍ਹਿਆ-ਲਿਖਿਆ ਬੰਦਾ ਮਿਲਦਾ ਸੀ। ਅੱਜ ਕਦਮ-ਕਦਮ ਤੇ ਸਕੂਲ, ਕਾਲਜ, ਯੂਨੀਵਰਸਟੀਆਂ ਮੌਜੂਦ ਹਨ। ਇਸ ਵਾਸਤੇ ਬੌਧਿਕ ਵਿਕਾਸ ਬਹੁਤ ਹੋਇਆ ਹੈ। ਮਨੁੱਖ ਦੀ ਜਾਣਕਾਰੀ ਹਰ ਪਹਿਲੂ ਤੋਂ ਵਧੀ ਹੈ। ਵਿਗਿਆਨ ਨੇ ਸੰਸਾਰ ਨੂੰ ਆਪਸ ਵਿਚ ਜੋੜ ਦਿੱਤਾ ਹੈ।

ਸੋ ਜਿਉਂ-ਜਿਉਂ ਮਨੁੱਖ ਦੀ ਜਾਣਕਾਰੀ ਵਧੀ ਹੈ, ਤਿਉਂ-ਤਿਉਂ ਚਤੁਰਾਈ, ਚਲਾਕੀ ਤੇ ਤਰਕ ਵੀ ਵਧਿਆ ਹੈ। ਇਸ ਨਾਲ ਕਈ ਦਿਸ਼ਾਵਾਂ ਵਿਚ ਮਨੁੱਖਤਾ ਦਾ ਨੁਕਸਾਨ ਵੀ ਹੋਇਆ ਹੈ। ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਹੈ ਕਿ ਚਾਤੁਰ ਆਦਮੀ ਪ੍ਰਮਾਤਮਾ ਤੋਂ ਇਨਕਾਰੀ ਹੋਇਆ ਹੈ। ਚਾਤੁਰ ਤੇ ਬੁੱਧੀਮਾਨ ਹਮੇਸ਼ਾ ਤਰਕ, ਦਲੀਲ ਅਤੇ ਸਬੂਤ

ਮੰਗਦਾ ਹੈ । ਪਰ ਪ੍ਰਮਾਤਮਾ ਦਾ ਕੋਈ ਪ੍ਰਤੱਖਸ਼ ਸਬੂਤ ਨਹੀਂ ਦਿੱਤਾ ਜਾ ਸਕਦਾ । ਜੇ
ਕੋਈ ਸਬੂਤ ਦਿੱਤਾ ਵੀ ਜਾਂਦਾ ਹੈ ਤਾਂ ਉਹ ਵੀ ਸੰਸਾਰ ਦਾ ਹੀ ਹਿੱਸਾ ਹੁੰਦਾ ਹੈ । ਇਸ
ਨਾਲ ਬੁੱਧੀ-ਜੀਵੀ ਸਹਿਮਤ ਨਹੀਂ ਹੁੰਦਾ । ਇਸ ਤਰ੍ਹਾਂ ਆਂਤ੍ਰਿਕ ਬੇਚੈਨੀ ਵਧਦੀ ਹੀ ਜਾਂਦੀ
ਹੈ । ਬੌਧਿਕ ਵਿਕਾਸ ਦੇ ਹੁੰਦਿਆਂ ਹੋਇਆਂ ਵੀ ਬੰਦਾ ਦੁਖੀ ਹੋਈ ਜਾ ਰਿਹਾ ਹੈ । ਸੁੱਖਾਂ
ਦੇ ਸਾਰੇ ਸਾਧਨ ਹੁੰਦਿਆਂ ਹੋਇਆਂ ਵੀ ਬੰਦਾ ਆਤਮਕ ਤੌਰ ਤੇ ਬੜਾ ਪੀੜਤ ਹੈ । ਇਸੇ
ਕਰਕੇ ਹੀ ਪਾਗ਼ਲਾਂ ਦੀ ਗਿਣਤੀ ਵਧਦੀ ਜਾਂਦੀ ਹੈ ।

ਦਰੱਖ਼ਤ ਜਿੰਨਾ ਉੱਚਾ ਉਠਦਾ ਹੈ, ਉਸ ਦੀਆਂ ਜੜ੍ਹਾਂ ਓਨੀਆਂ ਹੀ ਥੱਲੇ ਜਾਂਦੀਆਂ
ਹਨ । ਉੱਚੇ ਮਹੱਲਾਂ ਦੀ ਬੁਨਿਆਦ ਡੂੰਘੀ ਰਖਣੀ ਪੈਂਦੀ ਹੈ ।

ਸੰਸਾਰ ਦੇ ਸਾਰੇ ਸੁਖ ਪ੍ਰਾਪਤ ਕਰਕੇ ਵੀ, ਅੰਦਰੋਂ ਬੰਦਾ ਬੜਾ ਦੁਖੀ ਹੈ । ਕਾਰਨ
ਕਿ ਸੰਸਾਰ ਨੂੰ ਜਾਣਿਆ ਹੈ, ਕਰਤਾਰ ਨੂੰ ਨਹੀਂ ।

ਦਰਅਸਲ ਹਕੀਕਤ ਇਹ ਹੈ ਕਿ ਬੰਦੇ ਨੇ ਬੁੱਧੀ ਤਕ ਹੀ ਗੱਲ ਮੁਕਾ ਦਿੱਤੀ ਹੈ।
ਜਦੋਂ ਕਿ ਦਿਮਾਗ਼ (ਬੁੱਧੀ) ਸਿਰਫ਼ ਆਤਮਾ ਤਕ ਪਹੁੰਚਣ ਲਈ ਮਦਦਗਾਰ ਹੈ । ਜਿਹੜਾ
ਦਿਮਾਗ਼ ਤਕ ਹੀ ਰੁੱਕ ਗਿਆ ਉਹ ਆਤਮਾ ਦਾ ਸੁਖ ਨਹੀਂ ਮਾਣ ਸਕਦਾ ।

ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥

(ਪੰਨਾ ੩੯੬)

ਬੰਦੇ ਦੇ, ਸੰਸਾਰ ਨਾਲ ਕਿਵੇਂ ਸਬੰਧ ਪੱਕਦੇ ਹਨ, ਇਹ ਗਿਆਨ ਤਾਂ ਬਾ-ਖ਼ੂਬੀ ਸਿੱਖ
ਲਿਆ ਹੈ । ਪਰ ਕਰਤਾਰ ਨਾਲ ਕਿਵੇਂ ਸਬੰਧ ਬਣ ਸਕਦਾ ਹੈ, ਇਹ ਨਹੀਂ ਸਿੱਖਿਆ।
ਦਰਅਸਲ ਬੰਦਾ ਬੜਾ ਚਲਾਕ ਹੈ । ਇਹ ਉਹੀ ਬੋਲੀ ਬੋਲ ਕੇ ਕਰਤਾਰ ਨੂੰ ਬੁਲਾਉਂਦਾ
ਹੈ, ਜਿਹੜੀ ਬੋਲੀ ਸੰਸਾਰ ਨਾਲ ਬੋਲਦਾ ਹੈ। ਸੰਸਾਰ ਵਿਚ ਤਾਂ ਚਲਾਕ ਬੰਦਾ ਹੀ ਕਾਮਯਾਬ
ਰਹਿ ਸਕਦਾ ਹੈ। ਪਰ ਕਰਤਾਰ ਨਾਲ ਮਿਲਣ ਲਈ ਬੜਾ ਸੱਚਾ, ਸਿੱਧਾ ਅਤੇ ਭੋਲਾਪਣ
ਚਾਹੀਦਾ ਹੈ ।

ਇਹ ਪ੍ਰਮਾਣ ਬੜਾ ਸਮਝਣ ਯੋਗ ਹੈ ਕਿ ਜਿਹੜਾ ਜੰਮਦਾ ਬੱਚਾ ਹੈ, ਉਸ ਨੂੰ ਕੋਈ
ਪਤਾ ਨਹੀਂ ਕਿ ਮੇਰੀ ਮਾਂ ਕੌਣ ਹੈ ? ਮੇਰਾ ਬਾਪ ਕੌਣ ਹੈ ? ਉਹ ਸਿਰਫ਼ ਰੋਂਦਾ ਹੈ । ਮਾਂ
ਦੌੜ ਕੇ ਉਸ ਨੂੰ ਚੁੱਕ ਲੈਂਦੀ ਹੈ । ਮਾਂ-ਬਾਪ ਦੇ ਅੰਦਰ ਕੁਦਰਤ ਨੇ ਇਕ ਮਮਤਾ ਦਾ
ਜਜ਼ਬਾ ਰਖਿਆ ਹੈ । ਇਹ ਜਜ਼ਬਾ ਹੀ ਬੱਚੇ ਲਈ ਬਹੁਤ ਵੱਡਾ ਸਹਾਰਾ ਹੈ। ਇਸ਼ਾਰਾ
ਇਹ ਬੜਾ ਵਧੀਆ ਹੈ ਕਿ ਅਸੀਂ ਉਸ ਪ੍ਰਭੂ ਨਾਲ ਇਕ ਮਾਸੂਮ ਬੱਚੇ ਵਾਲਾ ਰਿਸ਼ਤਾ
ਵੀ ਜੋੜ ਲਈਏ, ਤਾਂ ਵੀ ਗੱਲ ਬਣ ਸਕਦੀ ਹੈ । ਤਾਂ ਵੀ ਉਹ ਸਾਡੀ ਅਵਾਜ਼ ਸੁਣ
ਸਕਦਾ ਹੈ । ਦਰਅਸਲ ਬੰਦਾ ਬੜਾ ਚਲਾਕ ਹੈ । ਇਹ ਪ੍ਰਭੂ ਨਾਲ ਵੀ ਉਹੀ ਚਲਾਕੀ
ਦੀ ਅਵਾਜ਼ ਨਾਲ ਬੋਲਦਾ ਹੈ । ਜਾਂ ਤਾਂ ਇਹ ਇਕ ਮਾਸੂਮ ਬੱਚੇ ਵਾਂਗ ਰਹਿੰਦਾ । ਬੱਚਾ
ਬੜਾ ਭੋਲਾ ਹੁੰਦਾ ਹੈ। ਭੋਲੇਪਣ ਦੀ ਭਗਤੀ ਵਿਚ ਬੜਾ ਰਸ ਹੁੰਦਾ ਹੈ। ਪਰ ਬੰਦਾ ਮਾਸੂਮ
ਬੱਚੇ ਦੀ ਬੋਲੀ ਭੁੱਲ ਗਿਆ ਹੈ । ਇਸ ਗਿਆਨ ਵਾਸਤੇ ਬੰਦੇ ਨੂੰ ਗੁਰੂ ਦੀ ਲੋੜ ਹੈ।
ਦਿਮਾਗ਼ ਵਿਚ ਉਹ ਗਿਆਨ ਭਰਿਆ ਪਿਆ ਹੈ, ਜਿਸ ਨਾਲ ਸੰਸਾਰ ਕਮਾਇਆ ਜਾ
ਸਕਦਾ ਹੈ । ਪਰ ਸੰਸਾਰ ਸਰੀਰ ਤਕ ਹੀ ਸੀਮਤ ਰੱਖਣਾ ਚਾਹੀਦਾ ਹੈ । ਮਨ ਵਿਚ ਤਾਂ

ਪ੍ਰਭੂ ਦੇ ਗਿਆਨ ਨੂੰ ਥਾਂ ਮਿਲਣੀ ਚਾਹੀਦੀ ਹੈ। ਦਰਅਸਲ ਜਿਸ ਗਿਆਨ ਨੂੰ ਬੰਦਾ ਗਿਆਨ ਸਮਝਦਾ ਹੈ, ਉਹ ਗਿਆਨ ਨਹੀਂ ਹੁੰਦਾ। ਬਹੁਤੀ ਉਸ ਵਿਚ ਜੂਠ ਹੀ ਹੁੰਦੀ ਹੈ। ਭਾ: ਸਾਹਿਬ ਭਾਈ ਵੀਰ ਸਿੰਘ ਨੇ ਇਕ ਬੜੀ ਸੁੰਦਰ ਰੁਬਾਈ ਲਿਖੀ ਹੈ। ਉਹ ਕਹਿੰਦੇ ਹਨ ਕਿ—

ਸਿਰ ਕਚਕੌਲ ਬਣਾ ਹੱਥ ਲੀਤਾ, ਪੜਿਆ ਦੁਆਰੇ ਫਿਰਿਆ ॥

ਕਚਕੌਲ ਨਾਮ ਭਿਖਿਆ ਪਾਤਰ ਦਾ ਹੈ। ਇਕ ਭਿਖਿਆ ਤਾਂ ਹੁੰਦੀ ਹੈ, ਭੋਜਨ ਦੀ, ਅਨਾਜ ਦੀ। ਗ਼ਰੀਬ ਭਿਖਾਰੀ ਅੰਨ ਧਨ ਅਤੇ ਭੋਜਨ ਦੀ ਭਿਖਿਆ ਲੋਕਾਂ ਕੋਲੋਂ ਮੰਗਦੇ ਹਨ। ਪਰ ਜਿਸ ਭਿਖਿਆ ਦੀ ਗੱਲ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਕਰਦੇ ਹਨ, ਉਹ ਭਿਖਿਆ ਗਿਆਨ ਦੀ ਹੈ। ਯਾਨੀ ਕਿ ਵਿਦਿਆ ਦੀ ਭਿਖਿਆ। ਇਕ ਗੱਲ ਕਿਤੋਂ ਸੁਣੀ ਤੇ ਦਿਮਾਗ਼ ਵਿਚ ਬਿਠਾ ਲਈ। ਕੋਈ ਕਿਤੋਂ ਪੜ੍ਹੀ ਅਤੇ ਭਰ ਲਈ। ਕੁਝ ਕਿਤੋਂ ਵੇਖਿਆ ਅਤੇ ਗ੍ਰਹਿਣ ਕਰ ਲਿਆ। ਇਹ ਸਭ ਕੁਝ ਇਕੱਠਾ ਕਰਕੇ ਕਿਹਾ ਕਿ ਗਿਆਨੀ ਹੋ ਗਏ। ਮਗਰ ਇਹ ਆਪਣਾ ਗਿਆਨ ਨਹੀਂ ਹੈ। ਸਭ ਕੁਝ ਉਧਾਰ ਹੈ। ਨਿਜੀ ਅਨੁਭਵ ਕੁਝ ਵੀ ਨਹੀਂ ਹੈ। ਭਾਈ ਸਾਹਿਬ ਜ਼ਿਕਰ ਕਰਦੇ ਹਨ ਕਿ—

ਸਿਰ ਕਚਕੌਲ ਬਣਾ ਹੱਥ ਲੀਤਾ, ਪੜਿਆ ਦੁਆਰੇ ਫਿਰਿਆ ॥
ਮੰਗ ਮੰਗ ਕੇ ਟੁਕ ਇਸ ਵਿਚ ਪਾਏ, ਤੁੰਨ ਤੁੰਨ ਇਸ ਨੂੰ ਭਰਿਆ ॥

ਮੰਗ-ਮੰਗ ਕੇ ਤੋਂ ਭਾਵ ਹੈ ਕਿ ਸਭ ਦੂਜਿਆਂ ਤੋਂ ਗਿਆਨ ਪ੍ਰਾਪਤ ਕੀਤਾ। ਆਪਣਾ ਨਿਜੀ ਅਨੁਭਵ ਕੁਝ ਵੀ ਨਹੀਂ। ਇਸ ਉਧਾਰੇ ਗਿਆਨ ਦਾ ਹੰਕਾਰ ਇੰਨਾ ਕਿ—

ਭਰਿਆ ਵੇਖ ਆਫਰਿਆ ਸਾਂ ਮੈਂ, ਜਾਣਾਂ ਪੰਡਿਤ ਹੋਇਆ ॥

ਇੰਨੀ ਹਉਮੈ ਇਕੱਠੀ ਹੋ ਗਈ ਕਿ ਸਮਝਿਆ ਮੈਂ ਬੜਾ ਗਿਆਨੀ ਹੋ ਗਿਆ ਹਾਂ। ਵੱਡਾ ਪੰਡਿਤ ਹੋਇਆ ਹਾਂ। ਇਹ ਝੂਠਾ ਹੰਕਾਰ ਹੈ।

ਟਿਕੇ ਨਾ ਪੈਰ ਜ਼ਿਮੀਂ ਤੇ ਮੇਰਾ, ਉਚਾ ਹੋ ਹੋ ਤੁਰਿਆ ॥

ਦਰਅਸਲ ਹੰਕਾਰ, ਬੰਦੇ ਦੇ ਪੈਰਾਂ ਨੂੰ ਉੱਚਾ ਹੀ ਰੱਖਦਾ ਹੈ। ਹੰਕਾਰੀ, ਜਾਂ ਤਾਂ ਡਿੱਗਦਾ ਹੈ ਜਾਂ ਡਿਗਾਉਂਦਾ ਹੈ। ਹੰਕਾਰੀ ਬੰਦਾ ਦੂਜਿਆਂ ਤੋਂ ਝੂਠੀ ਤਾਰੀਫ਼ ਸੁਣਨਾ ਚਾਹੁੰਦਾ ਹੈ। ਉਧਾਰੇ ਗਿਆਨ ਦੇ ਗਿਆਨੀ ਨੂੰ ਵੀ ਬੜਾ ਹੰਕਾਰ ਹੁੰਦਾ ਹੈ।

ਸਾਖੀ—ਇਕ ਸੰਤ ਹੋਏ ਹਨ। ਮਾਲੂਕ ਦਾਸ ਉਨ੍ਹਾਂ ਦਾ ਨਾਮ ਸੀ। ਉਨ੍ਹਾਂ ਨੂੰ ਇਹੋ ਭਰਮ ਹੋ ਗਿਆ ਕਿ ਬੜੀ ਵਿਦਿਆ ਪ੍ਰਾਪਤ ਕਰ ਲਈ ਹੈ। ਬੜੇ ਵਿਦਵਾਨ ਹੋ ਗਏ ਹਾਂ। ਜਿਹੜਾ ਵੀ ਉਨ੍ਹਾਂ ਨੂੰ ਮਿਲੇ, ਉਹ ਨੂੰ ਹੀ ਉਪਦੇਸ਼ ਕਰਨ ਲੱਗ ਜਾਂਦੇ ਸਨ। ਇਕ ਵਾਰ ਉਨ੍ਹਾਂ ਦਾ ਭਰਮ ਇਸ ਤਰ੍ਹਾਂ ਟੁੱਟਾ ਕਿ ਇਕ ਮਾਸੂਮ ਬੱਚੇ ਨੇ ਹੀ ਉਨ੍ਹਾਂ ਨੂੰ ਲਾ-ਜਵਾਬ ਕਰ ਛੱਡਿਆ। ਘਟਨਾ ਇਸ ਤਰ੍ਹਾਂ ਬੀਤੀ ਕਿ ਇਕ ਛੋਟਾ ਮਾਸੂਮ ਬੱਚਾ ਆਪਣੇ ਹੱਥ ਤੇ ਥਾਲੀ ਵਿਚ ਦੀਵਾ ਜਗਾ ਕੇ ਲਈ ਜਾਂਦਾ ਸੀ। ਸੰਤ ਮਾਲੂਕ ਦਾਸ ਉਸ ਬੱਚੇ ਨੂੰ ਰਸਤੇ ਵਿਚ ਮਿਲ ਪਏ। ਸੰਤ ਉਸ ਬੱਚੇ ਨੂੰ ਪੁੱਛਣ ਲਗੇ, ਕਾਕਾ ! ਦੀਵਾ ਕਿਥੇ ਲੈ ਕੇ ਜਾ ਰਿਹਾ ਹੈਂ ? ਬੱਚਾ ਕਹਿਣ ਲਗਾ, ਬਾਬਾ ਜੀ ! ਦੀਵਾ ਮੈਂ ਮੰਦਰ ਵਿਚ ਜਗਾਉਣ ਵਾਸਤੇ ਜਾ ਰਿਹਾ ਹਾਂ। ਬੱਸ ! ਸੰਤ ਮਾਲੂਕ ਦਾਸ ਉਸ ਬੱਚੇ ਨੂੰ ਹੀ ਉਪਦੇਸ਼ ਕਰਨ ਲੱਗ

ਪਏ। ਕਹਿਣ ਲਗੇ, ਬੇਟਾ ! ਇਸ ਦੀਵੇ ਦੀ ਜੋਤ ਕਿਥੋਂ ਆਈ ਹੈ ? ਬੱਚੇ ਨੇ ਦੀਵੇ ਨੂੰ ਫੂਕ ਮਾਰੀ ਤੇ ਦੀਵਾ ਬੁਝਾ ਦਿੱਤਾ। ਕਹਿਣ ਲਗਾ, ਬਾਬਾ ਜੀ ! ਤੁਸੀਂ ਦੱਸੋ ਜੋਤ ਕਿਥੇ ਗਈ ਹੈ ? ਫਿਰ ਮੈਂ ਦੱਸਾਂਗਾ ਕਿ ਜੋਤ ਕਿਥੋਂ ਆਉਂਦੀ ਹੈ। ਸੰਤ ਮਾਲੂਕ ਦਾਸ ਨੇ ਉਸ ਬੱਚੇ ਦੇ ਪੈਰ ਫੜ ਲਏ। ਆਖਿਆ ! ਤੂੰ ਤਾਂ ਕਮਾਲ ਕਰ ਦਿੱਤੀ ਹੈ। ਇਹ ਉਪਦੇਸ਼ ਤਾਂ ਅੱਜ ਤਕ ਮੇਰੇ ਗੁਰੂ ਨੇ ਵੀ ਮੈਨੂੰ ਨਹੀਂ ਦਿੱਤਾ, ਜਿਹੜਾ ਗਿਆਨ ਤੂੰ ਦੇ ਦਿੱਤਾ ਹੈ। ਮੈਨੂੰ ਤਾਂ ਅਜੇ ਤਕ ਇਹ ਵੀ ਪਤਾ ਨਹੀਂ ਕਿ ਜੋਤ ਜਾਂਦੀ ਕਿਥੇ ਹੈ। ਮੈਂ ਤਾਂ ਲੋਕਾਂ ਨੂੰ ਅੱਜ ਤਕ ਬੜਾ ਉਪਦੇਸ਼ ਕਰਦਾ ਰਿਹਾ ਹਾਂ ਕਿ ਸ੍ਰਿਸ਼ਟੀ ਕਿਥੋਂ ਆਈ ਹੈ। ਕਿਥੇ ਜਾਏਗੀ। ਬੜੇ ਨਰਕ ਸੁਰਗਾਂ ਦੇ ਨਕਸ਼ੇ ਦੱਸੇ ਹਨ। ਬਹੁਤ ਕੁਝ ਦੱਸਦਾ ਰਿਹਾ ਹਾਂ। ਪਰ ਮੈਨੂੰ ਤਾਂ ਅਜੇ ਤਕ ਇਹ ਵੀ ਪਤਾ ਨਹੀਂ ਪਈ ਦੀਵੇ ਦੀ ਜੋਤ ਕਿਥੇ ਗਈ ਹੈ। ਸੰਤ ਮਾਲਕ ਦਾਸ ਕਹਿੰਦੇ ਹਨ ਕਿ ਮੇਰਾ ਭਰਮ ਤੇ ਜਿਹੜਾ ਟੁੱਟਣਾ ਸੀ ਸੋ ਟੁੱਟਿਆ। ਪਰ ਮੇਰੇ ਸਵੈਭਿਮਾਨ ਨੂੰ ਬੜੀ ਚੋਟ ਲਗੀ ਕਿ ਇਕ ਮਾਸੂਮ ਬੱਚੇ ਨੇ ਹੀ ਮੈਨੂੰ ਲਾ-ਜਵਾਬ ਕਰ ਛੱਡਿਆ ਹੈ। ਬੱਚੇ ਦੇ ਪੈਰਾਂ ਤੇ ਸਿਰ ਰੱਖ ਕੇ ਸੰਤ ਮਾਲੂਕ ਦਾਸ ਨੇ ਕਿਹਾ ਕਿ ਤੂੰ ਮੈਨੂੰ ਬੜੀ ਵੱਡੀ ਹਕੀਕਤ ਦੱਸੀ ਹੈ। ਬੱਸ ! ਇਸੇ ਹੀ ਹਕੀਕਤ ਨੂੰ ਭਾਈ ਵੀਰ ਸਿੰਘ ਜੀ ਬਿਆਨ ਕਰ ਰਹੇ ਹਨ ਕਿ ਉਧਾਰੇ ਗਿਆਨ ਨਾਲ, ਬੰਦਾ ਗਿਆਨੀ ਬਣਿਆ ਫਿਰਦਾ ਹੈ। ਭਾਈ ਸਾਹਿਬ ਨੇ ਬੜੇ ਗ਼ਜ਼ਬ ਦੀ ਗੱਲ ਆਖੀ ਹੈ ਕਿ—

ਇਕ ਦਿਨ ਇਹ ਕਚਕੌਲ ਲੈ ਗਿਆ, ਮੁਰਸ਼ਦ ਮੂਹਰੇ ਧਰਿਆ ॥

ਇਹ ਜੋ ਦਿਮਾਗ਼ ਦਾ ਭਰਿਆ ਹੋਇਆ ਪਿਆਲਾ ਸੀ, ਗੁਰੂ ਕੋਲ ਵੀ ਲੈ ਗਿਆ। ਪਈ ਮਹਾਰਾਜ ! ਬੜਾ ਵੱਡਾ ਗਿਆਨੀ ਆਇਆ ਹੈ। ਵਿਦਵਾਨ ਆਇਆ ਹੈ। ਮੈਂ ਤੁਹਾਨੂੰ ਕੋਈ ਗਿਆਨ ਸੁਣਾਵਾਂਗਾ। ਪਰ ਜਦੋਂ ਸਤਿਗੁਰੂ ਨੇ ਇਹ ਗਿਆਨ ਦਾ ਭਰਿਆ ਕਚਕੌਲ ਵੇਖਿਆ ਤਾਂ—

ਜੂਠ ਜੂਠ ਕਰ ਉਸ ਉਲਟਾਇਆ, ਖਾਲੀ ਸਾਰਾ ਕਰਿਆ ॥

ਗੁਰਦੇਵ ਕਹਿਣ ਲੱਗੇ, ਇਸ ਵਿਚ ਤਾਂ ਸਾਰੀ ਜੂਠ ਭਰੀ ਪਈ ਹੈ। ਤੇਰਾ ਆਪਣਾ ਗਿਆਨ ਤਾਂ ਇਸ ਵਿਚ ਕੁਝ ਵੀ ਨਹੀਂ। ਬੱਸ ! ਜਿਹੜੇ ਗਿਆਨ ਦਾ ਮੈਨੂੰ ਅਭਿਮਾਨ ਸੀ, ਉਹ ਭਰੇ ਭਰਾਏ ਕਟੋਰੇ ਨੂੰ ਸਤਿਗੁਰੂ ਨੇ ਪੁੱਠਾ ਕਰ ਕੇ ਉਲਟਾ ਦਿੱਤਾ। ਇਹ ਵਿਚਾਰ ਧਿਆਨ ਯੋਗ ਹੈ ਪਈ ਦਿਮਾਗ਼ੀ ਪਵਿੱਤਰਤਾ ਗੁਰੂ ਤੋਂ ਬਿਨਾਂ ਹੋਰ ਕਿਤੋਂ ਮਿਲ ਵੀ ਨਹੀਂ ਸਕਦੀ। ਭਾਈ ਸਾਹਿਬ ਅੱਗੇ ਕਹਿੰਦੇ ਹਨ ਕਿ ਸਤਿਗੁਰ ਨੇ—

ਮਲ ਮਲ ਕੇ ਫਿਰ ਧੋਤਾ ਇਸ ਨੂੰ, ਮੈਲ ਇਲਮ ਦੀ ਲਾਹੀ ॥

ਇਹ ਹਕੀਕਤ ਹੈ ਕਿ ਦਿਮਾਗ਼ੀ ਵਿਦਿਆ ਹੋਰ ਹੈ ਅਤੇ ਆਤਮਕ ਵਿਦਿਆ ਹੋਰ ਹੈ। ਨਹੀਂ ਤਾਂ ਭਾਈ ਗੁਰਦਾਸ ਵਰਗੇ ਵਿਦਵਾਨਾਂ ਨੂੰ ਸਤਿਗੁਰ ਦੇ ਜੋੜੇ ਝਾੜਨ ਦੀ ਲੋੜ ਨਹੀਂ ਸੀ। ਭਾਈ ਨੰਦ ਲਾਲ ਵਰਗੇ, ਆਲਮ ਫ਼ਾਜ਼ਲ ਬੰਦੇ ! ਜਿਨ੍ਹਾਂ ਕੋਲ ਔਰੰਗਜ਼ੇਬ ਦੇ ਬੱਚੇ ਤਾਲੀਮ ਹਾਸਲ ਕਰਦੇ ਰਹੇ ਹੋਣ। ਚਾਂਦੀ ਦੀ ਕੁਰਸੀ ਉੱਪਰ ਬੈਠਣ ਦਾ ਮਾਣ ਔਰੰਗਜ਼ੇਬ ਦੀ ਸਭਾ ਵਿਚ ਪ੍ਰਾਪਤ ਹੋਵੇ, ਉਹ ਆਲਮ ਫ਼ਾਜ਼ਲ ਬੰਦਾ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਵਿਚ ਆ ਕੇ ਲੰਗਰ ਪਕਾਵੇ ? ਸੰਗਤਾਂ ਦੇ ਜੂਠੇ ਭਾਂਡੇ ਮਾਂਜੇ ! ਦਰਅਸਲ

ਦਿਮਾਗ਼ੀ ਗਿਆਨ ਹੋਰ ਹੁੰਦਾ ਹੈ। ਨਾਲੇ ਉਧਾਰਾ ਹੁੰਦਾ ਹੈ। ਆਤਮਕ -ਗਿਆਨ ਤਾਂ ਸੱਚੇ ਸਤਿਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ—

ਮਲ ਮਲ ਕੇ ਫਿਰ ਧੋਤਾ ਇਸ ਨੂੰ, ਮੈਲ ਇਲਮ ਦੀ ਲਾਹੀ ॥
ਵੇਖੋ ਇਹ ਕਚਕੌਲ ਲਿਸ਼ਕਿਆ, ਕੰਵਲ ਵਾਂਗ ਫਿਰ ਖਿੜਿਆ ॥

ਜੇ ਆਤਮਕ ਗਿਆਨ ਪ੍ਰਾਪਤ ਕਰਨਾ ਹੈ ਤਾਂ ਸਾਨੂੰ ਸੱਚੇ ਸਤਿਗੁਰੂ ਦਾ ਪੱਲਾ ਫੜਨਾ ਪਏਗਾ। ਨਾਲ ਹੀ ਆਪਣਾ ਗਿਆਨ ਦਿਮਾਗ ਤੋਂ ਧੋਣਾ ਪਏਗਾ। ਯਾਨੀ ਕਿ ਦਿਮਾਗ਼ੀ ਜੂਠ ਧੋਣੀ ਪਵੇਗੀ। ਇਕ ਕਹਾਣੀ ਹੈ ਛੋਟੀ ਜਿਹੀ, ਇਕ ਸੰਗੀਤਕਾਰ ਵਿਦਿਆਰਥੀਆਂ ਨੂੰ ਸੰਗੀਤ ਬੜੇ ਚੰਗੇ ਢੰਗ ਨਾਲ ਸਿਖਾਉਂਦਾ ਸੀ। ਇਕ ਦਿਨ ਇਕ ਆਦਮੀ ਆਪਣੇ ਬੱਚੇ ਨੂੰ ਨਾਲ ਲੈ ਕੇ ਉਸ ਕੋਲ ਗਿਆ ਤੇ ਕਹਿਣ ਲੱਗਾ, ਮੇਰੇ ਬੱਚੇ ਨੂੰ ਵੀ ਸੰਗੀਤ ਲਈ ਦਾਖ਼ਲ ਕਰ ਲਉ। ਉਸ ਆਦਮੀ ਨੇ ਸੰਗੀਤਕਾਰ ਨੂੰ ਪੁਛਿਆ, ਦੱਸੋ ਸੰਗੀਤ ਸਿਖਾਉਣ ਦੀ ਕਿੰਨੀ ਫ਼ੀਸ ਲਉਗੇ ? ਸੰਗੀਤਕਾਰ ਉਸ ਬੱਚੇ ਨੂੰ ਪੁਛਣ ਲੱਗਾ, ਕਾਕਾ! ਤੈਨੂੰ ਪਹਿਲਾਂ ਵੀ ਕੁਝ ਆਉਂਦਾ ਹੈ ਕਿ ਨਹੀਂ ? ਬੱਚਾ ਕਹਿਣ ਲਗਾ, ਆਉਂਦਾ ਹੈ। ਸੰਗੀਤਕਾਰ ਕਹਿਣ ਲੱਗਾ, ਸੁਣਾ। ਬੱਚੇ ਨੇ ਜੋ ਆਉਂਦਾ ਸੀ ਉਹ ਸੁਣਾਇਆ। ਸੰਗੀਤਕਾਰ ਨੇ ਬੱਚੇ ਨੂੰ ਸੁਣਿਆ ਅਤੇ ਬੱਚੇ ਦੇ ਬਾਪ ਨੂੰ ਆਖਿਆ, ਮਿੱਤਰਾ ! ਹੋਰ ਜਿਨ੍ਹਾਂ ਬੱਚਿਆਂ ਨੂੰ ਕੁਝ ਨਹੀਂ ਆਉਂਦਾ ਉਨ੍ਹਾਂ ਕੋਲੋਂ ਤਾਂ ਮੈਂ ਇਕ ਸੌ ਰੁਪਏ ਫ਼ੀਸ ਲੈਂਦਾ ਹਾਂ, ਪਰ ਤੇਰੇ ਬੱਚੇ ਦੀ ਫ਼ੀਸ ਦੁਗਣੀ ਲਵਾਂਗਾ। ਯਾਨੀ ਕਿ ਦੋ ਸੌ ਰੁਪਏ ਲਵਾਂਗਾ। ਉਹ ਆਦਮੀ ਸੁਣ ਕੇ ਬੜਾ ਹੈਰਾਨ ਹੋਇਆ ਅਤੇ ਪੁਛਣ ਲੱਗਾ, ਉਸਤਾਦ ਜੀ ! ਜਿਨ੍ਹਾਂ ਬੱਚਿਆਂ ਨੂੰ ਕੁਝ ਨਹੀਂ ਆਉਂਦਾ, ਉਨ੍ਹਾਂ ਕੋਲੋਂ ਸੌ ਰੁਪਏ ਫ਼ੀਸ ਲੈਂਦੇ ਹੋ। ਮੇਰੇ ਬੱਚੇ ਨੂੰ ਤਾਂ ਕੁਝ ਆਉਂਦਾ ਹੈ। ਇਹ ਫ਼ੀਸ ਦੋ ਸੌ ਰੁਪਏ ਕਿਉਂ ? ਉਸਤਾਦ ਕਹਿਣ ਲੱਗਾ ਕਿ ਤੁਹਾਡੇ ਬੱਚੇ ਨਾਲ ਡਬਲ ਮਿਹਨਤ ਕਰਨੀ ਪੈਣੀ ਹੈ। ਜੋ ਕੁਝ ਪਹਿਲਾਂ ਇਹ ਨੇ ਸਿਖਿਆ ਹੈ, ਉਹ ਗ਼ਲਤ ਹੈ। ਉਹ ਭੁਲਾਉਣਾ ਪੈਣਾ ਹੈ। ਨਵਾਂ ਸਿਖਾਉਣਾ ਪੈਣਾ ਹੈ। ਇਸ ਵਾਸਤੇ ਗੁਰੂ ਨੂੰ ਸਾਡੇ ਨਾਲ ਡਬਲ ਮਿਹਨਤ ਕਰਨੀ ਪੈਂਦੀ ਹੈ। ਪਹਿਲਾਂ ਸਾਡੀ ਬੁੱਧੀ ਵਿਚੋਂ ਮੈਲ ਧੋਣੀ ਹੈ। ਫਿਰ ਉਸ ਬਰਤਨ ਵਿਚ ਅੰਮ੍ਰਿਤ ਗਿਆਨ ਪਾਉਂਦਾ ਹੈ।

ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥

(ਪੰਨਾ ੪)

ਗਿਆਨ ਪ੍ਰਾਪਤ ਕਰਨ ਦੀ ਸਿੱਖਿਆ ਮਨੁੱਖ ਨੂੰ ਆ ਗਈ ਹੈ। ਮਗਰ ਬ੍ਰਹਮ ਗਿਆਨ ਪ੍ਰਾਪਤ ਕਰਨ ਦੀ ਨਹੀਂ ਆਈ। ਬ੍ਰਹਮ ਵਿਦਿਆ ਨੂੰ ਪ੍ਰਾਪਤ ਕਰਨ ਲਈ ਵਿਦਿਆ ਨੂੰ ਛੱਡਣਾ ਪੈਂਦਾ ਹੈ। ਦਿਮਾਗ਼ੀ ਵਿਚਾਰਾਂ ਜੇਕਰ ਸ਼ਾਂਤ ਨਾ ਹੋਣ ਤਾਂ ਇਹ ਬਹੁਤ ਤੇਜ਼ ਵਿਚਾਰਾਂ ਦਾ ਵੇਗ ਮਨੁੱਖ ਨੂੰ ਪਾਗ਼ਲਪਨ ਦੀ ਹਾਲਤ ਤਕ ਪਹੁੰਚਾ ਸਕਦਾ ਹੈ। ਪਾਗ਼ਲਖਾਨਿਆਂ ਵਿਚ ਜ਼ਿਆਦਾ ਗਿਣਤੀ ਇਹੋ ਜਿਹੇ ਲੋਕਾਂ ਦੀ ਹੈ।

ਦੂਜੇ ਥੋੜੇ-ਥੋੜੇ ਉਹ ਲੋਕ ਹਨ, ਜਿਨ੍ਹਾਂ ਨੇ ਆਪਣੇ ਵਿਚਾਰਾਂ ਦੇ ਵੇਗ ਤੇ ਕਾਬੂ ਪਾ ਲਿਆ ਹੈ। ਉਨ੍ਹਾਂ ਦਾ ਮਨ ਸ਼ਾਂਤ ਹੋ ਗਿਆ ਹੈ। ਉਹ ਇਕਾਗਰਤਾ ਦੇ ਡੂੰਘੇ ਰਸ ਵਿਚ ਖੋਏ ਹਨ।

ਦੋ ਤਰ੍ਹਾਂ ਦੇ ਲੋਕਾਂ ਦਾ ਆਮ ਲੋਕਾਂ ਨਾਲ ਤਾਲ-ਮੇਲ ਨਹੀਂ ਬੈਠਦਾ। ਇਕ ਉਹ ਲੋਕ ਹਨ, ਜੋ ਵਿਚਾਰਾਂ ਦੇ ਅਤੀ ਤੇਜ਼ ਵੇਗ ਕਰਕੇ ਆਪਣਾ ਦਿਮਾਗ਼ੀ ਤਵਾਜ਼ਨ ਖੋ ਬੈਠਦੇ ਹਨ। ਫਿਰ ਉਹ ਪਾਗ਼ਲ ਹੁੰਦੇ ਹਨ।

ਦੂਜੇ ਉਹ ਲੋਕ ਹਨ, ਜਿਨ੍ਹਾਂ ਨੇ ਆਪਣੇ ਬੇਲੋੜੇ ਵਿਚਾਰਾਂ ਦੇ ਪਰਵਾਹ ਨੂੰ ਰੋਕ ਕੇ ਪਰਮ ਸ਼ਾਂਤੀ ਪ੍ਰਾਪਤ ਕੀਤੀ ਹੈ। ਆਤਮਿਕ ਅਨੰਦ ਪ੍ਰਾਪਤ ਕੀਤਾ ਹੈ। ਆਮ ਲੋਕਾਂ ਦੀ ਦ੍ਰਿਸ਼ਟੀ ਵਿਚ ਇਹ ਦੋਵੇਂ ਹੀ ਪਾਗ਼ਲ ਹਨ।

ਪਾਗ਼ਲ ਦੇ ਖ਼ਿਆਲ ਏਨੇ ਨੀਵੇਂ ਹਨ ਕਿ ਆਮ ਬੰਦੇ ਦੇ ਪੈਰਾਂ ਹੇਠੋਂ ਲੰਘਦੇ ਹਨ। ਪਰ ਸ਼ਾਂਤ-ਚਿੱਤ ਭਗਤ ਦਾ ਰਹਿਣ-ਸਹਿਣ ਤੇ ਬੋਲ-ਚਾਲ ਏਨਾ ਉੱਚਾ ਹੈ ਕਿ ਆਮ ਬੰਦੇ ਦੀ ਸਮਝ ਵਿਚ ਨਹੀਂ ਆਉਂਦਾ। ਇਕ ਦੇ ਤੀਰ (ਬਾਣ) ਇੰਨੇ ਕਮਜ਼ੋਰ ਹਨ ਕਿ ਉਚੇ ਨਹੀਂ ਜਾਂਦੇ। ਪੈਰਾਂ ਵਿਚ ਹੀ ਡਿਗਦੇ ਹਨ। ਇਕ ਦੇ ਬਾਨ ਵਿਚ ਇੰਨੀ ਸ਼ਕਤੀ ਹੈ ਕਿ ਅਕਾਸ਼ ਦੀ ਬੁਲੰਦੀ ਨੂੰ ਛੂੰਹਦੇ ਹਨ। ਉਹ ਵੀ ਆਮ ਲੋਕਾਂ ਦੀ ਸਮਝ ਤੋਂ ਪਰ੍ਹੇ ਹਨ। ਇਸ ਵਾਸਤੇ ਹੀ ਜਿਥੇ ਪਾਗ਼ਲ ਨੂੰ ਪਾਗ਼ਲਖਾਨੇ ਵਿਚ ਰਖਿਆ ਜਾਂਦਾ ਹੈ, ਉਥੇ ਸ਼ਾਂਤ ਚਿੱਤ ਮਹਾਂਪੁਰਖ ਨੂੰ ਵੀ ਰਾਹੀਆ, ਕੁਰਾਹੀਆ, ਪਗ਼ਲਾ, ਦੀਵਾਨਾ ਆਖਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਮਹਾਰਾਜ, ਆਪਣਾ ਨਿੱਜੀ ਅਨੁਭਵ ਦਰਸਾਉਂਦੇ ਹਨ ਕਿ—

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥

(ਪੰਨਾ ੯੯੧)

ਇਸੇ ਵਾਸਤੇ ਜਿਥੇ ਪਾਗ਼ਲ ਨੂੰ ਪਾਗ਼ਲਖਾਨੇ ਭੇਜਿਆ ਜਾਂਦਾ ਹੈ, ਉਥੇ ਮਹਾਂਪੁਰਖਾਂ ਨੂੰ ਤੱਤੀ ਤਵੀ ਤੇ ਬਿਠਾਇਆ ਜਾਂਦਾ ਹੈ। ਚਾਂਦਨੀ ਚੌਕ 'ਚ ਕੱਟਿਆ ਜਾਂਦਾ ਹੈ। ਉਬਲਦੀ ਦੇਗ਼ ਵਿਚ ਉਬਾਲਿਆ ਜਾਂਦਾ ਹੈ। ਬੰਦ-ਬੰਦ ਕੱਟਣ ਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ।

ਪਾਗ਼ਲ ਵਾਸਤੇ ਤਾਂ ਲੋਕਾਂ ਵਿਚ ਹਮਦਰਦੀ ਦੀ ਵੀ ਥਾਂ ਹੁੰਦੀ ਹੈ। ਪਰ ਮਹਾਂਪੁਰਖਾਂ ਵਾਸਤੇ ਨਹੀਂ। ਦਰਅਸਲ ਮਹਾਂਪੁਰਖ ਦੀ ਆਤਮਕ ਪ੍ਰਸੰਨਤਾ ਸੰਸਾਰੀਆਂ ਦੇ ਹੰਕਾਰ ਨੂੰ ਚੋਟ ਮਾਰਦੀ ਹੈ। ਇਸ ਵਾਸਤੇ ਮਹਾਂਪੁਰਖ ਨੂੰ ਸਹਿਣ ਕਰਨਾ ਔਖਾ ਹੈ। ਮਹਾਂਪੁਰਖਾਂ ਤੋਂ ਪਿੱਛਾ ਛੁਡਾਉਣ ਦਾ ਅਸਾਨ ਤਰੀਕਾ ਫਿਰ ਇਹ ਹੀ ਹੁੰਦਾ ਹੈ ਕਿ ਉਸ ਨੂੰ ਵੀ ਪਾਗ਼ਲ ਆਖਿਆ ਜਾਵੇ। ਰਾਹੀਆ, ਕੁਰਾਹੀਆ ਆਖਿਆ ਜਾਵੇ।

ਬਨਾਰਸ ਦੇ ਸਭ ਤੋਂ ਸਿਆਣੇ ਤੇ ਪੰਡਤ ਲੋਕਾਂ ਨੇ ਕਬੀਰ ਨੂੰ ਪਾਗ਼ਲ ਤੇ ਬਉਰਾ ਕਹਿਣਾ ਸ਼ੁਰੂ ਕੀਤਾ ਸੀ—

ਲੋਗੁ ਕਹੈ ਕਬੀਰੁ ਬਉਰਾਨਾ ॥ ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥

(ਪੰਨਾ ੧੧੫੮)

ਜੇਕਰ ਕੋਲ ਵਿਦਿਆ (ਗਿਆਨ) ਹੋਵੇ ਪਰ ਉਸ ਗਿਆਨ ਦੀ ਹਉਮੈ ਹੋਵੇ ਤਾਂ ਉਹ ਵਿਦਿਆ ਫਲੀਭੂਤ ਨਹੀਂ ਹੋ ਸਕਦੀ। ਇਹ ਹਕੀਕਤ ਹੈ ਕਿ ਜਿੰਨਾ ਗਿਆਨ ਵਧਦਾ

ਹੈ ਓਨੀ ਹਉਮੈ ਵੀ ਵਧਦੀ ਹੈ । ਹਉਮੈ ਪ੍ਰਭੂ ਨੂੰ ਵੀ ਨਹੀਂ ਭਾਉਂਦੀ ।

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥

(ਪੰਨਾ ੧੦੮੯)

ਅੱਜ ਦੇ ਸਮੇਂ ਵਿਚ ਵਿਦਿਆ ਦਾ ਬੜਾ ਪ੍ਰਸਾਰ ਹੋਇਆ ਹੈ। ਇਸ ਵਾਸਤੇ ਅਹੰਕਾਰ ਦਾ ਵੀ ਬੜਾ ਪਰਸਾਰ ਹੋਇਆ ਹੈ । ਬੜੀ ਪ੍ਰਸਿੱਧ ਇਤਿਹਾਸਕ ਕਹਾਣੀ ਹੈ :-

ਯੂਨਾਨ ਦੇ ਪ੍ਰਸਿੱਧ ਦਾਰਸ਼ਨਿਕ ਮਹਾਂਪੁਰਖ ਹੋਏ ਹਨ, ਜਿਨ੍ਹਾਂ ਦਾ ਨਾਮ ਸੀ ਸੁਕਰਾਤ। ਸੁਕਰਾਤ ਇਕ ਦਿਨ ਸ਼ਾਮ ਦੇ ਵਕਤ ਸਮੁੰਦਰ ਦੇ ਕਿਨਾਰੇ ਤੇ ਟਹਿਲ ਰਹੇ ਸਨ । ਸਮੁੰਦਰ ਦੇ ਕਿਨਾਰੇ ਤੇ ਇਕ ਬੱਚਾ ਉੱਚੀ-ਉੱਚੀ ਰੋ ਰਿਹਾ ਸੀ । ਸੁਕਰਾਤ ਆਏ ਤੇ ਉਸ ਬੱਚੇ ਦੇ ਸਿਰ ਤੇ ਹੱਥ ਰੱਖ ਕੇ ਪੁਛਣ ਲਗੇ, ਤੂੰ ਕਿਉਂ ਰੋਂਦਾ ਹੈਂ ? ਤਾਂ ਉਹ ਬੱਚਾ ਕਹਿਣ ਲਗਾ, ਬਾਬਾ ! ਇਹ ਜੋ ਮੇਰੇ ਹੱਥ ਵਿਚ ਪਿਆਲਾ ਹੈ ? ਤੂੰ ਦੇਖਦਾ ਹੈਂ ? ਸੁਕਰਾਤ ਕਹਿਣ ਲੱਗੇ, ਹਾਂ । ਬੱਚਾ ਕਹਿਣ ਲੱਗਾ, ਮੈਂ ਇਸ ਪਿਆਲੇ ਵਿਚ ਸਵੇਰ ਤੋਂ ਲੈ ਕੇ ਹੁਣ ਸ਼ਾਮ ਤਕ ਚਮਚੇ ਨਾਲ ਸਮੁੰਦਰ ਦੇ ਪਾਣੀ ਨੂੰ ਭਰ ਰਿਹਾ ਹਾਂ । ਪਰ ਪਿਆਲਾ ਤਾਂ ਕਈ ਵਾਰ ਭਰਿਆ ਹੈ, ਪਰ ਇਹ ਕੰਬਖ਼ਤ ਸਮੁੰਦਰ ਨਹੀ ਮੁਕਦਾ (ਸਮਾਪਤ ਨਹੀਂ ਹੁੰਦਾ)। ਪਿਆਲਾ ਭਰ ਜਾਂਦਾ ਹੈ ਤੇ ਸਮੁੰਦਰ ਫਿਰ ਪਿਛੇ ਹੀ ਬਚ ਜਾਂਦਾ ਹੈ। ਬੱਚੇ ਦੇ ਇਹ ਬੋਲ ਸੁਣ ਕੇ ਸੁਕਰਾਤ ਵੀ ਰੋਣ ਲਗ ਪਏ। ਬੱਚਾ ਸੁਭਾਵਕ ਪੁੱਛਣ ਲੱਗਾ, ਬਾਬਾ ! ਤੇਰਾ ਪਿਆਲਾ ਤੇ ਚਮਚਾ ਕਿਥੇ ਹੈ ?

ਸੁਕਰਾਤ ਕਹਿਣ ਲੱਗੇ, ਐ ਮੇਰੇ ਬੱਚੇ ! ਤੂੰ ਆਪਣੇ ਇਸ ਨਿੱਕੇ ਚਮਚੇ ਨਾਲ ਇਸ ਨਿੱਕੇ ਪਿਆਲੇ ਵਿਚ ਏਡਾ ਵੱਡਾ ਸਮੁੰਦਰ ਭਰਨਾ ਚਾਹੁੰਦਾ ਹੈਂ, ਮੈਂ ਆਪਣੀ ਛੋਟੀ ਬੁੱਧੀ ਦੇ ਚਮਚੇ ਨਾਲ ਆਪਣੇ ਨਿੱਕੇ ਦਿਮਾਗ਼ ਦੇ ਕਟੋਰੇ ਵਿਚ ਏਡੇ ਵੱਡੇ ਸੰਸਾਰ ਦਾ ਗਿਆਨ ਭਰਨਾ ਚਾਹੁੰਦਾ ਹਾਂ। ਅੱਜ ਤੈਨੂੰ ਰੋਂਦੇ ਵੇਖ ਕੇ ਮੈਨੂੰ ਪਤਾ ਲੱਗਾ ਹੈ ਕਿ ਨਿੱਕੇ ਪਿਆਲੇ ਵਿਚ ਵੱਡਾ ਸਮੁੰਦਰ ਨਹੀਂ ਪੂਰਾ ਆ ਸਕਦਾ । ਭਾਵੇਂ ਸਾਰੀ ਜ਼ਿੰਦਗੀ ਭਰਦੇ ਰਹੀਏ । ਅਖ਼ੀਰ ਰੋਣਾ ਪੈਂਦਾ ਹੈ। ਨਿੱਕੀ ਬੁੱਧੀ ਹੈ। ਬੁੱਧੀ ਦੇ ਨਿੱਕੇ ਚਮਚੇ ਨਾਲ ਨਿੱਕੇ ਜਿਹੇ ਦਿਮਾਗ਼ ਦੇ ਪਿਆਲੇ ਵਿਚ ਵੱਡੇ ਸੰਸਾਰ ਸਮੁੰਦਰ ਦਾ ਗਿਆਨ ਪੂਰਾ ਨਹੀਂ ਸਮਾ ਸਕਦਾ । ਇਸ ਕਰਕੇ ਮੈਂ ਰੋਂਦਾ ਹਾਂ ।

ਕਹਿੰਦੇ ਹਨ ਕਿ ਉਸ ਬੱਚੇ ਨੇ ਸੁਕਰਾਤ ਦੀ ਇਹ ਗੱਲ ਸੁਣ ਕੇ ਆਪਣੇ ਹੱਥ ਵਿਚ ਫੜਿਆ ਹੋਇਆ ਚਮਚ ਤੇ ਪਿਆਲਾ ਵੱਡੇ ਸਮੁੰਦਰ ਵਿਚ ਸੁੱਟ ਦਿੱਤਾ। ਬੱਚੇ ਨੇ ਆਖਿਆ ਚਲੋ ਜੇ ਸਮੁੰਦਰ ਪਿਆਲੇ ਵਿਚ ਪੂਰਾ ਨਹੀਂ ਆ ਸਕਦਾ ਤਾਂ ਮੇਰਾ ਪਿਆਲਾ ਤਾਂ ਸਮੁੰਦਰ ਵਿਚ ਆ ਹੀ ਸਕਦਾ ਹੈ। ਇਹ ਵੇਖ ਕੇ ਤਾਂ ਸੁਕਰਾਤ ਉਸ ਬੱਚੇ ਦੇ ਪੈਰੀਂ ਹੱਥ ਲਾਉਣ ਤਕ ਗਿਆ । ਕਹਿਣ ਲੱਗਾ, ਬੜਾ ਕੀਮਤੀ ਮੰਤਰ ਤੂੰ ਦੱਸਿਆ ਹੈ ਕਿ ਜੇਕਰ ਸਾਰੇ ਸੰਸਾਰ ਦਾ ਗਿਆਨ ਪੂਰਾ ਦਿਮਾਗ਼ ਦੇ ਪਿਆਲੇ ਵਿਚ ਨਹੀਂ ਆਉਂਦਾ ਤਾਂ ਆਪਣੇ ਆਪ ਦਾ ਗਿਆਨ ਪ੍ਰਮਾਤਮਾ ਨੂੰ ਸਮਰਪਤ ਕਰ ਦੇਣਾ ਚਾਹੀਦਾ ਹੈ। ਕਿਰਨ ਸੂਰਜ ਵਿਚ ਆ ਸਕਦੀ ਹੈ । ਸੂਰਜ ਕਿਰਨ ਵਿਚ ਨਹੀਂ ਸਮਾ ਸਕਦਾ। ਸੂਰਜ ਤਾਂ ਸਾਰੀ ਧਰਤੀ ਤੋਂ ਵੀ ਸੱਠ ਹਜ਼ਾਰ ਗੁਣਾ ਵੱਡਾ ਹੈ। ਉਹ ਸਾਡੇ ਨਿੱਕੇ ਘਰ ਵਿਚ ਕਿਵੇਂ ਪੂਰਾ ਸਮਾ ਸਕੇਗਾ । ਸਾਡੀ

ਆਤਮਾ ਪ੍ਰਮਾਤਮਾ ਦੀ ਕਿਰਨ ਹੈ। ਪ੍ਰਮਾਤਮਾ ਸੂਰਜ ਹੈ। ਆਤਮਾ, ਪ੍ਰਮਾਤਮਾ ਵਿਚ ਸਮਾ ਸਕਦੀ ਹੈ। ਪ੍ਰਮਾਤਮਾ ਆਤਮਾ ਵਿਚ ਨਹੀਂ।

ਮਨ ਬੁੱਧ ਚਿਤ ਤੇ ਅਹੰ ਸਾਰੇ ਆਤਮਾ ਵਿਚ ਸਮਾ ਸਕਦੇ ਹਨ। ਇਸ ਵਾਸਤੇ ਆਪਣੀ ਬੁੱਧੀ ਦੇ ਚਮਚੇ ਤੇ ਦਿਮਾਗ਼ ਦੇ ਪਿਆਲੇ ਨੂੰ ਆਤਮਾ ਦੇ ਅੰਮ੍ਰਿਤ ਵਿਚ ਸਮਰਪਤ ਕਰ ਦੇਣਾ ਚਾਹੀਦਾ ਹੈ।

ਸੋ ਮਨੁੱਖ ਸੰਸਾਰ ਤੇ ਕਰਤਾਰ ਦੇ ਸਬੰਧ ਵਿਚ ਕਿੰਨਾ ਵੀ ਗਿਆਨ ਹਾਸਲ ਕਰ ਲਵੇ, ਉਹ ਸਾਰਾ ਗਿਆਨ ਅਧੂਰਾ ਹੀ ਹੋਵੇਗਾ। ਪਰ ਜਦੋਂ ਇਸ ਤਰ੍ਹਾਂ ਸਮਝਿਆ ਜਾਂਦਾ ਹੈ ਕਿ ਮੈਂ ਬਹੁਤ ਕੁਝ ਜਾਣ ਲਿਆ ਹੈ ਤਾਂ ਇਸ ਨਾਲ ਹੰਕਾਰ ਭਿਅੰਕਰ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਅਹੰਕਾਰ ਪਰਮ ਸੁਖ ਪ੍ਰਾਪਤ ਕਰਨ ਵਿਚ ਰੁਕਾਵਟ ਬਣ ਜਾਂਦਾ ਹੈ। ਜਿਉਂ-ਜਿਉਂ ਬੁੱਧ ਵਿਕਸਤ ਹੁੰਦੀ ਹੈ, ਜਾਣਕਾਰੀ ਵਧਦੀ ਹੈ। ਜਾਣਕਾਰੀ ਨਾਲ ਹੰਕਾਰ ਵਧਦਾ ਹੈ। ਅਹੰਕਾਰ ਸਾਰੇ ਵੈਰ-ਵਿਰੋਧ ਤੇ ਵਿਤਕਰਿਆਂ ਨੂੰ ਜਨਮ ਦੇਂਦਾ ਹੈ। ਫਿਰ ਉਹ ਕਾਹਦਾ ਗਿਆਨ ਹੈ ਜੋ ਸਭ ਤਰ੍ਹਾਂ ਦੇ ਅਵਗੁਣਾਂ ਨੂੰ ਜਨਮ ਦੇਂਦਾ ਹੈ। ਹੰਕਾਰੀ ਬੰਦਾ ਮਨ ਕਰਕੇ ਜਾਣਦਿਆਂ ਹੋਇਆਂ ਹੀ ਗਲਤੀ ਕਰਦਾ ਹੈ।

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥

(ਪੰਨਾ ੧੩੭੬)

ਉਜੈਨ ਨਗਰੀ ਉਹ ਨਗਰੀ ਹੈ ਜਿਥੇ ਕਦੀ ਰਾਜੇ ਭਰਥਰੀ ਨੇ ਰਾਜ ਕੀਤਾ ਸੀ ਤੇ ਇਸ ਨਗਰੀ ਤੋਂ ਆਪਣੀ ਰਾਣੀ ਪਿੰਗਲਾ ਦੀ ਬੇਵਫ਼ਾਈ ਕਰਕੇ ਰਾਜ ਛੱਡ ਕੇ ਜੋਗੀ ਬਣਕੇ ਚਲਾ ਗਿਆ ਸੀ। ਇਹੀ ਉਜੈਨ ਨਗਰੀ ਹੈ, ਜਿਥੇ ਰਾਜੇ ਬਿਕ੍ਰਮਾਜੀਤ ਨੇ ਰਾਜ ਕੀਤਾ। ਜਿਸ ਦੇ ਨਾਂ ਤੇ ਅੱਜ ਸੰਮਤ ਚਲ ਰਿਹਾ ਹੈ ਅਤੇ ਇਹ ਰਾਜੇ ਭਰਥਰੀ ਦਾ ਛੋਟਾ ਭਰਾ ਸੀ। ਇਹੀ ਉਜੈਨ ਨਗਰੀ ਹੈ, ਜਿਥੇ ਰਾਜੇ ਭੋਜ ਨੇ ਰਾਜ ਕੀਤਾ ਸੀ। ਜੋ ਸੰਸਕ੍ਰਿਤ ਦਾ ਮਹਾਨ ਵਿਦਵਾਨ ਸੀ। ਇਸ ਨਗਰੀ ਵਿਦਿਆ ਤੇ ਅਕਲ ਦੀ ਖਾਨ ਸਮਝੀ ਜਾਂਦੀ ਸੀ। ਇਸ ਨਗਰੀ ਵਿਚ ਵਿਦਵਾਨਾਂ ਦੀ ਆਵਾਜਾਈ ਲੱਗੀ ਰਹਿੰਦੀ ਸੀ, ਅਤੇ ਕਦੀ-ਕਦੀ ਵਿਦਵਾਨਾਂ ਦੀ ਬਹਿਸ ਵੀ ਹੁੰਦੀ ਰਹਿੰਦੀ ਸੀ। ਜਿਸ ਨੂੰ ਸੁਣਨ ਵਾਸਤੇ ਆਮ ਲੋਕਾਂ ਦਾ ਇਕੱਠ ਹੋ ਜਾਂਦਾ ਸੀ। ਅੱਜ ਲੋਕਾਂ ਦੀ ਭੀੜ ਹੈ, ਕਿਉਂਕਿ ਅੱਜ ਇਕ ਮਹਾਨ ਪੰਡਤ ਜੋ ਵਿਦਿਆ ਦੇ ਬਲ ਨਾਲ ਜਗਤ ਦੇ ਵਿਦਵਾਨਾਂ ਨੂੰ ਜਿੱਤਦਾ ਫਿਰਦਾ ਸੀ ਤੇ ਜਿਸ ਦਾ ਦਾਹਵਾ ਸੀ ਕਿ ਮੈਂ ਸਾਰੇ ਜਗਤ ਦੇ ਵਿਦਵਾਨਾਂ ਨੂੰ ਬਹਿਸ ਵਿਚ ਹਰਾ ਕੇ ਹੀ ਰਹਾਂਗਾ। ਇਸ ਬਾਰੇ ਪ੍ਰਸਿੱਧ ਸੀ ਕਿ ਇਹ ਚਰਚਾ ਅਰੰਭ ਕਰਨ ਤੋਂ ਪਹਿਲੇ ਇਕ ਸ਼ਰਤ ਲਗਾ ਦੇਂਦਾ ਸੀ ਕਿ ਜੇ ਮੈਂ ਚਰਚਾ ਵਿਚ ਹਾਰ ਗਿਆ, ਤਾਂ ਵਿਰੋਧੀ ਵਿਦਵਾਨ ਨੂੰ ਹੱਕ ਹੋਵੇਗਾ ਕਿ ਉਹ ਮੇਰੇ ਸਾਰੇ ਗ੍ਰੰਥ ਲੈ ਲਵੇ ਤੇ ਜੇ ਵਿਰੋਧੀ ਵਿਦਵਾਨ ਚਰਚਾ ਵਿਚ ਹਾਰ ਗਿਆ ਤਾਂ ਬਿਨਾਂ ਕਿਸੇ ਹੀਲ-ਹੁਜਤ ਦੇ ਉਹ ਆਪਣੇ ਸਾਰੇ ਗ੍ਰੰਥ ਮੇਰੇ ਸਾਹਮਣੇ ਅਰਪਣ ਕਰ ਦੇਵੇਗਾ। ਇਹ ਪੰਡਤ ਉਜੈਨ ਨਗਰੀ ਵਿਚ ਆਇਆ। ਵਿਦਵਾਨਾਂ ਨੂੰ ਪਤਾ ਸੀ ਕਿ ਇਹ ਬੰਦਾ ਬੜਾ ਚਤੁਰ ਹੈ। ਬਹਿਸ ਵਿਚ ਇਸ ਨੂੰ ਜਿੱਤਣਾ ਬੜਾ ਹੀ ਮੁਸ਼ਕਿਲ ਹੈ।

ਇਕ ਜੋਤਸ਼ ਵਿਦਿਆ ਦੇ ਜਾਣਕਾਰ ਨੇ ਇਹ ਕਹਿ ਦਿੱਤਾ ਕਿ ਇਹ ਬਹੁਤ ਹੰਕਾਰਿਆ ਹੈ। ਮੇਰੀ ਵਿਦਿਆ ਅਨੁਸਾਰ ਅੰਦਾਜ਼ਾ ਹੈ ਕਿ ਇਸ ਨਗਰੀ ਦੇ ਇਕ ਤੇਲੀ ਕੋਲੋਂ ਇਸ ਨੂੰ ਹਾਰ ਹੋ ਸਕਦੀ ਹੈ। ਵੈਸੇ ਕੋਈ ਹੈਰਾਨਗੀ ਵਾਲੀ ਗੱਲ ਨਹੀਂ। ਵਿਦਵਾਨ ਸਿਰਫ ਵਿਦਵਾਨ ਦੀ ਗੱਲ ਦਾ ਜਵਾਬ ਦੇ ਸਕਦਾ ਹੈ। ਕਿਸੇ ਵੀ ਮੂਰਖ ਨਾਲ ਵਾਹ ਪੈ ਜਾਏ ਤਾਂ ਵਿਦਵਾਨ ਪਾਸ ਉਸ ਦਾ ਕੋਈ ਉੱਤਰ ਨਹੀਂ। ਵਿਦਵਾਨ ਨੂੰ ਚੁੱਪ ਕਰਨਾ ਪੈਂਦਾ ਹੈ। ਲੋਕਾਂ ਦੀ ਨਜ਼ਰ ਵਿਚ ਜਿਹੜਾ ਚੁੱਪ ਕਰ ਗਿਆ, ਉਹ ਹਾਰ ਗਿਆ ਸਮਝ ਲਿਆ ਜਾਂਦਾ ਹੈ। ਕੁਝ ਵਿਦਵਾਨਾਂ ਨੂੰ ਇਹ ਰਾਏ ਪਸੰਦ ਆਈ ਕਿ ਜੇਕਰ ਹਾਰ ਵੀ ਜਾਏ ਤਾਂ ਇਕ ਤੇਲੀ ਹਾਰ ਜਾਏਗਾ। ਜੇ ਜਿੱਤ ਜਾਏ, ਫਿਰ ਤਾਂ ਉਸ ਵਿਦਵਾਨ ਦਾ ਕੁਝ ਰਹਿਣਾ ਹੀ ਨਹੀਂ। ਸਾਰੀ ਉਮਰ ਕਿਤੇ ਮੂੰਹ ਦੇਣ ਜੋਗਾ ਨਹੀਂ ਰਹੇਗਾ। ਖ਼ੈਰ ਕੁਝ ਵੀ ਹੋਵੇ। ਇਸ ਕੰਮ ਵਿਚ ਘਾਟੇ ਵਾਲੀ ਗੱਲ ਕੋਈ ਨਹੀਂ। ਦੋਵੇਂ ਪਾਸੇ ਫ਼ਾਇਦਾ ਹੀ ਫ਼ਾਇਦਾ ਹੈ। ਕੁਝ ਪੰਡਤ ਗਾਂਗੋ ਤੇਲੀ ਪਾਸ ਪਹੁੰਚ ਗਏ। ਵੇਖਿਆ ਇਸ ਦੀ ਇਕ ਅੱਖ ਨਹੀਂ। ਪਰ ਆਮ ਜਨਤਾ ਨਾਲ ਵਾਹ ਹੋਣ ਕਰਕੇ ਬੋਲ-ਚਾਲ ਦਾ ਢੰਗ ਵੀ ਠੀਕ ਜਾਪਿਆ। ਵਿਦਵਾਨਾਂ, ਗਾਂਗੋ ਤੇਲੀ ਨੂੰ ਮਨਾ ਲਿਆ ਕਿ ਉਹ ਸਟੇਜ ਤੇ ਬੈਠ ਜਾਏਗਾ। ਅਗੇ ਜੋ ਹੋਵੇ ਉਸ ਦੀ ਕੋਈ ਜ਼ੁਮੇਵਾਰੀ ਨਹੀਂ। ਕਿਉਂਕਿ ਉਸ ਨੂੰ ਤਾਂ ਕੁਝ ਆਉਂਦਾ ਹੀ ਨਹੀਂ। ਉਹ ਅਨਪੜ੍ਹ ਹੈ। ਪੰਡਤਾਂ ਨੇ ਉਸ ਨੂੰ ਪੰਡਤਾਂ ਵਾਲਾ ਪਹਿਰਾਵਾ ਪਹਿਨਾ ਦਿੱਤਾ। ਗਾਂਗੋ ਨੇ ਕਦੀ ਜੁੱਤੀ ਪਾਈ ਨਹੀਂ ਸੀ। ਪਰ ਏਡੇ ਵਿਦਵਾਨ ਦੇ ਮੁਕਾਬਲੇ ਤੇ ਜਾਣ ਵਾਲਾ ਬੰਦਾ; ਨੰਗੇ ਪੈਰੀਂ ਜਾਏ, ਉਸਨੂੰ ਸ਼ੋਭਾ ਨਹੀਂ ਦੇਂਦਾ। ਵਿਦਵਾਨਾਂ ਨੇ ਜੁੱਤੀ ਵੀ ਲੈ ਕੇ ਪੈਰੀਂ ਪਵਾ ਦਿੱਤੀ। ਨਵੀਂ ਜੁੱਤੀ ਪੈਰਾਂ ਨੂੰ ਲੱਗੇ। ਦੁੱਖ ਦੇਵੇ। ਗਾਂਗੋ ਨੇ ਜੁੱਤੀ ਇਕ ਕਪੜੇ ਵਿਚ ਲਪੇਟੀ ਤੇ ਆਪਣੀ ਬਗਲ ਵਿਚ ਰੱਖ ਲਈ। ਬੜੇ ਹੀ ਆਦਰ-ਮਾਨ ਨਾਲ ਗਾਂਗੋ ਨੂੰ ਵਿਦਵਾਨ ਮੰਚ ਤੇ ਲੈ ਕੇ ਗਏ। ਦੋਵਾਂ ਵਿਦਵਾਨਾਂ ਦੇ ਸਬੰਧ ਵਿਚ ਕੁਝ ਕਿਹਾ ਤੇ ਚਰਚਾ ਸ਼ੁਰੂ ਹੋ ਗਈ। ਬਾਹਰੋਂ ਆਏ ਵਿਦਵਾਨ ਨੇ ਕਿਹਾ ਕਿ ਮੈਂ ਰਸਨਾ ਨਾਲ ਬੋਲ ਕੇ ਚਰਚਾ ਕਰਨ ਤੋਂ ਪਹਿਲੇ ਹੱਥ ਦੇ ਇਸ਼ਾਰੇ ਸਮਝਣ ਤਾਂ ਫਿਰ ਜ਼ਬਾਨ ਨਾਲ ਗੱਲ ਹੋਵੇਗੀ। ਅਕਸਰ ਇਸ਼ਾਰਿਆਂ ਨਾਲ ਵਿਦਵਾਨ ਗੱਲਾਂ ਕਰਦੇ ਸਨ ਤੇ ਬਕਾਇਦਾ ਇਸ਼ਾਰਿਆਂ ਦੀ ਭਾਸ਼ਾ ਵੀ ਹੈ। ਜਿਵੇਂ ਕਿ ਅੱਜ ਵੀ ਗੂੰਗਿਆਂ ਦੀ ਭਾਸ਼ਾ ਇਸ਼ਾਰਿਆਂ ਦੀ ਭਾਸ਼ਾ ਹੀ ਹੈ। ਉਸ ਵਿਦਵਾਨ ਪੰਡਤ ਨੇ ਇਸ਼ਾਰੇ ਵਿਚ ਇਕ ਉਂਗਲੀ ਖੜੀ ਕੀਤੀ। ਜਿਸ ਦਾ ਭਾਵ ਸੀ ਕਿ ਪ੍ਰਮਾਤਮਾ ਇਕ ਹੈ। ਪਰ ਗਾਂਗੋ ਨੇ ਆਪਣੀ ਸਮਝ ਅਨੁਸਾਰ ਕੁਝ ਸਮਝਣਾ ਸੀ। ਉਸ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ ਤੇਰੀ ਸਿਰਫ਼ ਇਕ ਅੱਖ ਹੈ। ਇਸ ਉਂਗਲੀ ਨਾਲ ਮੈਂ ਇਹ ਵੀ ਕੱਢ ਦਿਆਂਗਾ। ਉਸ ਨੇ ਸਮਝਿਆ, ਇਹ ਮੈਨੂੰ ਧਮਕੀ ਦੇ ਰਿਹਾ ਹੈ। ਇਸ ਦੇ ਉੱਤਰ ਵਿਚ ਗਾਂਗੋ ਨੇ ਦੋ ਉਂਗਲੀਆਂ ਖੜੀਆਂ ਕਰ ਦਿੱਤੀਆਂ ਕਿ ਜੇ ਤੂੰ ਮੇਰੀ ਇੱਕ ਅੱਖ ਕੱਢੇਂਗਾ ਤਾਂ ਮੈਂ ਤੇਰੀਆਂ ਦੋਵੇਂ ਹੀ ਅੱਖਾਂ ਕੱਢ ਦਿਆਂਗਾ। ਪੰਡਤ ਆਪਣੇ ਗਿਆਨ ਮੁਤਾਬਿਕ ਸਮਝਿਆ, ਕਿ ਇਹ ਕਹਿ ਰਿਹਾ ਹੈ ਕਿ ਪ੍ਰਮਾਤਮਾ ਤਾਂ ਇਕ ਹੈ, ਪਰ ਉਸ ਦੇ ਦੋ ਰੂਪ ਹਨ। ਇਕ ਨਿਰਗੁਣ ਦੂਸਰਾ ਸਰਗੁਨ। ਪੰਡਤ ਜੀ, ਸਮਝ ਗਏ ਕਿ ਬੰਦਾ ਸਮਝਦਾਰ ਹੈ। ਇਸ ਨੇ ਮੇਰੇ ਪ੍ਰਸ਼ਨ ਦਾ ਸਹੀ ਉੱਤਰ ਦਿੱਤਾ ਹੈ।

ਉਹ ਨੇ ਦੂਸਰਾ ਪ੍ਰਸ਼ਨ ਕੀਤਾ ਕਿ ਪੰਜ ਤੱਤਾਂ ਦੇ ਪਸਾਰੇ ਕਰਕੇ ਦੋ ਰੂਪ ਭਾਸਦੇ ਹਨ। ਗਾਂਗੇ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ ਮੈਂ ਤੇਰੇ ਮੂੰਹ ਤੇ ਥੱਪੜ ਮਾਰਾਂਗਾ। ਗਾਂਗੇ ਨੇ ਇਸਦੇ ਉੱਤਰ ਵਿਚ ਮੁੱਠ ਬੰਦ ਕਰ ਲਈ ਕਿ ਥੱਪੜ ਦੇ ਉੱਤਰ ਵਿਚ ਮੈਂ ਮੁੱਕੀ ਮਾਰਾਂਗਾ। ਪੰਡਤ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ, ਜਦੋਂ ਉਹ ਪੰਜ ਤੱਤਾਂ ਨੂੰ ਸਮੇਟਦਾ ਹੈ ਤਾਂ ਖੇਲ ਖ਼ਤਮ ਹੋ ਜਾਂਦਾ ਹੈ। ਜਗਤ ਤਮਾਸ਼ਾ ਮੁੱਕ ਜਾਂਦਾ ਹੈ। ਪੰਡਤ ਨੇ ਗਾਂਗੇ ਨੂੰ ਚਰਚਾ ਕਰਨ ਦੇ ਯੋਗ ਸਮਝਿਆ। ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਉਸ ਨੇ ਪੁੱਛਣਾ ਚਾਹਿਆ, ਕਿਸ ਸ਼ਾਸਤ੍ਰ ਦੇ ਅਧਾਰ ਤੇ ਬਹਿਸ ਕੀਤੀ ਜਾਏ। ਉਸ ਨੇ ਪੁੱਛ ਲਿਆ ਕਿ ਤੁਹਾਡੇ ਕੋਲ ਕਿਹੜਾ ਗ੍ਰੰਥ ਹੈ ? ਗਾਂਗਾ ਵਿਚਾਰਾ ਸ਼ੂਦਰ। ਉਸ ਨੂੰ ਕੀ ਪਤਾ ਹੈ ਕਿ ਗ੍ਰੰਥ ਕੀ ਹਨ। ਸਾਰੀ ਉਮਰ ਕੋਹਲੂ ਹੀ ਚਲਾਉਂਦਾ ਰਿਹਾ। ਉਸ ਨੂੰ ਤਾਂ ਇਹ ਗਿਆਨ ਹੈ ਕਿ ਖੱਲ ਵਿਚੋਂ ਤੇਲ ਪੂਰਾ ਬਾਹਰ ਆ ਗਿਆ ਹੈ ਕਿ ਨਹੀਂ। ਸਰ੍ਹੋਂ ਠੀਕ ਹੈ ਕਿ ਨਹੀਂ। ਗਿਆਨ ਬਾਰੇ ਉਹ ਕੀ ਜਾਣੇ ? ਪਰ ਨਾਲ ਲਿਆਉਣ ਵਾਲਿਆਂ ਉਸ ਨੂੰ ਸਮਝਾਇਆ ਸੀ ਕਿ ਤੂੰ ਚੁਪ ਨਹੀਂ ਕਰਨਾ। ਬੱਸ ਜੋ ਮੂੰਹ ਵਿਚ ਆਵੇ ਆਖੀ ਜਾਣਾ। ਗ਼ਲਤ ਠੀਕ ਦੀ ਪ੍ਰਵਾਹ ਹੀ ਨਹੀਂ ਕਰਨੀ। ਜੋ ਵੀ ਪੰਡਤ ਪੁੱਛੇ, ਉਸ ਦੇ ਜਵਾਬ ਵਿਚ ਕੁਛ ਨਾ ਕੁਛ ਕਹਿਣਾ ਹੀ ਹੈ। ਉਸੇ ਸਿੱਖਿਆ ਤੇ ਅਮਲ ਕਰਦਿਆਂ ਹੋਇਆਂ ਗਾਂਗੇ ਨੇ ਫੌਰਨ ਉੱਤਰ ਦਿੱਤਾ ਕਿ ਮੇਰੇ ਕੋਲ ਕਪੜੇ ਵਿਚ ਲਪੇਟਿਆ ਹੋਇਆ ਜੋ ਪੁਰਾਨ ਹੈ, ਇਸ ਦਾ ਨਾਂ ਕੰਟਕ ਚੂਰਨ ਪੁਰਾਨ ਹੈ, ਭਾਵ ਇਹ ਸੀ ਕਿ ਕੰਡਿਆਂ ਨੂੰ ਚੂਰ ਕਰਨ ਵਾਲਾ ਪੁਰਾਨ, ਜੁੱਤੀ ਹੈ ਤੇ ਪੁੱਛਣ ਲੱਗਾ, ਤੁਸੀਂ ਪੜ੍ਹਿਆ ਹੈ ਕਿ ਨਹੀਂ। ਜੇ ਨਹੀਂ ਪੜ੍ਹਿਆ ਤਾਂ ਪੜ੍ਹ ਕੇ ਆਉ। ਪੰਡਤ ਕਹਿਣ ਲੱਗਾ, ਮੈਂ ਤਾਂ ਇਸ ਦਾ ਨਾਂ ਹੀ ਪਹਿਲੀ ਵਾਰ ਸੁਣ ਰਿਹਾ ਹਾਂ। ਗਾਂਗੇ ਨੇ ਕਿਹਾ, ਫਿਰ ਕੀ ਮਰਜ਼ੀ ਹੈ। ਪੰਡਤ ਨੇ ਸਿਰ ਝੁਕਾ ਕੇ ਕਿਹਾ, ਮੈਂ ਥੋੜਾ ਸਮਾਂ ਚਾਹੁੰਦਾ ਹਾਂ, ਤਾਂਕਿ ਇਸ ਨੂੰ ਪੜ੍ਹ ਕੇ ਵੇਖ ਸਕਾਂ। ਵਿਰੋਧੀ ਵਿਦਵਾਨਾਂ ਬੜਾ ਮਜ਼ਾਕ ਉਡਾਇਆ ਤੇ ਜਦੋਂ ਪੰਡਤ ਨੂੰ ਪਤਾ ਲੱਗਾ ਕਿ ਉਸ ਨਾਲ ਮਜ਼ਾਕ ਹੋਇਆ ਹੈ। ਵਿਰੋਧੀ ਕੋਈ ਵਿਦਵਾਨ ਨਹੀਂ ਸੀ। ਸਗੋਂ ਉਜੈਨ ਨਗਰੀ ਦਾ ਗਾਂਗਾ ਤੇਲੀ ਸੀ। ਤਾਂ ਉਹ ਬੜਾ ਹੀ ਝੂਰਿਆ—

ਗੋਸਟਿ ਗਾਂਗੇ ਤੇਲੀਏ ਪੰਡਿਤ ਨਾਲਿ ਹੋਵੈ ਜਗੁ ਦੇਖੈ।
ਖੜੀ ਕਰੈ ਇਕ ਅੰਗੁਲੀ ਗਾਂਗਾ ਦੁਇ ਵੇਖਾਲੈ ਰੇਖੈ।
ਫੇਰਿ ਉਚਾਇ ਪੰਜਾਂਗੁਲਾ ਗਾਂਗਾ ਮੁਠਿ ਹਲਾਇ ਅਲੇਖੈ।
ਪੈਰੀਂ ਪੈ ਉਠਿ ਚਲਿਆ ਪੰਡਿਤੁ ਹਾਰਿ ਭੁਲਾਵੈ ਭੇਖੈ।
ਨਿਰਗੁਣ ਸਰਗੁਣ ਅੰਗ ਦੁਇ ਪਰਮੇਸਰੁ ਪੰਜਿ ਮਿਲਨਿ ਸਰੇਖੈ।
ਅਖੀਂ ਦੋਵੈਂ ਭੰਨਸਾਂ ਮੁਕੀ ਲਾਇ ਹਲਾਇ ਨਿਮੇਖੈ।
ਮੂਰਖ ਪੰਡਿਤੁ ਸੁਰਤਿ ਵਿਸੇਖੈ ॥੧੮॥

(ਵਾਰ ੩੨, ਪਉੜੀ ੧੮, ਭਾ: ਗੁ:)

ਇਸ ਕਥਾ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਸਮਝ ਕੀ ਹੈ ਅਤੇ ਬੇਸਮਝੀ ਕੀ ਹੈ ? ਸਮਝ ਤੇ ਬੇਸਮਝੀ ਦੋ ਵੱਖ-ਵੱਖ ਚੀਜ਼ਾਂ ਨਹੀਂ। ਬਲਕਿ ਇਕ ਹੀ ਚੀਜ਼ ਦੇ ਦੋ ਸਿਰੇ ਹਨ।

ਇਕ ਸਿਰਾ ਬੇਸਮਝੀ ਹੈ, ਦੂਸਰਾ ਸਿਰਾ ਸਮਝ ਹੈ। ਇਕ ਸਿਰਾ ਅਗਿਆਨਤਾ ਹੈ ਤੇ ਦੂਸਰਾ ਗਿਆਨ ਹੈ। ਹੈਰਾਨਕੁੰਨ ਗੱਲ ਇਹ ਹੈ ਕਿ ਵਿਦਵਾਨ ਪੰਡਤਾਂ ਨੂੰ ਵੀ ਇਕ ਅਗਿਆਨੀ ਅਨਪੜ੍ਹ ਗਾਂਗੇ ਤੇਲੀ ਦਾ ਸਹਾਰਾ ਲੈਣਾ ਪੈਂਦਾ ਹੈ। ਸਮਝ ਨੂੰ ਵੀ ਬੇਸਮਝੀ ਦਾ ਸਹਾਰਾ ਲੈਣਾ ਪੈਂਦਾ ਹੈ। ਸ਼ਾਇਦ ਇਸੇ ਲਈ ਹੀ ਇਕਬਾਲ ਨੇ ਕਿਹਾ ਸੀ—

ਅਛਾ ਹੈ ਦਿਲ ਕੇ ਪਾਸ ਰਹੇ ਪਾਸਬਾਂ ਅਕਲ,
ਲੇਕਿਨ ਕਭੀ-ਕਭੀ ਇਸੇ ਤਨਹਾ ਭੀ ਛੋੜ ਦੇ।

(ਡਾ: ਸਰ ਮੁਹੰਮਦ ਇਕਬਾਲ)

ਪੰਡਤ ਦੀਆਂ ਗੱਲਾਂ ਦਾ ਜਵਾਬ ਤਾਂ ਤੇਲੀ ਦੇਈ ਜਾ ਰਿਹਾ ਹੈ। ਪੰਡਤ ਨੂੰ ਤੇਲੀ ਦੀ ਗੱਲ ਦਾ ਕੋਈ ਜਵਾਬ ਨਹੀਂ ਆ ਰਿਹਾ। ਪੰਡਤ ਦੇ ਪ੍ਰਸ਼ਨ ਗਿਆਨ ਦੇ ਦਾਇਰੇ ਵਿਚ ਹਨ। ਜੋ ਉਸ ਨੇ ਪੜ੍ਹਿਆ ਹੈ। ਜੋ ਉਸ ਨੇ ਸਮਝਿਆ ਹੈ, ਪਰ ਸਮੁੱਚਾ ਜੀਵਨ ਨਾ ਹੀ ਪੜ੍ਹਿਆ ਜਾ ਸਕਦਾ ਹੈ ਅਤੇ ਨਾ ਹੀ ਸਮਝਿਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਸਮਝਦਾਰ ਜਿਸ ਦੀਆਂ ਗੱਲਾਂ ਕਰਦੇ ਹਨ, ਉਸ ਨੂੰ ਜਾਣ ਨਹੀਂ ਸਕਦੇ। ਪਰ ਪੰਡਤ ਜਿਨ੍ਹਾਂ ਨੂੰ ਬੇਸਮਝ ਤੇ ਅਨਪੜ੍ਹ ਕਹਿੰਦੇ ਹਨ। ਉਹ ਰੱਬ ਦੀਆਂ ਗੱਲਾਂ ਭਾਵੇਂ ਘੱਟ ਕਰਨ, ਪਰ ਉਹ ਰੱਬ ਨੂੰ ਜਾਣਦੇ ਹਨ। ਉਹ ਦੂਸਰਿਆਂ ਨੂੰ ਬੇਸ਼ੱਕ ਕੁਝ ਸਮਝਾ ਨਹੀਂ ਸਕਦੇ। ਪਰ ਵਿਖਾ ਜ਼ਰੂਰ ਸਕਦੇ ਹਨ।

ਪੰਡਿਤੁ ਹੋਇ ਕੈ ਬੇਦੁ ਬਖਾਨੈ ॥ ਮੂਰਖੁ ਨਾਮਦੇਉ ਰਾਮਹਿ ਜਾਨੈ ॥

(ਪੰਨਾ ੭੧੮)

ਪੰਡਤ ਮਨ ਬਾਰੇ ਵੀਚਾਰ ਦੇ ਸਕਦਾ ਹੈ, ਪਰ ਮਨ ਤੇ ਕਾਬੂ ਨਹੀਂ। ਕਬੀਰ ਸਾਹਿਬ ਕਹਿੰਦੇ ਹਨ, ਤੇਰਾ ਵੇਦ ਕੀ ਹੈ ? ਮਨ ਬਾਰੇ ਵੀਚਾਰ ਕਿ ਮਨ ਕੀ ਹੈ ? ਪਰ ਮੈਂ ਤਾਂ ਉਸ ਦੀ ਅਸਵਾਰੀ ਕਰ ਰਿਹਾ ਹਾਂ। ਤੇਰੇ ਵੇਦ ਵਿਚ ਜਿਸ ਮਨ ਬਾਰੇ ਵੀਚਾਰਾਂ ਹਨ, ਫਿਰ ਉਨ੍ਹਾਂ ਵੀਚਾਰਾਂ ਦੇ ਜਾਲ ਨਾਲੋਂ ਉਹ ਬੰਦਾ ਸੌਖਾ ਹੈ, ਭਲਾ ਹੈ, ਚੰਗਾ ਹੈ, ਜੋ ਮਨ ਤੇ ਅਸਵਾਰੀ ਕਰਨੀ ਜਾਣਦਾ ਹੈ।

ਕਹਤ ਕਬੀਰ ਭਲੇ ਅਸਵਾਰਾ ॥ ਬੇਦ ਕਤੇਬ ਤੇ ਰਹਹਿ ਨਿਰਾਰਾ ॥

(ਪੰਨਾ ੩੨੯)

ਕਈ ਵਾਰ ਐਸਾ ਹੁੰਦਾ ਹੈ ਕਿ ਵਿਦਵਾਨ ਵਿਦਿਆ ਦੇ ਬੋਝ ਥੱਲੇ ਇੰਨਾ ਦੱਬਿਆ ਜਾਂਦਾ ਹੈ ਕਿ ਵਿਵਹਾਰਕ ਜੀਵਨ ਵਿਚ, ਸਮਾਜਿਕ ਜੀਵਨ ਵਿਚ, ਉਹ ਥਾਂ-ਥਾਂ ਤੇ ਹਾਰ ਜਾਂਦਾ ਹੈ। ਪੰਡਤ ਨਾਲ ਤਾਂ ਐਸੀ ਹੁੰਦੀ ਹੈ ਕਿ ਕਬੀਰ ਸਾਹਿਬ ਕਹਿੰਦੇ ਹਨ—

"ਮੈਂ ਮਨ ਉਤੇ ਅਸਵਾਰ ਹਾਂ, ਪਰ ਪੰਡਤ ਉਤੇ ਤਾਂ ਹਮੇਸ਼ਾ ਮਨ ਹੀ ਅਸਵਾਰ ਰਹਿੰਦਾ ਹੈ।"

ਜੇ ਦੂਸਰੇ ਨੂੰ ਦਬਾਉਣ ਦਾ ਖ਼ਿਆਲ ਹੈ, ਤਾਂ ਪੋਥੀ ਜੁੱਤੀ ਦਾ ਕੰਮ ਕਰ ਰਹੀ ਹੈ। ਗਾਂਗਾ ਵੀ ਗ਼ਲਤ ਕੰਮ ਕਰ ਰਿਹਾ ਹੈ। ਜੁੱਤੀ ਨੂੰ ਉਸ ਥਾਂ ਤੇ ਰਖਿਆ ਹੈ, ਜਿਥੇ ਪੋਥੀ ਰਖੀਦੀ ਹੈ। ਬ੍ਰਹਮ ਚਰਚਾ ਵਿਚ ਜੁੱਤੀ ਲੈ ਜਾਣੀ ਠੀਕ ਨਹੀਂ। ਖ਼ੈਰ ਗਾਂਗੇ ਨੂੰ ਤਾਂ ਮੁਆਫ਼ ਕੀਤਾ ਜਾ ਸਕਦਾ ਹੈ। ਉਹ ਅਨਪੜ੍ਹ ਹੈ। ਪਰ ਪੰਡਤ ਨੂੰ ਮੁਆਫ਼ ਕਰਨਾ ਬੜਾ ਮੁਸ਼ਕਿਲ

ਹੈ। ਫਿਰ ਗਾਂਗੇ ਕੋਲ ਇਕ ਉੱਤਰ ਹੈ ਕਿ ਜੇ ਇਸ ਸਭਾ ਵਿਚ ਮੈਂ ਜੁੱਤੀ ਲੈ ਕੇ ਗਿਆ ਹਾਂ ਤਾਂ ਮੇਰਾ ਕੀ ਗੁਨਾਹ ਹੈ ? ਪੰਡਤ ਨੇ ਵੀ ਤਾਂ ਸ਼ਾਸ਼ਤ੍ਰ ਜੁੱਤੀ ਦੀ ਤਰ੍ਹਾਂ ਵਰਤਿਆ ਹੈ। ਪਰ ਪੰਡਤ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਕਿ ਉਸ ਨੇ ਪੋਥੀ ਨੂੰ ਲੋਕਾਂ ਨੂੰ ਦਬਾਉਣ ਲਈ, ਹਰਾਉਣ ਲਈ, ਜੁੱਤੀ ਦੀ ਤਰ੍ਹਾਂ ਕਿਉਂ ਵਰਤਿਆ ਹੈ ? ਫਿਰ ਜੇ ਗਾਂਗਾ ਜੁੱਤੀ ਦੇ ਮੁਕਾਬਲੇ ਜੁੱਤੀ ਲੈ ਗਿਆ ਹੈ, ਤਾਂ ਉਸ ਦਾ ਕੋਈ ਗੁਨਾਹ ਨਹੀਂ। ਉਹ ਸ਼ਾਸ਼ਤ੍ਰ ਦੇ ਮੁਕਾਬਲੇ ਵਿਚ ਜੁੱਤੀ ਲੈ ਕੇ ਨਹੀਂ ਗਿਆ। ਉਹ ਤਾਂ ਜੁੱਤੀ ਦੇ ਮੁਕਾਬਲੇ ਵਿਚ ਜੁੱਤੀ ਲੈ ਕੇ ਗਿਆ ਹੈ।

ਅਸਲ ਵਿਚ ਬੇਸਮਝੀ ਬੀਜ ਹੈ ਸਮਝਦਾਰੀ ਦਾ। ਜੇ ਬੰਦਾ ਅਗਿਆਨੀ ਨਾ ਹੁੰਦਾ ਤਾਂ ਦੁਨੀਆਂ ਦੇ ਗਿਆਨੀ ਕਦੋਂ ਦੇ ਬੇਕਾਰ ਹੋ ਗਏ ਹੁੰਦੇ। ਕੋਈ ਵਿਦਿਆਲਾ, ਕੋਈ ਸਕੂਲ, ਕਾਲਜ ਨਾ ਹੁੰਦਾ। ਅਗਿਆਨਤਾ ਦੇ ਆਸਰੇ ਹੀ ਗਿਆਨ ਦੀ ਖੇਡ ਚੱਲ ਰਹੀ ਹੈ। ਇਹ ਸੱਚ ਹੈ ਕਿ ਗਾਂਗੇ ਤੇਲੀ ਦੇ ਆਸਰੇ ਹੀ ਪੰਡਿਤ ਦੀਆਂ ਪੋਥੀਆਂ ਹਨ।

ਗਾਂਗੇ ਦੀ ਅਗਿਆਨਤਾ ਨਾ ਹੋਵੇ ਤਾਂ ਪੰਡਿਤ ਦੀਆਂ ਪੋਥੀਆਂ ਬੇਕਾਰ ਹੋ ਜਾਣ। ਕਿਸੇ ਉਸਤਾਦ ਨੂੰ ਪੁਛੋ ਕਿ ਤੁਸੀਂ ਕਹਿੰਦੇ ਹੋ ਅਨਪੜ੍ਹ ਅਗਿਆਨੀ ਪਸ਼ੂ ਹੈ, ਮੂਰਖ ਹੈ। ਅਗਿਆਨਤਾ ਨਾਲ ਮੇਰਾ ਵੈਰ ਹੈ। ਫਿਰ ਕਿਉਂ ਅਗਿਆਨੀਆਂ ਨੂੰ ਲੱਭਦੇ ਫਿਰਦੇ ਹੋ ? ਕੀ ਤੁਹਾਡੇ ਪਾਸ ਪੜ੍ਹਨ ਵਾਸਤੇ ਮਹਾਂ ਗਿਆਨੀ ਆਉਂਦੇ ਹਨ ? ਜਵਾਬ ਮਿਲਦਾ ਹੈ ਕਿ ਪੜ੍ਹਕੇ ਸਿਆਣੇ ਹੋ ਜਾਣਗੇ। ਇਸ ਦਾ ਭਾਵ ਹੈ ਕਿ ਸਿੱਖਣ ਦੀ ਸ਼ਕਤੀ, ਵਿਦਿਆ ਗ੍ਰਹਿਣ ਕਰਨ ਦੀ ਸ਼ਕਤੀ ਪ੍ਰਮਾਤਮਾ ਨੇ ਇਸ ਮਨੁੱਖ ਦੇ ਅੰਦਰ ਪਹਿਲਾਂ ਹੀ ਟਿਕਾਈ ਹੋਈ ਹੈ। ਜਿਸ ਦੇ ਅੰਦਰ ਗ੍ਰਹਿਣ ਕਰਨ ਦੀ ਸ਼ਕਤੀ ਨਹੀਂ, ਉਸ ਨੂੰ ਕੋਈ ਪੜ੍ਹਾ ਕੇ ਦਸੇ। ਕੁੱਤਾ ਜਿਵੇਂ ਸਤਿਜੁਗ ਵਿਚ ਭੌਂਕਦਾ ਸੀ, ਅੱਜ ਵੀ ਉਸੇ ਤਰ੍ਹਾਂ ਹੀ ਭੌਂਕਦਾ ਹੈ। ਕੁੱਤੇ ਤੇ ਨਾ ਸਮੇਂ ਦਾ ਤੇ ਨਾ ਹੀ ਦੇਸ਼ ਜਾਂ ਭਾਸ਼ਾ ਦਾ ਅਸਰ ਹੁੰਦਾ ਹੈ। ਮੈਂ ਇੰਡੀਆ, ਨਿਪਾਲ, ਥਾਈਲੈਂਡ, ਮਲੇਸ਼ੀਆ, ਸਿੰਘਾਪੁਰ, ਹਾਂਗਕਾਂਗ, ਜਾਪਾਨ, ਇੰਗਲੈਂਡ, ਕਨੇਡਾ ਦੇ ਕੁੱਤੇ ਭੌਂਕਦੇ ਸੁਣੇ ਹਨ। ਸਾਰਿਆਂ ਦੀ ਭੌਂਕਣ ਦੀ ਅਵਾਜ਼ ਇਕੋ ਜਿਹੀ ਹੈ। ਐਸਾ ਨਹੀਂ ਕਿ ਭਾਰਤ ਦੇ ਕੁੱਤੇ ਹਿੰਦੀ ਵਿਚ ਭੌਂਕਦੇ ਹਨ ਤੇ ਇੰਗਲੈਂਡ ਦੇ ਕੁੱਤੇ ਅੰਗਰੇਜ਼ੀ ਵਿਚ ਭੌਂਕਦੇ ਹਨ। ਕਾਂ ਵੀ ਹਰ ਦੇਸ਼ ਵਿਚ ਕਾਂ-ਕਾਂ ਹੀ ਕਰਦਾ ਹੈ। ਜੇ ਵਿਦਵਾਨ ਪੜ੍ਹਾ ਸਕਨ ਤਾਂ ਸਾਰੇ ਰਲ ਕੇ ਕਾਂ ਦੀ ਬੋਲੀ ਬਦਲ ਦੇਣ। ਪਰ ਐਸਾ ਨਹੀਂ ਕਰ ਸਕੇ। ਬੰਦੇ ਦੀ ਹੀ ਬੇਸਮਝੀ ਦੂਰ ਕਰਨ ਤੇ ਕਿਉਂ ਜ਼ੋਰ ਹੈ। ਬੰਦੇ ਨੂੰ ਹੀ ਪੜ੍ਹਾਉਣ ਤੇ ਕਿਉਂ ਜ਼ੋਰ ਹੈ। ਉਸਤਾਦ ਚੰਗੀ ਤਰ੍ਹਾਂ ਸਮਝਦਾ ਹੈ ਕਿ ਬੰਦੇ ਦੀ ਬੇਸਮਝੀ ਵਿਚ ਪ੍ਰਮਾਤਮਾ ਨੇ ਸਮਝਦਾਰੀ ਰੱਖੀ ਹੋਈ ਹੈ। ਇਸ ਨੂੰ ਸਿਖਾਇਆ ਜਾ ਸਕਦਾ ਹੈ। ਬਾਣੀ ਵਿਚ ਇਸੇ ਲਈ ਕਿਹਾ ਹੈ—

ਨਾ ਕੋ ਮੂਰਖੁ ਨਾ ਕੋ ਸਿਆਣਾ ॥ ਵਰਤੈ ਸਭ ਕਿਛੁ ਤੇਰਾ ਭਾਣਾ ॥

(ਪੰਨਾ ੯੮)

ਮਨੁੱਖ ਬਾਹਰੀ ਗਿਆਨ ਜਿੰਨਾ ਮਰਜ਼ੀ ਹਾਸਲ ਕਰ ਲਵੇ, ਪਰ ਪ੍ਰਮਾਤਮਾ ਪ੍ਰਤੀ ਉਹ ਅਗਿਆਨੀ ਹੀ ਹੈ। ਇਸ ਅਗਿਆਨ ਨੂੰ ਕਬੂਲ ਕਰਨਾ ਬਹੁਤ ਮੁਸ਼ਕਲ ਹੈ।

ਹਜ਼ਰਤ ਸ਼ੇਖ ਸਾਅਦੀ ਦਾ ਕਹਿਣਾ ਹੈ ਕਿ ਅਗਿਆਨੀ ਅੰਧਕਾਰ ਵਿਚ ਭਟਕਦੇ ਹਨ। ਪਰ ਕਥਾ ਕਥਿਤ ਗਿਆਨ ਮਹਾਂ ਅੰਧਕਾਰ ਵਿਚ ਭਟਕਦੇ ਹਨ। ਅਗਿਆਨੀ ਨੂੰ ਤਾਂ ਕਿਸੇ ਵਕਤ ਬੋਧ ਹੋ ਸਕਦਾ ਹੈ ਕਿ ਮੈਂ ਨਹੀਂ ਜਾਣਦਾ। ਪਰ ਗਿਆਨੀ ਕੋਲ ਉਧਾਰਾ ਗਿਆਨ ਹੈ। ਆਪਣਾ ਵੀ ਨਹੀਂ। ਇਹ ਉਧਾਰੇ ਗਿਆਨ ਦਾ ਭਰਮ ਇਹ ਬੋਧ ਵੀ ਨਹੀਂ ਹੋਣ ਦੇਂਦਾ। ਉਧਾਰੇ ਗਿਆਨ ਨਾਲ ਹਕੀਕੀ (ਅਸਲੀ) ਜੀਵਨ ਉਦੈ ਨਹੀਂ ਹੁੰਦਾ। ਕਿਉਂਕਿ ਉਧਾਰਾ ਗਿਆਨ ਬੇ-ਬੁਨਿਆਦ ਹੁੰਦਾ ਹੈ। ਇਸ ਤਰ੍ਹਾਂ ਦੇ ਗਿਆਨ ਦੀਆਂ ਜੜ੍ਹਾਂ ਨਹੀਂ ਹੁੰਦੀਆਂ। ਇਸ ਲਈ ਅਸਲੀ ਹਰਿਆਵਲ ਤੋਂ ਜੀਵਨ ਵਾਂਝਾ ਰਹਿੰਦਾ ਹੈ।

ਅੱਜ ਦੀ ਦੁਨੀਆਂ ਵਿਚ ਗਿਆਨ ਤਾਂ ਬਹੁਤ ਹੈ ਪਰ ਬੁਨਿਆਦ-ਰਹਿਤ ਹੈ। ਇਸ ਵਾਸਤੇ ਅੱਜ ਦੇ ਗਿਆਨ ਨਾਲ ਜੀਵਨ ਚਲਦਾ ਜ਼ਰੂਰ ਹੈ, ਪਰ ਬਦਲਦਾ ਨਹੀਂ ਹੈ। ਪਿਤਾ ਦਾ ਕਮਾਇਆ ਹੋਇਆ ਧਨ ਵਿਰਸੇ ਵਿਚ ਮਿਲ ਜਾਵੇ ਤਾਂ ਮਨੁੱਖ ਧਨਵਾਨ ਤਾਂ ਅਖਵਾ ਸਕਦਾ ਹੈ, ਪਰ ਖ਼ੁਦ ਧਨ ਕਮਾ ਕੇ ਧਨਵੰਤ ਹੋਣਾ, ਇਹ ਅਵਸਥਾ ਕੁਝ ਹੋਰ ਹੁੰਦੀ ਹੈ।

ਪ੍ਰਸੂਤ ਦੀ ਪੀੜਾ ਤੋਂ ਲੰਘ ਕੇ ਬੱਚੇ ਦਾ ਗੋਦ ਹੋਣਾ ਹੋਰ ਗੱਲ ਹੈ। ਪਰ ਕਿਸੇ ਦਾ ਬੱਚਾ ਗੋਦ ਲੈਣਾ ਇਹ ਗੱਲ ਹੋਰ ਹੈ। ਇਸ ਨਾਲ ਇਸਤਰੀ ਮਾਂ ਨਹੀਂ ਬਣ ਸਕਦੀ। ਕਿਉਂਕਿ ਸਿਰਫ਼ ਬੱਚੇ ਦਾ ਹੀ ਜਨਮ ਨਹੀਂ ਹੁੰਦਾ। ਮਾਂ ਦਾ ਜਨਮ ਵੀ ਹੁੰਦਾ ਹੈ। ਬੱਚੇ ਦੇ ਜਨਮ ਤੋਂ ਪਹਿਲਾਂ ਸਿਰਫ਼ ਔਰਤ ਹੈ। ਬੱਚੇ ਦੇ ਜਨਮ ਤੋਂ ਬਾਅਦ ਮਾਂ ਦਾ ਜਨਮ ਹੁੰਦਾ ਹੈ। ਬੱਚਾ ਗੋਦ ਲੈਣ ਨਾਲ ਮਮਤਾ ਉਜਾਗਰ ਨਹੀਂ ਹੁੰਦੀ। ਨੌਂ ਮਹੀਨੇ ਗਰਭ ਦੀ ਪੀੜਾ ਤੇ ਪ੍ਰਸੂਤ ਦੀ ਪੀੜਾ ਤੋਂ ਲੰਘਣ ਤੋਂ ਬਿਨਾਂ ਮਮਤਾ (ਮਾਂ) ਦਾ ਪੈਦਾ ਹੋਣਾ ਔਖਾ ਹੈ। ਜਦੋਂ ਮਾਂ ਹੀ ਪੈਦਾ ਨਹੀਂ ਹੋਈ ਤਾਂ ਬੱਚੇ ਦਾ ਪੈਦਾ ਝੂਠਾ ਹੈ।

ਬਾਹਰੋਂ ਇਕੱਠਾ ਕੀਤਾ ਗਿਆ ਗਿਆਨ, ਗਿਆਨੀ ਹੋਣ ਦਾ ਭਰਮ ਤਾਂ ਪੈਦਾ ਕਰ ਦੇਂਦਾ ਹੈ, ਪਰ ਅਨੁਭਵ-ਹੀਣ ਹਿਰਦੇ ਦੀ ਸ਼ੁੱਧੀ ਨਹੀਂ ਹੁੰਦੀ। ਅੰਦਰ ਅਹੰਕਾਰ ਤੇ ਕਪਟ ਹੁੰਦਿਆਂ ਹੋਇਆਂ ਵੀ ਇਹ ਗਿਆਨੀ ਬਣਿਆ ਰਹਿੰਦਾ ਹੈ।

ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥

(ਪੰਨਾ ੬੫੬)

ਉਪਰੋਂ ਥਾਪਿਆ ਹੋਇਆ ਗਿਆਨ ਪਾਣੀ ਰਿੜਕਣ ਬਰਾਬਰ ਹੈ। ਪਾਣੀ ਵਿਚੋਂ ਮੱਖਣ ਨਹੀਂ ਨਿਕਲਦਾ। ਅਨੁਭਵ-ਹੀਣ ਗਿਆਨ ਵਿਚੋਂ ਤੱਤ ਵਸਤੂ (ਆਤਮ ਰਸ) ਦੀ ਪ੍ਰਾਪਤੀ ਨਹੀਂ ਹੁੰਦੀ। ਭੁਲੇਖਾ ਤਾਂ ਦਹੀਂ ਦੇ ਰਿੜਕਣ ਦਾ ਬਣਿਆ ਰਹਿੰਦਾ ਹੈ। ਪਰ ਅਸਲ ਵਿਚ ਪਾਣੀ ਹੀ, ਮਥਿਆ ਹੈ।

ਐਸੋ ਅਚਰਜੁ ਦੇਖਿਓ ਕਬੀਰ ॥ ਦਧਿ ਕੈ ਭੋਲੈ ਬਿਰੋਲੈ ਨੀਰੁ ॥

(ਪੰਨਾ ੩੨੬)

ਕਬੀਰ, ਰਵਿਦਾਸ, ਨਾਮਦੇਵ, ਜੈ-ਦੇਵ, ਸਧਨਾ ਆਦਿ ਸਾਰੇ ਭਗਤਾਂ ਕਿਤੋਂ ਗਿਆਨ ਪ੍ਰਾਪਤ ਨਹੀਂ ਕੀਤਾ, ਬਲਕਿ ਜੋ ਕੁਝ ਵੀ ਉਨ੍ਹਾਂ ਨੇ ਸੰਸਾਰ ਦੀ ਝੋਲੀ ਵਿਚ ਪਾਇਆ

ਹੈ, ਉਹ ਸਾਰਾ ਉਨ੍ਹਾਂ ਦਾ ਨਿਜੀ ਅਨੁਭਵ ਹੈ। ਤਥਾ ਕਥਿਤ ਗਿਆਨੀ ਤਾਂ ਉਨ੍ਹਾਂ ਦੇ ਨਿਜੀ ਅਨੁਭਵ ਦੇ ਗਿਆਨ ਰਾਹੀਂ ਥੀਸਸ ਲਿਖਦੇ ਰਹਿੰਦੇ ਹਨ। ਲੋਕ ਪੀ. ਐਚ. ਡੀ. ਕਰਦੇ ਹਨ। ਉਨ੍ਹਾਂ ਮਹਾਪੁਰਖਾਂ ਨੂੰ ਪੜ੍ਹ ਕੇ ਬੜੇ-ਬੜੇ ਡਿਪਲੋਮੇ ਪ੍ਰਾਪਤ ਕਰਦੇ ਹਨ। ਪਰ ਇਹਨਾਂ ਮਹਾਪੁਰਖਾਂ ਦਾ ਸਾਰਾ ਨਿਜੀ ਅਨੁਭਵੀ ਗਿਆਨ ਹੈ। ਬਾਹਰੋਂ ਇਕੱਠਾ ਨਹੀਂ ਕੀਤਾ। ਉਨ੍ਹਾਂ ਕੋਲ ਸੱਤ ਅਸੱਤ ਨੂੰ ਵੇਖਣ ਵਾਲੀ ਅੱਖ ਹੈ। ਜੋ ਵੇਖਿਆ ਹੈ, ਉਹ ਆਖਿਆ ਹੈ। ਜੋ ਜਾਣਿਆ ਹੈ। ਉਹ ਮਾਣਿਆ ਹੈ। ਉਸ ਦੀ ਵਿਚਾਰ ਕੀਤੀ ਹੈ।

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥

(ਪੰਨਾ ੮੯੪)

ਕੁਰਾਨ ਕੰਠ ਕਰ ਲੈਣਾ ਬਹੁਤਾ ਔਖਾ ਨਹੀਂ। ਥੋੜੇ ਦਿਨਾਂ ਦੀ ਦਿਮਾਗ਼ੀ ਮਿਹਨਤ ਹੈ। ਲੇਕਿਨ ਕੁਰਾਨ ਦਾ ਰੂਪ ਹੋ ਜਾਣਾ ਔਖਾ ਹੈ। ਗੀਤਾ ਕੰਠ ਕਰਕੇ ਪੰਡਿਤ ਹੋਣਾ ਸੌਖਾ ਹੈ। ਪਰ ਗੀਤਾ ਦਾ ਰੂਪ ਹੋਣਾ ਔਖਾ ਹੈ। ਅਕਸਰ ਬਹੁਤੀ ਗੁਰਬਾਣੀ ਕੰਠ ਕਰ ਲੈਣ ਵਾਲਾ ਵੱਡਾ ਗਿਆਨੀ ਕਿਹਾ ਜਾਂਦਾ ਹੈ। ਸਨਮਾਨ ਮਿਲਦਾ ਹੈ। ਪਰ ਗੁਰਬਾਣੀ ਦਾ ਰੂਪ ਹੋ ਜਾਣਾ ਬਹੁਤ ਵੱਡੀ ਘਾਲਣਾ ਹੈ। ਕੰਠ ਵਿਚ ਤਾਂ ਬਹੁਤਿਆਂ ਦੇ ਵੱਸੀ ਹੈ। ਪਰ ਹਿਰਦੇ ਵਿਚ ਤਾਂ ਕੋਈ-ਕੋਈ ਧਾਰਨ ਕਰਦਾ ਹੈ।

ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥

(ਪੰਨਾ ੯੨੦)

ਅਨੁਭਵ-ਹੀਣ ਗਿਆਨੀ ਨੇ ਆਪਣੇ ਦਿਮਾਗ਼ ਵਿਚ ਇਸ ਤਰ੍ਹਾਂ ਭਾਰ ਲੱਦਿਆ ਹੁੰਦਾ ਹੈ, ਜਿਵੇਂ ਬੌਲਦ ਉਪਰ ਕਿਤਾਬਾਂ ਦਾ ਭਾਰ ਲੱਦਿਆ ਹੋਵੇ। ਹਜ਼ਰਤ ਸ਼ੇਖ ਸਾਅਦੀ ਦਾ ਕਹਿਣਾ ਹੈ ਕਿ—

ਇਲਮ ਚੰਦਾ ਕਿ ਬੇਸਤਰ ਖ਼ੁਵਾਨੀ ॥
ਗਰ ਅਮਲ ਨ ਦਾਰਦ ਤੋ ਨੇਸਤ ਨਾਦਾਨੀ ॥
ਨ ਮੁਹੱਕਕ ਬਵਦ ਨ ਦਾਨਿਸ਼ ਮੰਦ ॥
ਚਾਰ ਪਾਇ ਬਰੋਇ ਕਿਤਾਬੇ ਚੰਦ ॥

(ਹਜ਼ਰਤ ਸ਼ੇਖ ਸਾਅਦੀ)

ਮੈਂ ਵੱਡਾ ਵਿਚਾਰਕ ਹਾਂ। ਗਿਆਨੀ ਹਾਂ। ਇਹ ਸਭ ਹਉਮੈ ਹੈ। ਉਸਤਾਦ ਜ਼ੌਕ ਦਾ ਕਹਿਣਾ ਹੈ ਕਿ—

ਤੁਝੇ ਕਿਤਾਬ ਸੇ ਨਹੀਂ ਫਿਰੋਗ ਕਿ ਤੂ
ਕਿਤਾਬੇ ਖ਼ਵਾ ਹੈ, ਸਾਹਿਬ-ਏ ਕਿਤਾਬ ਨਹੀ ॥

(ਉਸਤਾਦ ਜ਼ੌਕ)

ਕਹਾਣੀ—ਇੱਕ ਬੜੀ ਪਿਆਰੀ ਕਹਾਣੀ ਹੈ ਕਿ ਇਕ ਬੇੜੀ ਚਲਾਉਣ ਵਾਲਾ, ਗਰੀਬ ਤੇ ਅਨਪੜ੍ਹ ਬੰਦਾ। ਆਪਣੀ ਉਪਜੀਵਕਾ ਵਾਸਤੇ ਇਕ ਨਦੀ ਉੱਪਰ ਬੇੜੀ ਚਲਾਉਂਦਾ ਹੁੰਦਾ ਸੀ। ਇੱਕ ਦਿਨ ਉਸ ਦੀ ਬੇੜੀ ਵਿਚ ਬੜਾ ਪੜ੍ਹਿਆ-ਲਿਖਿਆ ਚਤੁਰ ਬੰਦਾ ਬੈਠ ਗਿਆ। ਬੜਾ ਪੰਡਿਤ (ਗਿਆਨੀ) ਸੀ। ਉਸ ਨੇ ਬੜੀਆਂ ਕਿਤਾਬਾਂ ਪੜ੍ਹੀਆਂ ਹੋਈਆਂ

ਸਨ। ਕਈ ਭਾਸ਼ਾਵਾਂ ਦਾ ਉਸ ਨੂੰ ਗਿਆਨ ਸੀ।

ਉਸ ਗਿਆਨੀ ਬੰਦੇ ਨੇ ਬੇੜੀ ਵਿਚ ਬੈਠਦਿਆਂ ਹੀ ਉਸ ਗ਼ਰੀਬ ਮਲਾਹ ਨੂੰ ਪੁਛਿਆ ਕਿ ਤੁਸੀਂ ਸੰਸਕ੍ਰਿਤ ਜਾਣਦੇ ਹੋ ? ਉਸ ਮਲਾਹ ਨੇ ਕਿਹਾ, ਨਹੀਂ ਜੀ। ਮੈਂ ਤਾਂ ਪਿੰਡ ਦਾ ਅਨਪੜ੍ਹ ਬੰਦਾ ਹਾਂ। ਕੁਝ ਵਿਦਿਆ ਨਹੀਂ ਜਾਣਦਾ। ਪੰਡਿਤ ਕਹਿਣ ਲੱਗਾ ਕਿ ਫਿਰ ਤਾਂ ਤੇਰੀ ਜ਼ਿੰਦਗੀ ਰੁਪਏ ਵਿਚੋਂ ਚਾਰ ਆਨੇ ਬੇਕਾਰ ਹੋ ਗਈ। ਉਸ ਪੰਡਿਤ ਨੇ ਫਿਰ ਪੁਛਿਆ ਕਿ ਕੋਈ ਹੋਰ ਭਾਸ਼ਾ ਉਰਦੂ, ਅਰਬੀ, ਫ਼ਾਰਸੀ ਪੰਜਾਬੀ ਜਾਣਦੇ ਹੋ ? ਉਸ ਗ਼ਰੀਬ ਮਲਾਹ ਨੇ ਕਿਹਾ ਕਿ ਨਹੀਂ ਜੀ ! ਮੈਂ ਤਾਂ ਪਿੰਡ ਦਾ ਸਾਫ਼ ਅਨਪੜ੍ਹ ਬੰਦਾ ਹਾਂ। ਉਸ ਪੰਡਿਤ ਨੇ ਕਿਹਾ, ਫਿਰ ਤਾਂ ਤੇਰੀ ਜ਼ਿੰਦਗੀ ਰੁਪਏ ਵਿਚੋਂ ਅੱਠ ਆਨੇ ਬੇਕਾਰ ਹੈ। ਉਸ ਪੰਡਿਤ ਨੇ ਫਿਰ ਪੁਛਿਆ, ਕਿ ਅਗੋਂ ਕੋਈ ਵਿਦਿਆ ਪੜ੍ਹਨ ਦਾ ਵਿਚਾਰ ਹੈ? ਉਸ ਗ਼ਰੀਬ ਮਲਾਹ ਨੇ ਕਿਹਾ ਕਿ ਹੁਣ ਅੱਧੀ ਤਾਂ ਬੇ-ਕਾਰ ਹੋ ਗਈ ਹੈ। ਬਾਕੀ ਅੱਧੀ ਵੀ ਲੰਘ ਜਾਏਗੀ। ਹੁਣ ਅਗੋਂ ਕੋਈ ਵਿਦਿਆ ਪੜ੍ਹਨ ਦਾ ਖ਼ਿਆਲ ਨਹੀਂ।

ਇਹ ਸੁਣ ਕੇ ਪੰਡਿਤ ਕਹਿਣ ਲੱਗਾ ਕਿ ਫਿਰ ਤੇ ਤੇਰੀ ਜ਼ਿੰਦਗੀ ਰੁਪਏ ਵਿਚੋਂ ਬਾਰਾਂ ਆਨੇ ਬੇਕਾਰ ਹੈ।

ਅਚਾਨਕ ਹੀ ਉਸ ਨਦੀ ਵਿਚ ਹੜ੍ਹ ਆ ਗਿਆ, ਹਨੇਰੀ ਦੇ ਨਾਲ ਬਾਰਸ਼ ਵੀ ਹੋਣ ਲਗ ਪਈ। ਬੇੜੀ ਡਗਮਗਾਉਣ ਲਗ ਪਈ। ਉਸ ਗ਼ਰੀਬ ਮਲਾਹ ਨੇ ਕਿਹਾ, ਪੰਡਿਤ ਜੀ ! ਤੁਹਾਨੂੰ ਤਰਨਾ ਆਉਂਦਾ ਹੈ ? ਪੰਡਿਤ ਕਹਿਣ ਲਗਾ, ਨਹੀਂ ! ਮੈਨੂੰ ਤਾਂ ਤਰਨਾ ਨਹੀਂ ਆਉਂਦਾ। ਗ਼ਰੀਬ ਮਲਾਹ ਕਹਿਣ ਲਗਾ ਕਿ ਫਿਰ ਤੁਹਾਡੀ ਜ਼ਿੰਦਗੀ ਰੁਪਏ ਚੋਂ ਸੋਲਾਂ ਆਨੇ ਹੀ ਬੇਕਾਰ ਗਈ ਸਮਝੋ। ਬੇੜੀ ਡੁੱਬਣ ਦੇ ਕਰੀਬ ਹੈ। ਮੈਂ ਤਰ ਕੇ ਜਾ ਰਿਹਾ ਹਾਂ। ਤੁਸੀਂ ਆਪਣਾ ਬਚਾਅ ਕਰੋ ਜੇ ਹੋ ਸਕਦਾ ਹੈ ਤਾਂ।

ਜ਼ਿੰਦਗੀ ਵਿਚ ਇਹ ਜੋ Knowing about ਹੈ। ਯਾਨੀ ਕਿ ਵਸਤਾਂ ਦੇ ਸਬੰਧ ਵਿਚ ਜਾਣ ਲੈਣਾ। ਇਹ ਕੋਈ ਬਹੁਤਾ ਕੀਮਤੀ ਨਹੀਂ ਹੈ। ਸੱਚ ਦੇ ਬਾਰੇ ਵਿਚ ਜਾਣ ਲੈਣਾ, ਪਰ ਆਪ ਖ਼ੁਦ ਸੱਚਾਈ ਤੇ ਤੁਰ ਨਾ ਸਕਣਾ। ਕੁਝ ਅਰਥ ਨਹੀਂ ਰੱਖਦਾ। ਜਿੰਨੀ ਦੇਰ ਖ਼ੁਦ ਸੱਚ ਵਿਚ ਸੱਚਾ ਨਾ ਹੋ ਜਾਵੇ। ਓਨੀ ਦੇਰ ਤਕ ਸੱਚ ਬਾਰੇ ਜਾਣਿਆ ਹੋਇਆ, ਭਾਵ ਕਿ ਸੱਚ ਬਾਰੇ ਪੜ੍ਹੀ ਹੋਈ ਵਿਦਿਆ ਬੇ-ਮਤਲਬ ਹੈ।

ਭਾਸ਼ਾ ਕੋਸ਼ ਵਿਚ ਇਕ ਸ਼ਬਦ ਲਿਖਿਆ ਹੈ "ਘੋੜਾ"। ਪਰ ਇਹ ਲਿਖਿਆ ਹੋਇਆ ਪੜ੍ਹ ਕੇ ਵੀ ਉਸ ਉਪਰ ਅਸੀਂ ਅਸਵਾਰੀ ਨਹੀਂ ਕਰ ਸਕਦੇ। ਉਸ ਨੂੰ ਘੋੜਾ ਸਮਝ ਕੇ ਵੀ ਉਹ ਘੋੜੇ ਵਾਲਾ ਕੰਮ ਨਹੀਂ ਦੇ ਸਕਦਾ। ਸੱਚ ਦੇ ਸਬੰਧ ਵਿਚ ਜਾਣ ਲੈਣਾ ਇਹ ਬਹੁਤਾ ਕੀਮਤੀ ਨਹੀਂ ਹੈ। ਸੱਚ ਦੇ ਬਾਰੇ ਵਿਚ ਜਾਣ ਲੈਣਾ ਪਰ ਆਪ ਖ਼ੁਦ ਸਚਾਈ ਤੇ ਤੁਰ ਨਾ ਸਕਣਾ। ਜਿਤਨੀ ਦੇਰ ਖ਼ੁਦ ਸੱਚ ਵਿਚ ਸੱਚ ਨਾ ਹੋ ਜਾਵੇ ਓਨੀ ਦੇਰ ਤੱਕ ਸੱਚ ਬਾਰੇ ਜਾਣਿਆ ਹੋਇਆ, ਭਾਵ ਸੱਚ ਬਾਰੇ ਵਿਦਿਆ ਪੜ੍ਹੀ ਹੋਈ ਬੇ-ਮਤਲਬਾ ਹੈ।

ਭਾਸ਼ਾ ਕੋਸ਼ ਵਿਚ ਲਿਖਿਆ ਹੈ ਇਕ ਸ਼ਬਦ, "ਘੋੜਾ।" ਪਰ ਇਹ ਲਿਖਿਆ ਪੜ੍ਹਕੇ ਵੀ ਅਸੀਂ ਉਸ ਉਪਰ ਸੁਆਰੀ ਨਹੀਂ ਕਰ ਸਕਦੇ। ਉਸ ਨੂੰ ਘੋੜਾ ਸਮਝ ਕੇ ਵੀ ਉਹ ਘੋੜੇ ਵਾਲਾ ਕੰਮ ਨਹੀਂ ਦੇ ਸਕਦਾ। ਸਚਾਈ ਦੀ ਖੋਜ ਸਮੇਂ ਅਸੀਂ ਇਕ ਲਿਖੇ ਹੋਏ ਇਸ਼ਾਰੇ

ਨੂੰ ਹੀ ਸੱਚ ਮੰਨ ਲਿਆ ਹੈ। ਠੀਕ ਹੈ! ਇਸ਼ਾਰਾ ਭੀ ਹੈ ਪਰ ਇਸ਼ਾਰਾ ਮੰਜ਼ਲ ਨਹੀਂ ਹੈ। ਇਕ ਕਿਤਾਬ ਵਿਚ ਲਿਖਿਆ 'ਈਸ਼ਵਰ।' ਅਸੀਂ ਉਸ ਨੂੰ ਪੜ੍ਹ ਕੇ ਨਮਸ਼ਕਾਰ ਕਰਦੇ ਹਾਂ। ਕੀ ਜਦੋਂ ਅਸੀਂ ਕਿਸੇ ਗੱਡੀ ਵਿਚ ਸਫ਼ਰ ਕਰਦੇ ਹਾਂ। ਫਰਜ਼ੀਆ ਅਸੀਂ ਦਿੱਲੀ ਜਾਣਾ ਹੋਵੇ। ਰਸਤੇ ਵਿਚ ਹੀ ਕਈ ਮੀਲ-ਪੱਥਰਾਂ ਉਪਰ 'ਦਿੱਲੀ' ਸ਼ਬਦ ਲਿਖਿਆ ਮਿਲਦਾ ਹੈ। ਤਾਂ ਉਹ ਮੀਲ ਪੱਥਰ ਮੰਜ਼ਿਲ ਨਹੀਂ ਹੈ। ਮੀਲ-ਪੱਥਰ ਹੀ 'ਦਿੱਲੀ' ਨਹੀਂ ਹੈ। ਮੀਲ-ਪੱਥਰ ਉਪਰ ਲਿਖਿਆ ਦਿੱਲੀ ਦੀ ਤਰਫ਼ ਇਕ ਇਸ਼ਾਰਾ ਹੈ। ਇਸ਼ਾਰਾ ਵੀ ਝੂਠ ਨਹੀਂ। ਪਰ ਇਸ਼ਾਰਾ ਮੰਜ਼ਲ ਨਹੀਂ ਹੈ। ਅਸੀਂ ਸਭ ਲੋਕ ਇਸ਼ਾਰੇ ਨੂੰ ਹੀ ਮੰਜ਼ਲ ਸਮਝ ਬੈਠਦੇ ਹਾਂ।

ਰੂਸ ਵਿਚ ਇਕ ਬਹੁਤ ਅਦਭੁਤ ਵਿਚਾਰਕ ਸੀ। ਜਿਸ ਦਾ ਨਾਮ ਸੀ ਆਸਪੈਂਸਕੀ। ਇਕ ਹੋਰ ਸਾਧੂ ਵੀ ਇਕ ਪਿੰਡ ਦਾ ਰਹਿਣ ਵਾਲਾ ਸੀ। ਜਿਸ ਦਾ ਨਾਮ ਗੁਰਜਿਅਫ਼ (Gurdief) ਸੀ। ਆਸਪੈਂਸਕੀ ਉਸ ਸਾਧੂ ਨੂੰ ਮਿਲਣ ਗਿਆ। ਜਦੋਂ ਮਿਲਣ ਗਿਆ, ਉਸ ਸਮੇਂ ਉਸ ਦੀਆਂ ਕਈ ਕਿਤਾਬਾਂ ਛਪੀਆਂ ਹੋਈਆਂ ਸਨ। ਇਕ ਕਿਤਾਬ ਵਿਚ ਤਾਂ ਉਸ ਨੂੰ ਇੰਨੀ ਜ਼ਿਆਦਾ ਪ੍ਰਸਿੱਧੀ ਮਿਲੀ ਸੀ, ਕਿ ਲੋਕ ਕਹਿੰਦੇ ਸਨ, ਦੁਨੀਆਂ ਵਿਚ ਉਸ ਦੇ ਮੁਕਾਬਲੇ ਦੀਆਂ ਸਿਰਫ਼ ਤਿੰਨ ਹੀ ਕਿਤਾਬਾਂ ਹਨ। ਇਕ ਅਰਸਤੂ ਨੇ ਲਿਖੀ ਹੈ, ਜੋ ਯੂਨਾਨ ਦਾ ਦਾਰਸ਼ਨਿਕ ਸੀ। ਉਸ ਕਿਤਾਬ ਦਾ ਨਾਮ ਆਰਗਾਨਾਨ (Organon) ਹੈ। ਇਹ ਕਿਤਾਬ ਸਚਾਈ ਦਾ ਪਹਿਲਾ ਸਿਧਾਂਤ ਹੈ। ਫਿਰ ਬੇਕਨ ਨੇ ਦੂਸਰੀ ਕਿਤਾਬ ਲਿਖੀ "ਨੌਂਵਮ ਆਰਗਾਨਮ" (Novum Organum) ਸਚਾਈ ਦਾ ਦੂਸਰਾ ਸਿਧਾਂਤ। ਤੀਸਰੀ ਕਿਤਾਬ ਆਸਪੈਂਸਕੀ ਨੇ ਲਿਖੀ ਹੈ "ਤਿਰਤੀਅਮ ਆਰਗਾਨਮ" (Tertium Organum) ਸਚਾਈ ਦਾ ਤੀਸਰਾ ਸਿਧਾਂਤ। ਲੋਕ ਕਹਿੰਦੇ ਸਨ ਕਿ ਬੱਸ ਇਹ ਤਿੰਨ ਹੀ ਕਿਤਾਬਾਂ ਅਦਭੁਤ ਹਨ। ਆਸਪੈਂਸਕੀ ਦੀ ਕਿਤਾਬ ਛਪ ਗਈ ਸੀ। ਉਸ ਦੀ ਬਹੁਤ ਕੀਰਤੀ ਤੇ ਪ੍ਰਸਿੱਧੀ ਹੋ ਰਹੀ ਸੀ। ਉਹ ਗੁਰਜਿਅਫ਼ ਨੂੰ ਮਿਲਣ ਗਿਆ। ਗੁਰਜਿਅਫ਼ ਇਕ ਬਿਲਕੁਲ ਹੀ ਸਿੱਧਾ ਸਾਧਾ ਪਿੰਡ ਦਾ ਸਾਧੂ ਸੀ। ਗੁਰਜਿਅਫ਼ ਨੂੰ ਜਾ ਕੇ ਉਸ ਨੇ ਪੁਛਿਆ, ਕਿ ਮੈਂ ਆਪ ਪਾਸੋਂ ਕੁਝ ਪੁਛਣ ਆਇਆ ਹਾਂ। ਆਸਪੈਂਸਕੀ ਬਹੁਤ ਵੱਡਾ ਪੰਡਿਤ ਸੀ। ਗੁਰਜਿਅਫ਼ ਨੇ ਇਕ ਕੋਰਾ ਕਾਗ਼ਜ਼ ਉਸ ਦੇ ਹੱਥ ਵਿਚ ਪਕੜਾ ਦਿੱਤਾ ਅਤੇ ਕਿਹਾ, ਪਹਿਲਾਂ ਆਪ ਇਸ ਕਾਗ਼ਜ਼ ਉਪਰ ਲਿਖ ਦਿਉ ਜੋ ਤੁਸੀਂ ਜਾਣਦੇ ਹੋ। ਜੋ ਨਹੀਂ ਜਾਣਦੇ ਉਹ ਵੀ ਲਿਖ ਦਿਉ। ਕਿਉਂਕਿ ਜੋ ਤੁਸੀਂ ਜਾਣਦੇ ਹੋ ਉਸ ਦੇ ਸਬੰਧ ਵਿਚ ਮੈਂ ਬਿਲਕੁਲ ਗੱਲ-ਬਾਤ ਨਹੀਂ ਕਰਾਂਗਾ। ਕਿਉਂਕਿ ਆਪ ਜਾਣਦੇ ਹੀ ਹੋ। ਜਿਸ ਸਬੰਧ ਵਿਚ ਆਪ ਨਹੀਂ ਜਾਣਦੇ, ਉਸ ਸਬੰਧ ਵਿਚ ਗੱਲ-ਬਾਤ ਕਰਾਂਗਾ ਤੇ ਆਪ ਨੂੰ ਕੁਝ ਫ਼ਾਇਦਾ ਹੋਏਗਾ। ਜਿਸ ਸਬੰਧ ਵਿਚ ਆਪ ਨੇ ਪੁਛਣਾ ਹੈ। ਈਸ਼ਵਰ, ਆਤਮਾ ਜਾਂ ਮੋਖਸ਼, ਲਿਖ ਦਿਉ।

ਆਸਪੈਂਸਕੀ ਕਾਗ਼ਜ਼ ਲੈ ਕੇ ਬੈਠਾ ਅਤੇ ਬੜੀ ਮੁਸ਼ਕਲ ਵਿਚ ਫਸ ਗਿਆ। ਖ਼ਿਆਲ ਆਇਆ ਕਿ ਈਸ਼ਵਰ ਦੇ ਸਬੰਧ ਵਿਚ ਤਾਂ ਜਾਣਿਆ ਹੈ। ਪਰ ਈਸ਼ਵਰ ਨੂੰ ਤਾਂ ਨਹੀਂ ਪਾਇਆ। ਸਿਰਫ਼ ਜਾਣਿਆ ਹੀ ਹੈ। ਪਰ ਈਸ਼ਵਰ ਨੂੰ ਤਾਂ ਨਹੀਂ ਪਾਇਆ। ਸਿਰਫ਼ ਜਾਣਿਆ ਹੀ ਹੈ। ਆਤਮਾ ਦੇ ਬਾਰੇ ਵਿਚ ਵੀ ਸਿਰਫ਼ ਇੰਨਾਂ ਹੀ ਪਤਾ ਹੈ ਕਿ ਆਤਮਾ

ਹੈ। ਪਰ ਆਤਮਾ ਨੂੰ ਤਾਂ ਨਹੀਂ ਵੇਖਿਆ। ਕਈ ਘੰਟੇ ਭਰ ਕਲਮ ਦਵਾਤ, ਕਾਗ਼ਜ਼ ਲੈ ਕੇ ਬੈਠਾ ਰਿਹਾ। ਪਰ ਇਕ ਸ਼ਬਦ ਲਿਖਣ ਦੀ ਹਿੰਮਤ ਨਾ ਪਈ। ਅੰਤ ਵਿਚ ਕੋਰਾ ਕਾਗ਼ਜ਼ ਗੁਰਜਿਅਫ਼ ਨੂੰ ਵਾਪਸ ਕਰਕੇ ਕਿਹਾ ਕਿ ਮੁਆਫ਼ ਕਰਨਾ! ਇਹ ਤਾਂ ਮੈਨੂੰ ਅੱਜ ਤਕ ਖ਼ਿਆਲ ਹੀ ਨਹੀਂ ਆਇਆ। ਤੁਸੀਂ ਤਾਂ ਇਕ ਮੁਸੀਬਤ ਖੜੀ ਕਰ ਦਿੱਤੀ ਹੈ। ਮੈਂ ਅੱਜ ਤਕ ਸਮਝਦਾ ਸੀ ਕਿ ਮੈਂ ਪ੍ਰਮਾਤਮਾ ਬਾਰੇ ਜਾਣਦਾ ਹਾਂ। ਪਰ ਮੇਰੀ ਹਿੰਮਤ ਹੀ ਨਹੀਂ ਪੈਂਦੀ ਕਿ ਮੈਂ ਲਿਖ ਸਕਾਂ ਕਿ ਮੈਂ ਜਾਣਦਾ ਹਾਂ। ਆਪ ਨੇ ਪੁਛਿਆ ਹੀ ਇੰਨੇ ਜ਼ੋਰ ਨਾਲ ਹੈ ਕਿ ਕਿਸੇ ਪਾਸੇ ਦੌੜ ਨਹੀਂ ਸਕਦਾ। ਸਭ ਵਿਦਿਆ, ਜਾਣਿਆ ਹੋਇਆ ਗਿਆਨ ਫੇਲ੍ਹ ਹੋ ਗਿਆ ਹੈ। ਬਹੁਤ ਸਾਰੇ ਅੱਖਰ ਪੜ੍ਹ ਲਏ ਹਨ। ਪਰ ਅੱਖਰ ਹੀ ਮੰਜ਼ਲ ਨਹੀਂ ਹੈ। ਮੰਜ਼ਲ ਤਾਂ ਅੱਗੇ ਹੈ, ਉਥੇ ਕਮਾਈ ਨਾਲ ਹੀ ਜਾਣਾ ਪੈਂਦਾ ਹੈ। ਮੇਰਾ ਜਿਥੋਂ ਤਕ ਜਾਨਣ ਦਾ ਸੁਆਲ ਹੈ! ਮੈਂ ਕੁਝ ਵੀ ਨਹੀਂ ਜਾਣਦਾ। ਗੁਰਜਿਅਫ਼ ਨੇ ਕਿਹਾ, ਫਿਰ ਹੁਣ ਆਪ ਕੁਝ ਜਾਣ ਸਕਦੇ ਹੋ। ਕਿਉਂਕਿ ਜਾਣਨ-ਯੋਗ ਪਹਿਲੀ ਗੱਲ ਕੀਤੀ ਹੈ ਕਿ ਆਪ ਕੁਝ ਵੀ ਨਹੀਂ ਜਾਣਦੇ। ਇਹ ਪਹਿਲੀ ਗੱਲ ਆਪ ਨੇ ਜਾਣ ਲਈ। ਸੁਕਰਾਤ ਜਦੋਂ ਬੁੱਢਾ ਹੋ ਗਿਆ ਤਾਂ ਸੁਕਰਾਤ ਨੇ ਸਾਰੇ ਏਥਨਸ਼ ਸ਼ਹਿਰ ਵਿਚ ਖ਼ਬਰ ਕਰ ਦਿੱਤੀ ਕਿ ਭੁਲ ਕੇ ਵੀ ਮੈਨੂੰ ਕੋਈ ਗਿਆਨੀ ਨਾ ਕਹੇ। ਜਦੋਂ ਮੈਂ ਜਵਾਨ ਸੀ ਤਾਂ ਮੈਨੂੰ ਭਰਮ ਸੀ ਕਿ ਮੈਂ ਜਾਣਦਾ ਹਾਂ। ਜਿਉਂ-ਜਿਉਂ ਸਮਝ ਵਧੀ ਤਾਂ ਪਤਾ ਲਗਾ ਕਿ ਮੈਂ ਕੁਝ ਵੀ ਨਹੀਂ ਜਾਣਦਾ। ਮੈਂ ਕਹਿੰਦਾ ਹਾਂ ਕਿ ਮੇਰੇ ਤੋਂ ਵਧ ਮੂਰਖ ਹੀ ਕੋਈ ਨਹੀਂ। ਸੋ ਮੈਂ ਕੁਝ ਨਹੀਂ ਜਾਣਦਾ।

ਸਾਰੇ ਸ਼ਹਿਰ ਦੇ ਲੋਕਾਂ ਨੇ ਇਹ ਸੁਣਿਆ ਕਿ ਸੁਕਰਾਤ ਕਹਿੰਦਾ ਹੈ ਕਿ ਮੈਂ ਕੁਝ ਵੀ ਨਹੀਂ ਜਾਣਦਾ। ਬਜ਼ੁਰਗ ਲੋਕਾਂ ਨੇ ਤਾਂ ਇਹੀ ਕਿਹਾ ਕਿ ਸੁਕਰਾਤ ਗਿਆਨ ਦੇ ਮੰਦਰ ਵਿਚ ਪ੍ਰਵੇਸ਼ ਕਰ ਗਿਆ ਹੈ। ਕਿਉਂਕਿ ਆਪਣੇ ਆਪ ਨੂੰ ਨਾ-ਸਮਝ, ਸਮਝ ਕੇ ਸਭ ਕੁਝ ਸਮਝਿਆ ਜਾ ਸਕਦਾ ਹੈ। ਗਿਆਨ ਦੇ ਮੰਦਰ ਵਿਚ ਉਹੀ ਪ੍ਰਵੇਸ਼ ਕਰਦੇ ਹਨ ਜਿਨ੍ਹਾਂ ਦਾ ਗਿਆਨ ਦਾ ਭਰਮ ਦੂਰ ਹੋ ਜਾਂਦਾ ਹੈ। ਜੋ ਕਹਿੰਦਾ ਹੈ, ਮੈਂ ਨਹੀਂ ਜਾਣਦਾ। ਉਹੀ ਤਾਂ ਸਭ ਕੁਝ ਜਾਣ ਸਕਦਾ ਹੈ। ਗਿਆਨ ਦੇ ਦੁਆਰ ਉਸ ਵਾਸਤੇ ਖੁਲ੍ਹ ਜਾਂਦੇ ਹਨ, ਕਿਉਂਕਿ ਜੋ ਸਮਝ ਲੈਂਦਾ ਹੈ ਕਿ ਮੈਂ ਨਹੀਂ ਜਾਣਦਾ। ਉਸ ਦੀ ਅੱਖ ਬਾਹਰੋਂ ਅੰਦਰਮੁਖੀ ਦੇਖਣਾ ਅਰੰਭ ਕਰ ਦੇਂਦੀ ਹੈ।

ਹਰ ਵਸਤੂ ਬਾਰੇ ਜਾਣਕਾਰੀ ਹਾਸਲ ਕਰਨ ਦੀ ਮਨੁੱਖ ਦੇ ਅੰਦਰ ਇਕ ਤੀਬਰ ਭੁੱਖ ਹੈ। ਮਨੁੱਖੀ ਜੀਵਨ ਦੀ ਬਹੁਤ ਹਰਕਤ ਜਾਣਕਾਰੀ ਤੇ ਖੜੀ ਹੈ। ਜ਼ਹਿਰ ਤੇ ਅੰਮ੍ਰਿਤ ਦੀ ਜਾਣਕਾਰੀ ਹੋਣੀ ਹੀ ਚਾਹੀਦੀ ਹੈ। ਜੇ ਇਹ ਪਤਾ ਹੀ ਨਾ ਹੋਵੇ ਕਿ ਇਹ ਜ਼ਹਿਰ ਹੈ ਤੇ ਇਹ ਅੰਮ੍ਰਿਤ ਹੈ, ਫਿਰ ਜੀਵਨ ਦੀ ਹਰਕਤ ਰੁਕ ਜਾਂਦੀ ਹੈ। ਬਹੁਤ ਕੁਝ ਜੋ ਹੋ ਰਿਹਾ ਹੈ, ਉਸ ਵਿਚ ਮਨੁੱਖੀ ਜਾਣਕਾਰੀ ਮਦਦਗਾਰ ਹੈ। ਜਿਸ ਤਰ੍ਹਾਂ ਸਰੀਰ ਵਿਚ ਭੋਜਨ ਦੀ ਭੁੱਖ ਹੈ, ਉਸੇ ਤਰ੍ਹਾਂ ਦਿਮਾਗ ਵਿਚ ਗਿਆਨ ਦੀ ਭੁੱਖ ਹੈ। ਕਈ ਦਫ਼ਾ ਮਨੁੱਖ ਆਪਣੀ ਸਰੀਰਕ ਭੁੱਖ ਦੀ ਪੂਰਤੀ ਗਲਤ ਭੋਜਨ ਨਾਲ ਕਰਦਾ ਹੈ। ਇਸ ਤਰ੍ਹਾਂ ਆਪਣੇ ਸਰੀਰ ਨੂੰ ਰੋਗੀ ਬਣਾ ਲੈਂਦਾ ਹੈ। ਕਈ ਦਫ਼ਾ ਗ਼ਲਤ ਗਿਆਨ ਨਾਲ ਮਨੁੱਖ ਆਪਣੇ ਦਿਮਾਗ਼

ਨੂੰ ਭਰ ਲੈਂਦਾ ਹੈ। ਫਿਰ ਦਿਮਾਗ਼ੀ ਤੌਰ ਤੇ ਰੋਗੀ ਹੋ ਜਾਂਦਾ ਹੈ।

ਜੇ ਗਿਆਨ (ਜਾਣਕਾਰੀ) ਹੀ ਗ਼ਲਤ ਹੈ, ਤਾਂ ਜੀਵਨ ਦਾ ਪ੍ਰਵਾਹ ਗ਼ਲਤ ਦਿਸ਼ਾ ਵਿਚ ਵਹਿ ਤੁਰੇਗਾ।

ਦੂਜੇ ਪਾਸੇ ਅਨਪੜ੍ਹ ਬੰਦੇ ਕੋਲ ਜਾਣਕਾਰੀ ਹੀ ਨਹੀਂ ਹੁੰਦੀ। ਇਸ ਕਰਕੇ ਅਨਪੜ੍ਹ ਬੰਦੇ ਦਾ ਸੰਸਾਰ ਦੇ ਬਹੁਤ ਸਾਰੇ ਖਿੱਤੇ ਨਾਲੋਂ ਸਬੰਧ ਟੁੱਟਿਆ ਰਹਿੰਦਾ ਹੈ।

ਅਨਪੜ੍ਹ ਬੰਦਾ ਭਾਵੇਂ ਸੰਸਾਰ ਨੂੰ ਸਮਝਣ ਵਿਚ ਅਸਮਰਥ ਰਹਿ ਜਾਵੇ, ਲੇਕਿਨ ਕਰਤਾਰ ਨੂੰ ਸਮਝਣ ਵਿਚ ਸਮੱਰਥ ਹੋ ਸਕਦਾ ਹੈ। ਕਿਉਂਕਿ ਪ੍ਰਮਾਤਮਾ ਕੋਈ ਸਿਖਾਏ ਜਾਣ ਦਾ ਵਿਸ਼ਾ ਨਹੀਂ ਹੈ। ਕੇਵਲ ਸਾਧਨਾ ਦਾ ਵਿਸ਼ਾ ਹੈ। ਆਪਣੇ ਆਪ ਦੀ ਕਰਾਂਤੀ (ਤਬਦੀਲੀ) ਹੈ। ਪੜ੍ਹਾਈ ਜਾਂ ਅਨਪੜ੍ਹਤਾ ਦਾ ਸੁਆਲ ਨਹੀਂ ਹੈ।

> ਜੋ ਪ੍ਰਾਣੀ ਗੋਵਿੰਦੁ ਧਿਆਵੈ ॥
> ਪੜਿਆ ਅਣਪੜਿਆ ਪਰਮ ਗਤਿ ਪਾਵੈ ॥੧॥
>
> (ਪੰਨਾ ੧੯੭)

ਜਿਸ ਗਿਆਨ ਨਾਲ ਮਨੁੱਖੀ ਜ਼ਿੰਦਗੀ ਵਿਚ ਤਬਦੀਲੀ ਨਹੀਂ ਆਉਂਦੀ ਉਹ ਗਿਆਨ ਵਿਅਰਥ ਬੋਝ ਹੈ।

* * *

ਅਧਿਆਤਮਕ ਬਲ ਅਤੇ ਸ਼ਬਦ ਦੀ ਕਲਾ

ਉਸ ਦੁਨੀਆਂ ਦੇ ਮਸਤਾਨਿਆਂ ਨੂੰ, ਦੁਨੀਆਦਾਰ ਲੋਕ ਵਰਜਦੇ ਤੇ ਹੋੜਦੇ ਹਨ, ਪਰ ਉਨ੍ਹਾਂ ਦੀ ਦੁਨੀਆਂ ਬੁੱਧੀ ਤੋਂ ਪਰ੍ਹੇ ਮਸਤਾਂ ਦੀ ਦੁਨੀਆਂ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਉਸ ਵਲਵਲੇ ਦੀ ਦੁਨੀਆਂ ਦਾ ਖ਼ੂਬਸੂਰਤ ਜ਼ਿਕਰ ਕੀਤਾ ਹੈ—

ਜਿੰਨਾ ਉਚਿਆਈਆਂ ਤੇ ਬੁੱਧੀ ਖੰਭ ਸਾੜ ਥਕੀ,
ਬਦੋ ਬਦੀ ਦਿਲ ਉਥੇ ਮਾਰਦਾ ਉਡਾਰੀਆਂ ।
ਪਿਆਲੇ ਅਣਡਿਠੇ ਨਾਲ ਬੁੱਲ੍ਹ ਲਗ ਜਾਣ ਉਥੇ,
ਰਸ ਤੇ ਸਰੂਰ ਆਵੇ ਝੂਮਾਂ ਆਉਣ ਪਿਆਰੀਆਂ ।
ਗਿਆਨੀ ਸਾਨੂੰ ਹੋੜਦਾ ਤੇ ਵਹਿਮੀ ਢੋਲਾ ਆਖਦਾ ਏ,
ਮਾਰੇ ਗਏ ਜਿਨ੍ਹਾਂ ਲਾਈਆਂ ਬੁਧੋਂ ਪਾਰ ਤਾਰੀਆਂ ।
ਬੈਠ ਬੈਠ ਵੇ ਗਿਆਨੀ, ਬੁਧੀ ਮੰਡਲੇ ਦੀ ਕੈਦ ਵਿਚ,
ਵਲਵਲੇ ਦੇ ਦੇਸ਼ ਸਾਡੇ, ਲਗ ਗਈਆਂ ਯਾਰੀਆਂ ।

(ਵਲਵਲੇ ਦੇ ਦੇਸ਼ ਵਿਚੋਂ)

ਜਿਸ ਹੱਦ ਤੇ, ਸਾਡੇ ਗਿਆਨ ਦੀ ਅਖ਼ੀਰ ਹੁੰਦੀ ਹੈ, ਉਥੇ ਬ੍ਰਹਮ ਗਿਆਨ ਦੀ ਸ਼ੁਰੂਆਤ ਹੁੰਦੀ ਹੈ। ਜਿਥੇ ਬੰਦੇ ਦੀ ਆਪਣੀ ਬਾਣੀ ਮੁੱਕਦੀ ਹੈ, ਉਥੇ ਰੱਬੀ ਬਾਣੀ ਸ਼ੁਰੂ ਹੁੰਦੀ ਹੈ। ਆਪਣੇ ਇਲਮ ਤੋਂ ਅੱਗੇ ਰੱਬੀ ਇਲਮ ਹੈ। ਡਾ: ਸਰ ਮੁਹੰਮਦ ਇਕਬਾਲ ਦਾ ਕਹਿਣਾ ਹੈ ਕਿ—

ਇਲਮ ਕੀ ਹੱਦ ਸੇ ਪਰੇ, ਬੰਦਾ ਏ ਮੋਮਨਾ ਕੇ ਲਿਏ ॥
ਲਜ਼ਤ ਸ਼ੌਕ ਭੀ ਹੈ ਨੇਮਤਿ ਦੀਦਾਰ ਭੀ ॥

(ਇਕਬਾਲ)

ਇਲਮ ਦੀ ਹੱਦ ਤੋਂ ਪਰ੍ਹੇ, ਬੰਦਾ, ਰੱਬੀ ਬੰਦਾ ਹੈ। ਪ੍ਰਮਾਤਮਾ ਦੀ ਜਾਣਕਾਰੀ ਬੁੱਧੀ ਦੁਆਰਾ ਕੀਤੀ ਜਾ ਸਕਦੀ ਹੈ। ਬੁੱਧੀ ਇਕ ਸਾਧਨ ਹੈ। ਜਿਵੇਂ ਕਿਸੇ ਮਕਾਨ ਉੱਪਰ ਜਾਣ ਲਈ ਪੌੜੀਆਂ ਸਾਧਨ ਹਨ। ਪੌੜੀ ਮੰਜ਼ਲ ਨਹੀਂ ਹੈ। ਪ੍ਰਮਾਤਮਾ ਦੀ ਖੋਜ ਤਾਂ ਬੁੱਧੀ ਤੋਂ ਥੱਕ ਗਏ ਇਨਸਾਨ ਦੀ ਖੋਜ ਹੈ। ਡਾ: ਸਰ ਮੁਹੰਮਦ ਇਕਬਾਲ ਦਾ ਕਹਿਣਾ ਹੈ ਕਿ ਜੀਵਨ ਹੋਰ ਤੇ ਗਿਆਨ ਹੋਰ ਹੈ। ਗਿਆਨ (ਇਲਮ) ਨਾਲ ਧਨ ਦੀ ਪ੍ਰਾਪਤੀ ਹੁੰਦੀ ਹੈ। ਪਰ ਪ੍ਰਮਾਤਮਾ ਦੀ ਪ੍ਰਾਪਤੀ ਇਲਮ (ਗਿਆਨ) ਤੋਂ ਅੱਗੇ ਲੰਘ ਕੇ ਹੁੰਦੀ ਹੈ। ਵਿਦਿਆ ਨਾਲ ਦੌਲਤ ਪ੍ਰਾਪਤੀ ਹੁੰਦੀ ਹੈ। ਸੰਸਾਰ ਦੀਆਂ ਸਭ ਸ਼ਕਤੀਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਲਮ (ਗਿਆਨ) ਜੋ ਹੈ ਇਹ ਦਿਮਾਗ਼ ਦੀ ਭੁੱਖ ਹੈ। ਦਿਮਾਗ਼ੀ ਗਿਆਨ ਰੱਖਣ ਵਾਲੇ ਬੰਦੇ ਬੜੇ ਸ਼ਕਤੀਸ਼ਾਲੀ ਹੁੰਦੇ ਹਨ।

ਅਕਸਰ ਇਕ ਵਕੀਲ ਕੋਲ, ਡਾਕਟਰ ਕੋਲ, ਫ਼ਿਲਾਸਫ਼ਰ ਕੋਲ ਤੇ ਹੋਰ ਵਿਦਵਾਨਾਂ ਕੋਲ ਜੋ ਸ਼ਕਤੀ ਹੈ, ਉਹ ਬੌਧਕ ਸ਼ਕਤੀ ਹੈ। ਬੌਧਕ ਬਲ ਹੈ। ਇਹ ਤਾਕਤ ਇਕ ਸਧਾਰਨ ਤੇ ਅਨਪੜ੍ਹ ਬੰਦੇ ਕੋਲ ਨਹੀਂ ਹੋ ਸਕਦੀ। ਇਸ ਕਰਕੇ ਹੀ ਵਕੀਲ, ਡਾਕਟਰ, ਫ਼ਿਲਾਸਫ਼ਰ ਤੇ ਵਿਦਵਾਨ ਦੀ ਦੁਨੀਆਂ ਕਦਰ ਕਰਦੀ ਹੈ। ਪਰ ਇਸ ਸਾਰੀ ਸ਼ਕਤੀ ਨਾਲ ਵੀ ਕੋਈ ਸੰਪੂਰਨ ਖੁਸ਼ੀ ਨਹੀਂ ਪ੍ਰਾਪਤ ਹੁੰਦੀ। ਜ਼ਿੰਦਗੀ ਦੀ ਸੰਪੂਰਨ ਖੁਸ਼ੀ (ਤ੍ਰਿਪਤੀ) ਦਾ ਆਉਣਾ ਹੋਰ ਗੱਲ ਹੈ। ਇਹ ਦਿਮਾਗ਼ੀ ਵਿਸ਼ਾ ਨਹੀਂ ਹੈ। ਆਤਮਕ ਵਿਸ਼ਾ ਹੈ। ਆਤਮਾ ਵਿਚ ਹੀ ਜੀਵਨ ਹੈ। ਆਤਮ-ਗਿਆਨੀ ਹੀ ਸੰਪੂਰਨ ਤ੍ਰਿਪਤ ਹੁੰਦਾ ਹੈ। ਬੌਧਕ ਬਲ ਰੱਖਣ ਵਾਲੇ ਅਕਸਰ ਆਪਣੇ ਗਿਆਨ ਦੇ ਬੋਝ ਹੇਠਾਂ ਦੱਬ ਜਾਂਦੇ ਹਨ। ਹਾਲਾਂਕਿ ਗਿਆਨ ਕਰਨਾ ਹੀ ਇਸ ਕਰਕੇ ਹੈ ਕਿ ਅਸੀਂ ਆਤਮ-ਗਿਆਨ ਤਕ ਪਹੁੰਚ ਸਕੀਏ। ਇਕਬਾਲ ਫ਼ੁਰਮਾਂਦੇ ਹਨ ਕਿ—

ਜ਼ਿੰਦਗੀ ਔਰ ਸ਼ੈਅ ਹੈ ॥ ਇਲਮ ਹੈ ਔਰ ਸ਼ੈਅ ॥

ਜੀਵਨ ਹੋਰ ਚੀਜ਼ ਹੈ ਅਤੇ ਗਿਆਨ ਦਾ ਆਉਣਾ ਹੋਰ ਗੱਲ ਹੈ।

ਜ਼ਿੰਦਗੀ ਸੋਜ਼ੇ ਜਿਗਰ ਹੈ ॥ ਇਲਮ ਹੈ ਸੋਜ਼ੇ ਦਿਮਾਗ ॥

ਜੀਵਨ ਆਤਮਾ ਦਾ ਸ਼ਿੰਗਾਰ ਹੈ। ਇਹ ਰਸ ਹੈ। ਪਰ ਗਿਆਨ, ਦਿਮਾਗ਼ ਦਾ ਸੁਹੱਪਣ ਹੈ। ਸ਼ਿੰਗਾਰ ਹੈ।

ਇਲਮ ਮੇਂ ਦੌਲਤ ਭੀ ਹੈ ॥ ਕੁਦਰਤ ਭੀ ਹੈ ॥ ਲੱਜ਼ਤ ਭੀ ਹੈ ॥

ਬੌਧਿਕ ਗਿਆਨ ਵਿਚ ਧਨ ਵੀ ਹੈ। ਸ਼ਕਤੀ ਵੀ ਹੈ। ਮਾਣ ਪ੍ਰਤਿਸ਼ਠਾ ਵੀ ਹੈ।

ਮਗਰ ਏਕ ਮੁਸ਼ਕਲ ਹੈ ਕਿ ਹਾਥ ਆਤਾ ਨਹੀਂ ਅਪਨਾ ਸੁਰਾਗ ॥

ਪਰ ਇਕ ਮੁਸ਼ਕਲ ਹੈ ਕਿ ਬੜੀ ਤੇਜ਼ ਬੁੱਧੀ ਰੱਖਣ ਵਾਲਾ ਬੰਦਾ ਆਪਣੇ ਹੀ ਗਿਆਨ ਵਿਚ ਉਲਝ ਜਾਂਦਾ ਹੈ। ਆਪਣੇ ਮੂਲ ਸਰੂਪ ਨੂੰ ਨਹੀਂ ਪਕੜ ਸਕਦਾ। ਨਿੱਜੀ ਸਰੂਪ ਨੂੰ ਸਮਝਣ ਲਈ ਨਿਰਵਿਚਾਰ ਤੇ ਬੌਧਿਕ ਗਿਆਨ ਤੋਂ ਅੱਗੇ ਲੰਘਣਾ ਪਏਗਾ। ਜਿਵੇਂ ਇਕ ਮਕਾਨ ਦੇ ਉੱਪਰ ਚੜ੍ਹਨਾ ਹੋਵੇ ਤਾਂ ਪੌੜੀ ਤੇ ਚੜ੍ਹਨਾ ਵੀ ਪੈਂਦਾ ਹੈ ਤੇ ਉਤਰਨਾ ਵੀ ਪੈਂਦਾ ਹੈ। ਪੌੜੀ ਤੇ ਪੈਰ ਰੱਖਣੇ ਵੀ ਹਨ ਤੇ ਪੌੜੀ ਨੂੰ ਛੱਡਣਾ ਵੀ ਹੈ। ਜੇ ਕੋਈ ਕਹੇ ਕਿ ਮੈਂ ਪੌੜੀ ਉੱਪਰ ਚੜ੍ਹਾਂਗਾ ਜ਼ਰੂਰ ਪਰ ਉਤਰਾਂਗਾ ਨਹੀਂ, ਤਾਂ ਉਹ ਆਦਮੀ ਮਕਾਨ ਦੇ ਉੱਪਰ ਨਹੀਂ ਚੜ੍ਹ ਸਕੇਗਾ।

ਬੁੱਧੀ ਦੇ ਗਿਆਨ ਨੂੰ ਪੌੜੀ ਬਣਾਉਣਾ ਹੈ। ਗਿਆਨ ਦੇ ਰਾਹੀਂ ਸੱਚ (ਹਕੀਕਤ) ਤਕ ਪਹੁੰਚਣਾ ਹੈ। ਜਦੋਂ ਹਕੀਕਤ (ਸੱਚ) ਦੀ ਪ੍ਰਾਪਤੀ ਹੋ ਜਾਏ ਤਾਂ ਗਿਆਨ ਨੂੰ ਛੱਡਣਾ ਪੈਂਦਾ ਹੈ। ਗਿਆਨ ਪ੍ਰਾਪਤ ਕਰਨਾ ਵੀ ਜ਼ਰੂਰੀ ਹੈ। ਪਰ ਗਿਆਨ ਦਾ ਤਿਆਗ ਕਰਨਾ ਵੀ ਜ਼ਰੂਰੀ ਹੈ। ਗਿਆਨ ਦੀ ਓਨੀ ਦੇਰ ਤਕ ਜ਼ਰੂਰਤ ਹੈ ਜਿੰਨੀ ਦੇਰ ਤਕ ਸਾਰਾ ਚਿੱਤ ਗਿਆਨ ਦੇ ਵਿਚ ਦੀ ਗੁਜ਼ਰ ਨਾ ਜਾਏ। ਜਦੋਂ ਸਾਰਾ ਚਿੱਤ ਗਿਆਨ ਦੀ ਅੱਗ ਵਿਚੋਂ ਗੁਜ਼ਰੇਗਾ ਤਾਂ ਸਾਡਾ ਸਾਰਾ ਚਿੱਤ ਫੁਰਨੇ ਤੇ ਵਿਚਾਰਾਂ ਤੋਂ ਰਹਿਤ ਹੋ ਜਾਏਗਾ। ਫਿਰ ਇਕ ਸਮਾਂ ਆਵੇਗਾ ਜਦੋਂ ਗਿਆਨ ਆਪਣੇ ਆਪ ਛੁਟ ਜਾਏਗਾ। ਨਿਰ-ਵਿਚਾਰ ਚਿੱਤ ਨੂੰ ਹੀ ਨਿਜੀ ਸਰੂਪ (ਮੂਲ ਜੋਤ) ਦਾ ਅਨੁਭਵ ਹੁੰਦਾ ਹੈ। ਇਸ ਅਨੁਭਵ ਤੋਂ ਉਪਰੰਤ ਬੌਧਿਕ

ਗਿਆਨ ਦੀ ਕੋਈ ਜ਼ਰੂਰਤ ਨਹੀਂ ਰਹਿੰਦੀ। ਨਿਰ-ਵਿਚਾਰ ਅਵਸਥਾ ਵਿਚ ਹੀ ਮਨ ਸ਼ਾਂਤ ਹੁੰਦਾ ਹੈ। ਉਦੋਂ ਹੀ ਸਤ-ਚਿੱਤ ਤੇ ਅਨੰਦ ਦਾ ਪਤਾ ਲੱਗਦਾ ਹੈ।

ਇਸ ਤਰ੍ਹਾਂ ਨਹੀਂ ਸੋਚਣਾ ਪਈ ਜੇਕਰ ਗਿਆਨ ਛੱਡ ਹੀ ਦੇਣਾ ਹੈ ਤਾਂ ਫਿਰ ਗਿਆਨ ਪ੍ਰਾਪਤ ਹੀ ਕਿਉਂ ਕਰਨਾ ਹੈ। ਦਰਅਸਲ ਗਿਆਨ ਇਕ ਪੌੜੀ ਹੈ। ਪੌੜੀ ਮੰਜ਼ਿਲ ਨਹੀਂ ਹੁੰਦੀ। ਜੇਕਰ ਗਿਆਨ ਪ੍ਰਾਪਤ ਹੀ ਨਹੀਂ ਕੀਤਾ ਤਾਂ ਫਿਰ ਸਿਰਫ਼ ਵਿਸ਼ਵਾਸ ਤੇ ਹੀ ਅਟਕਣਾ ਪਏਗਾ। ਬਿਨਾਂ ਗਿਆਨ ਤੋਂ ਵਿਸ਼ਵਾਸ ਕਰਨਾ ਅੰਧ-ਵਿਸ਼ਵਾਸ ਹੈ। ਅੰਧਾ ਆਦਮੀ ਸਰੂਪ ਨੂੰ ਕਦੀ ਨਹੀਂ ਪਛਾਣ ਸਕਦਾ। ਜਿਸ ਨੂੰ ਗਿਆਨ ਨਹੀਂ ਹੈ ਉਸ ਨੂੰ ਦੂਸਰੇ ਦੀਆਂ ਦਲੀਲਾਂ ਤੇ ਵਿਸ਼ਵਾਸ ਕਰਨਾ ਪੈਂਦਾ ਹੈ। ਗਿਆਨ-ਹੀਣ ਅੰਧ-ਵਿਸ਼ਵਾਸੀ ਹੁੰਦਾ ਹੈ। ਅੰਧ-ਵਿਸ਼ਵਾਸੀ ਦੀ ਆਤਮਕ ਅੱਖ ਨਹੀਂ ਖੁੱਲ੍ਹ ਸਕਦੀ। ਅੰਧ-ਵਿਸ਼ਵਾਸੀ ਦਾ ਹਮੇਸ਼ਾ ਸ਼ੋਸ਼ਣ ਹੁੰਦਾ ਹੈ। ਉਸ ਨੂੰ ਭਟਕਾਇਆ ਜਾ ਸਕਦਾ ਹੈ। ਉਹ ਕਦੇ ਵੀ ਸੱਚ ਤਕ ਨਹੀਂ ਪਹੁੰਚ ਸਕਦਾ। ਸੱਚ ਤਕ ਪਹੁੰਚਣ ਲਈ ਗਿਆਨ ਦੀ ਪੌੜੀ ਦੀ ਜ਼ਰੂਰਤ ਹੈ। ਅੰਧ-ਵਿਸ਼ਵਾਸ ਦਾ ਮਤਲਬ ਹੈ ਪਈ ਕੋਈ ਕਹਿੰਦਾ ਹੈ ਤੇ ਅਸੀਂ ਮੰਨ ਲੈਂਦੇ ਹਾਂ। ਜਿਵੇਂ ਅੰਧਾ ਆਦਮੀ ਦੂਜੇ ਕੋਲੋਂ ਪੁੱਛ ਕੇ ਚਲਦਾ ਹੈ। ਗਿਆਨਵਾਨ ਬੰਦਾ ਸੁਣਦਾ ਹੈ। ਪਰ ਚਲਦਾ ਵਿਚਾਰ ਕਰਕੇ ਹੈ। ਗਿਆਨਹੀਣ ਵਿਸ਼ਵਾਸ ਦਾ ਮਤਲਬ ਹੈ ਕਿ ਕੋਈ ਦੂਜਾ ਜਾਣਦਾ ਹੈ ਤੇ ਅਸੀਂ ਮੰਨਦੇ ਹਾਂ। ਅੰਧ-ਵਿਸ਼ਵਾਸ ਦਾ ਮਤਲਬ ਹੈ ਕਿ ਅੱਖਾਂ ਕਿਸੇ ਹੋਰ ਦੀਆਂ ਹਨ ਤੇ ਵੇਖਦੇ ਅਸੀਂ ਹਾਂ। ਪ੍ਰਕਾਸ਼ ਦੀ ਖ਼ਬਰ ਕਿਸੇ ਹੋਰ ਨੇ ਦਿੱਤੀ ਹੈ। ਸਾਨੂੰ ਨਾ ਤਾਂ ਪ੍ਰਕਾਸ਼ ਦਿੱਸਦਾ ਹੈ ਤੇ ਨਾ ਹੀ ਸਾਡੇ ਨੇਤਰ ਹਨ। ਅਸੀਂ ਸਿਰਫ਼ ਦੂਸਰੇ ਤੇ ਵਿਸ਼ਵਾਸ ਕਰਦੇ ਹਾਂ। ਇਹ ਵਿਸ਼ਵਾਸ ਖ਼ਤਰਨਾਕ ਹੈ। ਜੇਕਰ ਬੰਦਾ ਗਿਆਨ ਉਪਰ ਹੀ ਰੁਕ ਜਾਏ ਤਾਂ ਕਾਮਯਾਬ ਨਹੀਂ ਹੋ ਸਕਦਾ। ਇਕਬਾਲ ਦਾ ਕਹਿਣਾ ਹੈ ਕਿ—

ਅਹਿਲਿ ਦਾਨਿਸ਼ ਆਮ ਹੈਂ॥ ਕਾਮਯਾਬ ਹੈ ਅਹਿਲਿ ਯਕੀਂ॥

ਗਿਆਨ ਦੀ ਪੌੜੀ ਤੇ ਆਮ ਦਾਨਿਸ਼ਵਰ ਪਹੁੰਚ ਜਾਂਦੇ ਹਨ, ਪਰ ਕਾਮਯਾਬ ਨਹੀਂ ਹੁੰਦੇ। ਕਿਉਂਕਿ ਗਿਆਨ ਦੀ ਪੌੜੀ ਤੋਂ ਅੱਗੇ ਕਦਮ ਰੱਖਣ ਵਿਚ ਗਿਆਨੀਆਂ ਦਾ ਯਕੀਨ ਨਹੀਂ ਹੈ। ਇਸ ਖ਼ਿਆਲ ਨਾਲ ਮਹਾਨ ਦਾਨਸ਼ਵਰ ਡਾ: ਸਰ ਮੁਹੰਮਦ ਇਕਬਾਲ ਆਪ ਸਹਿਮਤ ਹਨ ਕਿ ਮੈਂ ਇੰਨਾ ਆਲਮ ਫ਼ਾਜ਼ਲ ਹਾਂ। ਗਿਆਨੀ ਹਾਂ। ਪਰ ਮੇਰਾ ਦਿਮਾਗ ਦਾ ਕਟੋਰਾ ਅੰਮ੍ਰਿਤ ਤੋਂ ਖਾਲੀ ਰਹਿ ਗਿਆ ਹੈ।

ਕਿਆ ਤਾਅਜੁੱਬ ਹੈ, ਕਿ ਖਾਲੀ ਰਹਿ ਗਿਆ ਮੇਰਾ ਅੱਯਾਗ॥

ਪ੍ਰਮਾਤਮਾ ਬਹੁਤ ਸੂਖਸ਼ਮ ਹੈ। ਇਸ ਕਰਕੇ ਪ੍ਰਮਾਤਮਾ ਨੂੰ ਸਮਝਣ ਲਈ ਬੜੀ ਸੂਖਸ਼ਮ ਵਿਦਿਆ ਚਾਹੀਦੀ ਹੈ। ਅਜੋਕੀ ਵਿਦਿਆ ਸੰਸਾਰ ਨੂੰ ਸਮਝਦੀ ਹੈ। ਕਰਤਾਰ ਨੂੰ ਨਹੀਂ। ਵਿਦਿਆ ਦੀ ਅੱਜ ਘਾਟ ਨਹੀਂ ਹੈ। ਬੜੀਆਂ-ਬੜੀਆਂ ਯੂਨੀਵਰਸਿਟੀਆਂ ਹਨ। ਸਕੂਲ ਹਨ। ਕਾਲਜ ਹਨ। ਬੜੇ-ਬੜੇ ਪੜ੍ਹੇ-ਲਿਖੇ ਮਨੁੱਖ ਪੈਦਾ ਹੋਏ ਹਨ। ਅੱਜ ਤੋਂ ਕੋਈ 150 ਸਾਲ ਪਿਛੇ ਚਲੇ ਜਾਈਏ ਤਾਂ ਪਤਾ ਲਗਦਾ ਹੈ ਕੋਈ 50 ਮੀਲ ਦੀ ਦੂਰੀ ਤੇ ਕੋਈ ਛੋਟਾ ਜਿਹਾ ਆਸ਼ਰਮ ਹੁੰਦਾ ਸੀ। ਕੋਈ ਰਿਸ਼ੀ ਮੁਨੀ, ਕੋਈ ਸੰਤ ਬੈਠ ਕੇ ਪੰਜ-ਚਾਰ ਬੱਚਿਆਂ ਨੂੰ ਪੜ੍ਹਾਉਂਦਾ ਸੀ। ਉਹ ਬੱਚੇ ਵੀ ਸੰਪੰਨ ਘਰਾਣਿਆਂ ਦੇ ਹੁੰਦੇ ਸਨ। ਆਮ ਬੰਦਾ ਤਾਂ

ਆਪਣੇ ਬੱਚੇ ਪੜ੍ਹਾਉਂਦਾ ਨਹੀਂ ਸੀ। ਗੁਰੂ ਦੱਛਣਾ ਦੇਣੀ ਪੈਂਦੀ ਸੀ। ਲੰਬਾ-ਚੌੜਾ ਸਿਲਸਿਲਾ ਸੀ। ਅਨਪੜ੍ਹਤਾ ਬਹੁਤ ਸੀ। ਵਿਦਿਆ ਨਹੀਂ ਸੀ। ਲੇਕਿਨ ਫਿਰ ਵੀ ਸਿਆਣਪ ਬਹੁਤ ਸੀ। ਜੀਵਨ ਦਾ ਢੰਗ ਬਹੁਤ ਵਧੀਆ ਸੀ। ਸਕੂਨ ਸੀ, ਸ਼ਾਂਤੀ ਸੀ। ਸਬਰ, ਸਿਦਕ ਸੀ। ਆਖ਼ਰ ਇਲਮ ਇਸ ਵਾਸਤੇ ਹੀ ਚਾਹੀਦਾ ਹੈ ਪਈ ਬੰਦੇ ਨੂੰ ਸਕੂਨ ਮਿਲੇ, ਸਬਰ ਮਿਲੇ। ਸ਼ਾਂਤੀ ਆਵੇ। ਅਜੋਕੀ ਵਿਦਿਆ ਨੇ ਤਾਂ ਬਲਕਿ ਮਨੁੱਖ ਨੂੰ ਜ਼ਿਆਦਾ ਲੋਭੀ ਕੀਤਾ ਹੈ। ਕਰੋਧੀ ਵੀ ਕੀਤਾ ਹੈ। ਇਸ ਵਾਸਤੇ ਹੀ ਅੱਜ ਪੜ੍ਹੇ-ਲਿਖੇ ਮੂਰਖਾਂ ਦੀ ਤਾਦਾਦ ਜ਼ਿਆਦਾ ਹੈ। ਗੁਰਬਾਣੀ ਦਾ ਕਥਨ ਹੈ ਕਿ ਮੂਰਖ ਉਹੀ ਹੁੰਦਾ ਹੈ ਜੋ ਲੋਭੀ ਤੇ ਅਹੰਕਾਰੀ ਹੋਵੇ।

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

(ਪੰਨਾ ੧੪੦)

ਜਿਥੇ ਲਬ ਹੈ। ਲੋਭ ਹੈ। ਪ੍ਰਬਲ ਵਾਸ਼ਨਾ ਹੈ। ਅਹੰਕਾਰ ਵੀ ਹੈ। ਗੁਰਦੇਵ ਕਹਿੰਦੇ ਹਨ ਕਿ ਉਸ ਨੂੰ ਕਿਸ ਤਰ੍ਹਾਂ ਪੜ੍ਹਿਆ ਆਖੋਗੇ। ਅਨਪੜ੍ਹਤਾ ਆਪਣੇ ਆਪ ਵਿਚ ਅੰਧੇਰਾ ਹੈ। ਵਾਸ਼ਨਾ, ਅਹੰਕਾਰ ਤੇ ਲੋਭ ਵੀ ਇਕ ਅੰਧੇਰਾ ਹੈ। ਜੇਕਰ ਪੜ੍ਹਿਆ-ਲਿਖਿਆ ਵੀ ਇਸ ਅੰਧੇਰੇ ਵਿਚ ਜਿਊਂ ਰਿਹਾ ਹੈ ਤਾਂ ਉਹ ਕਾਹਦਾ ਪੜ੍ਹਿਆ ਹੈ ? ਪੜ੍ਹੇ-ਲਿਖੇ ਮਨੁੱਖ ਵਿਚ ਤਾਂ ਹਲੀਮੀ ਹੋਵੇਗੀ, ਨਿਮਰਤਾ ਹੋਵੇਗੀ। ਸੀਲ ਸੰਜਮੀ ਹੋਵੇਗਾ। ਜਿਸ ਨੂੰ ਗੁਰਬਾਣੀ ਪੜ੍ਹਿਆ ਮੰਨਦੀ ਹੈ, ਉਹ ਸੰਤੋਖੀ ਤੇ ਦਇਆਲੂ ਹੋਵੇਗਾ। ਜਿਸ ਨੂੰ ਅਸੀਂ ਪੜ੍ਹਿਆ-ਲਿਖਿਆ ਮੰਨਦੇ ਹਾਂ ਉਹ ਤਾਂ ਮੂਰਖ ਹੈ।

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

(ਪੰਨਾ ੧੪)

ਪ੍ਰਾਚੀਨ ਸਮੇਂ ਵਿਚ ਅਨਪੜ੍ਹ ਸਿਆਣਿਆਂ ਦੀ ਬਹੁਤ ਗਿਣਤੀ ਸੀ। ਅੱਜ ਦੇ ਸਮੇਂ ਵਿਚ ਪੜ੍ਹੇ-ਲਿਖੇ ਮੂਰਖਾਂ ਦੀ ਬੜੀ ਗਿਣਤੀ ਹੈ। ਜਿੰਨੀ ਵਿਦਿਆ ਵਧੀ ਹੈ, ਓਨਾ ਹੀ ਅਹੰਕਾਰ ਵਧਿਆ ਹੈ। ਜਿਸ ਇਲਮ ਨੇ ਅਹੰਕਾਰ ਵਧਾਇਆ ਹੈ ਉਹ ਕਾਹਦਾ ਇਲਮ ਹੈ। ਇਕ ਸੂਫ਼ੀ ਪੁਰਸ਼ ਹੋਏ ਹਨ, ਉਸਤਾਦ ਜ਼ੌਕ। ਉਹ ਕਹਿੰਦੇ ਹਨ ਕਿ—

ਹਮ ਜਾਨਤੇ ਥੇ ਕਿ ਇਲਮ ਸੇ ਕੁਝ ਜਾਨੇਂਗੇ ॥
ਪਰ ਜਾਨਾ ਤੋ ਯਿਹ ਜਾਨਾ ਕਿ ਨਾ ਜਾਨਾ ਕੁਛ ਭੀ ॥

(ਜ਼ੌਕ)

ਕਹਿੰਦੇ ਹਨ ਕਿ ਪੜ੍ਹ-ਲਿਖ ਕੇ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਮੈਂ ਕੁਛ ਵੀ ਨਹੀਂ ਜਾਣ ਸਕਿਆ। ਪਹਿਲਾਂ ਮੈਨੂੰ ਖ਼ਿਆਲ ਸੀ ਕਿ ਪੜ੍ਹ-ਲਿਖ ਕੇ ਮੈਂ ਬਹੁਤ ਕੁਝ ਜਾਣ ਲਵਾਂਗਾ। ਪਰ ਪੜ੍ਹ-ਲਿਖ ਕੇ ਮੈਂ ਇਹ ਜਾਣਿਆ ਹੈ ਕਿ ਮੈਂ ਤਾਂ ਕੁਝ ਵੀ ਨਹੀਂ ਜਾਣਿਆ। ਗਿਆਨ ਦੇ ਸਾਗਰ ਵਿਚੋਂ ਇਕ ਚਮਚ ਪਾਣੀ ਦਾ ਮਿਲਿਆ ਹੈ। ਬੱਸ ! ਕੁਝ ਵੀ ਨਹੀਂ ਮਿਲਿਆ।

ਇਕ ਗੱਲ ਜ਼ਰੂਰ ਪੱਕੀ ਹੈ ਕਿ ਬਹੁਤ ਗਿਆਨ ਰੱਖਣ ਵਾਲੇ ਲੋਕ ਬਹੁਤ ਅਗਿਆਨੀ ਹੁੰਦੇ ਹਨ। ਇਸ ਤਰ੍ਹਾਂ ਦੇ ਬੰਦੇ ਬੜੇ ਖ਼ਤਰਨਾਕ ਸਿੱਧ ਹੋ ਸਕਦੇ ਹਨ। ਕਿਉਂਕਿ ਦੁਨੀਆਂ

ਵਿਚ ਬਹੁਤਾ ਗਿਆਨ ਇਕੱਠਾ ਕਰਨ ਨਾਲੋਂ ਵੱਡਾ ਅਗਿਆਨ ਕੋਈ ਨਹੀਂ ਹੁੰਦਾ। ਜਿਨ੍ਹਾਂ ਨੂੰ ਹਕੀਕਤ ਵਿਚ ਗਿਆਨ ਦਾ ਪਤਾ ਲਗਦਾ ਹੈ, ਉਹ ਕਹਿੰਦੇ ਹਨ ਕਿ ਅਸੀਂ ਕੁਝ ਵੀ ਨਹੀਂ ਜਾਣ ਸਕਦੇ।

ਜਪਾਨ ਵਿਚ ਇਕ ਸੰਤ ਹੋਏ ਹਨ, ਜਿਨ੍ਹਾਂ ਦਾ ਨਾਮ ਬੋਕੁਜ ਸੀ। ਬਿਲਕੁਲ ਸਿੱਧਾ ਬੰਦਾ ਸੀ। ਬੋਕੁਜ ਬਾਰੇ ਬੜੇ-ਬੜੇ ਪੜ੍ਹੇ-ਲਿਖੇ ਲੋਕਾਂ ਨੂੰ ਭਰਮ ਸੀ ਕਿ ਉਹ ਜੋ ਕੁਝ ਜਾਣਦਾ ਹੈ, ਉਹ ਹੋਰ ਕਿਸੇ ਨੂੰ ਨਹੀਂ ਪਤਾ। ਇਕ ਵਾਰ ਸੰਤ ਬੋਕੁਜ ਨੂੰ ਮਿਲਣ ਵਾਸਤੇ ਇਕ ਯੂਨੀਵਰਸਿਟੀ ਦਾ ਪ੍ਰੋਫ਼ੈਸਰ ਆਇਆ। ਪੁਛਣ ਲੱਗਾ, ਸੰਤ ਜੀ! ਜਿੰਨੀ ਵਿਦਿਆ ਮੈਂ ਪੜ੍ਹੀ ਹੈ, ਉਸ ਨਾਲ ਮੈਂ ਅਨੁਭਵ ਕੀਤਾ ਹੈ ਕਿ ਮੈਂ ਗਿਆਨੀ ਬਹੁਤ ਹਾਂ, ਪਰ ਸੱਚ ਕੀ ਹੈ ? ਪ੍ਰਮਾਤਮਾ ਕੀ ਹੈ ? ਇਹ ਮੈਨੂੰ ਬਿਲਕੁਲ ਨਹੀਂ ਪਤਾ। ਸੰਤ ਬੋਕੁਜ ਕਹਿਣ ਲਗੇ, ਐ ਪ੍ਰੋਫ਼ੈਸਰ ! ਬੈਠ ਇਕ ਕੱਪ ਚਾਹ ਦਾ ਪੀਂਦੇ ਹਾਂ। ਉਸ ਪ੍ਰੋਫ਼ੈਸਰ ਨੂੰ ਇਕ ਖ਼ਾਲੀ ਕੱਪ ਪਲੇਟ ਵਿਚ ਰੱਖ ਕੇ ਦਿੱਤਾ। ਫਿਰ ਉਹ ਸੰਤ ਕੇਤਲੀ ਵਿਚੋਂ, ਉਸ ਕੱਪ ਵਿਚ ਚਾਹ ਪਾਉਣ ਲੱਗੇ। ਕੱਪ ਤਾਂ ਭਰ ਗਿਆ ਪਰ ਉਹ ਸੰਤ ਚਾਹ ਪਾਈ ਹੀ ਗਏ। ਉਸ ਕੱਪ ਵਿਚੋਂ ਚਾਹ ਬਾਹਰ ਗਿਰ ਰਹੀ ਸੀ। ਪਰ ਸੰਤ ਬੋਕੁਜ ਚਾਹ ਪਾਈ ਹੀ ਗਏ। ਉਹ ਪ੍ਰੋਫ਼ੈਸਰ ਬੜੇ ਕ੍ਰੋਧ ਨਾਲ ਕਹਿਣ ਲੱਗਾ, ਸੰਤ ਜੀ ! ਕੀ ਕਰ ਰਹੇ ਹੋ ? ਕੱਪ ਤਾਂ ਉਪਰੋਂ ਉੱਛਲ ਰਿਹਾ ਹੈ। ਤੁਸੀਂ ਚਾਹ ਪਾਈ ਜਾ ਰਹੇ ਹੋ।

ਸੰਤ ਬੋਕੁਜ ਕਹਿਣ ਲੱਗੇ, ਪ੍ਰੋਫ਼ੈਸਰ ! ਇਹੀ ਨਕਸ਼ਾ ਆਦਮੀ ਦੀ ਖੋਪੜੀ ਦਾ ਹੈ। ਜਦੋਂ ਦਿਮਾਗ਼ ਦੀ ਖੋਪੜੀ ਬਹੁਤ ਗਿਆਨ ਨਾਲ ਭਰ ਜਾਏ ਤਾਂ ਫਿਰ ਉਹ ਗਿਆਨ ਬਾਹਰ ਉਛਲਣ ਲਗਦਾ ਹੈ। ਵਿਚਾਰ ਇੰਨੇ ਜ਼ਿਆਦਾ ਖੋਪੜੀ ਵਿਚ ਭਰ ਜਾਂਦੇ ਹਨ ਕਿ ਆਦਮੀ ਉਹ ਸੰਭਾਲ ਨਹੀਂ ਸਕਦਾ। ਕਈਆਂ ਦੀ ਤਾਂ ਪਾਗ਼ਲ ਹੋਣ ਦੀ ਅਵਸਥਾ ਕਰੀਬ ਆ ਜਾਂਦੀ ਹੈ। ਦਰਅਸਲ ਆਦਮੀ ਪਾਗ਼ਲ ਕਦੋਂ ਹੁੰਦਾ ਹੈ ? ਜਦੋਂ ਉਸ ਦੇ ਵਿਚਾਰ ਆਪਣੇ ਆਪ ਬਾਹਰ ਗਿਰਨ ਲੱਗ ਜਾਣ। ਰਸਤੇ ਉੱਪਰ ਜਾਂਦਾ ਹੋਇਆ ਹੀ ਬੋਲਣ ਲਗ ਜਾਂਦਾ ਹੈ। ਜੋ ਨਹੀਂ ਸੁਣਨਾ ਚਾਹੁੰਦਾ, ਉਸ ਨੂੰ ਵੀ ਪਕੜ ਕੇ ਸੁਣਾਉਣ ਲਗਦਾ ਹੈ। ਕਈ ਵਾਰ ਰਾਤ ਸੁੱਤਾ ਪਿਆ ਹੀ ਬੋਲਣ ਲਗਦਾ ਹੈ। ਇਕੱਲਾ ਬੈਠਦਾ ਹੈ, ਤਾਂ ਵੀ ਬੋਲਦਾ ਰਹਿੰਦਾ ਹੈ। ਦਰਅਸਲ ਗਿਆਨ ਏਨਾ ਭਰ ਜਾਂਦਾ ਹੈ ਕਿ ਬਾਹਰ ਝੜਨ ਲਗਦਾ ਹੈ। ਇਸ ਹਾਲਤ ਵਿਚ ਕਹਿਣਾ ਪੈਂਦਾ ਹੈ ਕਿ ਆਦਮੀ ਪਾਗ਼ਲ ਹੋ ਗਿਆ ਹੈ। ਇਸ ਤਰ੍ਹਾਂ ਦੇ ਥੋੜੇ-ਥੋੜੇ ਪਾਗ਼ਲ ਇਸ ਸੰਸਾਰ ਵਿਚ ਬਹੁਤ ਮਿਲ ਜਾਂਦੇ ਹਨ। ਕਿਉਂਕਿ ਆਦਮੀ ਦੇ ਇਕੱਲੇ ਬੈਠਣ ਨਾਲ ਵੀ ਦਿਮਾਗ਼ ਵਿਚ ਵਿਚਾਰ ਚਲਦੀ ਹੀ ਰਹਿੰਦੀ ਹੈ। ਦਿਮਾਗ਼ ਨੂੰ ਵਿਚਾਰਾਂ ਤੋਂ ਖ਼ਾਲੀ ਕੀਤੇ ਤੋਂ ਬਿਨਾਂ ਅਸੀਂ ਉਸ ਹਕੀਕਤ ਨੂੰ ਨਹੀਂ ਜਾਣ ਸਕਦੇ ਜੋ ਅਸਲ ਵਿਚ ਸੱਚ ਹੈ।

ਇਕ ਮਕਾਨ ਵਿਚ ਇੰਨਾ ਜ਼ਿਆਦਾ ਸਮਾਨ ਭਰਿਆ ਹੋਇਆ ਹੋਵੇ ਕਿ ਅਸੀਂ ਉਸ ਵਿਚ ਬੈਠਣਾ ਤੇ ਇਕ ਪਾਸੇ ਰਿਹਾ, ਲੰਘ ਵੀ ਨਾ ਸਕੀਏ। ਉਸ ਵਿਚ ਜਾਣ ਲਈ ਸਾਨੂੰ ਸਮਾਨ ਬਾਹਰ ਹੀ ਕੱਢਣਾ ਪਏਗਾ। ਨਹੀਂ ਤਾਂ ਉਹ ਸਮਾਨ ਹੀ ਸਾਡੇ ਦੁਖ ਦਾ ਕਾਰਨ ਬਣਿਆ ਰਹੇਗਾ। ਜਦੋਂ ਅਸੀਂ ਸਾਰਾ ਸਮਾਨ ਵੀ ਬਾਹਰ ਕੱਢ ਕੇ ਰੱਖ ਦਈਏ,

ਤਾਂ ਵੀ ਬਾਕੀ ਕੁਝ ਬਚਿਆ ਰਹਿੰਦਾ ਹੈ। ਉਹ ਜੋ ਖ਼ਾਲੀ ਮਕਾਨ ਪਿਛੇ ਬਚਿਆ ਰਹਿੰਦਾ ਹੈ, ਦਰਅਸਲ ਉਹੀ ਅਸਲੀ ਮਕਾਨ ਹੈ।

ਫਿਰ ਅਸੀਂ ਉਸ ਖ਼ਾਲੀ ਮਕਾਨ ਵਿਚ ਸਮਾਨ ਭਰਦੇ ਜਾਈਏ। ਇੰਨਾ ਸਮਾਨ ਭਰ ਦੇਈਏ ਕਿ ਫਿਰ ਅੰਦਰ ਜਾਣਾ ਮੁਸ਼ਕਲ ਹੋ ਜਾਏ।

ਸਾਡੇ ਦਿਮਾਗ਼ ਦੀ ਖੋਪੜੀ ਇਕ ਮਕਾਨ ਦੀ ਤਰ੍ਹਾਂ ਹੈ। ਜਿਸ ਵਿਚ ਅਸੀਂ ਅਨੇਕਾਂ ਤਰ੍ਹਾਂ ਦਾ ਗਿਆਨ ਇਕੱਠਾ ਕਰਦੇ ਹਾਂ। ਫਿਰ ਇਹੀ ਗਿਆਨ ਸਾਡੇ ਵਾਸਤੇ ਬੋਝ ਸਾਬਤ ਹੁੰਦਾ ਹੈ।

ਯੂਨਾਨ ਦੇ ਪ੍ਰਸਿੱਧ ਦਾਰਸ਼ਨਿਕ ਸੰਤ ਹੋਏ ਹਨ; ਸੁਕਰਾਤ। ਸੁਕਰਾਤ ਆਪਣੇ ਬਾਰੇ ਵਿਚ ਲਿਖਦੇ ਹਨ ਕਿ ਜਦੋਂ ਮੈਂ ਬੱਚਾ ਸੀ ਤਾਂ ਮੈਂ ਬੱਚਿਆਂ ਵਿਚ ਬੈਠ ਕੇ ਦਾਹਵਾ ਕਰਦਾ ਸੀ ਕਿ ਮੈਂ ਸਭ ਕੁਝ ਜਾਣਦਾ ਹਾਂ। ਧਰਮ, ਕਲਾ, ਸਮਾਜ, ਗਿਆਨ, ਵਿਗਿਆਨ, ਮੈਨੂੰ ਸਭ ਪਤਾ ਹੈ। ਸਭ ਜਾਣਦਾ ਹਾਂ। ਇਹ ਮੇਰਾ ਦਾਹਵਾ ਸੀ। ਸੁਕਰਾਤ ਕਹਿੰਦੇ ਹਨ ਕਿ ਜਦੋਂ ਮੈਂ ਜੁਆਨ ਹੋਇਆ ਤਾਂ ਜੁਆਨਾਂ ਦੀ ਮਹਿਫ਼ਲ ਵਿਚ ਬੈਠ ਕੇ ਮੈਨੂੰ ਕਹਿਣਾ ਪਿਆ ਕਿ ਕੁਝ ਉਹ ਵੀ ਹੈ ਜੋ ਮੈਂ ਨਹੀਂ ਜਾਣਦਾ। ਜੋ ਮੇਰੀ ਸਮਝ ਤੋਂ ਪਰ੍ਹੇ ਹੈ। ਅੱਗੇ ਸੁਕਰਾਤ ਲਿਖਦੇ ਹਨ ਕਿ ਅੱਜ ਜਦੋਂ ਮੈਂ ਬੁੱਢਾ ਹੋ ਗਿਆ ਹਾਂ, ਬਜ਼ੁਰਗਾਂ ਦੀ ਮਹਿਫ਼ਲ ਵਿਚ ਬੈਠ ਕੇ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਮੈਂ ਕੁਝ ਵੀ ਨਹੀਂ ਜਾਣਿਆ। ਮੈਨੂੰ ਕੁਝ ਵੀ ਨਹੀਂ ਪਤਾ। ਏਨਾ ਮਹਾਨ ਦਾਰਸ਼ਨਿਕ ਤੇ ਗਿਆਨੀ, ਵਿਗਿਆਨੀ ਕਹਿੰਦਾ ਹੈ ਕਿ ਮੈਂ ਕੁਝ ਵੀ ਨਹੀਂ ਪਤਾ। ਇੰਨਾ ਮਹਾਨ ਦਾਰਸ਼ਨਿਕ ਤੇ ਗਿਆਨੀ, ਵਿਗਿਆਨੀ ਕਹਿੰਦਾ ਹੈ ਕਿ ਮੈਂ ਕੁਝ ਵੀ ਨਹੀਂ ਜਾਣਦਾ। ਸਾਗਰ ਵਿਚੋਂ ਸਿਰਫ਼ ਇਕ ਚਮਚ ਵੀ ਪਾਣੀ ਮੇਰੇ ਕੋਲ ਨਹੀਂ। ਅਜੇ ਇੰਨਾ ਗਿਆਨ ਪਿਆ ਹੋਇਆ ਹੈ। ਪਰ ਇਹ ਜੀਵਨ ਬੜਾ ਛੋਟਾ ਹੈ। ਜੀਵਨ ਕੁਛ ਵੀ ਨਹੀਂ ਹੈ।

ਰਾਵਿੰਦਰ ਨਾਥ ਟੈਗੋਰ ਜਦੋਂ ਆਖ਼ਰੀ ਸਮੇਂ ਤੇ ਸੁਆਸ ਛੱਡਣ ਲੱਗੇ ਤਾਂ ਆਖ਼ਰੀ ਦਮ ਤੇ ਕੋਲ ਇਕ ਮਿੱਤਰ ਬੈਠਾ ਹੋਇਆ ਸੀ। ਉਸ ਮਿੱਤਰ ਨੇ ਟੈਗੋਰ ਤੋਂ ਪੁਛਿਆ, ਠਾਕੁਰ ਜੀ! ਤੁਸੀਂ ਤਾਂ ਇਸ ਸੰਸਾਰ ਤੋਂ ਪ੍ਰਸੰਨ-ਚਿੱਤ ਜਾ ਰਹੇ ਹੋਵੋਗੇ। ਤੁਸੀਂ ਤਾਂ ਛੇ ਹਜ਼ਾਰ ਗੀਤ ਲਿਖੇ ਹਨ। ਜੋ ਕੁਝ ਵਲਵਲੇ ਕਹਿਣੇ ਸਨ, ਕਹਿ ਲਏ ਹੋਣਗੇ। ਜੋ ਗਾਉਣਾ ਸੀ। ਜੋ ਵਜਾਉਣਾ ਸੀ, ਵਜਾ ਲਿਆ ਹੋਵੇਗਾ। ਕਹਿੰਦੇ ਹਨ ਕਿ ਟੈਗੋਰ ਦੀਆਂ ਅੱਖਾਂ ਭਰ ਆਈਆਂ। ਹਉਕਾ ਨਿਕਲ ਗਿਆ। ਕੋਲ ਬੈਠੇ ਮਿੱਤਰ ਨੂੰ ਵੀ ਹੈਰਾਨਗੀ ਹੋਈ ਤੇ ਪੁੱਛਣ ਲੱਗਾ, ਠਾਕੁਰ ਜੀ! ਤੁਹਾਡੀਆਂ ਅੱਖਾਂ ਵਿਚ ਹੰਝੂ? ਆਖ਼ਰੀ ਸਮੇਂ ਤੁਸੀਂ ਵੀ ਹਉਕੇ ਭਰਦੇ ਪਏ ਹੋ?

ਟੈਗੋਰ ਕਹਿਣ ਲੱਗੇ! ਮਿੱਤਰਾ! ਤੂੰ ਬੜੀ ਝੂਠ ਜਿਹੀ ਗੱਲ ਆਖੀ ਹੈ। ਉਸ ਤੋਂ ਮੈਨੂੰ ਚੋਟ ਲੱਗੀ ਹੈ। ਤੂੰ ਇਹ ਆਖਿਆ ਹੈ ਪਈ ਜੋ ਗਾਉਣਾ ਸੀ, ਗਾ ਲਿਆ ਹੈ। ਜੋ ਵਜਾਉਣਾ ਸੀ ਵਜਾ ਲਿਆ ਹੈ। ਨਹੀਂ! ਇਹ ਗੱਲ ਨਹੀਂ! ਮੈਂ ਤਾਂ ਸਾਜ ਸੁਰ ਕਰ ਰਿਹਾ ਸੀ। ਅਜੇ ਤਾਂ ਸਾਜ ਹੀ ਸੁਰ ਵਿਚ ਹੋਇਆ ਸੀ। ਜਦ ਸਾਜ ਸੁਰ ਵਿਚ ਹੋਇਆ ਹੈ ਤਾਂ ਜ਼ਿੰਦਗੀ ਹੀ ਨਹੀਂ ਹੈ। ਵਜਾਉਣ ਦਾ ਸਮਾਂ ਤਾਂ ਹੁਣ ਆਇਆ ਸੀ। ਲੋਕਾਂ

ਦੇ ਕੰਨਾਂ ਵਿਚ ਜੋ ਅਵਾਜ਼ ਪਈ ਹੈ, ਉਹ ਸਿਰਫ਼ ਉਹੀ ਅਵਾਜ਼ ਹੈ ਜੋ ਮੈਂ ਸਾਜ ਸੁਰ ਵਿਚ ਕਰਦਾ ਰਿਹਾ ਹਾਂ। ਮੈਂ ਤਾਂ ਅਜੇ ਕੁਝ ਵੀ ਗਾਇਆ ਨਹੀਂ, ਵਜਾਇਆ ਨਹੀਂ। ਇਹ ਜਦੋਂ ਵਾਜਾ ਜਾਂ ਤਬਲਾ ਸੁਰ ਵਿਚ ਕਰਨਾ ਹੋਵੇ ਤਾਂ ਕੁਝ ਠੱਕ-ਠੱਕ ਕਰਨੀ ਪੈਂਦੀ ਹੈ। ਬੱਸ ਇਹ ਜੋ ਛੇ ਹਜ਼ਾਰ ਗੀਤ ਹਨ ਇਹ ਤਾਂ ਸਿਰਫ਼ ਠੱਕ-ਠੱਕ ਦੀ ਹੀ ਅਵਾਜ਼ ਹੈ। ਸੁਰ ਵਿਚ ਜੀਵਨ ਹੁਣ ਹੋਇਆ ਹੈ। ਕਮਾਲ ਹੈ, ਛੇ ਹਜ਼ਾਰ ਗੀਤਾਂ ਦਾ ਲਿਖਾਰੀ ਕਹਿੰਦਾ ਹੈ ਕਿ ਮੈਂ ਤਾਂ ਕੁਝ ਕਹਿ ਹੀ ਨਹੀਂ ਸਕਿਆ। ਮੈਂ ਤਾਂ ਗਾਉਣ ਦੀ ਤਿਆਰੀ ਕਰ ਰਿਹਾ ਸੀ। ਸਾਜ਼ਾਂ ਨੂੰ ਸੁਰ ਵਿਚ ਕਰ ਰਿਹਾ ਸੀ। ਲੋਕਾਂ ਨੂੰ ਜੋ ਅਵਾਜ਼ ਸੁਣਾਈ ਦਿੱਤੀ ਹੈ, ਉਹ ਉਹੀ ਹੈ ਜੋ ਸਾਜ ਨੂੰ ਸੁਰ ਕਰਨ ਲੱਗਿਆਂ ਨਿਕਲਦੀ ਹੈ। ਸਿਤਾਰ ਨੂੰ ਸੁਰ ਕਰਨਾ ਹੋਵੇ ਤਾਂ ਕੁਝ ਤਾਰਾਂ ਛੇੜਨੀਆਂ ਪੈਂਦੀਆਂ ਹਨ। ਜੋੜੀ ਤਬਲੇ ਨੂੰ ਸੁਰ ਕਰਨਾ ਹੋਵੇ ਤਾਂ ਕੁਝ ਠੱਕ-ਠੱਕ ਦੀ ਅਵਾਜ਼ ਕਰਨੀ ਪੈਂਦੀ ਹੈ। ਦਰਅਸਲ ਵਿਦਿਆ ਰਾਹੀਂ ਜਦੋਂ ਬ੍ਰਹਮ ਵਿਦਿਆ ਦੇ ਸਾਗਰ ਵਿਚ ਬੰਦਾ ਪ੍ਰਵੇਸ਼ ਕਰਦਾ ਹੈ ਤਾਂ ਕਹਿੰਦਾ ਹੈ ਕਿ—

ਬਹੁਤਾ ਕਹੀਐ ਬਹੁਤਾ ਹੋਇ ॥

(ਪੰਨਾ ੫)

ਹੇ ਪ੍ਰਭੂ ! ਤੂੰ ਤਾਂ ਬਹੁਤ ਵੱਡਾ ਤੇ ਸੂਖਸ਼ਮ ਹੈ। ਤੇਰੀ ਗੱਲ ਤਾਂ ਕਿਤੇ ਮੁੱਕਦੀ ਹੀ ਨਹੀਂ। ਦਰਅਸਲ ਇਹ ਸੂਖਸ਼ਮ ਬੁੱਧੀ ਦੀ ਗੱਲ ਹੈ।

ਪਰ ਮੋਟੀ ਅਕਲ ਦਾ ਬੰਦਾ ਕਹਿੰਦਾ ਹੈ ਕਿ ਮੈਨੂੰ ਸਭ ਕੁਝ ਪਤਾ ਹੈ। ਮੈਂ ਜਾਣਦਾ ਹਾਂ। ਪਰ ਅਸੀਂ ਰੇਤ ਦੇ ਇਕ ਜ਼ੱਰੇ ਬਾਰੇ ਵੀ ਨਹੀਂ ਜਾਣ ਸਕਦੇ।

☆ ☆ ☆

ਅਧਿਆਤਮਕ ਗ੍ਰੰਥ ਅਤੇ ਸ਼ਬਦ ਦੀ ਕਲਾ

ਅਨੁਭਵੀ ਗ੍ਰੰਥ—ਸ੍ਰੀ ਗੁਰੂ ਗ੍ਰੰਥ ਸਾਹਿਬ ਕੋਈ ਇਤਿਹਾਸਕ ਗ੍ਰੰਥ ਨਹੀਂ ਹੈ। ਨਾ ਹੀ ਮਿਥਿਹਾਸਕ ਗ੍ਰੰਥ ਹੈ। ਇਹ ਇਤਿਹਾਸ ਵੀ ਨਹੀਂ ਤੇ ਮਿਥਿਹਾਸ ਵੀ ਨਹੀਂ ਹੈ। ਇਹ ਇਕ ਨਿਰੋਲ ਅਧਿਆਤਮਕ ਗ੍ਰੰਥ ਹੈ। ਇਸ ਵਿਚ ਰੱਬੀ ਗਿਆਨ ਦਾ ਅਨੁਭਵ ਹੈ। ਇਸ ਵਾਸਤੇ ਇਸ ਨੂੰ ਅਸੀਂ ਅਨੁਭਵੀ ਗ੍ਰੰਥ ਕਹਿ ਸਕਦੇ ਹਾਂ। ਪਰ ਇਤਿਹਾਸਕ ਜਾਂ ਮਿਥਿਹਾਸਕ ਨਹੀਂ ਕਹਿ ਸਕਦੇ।

ਗੁਰੂ ਗ੍ਰੰਥ ਸਾਹਿਬ ਵਿਚ ਕੋਈ ਇਤਿਹਾਸ ਨਹੀਂ। ਇਹ ਲੱਭਣਾ ਚਾਹੀਏ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਕਿਥੇ ਹੋਇਆ ? ਕਦੋਂ ਹੋਇਆ ? ਉਨ੍ਹਾਂ ਦਾ ਕੀ ਪ੍ਰਵਾਰ ਸੀ ? ਇਹ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਵੀ ਨਹੀਂ ਲਿਖਿਆ। ਉਨ੍ਹਾਂ ਦੀ ਪਤਨੀ ਦਾ ਨਾਮ, ਮਾਂ-ਬਾਪ ਦਾ ਨਾਮ ਆਦਿ ਕੁਝ ਨਹੀਂ ਲਿਖਿਆ। ਗੁਰੂ ਨਾਨਕ ਦੇਵ ਜੀ ਦੇ ਪ੍ਰਵਾਰ ਦੇ ਨਾਮ, ਮਾਂ-ਬਾਪ, ਪਤਨੀ, ਪੁੱਤਰਾਂ ਆਦਿ ਬਾਰੇ ਪਤਾ ਕਰਨਾ ਹੋਵੇ ਤਾਂ ਇਤਿਹਾਸ ਪੜ੍ਹਨਾ ਪਏਗਾ। ਤਵਾਰੀਖ਼ ਦੀ ਖੋਜ ਕਰਨੀ ਪਏਗੀ ਤਾਂ ਪਤਾ ਲਗੇਗਾ ਪਈ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਚੰਦ ਜੀ ਸਨ। ਪਤਨੀ ਮਾਤਾ ਸੁਲੱਖਣੀ ਜੀ ਸਨ। ਭੈਣ ਨਾਨਕੀ ਜੀ ਸਨ। ਪੁੱਤਰ ਸ੍ਰੀ ਚੰਦ, ਲਖਮੀ ਦਾਸ ਜੀ ਸਨ। ਮਾਤਾ ਤ੍ਰਿਪਤਾ ਜੀ ਸਨ। ਇਹ ਇਤਿਹਾਸ ਪੜ੍ਹਨਾ ਪਏਗਾ। ਗੁਰੂ ਗ੍ਰੰਥ ਸਾਹਿਬ ਵਿਚ ਸਿਰਫ਼ ਰੱਬੀ ਗਿਆਨ ਹੈ। ਜਾਂ ਫਿਰ ਰੱਬ ਦੀ ਬਣਾਈ ਦੁਨੀਆਂ ਦੀ ਗੱਲ ਹੈ। ਨਿਰੋਲ ਸੰਸਾਰ ਤੇ ਕਰਤਾਰ ਦੀ ਗੱਲ ਹੈ।

ਮਿਥਿਹਾਸ ਵੀ ਨਹੀਂ ਹੈ। ਪਈ ਮਿਥ ਕੇ ਗੱਲ ਕੀਤੀ ਗਈ ਹੋਵੇ ? ਕੋਈ ਮਿਥ ਕੇ ਗੱਲ ਨਹੀਂ ਆਖੀ ਗਈ। ਜਿਨ੍ਹਾਂ ਕਿਨ੍ਹਾਂ ਗ੍ਰੰਥਾਂ ਵਿਚ ਮਿਥਿਹਾਸ ਹੈ ਉਨ੍ਹਾਂ ਨੇ ਨਾਸਤਿਕਤਾ ਨੂੰ ਜਨਮ ਦਿੱਤਾ ਹੈ। ਬਾਈਬਲ ਵਿਚ ਮਿਥਿਹਾਸ ਹੈ ਪਈ ਜ਼ਮੀਨ ਚਪਟੀ ਹੈ। ਜ਼ਮੀਨ ਰੁਕੀ ਹੈ। ਇਹ ਤਾਂ ਮਿਥ ਕੇ ਗੱਲਾਂ ਕੀਤੀਆਂ ਗਈਆਂ ਹਨ। ਜ਼ਮੀਨ ਕੋਈ ਚਪਟੀ ਵੀ ਨਹੀਂ ਤੇ ਰੁਕੀ ਹੋਈ ਵੀ ਨਹੀਂ। ਜ਼ਮੀਨ ਗੋਲ ਹੈ ਅਤੇ ਚਲਦੀ ਹੈ। ਘੁੰਮ ਰਹੀ ਹੈ।

ਮਹਾਨ ਪ੍ਰਸਿੱਧ ਸਾਇੰਸਦਾਨ ਗਲੈਲੀਓ ਨੇ ਜਦੋਂ ਇਹ ਆਖਿਆ ਸੀ ਪਈ ਜ਼ਮੀਨ ਘੁੰਮ ਰਹੀ ਹੈ। ਜ਼ਮੀਨ ਗੋਲ ਹੈ ਤਾਂ ਪਾਦਰੀਆਂ ਨੇ ਉਹਨੂੰ ਜੇਲ੍ਹ ਵਿਚ ਪਾ ਦਿੱਤਾ ਸੀ। ਗਲੈਲੀਓ ਬੜਾ ਬਜ਼ੁਰਗ ਮਹਾਨ ਤੇ ਪੁਰਾਣਾ ਸਾਇੰਸਦਾਨ ਸੀ। ਗਲੈਲੀਓ ਨੂੰ ਪਾਦਰੀ ਕਹਿਣ ਲੱਗੇ, ਤੇਰੇ ਬੋਲ ਬਾਈਬਲ ਤੇ ਪੂਰੇ ਨਹੀਂ ਉਤਰਦੇ। ਤਾਂ ਗਲੈਲੀਓ ਕਹਿਣ ਲੱਗੇ, ਫਿਰ ਮੈਂ ਕੀ ਕਰ ਸਕਦਾ ਹਾਂ ? ਜੇਕਰ ਮੇਰੇ ਬੋਲ ਬਾਈਬਲ ਤੇ ਪੂਰੇ ਨਹੀਂ ਉਤਰਦੇ ਤਾਂ ਸਚਾਈ ਤੇ ਪੂਰੇ ਉਤਰਦੇ ਹਨ। ਹੁਣ ਇਹ ਪੂਰਨ ਸਚਾਈ ਹੈ ਕਿ ਜ਼ਮੀਨ ਗੋਲ ਹੈ ਅਤੇ ਘੁੰਮ ਰਹੀ ਹੈ। ਰੁਕੀ ਨਹੀਂ ਹੈ। ਹੁਣ ਇਸਾਈ ਮੱਤ ਜ਼ਮੀਨ ਚਪਟੀ ਮੰਨਦਾ ਹੈ। ਨਾਲੇ

ਰੁਕੀ ਹੋਈ ਮੰਨਦਾ ਹੈ।

ਜਿਹੜੀ ਗੱਲ ਸਚਾਈ ਤੇ ਪੂਰੀ ਨਾ ਉਤਰੇ ਉਸ ਨੂੰ ਮਿਥਿਹਾਸਕ ਕਿਹਾ ਜਾਂਦਾ ਹੈ। ਉਸ ਵਕਤ ਵਿਚਾਰੇ ਗਲੈਲੀਓ ਨੂੰ ਬੜੀ ਵੱਡੀ ਸਜ਼ਾ ਦਿੱਤੀ ਗਈ ਕਿ ਤੂੰ ਇਹ ਗੱਲ ਕਿਉਂ ਆਖੀ ਹੈ ਕਿ ਧਰਤੀ ਗੋਲ ਹੈ ਤੇ ਘੁੰਮ ਰਹੀ ਹੈ। ਗਲੈਲੀਓ ਨੂੰ ਮੁਆਫ਼ੀ ਮੰਗਕੇ ਜਾਨ ਛੁਡਾਉਣੀ ਪਈ ਸੀ। ਅੱਜ ਬੱਚਾ-ਬੱਚਾ ਪੜ੍ਹਦਾ ਪਿਆ ਹੈ ਕਿ ਜ਼ਮੀਨ ਗੋਲ ਹੈ। ਜ਼ਮੀਨ ਘੁੰਮ ਰਹੀ ਹੈ।

ਪੁਰਾਣਾਂ ਦੀਆਂ ਕਥਾਵਾਂ ਕੀ ਹਨ ?

ਪਈ ਗੌਤਮ ਨੇ ਗਿੱਲਾ ਪਰਨਾ ਚੰਦਰਮਾ ਨੂੰ ਮਾਰਿਆ ਤੇ ਚੰਦਰਮਾ ਤੇ ਕਾਲਾ ਦਾਗ਼ ਪੈ ਗਿਆ ਹੈ। ਸੁਮੇਰ ਪਰਬਤ ਦਾ ਮਧਾਣਾ ਬਣਾ ਕੇ, ਸ਼ੇਸ਼ ਨਾਗ ਦਾ ਨੇਤਰਾ ਪਾਕੇ ਖੀਰ ਸਮੁੰਦਰ ਨੂੰ ਰਿੜਕਿਆ ਗਿਆ। ਬੜੀ ਹੈਰਾਨਗੀ ਦੀ ਗੱਲ ਹੈ ਕਿ ਜੇਕਰ ਖੀਰ (ਦੁੱਧ) ਦਾ ਕੋਈ ਸਾਗਰ ਹੈ, ਤਾਂ ਗਊਆਂ ਮੱਝਾਂ ਪਾਲਣ ਦੀ ਕੀ ਲੋੜ ਹੈ ? ਉਸੇ ਖੀਰ (ਦੁੱਧ) ਦੇ ਸਾਗਰ ਵਿਚੋਂ ਹੀ ਸਾਰੀ ਦੁਨੀਆਂ ਨੂੰ ਦੁੱਧ ਸਪਲਾਈ ਹੋਣਾ ਚਾਹੀਦਾ ਹੈ। ਖਿਮਾਂ ਕਰਨੀ ਇਹ ਸਭ ਮਿਥਿਹਾਸ ਹੈ। ਰਮਾਇਣ ਵਿਚ ਇਹ ਦਰਜ ਹੈ ਕਿ ਹਨੂੰਮਾਨ ਨੇ ਸੂਰਜ ਨੂੰ ਸੰਤਰਾ ਸਮਝ ਕੇ ਮੂੰਹ ਵਿਚ ਪਾ ਲਿਆ ਤੇ ਤਿੰਨ ਦਿਨ ਤਕ ਹਨੇਰਾ ਹੀ ਬਣਿਆ ਰਿਹਾ। ਸਭ ਮਿਥਿਹਾਸ ਹੈ। ਮਿਥ ਕੇ ਗੱਲਾਂ ਕੀਤੀਆਂ ਗਈਆਂ ਹਨ।

ਸਹਿਜੇ-ਸਹਿਜੇ ਜਦੋਂ ਬੰਦਾ ਸਿਆਣਾ ਹੋ ਰਿਹਾ ਹੈ ਤਾਂ ਮਿਥਿਹਾਸਕ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਅੱਜ ਦਾ ਆਧੁਨਿਕ ਸਮੇਂ ਦੀ ਤੇਜ਼ ਰਫ਼ਤਾਰ ਨਾਲ ਚਲਣ ਵਾਲਾ ਇਨਸਾਨ ਮਿਥਿਹਾਸਕ ਗ੍ਰੰਥਾਂ ਤੇ ਯਕੀਨ ਨਹੀਂ ਕਰਦਾ। ਇਸ ਨਾਲ ਧਰਮ ਨੂੰ ਨੁਕਸਾਨ ਹੋ ਰਿਹਾ ਹੈ। ਮਿਥੇ ਹੋਏ ਗਿਆਨ ਦੀ ਵਜ੍ਹਾ ਕਰਕੇ, ਧਰਮ ਤੋਂ ਬੰਦਾ ਇਨਕਾਰੀ ਹੋ ਰਿਹਾ ਹੈ। ਜਿਨ੍ਹਾਂ ਧਰਮ ਗ੍ਰੰਥਾਂ ਨੇ ਇਹ ਮੰਨਿਆ ਸੀ ਕਿ ਚੰਦਰਮਾ ਨੂੰ ਗੌਤਮ ਰਿਖੀ ਨੇ ਗਿੱਲਾ ਪਰਨਾ ਮਾਰਿਆ ਤਾਂ ਉਸ ਉਤੇ ਦਾਗ਼ ਪੈ ਗਏ ਹਨ। ਜਦੋਂ ਅੱਜ ਦਾ ਸਾਇੰਸਦਾਨ ਚੰਦਰਮਾ ਦੇ ਉਪਰ ਜਾ ਚੜ੍ਹਿਆ ਹੈ ਤਾਂ ਉਸ ਨੇ ਕਹਿ ਦਿੱਤਾ ਹੈ ਕਿ ਉਥੇ ਤਾਂ ਸਭ ਪੱਥਰ ਹੀ ਪੱਥਰ ਹੈ। ਮਿਥਿਆ ਹੋਇਆ ਇਹ ਗਿਆਨ ਕਿ ਚੰਦਰਮਾ ਨੂੰ ਕਾਲੇ ਦਾਗ਼ ਹਨ। ਉਹ ਵਿਗਿਆਨ ਦੇ ਅੱਗੇ ਰਹਿ ਨਹੀਂ ਗਿਆ। ਉਹ ਸਾਰੇ ਧਰਮ ਗ੍ਰੰਥ ਤੇ ਧਰਮ, ਵਿਗਿਆਨ ਦੀ ਕਸਵੱਟੀ ਤੇ ਪੂਰੇ ਨਹੀਂ ਉਤਰੇ। ਜਿਹੜੇ ਮਿਥਿਆ ਹੋਇਆ ਗਿਆਨ ਹੀ ਪ੍ਰਚਾਰਦੇ ਸਨ।

ਰੂਹ-ਏ-ਜ਼ਮੀਨ ਤੇ ਇਕੋ-ਇਕ ਧਰਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਜੀ ਹੈ, ਜਿਸ ਵਿਚ ਨਾ ਇਤਿਹਾਸ ਹੈ ਤੇ ਨਾ ਮਿਥਿਹਾਸ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੀ ਵਿਆਖਿਆ ਤਾਂ ਸਾਇੰਸ ਕਰ ਸਕਦੀ ਹੈ, ਪਰ ਸਾਇੰਸ, ਗੁਰਬਾਣੀ ਨੂੰ ਖੰਡਣ ਨਹੀਂ ਕਰ ਸਕਦੀ। ਕਿਉਂਕਿ ਸਮੁੱਚੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਰੋਲ ਸਚਾਈ ਹੈ। ਇਤਿਹਾਸ ਜਾਂ ਮਿਥਿਹਾਸ ਨਹੀਂ ਹੈ। ਕੋਈ ਮਿਥ ਕੇ ਗੱਲ ਨਹੀਂ ਆਖੀ ਗਈ। ਨਾ ਹੀ ਕਿਸੇ ਦੀ ਜੀਵਨ ਕਥਾ ਲਿਖੀ ਗਈ ਹੈ। ਨਿਰੋਲ ਰੱਬੀ ਕਲਾਮ ਹੈ। ਰੱਬ ਦਾ ਗਿਆਨ ਹੈ। ਫਿਰ ਇਹ ਗੁਰਬਾਣੀ, ਜਿਨ੍ਹਾਂ ਮਹਾਨ ਪੁਰਖਾਂ ਦੇ ਆਪਣੇ ਮੁਖਾਰਬਿੰਦ ਦੀ ਰਚਨਾ ਹੈ, ਉਨ੍ਹਾਂ ਦਾ ਵੀ ਆਪਣਾ ਦਾਹਵਾ ਨਹੀਂ ਹੈ ਕਿ ਇਹ ਬਾਣੀ, (ਬੋਲ) ਸਾਡੇ ਹਨ। ਉਨ੍ਹਾਂ ਦਾ ਵੀ

ਇਹ ਕਹਿਣਾ ਹੈ ਕਿ—

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

(ਪੰਨਾ ੭੨੨)

ਉਨ੍ਹਾਂ ਦਾ ਵੀ ਕਹਿਣਾ ਹੈ ਕਿ ਇਹ ਧੁਰੋਂ ਖਸਮ (ਪ੍ਰਭੂ) ਵੱਲੋਂ ਗਿਆਨ ਹੈ। ਸਾਡੇ ਉਪਰ ਨਾਜ਼ੁਲ (ਉਤਰਿਆ) ਹੋਇਆ) ਹੈ। ਅਸੀਂ ਤਾਂ ਉਹ ਗਿਆਨ ਬੋਲਿਆ ਹੈ ਜਿਹੜਾ ਧੁਰੋਂ ਪ੍ਰਭੂ ਵੱਲੋਂ ਅਨੁਭਵ ਹੋਇਆ ਹੈ।

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥

(ਪੰਨਾ ੬੨੮)

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਹਾਨ ਬ੍ਰਹਮ ਵਿਦਿਆ ਹੈ। ਪ੍ਰਭੂ ਦੇ ਭੇਦ ਸਮਝਣ ਲਈ ਗੁਰਬਾਣੀ ਮਾਰਗ-ਦਰਸ਼ਨ ਕਰਦੀ ਹੈ। ਗੁਰਬਾਣੀ ਮਹਾਨ ਅਦੁੱਤੀ ਰਚਨਾ ਹੈ। ਜਿਸ ਵਿਚ ਬ੍ਰਹਮ ਦੀ ਰੂਪ-ਰੇਖਾ ਦਰਸਾਈ ਗਈ ਹੈ। ਬ੍ਰਹਮ-ਗਿਆਨ ਦੇ ਸਾਧਨ ਦਰਸਾਏ ਗਏ ਹਨ। ਇਹ ਬੜੇ ਗਹਿਰੇ ਤਲ ਵਿਚੋਂ ਆਈ ਰੱਬੀ ਕਲਾਮ ਹੈ। ਪ੍ਰਭੂ ਨੂੰ ਮਿਲਣ ਦੇ ਉਪਰਾਲੇ ਦੱਸਦੀ ਹੈ। ਧੁਰ ਅੰਦਰਲੀਆਂ ਗਹਿਰਾਈਆਂ ਵਿਚੋਂ ਨਿਕਲਿਆ ਹੋਇਆ ਰੱਬੀ ਇਲਹਾਮ ਹੈ।

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪॥

(ਪੰਨਾ ੯੩੫)

ਬਾਣੀ ਅਕਾਲ ਪੁਰਖ ਦੀ ਹੈ ਅਤੇ ਮਹਾਂਪੁਰਖਾਂ ਦੇ ਰਾਹੀਂ ਇਸ ਸੰਸਾਰ ਵਿਚ ਆਈ ਹੈ। ਕੋਈ ਵਿਰਲਾ ਗੁਰਮੁਖ ਹੀ ਇਸ ਬ੍ਰਹਮ ਵੀਚਾਰ ਨੂੰ ਸਮਝਦਾ ਹੈ।

ਅਨੁਭਵ ਅਤੇ ਗਿਆਨ ਕੀ ਹੈ ?

ਜੋ ਆਮ ਕਥਾ ਕਹਾਣੀ ਸੁਣੀ-ਸੁਣਾਈ ਜਾਂਦੀ ਹੈ, ਇਹ ਬੋਧ ਹੈ। ਗਿਆਨ ਹੈ। ਪਰ ਸਤਿਗੁਰੂ ਦੀ ਬਾਣੀ ਦਾ ਕਹਿਣਾ ਹੈ, ਜੋ ਰਹਿਬਰੀ ਪਰਮ ਪੁਰਖ ਸੁਣਾਉਂਦੇ ਹਨ, ਉਹ ਪੜ੍ਹ ਕੇ ਜਾਂ ਸੁਣ ਕੇ ਨਹੀਂ ਸੁਣਾਉਂਦੇ। ਨਾ ਹੀ ਇਤਿਹਾਸ ਜਾਂ ਮਿਥਿਹਾਸ ਦੀ ਗੱਲ ਕਰਦੇ ਹਨ। ਜੋ ਉਹ ਉਪਦੇਸ਼ ਕਰਦੇ ਹਨ। ਉਹ ਉਨ੍ਹਾਂ ਦਾ ਨਿਜੀ ਅਨੁਭਵ ਹੁੰਦਾ ਹੈ। ਹਕੀਕਤ ਬਿਆਨ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਬਾਰੇ ਤਵਾਰੀਖ਼ੀ ਸਬੂਤ ਹੈ ਕਿ ਉਨ੍ਹਾਂ ਜੋ ਕੁਝ ਵੀ ਸੰਸਾਰ ਦੀ ਝੋਲੀ ਵਿਚ ਪਾਇਆ ਹੈ, ਉਹ ਸਕੂਲ ਤੋਂ ਨਹੀਂ ਸਿੱਖਿਆ। ਨਾ ਹੀ ਉਨ੍ਹਾਂ ਨੂੰ ਕਿਸੇ ਨੇ ਸੁਣਾਇਆ ਹੈ। ਪਰ ਫਿਰ ਵੀ ਜੋ ਕੁਝ ਗੁਰੂ ਨਾਨਕ ਨੇ ਸੰਸਾਰ ਦੀ ਝੋਲੀ ਵਿਚ ਪਾਇਆ ਹੈ, ਉਹ ਹੋਰ ਕੋਈ ਨਹੀਂ ਪਾ ਸਕਦਾ।

ਜਗਤ ਦੇ ਭੁਲੇ-ਭਟਕੇ ਲੋਕਾਂ ਨੂੰ ਜੋ ਮਾਰਗ ਗੁਰੂ ਨਾਨਕ ਦੇਵ ਜੀ ਨੇ ਦਿਖਾਇਆ ਹੈ, ਉਹ ਹੋਰ ਕੋਈ ਨਹੀਂ ਦਿਖਾ ਸਕਦਾ। ਜੋਗੀਆਂ ਨਾਲ, ਮੱਕੇ ਦੇ ਹਾਜੀਆਂ ਨਾਲ, ਹਰਿਦੁਆਰ ਦੇ ਬ੍ਰਾਹਮਣਾਂ ਨਾਲ, ਜੰਗਲ ਵਿਚ ਵੱਸਦੇ ਮਾਣਸ ਖਾਣੇ ਕੌਡਿਆਂ ਨਾਲ, ਗ੍ਰਿਹਸਤੀਆਂ ਨਾਲ, ਸੂਫ਼ੀਆਂ ਨਾਲ, ਤਿਆਗੀਆਂ ਨਾਲ, ਬੈਰਾਗੀਆਂ ਨਾਲ ਤੇ ਉਦਾਸੀਆਂ ਨਾਲ ਮੇਰੇ ਜਗਤ ਗੁਰ ਬਾਬੇ ਨੇ ਚਰਚਾ ਕੀਤੀ ਹੈ। ਉਨ੍ਹਾਂ ਦੇ ਕੰਨਾਂ ਤਕ

ਹਕੀਕਤ ਵਿਚ ਸਚਾਈ ਦੀ ਅਵਾਜ਼ ਪਹੁੰਚਾਈ ਹੈ । ਹੁਣ ਇਨ੍ਹਾਂ ਲੋਕਾਂ ਨਾਲ ਗਿਆਨ-ਚਰਚਾ ਕਰਨ ਵਾਸਤੇ ਤਾਂ ਬੜੇ ਗਿਆਨ ਫ਼ਲਸਫ਼ੇ ਦੀ ਲੋੜ ਹੈ। ਇਹ ਸੁਮੇਰ ਦੇ ਸਿੱਧ ਜੋਗੀ ਕੋਈ ਆਮ ਸਧਾਰਨ ਮਨੁੱਖ ਤਾਂ ਹੈ ਨਹੀਂ ਸਨ। ਬੜੇ ਸੂਝਵਾਨ-ਸੂਖਸ਼ਮ ਬਿਰਤੀ ਵਾਲੇ ਇਹ ਇਨਸਾਨ ਸਨ। ਜੀਵਨ ਦੀਆਂ ਘਾਟੀਆਂ ਨੂੰ ਸਿੱਧ ਕਰਕੇ ਇਹ ਸਿੱਧ ਬਣੇ ਸਨ। ਸਿੱਧ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਜੋ ਬੰਦਾ ਪੂਰਨ ਤੌਰ ਤੇ ਸਾਧਿਆ ਹੋਇਆ ਹੈ। ਜੋ ਪੂਰਨ ਸਾਧਿਆ ਹੋਇਆ ਹੋਵੇ, ਉਹ ਤਾਂ ਬੜਾ ਮਹਾਨ ਤੇ ਸੂਖਸ਼ਮ ਬਿਰਤੀ ਦਾ ਮਾਲਕ ਹੁੰਦਾ ਹੈ। ਇਨ੍ਹਾਂ ਸਿੱਧਾਂ ਨਾਲ ਆਮ ਬੰਦਾ ਤਾਂ ਗੱਲ ਨਹੀਂ ਕਰ ਸਕਦਾ। ਉਹ ਗੱਲ ਕਰ ਸਕਦਾ ਹੈ, ਜਿਹੜਾ ਬਹੁਤ ਸੂਖਸ਼ਮ ਬੁੱਧੀ ਦਾ ਮਾਲਕ ਹੋਵੇਗਾ। ਇਨ੍ਹਾਂ ਸਿੱਧਾਂ ਜੋਗੀਆਂ ਨੂੰ ਹਕੀਕਤ ਸਮਝਾਉਣ ਵਾਸਤੇ ਬੜੀ ਗਹਿਰੀ ਵਿਦਿਆ ਚਾਹੀਦੀ ਹੈ। ਮੱਕੇ ਦੇ ਹਾਜੀਆਂ ਕਾਜ਼ੀਆਂ ਨੂੰ ਸਮਝਾਉਣ ਲਈ ਬੜੀ ਵੱਡੀ ਅਕਲ ਚਾਹੀਦੀ ਹੈ। ਹਰਿਦੁਆਰ ਤੇ ਬਨਾਰਸ ਦੇ ਸੰਸਕ੍ਰਿਤ ਜਾਨਣ ਵਾਲੇ ਪੰਡਿਤਾਂ ਨੂੰ ਸਮਝਾਉਣ ਲਈ ਬਹੁਤ ਗਹਿਰੀ ਸੂਝ-ਬੂਝ ਚਾਹੀਦੀ ਹੈ। ਮੁਲਤਾਨ ਦੇ ਪੀਰਾਂ ਦੇ ਇਸ਼ਾਰਿਆਂ ਦੀ ਵਿਦਿਆ ਦਾ ਜੁਆਬ ਦੇਣ ਲਈ ਬੜੀ ਗਹਿਰੀ ਸੂਝ-ਬੂਝ ਚਾਹੀਦੀ ਹੈ। ਬਗ਼ਦਾਦ ਦੇ ਸ਼ਰਈ ਲੋਕਾਂ ਨਾਲ ਬਹਿਸ-ਮੁਬਾਸਾ ਕਰਨ ਲਈ ਬੜੀ ਗਹਿਰੀ ਤਰਕ ਚਾਹੀਦੀ ਹੈ।

ਹੁਣ ਏਨੀ ਗੱਲ ਤਾਂ ਤਵਾਰੀਖ ਵੀ ਸਬੂਤ ਕਰਦੀ ਹੈ। ਪਈ ਚਾਹੇ ਮੱਕੇ ਦੇ ਹਾਜੀ ਸਨ। ਹਰਿਦੁਆਰ ਦੇ ਪੰਡੇ ਸਨ। ਜਾਂ ਸੁਮੇਰ ਦੇ ਸਿੱਧ ਸਨ। ਜੰਗਲ ਦੇ ਭੀਲ (ਕੌਡੇ) ਤੇ ਤਲੰਬੇ ਦੇ ਚਲਾਕ ਠੱਗ ਸਨ। ਗੁਰੂ ਨਾਨਕ ਨੂੰ ਸਭ ਨੇ ਸੱਜਦਾ ਕੀਤਾ ਹੈ। ਗੁਰੂ ਬਾਬੇ ਅੱਗੇ ਸਭ ਨੂੰ ਝੁਕਣਾ ਪਿਆ ਹੈ। ਗੁਰੂ ਨਾਨਕ ਜੀ ਦੇ ਬੋਲ ਹੀ ਐਸੇ ਸਨ ਕਿ ਜਿਨ੍ਹਾਂ ਤੋਂ ਸਭ ਕਾਇਲ ਹੁੰਦੇ ਸਨ।

ਹੁਣ ਪਤਾ ਇਹ ਕਰਨਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੋ ਇਹ ਏਨਾ ਉਪਦੇਸ਼ ਇਨ੍ਹਾਂ ਲੋਕਾਂ ਨੂੰ ਦਿੱਤਾ ਹੈ। ਇਹ ਬੜੇ-ਬੜੇ ਹੰਕਾਰੀ, ਪਾਮਰ, ਜਰਵਾਣੇ ਤੇ ਚਲਾਕ ਸੱਜਣ ਠੱਗ ਵਰਗੇ ਲੋਕ ਸੁਧਰ ਗਏ। ਇਹ ਸਾਰਾ ਗਿਆਨ ਗੁਰੂ ਨਾਨਕ ਦੇਵ ਜੀ ਨੇ ਕਿਥੋਂ ਸਿੱਖਿਆ ਸੀ ? ਉਨ੍ਹਾਂ ਕਿਸੇ ਸਕੂਲ ਤੋਂ ਸਿੱਖਿਆ, ਜਾਂ ਕਿਸੇ ਗ੍ਰੰਥਾਂ ਵਿਚੋਂ ਪੜ੍ਹਿਆ। ਨਹੀਂ, ਨਹੀਂ, ਉਨ੍ਹਾਂ ਕਿਤੋਂ ਸਕੂਲੋਂ ਸਿੱਖਿਆ ਅਤੇ ਨਾ ਹੀ ਕਿਸੇ ਗ੍ਰੰਥ ਨੂੰ ਪੜ੍ਹਿਆ। ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਬੜਾ ਕੀਮਤੀ ਵਿਚਾਰ ਹੈ ਕਿ—

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥

(ਪੰਨਾ ੮੯੪)

ਸੰਤਾਂ ਮਹਾਪੁਰਖਾਂ ਦੀ ਇਹ ਸੱਚੀ ਸਿੱਖਿਆ ਸੁਣ ਕੇ ਸੰਤ ਉਹ ਬੋਲਦੇ ਹਨ ਜੋ ਆਪਣੀਆਂ ਅੱਖਾਂ ਨਾਲ ਦੇਖਦੇ ਹਨ। ਕਿਸੇ ਦੀ ਸੁਣੀ-ਸੁਣਾਈ ਗੱਲ ਨਹੀਂ ਕਰਦੇ। ਜੋ ਕੁਝ ਗ੍ਰੰਥਾਂ ਵਿਚੋਂ ਪੜ੍ਹ ਕੇ ਗਿਆਨ ਕੀਤਾ ਜਾਂਦਾ ਹੈ, ਉਹ ਵੀ ਆਪਣਾ ਨਹੀਂ ਹੁੰਦਾ। ਉਹ ਵੀ ਉਧਾਰਾ ਗਿਆਨ ਹੁੰਦਾ ਹੈ। ਮਗਰ, ਸੰਤ ਲੋਕ ਉਹ ਬੋਲਦੇ ਹਨ, ਜੋ ਉਨ੍ਹਾਂ ਦਾ ਨਿਜੀ ਅਨੁਭਵ ਹੁੰਦਾ ਹੈ।

ਸਿਰਮੌਰ ਭਗਤ ਕਬੀਰ ਸਾਹਿਬ ਜੀ ਦੀ ਬਹੁਤ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ

ਵਿਚ ਦਰਜ ਹੈ। ਆਪਣੀ ਬਾਣੀ ਵਿਚ ਕਬੀਰ ਸਾਹਿਬ ਨੇ ਪ੍ਰਮਾਤਮਾ ਬਾਰੇ, ਬੜੀ ਲੰਮੀ ਚੌੜੀ ਵਿਚਾਰ ਕੀਤੀ ਹੈ ਤੇ ਹੁਣ ਕਬੀਰ ਸਾਹਿਬ ਕੋਈ ਪੜ੍ਹ ਕੇ ਜਾਂ ਸੁਣ ਕੇ ਥੋੜਾ ਇਹ ਵਿਚਾਰ ਕਰਦੇ ਹਨ। ਪੜ੍ਹੇ-ਲਿਖੇ ਤਾਂ ਉਹ ਹੈ ਹੀ ਨਹੀਂ ਸਨ। ਕਬੀਰ ਸਾਹਿਬ ਨੂੰ ਤਾਂ ਸ਼ੂਦਰ-ਸ਼ੂਦਰ ਕਿਹਾ ਜਾਂਦਾ ਸੀ। ਸ਼ੂਦਰ ਵਾਸਤੇ ਵਿਦਿਆਲੇ ਵਿਚ ਦਾਖ਼ਲਾ ਬੰਦ ਸੀ। ਕਬੀਰ ਸਾਹਿਬ ਦੇ ਸਮੇਂ ਵਿਚ ਭਾਰਤ ਦੇ ਜਿੰਨੇ ਵਿਦਿਆਲੇ ਸਨ, ਉਥੇ ਬ੍ਰਾਹਮਣਾਂ ਦਾ ਅਧਿਕਾਰ ਸੀ। ਬ੍ਰਾਹਮਣ ਹੀ ਪੜ੍ਹਾਉਂਦੇ ਸਨ। ਬ੍ਰਾਹਮਣਾਂ ਨੇ ਵਿਦਿਆਲਿਆਂ ਦੇ ਦਰਵਾਜ਼ੇ ਸ਼ੂਦਰਾਂ ਵਾਸਤੇ ਬੰਦ ਕੀਤੇ ਹੋਏ ਸਨ। ਸੋ ਇਸ ਵਾਸਤੇ ਕਬੀਰ ਸਾਹਿਬ ਨੂੰ ਤਾਂ ਦਾਖ਼ਲਾ ਹੀ ਨਹੀਂ ਸੀ ਮਿਲ ਸਕਦਾ। ਫਿਰ ਉਹ ਜਦੋਂ ਪੜ੍ਹੇ ਹੀ ਨਹੀਂ ਤਾਂ ਉਹ ਇੰਨੀ ਗਹਿਰੀ ਗੱਲ ਕਿਵੇਂ ਕਰ ਰਹੇ ਹਨ। ਜੇਕਰ ਇਹ ਸੁਆਲ ਕਬੀਰ ਸਾਹਿਬ ਨੂੰ ਕੀਤਾ ਜਾਵੇ ਕਿ ਪ੍ਰਮਾਤਮਾ ਦੀ ਇੰਨੀ ਗਹਿਰੀ ਗੱਲ, ਕੀ ਤੁਸੀਂ ਪੜ੍ਹ ਕੇ ਕਹਿ ਰਹੇ ਹੋ ? ਤਾਂ ਕਬੀਰ ਸਾਹਿਬ ਆਪਣੀ ਬਾਣੀ ਵਿਚ ਕਹਿ ਰਹੇ ਹਨ ਕਿ ਨਹੀਂ—

ਦੁਇ ਦੁਇ ਲੋਚਨ ਪੇਖਾ ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥
ਨੈਨ ਰਹੇ ਰੰਗੁ ਲਾਈ ॥ ਅਬ ਬੇ ਗਲ ਕਹਨੁ ਨ ਜਾਈ ॥੧॥

(ਪੰਨਾ ੬੫੫)

ਕਬੀਰ ਸਾਹਿਬ ਕਹਿੰਦੇ ਹਨ ਕਿ ਮੈਂ ਤਾਂ ਵੇਖ ਕੇ ਕਹਿ ਰਿਹਾ ਹਾਂ। ਮੈਂ ਉਸ ਵੱਡੇ ਪ੍ਰਮਾਤਮਾ ਦਾ ਸਰੂਪ ਅੰਤਰ-ਆਤਮੇ ਵਿਚ ਹੀ ਵੇਖਿਆ ਹੈ। ਉਹ ਮੇਰਾ ਹੀ ਨਿੱਜੀ ਸਰੂਪ ਹੈ। ਨਿੱਜੀ ਸਰੂਪ ਦਾ ਅਨੁਭਵ ਕਰਕੇ ਹੀ ਕਿਹਾ ਹੈ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕਬੀਰ ਸਾਹਿਬ ਨੇ ਦੇਖਿਆ ਹੈ। ਇਸ ਦਾ ਕੀ ਸਬੂਤ ਹੈ ?

ਕਬੀਰ ਸਾਹਿਬ ਦਾ ਉੱਤਰ ਹੈ ਕਿ ਉਸ ਦਾ ਪ੍ਰਮਾਣ ਦੇਣ ਲਈ ਕੋਈ ਦੂਜੀ ਗੱਲ ਨਹੀਂ ਹੈ। ਜ਼ਬਾਨ ਵਿਚ ਗੱਲ ਕੀਤੀ ਪੂਰੀ ਨਹੀਂ ਉਤਰਦੀ। ਇਸੇ ਵਾਸਤੇ ਤਾਂ ਉਹ ਕਹਿੰਦੇ ਹਨ ਕਿ—

ਅਬ ਬੇ ਗਲ ਕਹਨੁ ਨ ਜਾਈ ॥੧॥

(ਪੰਨਾ ੬੫੫)

ਉਸ ਨੂੰ ਜ਼ਬਾਨ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਸਿਰਫ਼ ਅਨੁਭਵ ਦਾ ਵਿਸ਼ਾ ਹੈ।

ਅਨਭਉ ਪ੍ਰਕਾਸ ਅਮਿਤੋਜ ਕਹਿੱਜੈ ॥

(ਜਾਪੁ)

ਕਬੀਰ ਸਾਹਿਬ ਦਾ ਫ਼ੁਰਮਾਣ ਹੈ ਕਿ ਅੰਤਸ਼ਕਰਣ ਦੀ ਸੇਜ ਉੱਪਰ ਜੋ ਉਸ ਪ੍ਰਮਾਤਮਾ ਦਾ ਰਸ ਅਨੁਭਵ ਹੁੰਦਾ ਹੈ, ਉਹ ਬੁੱਧੀ ਦਾ ਗਿਆਨ ਨਹੀਂ ਹੈ। ਉਹ ਇਕ ਬ੍ਰਹਮ-ਰਸ ਹੈ। ਖ਼ੁਮਾਰੀ ਹੈ। ਧੁਰ ਅੰਤਰ ਤੋਂ ਅਨੁਭਵ ਹੁੰਦਾ ਹੈ। ਗੁਰੂ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ। ਗੁਰੂ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ। ਨਾਮ ਅਭਿਆਸ ਰਾਹੀਂ ਜਦੋਂ ਸੁਰਤ ਸ਼ਬਦ ਦਾ ਮਿਲਾਪ ਹੁੰਦਾ ਹੈ ਤਾਂ ਇਹ ਬ੍ਰਹਮ-ਰਸ ਦੀ ਪ੍ਰਾਪਤੀ ਹੁੰਦੀ ਹੈ।

ਸਾਧੁ ਮਿਲੈ ਸਿਧਿ ਪਾਈਐ ਕਿ ਏਹੁ ਜੋਗੁ ਕਿ ਭੋਗੁ ॥
ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥੨॥

(ਪੰਨਾ ੩੩੫)

ਸੋ ਗੁਰੂ ਕ੍ਰਿਪਾ ਦੁਆਰਾ ਜਦੋਂ ਜੋਗ-ਭੋਗ ਦੋਵਾਂ ਦਾ ਮਿਲਾਪ ਹੁੰਦਾ ਹੈ ਤਾਂ ਇਸ ਕਾਰਜ ਦੀ ਸਿੱਧੀ ਹੁੰਦੀ ਹੈ। ਜਦੋਂ ਰਾਮ ਨਾਮ ਦੇ ਸੰਜੋਗ ਨਾਲ ਸੁਰਤ, ਸ਼ਬਦ ਵਿਚ ਉਤਰਦੀ ਹੈ ਤਾਂ ਇਕ ਪਰਮ-ਰਸ ਬਣਦਾ ਹੈ। ਇਸ ਰਸ ਵਿਚ ਹੀ ਅਭਿਆਸੀ ਆਪ-ਮੁਹਾਰਾ ਝੂਮ ਉੱਠਦਾ ਹੈ ਤੇ ਗੁਣ-ਗੁਣਾਉਣ ਲੱਗਦਾ ਹੈ। ਬਿਨਾ ਸ਼ੱਕ ਇਹ ਗੀਤ ਕੋਈ ਕਵਿਤਾ ਦਾ ਤਖ਼ੀਅਲ ਨਹੀਂ ਹੁੰਦਾ। ਪਰ ਹੁੰਦਾ ਬੜਾ ਰਸ-ਪੂਰਬਕ ਅਤੇ ਅਰਥਦਾਇਕ ਹੈ। ਲੋਕ ਭਾਵੇਂ ਇਸ ਨੂੰ ਗੀਤ ਹੀ ਸਮਝਣ ਪਰ ਇਹ ਸਤਿਪੁਰਖ ਦੇ ਧੁਰ ਅੰਦਰੋਂ ਨਿਕਲੀ ਹੋਈ ਇਕ ਹਕੀਕੀ ਚੀਸ ਹੁੰਦੀ ਹੈ। ਇਸੇ ਚੀਸ ਦੀ ਦਰਦ ਨਾਲ ਕਬੀਰ ਸਾਹਿਬ ਨੇ ਇਹ ਆਖਿਆ ਹੈ ਕਿ—

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥੩॥

(ਪੰਨਾ ੩੩੫)

ਸੋ ਇਹ ਜੋ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦਰਜ ਹੈ। ਇਹ ਕੋਈ ਇਤਿਹਾਸਕ ਵਿਦਿਆ ਨਹੀਂ ਹੈ। ਇਹ ਬ੍ਰਹਮ-ਵਿਦਿਆ ਦਾ ਅੰਮ੍ਰਿਤਮਈ ਸਾਗਰ ਹੈ।

ਸੋ ਜਿਸ ਮਹਾਪੁਰਖ ਦੇ ਅੰਤਸ਼ਕਰਣ ਤੋਂ ਇਹ ਬ੍ਰਹਮ-ਵਿਦਿਆ ਪ੍ਰਗਟ ਹੁੰਦੀ ਹੈ, ਉਸ ਦੀ ਦੂਈ ਮਿਟ ਜਾਂਦੀ ਹੈ। ਬੜੀ ਸੁੰਦਰ ਘਟਨਾ ਹੈ ਇਹ ਕਿ ਗੁਰੂ ਨਾਨਕ ਦੇਵ ਜੀ ਜਦੋਂ ਦੂਜੀ ਵਾਰ ਸੈਦਪੁਰ (ਐਮਨਾਬਾਦ) ਭਾਈ ਲਾਲੋ ਕੋਲ ਪਹੁੰਚੇ ਤਾਂ ਭਾਈ ਲਾਲੋ ਜੀ ਨੇ ਗੁਰਦੇਵ ਨੂੰ ਸੁਆਲ ਕੀਤਾ ਕਿ ਹੇ ਗੁਰਦੇਵ ਪਾਤਸ਼ਾਹ! ਮੈਂ ਸੁਣਿਆ ਹੈ ਕਿ ਤੁਸੀਂ ਸਕੂਲ ਵਿਚ ਨਹੀਂ ਪੜ੍ਹੇ। ਤੁਹਾਡੇ ਪਿਤਾ ਨੂੰ ਪਾਂਧੇ ਗੁਪਾਲ ਨੇ ਇਹ ਕਹਿ ਕੇ ਵਾਪਸ ਘਰ ਭੇਜ ਦਿੱਤਾ ਸੀ ਕਿ—

ਇਸ ਪੜ੍ਹਨੇ ਕੇ ਪਰੋ ਨ ਖਿਆਲੇ ॥
ਸਭ ਕਰਤਾ ਜੋ ਵਿਦਿਆ ਜਾਲੇ ॥

(ਸ੍ਰੀ ਗੁਰੂ ਨਾਨਕ ਪ੍ਰਕਾਸ਼)

ਗੋਪਾਲ ਪਾਂਧੇ ਨੇ ਮਹਿਤਾ ਸਾਹਿਬ ਨੂੰ ਕਹਿ ਦਿੱਤਾ ਕਿ ਮਹਿਤਾ ਜੀ! ਨਾਨਕ ਦੀ ਪੜ੍ਹਾਈ ਦੇ ਖ਼ਿਆਲ ਵਿਚ ਨਾ ਪਵੋ। ਨਾਨਕ ਕੋਲ ਉਹ ਮੂਲ ਵਿਦਿਆ ਹੈ, ਜਿਸ ਵਿਦਿਆ ਨਾਲ ਹਰੇਕ ਤਰ੍ਹਾਂ ਦੀ ਵਿਦਿਆ ਆਪ ਹੀ ਆਉਂਦੀ ਹੈ।

ਦਰਅਸਲ ਹਕੀਕਤ ਇਹ ਹੈ ਕਿ ਕੁਝ ਮਹਾਂਪੁਰਖ ਬ੍ਰਹਮ-ਗਿਆਨੀ ਧੁਰੋਂ ਹੀ ਪਵਿੱਤਰ ਸੰਸਕਾਰ ਲੈ ਕੇ ਆਉਂਦੇ ਹਨ। ਜਦੋਂ ਉਹ ਪੂਰਬਲਾ ਪਵਿੱਤਰ ਸੰਸਕਾਰ ਆਪ-ਮੁਹਾਰਾ ਹੀ ਉਜਾਗਰ ਹੋ ਉੱਠਦਾ ਹੈ ਤਾਂ ਉਸ ਪਰਮ ਪਵਿੱਤਰ ਗਿਆਨ ਦੀ ਰੋਸ਼ਨੀ ਵਿਚ, ਬ੍ਰਹਮ-ਗਿਆਨੀ, ਸੰਸਾਰ ਨੂੰ ਵੇਖਦੇ ਹਨ।

ਇਥੇ ਇਹ ਗੱਲ ਵਿਚਾਰਨਯੋਗ ਹੈ ਕਿ ਕਿਸੇ ਧਰਮ ਦੇ ਬਾਨੀ ਜਾਂ (ਵੱਡੇ ਧਾਰਮਿਕ

ਨੇਤਾ) ਬਾਰੇ ਇਹ ਕਹਿਣ ਦਾ ਰਿਵਾਜ ਜਿਹਾ ਬਣ ਗਿਆ ਹੈ ਕਿ ਉਸ ਨੇ ਕਿਸੇ ਉਸਤਾਦ ਕੋਲੋਂ ਵਿਦਿਆ ਪ੍ਰਾਪਤ ਹੀ ਨਹੀਂ ਕੀਤੀ। ਬਲਕਿ ਜੋ ਉਹ ਜਾਣਦੇ ਸਨ, ਉਹ ਸਭ ਕੁਝ ਸਿੱਧਾ ਪ੍ਰਮਾਤਮਾ ਪਾਸੋਂ ਸਿੱਖ ਕੇ ਆਏ ਸਨ। ਇਹ ਪ੍ਰਚਾਰ ਹਮੇਸ਼ਾ ਉਹ ਲੋਕ ਕਰਦੇ ਹਨ, ਜੋ ਇਸ ਤਰ੍ਹਾਂ ਦੇ ਮਹਾਂਪੁਰਖਾਂ ਤੇ ਅਥਾਹ ਸ਼ਰਧਾ ਰੱਖਦੇ ਹਨ। ਉਹ ਲੋਕ ਅੰਧੀ ਸ਼ਰਧਾ-ਵੱਸ ਇਸ ਤਰ੍ਹਾਂ ਦੇ ਮਹਾਂਪੁਰਖਾਂ ਨੂੰ ਰੱਬ ਹੀ ਬਣਾ ਦੇਂਦੇ ਹਨ।

ਦੂਜੇ ਪਾਸੇ, ਅਥਾਹ ਸ਼ਰਧਾ ਰੱਖਣ ਵਾਲੇ ਲੋਕਾਂ ਦੀ ਵਿਰੋਧੀ ਧਿਰ ਹੁੰਦੀ ਹੈ। ਵਿਰੋਧੀ ਧਿਰ ਆਪਣੀ ਵਿਰੋਧੀ ਧਿਰ ਨੂੰ ਨਿਵਾਉਣ ਲਈ ਇਸ ਤਰ੍ਹਾਂ ਦੇ ਮਹਾਂਪੁਰਖਾਂ ਨੂੰ ਬਿਲਕੁਲ ਹੀ ਅਨਪੜ੍ਹ ਕਹਿ ਦੇਂਦੀ ਹੈ। ਇਹ ਵੀ ਇਕ ਵੱਡੀ ਭੁੱਲ ਹੈ। ਇਸ ਤਰ੍ਹਾਂ ਕਹਿਣ ਨਾਲ ਦੋਵੇਂ ਧਿਰਾਂ ਵਿਚ ਮਤਭੇਦ ਪੈਦਾ ਹੁੰਦੇ ਹਨ। ਇਸ ਤਰ੍ਹਾਂ ਦੇ ਮਤਭੇਦਾਂ ਕਰਕੇ ਆਪਸੀ ਟਕਰਾਉ ਹੋਣਾ ਕੁਦਰਤੀ ਹੈ। ਟਕਰਾਉ ਵਿਚ ਲੋਕਾਂ ਨੂੰ ਲਾਭ ਘੱਟ ਤੇ ਨੁਕਸਾਨ ਜ਼ਿਆਦਾ ਹੁੰਦਾ ਹੈ।

ਦਰਅਸਲ ਇਸ ਤਰ੍ਹਾਂ ਦੇ ਮਹਾਨ ਪੁਰਖ ਭਾਵੇਂ ਕਿਸੇ ਵੀ ਮਜ਼੍ਹਬ ਵਿਚ ਪੈਦਾ ਹੋਣ, ਉਨ੍ਹਾਂ ਨੂੰ ਮਤਭੇਦ ਦੀ ਦ੍ਰਿਸ਼ਟੀ ਨਾਲ ਨਹੀਂ ਵੇਖਣਾ ਚਾਹੀਦਾ।

ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੀਆਂ ਵੱਡੀਆਂ-ਵੱਡੀਆਂ ਡਿਗਰੀਆਂ ਪ੍ਰਾਪਤ ਕਰਨ ਵਾਲੇ ਪੜ੍ਹੇ-ਲਿਖੇ ਲੋਕ, ਸਾਰੇ ਮਹਾਨ ਪੁਰਖ ਤਾਂ ਨਹੀਂ ਬਣ ਜਾਂਦੇ ਤੇ ਨਾ ਹੀ ਅਨਪੜ੍ਹਤਾ ਕਾਮਯਾਬ ਹੁੰਦੀ ਹੈ।

ਮਹਾਨ ਹਮੇਸ਼ਾ ਉਹੀ ਹੁੰਦੇ ਹਨ, ਜਿਨ੍ਹਾਂ ਵਿਚ ਆਤਮ-ਵਿਸ਼ਵਾਸ ਤੇ ਆਤਮ-ਬਲ ਹੁੰਦਾ ਹੈ। ਕੁਦਰਤ ਵੀ ਸਾਥ ਉਨ੍ਹਾਂ ਦਾ ਹੀ ਦੇਂਦੀ ਹੈ, ਜਿਹੜੇ ਆਪਣਾ ਸਾਥ ਆਪ ਦੇਂਦੇ ਹਨ।

ਇਸ ਗੱਲ ਤੋਂ ਬਿਲਕੁਲ ਹੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਾਰੀ ਕਾਇਨਾਤ ਦੀ ਮੂਲ ਸ਼ਕਤੀ ਇਕ ਹੈ। ਜੇ ਮਨੁੱਖ ਆਪਣੇ ਮੂਲ ਨੂੰ ਪਛਾਣ ਲਵੇ ਤਾਂ ਸਾਰੀ ਦੁਨੀਆਂ ਉਸ ਅੱਗੇ ਝੁਕਦੀ ਹੈ।

ਸੋ ਗੁਰੂ ਨਾਨਕ ਦੇਵ ਜੀ ਨੇ ਜੋ ਉਪਦੇਸ਼ ਸੰਸਾਰ ਪ੍ਰਤੀ ਕੀਤਾ ਹੈ, ਉਸ ਨਾਲ ਪੜ੍ਹਾਈ ਜਾਂ ਅਨਪੜ੍ਹਤਾ ਨਹੀਂ ਜੋੜੀ ਜਾ ਸਕਦੀ। ਬਲਕਿ ਮਹਾਂਪੁਰਖ ਹਮੇਸ਼ਾ ਮੂਲ ਜੋਤ ਸਰੂਪ ਨਾਲ ਜੁੜ ਕੇ ਗੱਲ ਕਰਦੇ ਹਨ। ਇਸ ਮੂਲ ਦਾ ਗਿਆਨ ਉਨ੍ਹਾਂ ਨੂੰ ਪੂਰਬਲੇ ਸੰਸਕਾਰਾਂ ਦੁਆਰਾ ਕੁਦਰਤੀ ਅਨੁਭਵ ਹੋ ਉਠਦਾ ਹੈ।

ਇਹ ਹਕੀਕਤ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਦੀ ਉਮਰ ਸਿਰਫ਼ ਛੇ-ਸੱਤ ਸਾਲ ਦੀ ਸੀ, ਉਦੋਂ ਗੋਪਾਲ ਪਾਂਧੇ ਕੋਲ ਪਿਤਾ ਮਹਿਤਾ ਕਾਲੂ ਚੰਦ ਜੀ ਨੇ ਪੜ੍ਹਨੇ ਬਿਠਾਇਆ ਸੀ। ਪਾਂਧੇ ਨੇ ਗੁਰਦੇਵ ਨੂੰ ਤਖ਼ਤੀ (ਪੱਟੀ) ਦੇ ਕੇ ਆਖਿਆ ਸੀ, ਨਾਨਕ! ਇਸ ਪੱਟੀ (ਤਖ਼ਤੀ) ਉੱਪਰ ਸੱਸਾ (ਸ) ਲਿਖੋ? ਤਾਂ ਗੁਰਦੇਵ ਕਹਿਣ ਲੱਗੇ, ਪਾਂਧਾ ਜੀ! ਸੱਸੇ ਦਾ ਕੀ ਮਤਲਬ ਹੁੰਦਾ ਹੈ? ਤਾਂ ਪਾਂਧਾ ਕਹਿਣ ਲੱਗਾ ਕਿ ਸੱਸਾ ਇਕ ਅੱਖਰ ਹੈ ਤੇ ਇਕ ਅੱਖਰ ਦਾ ਕੋਈ ਅਰਥ ਨਹੀਂ ਹੁੰਦਾ। ਦੋ ਚਾਰ ਅੱਖਰ ਮਿਲ ਕੇ ਸ਼ਬਦ ਬਣਦਾ ਹੈ ਅਤੇ ਸ਼ਬਦ ਦਾ ਅਰਥ ਹੁੰਦਾ ਹੈ। ਸੱਸਾ ਇੱਕ ਅੱਖਰ ਹੈ। ਇਕ ਅੱਖਰ ਦਾ ਕੋਈ ਅਰਥ ਨਹੀਂ ਹੁੰਦਾ। ਗੁਰਦੇਵ ਕਹਿਣ ਲੱਗੇ, ਪਾਂਧਾ ਜੀ! ਜੇਕਰ ਇਕ ਅੱਖਰ ਦਾ ਕੋਈ ਅਰਥ ਨਹੀਂ ਹੁੰਦਾ ਤਾਂ ਇਸ ਦਾ ਮਤਲਬ ਹੈ ਕਿ ਸੱਸਾ ਇਕ ਅੱਖਰ ਦਾ ਕੋਈ ਅਰਥ ਨਹੀਂ ਹੁੰਦਾ ਤਾਂ

ਇਸ ਦਾ ਮਤਲਬ ਹੈ ਕਿ ਸੱਸਾ ਇੱਕ ਅੱਖਰ ਹੈ ਤੇ ਇਸ ਦਾ ਕੋਈ ਅਰਥ ਹੀ ਨਹੀਂ। ਜੇ ਸੱਸਾ ਵਿਅਰਥ ਹੈ, ਤਾਂ ਮੈਂ ਵਿਅਰਥ ਅੱਖਰ ਨਹੀਂ ਪੜ੍ਹਨੇ। ਜਿਨ੍ਹਾਂ ਦਾ ਕੋਈ ਅਰਥ ਹੀ ਨਹੀਂ। ਪਾਂਧਾ ਕਹਿਣ ਲੱਗਾ, ਨਾਨਕ ! ਮੈਂ ਤੇਰੇ ਇਨ੍ਹਾਂ ਸੁਆਲਾਂ ਦਾ ਉੱਤਰ ਨਹੀਂ ਦੇ ਸਕਦਾ। ਮੈਨੂੰ ਤੂੰ ਦੱਸ ਪਈ ਮੈਂ ਇਕ ਅੱਖਰ ਦੇ ਕੀ ਅਰਥ ਕਰਾਂ ?

ਗੁਰਦੇਵ ਕਹਿਣ ਲੱਗੇ, ਪਾਂਧਾ ਜੀ ! ਇਕ ਅੱਖਰ ਦਾ ਹੀ ਤਾਂ ਸਾਰਾ ਅਰਥ ਹੈ। ਜੇ ਇਕ ਦਾ ਅਰਥ ਨਾ ਹੋਵੇ ਤਾਂ ਦੂਜੇ ਵੀ ਸਾਰੇ ਵਿਅਰਥ ਹੋਣਗੇ। ਇਕ ਬੀਜ ਹੀ ਅਰਥ-ਪੂਰਬਕ ਬੀਜਿਆ ਜਾਂਦਾ ਹੈ ਤੇ ਦੂਜੇ ਬੀਜ ਪੈਦਾ ਹੁੰਦੇ ਹਨ। ਜੇਕਰ ਪੱਥਰਾਂ ਦੇ ਕੰਕਰ ਬੀਜੀਏ ਉਹ ਥੋੜ੍ਹਾ ਪੈਦਾ ਹੁੰਦੇ ਹਨ। ਦਰਅਸਲ ਇਕ ਅੱਖਰ ਹੀ ਸਾਰੀ ਵਿਦਿਆ ਨੂੰ ਜਨਮ ਦੇਂਦਾ ਹੈ।

ਪਾਧਾ ਫਿਰ ਦੁਬਾਰਾ ਪੁੱਛਣ ਲੱਗਾ, ਨਾਨਕ ! ਫਿਰ ਤੂੰ ਕੀ ਕਹਿਣਾ ਚਾਹੁੰਦਾ ਹੈਂ ? ਗੁਰਦੇਵ ਕਹਿਣ ਲੱਗੇ, ਪਾਂਧਾ ਜੀ ! ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਤਰ੍ਹਾਂ ਕਹਿ ਰਹੇ ਹੋ ਕਿ ਜਿਵੇਂ ਤੁਸੀਂ ਇਕ ਪਾਂਧਾ ਹੋ ! ਮੈਂ ਪੁੱਛਾਂ ਪਾਂਧਾ ਜੀ ! ਤੁਹਾਡਾ ਕੀ ਮਤਲਬ ਹੈ ? ਤੁਸੀਂ ਆਖੋ ! ਕਿ ਮੈਂ ਤਾਂ ਇਕ ਪਾਂਧਾ ਹਾਂ। ਮੇਰਾ ਤਾਂ ਕੋਈ ਅਰਥ (ਮਤਲਬ) ਹੀ ਨਹੀਂ ਹੈ। ਦੋ ਚਾਰ ਪਾਂਧੇ ਹੋਵਾਂਗੇ ਤਾਂ ਸਾਡਾ ਕੋਈ ਅਰਥ ਹੋਵੇਗਾ।

ਦਰਅਸਲ ਪਾਂਧਾ ਜੀ ! ਹਕੀਕਤ ਇਹ ਹੈ ਕਿ ਮੂਲ ਇਕ ਹੈ। ਇਕ ਕਰਤਾਰ ਹੈ। ਦੂਜਾ ਸੰਸਾਰ ਹੈ। ਜੇਕਰ ਕਰਤਾਰ ਨਾ ਹੋਵੇ ਤਾਂ ਸੰਸਾਰ ਵੀ ਨਹੀਂ ਹੋ ਸਕਦਾ। ਕਰਤਾਰ ਇਕ ਹੈ। ਸੰਸਾਰ ਤਾਂ ਦੂਜਾ ਹੈ। ਜੇ ਇਕ ਦਾ ਅਰਥ ਨਾ ਹੋਵੇ ਤਾਂ ਦੂਜਾ ਵੀ ਵਿਅਰਥ ਹੈ। ਯਾਨੀ ਕਰਤਾਰ ਦਾ ਅਰਥ ਨਹੀਂ ਤਾਂ ਸੰਸਾਰ ਵੀ ਵਿਅਰਥ ਹੀ ਹੈ। ਪਾਂਧਾ ਕਹਿਣ ਲੱਗਾ, ਨਾਨਕ ! ਮੈਂ ਤੇਰੇ ਵਿਚਾਰ ਤੋਂ ਬਹੁਤ ਪ੍ਰਭਾਵਤ ਹਾਂ। ਪਰ ਤੂੰ ਦੱਸ ਕਿ ਸੱਸਾ ਅੱਖਰ ਦਾ ਕੀ ਅਰਥ ਹੈ ? ਗੁਰਦੇਵ ਕਹਿਣ ਲਗੇ—

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ
ਸਭਨਾ ਸਾਹਿਬੁ ਏਕੁ ਭਇਆ ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ
ਆਇਆ ਤਿਨ੍ ਕਾ ਸਫਲੁ ਭਇਆ ॥੧॥

(ਪੰਨਾ ੪੩੨)

ਗੁਰਦੇਵ ਦਾ ਕਹਿਣਾ ਹੈ ਕਿ ਪ੍ਰਮਾਤਮਾ ਸਾਰੇ ਸੰਸਾਰ ਵਿਚ ਰਮਿਆ ਹੋਇਆ ਹੈ। ਹਰ ਕੋਈ ਉਸ ਮੂਲ ਨੂੰ ਆਪਣੇ ਅੰਦਰੋਂ ਉਜਾਗਰ ਕਰ ਸਕਦਾ ਹੈ। ਜਦੋਂ ਕੋਈ ਪੂਰਨ ਤੌਰ ਤੇ ਉਜਾਗਰ ਹੋ ਉੱਠਦਾ ਹੈ ਤਾਂ ਫਿਰ ਆਪ-ਮੁਹਾਰਾ ਗਿਆਨ ਉਸ ਦੇ ਅੰਦਰੋਂ ਪ੍ਰਗਟ ਹੁੰਦਾ ਹੈ। ਉਸ ਗਿਆਨ ਤੇ ਮਹਾਪੁਰਖਾਂ ਦਾ ਆਪਣਾ ਦਾਹਵਾ ਨਹੀਂ ਹੁੰਦਾ। ਉਹ ਕਹਿੰਦੇ ਹਨ ਕਿ ਇਹ ਗਿਆਨ ਸਾਡਾ ਨਹੀਂ, ਬਲਕਿ ਪ੍ਰਮਾਤਮਾ ਆਪ ਹੀ ਸਾਡੇ ਰਾਹੀਂ ਬੋਲਿਆ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਇਹ ਜੋ ਮੈਂ ਬਾਣੀ ਬੋਲਦਾ ਹਾਂ ਇਹ ਮੇਰੀ ਨਹੀਂ ਹੈ। ਇਹ ਤਾਂ ਰੱਬ ਦੀ ਗੱਲ ਹੈ। ਪਰ ਮੇਰੀ ਜ਼ਬਾਨ ਤੋਂ ਪ੍ਰਗਟ ਹੋਈ ਹੈ। ਇਹ ਧੁਰ ਅਕਾਲ-ਪੁਰਖ ਦੀ ਬਾਣੀ ਹੈ—

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥

(ਪੰਨਾ ੭੨੨)

ਪ੍ਰਮਾਤਮਾ ਨਾਲ ਮਿਲਿਆ ਹੋਇਆ ਮਹਾਂਪੁਰਖ ਕਦੇ ਵੀ ਆਪਣੇ ਆਪ ਦਾ ਦਾਹਵਾ ਨਹੀਂ ਕਰਦਾ। ਉਹ ਸਮਝਦਾ ਹੈ ਕਿ ਆਪਣਾ ਕੁਝ ਵੀ ਨਹੀਂ। ਸਭ ਕੁਝ ਪ੍ਰਮਾਤਮਾ ਦਾ ਹੈ।

ਹਜ਼ਰਤ ਮੁਹੰਮਦ ਸਾਹਿਬ ਨੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਉਚਾਰੀਆ ਹਨ। ਹਜ਼ਰਤ, ਇਹ ਦਾਹਵਾ ਨਹੀਂ ਕਰਦੇ ਪਈ ਇਹ ਆਇਤਾਂ ਮੇਰੀਆਂ ਹਨ। ਬਲਕਿ ਉਹ ਇਹ ਕਹਿੰਦੇ ਹਨ ਕਿ ਇਹ ਆਇਤਾਂ ਖ਼ੁਦਾਵੰਦ ਕਰੀਮ ਦੀਆਂ ਹਨ। ਖ਼ੁਦਾ ਨੇ ਮੇਰੇ ਤੇ ਰਹਿਮਤ ਕਰਕੇ ਮੇਰੇ ਤੇ ਨਾਜ਼ੁਲ ਕੀਤੀਆਂ ਹਨ। ਇਹ ਮੇਰੇ ਤੇ ਉਤਰੀਆਂ ਹਨ। ਮੇਰੀਆਂ ਨਹੀਂ। ਨਾ ਹੀ ਮੈਂ ਰਚੀਆਂ ਹਨ। ਮੁਹੰਮਦ ਸਾਹਿਬ ਦਾ ਕੋਈ ਵੀ ਦਾਹਵਾ ਨਹੀਂ ਪਈ ਮੈਂ ਕੁਰਾਨ ਸ਼ਰੀਫ਼ ਦਾ ਲੇਖਕ ਹਾਂ। ਕੁਰਾਨ ਦਾ ਮੈਂ ਬਨਾਉਣ ਵਾਲਾ ਹਾਂ। ਨਹੀਂ! ਉਹ ਕਹਿੰਦੇ ਹਨ ਕਿ ਇਹ ਆਇਤਾਂ ਮੈਂ ਨਹੀਂ ਰਚੀਆਂ। ਸਗੋਂ ਇਹ ਮੈਨੂੰ ਅੱਲਾਹ ਤੋਂ ਨਾਜ਼ੁਲ ਹੋਈਆਂ ਹਨ। ਇਸ ਕਰਕੇ ਇਹ ਇਲਹਾਮ ਖ਼ੁਦਾ ਦਾ ਹੈ।

ਇੰਨੀ ਗੱਲ ਤਾਂ ਸਪਸ਼ਟ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਇਕ ਸੌਦਾਗਰ ਸਨ। ਸ਼ਾਇਰ ਨਹੀਂ ਸਨ। ਆਲਮ ਜਾਂ ਲੇਖਕ ਵੀ ਨਹੀਂ ਸਨ। ਵਪਾਰੀ ਸਨ। ਅਰਬ ਦੇਸ਼ ਦੇ ਬਹੁਤ ਵੱਡੇ ਵਪਾਰੀ ਸਨ। ਸੌ ਡੇਢ ਸੌ ਊਠ ਰੱਖਦੇ ਸਨ। ਉਨ੍ਹਾਂ ਊਠਾਂ ਉਪਰ ਸਮਾਨ ਲੱਦ ਕੇ ਸ਼ਹਿਰੋ-ਸ਼ਹਿਰ ਤੇ ਪਿੰਡੋ-ਪਿੰਡ ਵੇਚਦੇ ਸਨ।

ਲੇਕਿਨ ਜਦੋਂ ਇਕ ਵਪਾਰੀ ਆਦਮੀ ਦੀ ਵੀ ਸੁਰਤ, ਸ਼ਬਦ ਵਿਚ ਲੀਨ ਹੋ ਗਈ। ਸਮਾਧੀ ਵਿਚ ਉਤਰ ਗਈ, ਤਾਂ ਅੱਲਾਹ ਦੀ ਰਹਿਮਤ ਨਾਲ ਕੁਝ ਕਲਾਮ ਧੁਰੋਂ ਉਤਰੀ। ਅਗੰਮੀ ਗਿਆਨ ਦਾ ਇਲਹਾਮ ਹੋ ਗਿਆ। ਇਹ ਜੋ ਰੱਬੀ ਕਲਾਮ ਦਾ ਇਲਹਾਮ ਹੋਇਆ। ਇਸ ਕਲਾਮ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਕਹਿ ਦਿੱਤਾ ਕਿ ਇਹ ਰੱਬੀ ਕਲਾਮ ਮੇਰਾ ਨਹੀਂ ਹੈ। ਇਹ ਮੈਨੂੰ ਅੱਲਾਹ ਵਲੋਂ ਨਾਜ਼ੁਲ ਹੋਇਆ ਹੈ। ਦਰਅਸਲ ਜਦੋਂ ਸੁਰਤ, ਸ਼ਬਦ ਵਿਚ ਜੁੜਦੀ ਹੈ ਤਾਂ ਉਦੋਂ, ਆਤਮਾ ਤੇ ਪ੍ਰਮਾਤਮਾ ਇਕ-ਮਿਕ ਹੁੰਦੇ ਹਨ। ਇਸ ਅਵਸਥਾ ਵਿਚ ਆ ਕੇ ਅਭਿਆਸੀ ਦਾਹਵਾ ਨਹੀਂ ਕਰ ਸਕਦਾ ਕਿ ਇਹ ਬਚਨ ਮੇਰੇ ਹਨ।

ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ ॥੨੧॥

ਜਿਹੜੇ-ਜਿਹੜੇ ਮਹਾਂਪੁਰਖ ਸੱਚ ਸ਼ਬਦ ਵਿਚ ਸਮਾਏ ਹਨ (ਲੀਨ ਹੋਏ ਹਨ)। ਉਨ੍ਹਾਂ ਫਿਰ ਕਿਸੇ ਹੋਰ ਹੀ ਦੇਸ਼ ਦੀ ਗੱਲ ਕੀਤੀ ਹੈ। ਉਨ੍ਹਾਂ ਦੀ ਬੋਲੀ ਫਿਰ ਅਕਾਲ-ਪੁਰਖ ਦੀ ਬੋਲੀ ਹੈ। ਉਨ੍ਹਾਂ ਦੇ ਵਲਵਲਿਆਂ ਦਾ ਦੇਸ਼, ਧੰਨ ਦੇਸ਼ ਹੈ। ਉਹ, ਬੁੱਧ, ਮਨ ਤੇ ਗਿਆਨ ਤੋਂ ਪਰ੍ਹੇ ਦਾ ਦੇਸ਼ ਹੈ। ਬੁੱਧੀ ਦੇ ਖੰਭ ਉਸ ਦੇਸ਼ ਦੇ ਮੰਡਲ ਦੀ ਉਡਾਰੀ ਨਹੀਂ ਭਰ ਸਕਦੇ। ਉਥੇ ਅੰਮ੍ਰਿਤ ਵੰਡੀਦਾ ਹੈ। ਅਣਡਿੱਠਾ ਪਿਆਲਾ ਬੁੱਲ੍ਹਾਂ ਨੂੰ ਲਗਦਾ ਹੈ। ਫਿਰ ਖ਼ੁਮਾਰੀ ਚੜ੍ਹਦੀ ਹੈ।

ਦਰਦ ਅਤੇ ਸ਼ਬਦ ਦੀ ਕਲਾ

ਗੁਰੂ ਨਾਨਕ ਦੇਵ ਜੀ ਦੇ ਨਾਮ ਦੇ ਨਾਲ ਇਕ ਲਕਬ ਜੁੜਿਆ ਹੋਇਆ ਹੈ। ਇਹ ਲਕਬ ਹੈ "ਦਰਦੀ ਦਾਤਾ"। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖਤਾ ਦਾ ਬਹੁਤ ਵੱਡਾ ਦਰਦ ਰੱਖਦੇ ਹਨ। ਦਰਦ ਤਾਂ ਤਾਂ ਹੀ ਆਉਂਦਾ ਹੈ ਜਦੋਂ ਸਾਹਮਣੇ ਕੋਈ ਤੜਫ ਰਿਹਾ ਹੋਵੇ। ਜਦੋਂ ਕੋਈ ਤੜਫਦਾ ਹੀ ਨਹੀਂ ਤਾਂ ਦਰਦ ਕਾਹਦਾ ਆਉਣਾ ਹੈ। ਇਕ ਸਹਾਨੁ-ਭੂਤੀ ਹੁੰਦੀ ਹੈ। ਸਹਾਨੁ-ਭੂਤੀ ਯਾਨੀ ਕਿ ਦੂਸਰੇ ਦੇ ਦੁਖ ਤੇ ਅਫਸੋਸ ਪ੍ਰਗਟ ਕਰਨਾ। ਭਾਵ ਕਿ ਦੂਜੇ ਦੇ ਦੁਖ ਦਾ ਇਜ਼ਹਾਰ ਕਰਕੇ ਅਫਸੋਸ ਜਤਲਾਉਣਾ। ਹਮਦਰਦੀ ਜਤਲਾਉਣੀ, ਇਸ ਨੂੰ ਸਹਾਨੁ-ਭੂਤੀ ਕਿਹਾ ਜਾਂਦਾ ਹੈ। ਸੰਸਕ੍ਰਿਤੀ ਦਾ ਸ਼ਬਦ ਹੈ ਸਮਾਨ ਭੂਤੀ। ਸਮਾਨ-ਭੂਤੀ ਦਾ ਮਤਲਬ ਹੈ ਕਿ ਦੂਜੇ ਦੇ ਦੁਖ ਹੁਣ ਦੂਜੇ ਦਾ ਨਹੀਂ ਮੇਰਾ ਹੀ ਹੈ। ਦੂਜੇ ਦੇ ਹੰਝੂ ਹੁਣ ਦੂਜੇ ਦੇ ਨਹੀਂ, ਉਹ ਹੁਣ ਮੇਰੇ ਹੀ ਹਨ। ਇਸ ਨੂੰ ਸਮਾਨ-ਭੂਤੀ ਕਿਹਾ ਜਾਂਦਾ ਹੈ। ਬਹੁਤੇ ਲੋਕ ਸਹਾਨੁ-ਭੂਤੀ ਹੀ ਕਰਦੇ ਹਨ। ਕੋਈ-ਕੋਈ ਸੰਤ ਸੂਰਮਾ ਸਮਾਨ-ਭੂਤੀ ਕਰਦਾ ਹੈ। ਕੇਵਲ ਸੰਤ, ਭਗਤ ਲੋਕ ਹੀ ਸਮਾਨ-ਭੂਤੀ ਕਰਦੇ ਹਨ। ਵਰਨਾ ਸਾਰੀ ਦੁਨੀਆ ਸਹਾਨੁ-ਭੂਤੀ ਹੀ ਕਰਦੇ ਹਨ। ਸਹਾਨੁ-ਭੂਤੀ ਕੀ ਹੈ ? ਇਕ ਉਰਦੂ ਦੇ ਸ਼ਾਇਰ ਨੇ ਸਹਾਨੁ-ਭੂਤੀ ਨੂੰ ਇਸ ਢੰਗ ਨਾਲ ਵਰਨਣ ਕੀਤਾ ਹੈ ਕਿ

ਸਾਹਿਲ ਏ ਤਮਾਸ਼ਾਈ ਹਰ ਡੂਬਨੇ ਵਾਲੇ ਪਰ
ਅਫਸੋਸ ਤੋਂ ਕਰਤੇ ਹੈਂ॥ ਮਗਰ ਇਮਦਾਦ ਨਹੀਂ ਕਰਤੇ॥

ਯਾਨੀ ਅਫਸੋਸ ਕਰਦੇ ਹਨ, ਇਮਦਾਦ ਨਹੀਂ ਕਰਦੇ। ਕੋਈ ਡੁੱਬ ਰਿਹਾ ਹੈ ਕਿ ਸਾਨੂੰ ਅਫਸੋਸ ਹੈ। ਕੋਈ ਲਹਿਰਾਂ ਦੀ ਲਪੇਟ ਵਿੱਚ ਆ ਗਿਆ ਹੈ, ਪਰ ਦੇਖਣ ਵਾਲੇ ਅਫਸੋਸ ਕਰ ਰਹੇ ਹਨ।

ਲੇਕਿਨ ਸਮਾਨ-ਭੂਤੀ ਕੀ ਹੈ ? ਕਿ ਕੋਈ ਡੁੱਬ ਰਿਹਾ ਹੈ, ਪਰ ਕੋਈ ਨਹੀਂ ਡੁੱਬ ਰਿਹਾ, ਇਹ ਤਾਂ ਮੈਂ ਹੀ ਡੁੱਬ ਰਿਹਾ ਹਾਂ।

ਸੰਸਾਰ ਵਿੱਚ ਦੂਜੇ ਦੇ ਦੁੱਖ ਤੇ ਅਫਸੋਸ ਕਰਨ ਵਾਲੇ ਆਮ ਆਦਮੀ ਮਿਲ ਜਾਂਦੇ ਹਨ। ਪਰ ਦੂਸਰੇ ਦੇ ਦੁੱਖ ਨੂੰ ਆਪਣਾ ਹੀ ਦੁੱਖ ਸਮਝਣ ਵਾਲੇ ਤਾਂ ਇਸ ਦੁਨੀਆਂ ਵਿੱਚ ਮਿਲਦੇ ਹੀ ਨਹੀਂ।

ਗੁਰੂ ਨਾਨਕ ਦੇਵ ਜੀ ਨੇ ਸਾਰੀ ਸ੍ਰਿਸ਼ਟੀ ਨੂੰ ਆਪਣੇ ਧਿਆਨ ਦੁਆਰਾ ਦੇਖਿਆ ਹੈ।

ਬਾਬੇ ਡਿਠੀ ਪ੍ਰਿਥਮੀ ਨਵੈ ਖੰਡਿ, ਜਿਥੈ ਤਕਿ ਆਹੀ॥

(ਭਾ: ਗੁ: ਵਾਰ ਪਹਿਲੀ ਪਉੜੀ ੨੮)

ਗੁਰੂ ਨਾਨਕ ਦੇਵ ਜੀ ਨੇ ਸਾਰੀ ਧਰਤੀ ਨੂੰ ਧਿਆਨ ਨਾਲ ਦੇਖਿਆ ਤਾਂ ਸਾਰੀ ਪ੍ਰਿਥਵੀ ਹੀ ਆਤਮਕ ਦੁਖਾਂ ਦੀ ਭੱਠੀ ਵਿੱਚ ਸੜ ਰਹੀ ਸੀ। ਗੁਰੂ ਤੋਂ ਬਿਨਾਂ ਸਾਰੇ ਜਗਤ ਵਿੱਚ

ਹੀ ਹਾਹਾਕਾਰ ਹੋ ਰਹੀ ਸੀ। ਆਤਮਿਕ ਅੰਧੇਰੇ ਵਿੱਚ ਲੋਕ ਆਪਸ ਵਿੱਚ ਟਕਰਾਂ ਮਾਰ ਰਹੇ ਸਨ। ਇਸ ਟਕਰਾਉ ਦੇ ਦੁਖ ਨੇ ਸਾਰੀ ਕਾਇਨਾਤ ਨੂੰ ਪੀੜਤ ਕਰ ਰੱਖਿਆ ਸੀ। ਇਹ ਪੀੜ ਗੁਰੂ ਨਾਨਕ ਦੇਵ ਜੀ ਨੇ ਆਪਣੀ ਪੀੜ ਬਣਾ ਲਈ। ਜਗਤ ਦਾ ਦੁਖ, ਜਗਤ ਦਾ ਨਹੀਂ, ਇਹ ਤਾਂ ਹੁਣ ਮੇਰਾ ਹੀ ਹੈ। ਇਸ ਦੁਖ ਨੇ ਗੁਰਦੇਵ ਨੂੰ ਘਰ ਨਹੀਂ ਟਿਕਣ ਦਿੱਤਾ। ਇਸ ਜਗਤ ਦੇ ਦਰਦ ਨੂੰ ਗੁਰਦੇਵ ਨੇ ਆਪਣੇ ਦਿਲ ਵਿੱਚ ਲਾ ਲਿਆ। ਏਸੇ ਲਈ ਗੁਰਦੇਵ ਦੇ ਨਾਮ ਨਾਲ ਇਹ ਲਕਬ ਪ੍ਰਸਿੱਧ ਹੋਇਆ ਹੈ ਕਿ—

ਜਗਤ ਗੁਰ ਬਾਬਾ ॥ ਦਰਦੀ ਦਾਤਾ ॥

ਗੁਰੂ ਨਾਨਕ ਦੇਵ ਜੀ ਨੇ ਸਾਰੇ ਜਗਤ ਦੇ ਦੁੱਖ ਨੂੰ ਹਿਰਦੇ ਅੰਦਰ ਲਾ ਲਿਆ। ਫਿਰ ਇਸ ਦੁੱਖ ਨੇ ਗੁਰਦੇਵ ਨੂੰ ਸਾਰੀ ਉਮਰ ਹੀ ਘਰ ਨਹੀਂ ਬੈਠਣ ਦਿੱਤਾ।

ਜਿਵੇਂ ਰਾਤ ਦੇ ਵਕਤ ਬੱਚਾ ਬਿਮਾਰ ਹੋਵੇ। ਪੀੜਾ ਦੇ ਦਰਦ ਨਾਲ ਨੀਂਦ ਨਾ ਆ ਰਹੀ ਹੋਵੇ। ਜੇ ਏਸ ਤਰ੍ਹਾਂ ਬੱਚੇ ਨੂੰ ਨੀਂਦ ਨਾ ਆਉਂਦੀ ਹੋਵੇ, ਤਾਂ ਨੀਂਦ ਮਾਂ ਨੂੰ ਵੀ ਨਹੀਂ ਆਉਂਦੀ। ਬੱਚਾ ਬਿਮਾਰੀ ਦੀ ਦਰਦ ਨਾਲ ਤੜਪ ਰਿਹਾ ਹੁੰਦਾ ਹੈ। ਕਰੀਬਨ-ਕਰੀਬਨ ਉਸੇ ਹੀ ਢੰਗ ਨਾਲ ਮਾਂ ਤੜਪ ਰਹੀ ਹੁੰਦੀ ਹੈ। ਬੱਚਾ ਵੀ ਨਹੀਂ ਸੌਂ ਰਿਹਾ ਅਤੇ ਮਾਂ ਵੀ ਨਹੀਂ ਸੌਂ ਰਹੀ। ਹੁਣ ਜੇਕਰ ਮਾਂ ਨੂੰ ਪੁਛਿਆ ਜਾਵੇ ਕਿ ਤਾਪ ਤਾਂ ਬੱਚੇ ਨੂੰ ਚੜ੍ਹਿਆ ਹੈ। ਤੈਨੂੰ ਥੋੜ੍ਹਾ ਚੜ੍ਹਿਆ ਹੈ ? ਤੂੰ ਕਿਉਂ ਜਾਗ ਰਹੀ ਹੈਂ ? ਤੂੰ ਤਾਂ ਅਰਾਮ ਨਾਲ ਸੌਂ ਜਾ ? ਪਰ, ਨਹੀਂ ! ਜਿਹੜਾ ਤਾਪ ਬੱਚੇ ਦੇ ਤਨ ਨੂੰ ਚੜ੍ਹਿਆ ਹੈ, ਉਹੀ ਤਾਪ ਮਾਂ ਦੇ ਮਨ ਨੂੰ ਚੜ੍ਹ ਗਿਆ ਹੈ। ਕਿਉਂਕਿ ਮਾਂ ਨੇ ਬੱਚੇ ਨਾਲ ਏਨਾ ਗਹਿਰਾ ਸੰਬੰਧ ਜੋੜਿਆ ਹੈ ਕਿ ਜਿਹੜਾ ਬੱਚੇ ਦੇ ਤਨ ਨੂੰ ਦਰਦ ਹੈ, ਉਹੀ ਮਾਂ ਦੇ ਮਨ ਵਿੱਚ ਦਰਦ ਹੈ। ਏਨੀ ਸਮਾਨ-ਭੂਤੀ ਕੀਤੀ ਕਿ ਉਹੀ ਤਾਪ ਮਾਂ ਦੇ ਮਨ ਨੂੰ ਚੜ੍ਹ ਗਿਆ ਹੈ। ਬੱਚਾ ਤਨ ਕਰਕੇ ਦੁਖੀ ਹੈ ਅਤੇ ਮਾਂ ਮਨ ਕਰਕੇ ਦੁਖੀ ਹੈ। ਬੱਚੇ ਦੇ ਦੁਖ ਨੂੰ ਮਾਂ ਨੇ ਜਦੋਂ ਆਪਣੇ ਹਿਰਦੇ ਵਿੱਚ ਥਾਂ ਦਿੱਤੀ ਤਾਂ ਬੱਚੇ ਦੀ ਤਰ੍ਹਾਂ ਉਹ ਵੀ ਸਾਰੀ ਰਾਤ ਸੌਂ ਨਹੀਂ ਸਕੀ। ਤੜਪਦੀ ਰਹੀ ਤੇ ਦੇਖ-ਰੇਖ ਕਰਦੀ ਰਹੀ। ਬੱਚੇ ਦਾ ਦਰਦ ਜਦੋਂ ਮਾਂ ਦੇ ਦਿਲ ਵਿੱਚ ਆ ਜਾਏ ਤਾਂ ਰਖਵਾਲੀ ਲਈ ਮਜਬੂਰ ਹੋ ਜਾਂਦੀ ਹੈ। ਦਿਲ ਮਜਬੂਰ ਕਰਦਾ ਹੈ।

ਇਕ ਬੱਚੇ ਦਾ ਦੁੱਖ ਜਦ ਮਾਂ ਦੀ ਦ੍ਰਿਸ਼ਟੀ ਵਿੱਚ ਸਮਾਨੁ-ਭੂਤੀ ਹੋਇਆ ਤਾਂ ਬੱਚੇ ਦਾ ਦੁਖ ਮਾਂ ਦਾ ਦੁੱਖ ਬਣ ਗਿਆ। ਹੁਣ ਕੋਈ ਸਹਾਨੁ-ਭੂਤੀ ਨਹੀਂ। ਕੋਈ ਅਫਸੋਸ ਨਹੀਂ। ਨਹੀਂ ਤਾਂ ਮਾਂ ਵੀ ਅਫਸੋਸ ਕਰਕੇ ਸੌਂ ਜਾਵੇ ਕਿ ਮੈਨੂੰ ਬੜਾ ਅਫਸੋਸ ਹੈ, ਤੈਨੂੰ ਬੁਖਾਰ ਚੜ੍ਹਿਆ ਹੈ। ਤੈਨੂੰ ਦਰਦ ਹੈ। ਮੈਨੂੰ ਤੇਰੇ ਨਾਲ ਹਮਦਰਦੀ ਹੈ। ਇਸ ਤਰ੍ਹਾਂ ਦੀ ਸਹਾਨੁ-ਭੂਤੀ ਮਾਂ ਨਹੀਂ ਕਰ ਸਕਦੀ। ਮਾਂ ਤਾਂ ਸਮਾਨ-ਭੂਤੀ ਕਰਦੀ ਹੈ। ਜੋ ਬੱਚੇ ਦਾ ਦੁੱਖ ਹੈ, ਉਹ ਮਾਂ ਦਾ ਦੁੱਖ ਹੈ ? ਜੋ ਬੱਚੇ ਦੀ ਪੀੜਾ ਹੈ, ਉਹ ਮਾਂ ਦੀ ਪੀੜਾ ਹੈ।

ਇਕ ਮਾਂ ਜਿਸ ਦੇ ਅੰਦਰ ਆਪਣੇ ਬੱਚੇ ਦਾ ਦਰਦ ਹੈ, ਉਸ ਨੂੰ ਸਾਰੀ ਰਾਤ ਚੈਨ ਨਹੀਂ ਆਉਂਦਾ ਤੇ ਜਿਸ ਦੇ ਦਿਲ ਵਿੱਚ ਸਾਰੀ ਦੁਨੀਆਂ ਦਾ ਦਰਦ ਹੈ, ਉਹ ਕਿਵੇਂ ਚੈਨ ਨਾਲ ਬੈਠ ਸਕਦਾ ਸੀ ? ਸਾਰੇ ਜਗਤ ਦਾ ਦਰਦ ਗੁਰੂ ਨਾਨਕ ਦੇਵ ਜੀ ਆਪਣੇ ਦਿਲ ਵਿੱਚ ਲਈ ਫਿਰਦੇ ਸਨ। ਇਸ ਵਾਸਤੇ ਗੁਰੂ ਨਾਲ, ਨਾਨਕ ਦੇਵ ਜੀ ਦੇ ਨਾਮ

ਨਾਲ ਇਕ ਲਕਬ ਜੁੜਿਆ ਹੈ, "ਦਰਦੀ ਦਾਤਾ।" ਸਾਰੇ ਜਗਤ ਦਾ ਦੁੱਖ ਗੁਰੂ ਨਾਨਕ ਦਾ ਦੁੱਖ ਹੈ। ਇਸ ਦੁੱਖ ਦਾ ਇਲਾਜ ਕੇਵਲ ਸ਼ਬਦ ਹੈ। ਗੁਰੂ ਨਾਨਕ ਦੇਵ ਜੀ ਸਾਰੀ ਦੁਨੀਆਂ ਨੂੰ ਸ਼ਬਦ ਨਾਲ ਜੋੜਦੇ ਰਹੇ। ਜੋ ਕੁਝ ਕਿਸੇ ਨੂੰ ਦਿੱਤਾ ਤੇ ਦੇਣਾ ਸੀ, ਉਹ ਸ਼ਬਦ ਦੁਆਰਾ ਹੀ ਦਿੱਤਾ। ਬ੍ਰਹਮ-ਗਿਆਨੀ ਤੇ ਸੰਤ ਲੋਕ ਸਮਾਨ-ਭੂਤੀ ਵਾਲਾ ਜੀਵਨ ਜਿਊਂਦੇ ਹਨ ਅਤੇ ਬਿਮਾਰਾਂ ਵਾਸਤੇ ਤੜਪਦੇ ਹਨ। ਉਨ੍ਹਾਂ ਦੇ ਇਲਾਜ ਲਈ ਬੇਚੈਨ ਹੁੰਦੇ ਹਨ। ਇਕ ਮਾਤਰ ਸਾਰੀ ਦੁਨੀਆਂ ਦੇ ਰੋਗ ਦਾ ਇਲਾਜ ਸ਼ਬਦ ਹੈ। ਇਹ ਸ਼ਬਦ ਹੀ ਸਭ ਨੂੰ ਚੈਨ, ਸੰਤੋਖ ਤੇ ਸ਼ਾਂਤੀ ਪ੍ਰਦਾਨ ਕਰ ਸਕਦਾ ਹੈ।

ਭਾਈ ਸਾਹਿਬ ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਦੀ ਇਸ ਕਥਾ ਨੂੰ ਆਪਣੇ ਅੱਖਰਾਂ ਵਿੱਚ ਬੜਾ ਸੁੰਦਰ ਉਲੀਕਿਆ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਸਾਰੀ ਪ੍ਰਿਥਵੀ ਦੇ ਲੋਕਾਂ ਨੂੰ ਆਤਮਕ ਦੁੱਖਾਂ ਦੀ ਅੱਗ ਵਿੱਚ ਸੜਦਿਆਂ ਦੇਖਿਆ ਤਾਂ ਉਨ੍ਹਾਂ ਨੇ ਕੁਝ ਐਸੇ ਲੋਕਾਂ ਨੂੰ ਵੀ ਪ੍ਰੇਰਨਾ ਦੇਣ ਦਾ ਯਤਨ ਕੀਤਾ, ਜਿਹੜੇ ਕਿ ਮਨੁੱਖਤਾ ਦੇ ਦੁੱਖਾਂ ਨੂੰ ਦੂਰ ਕਰਨ ਵਿੱਚ ਸਹਾਈ ਹੋ ਸਕਦੇ ਸਨ। ਗੁਰੂ ਨਾਨਕ ਤੀਰਥਾਂ ਉਪਰ ਗਏ।

ਬਾਬਾ ਆਇਆ ਤੀਰਥੈ ਤੀਰਥਿ ਪੁਰਬਿ ਸਭੇ ਫਿਰਿ ਦੇਖੈ ।

(ਵਾਰ ਪਹਿਲੀ ਪਉੜੀ ੨੫)

ਗੁਰਦੇਵ ਨੇ ਤੀਰਥਾਂ ਦਾ ਭਰਮਣ ਕੀਤਾ ਤਾਂ ਸਾਰੇ ਤੀਰਥਾਂ ਤੇ ਭੇਖ ਵਿਖਾਵਾ ਹੀ ਦਿਖਾਈ ਦਿੱਤਾ। ਕੋਈ ਸ਼ਬਦ ਦਾ ਪੁਜਾਰੀ ਨਾ ਮਿਲਿਆ। ਪਰ—

ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ ਰੂਪ ਨ ਰੇਖੈ ।

(ਵਾਰ ਪਹਿਲੀ ਪਉੜੀ ੨੫)

ਤੀਰਥਾਂ ਤੇ ਦਿਨ ਤਿਉਹਾਰਾਂ ਦੇ ਮੇਲੇ-ਮਸਾਧਿਆ ਉਪਰ ਬੜੇ ਲੋਕ ਇਕੱਠੇ ਹੁੰਦੇ ਹਨ। ਇਨ੍ਹਾਂ ਮੇਲਿਆਂ ਵਿਚ ਵੀ—

ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ ॥
ਗੁਰਮੁਖਿ ਕੋਇ ਨ ਦਿਸਈ ਢੂੰਢੇ ਤੀਰਥਿ ਜਾਤ੍ਰੀ ਮੇਲੇ ॥

(ਵਾਰ ਪਹਿਲੀ ਪਉੜੀ ੨੬)

ਇਸੇ ਹੀ ਢੂੰਡ ਵਿੱਚ ਗੁਰਦੇਵ ਸੁਮੇਰ ਪਰਬਤ ਉੱਪਰ ਚਲੇ ਗਏ ।

ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ। *(ਪਉੜੀ ੨੮)*

ਸੁਮੇਰ ਪਰਬਤ ਦੀ ਉਚਾਈ ਬੜੀ ਹੈ। (੧੯,੦੦੦) ਫੁੱਟ ਦੀ ਉਚਾਈ ਤੇ ਗੁਰੂ ਨਾਨਕ ਸਾਹਿਬ ਤੇ ਉਹਨਾਂ ਦੇ ਸਾਥੀਆਂ ਨੂੰ ਆਉਂਦਿਆਂ ਦੇਖ ਕੇ ਸਿੱਧਾਂ ਨੇ ਪਹਿਲਾਂ ਤਾਂ ਬੜੀ ਹੈਰਾਨੀ ਪ੍ਰਗਟ ਕੀਤੀ। ਉਹਨਾਂ ਦੇ ਮਨਾਂ ਵਿੱਚ ਵਿਸ਼ਵਾਸ ਸੀ ਕਿ ਏਨੀ ਉਚਾਈ ਤੇ ਆਮ ਮਨੁੱਖ ਦੀ ਪਹੁੰਚ ਨਹੀਂ ਹੋ ਸਕਦੀ। ਕੋਈ ਖਾਸ ਆਦਮੀ ਹੀ ਏਥੋਂ ਤੱਕ ਪਹੁੰਚ ਸਕਦਾ ਹੈ।

ਚਉਰਾਸੀਹ ਸਿਧਿ ਗੋਰਖਾਦਿ ਮਨ ਅੰਦਰਿ ਗਣਤੀ ਵਰਤਾਈ ।

(ਵਾਰ ਪਹਿਲੀ ਪਉੜੀ ੨੮)

ਗੋਰਖ ਤੇ ਉਸ ਨੂੰ ਮੰਨਣ ਵਾਲਿਆਂ ਨੇ ਗੁਰੂ ਨਾਨਕ ਸਾਹਿਬ ਤੋਂ ਪਹਿਲੀ ਗੱਲ ਹੀ ਇਹ ਪੁੱਛੀ ਕਿ ਤੁਸੀਂ ਬਹੁਤ ਛੋਟੇ ਬਾਲਕ ਹੋ। ਦਰਅਸਲ ਇਨ੍ਹਾਂ ਸਿੱਧਾਂ ਯੋਗੀਆਂ

ਵਿੱਚ ਕਾਲੀ ਦਾੜ੍ਹੀ ਵਾਲੇ ਨੂੰ ਅਜੇ ਬੱਚਾ ਹੀ ਮੰਨਿਆ ਜਾਂਦਾ ਸੀ। ਆਪਣੀਆਂ ਲੰਬੀਆਂ ਉਮਰਾਂ ਨੂੰ ਉਹ ਸਫ਼ਲਤਾ ਦਾ ਰਾਜ਼ ਸਮਝਦੇ ਸਨ। ਤਾਂ ਗੁਰੂ ਨਾਨਕ ਸਾਹਿਬ ਜੀ ਨੂੰ ਪੁਛਣ ਲੱਗੇ ਕਿ ਤੁਹਾਡੇ ਕੋਲ ਕਿਹੜੀ ਸ਼ਕਤੀ ਹੈ, ਜਿਹੜੀ ਤੁਹਾਨੂੰ ਏਥੋਂ ਤੱਕ ਲੈ ਕੇ ਆਈ ਹੈ। ਤੁਸੀਂ ਤਾਂ ਅਜੇ ਬਾਲਕ ਹੋ?

ਸਿਧਿ ਪੁਛਣਿ ਸੁਣਿ ਬਾਲਿਆ, ਕਉਣੁ ਸਕਤਿ ਤੁਹਿ ਏਥੇ ਲਿਆਈ॥

(ਵਾਰ ਪਹਿਲੀ ਪਾਉੜੀ ੨੮)

ਤਾਂ ਗੁਰਦੇਵ ਨੇ ਉੱਤਰ ਦਿੱਤਾ ਕਿ ਸ਼ਬਦ ਅਭਿਆਸ ਕਰਦੇ ਹਾਂ। ਸੁਰਤ ਨੂੰ ਸ਼ਬਦ ਵਿੱਚ ਲੀਨ ਕਰਕੇ, ਇਹ ਸੁਮੇਰ ਦੀ ਉਚਾਈ ਕਿਹੜੀ ਚੀਜ਼ ਹੈ? ਇਸ ਤੋਂ ਵੀ ਕਈ ਗੁਣਾਂ ਉਚੀਆਂ ਚੜ੍ਹਾਈਆਂ ਚੜ੍ਹੀਆਂ ਜਾ ਸਕਦੀਆਂ ਹਨ।

ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ॥

(ਵਾਰ ਪਹਿਲੀ ਪਾਉੜੀ ੨੯)

ਗੁਰਦੇਵ ਨੇ ਦੇਖਿਆ ਕਿ ਇਹ ਸਿੱਧ ਯੋਗੀ, ਯੋਗ ਦੁਆਰਾ ਤਾਂ ਅਨੇਕਾਂ ਕਸ਼ਟ ਸਹਾਰਦੇ ਹਨ, ਪਰ ਜਗਤ ਦੇ ਦੁੱਖਾਂ ਦਾ ਇਹਨਾਂ ਨੂੰ ਜ਼ਰਾ ਜਿੰਨਾ ਵੀ ਅਹਿਸਾਸ ਨਹੀਂ ਹੈ। ਗੁਰਦੇਵ ਨੇ ਜਦੋਂ ਕਿਹਾ ਕਿ ਮੈਂ ਕੇਵਲ ਪ੍ਰਮੇਸ਼ਰ ਦਾ ਪੁਜਾਰੀ ਹਾਂ ਤੇ ਉਸ ਦਾ ਨਾਮ ਹੀ ਜਪਦਾ ਹਾਂ। ਉਹ ਪ੍ਰਮੇਸ਼ਰ ਸ਼ਬਦ ਰੂਪ ਹੋ ਕੇ ਸਾਰਿਆਂ ਵਿੱਚ ਸਮਾਇਆ ਹੋਇਆ ਹੈ। ਇਹ ਸੁਣ ਕੇ ਸਾਰੇ ਯੋਗੀ ਸਿੱਧ, ਵਿਚਾਰ ਚਰਚਾ ਕਰਨ ਲਈ ਟੁੱਟ ਕੇ ਪੈ ਗਏ। ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਲਿਖਿਆ ਹੈ ਕਿ :-

"ਤਬ ਸਿਧਾਂ ਸਾਥਿ ਗੁਰੂ ਬਾਬੇ ਨਾਨਕ ਜੀ, ਸੁਮੇਰ ਗੋਸ਼ਟਿ ਕਰੀ।

ਤਬ ਸਿੱਧ ਫੜਕਿ ਪਏ (ਭਾਵ ਕਿ ਟੁੱਟ ਕੇ ਪੈ ਗਏ।) ਗਿਆਨ ਪੁਛਣੈ ਕਉ। ਤਬ ਸਿਧ ਸਾਧਿਕ ਗੁਰੂ ਬਾਬਾ ਨਾਨਕ ਜੀ ਸੋ ਪ੍ਰਮੇਸ਼ਵਰ ਕੀ ਕਥਾ, ਅਗੰਮ ਅਗਾਧਿ ਕੀ ਖ਼ਬਰ ਲੈਣ ਲਈ ਇਕੱਠੇ ਹੋਏ॥

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸਿੱਧਾਂ ਨੇ ਪਹਿਲਾ ਪ੍ਰਸ਼ਨ ਇਹ ਪੁਛਿਆ ਕਿ—

ਆਖਨਿ ਸਿਧਿ ਸੁਣਿ ਬਾਲਿਆ! ਅਪਨਾ ਨਾਉ ਤੁਮ ਦੇਹੁ ਬਤਾਈ।

ਤਾਂ ਗੁਰਦੇਵ ਨੇ ਜੁਆਬ ਦਿੱਤਾ ਕਿ—

ਬਾਬਾ ਆਖੇ ਨਾਥ ਜੀ! ਨਾਨਕ ਨਾਮ ਜਪੇ ਗਤਿ ਪਾਈ॥ *(ਭਾਈ ਗੁਰਦਾਸ ਜੀ)*

ਆਪਣਾ ਨਾਮ ਤਾਂ ਮਿਟਾ ਹੀ ਦਿੱਤਾ ਹੈ, ਉਸ ਪ੍ਰਭੂ ਦਾ ਨਾਮ ਹੀ ਕਾਮਯਾਬੀ ਦਾ ਰਸਤਾ ਹੈ।

ਸਿੱਧਾਂ ਦਾ ਅਗਲਾ ਸੁਆਲ ਸੀ ਕਿ—

ਕਵਨ ਜਾਤ ਤੁਮਾਰੀ—

ਗੁਰਦੇਵ ਨੇ ਫੁਰਮਾਇਆ ਕਿ

ਅਚਰਜ ਹਮਾਰੀ ਜਾਤੀ॥

ਭਾਵ ਕਿ ਜਦ ਮੈਂ ਕਿਸੇ ਵਰਣ ਭੇਦ ਨੂੰ ਮੰਨਦਾ ਹੀ ਨਹੀਂ ਤਾਂ ਆਪਣੀ ਜਾਤ ਕੀ ਦੱਸਾਂ? ਬੱਸ! ਅਜੀਬ ਹੀ ਕਹਿ ਸਕਦਾ ਹਾਂ। ਸਿੱਧਾਂ ਦੇ ਆਗੂ ਦਾ ਅਗਲਾ ਸੁਆਲ ਸੀ ਕਿ—

ਕੁੰਡਲਨੀ · ਕੁੰਡਲਨੀ ਸੁਲਝੀ ਸਤਸੰਗਤਿ

ਕੁੰਡਲੀ: ਯੋਗਮਤ ਅਨੁਸਾਰ ਇਹ ਨਾੜੀ ਜੋ ਸੁਖਮਨਾ ਨਾੜੀ ਦੀ ਜੜ੍ਹ ਵਿਚ ਲਿਪਟੀ ਸੱਪ ਜੇਹੇ ਕੁੰਡਲੀ ਹੈ। ਗੁਰੂ ਜੀ ਕੁੰਡਲ ਖੁੱਲ੍ਹ ਜਾਣੇ ਸੰਗਤ ਦੇ ਨਾਲ ਮੇਲ ਕਰਕੇ ਇਸ ਦਾ ਨਾਮ ਕੁੰਡਲਨੀ ਹੈ ।।੧੨੪।।

ਯੋਗ ਮੱਤ ਅਤੇ ਸ਼ਬਦ ਦੀ ਕਲਾ

ਯੋਗ ਮੱਤ ਵਿੱਚ ਸਾਰਾ ਜ਼ੋਰ ਧਰਤੀ ਦੇ ਪਾਣੀ ਨੂੰ ਆਕਾਸ਼ ਵਿੱਚ ਲੈ ਜਾਣਾ ਹੈ। ਤੁਹਾਡੇ ਪੰਥ ਵਿੱਚ ਕੀ ਚਾਲ ਹੈ ?

ਕੁੰਡਲਨੀ ਸ਼ਕਤੀ ਨੂੰ ਯੋਗ ਦੁਆਰਾ ਜਗਾਇਆ ਜਾਂਦਾ ਹੈ। ਕੁੰਡਲਨੀ ਵਿੱਚ ਛੇ ਚੱਕਰ ਹੁੰਦੇ ਹਨ। ਮੂਲਾਧਾਰ, ਸਵਾਧਿਸਟਾਨ, ਮਣਿਪੁਰ, ਅਨਾਹਤ, ਵਿਸ਼ੁਧ ਤੇ ਆਗਿਆ ਚੱਕਰ। ਯੋਗ ਸਾਧਨਾ ਦੁਆਰਾ ਸੁਰਤ ਇਨ੍ਹਾਂ ਛੇਆਂ ਨੂੰ ਵਿੰਨ੍ਹ ਕੇ ਮਸਤਕ ਵਿੱਚ ਪਹੁੰਚਦੀ ਹੈ। ਸੁਰਤ ਨਾਭੀ ਤੋਂ ਦਸਮ ਦੁਆਰ ਤੱਕ ਪਹੁੰਚਦੀ ਹੈ। ਇਸੇ ਨੂੰ ਯੋਗੀ ਧਰਤੀ ਦਾ ਪਾਣੀ ਅਕਾਸ਼ ਵਿੱਚ ਪਹੁੰਚਾਉਣਾ ਕਹਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਸ ਦਾ ਜੁਆਬ ਦਿੱਤਾ ਕਿ ਪੰਥ ਵਿੱਚ ਦ੍ਰਿੜ੍ਹ ਕਰ ਲੈਣਾ ਹੈ ਕਿ ਸਰੀਰ ਇਕ ਕਬਰ ਦੀ ਨਿਆਈ ਹੈ। ਇਸ ਸਰੀਰ ਵਿਚ ਹੰਕਾਰ ਬੈਠਾ ਹੈ। ਇਸ ਹੰਕਾਰ ਨੂੰ ਜੜ੍ਹੋਂ ਉਖੇੜਨਾ ਹੈ। ਏਸ ਹੰਕਾਰ ਦੀਆਂ ਜੜ੍ਹਾਂ ਪੁੱਟਣ ਲਈ ਧਰਤੀ ਵਰਗਾ ਧੀਰਜ ਤੇ ਅਕਾਸ਼ ਵਰਗੇ ਵਿਸ਼ਾਲ ਗਿਆਨ ਦੁਆਰਾ ਕਾਮ, ਕ੍ਰੋਧ, ਨਿੰਦਿਆ ਤੇ ਹਉਮੈ ਨੂੰ ਮਿਟਾਉਣਾ ਹੈ। ਇਹ ਸ਼ਬਦ ਤੋਂ ਬਿਨਾਂ ਨਹੀਂ ਮਿਟਣਾ। ਗੁਰੂ ਦੇ ਸ਼ਬਦ ਦੀ ਕਮਾਈ ਕਰਨੀ ਪਏਗੀ।

ਅਉਹਠਿ ਹਸਤ ਮੜੀ ਘਰੁ ਛਾਇਆ
ਧਰਣਿ ਗਗਨ ਕਲ ਧਾਰੀ ॥੧॥
ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ ॥ ਰਹਾਉ ॥

ਗੋਰਖ ਨਾਥ ਨੇ ਗੁਰਦੇਵ ਤੋਂ ਅਗਲਾ ਪ੍ਰਸ਼ਨ ਕੀਤਾ ਕਿ ਅਸੀਂ ਤਾਂ ਸਰੀਰ ਨੂੰ ਸਾਧਦੇ ਹਾਂ, ਫਿਰ ਬੜੇ ਕਸ਼ਟ ਸਹਾਰ ਕੇ ਸਹਿਜ ਨੂੰ ਪ੍ਰਾਪਤ ਕਰਦੇ ਹਾਂ। ਤੁਸੀਂ ਕਿਵੇਂ ਸਹਿਜ ਪ੍ਰਾਪਤ ਕੀਤਾ ਹੈ ?

ਗੁਰਦੇਵ ਕਹਿਣ ਲੱਗੇ ਕਿ ਅਸੀ ਸ਼ਬਦ ਜਪਦੇ ਹਾਂ। ਫਿਰ ਸ਼ਬਦ ਵਿਚੋਂ ਹੀ ਸਾਰੇ ਦੈਵੀ ਗੁਣ ਪ੍ਰਗਟ ਹੁੰਦੇ ਹਨ। ਰੋਜ਼ ਸ਼ਬਦ ਨਾਮ ਨੂੰ ਰਿੜਕਦੇ ਹਾਂ। ਹੰਕਾਰ ਦੀ ਚੋਟੀ ਤੋਂ ਥੱਲੇ ਉਤਰ ਕੇ ਨਿਮਰਤਾ ਦੇ ਸਰੋਵਰ ਵਿੱਚ ਇਸ਼ਨਾਨ ਕਰਦੇ ਹਾਂ। ਸ਼ਬਦ ਨਾਲ ਹੀ ਕ੍ਰੋਧ ਨੂੰ ਮਾਰਦੇ ਹਾਂ। ਸਵੈਮਾਣ ਨੂੰ ਜਗਾਉਂਦੇ ਹਾਂ। ਸ਼ਬਦ ਨਾਲ ਹੀ ਤ੍ਰਿਸ਼ਨਾ ਤੇ ਲੋਭ ਦੀ ਅੱਗ ਨੂੰ ਬੁਝਾਉਂਦੇ ਹਾਂ ਅਤੇ ਸ਼ਬਦ ਨਾਲ ਹੀ ਸੰਤੋਖ ਤੇ ਦਇਆ ਦੀ ਸ਼ਾਂਤੀ ਪ੍ਰਾਪਤ ਕਰਦੇ ਹਾਂ। ਸ਼ਬਦ ਦੁਆਰਾ ਹੀ ਆਪਣੇ ਸਰੀਰ ਵਿਚੋਂ ਅਨਹਦ ਸ਼ਬਦ ਸੁਣਦੇ ਹਾਂ।

ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥ ਸੇਵਾ ਸੁਰਤਿ ਬਿਭੂਤ ਚੜਾਵੈ ॥
ਦਰਸਨੁ ਆਪਿ ਸਹਜ ਘਰਿ ਆਵੈ ॥ ਨਿਰਮਲ ਬਾਣੀ ਨਾਦੁ ਵਜਾਵੈ ॥ (ਪੰਨਾ ੪੧੧)

ਏਸ ਗੋਸ਼ਟਿ ਵਿੱਚ ਕਈ ਵੱਡੇ-ਵੱਡੇ ਯੋਗੀਆਂ ਨੇ ਗੁਰੂ ਨਾਨਕ ਉੱਪਰ ਸੁਆਲਾਂ ਦੀ ਬੁਛਾੜ ਕੀਤੀ। ਗੁਰਦੇਵ ਨੇ ਮਛੰਦਰ ਨਾਥ, ਭਰਥਰੀ, ਝੰਗਰ ਨਾਥ ਤੇ ਲੰਗਰ ਨਾਥ ਆਦਿ ਕਈ ਯੋਗੀਆਂ ਦੀ ਪੂਰੀ ਤਸੱਲੀ ਕਰਵਾਈ।

ਝੰਗਰ ਨਾਥ ਯੋਗੀ ਦਾ ਬੜਾ ਤਕੜਾ ਡੀਲ-ਡੌਲ ਸੀ। ਉਹ ਝੂਮਦਾ ਹੋਇਆ ਗੁਰੂ

ਨਾਨਕ ਦੇਵ ਜੀ ਵੱਲ ਵਧਿਆ, ਤਾਂ ਮਰਦਾਨਾ ਗੁਰਦੇਵ ਨੂੰ ਕਹਿਣ ਲੱਗਾ, "ਗੁਰਦੇਵ! ਜੇ ਮੈਨੂੰ ਆਗਿਆ ਕਰੋ ਤਾਂ ਮੈਂ ਵੀ ਇਸ ਯੋਗੀ ਨਾਲ ਦੋ ਚਾਰ ਹੱਥ ਕਰਾਂ?" ਮਹਾਰਾਜ ਮੁਸਕਰਾ ਪਏ ਤੇ ਕਹਿਣ ਲੱਗੇ, "ਮਰਦਾਨਿਆ! ਇਹ ਕੁਸ਼ਤੀ ਨਹੀਂ ਗੋਸ਼ਟਿ ਹੈ। ਇਹ ਸ਼ਬਦ ਦੀ ਕਲਾ ਹੈ। ਸਰੀਰ ਦੀ ਕਲਾ ਨਹੀਂ।"

ਭੰਗਰ ਨਾਥ, ਲੰਗਰ ਨਾਥ, ਕਨੀਫ਼ੇ ਤੇ ਹਨੀਫੇ ਨੇ ਗੁਰਦੇਵ ਤੋਂ ਸੁਆਲ ਕੀਤੇ ਕਿ ਕੰਨ ਪੜਵਾਏ ਬਗੈਰ, ਮੁੰਦਰਾ ਪਾਏ ਬਿਨਾਂ, ਗੋਰਖ ਨੂੰ ਗੁਰੂ ਬਣਾਏ ਬਿਨਾਂ, ਸਹਿਜ ਨੂੰ ਕਿਵੇਂ ਪ੍ਰਾਪਤ ਹੋਇਆ ਜਾ ਸਕਦਾ ਹੈ?

ਗੁਰਦੇਵ ਨੇ ਸਾਰਿਆਂ ਦਾ ਇਕੋ ਹੀ ਜਵਾਬ ਦਿੱਤਾ ਕਿ ਸ਼ਬਦ ਹੀ ਮੇਰਾ ਗੁਰੂ ਹੈ ਅਤੇ ਸ਼ਬਦ ਦੁਆਰਾ ਹੀ ਮੈਂ ਸਹਿਜ ਪ੍ਰਾਪਤ ਕਰਦਾ ਹਾਂ। ਸਭ ਦੁਨੀਆਂ ਨੂੰ ਸ਼ਬਦ ਨਾਲ ਜੋੜਦਾ ਹਾਂ। ਸ਼ਬਦ ਹੀ ਪ੍ਰਮਾਤਮਾ ਹੈ। ਸਿੱਧ ਗੋਸ਼ਟਿ ਬਾਣੀ ਵਿੱਚ ਬੜਾ ਸੁੰਦਰ ਇਹ ਪ੍ਰਸ਼ਨ ਉੱਤਰ ਹੈ। ਪ੍ਰਸ਼ਨ ਸੀ ਕਿ—

ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ॥
ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ॥ *(ਪੰਨਾ ੯੩੯)*

ਗੁਰਦੇਵ ਨੇ ਏਸ ਦਾ ਉੱਤਰ ਦਿੱਤਾ ਕਿ—

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ, ਹਉਮੈ ਮਮਤਾ ਦੂਰਿ ਕਰੀ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥
ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ॥
(ਪੰਨਾ ੯੩੯)

ਯੋਗ ਮੱਤ ਦਾ ਭਾਰਤ ਦੀ ਸੱਭਿਅਤਾ ਤੇ ਬੜਾ ਵੱਡਾ ਅਸਰ ਰਿਹਾ ਹੈ। ਮਗਰ ਯੋਗ ਮੱਤ ਨੇ ਸੰਸਾਰ ਦਾ ਸਵਾਰਿਆ ਕੁਝ ਨਹੀਂ। ਬਲਕਿ ਜਿਵੇਂ ਕਿਸੇ ਬੱਚੇ ਨੂੰ ਅਜੇ ਜਾਚ ਨ ਹੋਵੇ ਤਾਂ ਉਸ ਨੂੰ ਇਕ ਪੈਰ ਦੇ ਸਹਾਰੇ ਤੁਰਨਾ ਸਿਖਾ ਦਿੱਤਾ ਜਾਵੇ। ਇਸ ਯੋਗ ਮੱਤ ਨੇ ਸੰਸਾਰ ਵਿੱਚ ਜਿਉਣ ਦੀ ਜਾਚ ਨਹੀਂ ਸਿਖਾਈ। ਸੰਸਾਰ ਤੋਂ ਬਾਗੀ ਕੀਤਾ ਹੈ। ਮਨੁੱਖ ਦੇ ਦੁੱਖ ਦਾ ਕਾਰਨ, ਸੰਸਾਰ ਨੂੰ ਦੱਸ ਕੇ, ਕਰਤਾਰ ਨਾਲ ਜੁੜਨ ਦੀ ਜਾਚ ਦੱਸੀ। ਪਰ ਸੰਸਾਰ ਵਿੱਚ ਰਹਿ ਕੇ ਨਹੀਂ। ਕੇਵਲ ਜੰਗਲਾਂ, ਪਹਾੜਾ ਦੀਆਂ ਕੰਦਰਾਂ ਵਿੱਚ। ਇਸਤਰੀ ਤੋਂ ਦੂਰ ਕੀਤਾ। ਜਿਵੇਂ ਕਿਸੇ ਪੰਛੀ ਦਾ ਇਕ ਖੰਭ ਕੱਟ ਕੇ ਇਕ ਦੇ ਸਹਾਰੇ ਅਕਾਸ਼ ਵਿੱਚ ਛੱਡਿਆ ਗਿਆ ਹੋਵੇ। ਪਰ ਇਸ ਯੋਗ ਮੱਤ ਨੇ ਬੜੇ-ਬੜੇ ਵਿਦਵਾਨ ਆਦਮੀਆਂ ਨੂੰ ਸੰਸਾਰ ਤੋਂ ਉਪਰਾਮ ਕੀਤਾ। ਯੋਗੀ ਭਰਥਰੀ ਕਦੇ ਉਜੈਨ ਦਾ ਰਾਜਾ ਸੀ। ਪਰ ਯੋਗ ਮੱਤ ਧਾਰਨ ਕਰਕੇ ਯੋਗੀ ਹੋ ਗਿਆ। ਰਾਜਾ ਗੋਪੀ ਚੰਦ ਰਾਜਾ ਸੀ, ਬੜਾ ਵਿਦਵਾਨ ਸੀ। ਪਰ ਯੋਗੀ ਹੋ ਗਿਆ। ਯੋਗ ਮੱਤ ਵਿੱਚ ਆਏ ਭਰਥਰੀ ਨੇ ਗੁਰੂ ਨਾਨਕ ਉਪਰ ਕੁਝ ਸੁਆਲ ਵੀ ਕੀਤੇ ਸਨ। ਗੁਰਦੇਵ ਨੇ ਭਰਥਰੀ ਨੂੰ ਜਲ ਵਿੱਚ ਕਮਲ ਸਮਾਨ ਰਹਿਣ ਦਾ ਉਪਦੇਸ਼ ਵੀ ਕੀਤਾ ਸੀ। ਅਖੀਰ ਤੇ ਗੁਰਦੇਵ ਨੇ ਕਿਹਾ ਕਿ ਸੰਸਾਰ ਵਿੱਚ ਰਹਿ ਕੇ ਹੀ ਸਹਿਜ ਯੋਗ ਨੂੰ ਪ੍ਰਾਪਤ ਕਰਨਾ ਹੈ। ਨਾਮ ਸ਼ਬਦ ਨੂੰ ਅਧਾਰ ਬਨਾਉਣਾ ਹੈ।

ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ॥
ਨਿਰਮਲ ਨਾਮੁ ਮੇਰਾ ਆਧਾਰੁ॥ *(ਪੰਨਾ ੪੧੨)*

ਭੋਗ ਅਤੇ ਸ਼ਬਦ ਦੀ ਕਲਾ

ਯੋਗ ਦਾ ਅਰਥ ਜੋੜਨਾ ਤੇ ਜੁੜਨਾ। ਯੋਗ ਸ਼ਬਦ ਅਧਾਰ ਤੇ ਹੀ ਯੋਗ ਮੱਤ ਖੜਾ ਹੋਇਆ ਹੈ। ਭੋਗ ਸ਼ਬਦ ਭਾਗ ਤੋਂ ਬਣਿਆ ਹੈ। ਭਾਗ ਦਾ ਅਰਥ ਹੈ ਹਿੱਸੇ, ਟੁਕੜੇ ਕਰਨਾ। ਤਕਸੀਮ ਕਰਨਾ। ਯਾਨੀ ਕਿ ਭਾਗ ਕਰਨਾ। ਯੋਗੀ ਜੁੜਦਾ ਅਤੇ ਜੋੜਦਾ ਹੈ। ਪਰ ਭੋਗੀ ਟੁੱਟਦਾ ਤੇ ਤੋੜਦਾ ਹੈ। ਮਨੁੱਖ ਦੀ ਮੂਲ ਸਤਾ ਸ਼ਬਦ ਹੈ। ਆਦਿ ਸੱਚ, ਕੇਵਲ ਸ਼ਬਦ ਹੈ। ਜਦ ਕੋਈ ਆਦਿ ਸੱਤਾ ਤੋਂ ਟੁੱਟ ਜਾਂਦਾ ਹੈ, ਤਾਂ ਉਸ ਦਾ ਕੰਮ ਤੋੜਨਾ ਹੀ ਰਹਿ ਜਾਂਦਾ ਹੈ। ਉਹ ਆਪ ਟੁੱਟਾ ਹੋਇਆ ਹੈ, ਇਸ ਕਰਕੇ ਉਹ ਦੋ ਪ੍ਰੇਮੀਆਂ ਨੂੰ ਵੀ ਤੋੜੇਗਾ। ਦੋ ਭਰਾਵਾਂ ਨੂੰ ਤੋੜੇਗਾ। ਪਿਉ-ਪੁੱਤਰ ਅਤੇ ਮਾਂ-ਧੀ ਨੂੰ ਵੀ ਤੋੜੇਗਾ। ਸੰਸਾਰ ਵਿੱਚ ਜਦੋਂ ਵੀ ਕੋਈ ਦੂਜੇ ਨੂੰ ਤੋੜਦਾ ਹੈ ਤਾਂ ਉਹ ਭੋਗੀ ਹੈ।

ਮੌਲਾਨਾ ਰੂਮੀ ਨੇ ਆਪਣੀ ਮਸਨਵੀ ਵਿੱਚ ਇਕ ਕਹਾਣੀ ਦਾ ਬੜਾ ਸੁੰਦਰ ਜ਼ਿਕਰ ਕੀਤਾ ਹੈ।

ਇਕ ਯਤੀਮ ਬੱਚਾ ਜੰਗਲ ਵਿੱਚ ਹੀ ਪਲਿਆ ਤੇ ਵੱਡਾ ਹੋਇਆ। ਉਸ ਨੂੰ ਸੰਸਾਰ ਤੇ ਸ਼ਹਿਰ ਬਾਰੇ ਕੋਈ ਗਿਆਨ ਨਹੀਂ ਸੀ! ਬੱਸ! ਜੰਗਲ ਦੀਆਂ ਭੇਡਾਂ ਹੀ ਉਸ ਦੀ ਦੁਨੀਆਂ ਸੀ। ਕਦੇ ਕਿਸੇ ਸ਼ਹਿਰ ਵਿੱਚ ਉਹ ਆਇਆ ਹੀ ਨਹੀਂ ਸੀ। ਪਰ ਇਕ ਦਿਨ ਉਸ ਆਜੜੀ ਦਾ ਮਨ ਸ਼ਹਿਰ ਦੇਖਣ ਨੂੰ ਕਰ ਆਇਆ। ਉਸ ਆਜੜੀ ਨੇ ਆਪਣੀਆਂ ਭੇਡਾਂ ਨੂੰ ਇਕੱਠਿਆਂ ਕੀਤਾ ਤੇ ਸ਼ਹਿਰ ਵੱਲ ਤੁਰ ਪਿਆ। ਸ਼ਹਿਰ ਦੇ ਬਾਹਰਵਾਰ ਹੀ ਇੱਕ ਮੰਦਰ ਸੀ। ਯਾਨੀ ਕਿ ਕੋਈ ਇਬਾਦਤਗਾਹ ਸੀ। ਉਸ ਧਰਮ ਮੰਦਰ ਦੀ ਦੀਵਾਰ ਨਾਲ ਉਸ ਦੀਆਂ ਭੇਡਾਂ ਬੱਕਰੀਆਂ ਬੈਠ ਗਈਆਂ, ਉਹ ਆਜੜੀ ਵੀ ਉਸ ਇਬਾਦਤਗਾਹ ਦੀ ਦੀਵਾਰ ਨਾਲ ਢਾਸਣਾ ਲਾ ਕੇ ਬੈਠ ਗਿਆ। ਉਸ ਧਰਮ ਮੰਦਰ ਅੰਦਰ ਕੋਈ ਵਿਦਵਾਨ ਉਪਦੇਸ਼ ਕਰ ਰਿਹਾ ਸੀ। ਉਪਦੇਸ਼ਕ ਕਹਿ ਰਿਹਾ ਸੀ ਕਿ ਪ੍ਰਮਾਤਮਾ ਇਕ ਹੈ। ਉਹ ਲਾ-ਮਕਾਂ ਹੈ। ਲਾ-ਸ਼ਰੀਕ ਹੈ। ਉਸ ਦਾ ਤਾਤ-ਮਾਤ ਨਹੀਂ। ਉਹ ਆਪਣੇ ਆਪ ਤੋਂ ਆਪ ਹੈ। ਠੀਕ, ਦਸ਼ਮੇਸ਼ ਪਿਤਾ ਦੇ ਇਸ ਵਿਚਾਰ ਮੁਤਾਬਕ ਕਹਿ ਰਿਹਾ ਸੀ—

ਤਾਤ ਹੈ ਨ ਮਾਤ ਹੈ ਨ ਬਾਢ ਹੈ ਨ ਘਾਟ ਹੈ, ਨ ਘਾਟ ਬਾਢ ਹੋਤ ਹੈ ॥

(ਦਸਮ ਗ੍ਰੰਥ)

ਇਹ ਉਪਦੇਸ਼ ਸੁਣ ਕੇ ਉਹ ਆਜੜੀ ਬੜਾ ਖ਼ੁਸ਼ ਹੋਇਆ। ਕਹਿਣ ਲੱਗਾ, "ਪ੍ਰਮਾਤਮਾ ਤਾਂ ਮੇਰੇ ਵਰਗਾ ਹੈ। ਮੇਰਾ ਵੀ ਕੋਈ ਆਪਣਾ ਨਹੀਂ। ਮਾਂ-ਬਾਪ, ਭੈਣ-ਭਰਾ ਆਦਿ ਕੋਈ ਨਹੀਂ। ਮੈਂ ਵੀ ਲਾ-ਮਕਾਂ ਅਤੇ ਲਾ-ਸ਼ਰੀਕ ਹਾਂ। ਮੈਂ ਵੀ ਇਕੱਲਾ ਹਾਂ। ਪ੍ਰਭੂ ਵੀ ਇਕੱਲਾ ਹੈ। ਲੱਗਦਾ ਹੈ ਪ੍ਰਭੂ ਮੇਰੇ ਵਰਗਾ ਹੀ ਹੈ।" ਦਰਅਸਲ ਹੈ ਤਾਂ ਇਹ ਹਕੀਕਤ ਕਿ ਪ੍ਰਭੂ ਆਦਮੀ ਵਰਗਾ ਹੀ ਹੈ। ਆਦਮੀ ਹੀ ਪ੍ਰਭੂ ਵਰਗਾ ਹੋਣ ਨੂੰ ਰਾਜ਼ੀ ਨਹੀਂ।

ਭੋਗ ਅਤੇ ਸ਼ਬਦ ਦੀ ਕਲਾ

ਯੋਗ ਦਾ ਅਰਥ ਜੋੜਨਾ ਤੇ ਜੁੜਨਾ। ਯੋਗ ਸ਼ਬਦ ਅਧਾਰ ਤੇ ਹੀ ਯੋਗ ਮੱਤ ਖੜਾ ਹੋਇਆ ਹੈ। ਭੋਗ ਸ਼ਬਦ ਭਾਗ ਤੋਂ ਬਣਿਆ ਹੈ। ਭਾਗ ਦਾ ਅਰਥ ਹੈ ਹਿੱਸੇ, ਟੁਕੜੇ ਕਰਨਾ। ਤਕਸੀਮ ਕਰਨਾ। ਯਾਨੀ ਕਿ ਭਾਗ ਕਰਨਾ। ਯੋਗੀ ਜੁੜਦਾ ਅਤੇ ਜੋੜਦਾ ਹੈ। ਪਰ ਭੋਗੀ ਟੁੱਟਦਾ ਤੇ ਤੋੜਦਾ ਹੈ। ਮਨੁੱਖ ਦੀ ਮੂਲ ਸਤਾ ਸ਼ਬਦ ਹੈ। ਆਦਿ ਸੱਚ, ਕੇਵਲ ਸ਼ਬਦ ਹੈ। ਜਦ ਕੋਈ ਆਦਿ ਸੱਤਾ ਤੋਂ ਟੁੱਟ ਜਾਂਦਾ ਹੈ, ਤਾਂ ਉਸ ਦਾ ਕੰਮ ਤੋੜਨਾ ਹੀ ਰਹਿ ਜਾਂਦਾ ਹੈ। ਉਹ ਆਪ ਟੁੱਟਾ ਹੋਇਆ ਹੈ, ਇਸ ਕਰਕੇ ਉਹ ਦੋ ਪ੍ਰੇਮੀਆਂ ਨੂੰ ਵੀ ਤੋੜੇਗਾ। ਦੋ ਭਰਾਵਾਂ ਨੂੰ ਤੋੜੇਗਾ। ਪਿਉ-ਪੁੱਤਰ ਅਤੇ ਮਾਂ-ਧੀ ਨੂੰ ਵੀ ਤੋੜੇਗਾ। ਸੰਸਾਰ ਵਿੱਚ ਜਦੋਂ ਵੀ ਕੋਈ ਦੂਜੇ ਨੂੰ ਤੋੜਦਾ ਹੈ ਤਾਂ ਉਹ ਭੋਗੀ ਹੈ।

ਮੌਲਾਨਾ ਰੂਮੀ ਨੇ ਆਪਣੀ ਮਸਨਵੀ ਵਿੱਚ ਇਕ ਕਹਾਣੀ ਦਾ ਬੜਾ ਸੁੰਦਰ ਜ਼ਿਕਰ ਕੀਤਾ ਹੈ।

ਇਕ ਯਤੀਮ ਬੱਚਾ ਜੰਗਲ ਵਿੱਚ ਹੀ ਪਲਿਆ ਤੇ ਵੱਡਾ ਹੋਇਆ। ਉਸ ਨੂੰ ਸੰਸਾਰ ਤੇ ਸ਼ਹਿਰ ਬਾਰੇ ਕੋਈ ਗਿਆਨ ਨਹੀਂ ਸੀ! ਬੱਸ! ਜੰਗਲ ਦੀਆਂ ਭੇਡਾਂ ਹੀ ਉਸ ਦੀ ਦੁਨੀਆਂ ਸੀ। ਕਦੇ ਕਿਸੇ ਸ਼ਹਿਰ ਵਿੱਚ ਉਹ ਆਇਆ ਹੀ ਨਹੀਂ ਸੀ। ਪਰ ਇਕ ਦਿਨ ਉਸ ਆਜੜੀ ਦਾ ਮਨ ਸ਼ਹਿਰ ਦੇਖਣ ਨੂੰ ਕਰ ਆਇਆ। ਉਸ ਆਜੜੀ ਨੇ ਆਪਣੀਆਂ ਭੇਡਾਂ ਨੂੰ ਇਕੱਠਿਆਂ ਕੀਤਾ ਤੇ ਸ਼ਹਿਰ ਵੱਲ ਤੁਰ ਪਿਆ। ਸ਼ਹਿਰ ਦੇ ਬਾਹਰਵਾਰ ਹੀ ਇੱਕ ਮੰਦਰ ਸੀ। ਯਾਨੀ ਕਿ ਕੋਈ ਇਬਾਦਤਗਾਹ ਸੀ। ਉਸ ਧਰਮ ਮੰਦਰ ਦੀ ਦੀਵਾਰ ਨਾਲ ਉਸ ਦੀਆਂ ਭੇਡਾਂ ਬੱਕਰੀਆਂ ਬੈਠ ਗਈਆਂ, ਉਹ ਆਜੜੀ ਵੀ ਉਸ ਇਬਾਦਤਗਾਹ ਦੀ ਦੀਵਾਰ ਨਾਲ ਢਾਸਣਾ ਲਾ ਕੇ ਬੈਠ ਗਿਆ। ਉਸ ਧਰਮ ਮੰਦਰ ਅੰਦਰ ਕੋਈ ਵਿਦਵਾਨ ਉਪਦੇਸ਼ ਕਰ ਰਿਹਾ ਸੀ। ਉਪਦੇਸ਼ਕ ਕਹਿ ਰਿਹਾ ਸੀ ਕਿ ਪ੍ਰਮਾਤਮਾ ਇਕ ਹੈ। ਉਹ ਲਾ-ਮਕਾਂ ਹੈ। ਲਾ-ਸ਼ਰੀਕ ਹੈ। ਉਸ ਦਾ ਤਾਤ-ਮਾਤ ਨਹੀਂ। ਉਹ ਆਪਣੇ ਆਪ ਤੋਂ ਆਪ ਹੈ। ਠੀਕ, ਦਸ਼ਮੇਸ਼ ਪਿਤਾ ਦੇ ਇਸ ਵਿਚਾਰ ਮੁਤਾਬਕ ਕਹਿ ਰਿਹਾ ਸੀ—

ਤਾਤ ਹੈ ਨ ਮਾਤ ਹੈ ਨ ਬਾਢ ਹੈ ਨ ਘਾਟ ਹੈ, ਨ ਘਾਟ ਬਾਢ ਹੋਤ ਹੈ ॥

(ਦਸਮ ਗ੍ਰੰਥ)

ਇਹ ਉਪਦੇਸ਼ ਸੁਣ ਕੇ ਉਹ ਆਜੜੀ ਬੜਾ ਖ਼ੁਸ਼ ਹੋਇਆ। ਕਹਿਣ ਲੱਗਾ, "ਪ੍ਰਮਾਤਮਾ ਤਾਂ ਮੇਰੇ ਵਰਗਾ ਹੈ। ਮੇਰਾ ਵੀ ਕੋਈ ਆਪਣਾ ਨਹੀਂ। ਮਾਂ-ਬਾਪ, ਭੈਣ-ਭਰਾ ਆਦਿ ਕੋਈ ਨਹੀਂ। ਮੈਂ ਵੀ ਲਾ-ਮਕਾਂ ਅਤੇ ਲਾ-ਸ਼ਰੀਕ ਹਾਂ। ਮੈਂ ਵੀ ਇਕੱਲਾ ਹਾਂ। ਪ੍ਰਭੂ ਵੀ ਇਕੱਲਾ ਹੈ। ਲੱਗਦਾ ਹੈ ਪ੍ਰਭੂ ਮੇਰੇ ਵਰਗਾ ਹੀ ਹੈ।" ਦਰਅਸਲ ਹੈ ਤਾਂ ਇਹ ਹਕੀਕਤ ਕਿ ਪ੍ਰਭੂ ਆਦਮੀ ਵਰਗਾ ਹੀ ਹੈ। ਆਦਮੀ ਹੀ ਪ੍ਰਭੂ ਵਰਗਾ ਹੋਣ ਨੂੰ ਰਾਜ਼ੀ ਨਹੀਂ।

ਦੂਜਿਆਂ ਦੇ ਦਿਲਾਂ ਨੂੰ ਤੋੜਨ ਵਾਲੇ ਹਮੇਸ਼ਾਂ ਹੀ ਪ੍ਰਮਾਤਮਾ ਤੋਂ ਟੁੱਟਿਆ ਰਹਿੰਦਾ ਹੈ। ਜੇ ਤੈਨੂੰ ਟਿਕਣ ਦੀ ਲੋੜ ਹੈ ਤਾਂ ਤੂੰ ਕਿਸੇ ਨੂੰ ਵੀ ਨਾ ਤੋੜ। ਪ੍ਰਮਾਤਮਾ ਸਾਰਿਆਂ ਦੇ ਦਿਲਾਂ ਵਿੱਚ ਵੱਸਦਾ ਹੈ। ਜੇ ਤੈਨੂੰ ਪ੍ਰਮਾਤਮਾ ਦੇ ਦੀਦਾਰ ਦੀ ਲੋੜ ਹੈ, ਤਾਂ ਕਿਸੇ ਦਾ ਦਿਲ ਨਾ ਢਾਹ।

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥

(ਪੰਨਾ ੧੩੮੪)

ਭੋਗੀ ਵਿਕਾਰਾਂ ਵਿੱਚ ਪੈ ਕੇ ਆਪ ਟੁੱਟਦਾ ਹੈ ਤੇ ਦੂਜਿਆਂ ਨੂੰ ਤੋੜਦਾ ਹੈ। ਯੋਗੀ ਆਤਮ-ਅਭਿਆਸ ਦੁਆਰਾ ਪ੍ਰਭੂ ਨਾਲ ਜੁੜਦਾ ਹੈ ਅਤੇ ਦੂਜਿਆਂ ਨੂੰ ਜੋੜਦਾ ਹੈ।

ਸਿਧ ਗੋਸ਼ਟਿ ਸਮੇਂ ਗੁਰੂ ਨਾਨਕ ਸਾਹਿਬ ਤੋਂ ਯੋਗੀ ਗੋਪੀ ਚੰਦ ਨੇ ਇਹ ਸੁਆਲ ਪੁਛਿਆ ਸੀ ਕਿ ਤੁਹਾਡਾ ਸੁਮੇਰ ਪਰਬਤ ਉੱਪਰ ਆਉਣ ਦਾ ਮੰਤਵ ਕੀ ਹੈ? ਤਾਂ ਗੁਰਦੇਵ ਨੇ ਕਿਹਾ ਸੀ ਕਿ "ਗੋਪੀ ਚੰਦ! ਦਰਅਸਲ ਤੁਸੀਂ ਯੋਗੀ ਨਾ ਰਹਿ ਕੇ ਭੋਗੀ ਹੋ ਗਏ ਹੋ। ਭਾਵ ਕਿ ਤੁਸੀਂ ਸੰਸਾਰ ਤੋਂ ਟੁੱਟ ਗਏ ਹੋ। ਤੁਹਾਡੇ ਕੋਲ ਆਉਣ ਦਾ ਮੇਰਾ ਮੰਤਵ ਪੁਛਦੇ ਹੋ, ਤਾਂ ਮੇਰਾ ਨਿਰੋਲ ਮੰਤਵ, ਤੁਹਾਨੂੰ ਸੰਸਾਰ ਨਾਲ ਜੋੜਨਾ ਹੈ। ਤੁਹਾਨੂੰ ਗਿਆਨ ਹੈ ਕਿ ਸੰਸਾਰ ਦੁਖੀ ਹੈ। ਪਰਜਾ ਗਿਆਨ ਬਿਨਾਂ ਅੰਧੇ ਕੰਮ ਕਰ ਰਹੀ ਹੈ। ਉਹਨਾਂ ਨੂੰ ਕੋਈ ਸੋਝੀ ਨਹੀਂ ਹੈ।

ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ ॥

(ਵਾਰ ਪਹਿਲੀ ਪਉੜੀ ੩)

ਧਰਮ ਕਰਮ ਖੰਭ ਲਾ ਕੇ ਦੁਨੀਆਂ ਵਿਚੋਂ ਉੱਡ ਗਿਆ ਹੈ। ਮੱਸਿਆ ਦੀ ਰਾਤ ਵਰਗਾ ਅੰਧ-ਵਿਸ਼ਵਾਸ ਦਾ ਪਸਾਰ ਹੈ। ਸੱਚ ਦਾ ਚੰਦਰਮਾ ਦਿੱਸਦਾ ਹੀ ਨਹੀਂ, ਕਦੋਂ ਚੜ੍ਹਦਾ ਹੈ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

(ਪੰਨਾ ੧੪੫)

ਗੁਰਦੇਵ ਕਹਿਣ ਲੱਗੇ, ਯੋਗੀ ਜਨੋ! ਮੈਂ ਉਹਨਾਂ ਪੁਰਸ਼ਾਂ ਨੂੰ ਢੂੰਡ ਰਿਹਾ ਹਾਂ, ਜਿਨ੍ਹਾਂ ਨੂੰ ਕੁਝ ਕੁ ਸੋਝੀ ਆਈ ਹੈ, ਤਾਂਕਿ ਅੰਧੇਰੇ ਨਾਲ ਲੜਿਆ ਜਾ ਸਕੇ ਤੇ ਇਸ ਟੁੱਟਦੇ ਹੋਏ ਸੰਸਾਰ ਨੂੰ ਜੋੜਿਆ ਜਾ ਸਕੇ।"

ਸਿਧ ਛਪਿ ਬੈਠੇ ਪਰਬਤੀ, ਕਉਣ ਜਗਤਿ ਕਉ ਪਾਰ ਉਤਾਰਾ ॥
ਕੂੜੁ ਅਮਾਵਸਿ ਵਰਤਿਆ, ਹਉ ਭਾਲਣਿ ਚੜ੍ਹਿਆ ਸੰਸਾਰਾ ॥

(ਵਾਰ ਪਹਿਲੀ ਪਉੜੀ ੨੯)

ਇਹ ਯੋਗੀ ਸਿੱਧ ਏਨਾ ਸੰਸਾਰ ਤੋਂ ਪਾਸੇ ਹੋ ਗਏ ਸਨ ਕਿ ਯੋਗੀਆਂ ਨੂੰ ਦੁਬਾਰਾ ਸੰਸਾਰ ਨਾਲ ਜੋੜਨਾ ਬੜਾ ਔਖਾ ਕੰਮ ਸੀ। ਗੁਰੂ ਨਾਨਕ ਦੇਵ ਜੀ ਵੱਲੋਂ ਦੱਸੀ ਗਈ ਦੇਸ਼ ਦੀ ਦਸ਼ਾ ਨੂੰ ਅਨੁਭਵ ਕਰਕੇ, ਇਹ ਯੋਗੀ ਹਾਲਤ ਨੂੰ ਸਵਾਰਨ ਲਈ ਪਰਬਤਾਂ ਤੋਂ ਥੱਲੇ ਉਤਰ ਆਉਂਦੇ ਕਿ ਸਗੋਂ ਉਲਟਾ ਮਨ ਵਿੱਚ ਇਹ ਵਿਚਾਰ ਲਿਆ ਕਿ ਜੇ ਗੁਰੂ

ਨਾਨਕ ਵਰਗਾ ਮਹਾਨ ਪੁਰਖ ਯੋਗੀਆਂ ਦੇ ਪੰਥ ਵਿੱਚ ਸ਼ਾਮਲ ਕਰ ਲਿਆ ਜਾਵੇ, ਤਾਂ ਪੰਥ ਦਾ ਨਾਮ ਬੜਾ ਰੋਸ਼ਨ ਹੋਵੇਗਾ। ਇਸ ਤੋਂ ਵੱਡੀ ਭੋਗੀ ਹੋਣ ਦੀ ਹੋਰ ਕੀ ਨਿਸ਼ਾਨੀ ਹੋ ਸਕਦੀ ਹੈ ਕਿ, ਸੰਸਾਰ ਨਾਲ ਜੁੜਨ ਦੀ ਬਜਾਏ ਗੁਰੂ ਨਾਨਕ ਨੂੰ ਵੀ ਸੰਸਾਰ ਨਾਲੋਂ ਤੋੜਕੇ ਆਪਣੇ ਨਾਲ ਜੋੜਨਾ ਚਾਹੁੰਦੇ ਹਨ।

ਸਿਧੀ ਮਨੇ ਬੀਚਾਰਿਆ, ਕਿਵੈ ਦਰਸਨੁ ਏ ਲੇਵੈ ਬਾਲਾ।
ਐਸਾ ਜੋਗੀ ਕਲੀ ਮਹਿ ਹਮਰੇ ਪੰਥੁ ਕਰੇ ਉਜਿਆਲਾ।

ਇਸ ਮੰਤਵ ਵਿੱਚ ਸਫਲਤਾ ਲਈ ਸਿੱਧਾਂ ਨੇ ਕਰਾਮਾਤ ਅਤੇ ਪੈਸੇ ਦਾ ਸਹਾਰਾ ਲਿਆ। ਭਾਈ ਸਾਹਿਬ ਭਾਈ ਗੁਰਦਾਸ ਜੀ ਮਹਾਂਰਾਜ ਕਹਿੰਦੇ ਹਨ ਕਿ ਸਿੱਧਾਂ ਨੇ ਇਕ ਖੱਪਰ ਲਿਆ ਤੇ ਗੁਰੂ ਨਾਨਕ ਦੇਵ ਜੀ ਨੂੰ ਦਿੱਤਾ ਤੇ ਕਿਹਾ ਕਿ ਨੇੜੇ ਤਲਾਬ ਵਿਚੋਂ ਪਾਣੀ ਲਿਆਓ।

ਖਪਰੁ ਦਿਤਾ ਨਾਥ ਜੀ ਪਾਣੀ ਭਰਿ ਲੇਵਣਿ ਉਠਿ ਚਾਲਾ।
ਬਾਬਾ ਆਯਾ ਪਾਣੀ ਐ, ਡਿਠੇ ਰਤਨ ਜਵਾਹਰ ਲਾਲਾ।

ਗੁਰੂ ਨਾਨਕ ਦੇਵ ਜੀ ਗਏ। ਪਰ ਵਾਪਸ ਆ ਕੇ ਕਹਿਣ ਲੱਗੇ ਕਿ ਪਾਣੀ ਤਾਂ ਉਸ ਤਲਾਬ ਵਿੱਚ ਨਹੀਂ ਹੈ। ਸਿੱਧਾਂ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਕਿਹਾ ਕਿ ਤੁਸੀਂ ਉਥੇ ਰਤਨ ਲਾਲ ਜਵਾਹਰ ਨਹੀਂ ਦੇਖੇ ? ਗੁਰਦੇਵ ਨੇ ਮੋੜ ਕੇ ਜੁਆਬ ਦਿੱਤਾ ਕਿ ਪਿਆਸ ਪਾਣੀ ਨਾਲ ਬੁਝਦੀ ਹੈ, ਹੀਰਿਆ ਜਵਾਹਰਾਂ ਨਾਲ ਨਹੀਂ। ਮੈਂ ਪਾਣੀ ਲੈਣ ਗਿਆ ਸਾਂ, ਹੀਰੇ ਪੰਨੇ ਨਹੀਂ ਮੈਂ ਯੋਗੀ ਹਾਂ ਭੋਗੀ ਨਹੀਂ। ਸਾਰੇ ਸਿੱਧ ਇਹ ਸੁਣ ਕੇ ਬੜੇ ਸ਼ਰਮਸ਼ਾਰ ਹੋਏ। ਗੁਰੂ ਨਾਨਕ ਸਾਹਿਬ ਜੀ ਦੀ ਕਲਾ ਅੱਗੇ ਸਿਰ ਝੁਕਾਇਆ।

ਸਤਿਗੁਰ ਅਗਮ ਅਗਾਧਿ, ਪੁਰਖ, ਕੇਹੜਾ ਝਲੇ ਗੁਰੂ ਦੀ ਝਾਲਾ ॥
ਫਿਰਿ ਆਇਆ ਗੁਰ, ਨਾਥ ਜੀ, ਪਾਣੀ ਠਉੜ ਨਾਹੀ ਉਸਿ ਤਾਲਾ ॥

ਗੁਰਦੇਵ ਨੇ ਕਿਹਾ ਕਿ ਬਾਕੀ ਕਰਾਮਾਤਾਂ ਛਡੋ, ਇਕੋ ਕਰਾਮਾਤ ਹੈ। ਕਰਤਾ-ਪੁਰਖ ਦਾ ਸ਼ਬਦ ਹੀ ਕਰਾਮਾਤ ਹੈ। ਸ਼ਬਦ ਵਿੱਚ ਹੀ ਸਭ ਕੁਝ ਹੈ। ਸ਼ਬਦ ਜਪੋ, ਸ਼ਬਦ ਸੁਣੋ, ਤੇ ਸ਼ਬਦ ਵਿੱਚ ਹੀ ਸਮਾ ਜਾਉ। ਸੁਰਤ ਨੂੰ ਸ਼ਬਦ ਵਿੱਚ ਲੀਨ ਕੀਤਿਆਂ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ।

ਸੰਘਰ ਨਾਥ ਤੇ ਦਤਾਤ੍ਰਯ ਨਾਮ ਦੇ ਯੋਗੀਆਂ ਨੇ ਕਿਹਾ ਕਿ ਜੋ ਗੱਲਾਂ ਕਦੇ ਸੁਣੀਆਂ ਨਹੀਂ, ਨਾ ਹੀ ਸ਼ਾਸਤਰਾਂ ਵਿੱਚ ਇਹ ਕੁਝ ਦਰਸਾਇਆ ਮਿਲਦਾ ਹੈ। ਵੇਦਾਂ ਪੁਰਾਣਾ ਵਿੱਚ ਵੀ ਕੋਈ ਜ਼ਿਕਰ ਨਹੀਂ। ਤੁਹਾਡੇ ਵਿਚਾਰ ਤਾਂ ਦਰਅਸਲ ਹਲਚਲ ਮਚਾ ਰਹੇ ਹਨ।

ਸ਼ਾਸਤ੍ਰ ਵੇਦ ਪੁਰਾਣ ਏਹ ਬਿਚਿ ਕਿਨੈ ਨ ਲੇਖਿਆ ॥
ਹਲ ਚਲ ਉਪਜੀ, ਮਨ ਨਹਿ ਠਹਿਰਤ, ਸੁਨ ਸੁਨ ਤੁਮਾਰੀ ਬਾਤ ॥

ਗੁਰਦੇਵ ਕਹਿਣ ਲੱਗੇ, ਸੰਘਰ ਨਾਥ ਜੀ ! ਤੁਸੀਂ ਨਾਮ ਜਪ ਕੇ ਤਾਂ ਦੇਖੋ। ਸ਼ਬਦ ਵਿੱਚ ਸਭ ਕੁਝ ਹੈ।

ਸਚ ਨਾਮ ਜਪ ਕੇ ਤੁਮ ਦੇਖੋ, ਦਾਮਨ ਤੈ ਬਡ ਦਮਕੈ ॥
ਮਾਨੋ ਦਤ ਜਤ ਕਹਿ ਨਾਨਕ ਘਟ ਘਟ ਸਾਹਿਬ ਚਮਕੈ ॥

ਸੋ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੁਆਰਾ ਸਾਰੇ ਸਿੱਧ ਯੋਗੀਆਂ ਵਿੱਚ ਹਲਚਲ ਮਚਾ ਦਿੱਤੀ ਸੀ। ਆਪਣੇ ਟਿਕਾਣਿਆਂ ਤੋਂ ਸਾਰੇ ਸਿੱਧ ਹਿੱਲ ਗਏ ਸਨ। ਜਗਤ ਗੁਰੂ ਬਾਬੇ ਨਾਨਕ ਨੇ ਇਕ ਵਾਰ ਤਾਂ ਕੰਨਾਂ ਨੂੰ ਹੱਥ ਲੁਆ ਦਿੱਤੇ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ

ਸਿਧ ਨਾਥ ਅਵਤਾਰ ਸਭ, ਗੋਸ਼ਟਿ ਕਰਿ ਕਰਿ ਕੰਨ ਫੜਾਇਆ ॥

ਦਰਅਸਲ ਗੁਰੂ ਨਾਨਕ ਦੇਵ ਜੀ ਆਪਣੇ ਮੰਤਵ ਵਿੱਚ ਪੂਰੇ ਸਫ਼ਲ ਹੋ ਗਏ ਸਨ। ਗੁਰਦੇਵ ਇਹਨਾਂ ਯੋਗੀਆਂ ਨੂੰ ਦੁਬਾਰਾ ਸੰਸਾਰ ਵਿੱਚ ਸ਼ਾਮਲ ਕਰਨਾ ਚਾਹੁੰਦੇ ਸਨ। ਸਾਰੇ ਸਿੱਧਾਂ ਯੋਗੀਆਂ ਦੇ ਆਸਣ ਹਿੱਲ ਗਏ ਸਨ। ਬਹੁਤ ਸਾਰੇ ਸਿੱਧ ਯੋਗੀ ਤਾਂ ਗੋਰਖ ਮੱਤ ਨੂੰ ਤਿਆਗ ਕੇ ਨਾਨਕ ਮੱਤ ਵਿੱਚ ਸ਼ਾਮਲ ਹੋਣ ਲੱਗ ਪਏ ਸਨ।

ਸਿਧਾਸਣਿ ਸਭਿ ਜਗਤਿ ਦੇ, ਨਾਨਕ ਆਦਿ ਮਤੇ ਜੇ ਕੋਆ ॥

ਸਾਰੇ ਸਿੱਧ, ਨਾਨਕ ਮੱਤ ਵਿੱਚ ਸ਼ਾਮਲ ਹੋਣ ਲੱਗ ਪਏ। ਜਿਥੇ ਪਹਿਲੇ ਯੋਗੀ ਪ੍ਰਾਣਾਯਾਮ ਆਦਿ ਕਰਦੇ ਸਨ। ਉਥੇ ਹੁਣ ਸ਼ਬਦ ਅਭਿਆਸ ਸ਼ੁਰੂ ਹੋ ਗਿਆ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰਦੇਵ ਨੇ ਸਾਰੀਆਂ ਸਿੱਧ ਮੰਡਲੀਆਂ ਨੂੰ ਫੌਜ ਤੇ ਹਥਿਆਰਾਂ ਨਾਲ ਨਹੀਂ ਜਿੱਤਿਆ।

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ ॥
ਕਲਿਜੁਗਿ ਨਾਨਕ ਨਾਮੁ ਸੁਖਾਲਾ ॥

(ਵਾਰ ਪਹਿਲੀ ਪਉੜੀ ੩੧)

ਬਹੁਤ ਸਾਰੇ ਯੋਗੀ-ਮੰਡਲੀਆਂ ਦੇ ਟਿਕਾਣੇ ਖਾਲੀ ਹੋਣ ਲੱਗ ਪਏ। ਯੋਗੀ ਜਿਹੜੇ ਸੰਸਾਰ ਤੋਂ ਉਪਰਾਮ ਹੋ ਕੇ ਪਰਬਤਾਂ ਵਿੱਚ ਜਾ ਬੈਠੇ ਸਨ, ਉਹ ਵਾਪਸ ਗ੍ਰਹਿਸਤ ਧਾਰਨ ਕਰਨ ਲੱਗ ਪਏ। ਯੋਗ ਦੇ ਨਾਲ ਭੋਗੀ ਵੀ ਬਣਨ ਲੱਗ ਪਏ। ਸੰਸਾਰ ਵਿੱਚ ਰਹਿ ਕੇ ਉਹਨਾਂ ਨੂੰ ਕਰਤਾਰ ਨਾਲ ਜੁੜਨ ਦਾ ਰਸਤਾ ਮਿਲ ਗਿਆ। ਕੁਝ ਹਉਮੈ ਦੇ ਮਾਰੇ ਹੋਏ ਸਿੱਧ-ਮੰਡਲੀਆਂ ਦੇ ਮੁਖੀ ਯੋਗੀਆਂ ਨੇ ਬੜੀ ਈਰਖਾ ਖਾਧੀ। ਉਹਨਾਂ ਨੂੰ ਸਿੱਧਾਂ ਦੇ ਸਾਰੇ ਆਸਣ ਖਾਲੀ ਹੁੰਦੇ ਦਿੱਸਣ ਲੱਗ ਪਏ। ਉਹਨਾਂ ਨੇ ਗੁਰਦੇਵ ਦੇ ਖਿਲਾਫ਼ ਪ੍ਰਚਾਰ ਕਰਨਾ ਵੀ ਅਰੰਭਿਆ ਪਰ। ਹੁਣ ਇਹ ਪ੍ਰਚਾਰ ਪਰਬਤਾਂ ਵਿੱਚ ਬਹੁਤਾ ਕਾਮਯਾਬ ਨਹੀਂ ਹੁੰਦਾ ਸੀ। ਕਿਉਂਕਿ ਯੋਗੀਆਂ ਦੇ ਮੂਲ ਟਿਕਾਣੇ ਮੈਦਾਨੀ ਇਲਾਕਿਆਂ ਵਿੱਚ ਹੀ ਸਨ। ਜਿਵੇਂ ਗੋਰਖ ਮਤਾ ਪੀਲੀਭੀਤ ਵਿੱਚ ਸੀ। ਗ੍ਰਹਿਸਤੀ ਲੋਕਾਂ ਨੂੰ ਵਰਗਲਾ ਕੇ ਇਹ ਯੋਗੀ ਬਣਾਉਂਦੇ ਸਨ। ਬੜੇ-ਬੜੇ ਖਾਨਦਾਨੀ ਲੋਕਾਂ ਦੇ ਨੌਜਵਾਨ ਬੱਚੇ ਵੀ ਇਨ੍ਹਾਂ ਯੋਗੀਆਂ ਦੀਆਂ ਮੰਡਲੀਆਂ ਵਿੱਚ ਰਲ ਜਾਂਦੇ ਸਨ।

☆ ☆ ☆

ਕਰਾਮਾਤ ਅਤੇ ਸ਼ਬਦ ਦੀ ਕਲਾ

ਜਦੋਂ ਬਹੁਤ ਸਾਰੇ ਯੋਗੀ ਦੁਬਾਰਾ ਨਾਨਕ ਮੱਤ ਧਾਰਨ ਕਰਨ ਲੱਗ ਪਏ ਤਾਂ ਕੁਝ ਮੁਖੀ ਯੋਗੀਆਂ ਨੇ ਗੁਰੂ ਨਾਨਕ ਮੱਤ ਦੇ ਖਿਲਾਫ਼ ਪ੍ਰਚਾਰ ਵਿੱਢ ਦਿੱਤਾ। ਪਹਾੜਾਂ ਤੋਂ ਉਤਰ ਕੇ ਮੈਦਾਨੀ ਇਲਾਕਿਆਂ ਵਿੱਚ ਆ ਗਏ। ਕੁਝ ਸਾਲਾਂ ਬਾਅਦ ਹੀ ਅਚਲ ਬਟਾਲੇ ਆ ਕੇ ਇਕੱਠੇ ਹੋਣੇ ਸ਼ੁਰੂ ਹੋ ਗਏ। ਗੁਰੂ ਨਾਨਕ ਦੇਵ ਜੀ ਦਾ ਕੇਂਦਰੀ ਪ੍ਰਚਾਰ ਅਸਥਾਨ ਵੀ ਏਥੋਂ ਨੇੜੇ ਹੀ ਕਰਤਾਰਪੁਰ ਵਿਖੇ ਸੀ। ਅਚਲ ਬਟਾਲੇ ਵਿੱਚ ਇਕ ਤਾਂ ਸ਼ਿਵਰਾਤਰੀ ਦਾ ਮੇਲਾ ਬੜਾ ਵੱਡਾ ਲੱਗਦਾ ਸੀ। ਲੋਕ ਵੈਸੇ ਹੀ ਬਹੁਤ ਇਕੱਤਰ ਹੁੰਦੇ ਸਨ। ਪਰ ਇਸ ਵਾਰ ਇਨ੍ਹਾਂ ਯੋਗੀਆਂ ਨੇ ਮੇਲੇ ਤੋਂ ਕਈ ਦਿਨ ਪਹਿਲਾਂ ਹੀ ਨਾਨਕ ਮੱਤ ਦੇ ਖਿਲਾਫ਼ ਆਪਣੀ ਮੁਹਿੰਮ ਸ਼ੁਰੂ ਕਰ ਰੱਖੀ ਸੀ। ਇਹ ਖ਼ਬਰਾਂ ਦੂਰ-ਦੂਰ ਤੱਕ ਪਤਾ ਲੱਗ ਰਹੀਆਂ ਸਨ। ਕਰਤਾਰਪੁਰ ਵਿੱਚ ਵੀ ਖ਼ਬਰ ਪਹੁੰਚ ਗਈ ਸੀ। ਗੁਰਦੇਵ ਨੇ ਵੀ ਸੁਣਿਆ ਸੀ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ—

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।

ਗੁਰਦੇਵ ਨੇ ਸੁਣਿਆ ਕਿ ਸ਼ਿਵਰਾਤਰੀ ਦੇ ਮੌਕੇ ਯੋਗੀ ਇਕੱਠੇ ਹੋ ਰਹੇ ਹਨ ਅਤੇ ਨਾਨਕ ਮੱਤ ਦੇ ਖਿਲਾਫ਼ ਵੀ ਕਈ ਕੁਝ ਬੋਲ ਰਹੇ ਹਨ। ਜੇ ਅਸੀਂ ਨਾ ਪਹੁੰਚੇ ਤਾਂ ਯੋਗੀਆਂ ਨੇ ਬਹੁਤ ਜਨਤਾ ਵਿੱਚ ਆਪਣਾ ਰੋਅਬ-ਦਾਅਬ ਬਣਾ ਕੇ ਆਪਣਾ ਮੱਤ ਪੱਕਾ ਕਰ ਲੈਣਾ ਹੈ। ਫਿਰ ਕਈਆਂ ਨੂੰ ਵਰਗਲਾ ਕੇ ਪਰਬਤਾਂ ਵਿੱਚ ਲੈ ਜਾਣਗੇ। ਗੁਰਦੇਵ ਆਪ ਹੀ ਇਸ ਸ਼ਿਵਰਾਤ ਦੇ ਮੇਲੇ ਵਿੱਚ ਪਹੁੰਚ ਗਏ। ਭਾਈ ਗੁਰਦਾਸ ਜੀ ਮਹਾਰਾਜ ਦਾ ਕਥਨ ਹੈ ਕਿ ਭੰਗਰ ਨਾਥ ਵਰਗੇ ਯੋਗੀ ਸੁਮੇਰ ਪਰਬਤ ਵੱਲੋਂ ਦੇ ਹੀ ਖਿਝੇ ਪਏ ਸਨ। ਜਦੋਂ ਗੁਰੂ ਨਾਨਕ ਦੇਵ ਜੀ, ਅੱਚਲ ਪਹੁੰਚੇ ਤਾਂ ਮੇਲੇ ਵਿੱਚ ਆਈ ਹੋਈ ਸਾਰੀ ਖਲਕਤ ਹੀ ਗੁਰਦੇਵ ਦੇ ਦਰਸ਼ਨ ਕਰਨ ਨੂੰ ਉਲਟ ਕੇ ਪੈ ਗਈ।

ਦਰਸਨ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।

ਗੁਰਦੇਵ ਦੇ ਅੱਗੇ ਲੋਕਾਂ ਨੇ ਸਨਮਾਨ ਤੇ ਸਤਿਕਾਰ ਵਜੋਂ ਧਨ ਦਾ ਮੀਂਹ ਵਰ੍ਹਾ ਦਿੱਤਾ। ਯੋਗੀਆਂ ਨੇ ਇਹ ਕੌਤਕ ਦੇਖ ਕੇ ਬੜਾ ਗੁੱਸਾ ਖਾਧਾ।

ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ।

ਇਸ ਕ੍ਰੋਧ-ਵੱਸ ਯੋਗੀਆਂ ਨੇ ਇਕ ਕਰਾਮਾਤ ਕੀਤੀ। ਯੋਗੀਆਂ ਦਾ ਮੰਤਵ ਸੀ ਕਿ ਸਾਰੀ ਖਲਕਤ ਜੋ ਗੁਰੂ ਨਾਨਕ ਸਾਹਿਬ ਦੇ ਅੱਗੇ ਇਕੱਠੀ ਹੋ ਗਈ ਹੈ, ਉਸ ਸਾਰੀ ਖਲਕਤ ਨੂੰ ਆਪਣੇ ਵੱਲ ਖਿਚਿਆ ਜਾਵੇ। ਨਾਲ ਹੀ ਖਲਕਤ ਵਿੱਚ ਇਹ ਪ੍ਰਚਾਰ ਕੀਤਾ ਜਾਵੇ ਕਿ ਜੇ ਗੁਰੂ ਨਾਨਕ ਸੱਚਾ ਗੁਰੂ ਹੈ, ਤਾਂ ਉਹ ਵੀ ਕਰਾਮਾਤ ਕਰਕੇ ਦਿਖਾਵੇ। ਜੇ

ਨਾਨਕ ਕੋਈ ਕਰਾਮਾਤ ਨਾ ਦਿਖਾ ਸਕੇ ਤਾਂ ਅਸੀਂ ਖਲਕਤ ਵਿੱਚ ਗੁਰੂ ਨਾਨਕ ਨੂੰ ਝੂਠਾ ਸਾਬਤ ਕਰਾਂਗੇ। ਇਸੇ ਹੀ ਸਾਜ਼ਿਸ਼ ਅਧੀਨ ਯੋਗੀਆਂ ਨੇ ਇਕ ਕਾਰਾਮਾਤ ਕੀਤੀ।

ਸ਼ਿਵਰਾਤ੍ਰੀ ਦੇ ਮੇਲੇ ਵਿੱਚ ਕੁਝ ਤਮਾਸ਼ਾ ਕਰਨ ਵਾਲੇ ਤੇ ਨੱਚਣ ਗਾਉਣ ਵਾਲੇ ਆਏ ਹੋਏ ਸਨ। ਇਹ ਨੱਚਣ ਗਾਉਣ ਵਾਲੇ ਆਪਣੇ ਰਾਗ ਰੰਗ ਦੁਆਰਾ ਤਮਾਸ਼ਾ ਦਿਖਾਕੇ ਲੋਕਾਂ ਕੋਲੋਂ ਪੈਸੇ ਲੈਂਦੇ ਸਨ। ਇਹਨਾਂ ਹੀ ਪੈਸਿਆਂ ਨਾਲ ਇਹਨਾਂ ਦੀ ਉਪਜੀਵਕਾ ਚਲਦੀ ਸੀ। ਇਹਨਾਂ ਨੂੰ ਰਾਸਧਾਰੀਏ ਵੀ ਆਖਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਦੇ ਵੇਲੇ ਇਹਨਾਂ ਰਾਸਧਾਰੀਆਂ ਨੂੰ ਭਗਤੀਏ ਕਿਹਾ ਜਾਂਦਾ ਸੀ। ਇਹਨਾਂ ਭਗਤੀਆਂ ਨੇ ਨੱਚਣ ਟੱਪਣ ਦਾ ਕੰਮ ਸ਼ੁਰੂ ਕੀਤਾ, ਤਾਂ ਲੋਕਾਂ ਨੇ ਇਹਨਾਂ ਨੂੰ ਬੜੇ ਪੈਸੇ ਦਿੱਤੇ। ਇਹਨਾਂ ਭਗਤੀਆਂ ਨੇ ਸਾਰੇ ਪੈਸੇ ਇਕ ਲੋਟੇ ਵਿੱਚ ਇਕੱਠੇ ਕਰਕੇ ਰੱਖੇ ਸਨ। ਉਹਨਾਂ ਸਿੱਧ ਯੋਗੀਆਂ ਨੇ ਇਸ ਕਰਾਮਾਤ ਨਾਲ ਇਹਨਾਂ ਭਗਤੀਆਂ ਦਾ ਪੈਸਿਆਂ ਵਾਲਾ ਲੋਟਾ ਲੁਕਾ ਲਿਆ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ—

ਭਗਤੀਆ ਪਾਈ ਭਗਤਿ ਆਣਿ ਲੋਟਾ ਜੋਗੀ ਲਇਆ ਛਪਾਈ।

ਜਦੋਂ ਪੈਸਿਆਂ ਵਾਲਾ ਲੋਟਾ ਗੁੰਮ ਹੋ ਗਿਆ ਤਾਂ ਭਗਤੀਆਂ ਨੂੰ ਭਗਤ ਪਾਉਣੀ ਭੁਲ ਗਈ। ਯਾਨੀ ਕਿ ਰਾਸ ਪਾਉਣੀ ਭੁੱਲ ਗਈ। ਉਹਨਾਂ ਦੀ ਸਾਰੀ ਰਾਤ ਦੀ ਮਿਹਨਤ ਦੀ ਕਮਾਈ ਗੁਆਚ ਗਈ ਸੀ। ਉਨ੍ਹਾਂ ਨੂੰ ਹੁਣ ਭਗਤ ਪਾਉਣੀ ਕਿਥੋਂ ਆਵੇ ?

ਭਗਤੀਆ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।

ਸਾਰੀ ਖਲਕਤ ਵਿੱਚ ਰੌਲਾ ਪੈ ਗਿਆ ਕਿ ਰਾਸਧਾਰੀਆਂ ਦਾ ਪੈਸਿਆਂ ਵਾਲਾ ਲੋਟਾ ਗੁਆਚ ਗਿਆ ਹੈ। ਯੋਗੀਆਂ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਤੁਸੀਂ ਆਪਣੇ ਗ੍ਰਿਹਸਤੀ ਗੁਰੂ ਨਾਨਕ ਨੂੰ ਆਖੋ ਕਿ ਉਹ ਇਹਨਾਂ ਦਾ ਪੈਸਿਆਂ ਵਾਲਾ ਲੋਟਾ ਲੱਭ ਕੇ ਦੇਣ। ਨਹੀਂ ਤਾਂ ਅਸੀਂ ਇਹਨਾਂ ਦਾ ਲੋਟਾ ਲੱਭ ਕੇ ਦੇ ਦਿਆਂਗੇ। ਇਹ ਸੁਣ ਕੇ ਉਹ ਰਾਸਧਾਰੀਏ ਸਾਰੀ ਖਲਕਤ ਦੇ ਸਾਹਮਣੇ ਗੁਰੂ ਨਾਨਕ ਦੇਵ ਜੀ ਦੇ ਅੱਗੇ ਬੜਾ ਗਿੜਗਿੜਾਏ। ਇਹ ਵੀ ਕਹਿਣ ਲੱਗੇ ਕਿ ਮਹਾਰਾਜ ! ਜਾਂ ਤੁਸੀਂ ਲੋਟਾ ਲੱਭ ਕੇ ਦਿਉ ਜਾਂ ਆਖੋ ਕਿ ਸਾਨੂੰ ਲੋਟਾ ਨਹੀਂ ਲੱਭਦਾ। ਅਸੀਂ ਯੋਗੀ ਭੰਗਰ ਨਾਥ ਕੋਲੋਂ ਲੋਟਾ ਲਭਵਾ ਲੈਂਦੇ ਹਾਂ। ਗੁਰਦੇਵ ਸਾਰੀ ਚਾਲ ਨੂੰ ਸਮਝ ਗਏ। ਗੁਰੂ ਜਾਣੀ ਜਾਣ ਸਨ। ਉਨ੍ਹਾਂ ਨੂੰ ਪਤਾ ਸੀ ਕਿ ਇਹ ਕੀ ਚਾਲ ਹੈ ?

ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ।

ਗੁਰਦੇਵ ਨੇ ਉਹ ਲੋਟਾ ਉਥੋਂ ਕੱਢ ਲਿਆਂਦਾ, ਜਿਥੇ ਉਹਨਾਂ ਯੋਗੀਆਂ ਨੇ ਉਹ ਲੋਟਾ ਛਿਪਾਇਆ ਹੋਇਆ ਸੀ। ਇਸ ਕੌਤਕ ਨਾਲ ਯੋਗੀਆਂ ਦੀ ਹੋਰ ਵੀ ਮਿੱਟੀ ਪਲੀਤ ਹੋ ਗਈ। ਏਨੀ ਖਲਕਤ ਸਾਹਮਣੇ ਉਹ ਮੂੰਹ ਦਿਖਾਉਣ ਜੋਗੇ ਨਹੀਂ ਸਨ ਰਹਿ ਗਏ। ਇਸ ਕੌਤਕ ਨੂੰ ਦੇਖ ਕੇ ਯੋਗੀ ਹੋਰ ਖੁਣਸ ਖਾ ਗਏ। ਯਾਨੀ ਕਿ ਖਿੱਝ ਗਏ।

ਵੇਖਿ ਚਲਿਤ੍ਰਿ ਜੋਗੀ ਖੁਣਿਸਾਈ ॥੩੯॥

(ਵਾਰ ਪਹਿਲੀ ਪਉੜੀ : ੩੯)

ਗੁਰੂ ਨਾਨਕ ਦੇਵ ਤੋਂ ਖਿਝੇ ਹੋਏ ਯੋਗੀਆਂ ਨੇ ਆਪਸ ਵਿੱਚ ਮਸ਼ਵਰਾ ਕੀਤਾ ਕਿ

ਏਸ ਤਰ੍ਹਾਂ ਤਾਂ ਸਾਡਾ ਗੋਰਖ ਪੰਥ ਨੇ ਸਤੋ-ਨਬੂਦ ਹੋ ਜਾਏਗਾ। ਬਹੁਤ ਸਾਰੇ ਸਾਡੇ ਮੱਤ ਦੇ ਯੋਗੀ, ਯੋਗ ਮੱਤ ਨੂੰ ਛੱਡ ਕੇ, ਨਾਨਕ ਮਤ ਵਿੱਚ ਜਾ ਰਲੇ ਹਨ। ਇਨੀ ਖਲਕਤ ਦੇ ਸਾਹਮਣੇ ਵੀ ਸਾਡੀ ਹੀ ਇੱਜ਼ਤ ਖਰਾਬ ਹੋਈ ਹੈ। ਕੋਈ ਉਪਾਅ ਸੋਚਣਾ ਚਾਹੀਦਾ ਹੈ, ਜਿਸ ਦੁਆਰਾ ਗੁਰੂ ਨਾਨਕ ਮੱਤ ਨੂੰ ਰੋਕਿਆ ਜਾ ਸਕੇ। ਸਾਰਿਆਂ ਦੀ ਇਹ ਰਾਇ ਹੋਈ ਕਿ ਪਹਿਲਾਂ ਤਾਂ ਗੁਰੂ ਨਾਨਕ ਨਾਲ ਗੋਸ਼ਟਿ ਕਰੋ। ਜੇ ਫਿਰ ਵੀ ਕਾਬੂ ਨਾ ਆਵੇ ਤਾਂ ਫਿਰ ਕਰਾਮਾਤ ਕਰੋ। ਦਰਅਸਲ ਕਰਾਮਾਤ ਕਿਸੇ ਕੋਲ ਕੋਈ ਨਹੀਂ ਹੁੰਦੀ। ਬੱਸ! ਧੋਖੇਬਾਜ਼ੀ ਤੇ ਹੱਥ ਚਲਾਕੀ ਹੀ ਕਰਾਮਾਤ ਹੁੰਦੀ ਹੈ। ਸੱਚ ਤੋਂ ਵੱਡੀ ਕੋਈ ਕਰਾਮਾਤ ਨਹੀਂ ਹੈ। ਕਲਾ ਸਭ ਪਾਸੇ ਸ਼ਬਦ ਦੀ ਹੀ ਵਰਤਦੀ ਹੈ। ਇਸ ਤਰ੍ਹਾਂ ਹੋਇਆ ਕਿ ਸਿੱਧ ਯੋਗੀਆਂ ਨੇ ਸੋਚਿਆ ਕਿ ਜੇ ਗੁਰੂ ਨਾਨਕ ਦੇਵ ਵਿਚਾਰ-ਚਰਚਾ ਨਾਲ ਕਾਬੂ ਨਹੀਂ ਆਉਂਦੇ ਤਾਂ ਇਹਨਾਂ ਨੂੰ ਧੋਖੇ ਫਰੇਬ ਨਾਲ ਕਾਬੂ ਕਰੋ। ਇਸ ਤਰ੍ਹਾਂ ਸਾਰੇ ਯੋਗੀ ਖਿੱਝ ਕੇ ਗੋਸ਼ਟਿ ਕਰਨ ਆਏ—

ਖਾਧੀ ਖੁਣਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ।
ਪੁਛੇ ਜੋਗੀ ਭੰਗਰ ਨਾਥ, ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ ?
ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।
ਭੇਖ ਉਤਾਰਿ ਉਦਾਸਿ ਦਾ, ਵਤਿ ਕਿਉ ਸੰਸਾਰੀ ਰੀਤਿ ਚਲਾਈ ?

ਪਹਿਲੀ ਗੱਲ ਯੋਗੀ ਭੰਗਰ ਨਾਥ ਨੇ ਗੁਰਦੇਵ ਨੂੰ ਇਹ ਪੁੱਛੀ ਕਿ ਤੁਸਾਂ ਗ੍ਰਹਿਸਤ ਵਿੱਚ ਉਦਾਸੀ ਦਾ ਮਾਰਗ ਚਲਾ ਕੇ ਦੁੱਧ ਵਿੱਚ ਕਾਂਜੀ ਕਿਉਂ ਪਾਈ ਹੈ ? ਭਾਵ ਕਿ ਤੁਸੀਂ ਗ੍ਰਹਿਸਤੀ ਤੇ ਯੋਗੀ ਨੂੰ ਇਕੋ ਆਸਣ ਤੇ ਹੀ ਕਿਉਂ ਬਿਠਾ ਦਿੱਤਾ ਹੈ ? ਇਸ ਤਰ੍ਹਾਂ ਤਾਂ ਭਗਤੀ ਰੂਪ ਦੁੱਧ ਦਾ ਚਾਟਾ ਹੀ ਫਿੱਟ ਗਿਆ ਹੈ। ਰਿੜਕਨ ਨਾਲ ਮੱਖਣ ਹੱਥ ਨਹੀਂ ਆਉਣਾ। ਦੁਨੀਆਂ ਵੀ ਦੋਫੇੜ ਹੋ ਗਈ ਹੈ। ਅੱਧੀ ਨਾਨਕ ਮੱਤ ਵੱਲ ਅਤੇ ਅੱਧੀ ਗੋਰਖ ਮੱਤ ਵੱਲ। ਤੁਸੀਂ ਗ੍ਰਹਿਸਤ ਵਿਚ ਰਹਿ ਕੇ ਵੀ ਭਗਤੀ ਭੇਖ ਕਿਉਂ ਧਾਰਨ ਕੀਤਾ ਹੈ ? ਗੁਰਦੇਵ ਨੇ ਇਹਨਾਂ ਸੁਆਲਾਂ ਦਾ ਜੁਆਬ ਦਿੱਤਾ ਕਿ—

ਨਾਨਕ ਆਖੇ, ਭੰਗਰਿਨਾਥ, ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ ॥੪੦॥

(ਵਾਰ ਪਹਿਲੀ ਪਉੜੀ ੪)

ਭਾਵ ਕਿ ਗੁਰਦੇਵ ਕਹਿਣ ਲੱਗੇ, ਤੁਹਾਡੀ ਮੱਤ (ਬੁੱਧੀ) ਫਿਟੀ ਹੋਈ ਹੈ। ਤੁਹਾਡੀ ਮੱਤ ਵਿੱਚ ਜੋ ਕੁਝ ਗਿਆਨ ਪੈਂਦਾ ਹੈ, ਉਹੀ ਫਿੱਟ ਜਾਂਦਾ ਹੈ। ਪਹਿਲਾਂ ਆਪਣੀ ਬੁੱਧੀ ਦਾ ਭਾਂਡਾ ਧੋ, ਸਾਫ਼ ਕਰਕੇ ਸੁਕਾਓ। ਫਿਰ ਜੋ ਕੁਝ ਇਸ ਵਿੱਚ ਪਾਉਗੇ ਉਹ ਸੱਚਾ ਗਿਆ ਹੋਵੇਗਾ। ਉਹ ਨਹੀਂ ਫਿੱਟੇਗਾ। ਭੇਖ ਰੂਪ ਕੁਚੱਜੇ ਪ੍ਰੇਮ ਨਾਲ ਤੁਸੀਂ ਦੁੱਧ ਨੂੰ ਹੀ ਸਾੜ ਬੈਠੇ ਹੋ। ਗੁਰਦੇਵ ਦਾ ਭਾਵ ਸੀ ਕਿ ਗ੍ਰਹਿਸਤੀਆਂ ਤੋਂ ਅਤੀਤ ਹੋ ਕੇ ਫਿਰ ਗ੍ਰਹਿਸਤੀਆਂ ਤੋਂ ਹੀ ਮੰਗ-ਮੰਗ ਖਾਣਾ, ਕੁਚੱਜਾ ਭਾਵ ਹੈ। ਫਿਰ ਜਿਨ੍ਹਾਂ ਕੋਲੋਂ ਮੰਗ ਕੇ ਖਾਣਾ ਤੇ ਉਨ੍ਹਾਂ

ਦੀ ਹੀ ਨਿੰਦਿਆ ਕਰਨੀ, ਹੋਰ ਵੀ ਮਾੜੀ ਗੱਲ ਹੈ। ਇਹ ਯਾਦ ਰੱਖੋ! ਬਿਨਾ ਕੁਝ ਦਿੱਤਿਆਂ ਮਿਲਦਾ ਨਹੀਂ ਹੈ।

ਇਹ ਕੌੜੀ ਸੱਚਾਈ ਸੁਣ ਕੇ ਯੋਗੀਆਂ ਨੇ ਕ੍ਰੋਧ ਵਿੱਚ ਭਬਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਲੋਕਾਂ ਵਿੱਚ ਇਹ ਪ੍ਰਚਾਰ ਕਰਨਾ ਸ਼ੁਰੂ ਕੀਤਾ ਕਿ ਗੁਰੂ ਨਾਨਕ ਨੇ ਛੇ ਸ਼ਾਸ਼ਤਰਾਂ ਦੀ ਨਿੰਦਿਆ ਕੀਤੀ ਹੈ।

ਇਹਿ ਸੁਣਿ ਬਚਨਿ ਜੋਗੀਸਰਾਂ, ਮਾਰਿ ਕਿਲਕ ਬਹੁ ਰੂਇ ਉਠਾਈ।
ਖਟਿ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ।

ਇਸ ਤਰ੍ਹਾਂ ਯੋਗੀਆਂ ਨੇ ਇਕ ਪਾਸੇ ਤਾਂ ਨਿੰਦਾ ਕਰਨੀ ਅਰੰਭ ਦਿੱਤੀ ਤੇ ਦੂਜੇ ਪਾਸੇ ਗੁਰਦੇਵ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ ਕਿ ਗੁਰੂ ਨਾਨਕ ਵੀ ਕੋਈ ਕਰਾਮਾਤ ਦਿਖਾਵੇ।

ਸਿਧਿ ਬੋਲਨਿ ਸਭਿ ਅਵਖਧੀਆ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤਿ ਦਿਖਾਈ।
ਇਕਿ ਪਰਿ ਕਰਿ ਕੈ ਉਡਰਨਿ, ਪੰਖੀ ਜਿਵੈਂ ਰਹੇ ਲੀਲਾਈ।
ਇਕ ਨਾਗ ਹੋਇ ਪਉਣ ਛੋੜਿਆ, ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗਰਿਨਾਥ, ਇਕ ਚੜਿ ਮਿਰਗਾਨੀ ਜਲ ਤਰਿ ਜਾਈ।
ਸਿਧਾ ਅਗਨਿ ਨ ਬੁਝੈ ਬੁਝਾਈ ॥੪॥

(ਵਾਰ ਪਹਿਲੀ ਪਉੜੀ ੪੧)

ਸਿਧ ਜੋਗੀ, ਇਹ ਮਦਾਰੀਆਂ ਵਾਲੇ ਖੇਲ ਤੇ ਨਾਟਕ-ਚੇਟਕ ਦਿਖਾਉਂਦੇ ਰਹੇ। ਗੁਰਦੇਵ ਹੋਰ ਵੀ ਸ਼ਾਂਤ ਹੁੰਦੇ ਗਏ। ਸਿਧ ਆਪਣੀ ਬਾਲੀ ਹੋਈ ਅੱਗ ਵਿੱਚ ਆਪੇ ਹੀ ਸੜਨ ਲਗ ਪਏ। ਅੱਗ ਯਾਨੀ ਕਿ ਨਿੰਦਾ, ਈਰਖਾ, ਕ੍ਰੋਧ ਤੇ ਅਹੰਕਾਰ ਦੀ ਅੱਗ।

ਜਦੋਂ ਖਲਕਤ ਤੇ ਇਹਨਾਂ ਯੋਗੀਆਂ ਦੀਆਂ ਮਦਾਰੀ ਖੇਡਾਂ ਦਾ ਜ਼ਰਾ ਵੀ ਅਸਰ ਨਾ ਹੋਇਆ, ਤਾਂ ਫਿਰ ਉਹ ਗੁਰਦੇਵ ਨੂੰ ਪੁੱਛਣ ਬੈਠ ਗਏ ਕਿ ਕੋਈ ਤੁਸੀਂ ਵੀ ਕਰਾਮਾਤ ਦਿਖਾਉ।

ਸਿਧਿ ਬੋਲਨਿ ਸੁਣਿ ਨਾਨਕਾ, ਤੁਹਿ ਜਗ ਨੋ ਕਰਾਮਾਤਿ ਦਿਖਾਈ।
ਕੁਝੁ ਵਿਖਾਲੇਂ ਅਸਾਂ ਨੋ ਤੁਹਿ ਕਿਉਂ ਢਿਲ ਅਵੇਹੀ ਲਾਈ?

ਗੁਰਦੇਵ ਨੇ ਜੁਆਬ ਦਿੱਤਾ ਕਿ ਇਹ ਕਰਾਮਾਤ ਕੋਈ ਖਾਸ ਚੀਜ਼ ਨਹੀਂ। ਸਭ ਤੋਂ ਵੱਡੀ ਕਰਾਮਾਤ ਸ਼ਬਦ ਹੈ। ਪ੍ਰਭੂ ਦਾ ਨਾਮ ਹੈ। ਨਾਮ ਸ਼ਬਦ ਤੋਂ ਬਿਨਾਂ ਹੋਰ ਕੋਈ ਸ਼ਿਵ ਸ਼ਕਤੀ ਨਹੀਂ ਹੈ।

ਬਾਬਾ ਬੋਲੇ ਨਾਥ ਜੀ, ਅਸਿ ਵੇਖਣਿ ਜੋਗੀ ਵਸਤੁ ਨ ਕਾਈ।
ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ।
ਸਿਵ ਰੂਪੀ ਕਰਤਾ ਪੁਰਖ ਚਲੇ ਨਾਹੀ ਧਰਤਿ ਚਲਾਈ।

ਗੁਰ ਸ਼ਬਦ ਤੇ ਗੁਰੂ ਸੰਗਤ ਬਿਨਾ ਹੋਰ ਕੋਈ ਓਟ ਜੀਵ ਦੇ ਕੰਮ ਨਹੀਂ ਆ ਸਕਦੀ। ਜਿਸ ਨੇ ਕਰਤਾ-ਪੁਰਖ ਦੀ ਸੱਚੀ ਸ਼ਕਤੀ ਨੂੰ ਜਾਣ ਲਿਆ, ਉਹ ਕਿਸੇ ਦੇ ਡੁਲਾਇਆ ਡੋਲਦਾ ਨਹੀਂ। ਸ਼ਬਦ ਅੱਗੇ ਕੋਈ ਕਰਾਮਾਤ ਨਹੀਂ ਚੱਲ ਸਕਦੀ।

ਸਿਧਿ ਤੰਤ੍ਰ ਮੰਤ੍ਰਿ ਕਰਿ ਝੜਿ ਪਏ, ਸ਼ਬਦਿ ਗੁਰੂ ਕੇ ਕਲਾ ਛਪਾਈ ।
ਦਦੇ ਦਾਤਾ ਗੁਰੂ ਹੈ, ਕਕੇ ਕੀਮਤਿ ਕਿਨੈ ਨ ਪਾਈ ।
ਸੋ ਦੀਨ ਨਾਨਕ ਸਤਿਗੁਰੁ ਸਰਣਾਈ ॥

(ਵਾਰ ਪਹਿਲੀ ਪਾਉੜੀ ੪੨)

ਸ਼ਬਦ ਅੱਗੇ ਕੋਈ ਕਰਾਮਾਤ ਨਹੀਂ ਚਲ ਸਕਦੀ। ਸਭ ਤੰਤ੍ਰ-ਮੰਤਰ ਝੜ ਜਾਂਦੇ ਹਨ। ਗੁਰੂ ਨੇ ਸ਼ਬਦ ਵਿੱਚ ਹੀ ਇਹ ਕਲਾ ਛਿਪਾ ਰੱਖੀ ਹੈ। ਦਰਅਸਲ ਸਿਧਾਂ ਕੋਲ ਦੋ ਹੀ ਅਖਰ ਸਨ ਇਕ-ਯ ਅਤੇ ਦੂਜਾ ਕ ਯ ਦਾ, ਭਾਵ ਕਿ ਯੋਗ ਦ੍ਰਿੜ੍ਹਤਾ। ਦੂਜਾ ਸੀ ਕ, ਕਰਾਮਾਤ।

ਸੋ ਕੋਈ ਵੱਸ ਨਾ ਚਲਦਾ ਵੇਖ ਕੇ, ਯੋਗੀ ਲਾਚਾਰ ਹੋ ਕੇ, ਗੁਰਦੇਵ ਦੀ ਸ਼ਰਨੀ ਆ ਡਿੱਗੇ। ਸਰਨੀਂ ਪਿਆਂ ਸਿੱਧਾਂ ਨੂੰ ਗੁਰਦੇਵ ਨੇ ਜ਼ੋਰ ਦੇ ਕੇ ਫ਼ੁਰਮਾਇਆ ਕਿ ਸਿਰਫ਼ ਸ਼ਬਦ ਦਾ ਗਿਆਨ ਕਰੋ। ਸ਼ਬਦ ਸੁਣੋ ਤੇ ਸ਼ਬਦ ਵਿੱਚ ਲੀਨ ਹੋਵੋ। ਸ਼ਬਦ ਹੀ ਅੰਦਰਲੇ ਨਾਮ ਨੂੰ ਪ੍ਰਗਟ ਕਰ ਸਕਦਾ ਹੈ। ਬਗੈਰ ਸੱਚੇ ਨਾਮ ਤੋਂ ਹੋਰ ਕੋਈ ਕਰਾਮਾਤ ਨਹੀਂ ਹੈ। ਉਸ ਨਾਮ ਤੋਂ ਬਿਨਾਂ ਬਾਕੀ ਸਭ ਰਿਧੀਆਂ ਸਿਧੀਆਂ, ਬੱਦਲਾਂ ਦੀ ਛਾਂ ਵਾਂਗ ਹਨ।

ਬਾਬਾ ਬੋਲੇ ਨਾਥ ਜੀ ! ਸਬਦੁ ਸੁਨਹੁ ਸਚੁ ਮੁਖਹੁ ਅਲਾਈ ।
ਬਾਝੋ ਸਚ ਨਾਮ ਦੇ, ਹੋਰੁ ਕਰਾਮਾਤਿ ਅਸਾਂ ਤੇ ਨਾਹੀ ।
.........................ਸਤਿ ਨਾਮੁ ਬਿਨੁ ਬਾਦਰ ਛਾਈ ॥

ਗੁਰਦੇਵ ਨੇ ਸ਼ਬਦ ਉਪਦੇਸ਼ ਦੁਆਰਾ ਸਿਧਾਂ ਦੇ ਸੜਦੇ-ਬਲਦੇ ਅੰਤਰ-ਆਤਮੇ ਨੂੰ ਸ਼ਾਂਤ ਕੀਤਾ। ਸਿੱਧ ਗੁਰਦੇਵ ਦੇ ਮੱਤ, ਯਾਨਿ ਕਿ ਨਾਨਕ ਮੱਤ ਵਿੱਚ ਸ਼ਾਮਲ ਹੋ ਗਏ। ਗੁਰਦੇਵ ਦੀ ਜੈ ਜੈ ਕਾਰ ਕਰਨ ਲੱਗੇ।

ਸਬਦਿ ਸਾਂਤਿ ਸਿਧਾਂ ਵਿਚਿ ਆਈ ।
ਸਿਧਿ ਬੋਲਨਿ ਸੁਭਿ ਬਚਨਿ, ਧਨੁ ਨਾਨਕ ਤੇਰੀ ਵਡੀ ਕਮਾਈ ।
ਵਡਾ ਪੁਰਖੁ ਪਰਗਟਿਆ, ਕਲਿਜੁਗਿ ਅੰਦਰਿ ਜੋਤਿ ਜਗਾਈ ।

* * *

ਸ਼ਬਦ ਅਤੇ ਸ਼ਬਦ ਦੀ ਕਲਾ

ਗੁਰੂ ਅੰਗਦ ਦੇਵ ਜੀ ਦੇ ਗੁਰੂ ਬਣਨ ਤੋਂ ਪਹਿਲਾਂ ਉਹਨਾਂ ਦਾ ਨਾਮ ਭਾਈ ਲਹਿਣਾ ਸੀ। ਲਹਿਣੇ ਤੋਂ ਗੁਰੂ ਅੰਗਦ ਦੇਵ ਕਿਵੇਂ ਬਣਨਾ ਹੈ, ਇਹ ਆਮ ਬੰਦੇ ਦੀ ਸੋਝੀ ਦੀ ਗਲ ਨਹੀਂ। ਇਹ ਸ਼ਬਦ ਦੀ ਗੱਲ ਹੈ। ਲਹਿਣੇ ਤਾਂ ਸਾਰੇ ਹੀ ਹੁੰਦੇ ਹਨ। ਪਰ ਅੰਗਦ ਦੇਵ ਕਦੇ-ਕਦੇ ਕੋਈ ਵਿਰਲਾ ਸੰਤ ਸੂਰਮਾ ਹੀ ਬਣਦਾ ਹੈ। ਲਹਿਣੇ ਨੇ ਪਹਿਲਾਂ-ਪਹਿਲ ਜਦੋਂ ਸ਼ਬਦ ਸੁਣਿਆ ਤਾਂ ਦਿਲ ਨੂੰ ਬੜੀ ਖਿਚ ਪਈ। ਦਰਅਸਲ ਕੋਈ ਸ਼ਬਦ ਵਿੱਚ ਉਤਰ ਕੇ ਬੋਲ ਰਿਹਾ ਹੋਵੇ, ਤਾਂ ਉਹ ਬੋਲ ਉਸ ਦੇ ਆਪਣੇ ਨਹੀਂ ਹੁੰਦੇ। ਸਰੀਰ ਉਸ ਦਾ ਆਪਣਾ ਹੁੰਦਾ ਹੈ, ਪਰ ਬੋਲ ਰੱਬ ਦੇ ਹੁੰਦੇ ਹਨ। ਉਸ ਦੇ ਸਰੀਰ ਦੁਆਰਾ ਨਿਰੰਕਾਰ ਆਪ ਬੋਲਦਾ ਹੈ। ਕਿਉਂਕਿ ਨਿਰੰਕਾਰ, ਸ਼ਬਦ ਰੂਪ ਹੈ। ਹੋਇਆ ਇਸ ਤਰ੍ਹਾਂ ਕਿ ਗੁਰੂ ਨਾਨਕ ਦੇਵ ਜੀ ਦਾ ਇਕ ਅਨਿਨ ਸਿੱਖ ਭਾਈ ਯੋਧੂ ਬੜੀ ਸ਼ਰਧਾ ਨਾਲ, ਸ਼ਬਦ ਦਾ ਪਾਠ ਕਰ ਰਿਹਾ ਸੀ। ਭਾਈ ਯੋਧ ਬੜੇ ਰੰਗ ਰਸ ਵਿੱਚ ਇਕਾਗਰ ਹੋ ਕੇ ਨਾਲੇ ਤਾਂ ਸ਼ਬਦ ਦਾ ਪਾਠ ਕਰ ਰਹੇ ਸਨ ਅਤੇ ਨਾਲ ਹੀ ਖੂਹ ਤੋਂ ਪਾਣੀ ਕੱਢ ਰਹ੍ਹੇ ਸਨ। ਭਾਈ ਯੋਧ ਸ੍ਰੀ ਆਸਾ ਜੀ ਦੀ ਵਾਰ ਦਾ ਪਾਠ ਕਰ ਰਹੇ ਸਨ। ਜਦੋਂ ਇੱਕੀਵੀਂ ਪਾਉੜੀ ਦਾ ਪਾਠ ਕਰ ਰਹੇ ਸਨ ਕਿ—

> **ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥**
> **ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥**
> **ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥**
> **ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥**
> **ਕਿਛੁ ਲਾਹੇ ਉਪਰਿ ਘਾਲੀਐ ॥੨੧॥**

(ਪੰਨਾ ੪੭੪)

ਇਹ ਪਾਠ ਭਾਈ ਲਹਿਣੇ ਨੇ ਸੁਣਿਆ। ਦਰਅਸਲ ਜਿਵੇਂ ਬਰਫ਼ ਦੇ ਨੇੜੇ ਜਾਈਏ ਤਾਂ ਠੰਢੀ ਹਵਾ ਲੱਗਣ ਲੱਗਦੀ ਹੈ। ਜਾਂ ਤੱਪਤੀ ਹੋਈ ਭੱਠੀ ਦੇ ਨੇੜੇ ਜਾਈਏ ਤਾਂ ਗਰਮੀ ਮਹਿਸੂਸ ਹੋਣ ਲੱਗ ਜਾਂਦੀ ਹੈ। ਉਹ ਗਰਮੀ ਅੱਗ ਕੋਲੋਂ ਮੰਗਣੀ ਨਹੀਂ ਪੈਂਦੀ, ਆਪੇ ਮਿਲਦੀ ਹੈ। ਬਰਫ਼ ਕੋਲੋਂ ਵੀ ਠੰਢ ਮੰਗਣੀ ਨਹੀਂ ਪੈਂਦੀ, ਆਪਣੇ ਆਪ ਮਿਲਦੀ ਹੈ। ਕੋਈ ਸ਼ਬਦ ਦਾ ਰਸੀਆ ਸ਼ਬਦ ਬੋਲ ਰਿਹਾ ਹੋਵੇ, ਤਾਂ ਸੁਣਨ ਵਾਲਿਆਂ ਨੂੰ ਤ੍ਰਿਪਤੀ ਮਿਲਦੀ ਹੈ। ਘਾਲਣਾ ਘਾਲਣ ਤੋਂ ਬਿਨਾਂ ਹੀ ਇਹ ਤ੍ਰਿਪਤੀ ਮਿਲਦੀ ਹੈ।

> **ਸਾਧ ਕੈ ਸੰਗਿ ਨਹੀ ਕਛੁ ਘਾਲ ॥**
> **ਦਰਸਨੁ ਭੇਟਤ ਹੋਤ ਨਿਹਾਲ ॥**

(ਸੁਖਮਨੀ)

ਭਾਈ ਯੋਧ ਦੇ ਸ਼ਬਦ ਪੜ੍ਹਨ ਨਾਲ ਭਾਈ ਲਹਿਣੇ ਨੂੰ ਸੁਣ ਕੇ ਬੜੀ ਤ੍ਰਿਪਤੀ ਹੋਈ। ਲਹਿਣੇ ਨੇ ਭਾਈ ਯੋਧ ਤੋਂ ਪੁਛਿਆ, ਭਾਈ ਇਹ ਕਿਸ ਦੀ ਬਾਣੀ ਹੈ, ਜੋ ਤੂੰ ਪੜ੍ਹ ਰਿਹਾ ਹੈਂ ? ਭਾਈ ਯੋਧ ਨੇ ਕਿਹਾ ਕਿ ਬਾਣੀ ਤਾਂ ਨਿਰੰਕਾਰ ਦੀ ਹੈ। ਪਰ ਗੁਰੂ ਨਾਨਕ ਦੇਵ ਜੀ ਦੁਆਰਾ ਇਸ ਸੰਸਾਰ ਵਿੱਚ ਆਈ ਹੈ ।

ਗੁਰੂ ਨਾਨਕ ਦੇਵ ਜੀ ਦਾ ਨਾਮ ਸੁਣ ਕੇ ਭਾਈ ਲਹਿਣੇ ਨੇ ਨਾਲ ਦੇ ਸਾਰੇ ਸੰਗੀ-ਸਾਥੀਆਂ ਨੂੰ ਕਿਹਾ ਕਿ ਤੁਸੀਂ ਏਥੇ ਰੁਕੋ ਤੇ ਮੈਂ ਹੁਣੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਆਉਂਦਾ ਹਾਂ । ਕਿਉਂਕਿ ਭਾਈ ਲਹਿਣੇ ਨੇ ਪਹਿਲਾਂ ਵੀ ਗੁਰੂ ਨਾਨਕ ਦੇਵ ਜੀ ਦਾ ਨਾਮ ਸੁਣਿਆ ਹੋਇਆ ਸੀ । ਪਹਿਲਾਂ ਭਾਈ ਲਹਿਣਾ ਜੀ ਦੁਰਗਾ ਦੇਵੀ ਅਤੇ ਵੈਸ਼ਨੋ ਦੇਵੀ ਆਦਿ ਦੇ ਪੁਜਾਰੀ ਸਨ । ਜਥਾ ਲੈ ਕੇ ਜੁਆਲਾਮੁਖੀ ਤੇ ਜੰਮੂ ਵੱਲ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਜਾਂਦੇ ਹੀ ਰਹਿੰਦੇ ਸਨ ।

ਇਕ ਵਾਰੀ ਭਾਈ ਲਹਿਣਾ ਜੀ ਸੰਗੀਆਂ ਦਾ ਜਥਾ ਲੈ ਕੇ ਜੁਆਲਾਮੁਖੀ ਮੰਦਰ ਵਿਚ ਗਏ ਸਨ। ਉਥੇ ਹੀ ਕੁਝ ਜੋਗੀਆਂ ਤੇ ਬੈਰਾਗੀਆਂ ਦੀ ਇਕ ਮੰਡਲੀ ਆਈ ਹੋਈ ਸੀ। ਉਸ ਮੰਡਲੀ ਦੀ ਸੇਵਾ ਭਾਈ ਲਹਿਣੇ ਨੇ ਬੜੇ ਨਿਮਰ ਭਾਵ ਨਾਲ ਕੀਤੀ ਸੀ। ਜਦੋਂ ਉਹਨਾਂ ਸਾਧੂਆਂ ਦੀ ਆਪਸ ਵਿੱਚ ਧਰਮ-ਚਰਚਾ ਸ਼ੁਰੂ ਹੋਈ ਤਾਂ ਸਾਰੇ ਇਕ ਦੂਜੇ ਨੂੰ ਪੁੱਛਣ ਲੱਗੇ ਕਿ ਕੋਈ ਐਸਾ ਸੰਤ ਵੀ ਇਸ ਜਗਤ ਵਿੱਚ ਹੈ, ਜਿਹੜਾ ਪ੍ਰਭੂ ਦੇ ਅਸਲ ਭੇਦ ਨੂੰ ਜਾਣਦਾ ਹੋਵੇ ? ਸਾਰਿਆਂ ਨੇ ਕਿਹਾ ਕਿ—

ਨਾਨਕ ਤਪਾ ਖਤ੍ਰੀ ਇਕ ਹੋਇਆ ਹੈ ਕੋਈ ॥
ਜੋ ਬੜੀ ਬਰਕਤ ਵਾਲਾ ਹੋਇਆ ਹੈ ॥

(ਬੰਸਾਵਲੀ ਨਾਮਾ ਚਰਨ ਦੂਜਾ)

ਭਾਈ ਲਹਿਣਾ ਜੀ ਨੇ ਗੁਰਦੇਵ ਬਾਰੇ ਸੁਣ ਕੇ ਬੜੀ ਤੀਬਰ ਇੱਛਾ ਬਣਾਈ ਕਿ ਇਕ ਵਾਰ ਕਰਤਾਰਪੁਰ ਜਾ ਕੇ ਜ਼ਰੂਰ ਦਰਸ਼ਨ ਕਰਨੇ ਹਨ। ਸੋ ਇਸ ਵਾਰ ਜਦੋਂ ਲਹਿਣਾ ਜੀ ਦੁਬਾਰਾ ਜੁਆਲਾਮੁਖੀ ਯਾਤਰਾ ਲਈ ਜਾ ਰਹੇ ਸਨ ਤਾਂ ਭਾਈ ਯੋਧ ਕੋਲੋਂ ਸ਼ਬਦ ਸੁਣ ਕੇ ਦਿਲ ਨੂੰ ਬੜੀ ਖਿੱਚ ਪਈ । ਮਿਲਣ ਲਈ ਲੋਚਾ ਬੜੀ ਪ੍ਰਬਲ ਹੋ ਗਈ । ਆਪਣੇ ਜਥੇ ਨੂੰ ਰਾਵੀ ਦਰਿਆ ਤੇ ਹੀ ਰੋਕ ਕੇ ਕਹਿਣ ਲੱਗੇ ਕਿ ਮੈਂ ਹੁਣੇ ਘੋੜੀ ਉਪਰ ਜਾ ਕੇ ਦਰਸ਼ਨ ਕਰਕੇ ਆਉਂਦਾ ਹਾਂ ।

ਗੁਰੂ ਨਾਨਕ ਸਾਹਿਬ ਜੀ ਆਪਣੇ ਅਸਥਾਨ ਤੇ ਹੀ ਸਨ ਕਿ ਇੱਕ ਨਿਆਰੀ ਖੇਡ ਵਾਪਰੀ । ਉਧਰੋਂ ਭਾਈ ਲਹਿਣਾ ਜੀ ਘੋੜੀ ਤੇ ਚੱਲੇ ਤੇ ਇਧਰੋਂ ਅੰਤਰਜਾਮੀ ਗੁਰੂ ਨੇ ਬਚਨ ਕੀਤਾ ਕਿ "ਮੇਰੇ ਰਾਜ ਦਾ ਧਨੀ ਆਇਆ ਹੈ, ਲੈ ਆਵਾਂ ॥" ਗੁਰਦੇਵ ਗੁਰੂ ਨਾਨਕ ਦੇਵ ਜੀ ਤੇ ਲਹਿਣੇ ਦਾ ਮੇਲ ਰਸਤੇ ਵਿੱਚ ਹੀ ਹੋ ਗਿਆ । ਭਾਈ ਲਹਿਣਾ ਜੀ ਘੋੜੀ ਰੋਕ ਕੇ ਗੁਰਦੇਵ ਤੋਂ ਪੁੱਛਣ ਲੱਗੇ ਕਿ "ਗੁਰੂ ਨਾਨਕ ਦੇ ਘਰ ਦਾ ਰਸਤਾ ਕਿਹੜਾ ਹੈ ? ਤਪੈ ਕੇ ਦਰਸ਼ਨ ਕੋ ਜਾਣਾ ਹੈ, ਕਿਹੜੇ ਰਾਹ ਜਾਈਏ ?" ਗੁਰਦੇਵ ਕਹਿਣ ਲੱਗੇ, "ਪੁਰਖਾ ! ਮੇਰੇ ਪਿਛੇ ਘੋੜੀ ਲਈ ਆਓ ! ਮੈਂ ਤੈਨੂੰ ਬਾਬੇ ਦੇ ਘਰ ਲੈ ਚਲਦਾ ਹਾਂ ।" ਗੁਰਦੇਵ ਨੇ ਲਹਿਣੇ ਦੀ ਘੋੜੀ ਦੀ ਵਾਗ ਫੜ ਲਈ । ਅੱਗੇ-ਅੱਗੇ ਗੁਰਦੇਵ ਤੇ ਪਿੱਛੇ-ਪਿੱਛੇ ਘੋੜੀ

ਉੱਪਰ ਅਸਵਾਰ ਭਾਈ ਲਹਿਣਾ ਜੀ ਧਰਮਸ਼ਾਲਾ ਵਿੱਚ ਪਹੁੰਚ ਗਏ। ਗੁਰਦੇਵ ਨੇ ਲਹਿਣੇ ਨੂੰ ਕਿਹਾ, "ਘੋੜੀ ਉਸ ਕਿੱਲੇ ਨਾਲ ਬੰਨ੍ਹ ਕੇ ਅੰਦਰ ਆ ਜਾਉ ?" ਅੱਗੇ ਕੀਰਤਨ ਹੁੰਦਾ ਸੀ। ਅੰਦਰ ਜਾ ਕੇ ਲਹਿਣੇ ਨੇ ਮੱਥਾ ਟੇਕਿਆ ਤਾਂ ਹੈਰਾਨ ਹੋ ਗਏ ਕਿ ਜਿਸ ਮਹਾਂਪੁਰਸ਼ ਨੇ ਘੋੜੀ ਦੀ ਵਾਗ ਪਕੜ ਕੇ ਲਿਆਂਦੀ ਸੀ, ਉਹੀ ਗੁਰੂ ਨਾਨਕ ਸਨ। ਲਹਿਣਾ ਜੀ ਨੂੰ ਮਨ ਅੰਦਰ ਬੜੀ ਸ਼ਰਮਿੰਦਗੀ ਹੋਈ। ਸ਼ਰਮਸ਼ਾਰ ਹੁੰਦਿਆਂ ਗੁਰਦੇਵ ਨੇ ਦੇਖ ਕੇ ਪੁਛਿਆ, ਪੁਰਖਾ ! ਤੇਰਾ ਨਾਮ ਕੀ ਹੈ ? ਲਹਿਣਾ ਜੀ ਨੇ ਕਿਹਾ ਜੀ, "ਮੇਰਾ ਨਾਮ ਲਹਿਣਾ ਹੈ।" ਗੁਰਦੇਵ ਕਹਿਣ ਲੱਗੇ "ਕੋਈ ਗੱਲ ਨਹੀਂ, ਸ਼ਰਮ ਕਰਨ ਦੀ ਕੋਈ ਲੋੜ ਨਹੀਂ, ਲਹਿਣੇਦਾਰ ਘੋੜੀਆਂ ਤੇ ਚੜ੍ਹ ਕੇ ਹੀ ਆਉਂਦੇ ਹਨ।"

ਲਹਿਣੇ ! ਤੈਂ ਲਹਿਣਾ ॥ ਸੁਨ ਪੁਰਖਾ ਹਮ ਨੇ ਹੈ ਦੇਣਾ ॥

ਬੱਸ ! ਫਿਰ ਗੁਰੂ ਨਾਨਕ ਦੇਵ ਜੀ ਨੇ ਲਹਿਣੇ ਨੂੰ ਗੁਰਮੰਤਰ ਵਿਧੀ ਦੱਸ ਦਿੱਤੀ। ਲਹਿਣਾ ਆਪਣੇ ਅਸਲੀ ਸਰੂਪ ਵਿੱਚ ਉਤਰ ਗਿਆ। ਲਹਿਣਾ ਅੰਗਦ ਹੋ ਗਿਆ।

ਸੋਨਾ ਭੱਠੀ ਮੇਂ ਢਾਲ ਕਰ ਜਬ ਕੁੰਦਨ ਕੀਆ ॥
ਲਹਿਣੇ ਸੇ ਅੰਗਦ ਬਣਾ, ਅੰਗਦ ਸੇ ਅਲ੍ਹਾ ਕਰ ਦੀਆ ॥

✲ ✲ ✲

ਅਨੰਦ ਅਤੇ ਸ਼ਬਦ ਦੀ ਕਲਾ

ਇਸ ਭਾਵ ਨੂੰ ਇੰਞ ਸਮਝਣਾ ਕਿ ਲਹਿਣੇ ਤਾਂ ਸਾਰੇ ਸਿੱਖ ਹੀ ਹਨ। ਪਰ ਜਿਸ ਭੱਠੀ ਵਿਚੋਂ ਗੁਜ਼ਰ ਕੇ ਸੋਨਾ ਕੁੰਦਨ ਬਣਦਾ ਹੈ, ਉਸ ਭੱਠੀ ਵਿੱਚ ਹਰੇਕ ਕੋਈ ਨਹੀਂ ਵੜਦਾ। ਕੋਈ-ਕੋਈ ਕਦੇ ਅੰਗਦ ਹੋ ਜਾਂਦਾ ਹੈ, ਵਰਨਾ ਬਹੁਤੇ ਲਹਿਣੇ ਹੀ ਰਹਿ ਜਾਂਦੇ ਹਨ। ਜਦੋਂ ਸ਼ਬਦ ਅੰਦਰ ਜਾਗਦਾ ਹੈ ਤਾਂ ਹਰੇਕ ਕੋਈ ਉਸ ਅਗੰਮੀ ਸਰੂਰ ਨੂੰ ਮਾਣ ਸਕਦਾ ਹੈ। ਲਹਿਣੇ ਤੋਂ ਅੰਗਦ ਹੋਣਾ ਇਹ ਕੇਵਲ **"ਸ਼ਬਦ ਦੀ ਕਲਾ"** ਹੈ। ਸ਼ਬਦ ਦੁਆਰਾ, ਅੰਦਰੋਂ ਹਉਮੈ ਮਰਦੀ ਹੈ ਅਤੇ ਨਿਜ ਸਰੂਪ ਜਾਗਦਾ ਹੈ। ਉਸ ਵਿਚੋਂ ਹੀ ਅਸਲੀ ਮਨੁੱਖ ਦੇ ਦਰਸ਼ਨ ਹੁੰਦੇ ਹਨ। ਵਰਨਾ ਮਨੁੱਖ ਅੰਦਰੋਂ ਇਕ ਨਹੀਂ, ਕਈ ਤਰ੍ਹਾਂ ਦੀ ਮੈਲ-ਕੁਚੈਲ ਮਨੁੱਖ ਦੇ ਮਨ ਵਿੱਚ ਹੈ। ਸ਼ਬਦ ਦੁਆਰਾ ਹੀ ਅੰਤਸ਼ਕਰਨ ਸਾਫ਼ ਹੁੰਦਾ ਹੈ। ਸ਼ਬਦ ਦੁਆਰਾ ਮਨੁੱਖ ਦੇ ਅੰਦਰੋਂ ਦੈਵੀ ਬਿਰਤੀ ਉਜਾਗਰ ਹੋ ਉਠਦੀ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਪੁਜੀ ਸਾਹਿਬ ਵਿੱਚ ਕਥਨ ਹੈ ਕਿ ਮਨੁੱਖ ਦੇ ਅੰਤਸ਼ਕਰਨ ਵਿੱਚ ਜਦੋਂ ਸ਼ਬਦ ਜਾਗਦਾ ਹੈ ਤਾਂ ਉਸ ਗਿਆਨ ਦੁਆਰਾ ਬੜਾ ਪ੍ਰਚੰਡ ਬਲ ਪ੍ਰਾਪਤ ਹੁੰਦਾ ਹੈ। ਫਿਰ ਸ਼ਬਦ ਅਭਿਆਸੀ ਦੁਨੀਆਂ ਦੇ ਸਾਰੇ ਰਾਗ-ਰੰਗ ਤੇ ਕੋਟਿ ਤਮਾਸ਼ਿਆਂ ਦੇ ਰੰਗ ਆਪਣੇ ਆਪ ਵਿਚੋਂ ਹੀ ਦੇਖਦਾ ਹੈ ਅਤੇ ਉਹਨਾਂ ਦਾ ਸੁਆਦ ਮਾਣਦਾ ਹੈ। ਇਹ ਕਥਨ ਇਸ ਅਵਸਥਾ ਨੂੰ ਹੀ ਪ੍ਰਮਾਣਿਤ ਕਰਦਾ ਹੈ—

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਸ਼ਬਦ ਦੇ ਅਭਿਆਸ ਲਈ ਕੁਝ ਖਾਸ ਮਿਹਨਤ ਦੀ ਲੋੜ ਹੈ। ਗੁਰਦੇਵ ਕਹਿੰਦੇ ਹਨ ਕਿ ਸ਼ਬਦ ਅਭਿਆਸ ਦੁਆਰਾ ਸਾਰੀਆਂ ਸ਼ਕਤੀਆਂ ਅਰਜਿਤ ਕੀਤੀਆਂ ਜਾ ਸਕਦੀਆਂ ਹਨ। ਸ਼ਬਦ ਦੁਆਰਾ ਮਨੁੱਖ ਸਰਬ-ਸ਼ਕਤੀਮਾਨ ਦਾ ਅੰਗ ਬਣ ਜਾਂਦਾ ਹੈ। ਸ਼ਬਦ ਦੁਆਰਾ ਅੰਤਸ਼ਕਰਨ ਪੂਰੀ ਤਰ੍ਹਾਂ ਘੜਿਆ ਜਾਂਦਾ ਹੈ, ਜਿਵੇਂ ਪੱਥਰ ਦੇ ਫਾਲਤੂ ਟੁਕੜੇ ਉਤਾਰ ਕੇ ਉਸ ਵਿਚੋਂ ਸੁੰਦਰ ਮੂਰਤੀ ਉਘਾੜੀ ਜਾਂਦੀ ਹੈ। ਦਰਅਸਲ ਮੂਰਤੀ ਨੂੰ ਪੱਥਰ ਵਿਚੋਂ ਡਿਸਕਵਰ (Discover) ਕਰਨਾ ਪੈਂਦਾ ਹੈ। ਭਗਵਾਨ ਨੂੰ ਵੀ ਇਨਸਾਨ ਦੇ ਅੰਤਸ਼ਕਰਨ ਵਿਚੋਂ ਉਜਾਗਰ ਕਰਨਾ ਪੈਂਦਾ ਹੈ। ਇਨਸਾਨ ਦੀ ਅੰਦਰਲੀ ਸੁੰਦਰ ਮੂਰਤ ਸ਼ਬਦ ਅਭਿਆਸ ਦੁਆਰਾ ਹੀ ਉਜਾਗਰ ਹੋ ਸਕਦੀ ਹੈ। ਇਸ ਅਨੂਪਮ ਘਾੜਤ ਲਈ ਇਕ ਵਿਸ਼ੇਸ਼ ਮਿਹਨਤ ਦੀ ਲੋੜ ਹੈ।

ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

ਇਕ ਬੜੀ ਵਧੀਆ ਕਹਾਣੀ ਹੈ ਕਿ ਇਕ ਕਾਰੀਗਰ ਬੰਦਾ ਆਪਣੇ ਕੰਮ ਤੇ ਜਾ ਰਿਹਾ ਸੀ। ਉਹ ਕਾਰੀਗਰ ਸੰਗਤ੍ਰਾਸ ਸੀ। ਯਾਨੀ ਕਿ ਪੱਥਰ ਘੜਨ ਵਾਲਾ ਸੀ। ਰਸਤੇ ਵਿੱਚ ਜਾਂਦਿਆਂ ਇੱਕ ਵੱਡੇ ਪੱਥਰ ਨਾਲ ਉਸ ਦਾ ਪੈਰ ਵੱਜ ਕੇ ਟੁੱਟ ਗਿਆ। ਕਾਰੀਗਰ

ਆਦਮੀ ਸੀ। ਉਸ ਨੇ ਉਸ ਪੱਥਰ ਨੂੰ ਇਕ ਪਾਸੇ ਕੀਤਾ ਤੇ ਆਪਣੇ ਹਥਿਆਰ ਨਾਲ ਪੱਥਰ ਘੜ ਦਿੱਤਾ। ਫਾਲਤੂ ਟੁਕੜੇ ਉਤਾਰ ਕੇ ਵਿਚੋਂ ਸੁੰਦਰ ਮੂਰਤੀ ਬਣਾ ਦਿੱਤੀ। ਮੂਰਤੀ ਬੜੀ ਪਿਆਰੀ ਕ੍ਰਿਸ਼ਨ ਭਗਵਾਨ ਦੀ ਬਣਾਈ ਗਈ। ਉਸੇ ਰਸਤੇ ਹੀ ਇਕ ਮੰਦਰ ਦਾ ਪੁਜਾਰੀ ਲੰਘ ਰਿਹਾ ਸੀ। ਉਸ ਪੁਜਾਰੀ ਨੇ ਕ੍ਰਿਸ਼ਨ ਦੀ ਮੂਰਤੀ ਦੇਖੀ। ਸੁੰਦਰ ਹੋਣ ਕਰਕੇ ਉਸ ਨੇ ਉਹ ਮੂਰਤੀ ਕਾਰੀਗਰ ਤੋਂ ਖਰੀਦ ਲਈ। ਮੂਰਤੀ ਖਰੀਦ ਕੇ ਆਪਣੇ ਮੰਦਰ ਵਿੱਚ ਲਿਆ ਕੇ ਅਸਥਾਪਨ ਕਰ ਲਈ। ਮੂਰਤੀ ਨੂੰ ਲੋਕ ਮੱਥਾ ਟੇਕ ਰਹੇ ਸਨ। ਯਾਨੀ ਕਿ ਉਸੇ ਪੱਥਰ ਦੀ ਮੂਰਤੀ ਨੂੰ ਪ੍ਰਭੂ ਮੰਨਿਆ ਜਾ ਰਿਹਾ ਸੀ। ਮੂਰਤੀ ਘੜਨ ਵਾਲੇ ਕਾਰੀਗਰ ਨੇ ਵੀ ਅੱਖੀਂ ਵੇਖਿਆ ਕਿ ਅਜਬ ਕਰਿਸ਼ਮਾ ਹੈ। ਰਾਹ ਦਾ ਪੱਥਰ ਖੁਦਾ ਬਣ ਗਿਆ ਹੈ। ਕਿਸੇ ਸ਼ਾਇਰ ਨੇ ਬੜਾ ਸੁੰਦਰ ਜ਼ਿਕਰ ਕੀਤਾ ਹੈ ਕਿ—

ਪੱਥਰ ਥਾ ਰਾਹੇ ਕਾ, ਚੋਟ ਲਾਗੀ ਗਿਰ ਪੜਾ ॥
ਜਬ ਤਰਾਸ਼ਾ ਤੋ ਖੁਦਾ ਬਨ ਗਇਆ ॥
ਜਬ ਤਰਾਸ਼ੇ ਨਾ ਥੇ, ਪੱਥਰ ਥੇ ॥
ਤਰਾਸ਼ੇ ਤੋ ਖੁਦਾ ਬਣ ਗਏ ॥

ਦਰਅਸਲ ਪੱਥਰ ਦੀ ਪਰਿਭਾਸ਼ਾ ਇਹ ਹੈ ਕਿ ਪੱਥਰ ਬਾਹਰੋਂ ਵੱਜੇ ਤਾਂ ਸਰੀਰ ਜ਼ਖਮੀ ਹੁੰਦਾ ਹੈ। ਜਿਨ੍ਹਾਂ ਲੋਕਾਂ ਦੇ ਦਿਲ ਪੱਥਰ ਹੁੰਦੇ ਹਨ, ਉਹ ਅੰਦਰੋਂ ਚੋਟ ਕਰਦੇ ਹਨ। ਅੰਦਰੋਂ ਚੋਟ ਹੋਵੇ ਤਾਂ ਫਿਰ ਜ਼ਮੀਰ ਜ਼ਖ਼ਮੀ ਹੁੰਦੀ ਹੈ। ਦਰਅਸਲ ਪੱਥਰ ਦੇ ਅੰਦਰ ਮੂਰਤੀ ਹੈ ਅਤੇ ਇਨਸਾਨ ਦੇ ਅੰਦਰ ਭਗਵਾਨ ਹੈ। ਪੱਥਰ ਵੈਸੇ ਹੀ ਕਠੋਰ ਹੈ। ਪਰ ਇਨਸਾਨ ਦੀ ਸੁਰਤ ਮਤ, ਮਨ ਤੇ ਬੁਧ ਕਠੋਰ ਹਨ। ਪੱਥਰ ਨੂੰ ਬਾਹਰੋਂ ਨਾ ਘੜਿਆ ਜਾਵੇ ਤਾਂ ਉਹ ਬਾਹਰੋਂ ਦੁਖਦਾਈ ਹੈ। ਪਰ ਮਨੁੱਖ ਦੀ ਸੁਰਤ ਮਤ-ਮਨ ਤੇ ਬੁਧੀ ਨਾ ਘੜੀ ਜਾਵੇ ਤਾਂ ਇਹ ਦੂਜਿਆਂ ਦੇ ਰਾਹ ਦਾ ਰੋੜਾ ਹੈ। ਪੱਥਰ ਨੂੰ ਘੜ ਕੇ ਉਸ ਵਿਚੋਂ ਮੂਰਤੀ ਕੱਢਣੀ ਪੈਂਦੀ ਹੈ। ਪਰ ਇਨਸਾਨ ਦੇ ਮਨ, ਬੁਧ, ਚਿੱਤ ਤੇ ਅਹੰ ਨੂੰ ਘੜ ਕੇ ਪ੍ਰਭੂ ਨੂੰ ਪ੍ਰਾਪਤ ਕਰਨਾ ਪੈਂਦਾ ਹੈ। ਜਿਵੇਂ ਪੱਥਰ ਦੇ ਫਾਲਤੂ ਟੁਕੜੇ ਉਤਾਰ ਦਿੱਤੇ ਜਾਣ ਤਾਂ ਬਾਕੀ ਮੂਰਤੀ ਬਚਦੀ ਹੈ। ਇਨਸਾਨ ਵਿਚੋਂ ਕੂੜ, ਕਪਟ, ਕਲੇਸ਼, ਕਾਮ, ਕ੍ਰੋਧ ਅਤੇ ਅਹੰਕਾਰ ਆਦਿ ਫਾਲਤੂ ਟੁਕੜਿਆਂ ਨੂੰ ਕੱਢ ਦਿੱਤਾ ਜਾਵੇ ਤਾਂ ਬਾਕੀ ਰੱਬ ਬੱਚਦਾ ਹੈ। ਸ਼ੈਤਾਨ ਬਿਰਤੀ ਖਤਮ ਹੋ ਜਾਂਦੀ ਹੈ ਅਤੇ ਇਨਸਾਨ ਵਿੱਚ ਭਗਵਾਨ ਦੇ ਗੁਣ ਪ੍ਰਗਟ ਹੋਣੇ ਸ਼ੁਰੂ ਹੋ ਜਾਂਦੇ ਹਨ। ਸ਼ਬਦ ਦੁਆਰਾ ਇਨਸਾਨ ਦਾ ਅੰਤਸ਼ਕਰਣ ਪਵਿੱਤਰ ਹੁੰਦਾ ਹੈ ਅਤੇ ਘੜਿਆ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਫੈਸਲਾ ਹੈ ਕਿ ਇਕ ਸੁਨਿਆਰਾ ਸੋਨੇ ਨੂੰ ਪਹਿਲਾਂ ਕੁਠਾਲੀ ਵਿੱਚ ਪਾ ਕੇ ਗਾਲਦਾ ਤੇ ਉਬਾਲਦਾ ਹੈ, ਤਾਂਕਿ ਸੋਨੇ ਦੀ ਮੈਲ ਸੜ ਜਾਏ। ਫਿਰ ਉਸੇ ਸੋਨੇ ਨੂੰ ਅਹਿਰਨ ਯਾਨੀ ਕਿ ਇਕ ਲੋਹੇ ਦੇ ਟੁਕੜੇ ਉਪਰ ਰੱਖ ਕੇ ਘੜਦਾ ਹੈ। ਗੁਰਦੇਵ ਕਹਿੰਦੇ ਹਨ ਕਿ ਜਤ ਦੀ ਭੱਠੀ ਬਨਾਉਣੀ ਹੈ। ਯਾਨੀ ਕਿ ਆਚਰਣ ਉੱਚਾ ਰੱਖਣਾ ਹੈ। ਪਹਾਰਾ ਨਾਮ ਹੈ ਅੱਗ ਵਾਲੀ ਭੱਠੀ ਦਾ। ਆਪਣੇ ਧੀਰਜ ਨੂੰ ਸੁਨਿਆਰਾ ਬਨਾਉਣਾ ਹੈ। ਆਪਣੀ ਮਤ ਨੂੰ ਲੋਹੇ ਦੀ ਅਹਿਰਣ ਬਨਾਉਣਾ ਹੈ। ਗਿਆਨ ਨੂੰ ਹਥਿਆਰ ਬਨਾਉਣਾ ਹੈ। ਗਿਆਨ ਕਹੀਏ ਸ਼ਬਦ ਨੂੰ। ਸ਼ਬਦ ਦੇ ਹਥਿਆਰ ਦੁਆਰਾ ਆਪਣੇ ਅੰਤਸ਼ਕਰਣ

ਨੂੰ ਧੋਣਾ ਤੇ ਘੜਨਾ ਹੈ। ਮਨ, ਬੁਧ, ਚਿਤ ਅਤੇ ਅਹੰ। ਇਨ੍ਹਾਂ ਚਹੁੰਆਂ ਦੇ ਇਕੱਠ ਦਾ ਨਾਮ ਅੰਤਸ਼ਕਰਣ ਹੈ। ਸ਼ਬਦ ਅਭਿਆਸ ਦੁਆਰਾ ਇਹ ਅੰਤਸ਼ਕਰਣ ਦੀ ਮਲੀਨਤਾ ਵੀ ਸਾਫ਼ ਹੋਵੇਗੀ ਅਤੇ ਸ਼ੈਤਾਨ ਬਿਰਤੀਆਂ ਰੂਪ ਫਾਲਤੂ ਟੁਕੜੇ ਵੀ ਝੜ ਜਾਣਗੇ।

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥਿਆਰੁ ॥

(ਜਪੁਜੀ ਸਾਹਿਬ)

ਇਹੀ ਸੱਚੀ ਟਕਸਾਲ ਹੈ, ਜਿਥੇ ਸ਼ਬਦ ਦੁਆਰਾ ਇਨਸਾਨ ਨੂੰ ਘੜਿਆ ਜਾਂਦਾ ਹੈ, ਅਤੇ ਇਨਸਾਨ ਵਿੱਚ ਭਗਵਾਨ ਪ੍ਰਗਟ ਹੋ ਉਠਦਾ ਹੈ। ਇਹ ਪ੍ਰਭੂ ਦੇ ਨਾਮ ਦਾ ਅੰਮ੍ਰਿਤ, ਜਤ, ਧੀਰਜ, ਮਤ, ਗਿਆਨ, ਭਉ, ਤਪਤਾਉ ਅਤੇ ਭਾਉ ਦੀ ਮਿਲਵੀ ਸੱਚੀ ਟਕਸਾਲ ਵਿੱਚ, ਗੁਰੂ ਸ਼ਬਦ ਦੀ ਸੱਚੀ ਮੋਹਰ ਘੜੀ ਜਾਂਦੀ ਹੈ। ਭਾਵ ਕਿ ਜਿਸ ਉੱਚੀ ਆਤਮਿਕ ਅਵਸਥਾ ਵਿੱਚ, ਕੋਈ ਸ਼ਬਦ ਸਤਿਗੁਰੂ ਨੇ ਉਚਾਰਿਆ ਹੈ, ਸਿੱਖ ਨੂੰ ਭੀ ਉਹ ਸ਼ਬਦ ਉਸੇ ਹੀ ਉਚੀ ਅਵਸਥਾ ਵਿੱਚ, ਲੈ ਕੇ ਅੱਪੜਦਾ ਹੈ। ਫਿਰ ਕੂੜ ਦੀ ਕੰਧ ਟੁੱਟ ਜਾਂਦੀ ਹੈ। ਟਕਸਾਲ, ਉਸ ਥਾਨ ਨੂੰ ਕਿਹਾ ਜਾਂਦਾ ਹੈ ਜਿਥੇ ਸਰਕਾਰੀ ਕਰੰਸੀ (ਸਿੱਕੇ) ਬਣਾਏ ਜਾਂਦੇ ਹਨ। ਉਹਨਾਂ ਸਿੱਕਿਆਂ ਨੂੰ ਹੀ ਅਸਲੀ ਥਾਂ ਦੀ ਪ੍ਰਵਾਨਗੀ ਹੁੰਦੀ ਹੈ। ਨਕਲੀ ਸਿੱਕੇ ਨਹੀਂ ਚਲ ਸਕਦੇ।

ਗੁਰਦੇਵ ਦਾ ਫੈਸਲਾ ਹੈ ਕਿ ਜੋ ਜਤ, ਸਤ, ਧੀਰਜ, ਧਰਮ, ਗਿਆਨ, ਤਪੱਸਿਆ ਅਤੇ ਡਰ, ਪ੍ਰੇਮ ਦੀ ਸੱਚੀ ਟਕਸਾਲ ਵਿੱਚ ਘੜਿਆ ਜਾਂਦਾ ਹੈ, ਉਸ ਨੂੰ ਪ੍ਰਮਾਤਮਾ ਪ੍ਰਵਾਨ ਕਰਦਾ ਹੈ। ਪ੍ਰਭੂ ਦੀ ਸਰਕਾਰ, ਸੱਚੀ ਸਰਕਾਰ ਹੈ ਅਤੇ ਪ੍ਰਭੂ ਦੀ ਟਕਸਾਲ ਵੀ ਸੱਚੀ ਹੈ।

ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥

(ਜਪੁਜੀ)

ਜਿੰਨੀ ਦੇਰ ਤੱਕ ਬੰਦਾ ਘੜਿਆ ਨਾ ਜਾਵੇ, ਫਾਲਤੂ ਟੁਕੜੇ ਗਿਰ ਨਾ ਜਾਣ, ਓਨੀ ਦੇਰ ਮਨੁੱਖ ਦੇ ਅੰਦਰੋਂ, ਦੈਵੀ ਗੁਣ ਨਹੀਂ ਪ੍ਰਗਟ ਹੁੰਦੇ। ਦੈਵੀ ਗੁਣ ਹੀ ਪਰਮ ਅਨੰਦ ਦੇ ਸੋਮੇ ਵਿਚੋਂ ਨਿਕਲਦੇ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਦੀ ਜੋ ਰੂਪ-ਰੇਖਾ ਬਣਾਈ ਹੈ, ਉਸ ਦੇ ਦਰਸ਼ਨ ਕਰਕੇ ਮਨੁੱਖ ਨੂੰ ਸੰਸਾਰਕ ਸੇਧ ਵੀ ਮਿਲਦੀ ਹੈ ਅਤੇ ਅਧਿਆਤਮਕ ਪ੍ਰੇਰਨਾ ਵੀ ਮਿਲਦੀ ਹੈ। ਅਨੰਦਪੁਰ ਸਾਹਿਬ ਦੀ ਸਾਰੀ ਪਰਿਭਾਸ਼ਾ ਇਸ ਤਰ੍ਹਾਂ ਦੀ ਹੈ ਕਿ ਮਨੁੱਖ ਨੇ ਸੰਸਾਰ ਵਿੱਚ ਰਹਿੰਦਿਆਂ ਆਪਣੇ ਅਨੰਦ ਨੂੰ ਕਿਵੇਂ ਬਣਾਈ ਰੱਖਣਾ ਹੈ ਅਤੇ ਆਪਣੇ ਅੰਤਸ਼ਕਰਣ ਵਿੱਚ ਕਿਵੇਂ ਦੈਵੀ ਗੁਣ ਧਾਰਨ ਕਰਨੇ ਹਨ, ਤਾਂਕਿ ਮਨੁੱਖ ਦੇ ਆਪਣੇ ਆਪ ਤੋਂ ਹੀ ਆਪਣੇ ਅਨੰਦ ਨੂੰ ਕੋਈ ਖਤਰਾ ਪੈਦਾ ਨਾ ਹੋਵੇ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਦੀ ਸੁੱਰਖਿਆ ਲਈ ਛੇ ਕਿਲ੍ਹੇ ਬਣਵਾਏ ਸਨ। ਇਹ ਸਾਰੇ ਕਿਲ੍ਹੇ ਠੀਕ ਇਸ ਬਣਤਰ ਦੇ ਬਣਵਾਏ ਸਨ, ਜਿਵੇਂ ਕਿ ਹਰ ਸਰੀਰ ਦੀ ਬਣਤਰ ਬਣੀ ਹੋਈ ਹੈ। ਕਰਤਾਪੁਰਖ ਨੇ ਸਰੀਰ ਦੀ ਸੁੱਰਖਿਆ ਲਈ ਜਿਵੇਂ ਸੈਂਭ ਪ੍ਰਬੰਧ ਕੀਤਾ

ਹੈ, ਏਵੇਂ ਹੀ ਗੁਰਦੇਵ ਨੇ ਅਨੰਦਪੁਰ ਦਾ ਪ੍ਰਬੰਧ ਕੀਤਾ ਹੈ।

ਮਨੁੱਖ ਦੇ ਸਰੀਰ ਦਾ ਜਿੰਨਾ ਅਨੰਦ ਹੈ, ਉਹ ਮਸਤਕ ਵਿੱਚ ਹੈ। ਮਸਤਕ ਅਤੇ ਦਸਮ ਦੁਆਰ ਦੀ ਸੁੱਖਿਆ ਲਈ, ਅਕਾਲ ਪੁਰਖ ਨੇ ਕੇਸ ਪੈਦਾ ਕੀਤੇ ਹਨ। ਮਨੁੱਖ ਦੇ ਅਨੰਦ ਉੱਪਰ ਜਿੰਨੇ ਵੀ ਹਮਲੇ ਹੁੰਦੇ ਹਨ, ਉਹ ਮੋਹ ਦੀ ਸੈਨਾ ਹੀ ਕਰਦੀ ਹੈ। ਮੋਹ ਦੇ ਹਮਲਿਆਂ ਨੂੰ ਰੋਕਣ ਲਈ ਨਿਰਮੋਹ ਦੀ ਲੋੜ ਹੈ। ਯਾਨੀ ਕਿ ਬਿਬੇਕ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜਿਸ ਰੂਪ ਵਿੱਚ ਅਨੰਦਪੁਰ ਬਣਵਾਇਆ ਹੈ, ਉਹ ਇਸ ਤਰ੍ਹਾਂ ਹੈ ਕਿ

ਸਭ ਤੋਂ ਉੱਚੀ ਜਗ੍ਹਾ ਤੇ ਅਨੰਦਗੜ੍ਹ ਹੈ। ਉਸ ਦੇ ਪਿੱਛੇ ਕੇਸਗੜ੍ਹ ਹੈ। ਫਿਰ ਚਰਨ ਗੰਗਾ ਦੇ ਕਿਨਾਰੇ ਤੇ ਫਤਹਿਗੜ੍ਹ ਸਾਹਿਬ ਹੈ। ਫਿਰ ਲੋਹਗੜ੍ਹ ਹੈ। ਫਿਰ ਹੋਲਗੜ੍ਹ ਹੈ। ਫਿਰ ਨਿਰਮੋਹਗੜ੍ਹ ਹੈ। ਜਿਥੇ ਇਹ ਸਾਰੇ ਕਿਲ੍ਹੇ ਅਨੰਦਪੁਰ ਸਾਹਿਬ ਦੀ ਬਾਹਰੀ ਸੁੱਖਿਆ ਲਈ ਕੰਮ ਕਰਦੇ ਹਨ, ਉਥੇ ਹਰੇਕ ਮਨੁੱਖ ਨੂੰ ਅੰਦਰੂਨੀ ਸੇਧ ਵੀ ਦਿੰਦੇ ਹਨ।

ਅੰਦਰੂਨੀ ਭਾਵ ਨੂੰ ਜੇਕਰ ਸਮਝੀਏ, ਤਾਂ ਭਾਵ ਹੈ ਕਿ ਮਨੁੱਖ ਨੇ ਅਨੰਦਗੜ੍ਹ ਤੱਕ ਪਹੁੰਚਣਾ ਹੈ। ਅਨੰਦਗੜ੍ਹ (ਯਾਨੀ ਕਿ ਪਰਮ ਅਨੰਦ)। ਅਨੰਦ ਮਨੁੱਖ ਦੇ ਅੰਦਰਲੀ ਉਹ ਅਵਸਥਾ ਹੈ, ਜਿਸ ਅਵਸਥਾ ਵਿੱਚ ਮਨੁੱਖ ਨੂੰ ਕਿਸੇ ਹਾਲਤ ਵਿੱਚ ਵੀ ਡੁਲਾਇਆ ਨਹੀਂ ਜਾ ਸਕਦਾ। ਇਸ ਅਵਸਥਾ ਵਿੱਚ ਦੁਖ ਤੇ ਸੁਖ ਦੋਵੇਂ ਹੀ ਅਭਾਵ ਹੋ ਜਾਂਦੇ ਹਨ। ਅਨੰਦ ਇਕ ਐਸੀ ਅਵਸਥਾ ਹੈ, ਜੇ ਇਹ ਅਵਸਥਾ ਪ੍ਰਾਪਤ ਹੋ ਜਾਏ ਤਾਂ ਇਸ ਤੋਂ ਅਭਾਵ ਹੋਣ ਦਾ ਕੋਈ ਵਸੀਲਾ ਹੀ ਨਹੀਂ। ਜਿਵੇਂ ਸੁਖ ਆਉਂਦਾ ਹੈ ਤਾਂ ਦੁਖ ਦੇ ਆਉਣ ਦੇ ਨਾਲ ਹੀ ਸੁਖ ਦਾ ਅਭਾਵ ਹੋ ਜਾਂਦਾ ਹੈ। ਜਾਂ ਜਿਵੇਂ ਦਿਨ ਆਉਂਦਾ ਹੈ, ਤਾਂ ਰਾਤ ਦੇ ਆਉਣ ਨਾਲ ਦਿਨ ਦਾ ਅਭਾਵ ਹੋ ਜਾਂਦਾ ਹੈ। ਇਸ ਸੰਸਾਰ ਵਿੱਚ ਜੋ ਕੁਝ ਬਣਦਾ ਹੈ, ਉਸ ਦੇ ਪ੍ਰਤੀਕਰਮ ਇਕ ਦਿਨ ਸਭ ਕੁਝ ਅਭਾਵ ਹੋ ਜਾਂਦਾ ਹੈ। ਪਰ ਅਨੰਦ ਸਰੂਪ ਇਕ ਐਸੀ ਅਵਸਥਾ ਹੈ, ਜਿਸ ਦੇ ਮੁਕਾਬਲੇ ਕੋਈ ਐਸੀ ਹਾਲਤ ਨਹੀਂ ਜਿਹੜੀ ਅਨੰਦ ਨੂੰ ਅਭਾਵ ਕਰ ਸਕੇ। ਅਨੰਦ ਅੰਦਰੂਨੀ ਅੰਮ੍ਰਿਤ ਹੈ, ਜਿਸ ਨੂੰ ਕੇਵਲ ਆਪ ਹੀ ਅਨੁਭਵ ਕੀਤਾ ਜਾ ਸਕਦਾ ਹੈ, ਅਤੇ ਉਸ ਤੋਂ ਅੱਗੇ ਕੁਝ ਵੀ ਨਹੀਂ ਹੈ। ਇਹੀ ਸੱਚਖੰਡ ਹੈ, ਜਿਸ ਦੀ ਪ੍ਰਾਪਤੀ ਸ਼ਬਦ ਦੀ ਕਲਾ ਦੁਆਰਾ ਹੀ ਕੀਤੀ ਜਾ ਸਕਦੀ ਹੈ। ਅਨੰਦ ਵਾਲੀ ਅਵਸਥਾ ਨੂੰ ਖਤਮ ਕਰਨ ਲਈ ਕੋਈ ਅਵਸਥਾ ਨਹੀਂ ਆਉਂਦੀ। ਮੌਤ ਵੀ ਮੁਕਾਬਲਾ ਨਹੀਂ ਕਰ ਸਕਦੀ। ਇਹ ਸੰਤ ਤੇ ਭਗਤ ਲੋਕ ਜਿਸ ਨੂੰ ਪਰਮਾਨੰਦ ਆਖਦੇ ਹਨ, ਉਹ ਕਿਸੇ ਕਿਸਮ ਦੇ ਸੁਖ ਦਾ ਨਾਮ ਨਹੀਂ ਹੈ। ਜਿਥੇ ਦੁਖ ਤੇ ਸੁਖ ਦੋਵੇਂ ਮਿਟਦੇ ਹਨ, ਉਥੇ ਅਨੰਦ ਪੈਦਾ ਹੁੰਦਾ ਹੈ। ਸੁਰਤ ਪੂਰਨ ਯਾਤਰਾ ਕਰਕੇ, ਨਿਰਮੋਹ ਹੋ ਕੇ, ਸ਼ਬਦ ਵਿੱਚ ਉਤਰ ਜਾਏ ਤਾਂ ਅਨੰਦ ਪੈਦਾ ਹੁੰਦਾ ਹੈ। ਜਿਥੇ ਅਨੰਦ ਹੁੰਦਾ ਹੈ ਉਥੇ ਦੁਖ ਵੀ ਨਹੀਂ ਹੁੰਦਾ ਅਤੇ ਸੁਖ ਵੀ ਨਹੀਂ ਹੁੰਦਾ।

ਇਸ ਸੂਤਰ ਨੂੰ ਇਸ ਤਰ੍ਹਾਂ ਸਮਝ ਲਈਏ ਕਿ ਸੁਖ ਵੀ ਸਰੀਰ ਨੂੰ ਅਨੁਭਵ ਹੁੰਦਾ ਹੈ ਅਤੇ ਦੁਖ ਵੀ ਸਰੀਰ ਨੂੰ ਹੀ ਅਨੁਭਵ ਹੁੰਦਾ ਹੈ। ਪਰ ਜਿਥੇ ਅਨੰਦ ਹੈ, ਉਥੇ ਸਰੀਰ ਨਹੀਂ ਹੁੰਦਾ। ਉਸ ਅਵਸਥਾ ਵਿੱਚ ਕਿਸੇ ਨੂੰ ਸੁਖੀ ਤੇ ਦੁਖੀ ਕੀਤਾ ਹੀ ਨਹੀਂ ਜਾ ਸਕਦਾ। ਅਨੰਦ ਦੀ ਪ੍ਰਾਪਤੀ ਸ਼ਬਦ ਦੀ ਕਲਾ ਦੁਆਰਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸ਼ਬਦ ਤੋਂ ਬਿਨਾਂ ਕੋਈ ਹੋਰ ਜੁਗਤ ਨਹੀਂ ਕੰਮ ਕਰਦੀ।

ਪ੍ਰੰਪਰਾ ਅਤੇ ਸ਼ਬਦ ਦੀ ਕਲਾ

ਪ੍ਰੰਪਰਾ ਕੀ ਹੁੰਦੀ ਹੈ ? ਇਸ ਸਬੰਧ ਵਿੱਚ ਮੈਨੂੰ ਇਕ ਪੁਰਾਣੀ ਕਹਾਣੀ ਯਾਦ ਹੈ ਕਿ—ਇਕ ਪਿੰਡ ਵਿੱਚ ਇਕ ਬੁੱਢਾ ਰਹਿੰਦਾ ਸੀ। ਉਸ ਬਜ਼ੁਰਗ ਦੇ ਦੰਦਾਂ ਵਿੱਚ ਖੋੜਾਂ ਪੈ ਗਈਆਂ ਹੋਈਆਂ ਸਨ। ਜਦੋਂ ਉਹ ਭੋਜਨ ਕਰਦਾ ਸੀ ਤਾਂ ਭੋਜਨ ਉਸ ਦੇ ਦੰਦਾਂ ਵਿੱਚ ਫਸ ਜਾਂਦਾ ਸੀ। ਉਹ ਰੋਜ਼ ਆਪਣੀਆਂ ਲੜਕੀਆਂ ਤੇ ਨੂੰਹਾਂ ਨੂੰ ਕਹਿੰਦਾ ਸੀ ਕਿ ਮੈਨੂੰ ਇਕ ਡੱਕਾ ਦਿਉ ? ਮੈਂ ਆਪਣੇ ਦੰਦਾਂ ਵਿੱਚ ਫੇਰਨਾ ਹੈ। ਰੋਜ਼ ਹੀ ਉਸ ਨੂੰ ਡੱਕਾ ਮੰਗਣਾ ਪੈਂਦਾ ਸੀ। ਅਖੀਰ ਤੇ ਉਸ ਦੀਆਂ ਲੜਕੀਆਂ ਤੇ ਨੂੰਹਾਂ ਨੇ ਇਹ ਪੱਕਾ ਨਿਯਮ ਬਣਾ ਲਿਆ ਕਿ ਭੋਜਨ ਵਾਲੀ ਥਾਲੀ ਵਿੱਚ ਇਕ ਡੱਕਾ ਰੱਖ ਦਿਆ ਕਰਨਾ ਹੈ। ਇਸ ਤਰ੍ਹਾਂ ਉਹ ਰੋਜ਼ ਹੀ ਥਾਲੀ ਵਿੱਚ ਇਕ ਸਾਫ਼-ਸੁਥਰਾ ਡੱਕਾ ਰੱਖਣ ਲੱਗ ਗਈਆਂ। ਸਹਿਜੇ-ਸਹਿਜੇ ਉਹ ਡੱਕਾ ਹਰ-ਇੱਕ ਮੈਂਬਰ ਦੀ ਭੋਜਨ ਵਾਲੀ ਥਾਲੀ ਵਿੱਚ ਰੱਖਿਆ ਜਾਣ ਲੱਗਾ। ਅਖੀਰ ਤਾਂ ਇਹ ਆਦਤ ਪੁਰਾਣੀ ਹੋ ਗਈ। ਉਹ ਬਜ਼ੁਰਗ ਤਾਂ ਆਪਣੀ ਉਮਰ ਭੋਗ ਕੇ ਮਰ ਗਿਆ। ਪਰ ਡੱਕੇ ਵਾਲੀ ਆਦਤ ਉਸ ਪਰਿਵਾਰ ਵਿੱਚ ਚਲਦੀ ਰਹੀ। ਅਖੀਰ ਉਹ ਪੀੜ੍ਹੀ ਵੀ ਬਦਲ ਗਈ। ਨਵੀਂ ਪੀੜ੍ਹੀ ਦਾ ਇਕ ਨੌਜੁਆਨ ਇਕ ਦਿਨ ਸੋਚਣ ਲੱਗ ਪਿਆ ਕਿ ਥਾਲੀ ਵਿੱਚ ਇਹ ਇੱਕ ਡੱਕਾ ਕਿਉਂ ਰੱਖਿਆ ਜਾਂਦਾ ਹੈ ? ਉਸ ਨੇ ਆਪਣੀ ਮਾਂ ਨੂੰ ਪੁਛਿਆ ਕਿ ਇਹ ਡੱਕਾ ਕਿਉਂ ਰੱਖਿਆ ਜਾਂਦਾ ਹੈ ? ਮਾਂ ਨੇ ਜੁਆਬ ਦਿੱਤਾ ਕਿ, "ਇਹ ਸਾਡੇ ਘਰ ਦੀ ਪ੍ਰੰਪਰਾ ਹੈ।" ਤਾਂ ਉਸ ਲੜਕੇ ਨੇ ਕਿਹਾ ਕਿ ਜੇ ਪ੍ਰੰਪਰਾ ਹੈ ਤਾਂ ਇਕ ਛੋਟਾ ਡੱਕਾ ਕਿਉਂ ਰੱਖਿਆ ਜਾਂਦਾ ਹੈ ? ਮੈਂ ਇਕ ਸੋਹਣਾ ਜਿਹਾ ਰੰਗਦਾਰ ਡੱਕਾ ਕਿਸੇ ਕਾਰੀਗਰ ਕੋਲੋਂ ਬਣਵਾ ਕੇ ਲਿਆਉਂਦਾ ਹਾਂ। ਤਾਂ ਫਿਰ ਉਸ ਲੜਕੇ ਨੇ ਸੋਹਣੇ-ਸੋਹਣੇ ਕਈ ਡੱਕੇ ਕਿਸੇ ਲੱਕੜ ਦੇ ਕਾਰੀਗਰ ਕੋਲੋਂ ਬਣਵਾ ਕੇ ਤੇ ਰੰਗ ਕਰਵਾ ਕੇ ਲੈ ਆਂਦੇ। ਹੁਣ ਉਹ ਡੱਕੇ ਸਾਰਿਆਂ ਦੀਆਂ ਥਾਲੀਆਂ ਵਿੱਚ ਰਖਵਾਏ ਜਾਣ ਲੱਗੇ। ਸਾਰੇ ਸੋਚ ਰਹੇ ਸਨ ਕਿ ਸਾਡੇ ਬਜ਼ੁਰਗਾਂ ਵੱਲੋਂ ਚਲਾਈ ਹੋਈ ਇਹ ਪ੍ਰੰਪਰਾ ਹੈ। ਇਹ ਨਿਯਮ ਨਿਭਾਉਣਾ ਸਾਡਾ ਧਰਮ ਹੈ। ਅਖੀਰ ਉਹ ਪੀੜ੍ਹੀ ਵੀ ਬਦਲ ਗਈ। ਨਵੀਂ ਪੀੜ੍ਹੀ ਆਈ। ਉਸ ਪੀੜ੍ਹੀ ਵਿੱਚ ਵੀ ਇਕ ਨੌਜੁਆਨ ਨੇ ਸੋਚਿਆ ਕਿ ਜੇ ਇਹ ਪ੍ਰੰਪਰਾ ਹੀ ਹੈ ਤਾਂ ਫਿਰ ਲੱਕੜੀਆਂ ਨੂੰ ਥਾਲੀਆਂ ਵਿੱਚ ਰੱਖਣ ਦੀ ਬਜਾਇ, ਕਿਉਂ ਨਾ ਇਕ ਵੱਡੀ ਸਾਰੀ ਲੱਕੜ ਕਿਸੇ ਕਾਰੀਗਰ ਕੋਲੋਂ ਬਣਵਾ ਕੇ ਰੰਗ ਕਰਕੇ ਆਪਣੀ ਰਸੋਈ ਨੇੜੇ ਗੱਡ ਦਿੱਤੀ ਜਾਵੇ। ਸਾਰੇ ਪਰਿਵਾਰ ਦੇ ਮੈਂਬਰ ਉਸ ਦੇ ਨੇੜੇ ਬੈਠ ਕੇ ਹੀ ਖਾਣਾ ਖਾਇਆ ਕਰਨਗੇ। ਤਾਂ ਉਸ ਨੌਜੁਆਨ ਨੇ ਇਸ ਤਰ੍ਹਾਂ ਹੀ ਕੀਤਾ। ਇਕ ਸੋਹਣੀ ਅਤੇ ਵੱਡੀ ਸਾਰੀ ਬੱਲੀ, ਕਾਰੀਗਰ ਕੋਲੋਂ ਬਣਵਾ ਕੇ, ਰੰਗ ਕਰਕੇ, ਰਸੋਈ ਨੇੜੇ ਗੱਡ ਦਿੱਤੀ। ਹੁਣ ਸਾਰਾ ਪਰਿਵਾਰ ਉਸ ਵੱਡੀ ਬੱਲੀ ਨੇੜੇ ਬੈਠ ਕੇ ਖਾਣਾ ਖਾਂਦਾ ਸੀ।

ਇਕ ਦਿਨ ਉਹਨਾਂ ਦੇ ਘਰ ਵਿੱਚ ਇਕ ਮਹਿਮਾਨ ਆਇਆ। ਉਸ ਨੇ ਸਾਰੇ ਜੀਆਂ ਨੂੰ ਉਸ ਰੰਗਦਾਰ ਥੰਮਲੇ ਨੇੜੇ ਬੈਠ ਕੇ ਖਾਣਾ ਖਾਂਦਿਆਂ ਨੂੰ ਦੇਖ ਕੇ ਪੁਛਿਆ, "ਤੁਸੀਂ ਇਸ ਥੰਮਲੇ ਨੇੜੇ ਬੈਠ ਕੇ ਹੀ ਖਾਣਾ ਕਿਉਂ ਖਾਂਦੇ ਹੋ ?" ਉਹਨਾਂ ਸਾਰਿਆਂ ਨੇ ਜੁਆਬ ਦਿੱਤਾ ਕਿ ਇਹ ਸਾਡੇ ਜਠੇਰੇ ਹਨ। ਸਾਡੇ ਘਰ ਦੀ ਪ੍ਰੰਪਰਾ ਹੈ ਕਿ ਅਸੀਂ ਸਾਰੇ ਇਸ ਥੰਮਲੇ ਦੇ ਨੇੜੇ ਬੈਠ ਕੇ ਹੀ ਖਾਣਾ ਖਾਂਦੇ ਹਾਂ।

ਬੱਸ! ਪ੍ਰੰਪਰਾਵਾਂ ਇਸ ਤਰ੍ਹਾਂ ਹੀ ਬਣਦੀਆਂ ਹਨ। ਗੁਰੂ ਨਾਨਕ ਦੇਵ ਜੀ ਪ੍ਰੰਪਰਾਵਾਦ ਦੇ ਖਿਲਾਫ਼ ਸਨ। ਸਚਿਆਰ ਬੰਦੇ ਸ਼ਬਦ ਦੇ ਪੁਜਾਰੀ ਹੁੰਦੇ ਹਨ। ਪ੍ਰੰਪਰਾਵਾਦੀ ਨਹੀਂ ਹੁੰਦੇ। ਪ੍ਰੰਪਰਾਵਾਦੀ ਹਮੇਸ਼ਾ ਸਤਿਵਾਦੀਆਂ ਦਾ ਵਿਰੋਧ ਕਰਦੇ ਰਹੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੰਪਰਾਵਾਦੀ ਨਹੀਂ। ਸਤਿਵਾਦੀ ਹਨ। ਪ੍ਰੰਪਰਾਵਾਂ ਦੀਆਂ ਤਾਂ ਆਪ ਨੇ ਧੱਜੀਆ ਉਡਾ ਛੱਡੀਆਂ ਹਨ। ਆਸਾ ਦੀ ਵਾਰ ਦਾ ਇਕ ਬੜਾ ਕੀਮਤੀ ਸਲੋਕ ਹੈ ਆਪਦਾ ਅਤੇ ਇਹ ਸਲੋਕ ਪ੍ਰੰਪਰਾਵਾਦੀਆਂ ਦੇ ਖਿਲਾਫ਼ ਬਗਾਵਤ ਹੈ।

ਗੁਰਦੇਵ ਦੇ ਘਰ ਦੀ ਪ੍ਰੰਪਰਾ ਇਹ ਸੀ ਕਿ ਹਰੇਕ ਬੇਦੀ ਦੇ ਪੁੱਤਰ ਨੂੰ ਨੌਂ ਸਾਲ ਦੀ ਉਮਰ ਵਿੱਚ ਜਨੇਊ ਪਾਉਣਾ ਪਵੇਗਾ। ਜਦੋਂ ਗੁਰਦੇਵ ਨੌਂ ਸਾਲ ਦੀ ਉਮਰ ਦੇ ਹੋਏ ਤਾਂ ਉਨ੍ਹਾਂ ਦੇ ਗਲ ਵਿੱਚ ਵੀ ਜਨੇਊ ਪਾਇਆ ਜਾਣ ਲੱਗਾ। ਪਰ ਜਗਤ ਗੁਰੂ ਬਾਬੇ ਨੇ ਉਹ ਜਨੇਊ ਫੜ ਕੇ, ਇਕ ਪਾਸੇ ਰੱਖ ਦਿੱਤਾ। ਪੰਡਿਤ ਹਰਦਿਆਲ, ਬੇਦੀ ਕੁਲ ਦਾ ਪ੍ਰੋਹਤ ਸੀ। ਪੰਡਿਤ ਹਰਦਿਆਲ ਨੇ ਕਿਹਾ ਕਿ, "ਨਾਨਕ ਜੀ! ਇਹ ਕੁੱਲ ਦੀ ਪ੍ਰੰਪਰਾ ਹੈ। ਤੁਹਾਨੂੰ ਜਨੇਊ ਪਾਉਣਾ ਹੀ ਪਏਗਾ।" ਗੁਰੂ ਨਾਨਕ ਦੇਵ ਜੀ ਨੇ ਪ੍ਰੋਹਤ ਹਰਦਿਆਲ ਨੂੰ ਕਿਹਾ ਕਿ "ਮੈਂ ਪ੍ਰੰਪਰਾਵਾਦੀ ਨਹੀਂ।" ਪੰਡਿਤ ਨੇ ਬੜਾ ਕਿਹਾ ਕਿ ਤੇਰੇ ਦਾਦਾ ਪੜਦਾਦਾ ਤੇ ਹੁਣ ਤੇਰੇ ਪਿਤਾ ਨੇ ਵੀ ਜਨੇਊ ਪਾਇਆ ਹੈ। ਤੈਨੂੰ ਵੀ ਪਾਉਣਾ ਪਏਗਾ। ਗੁਰਦੇਵ ਕਹਿਣ ਲੱਗੇ, "ਪੰਡਿਤ ਜੀ ਮੈਂ ਇਹ ਜਨੇਊ ਇਸ ਤਰ੍ਹਾਂ ਨਹੀਂ ਪਾਉਣਾ। ਮੈਂ ਸਤਿਵਾਦੀ ਹਾਂ, ਇਸ ਜਨੇਊ ਦੀ ਪ੍ਰੰਪਰਾ ਵਿੱਚ ਸੱਚਾਈ ਕੀ ਹੈ ? ਇਹ ਪਤਾ ਕਰਨ ਤੋਂ ਬਿਨਾਂ ਮੈਂ ਜਨੇਊ ਨਹੀਂ ਪਾਉਣਾ। ਤੁਸੀਂ ਧੱਕੇ ਨਾਲ ਜੇ ਪਾਉਗੇ ਤਾਂ ਮੈਂ ਤਾਂ ਵੀ ਨਹੀਂ ਪਾਉਣਾ। ਪ੍ਰੋਹਤ ਗੁਰਦੇਵ ਨੂੰ ਇਸ ਤੋਂ ਵੱਧ ਕੁਝ ਵੀ ਨਹੀਂ ਸੀ ਦੱਸ ਸਕਿਆ ਕਿ ਇਹ ਸਾਡੀ ਕੁਲ ਦੀ ਪ੍ਰੰਪਰਾ ਹੈ। ਗੁਰਦੇਵ ਨੇ ਕਿਹਾ ਕਿ ਪ੍ਰੰਪਰਾ ਤਾਂ ਭੇਡ-ਚਾਲ ਹੁੰਦੀ ਹੈ। ਮੈਂ ਭੇਡਾਂ ਵਾਂਗ ਨਹੀਂ ਜਿਊਣ ਵਾਲਾ। ਮੈਂ ਆਤਮਾ ਦੇ ਤਲ ਤੇ ਜਿਊਂਦਾ ਹਾਂ। ਹਾਂ! ਕੋਈ ਆਤਮਾ ਦੇ ਕੰਮ ਆਉਣ ਵਾਲਾ ਜਨੇਊ ਹੈ ਤਾਂ ਮੈਨੂੰ ਦਿਉ ? ਮੈਂ ਪਹਿਨ ਲਵਾਂਗਾ। ਜੇ ਚਾਰ ਪੈਸਿਆਂ ਦਾ ਬਜ਼ਾਰੋਂ ਧਾਗਾ ਮੰਗਵਾ ਕੇ, ਚੌਂਕੇ ਵਿੱਚ ਬੈਠ ਕੇ, ਵੱਟ ਕੇ ਮੈਨੂੰ ਪਾਉਣਾ ਹੈ ਤਾਂ ਮੈਂ ਨਹੀਂ ਪਾਉਣਾ। ਗੁਰਦੇਵ ਨੇ ਆਤਮਾ ਦੇ ਜਨੇਊ ਦੀ ਰੂਪ ਰੇਖਾ ਉਲੀਕੀ ਹੈ—

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥

<ਪੰਨਾ ੪੭੧>

ਇਹ ਜਨੇਊ ਸਚ ਦਾ ਜਨੇਊ ਹੈ। ਇਹ ਜਨੇਊ ਸਰੀਰ ਨੂੰ ਨਹੀਂ ਪਾਇਆ ਜਾਂਦਾ। ਇਹ ਜਨੇਊ ਆਤਮਾ ਦਾ ਜਨੇਊ ਹੈ। ਗੁਰੂ ਨਾਨਕ ਦੇਵ ਜੀ ਨੇ ਪਾਂਡੇ ਨੂੰ ਕਿਹਾ ਕਿ "ਮੈਂ ਤਾਂ ਇਹ ਸੱਚ ਦਾ ਜਨੇਊ ਪਾਉਣਾ ਹੈ। ਜੇ ਤੇਰੇ ਪਾਸ ਹੈ ਤਾਂ ਤੂੰ ਮੈਨੂੰ ਪਾ ਦੇ। ਵਰਨਾ, ਮੈਂ ਇਹ ਸੂਤ ਦੇ ਧਾਗੇ ਨਹੀਂ ਪਾਉਣੇ।" ਪੰਡਿਤ ਜ਼ਰਾ ਕ੍ਰੋਧ ਵਿੱਚ ਸੀ। ਉਸ ਨੇ ਧੱਕੇ ਨਾਲ ਹੀ ਜਨੇਊ ਪਾਉਣਾ ਚਾਹਿਆ। ਦਰਅਸਲ ਇਹ ਬ੍ਰਾਹਮਣਵਾਦੀ ਪ੍ਰੰਪਰਾ ਧੱਕੇ ਨਾਲ ਹੀ ਚਲ ਰਹੀ ਸੀ। ਗੁਰੂ ਨਾਨਕ ਸਾਹਿਬ ਜੀ ਬਿਲਕੁਲ ਆਜ਼ਾਦ ਅਤੇ ਨਿਡੱਰ ਸਨ। ਉਨ੍ਹਾਂ ਨੇ ਦੁਨੀਆਂ ਨੂੰ ਇਕ ਮਿਸ਼ਨ ਦੇਣਾ ਸੀ ਕਿ ਸਹਿਜ ਰਹੋ। ਜਿਸ ਤਰ੍ਹਾਂ ਕਰਤਾਰ ਨੇ ਆਪ ਨੂੰ ਸਵਤੰਤਰ ਜ਼ਿੰਦਗੀ ਦਿੱਤੀ ਹੈ, ਉਸ ਅਨੁਸਾਰ ਜੀਵੋ। ਨਾ ਕਿਸੇ ਨੂੰ ਡਰਾਉ ਤੇ ਨਾ ਕਿਸੇ ਤੋਂ ਡਰੋ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸੇ ਜਨੇਊ ਦੀ ਰਾਖੀ ਕਰਨ ਬਦਲੇ ਮੌਤ ਦਾ ਫਤਵਾ ਸੁਣਾਇਆ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਉਸ ਫਤਵਾ ਦੇਣ ਵਾਲੇ ਕਾਜ਼ੀ ਨੂੰ ਕਿਹਾ ਸੀ ਕਿ ਜੋ ਕੰਮ ਬ੍ਰਾਹਮਣ ਕਰਦਾ ਸੀ, ਉਹੀ ਕੰਮ ਔਰੰਗਜ਼ੇਬ ਕਰਦਾ ਹੈ। ਬ੍ਰਾਹਮਣ ਧੱਕੇ ਚਾਹੁੰਦਾ ਹੈ। ਦੋਵੇਂ ਹੀ ਸੱਚੇ ਨਹੀਂ ਹਨ। ਸੱਚੇ ਹਮੇਸ਼ਾ ਉਹ ਲੋਕ ਹੁੰਦੇ ਹਨ, ਜਿਨ੍ਹਾਂ ਵਿੱਚ ਸ਼ਬਦ ਉਜਾਗਰ ਹੁੰਦਾ ਹੈ। ਓਹੀ ਸਤਿਵਾਦੀ ਹੁੰਦੇ ਹਨ। ਸਤਿਵਾਦੀ ਹਮੇਸ਼ਾ ਜ਼ੁਲਮ ਦੇ ਖਿਲਾਫ਼ ਹੈ। ਗੁਰੂ ਤੇਗ ਬਹਾਦਰ ਜੀ, ਉਸ ਕਾਜ਼ੀ ਨੂੰ ਕਹਿੰਦੇ ਸਨ ਕਿ ਮੈਂ ਇਕ ਧਾਰਮਿਕ ਪੁਰਸ਼ ਹਾਂ। ਧਾਰਮਿਕ ਬੰਦੇ ਦੀ ਸ਼ਰਨ ਵਿੱਚ ਜਦੋਂ ਕੋਈ ਆਉਂਦਾ ਹੈ, ਤਾਂ ਉਸ ਨੂੰ ਉਸ ਦੀ ਬਾਂਹ ਪਕੜਨੀ ਹੀ ਪੈਂਦੀ ਹੈ। ਫਿਰ ਉਹ ਬਾਂਹ, ਓਨੀ ਦੇਰ ਤੱਕ ਧਰਮੀ ਲੋਕ ਨਹੀਂ ਛੱਡਦੇ ਜਿੰਨੀ ਦੇਰ ਧਰਮੀ ਬੰਦੇ ਦਾ ਸਿਰ ਧੜ ਤੇ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਇਕ ਸ਼੍ਰੇਣੀ ਵੱਲੋਂ ਹੋ ਰਹੇ ਧਾਰਮਿਕ ਜ਼ੁਲਮ ਦੇ ਖਿਲਾਫ਼ ਅੜ ਖਲੋਤੇ ਸਨ। ਇਸੇ ਤਰ੍ਹਾਂ ਹੀ ਨੌਵੇਂ ਨਾਨਕ ਅੜ ਖਲੋਤੇ। ਗੁਰੂ ਤੇਗ ਬਹਾਦਰ ਜੀ ਔਰੰਗਜ਼ੇਬ ਵੱਲੋਂ ਇਕ ਜਾਤੀ ਤੇ ਦੂਜੀ ਜਾਤੀ ਵਿਰੁੱਧ ਹੋ ਰਹੇ ਹਮਲੇ ਦੇ ਵਿਰੁੱਧ ਸ਼ਹਾਦਤ ਦੇਣ ਲਈ ਤਿਆਰ ਹੋ ਗਏ।

ਗੁਰੂ ਘਰ ਵਿੱਚ ਹਮੇਸ਼ਾ ਸ਼ਬਦ ਰਾਹੀਂ ਸੱਚ ਉਜਾਗਰ ਕੀਤਾ ਜਾਂਦਾ ਹੈ। ਸ਼ਬਦ ਜੀਵਨ ਦੀ ਆਤਮਿਕ ਖ਼ੁਰਾਕ ਹੈ। ਦਇਆਵਾਨ ਗੁਰੂ ਦੇ ਨੇਮਤਾਂ-ਭਰੇ ਲੰਗਰ ਤੋਂ ਲੋਕਾਂ ਦੀਆਂ ਇਛਾਵਾਂ ਪੂਰੀਆਂ ਹੁੰਦੀਆ ਹਨ ਅਤੇ ਆਮ ਲੋਕੀਂ ਤਨ ਦੀ ਖੁਰਾਕ ਨਾਲ ਮਨ ਦੀ ਗਜ਼ਾ ਵੀ ਪਾਉਂਦੇ ਸਨ।

ਮਕਸੂਦੇ ਜਾਨ ਵ ਗਜ਼ਾ-ਏ-ਜਿਸ਼ਮ ਹਾਸਿਲ ਸੀ ਸਾਜ਼ੰਦ ॥

* * *

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥

ਜੀਵਨ ਜੁਗਤਿ ਤੋਂ ਜੀਵਨ ਮੁਕਤ ਦਾ ਸਫਰ

ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥
ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥ - ਸਿਰੀਰਾਗੁ ਮਹਲਾ ੧

ਸ਼ਹਾਦਤ ਅਤੇ ਸ਼ਬਦ ਦੀ ਕਲਾ

ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਦੀ ਹਕੂਮਤ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਤਾਂ ਉਨ੍ਹਾਂ ਦੇ ਨਾਲ ਤਿੰਨ ਚਾਰ ਸਿੱਖਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਸੀ। ਦਿੱਲੀ ਦੀ ਇਕ ਬੜੀ ਪੁਰਾਣੀ ਡਰਾਉਣੀ ਤੇ ਢੱਠੀ ਹੋਈ ਹਾਲਤ ਵਿੱਚ ਇਕ ਹਵੇਲੀ ਸੀ। ਉਸ ਹਵੇਲੀ ਵਿੱਚ ਗੁਰਦੇਵ ਤੇ ਸਿੱਖਾਂ ਨੂੰ ਬੰਦ ਕਰ ਦਿੱਤਾ ਗਿਆ। ਲੋਕਾਂ ਦੇ ਮਨਾਂ ਵਿੱਚ ਏਸ ਹਵੇਲੀ ਬਾਰੇ ਵਿਸ਼ਵਾਸ਼ ਸੀ ਕਿ ਏਥੇ ਭੂਤ ਪ੍ਰੇਤਾਂ ਦਾ ਵਾਸਾ ਹੈ। ਭਾਈ ਮਤੀਦਾਸ ਗੁਰਦੇਵ ਨੂੰ ਪੁਛਦੇ ਹਨ ਕਿ ਗੁਰਦੇਵ ! ਸਾਨੂੰ ਇਸ ਭਿਆਨਕ ਹਵੇਲੀ ਵਿੱਚ ਕਿਉਂ ਡੱਕਿਆ ਗਿਆ ਹੈ ? ਗੁਰਦੇਵ ਕਹਿਣ ਲੱਗੇ ਕਿ ਏਸ ਕਰਕੇ ਕਿ ਅਸੀਂ ਇਸ ਖੌਫ਼ਨਾਕ ਦ੍ਰਿਸ਼ ਵਿੱਚ ਘਬਰਾ ਜਾਈਏ। ਮਤੀਦਾਸ ਕਹਿਣ ਲੱਗੇ ਗੁਰਦੇਵ ! ਪਰ ਇਹਨਾਂ ਵਿਚਾਰਿਆਂ ਨੂੰ ਇਹ ਨਹੀਂ ਪਤਾ ਕਿ ਅਸੀਂ ਅਨੰਦਪੁਰ ਦੇ ਵਾਸੀ ਹਾਂ ਤੇ ਮੌਤ ਤੋਂ ਪਰੇ ਨਿਵਾਸ ਕੀਤਾ ਹੋਇਆ ਹੈ। ਗੁਰਦੇਵ ਨੇ ਮਤੀਦਾਸ ਨੂੰ ਪੁੱਛਿਆ ਮਤੀਦਾਸ ! ਅਨੰਦਪੁਰ ਦੇ ਵਾਸੀ ਦੀ ਕੀ ਪਹਿਚਾਣ ਹੈ ? ਤਾਂ ਭਾਈ ਮਤੀਦਾਸ ਨੇ ਉੱਤਰ ਦਿੱਤਾ ਕਿ—

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥ *(ਪੰਨਾ ੨੧੯)*

ਇਹ ਬੜੀ ਖੂਨ ਭਿਜੀ ਘਟਨਾ ਹੈ ਕਿ ਗੁਰੂ ਦੇ ਸਿੱਖਾਂ ਅਤੇ ਗੁਰਦੇਵ ਨੇ ਆਪ ਇਹ ਸੁਖ ਦੁਖ ਸਮ ਕਰਕੇ ਜਾਨਣ ਵਾਲੀ ਘਟਨਾ ਸੱਚ ਕਰਕੇ ਦਿਖਾਈ ਸੀ।

ਗੁਰੂ ਤੇਗ ਬਹਾਦਰ ਜੀ ਅਤੇ ਸਿੱਖਾਂ ਨੂੰ ਇਕ ਲੋਹੇ ਦੀਆਂ ਸੂਲਾਂ ਵਾਲੇ ਪਿੰਜਰੇ ਵਿੱਚ ਬੰਦ ਕਰਕੇ ਚਾਂਦਨੀ ਚੌਕ ਵਿੱਚ ਲਿਆਂਦਾ ਗਿਆ। ਆਪ ਜੀ ਸੂਲਾਂ ਵਾਲੇ ਪਿੰਜਰੇ ਵਿੱਚ ਰਹਿ ਕੇ ਵੀ ਪ੍ਰਸੰਨ ਚਿਤ ਸਨ। ਸੂਲਾਂ ਵਾਲਾ ਪਿੰਜਰਾ ਵੀ ਐਸਾ ਸੀ ਕਿ ਜਿਸ ਵਿੱਚ ਨਾ ਬੈਠਾ ਜਾਂਦਾ ਸੀ। ਨਾ ਖਲੋਤਾ ਜਾਂਦਾ ਸੀ, ਨਾ ਹੀ ਲੇਟਿਆ ਜਾਂਦਾ ਸੀ। ਪਰ ਗੁਰਦੇਵ ਨੇ ਕੋਈ ਸ਼ਿਕਾਇਤ ਵੀ ਨਹੀਂ ਕੀਤੀ ਤੇ ਨਾ ਹੀ ਚਿਹਰੇ ਉਤੇ ਉਦਾਸੀ ਆਉਣ ਦਿੱਤੀ ਸੀ।

ਅਨਿਕ ਉਪਾਇ ਕੀਏ ਬਹੁ ਰੋਕਾ ॥ ਇਕ ਸਮ ਮੁਖ ਤਿਨ ਕੋ ਅਵਲੋਕਾ ॥
ਨਹੀ ਤ੍ਰਾਸ ਤੇ ਦੇਖਯੋ ਦੀਨ ॥ ਬਦਨ ਪ੍ਰਕਾਸ ਪ੍ਰਸੰਨਤਾ ਲੀਨ ॥

(ਰਾਸ ਬਾਰਵੀਂ ਅੰਸੂ ੫੧)

ਕਾਜ਼ੀ ਮੌਲਾਣੇ ਬੜੇ ਮੁੱਤਸਬੀ ਸਨ। ਗੁਰੂ ਤੇਗ ਬਹਾਦਰ ਸਾਹਿਬ ਨੂੰ ਉਹ ਕਿਸੇ ਹਾਲਤ ਵਿਚ ਵੀ ਪ੍ਰਸੰਨ ਚਿੱਤ ਨਹੀਂ ਦੇਖਣਾ ਚਾਹੁੰਦੇ ਸਨ। ਗੁਰਦੇਵ ਨੂੰ ਦੁਖੀ ਕਰਨਾ ਸੀ, ਇਸ ਕਰਕੇ ਗੁਰਦੇਵ ਦੇ ਸਿੱਖਾਂ ਨੂੰ ਗੁਰਦੇਵ ਦੇ ਸਾਹਮਣੇ ਤਸੀਹੇ ਦੇਣੇ ਆਰੰਭ ਕੀਤੇ। ਭਾਈ ਮਤੀ ਦਾਸ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੀਵਾਨ ਸਨ। ਗੁਰਦੇਵ ਦੇ ਪਿਆਰੇ ਮਿੱਤਰ ਅਤੇ ਵੱਡੇ ਸਾਥੀ ਭਾਈ ਮਤੀ ਦਾਸ ਜੀ ਸਨ।

ਭਾਈ ਪਰਾਗਾ ਛਿੱਬੇਂ ਪਾਤਸ਼ਾਹ ਦਾ ਸਿਖ ਜਿਸ ਦੇ ਪੜਪੋਤਾ ਭਾ. ਮਤੀ ਦਾ
ਸਤੀ ਦਾਸ ਪਤੀ ਦਾਸ ਤੇ ਸਖੀ ਦਾਸ

ਮਮ ਮਿਤ੍ਰ ਸਹਾਇਕ ਭਾਰੀ ॥

ਗੁਰੂ ਤੇਗ ਬਹਾਦਰ ਸਾਹਿਬ ਦੀ ਕ੍ਰਿਪਾ ਸਦਾ ਭਾਈ ਮਤੀ ਦਾਸ ਤੇ ਰਹੀ ਸੀ। ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਸਕੇ ਭਰਾ ਸਨ। ਗੁਰੂ ਤੇਗ ਬਹਾਦਰ ਜੀ ਨੂੰ ਦੁਖੀ ਕਰਨ ਹਿਤ, ਕਾਜ਼ੀਆਂ ਮੌਲਾਣਿਆਂ ਨੇ ਉਨ੍ਹਾਂ ਦੇ ਸਭ ਵਧ ਪਿਆਰੇ ਸਿੱਖਾਂ ਨੂੰ ਤਸੀਹੇ ਦੇਣੇ ਆਰੰਭ ਕੀਤੇ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਦੇਣ ਦਾ ਹੁਕਮ ਦਿੱਤਾ ਗਿਆ। ਜੱਲਾਦਾਂ ਨੇ ਭਾਈ ਮਤੀਦਾਸ ਕੋਲੋਂ ਮੰਗ ਪੁੱਛੀ ? ਤਾਂ ਭਾਈ ਸਾਹਿਬ ਨੇ ਕੇਵਲ ਏਨਾ ਹੀ ਕਿਹਾ ਕਿ ਜਦੋਂ ਮੈਨੂੰ ਆਰੇ ਨਾਲ ਚੀਰਿਆ ਜਾਵੇ ਤਾਂ ਮੇਰਾ ਮੂੰਹ, ਗੁਰੂ ਤੇਗ ਬਹਾਦਰ ਸਾਹਿਬ ਵੱਲ ਹੀ ਰੱਖਿਓ। ਮਹਿਮਾ ਪ੍ਰਕਾਸ਼ ਦੇ ਕਰਤਾ ਕਥਨ ਕਰਦੇ ਹਨ ਕਿ—

ਦੋ ਤਖਤ ਮੇ ਦੀਆਂ ਬੰਧਾਇ ॥
ਜਲਾਦਨ ਕੋ ਹੁਕਮ ਕਰਵਾਇਆ ॥
ਆਰੇ ਸੋ ਤਿਸ ਤਨ ਚਿਰਵਾਇਆ ॥

ਕਹਿੰਦੇ ਹਨ ਕਿ ਜੱਲਾਦ ਜਦੋਂ ਭਾਈ ਮਤੀ ਦਾਸ ਨੂੰ ਚੀਰਨ ਵਾਸਤੇ ਆਰਾ ਤਿਆਰ ਕਰ ਰਹੇ ਸਨ, ਤਾਂ ਭਾਈ ਸਾਹਿਬ ਨੇ ਸ਼ਬਦ ਅਭਿਆਸ ਦੁਆਰਾ ਕੁਝ ਆਪਣੇ ਸੁਆਸਾਂ ਦੀ ਆਵਾਜ਼ ਕੀਤੀ। ਜੱਲਾਦਾਂ ਨੇ ਪੁੱਛਿਆ "ਤੂੰ ਕੋਈ ਕਰਾਮਾਤ ਕਰਦਾ ਹੈ ?" ਭਾਈ ਸਾਹਿਬ ਕਹਿਣ ਲੱਗੇ ਨਹੀਂ, ਆਪਣੇ ਮਨ ਨੂੰ ਤਿੱਖਿਆਂ ਕਰਦਾ ਹਾਂ। ਤੂੰ ਆਪਣੇ ਆਰੇ ਨੂੰ ਤਿੱਖਾ ਕਰਦਾ ਹੈਂ। ਮੈਂ ਆਪਣੇ ਮਨ ਨੂੰ ਦ੍ਰਿੜ੍ਹ ਕਰਦਾ ਹਾਂ। ਕਿਉਂਕਿ ਸ਼ਬਦ ਹੀਣਾ ਮਨ, ਸਰੀਰ ਦੀ ਦਰਦ ਮਹਿਸੂਸ ਕਰਦਾ ਹੈ। ਮੈਂ ਮਨ ਨੂੰ ਸ਼ਬਦ ਵਿੱਚ, ਲੀਨ ਕਰ ਰਿਹਾ ਹਾਂ।" ਜੱਲਾਦਾਂ ਨੇ ਭਾਈ ਮਤੀਦਾਸ ਦੇ ਸਿਰ 'ਤੇ ਆਰਾ ਰੱਖ ਦਿੱਤਾ। ਅਜੇ ਥੋੜ੍ਹਾ ਹੀ ਜ਼ਖਮ ਹੋਇਆ ਸੀ। ਜੱਲਾਦਾਂ ਨੇ ਇਕ ਵਾਰ ਤਰਸ ਕਰਕੇ ਭਾਈ ਮਤੀਦਾਸ ਨੂੰ ਕਿਹਾ ਕਿ "ਤੂੰ ਅਜੇ ਵੀ ਈਨ ਮੰਨ ਜਾ। ਤੇਰੀ ਜਾਨ ਬਖਸ਼ੀ ਹੋ ਸਕਦੀ ਹੈ।" ਭਾਈ ਮਤੀ ਦਾਸ ਜੀ ਕਹਿਣ ਲੱਗੇ, "ਮੇਰੀ ਜਾਨ ਤਾਂ ਮੇਰੇ ਵਿੱਚ ਹੈ ਹੀ ਨਹੀਂ। ਜਿਸ ਨੂੰ ਤੁਸੀਂ ਚੀਰ ਰਹੇ ਹੋ, ਓਹ ਤਾਂ ਪਹਿਲਾਂ ਹੀ ਮੁਰਦਾ ਹੈ।" ਜੱਲਾਦਾਂ ਨੇ ਪੁੱਛਿਆ ਤੇਰੀ ਜਾਨ ਕਿਥੇ ਹੈ ? ਭਾਈ ਸਾਹਿਬ ਕਹਿਣ ਲੱਗੇ, "ਉਹ ਤਾਂ ਮੈਂ ਸ਼ਬਦ ਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ ਵਿੱਚ ਅਰਪਣ ਕਰ ਦਿੱਤੀ ਹੈ। ਮੈਂ ਤਾਂ ਮੁਰਦਾ ਹਾਂ। ਸੋ ਐਵੇਂ ਨਹੀਂ ਭਾਈ ਗੁਰਦਾਸ ਜੀ ਨੇ ਇਹ ਆਖਿਆ ਕਿ—

'ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ ।

ਸੋ ਜੱਲਾਦਾਂ ਨੇ ਭਾਈ ਮਤੀ ਦਾਸ ਦੇ ਤਨ ਨੂੰ ਚੀਰਨਾ ਸ਼ੁਰੂ ਕਰ ਦਿੱਤਾ। ਭਾਈ ਮਤੀ ਦਾਸ ਨੇ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਸਾਰਾ ਸਰੀਰ ਵੀ ਚੀਰਿਆ ਗਿਆ ਤੇ ਜਪੁਜੀ ਸਾਹਿਬ ਦਾ ਭੋਗ ਵੀ ਪੈ ਗਿਆ। ਅਖੀਰਲਾ ਸਲੋਕ ਤਾਂ, ਭਾਈ ਮਤੀ ਦਾਸ ਦੇ ਸਰੀਰ ਦੇ ਦੋ ਟੁਕੜਿਆਂ ਨੇ ਰਲ ਕੇ ਪੜ੍ਹਿਆ।

ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥

(ਪੰਨਾ ੮)

ਜਦੋਂ ਭਾਈ ਸਾਹਿਬ ਦੇ ਤਨ ਦੇ ਦੋ ਟੁਕੜੇ ਧਰਤੀ 'ਤੇ ਡਿੱਗੇ ਤਾਂ ਦੋਵਾਂ ਵਿਚੋਂ ਜਪੁਜੀ ਸਾਹਿਬ ਦੀ ਆਵਾਜ਼ ਆ ਰਹੀ ਸੀ। ਦਰਅਸਲ ਆਪਣੇ ਤਨ ਦੇ ਦੋ ਟੁਕੜੇ ਏਨੇ ਸਿਦਕ ਵਿਚ ਰਹਿ ਕੇ ਕਟਵਾ ਲੈਣਾ, ਏਹੀ ਤਾਂ "ਸ਼ਬਦ ਦੀ ਕਲਾ" ਹੀ ਹੈ। ਸ਼ਬਦ ਲੀਨ ਹੋਏ ਤੋਂ ਬਿਨਾਂ ਕੋਈ ਇਸ ਤਰ੍ਹਾਂ ਨਹੀਂ ਜਿਉਂ ਸਕਦਾ। ਇਹ ਦ੍ਰਿਸ਼ ਦੇਖ ਕੇ ਚਾਂਦਨੀ ਚੌਂਕ ਵਿੱਚ ਮੌਜੂਦ ਲੋਕ ਮੂੰਹ ਵਿੱਚ ਉਂਗਲਾ ਪਾ ਰਹੇ ਸਨ। ਧੰਨ ਗੁਰੂ ਤੇ ਧੰਨ ਸਿੱਖੀ ਆਖ ਰਹੇ ਸਨ।

ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਇਸ ਸ਼ਹਾਦਤ ਦਾ ਇਸ ਤਰ੍ਹਾਂ ਜ਼ਿਕਰ ਹੈ ਕਿ

ਅਰਧੋ ਅਰਧ ਚਿਰਾਇ ਸੁ ਡਾਰਾ ॥ ਪਰਯੋ ਪ੍ਰਿਥੀ ਪਰ ਹ੍ਵੈ ਦੋ ਫਾਰਾ ॥
ਦੋਨਹੁ ਤਨ ਤੇ ਜਪੁਜੀ ਪਢੈ ॥ ਹੇਰਤ ਸਭ ਕੈ ਅਚਰਜ ਬਢੈ ॥

(ਅੰਸੂ ੫੪ ਰਾਸ ਬਾਰਵ੍ਹੀ)

ਭਾਈ ਮਤੀ ਦਾਸ ਜੀ ਦੀ ਸ਼ਹਾਦਤ ਗੁਰਦੇਵ ਦੀਆਂ ਅੱਖਾਂ ਦੇ ਸਾਹਮਣੇ ਹੋਈ। ਗੁਰਦੇਵ ਦੀ ਅਡੋਲਤਾ ਤੇ ਜਰ੍ਹਾ ਜਿੰਨਾ ਵੀ ਫ਼ਰਕ ਨਾ ਆਇਆ। ਜਦੋਂ ਸਿੱਖ ਏਨੇ ਸਿਦਕ ਨਾਲ ਸ਼ਹੀਦ ਹੋਇਆ ਹੈ, ਤਾਂ ਜਿਸ ਗੁਰੂ ਦਾ ਉਹ ਸਿੱਖ ਸੀ, ਉਸ ਤੇ ਕਿਉਂ ਕੋਈ ਭਟਕਣਾ ਆਉਣੀ ਸੀ। ਦਰਅਸਲ ਇਹ ਸ਼ਬਦ ਦੀ ਦੁਨੀਆਂ, ਮੌਤ ਤੋਂ ਪਰੇ ਦੀ ਦੁਨੀਆਂ ਹੈ। ਸਰੀਰ ਤੋਂ ਅੱਗੇ ਦੀ ਦੁਨੀਆਂ ਹੈ।

ਗੁਰੂ ਤੇਗ ਬਹਾਦਰ ਜੀ ਨੂੰ ਡੁਲਾਉਣ ਲਈ ਇਕ ਹੋਰ ਪਿਆਰੇ ਸਿੱਖ ਨੂੰ ਸ਼ਹੀਦ ਕਰਨ ਦੀ ਵਿਉਂਤ ਬਣਾਈ ਗਈ। ਦਰਅਸਲ ਧਰਮ ਦੀ ਦੁਨੀਆਂ, ਸੰਸਾਰ ਤੋਂ ਬਹੁਤ ਉੱਚੀ ਦੁਨੀਆਂ ਹੈ। ਆਖਰ ਏਸ ਹਕੂਮਤ ਦਾ ਗੁਰੂ ਤੇਗ ਬਹਾਦਰ ਸਾਹਿਬ ਨਾਲ ਕੀ ਵੈਰ ਸੀ ? ਕੋਈ ਵੈਰ ਨਹੀਂ ਸੀ, ਸਿਰਫ਼ ਪਾਣੀ ਅੱਗ ਦਾ ਮੇਲ ਨਹੀਂ ਹੋ ਸਕਦਾ। ਸੂਰਜ ਤੇ ਰਾਤ ਦਾ ਮੇਲ ਨਹੀਂ ਹੋ ਸਕਦਾ। ਮੈਂ ਇਕ ਕਹਾਣੀ ਆਪਣੇ ਵੱਡੇ ਬਾਬਾ ਜੀ ਤੋਂ ਸੁਣਦਾ ਹੁੰਦਾ ਸਾਂ।

ਇਕ ਵਾਰ ਅੰਧੇਰਾ, ਪ੍ਰਮਾਤਮਾ ਦੇ ਦਰਬਾਰ ਵਿੱਚ ਸ਼ਿਕਾਇਤ ਲੈ ਕੇ ਗਿਆ। ਪ੍ਰਮਾਤਮਾ ਨੇ ਅੰਧੇਰੇ ਦੀ ਸ਼ਿਕਾਇਤ ਸੁਣੀ। ਅੰਧੇਰੇ ਨੇ ਕਿਹਾ, "ਹੇ ਪ੍ਰਭੂ ! ਸੂਰਜ ਮੇਰਾ ਦੁਸ਼ਮਣ ਹੈ। ਸੂਰਜ ਮੈਨੂੰ ਤੰਗ ਕਰਦਾ ਹੈ। ਜਿਥੇ ਮੈਂ ਜਾਂਦਾ ਹਾਂ, ਸੂਰਜ ਉਥੇ ਹੀ ਆ ਜਾਂਦਾ ਹੈ। ਮੈਨੂੰ ਉਥੋਂ ਜਾਣਾ ਪੈਂਦਾ ਹੈ। ਸੂਰਜ ਮੈਨੂੰ ਕਿਤੇ ਵੀ ਟਿਕਣ ਨਹੀਂ ਦੇਂਦਾ।" ਇਹ ਅੰਧੇਰੇ ਦੀ ਫਰਿਆਦ ਸੁਣ ਕੇ ਪ੍ਰਮਾਤਮਾ ਨੇ ਸੂਰਜ ਨੂੰ ਕੋਲ ਬੁਲਾਇਆ ਅਤੇ, "ਕਿਹਾ ਤੂੰ ਅੰਧੇਰੇ ਗਰੀਬ ਨੂੰ ਕਿਉਂ ਤੰਗ ਕਰਦਾ ਹੈਂ ? ਅੰਧੇਰਾ ਤੇਰੀ ਸ਼ਿਕਾਇਤ ਕਰਦਾ ਹੈ ਕਿ ਮੈਂ ਜਿਥੇ ਜਾਂਦਾ ਹਾਂ ਉਥੇ ਹੀ ਸੂਰਜ ਆ ਜਾਂਦਾ ਹੈ।" ਇਹ ਸੁਣ ਕੇ ਸੂਰਜ ਪ੍ਰਮਾਤਮਾ ਨੂੰ ਕਹਿਣ ਲੱਗਾ, "ਹੇ ਪ੍ਰਭੂ ! ਮੈਂ ਤਾਂ ਅੱਜ ਤੱਕ ਵੀ ਅੰਧੇਰਾ ਦੇਖਿਆ ਨਹੀਂ। ਬਿਨਾਂ ਸ਼ੱਕ ਅੰਧੇਰੇ ਨੂੰ ਮੇਰੇ ਸਾਹਮਣੇ ਕਰਕੇ ਪੁੱਛ ਲਉ ?" ਕਹਿੰਦੇ ਹਨ ਕਿ ਪ੍ਰਮਾਤਮਾ ਅੰਧੇਰੇ ਨੂੰ ਦੇਖਣ ਲੱਗਾ ਤਾਂ ਅੰਧੇਰਾ ਉਥੋਂ ਗੁੰਮ ਹੋ ਚੁੱਕਾ ਸੀ। ਅੱਜ ਤੱਕ ਪ੍ਰਮਾਤਮਾ ਅੰਧੇਰੇ ਨੂੰ ਸੂਰਜ ਦੇ ਸਾਹਮਣੇ ਪੇਸ਼ ਕਰਨ ਦਾ ਜਤਨ ਕਰ ਰਿਹਾ ਹੈ, ਪਰ ਨਹੀਂ ਕਰ ਸਕਿਆ।

ਦਰਅਸਲ ਅੰਧੇਰ ਗਰਦੀ ਤੇ ਜ਼ੁਲਮ ਕੰਮ ਕਰਨ ਵਾਲੇ ਲੋਕ ਅੰਧੇਰਾ ਹੀ ਹੁੰਦੇ ਹਨ। ਉਹਨਾਂ ਦਾ ਕੋਈ ਧਰਮੀ ਪੁਰਸ਼ਾਂ ਨਾਲ ਕੋਈ ਵੈਰ ਨਹੀਂ ਹੁੰਦਾ। ਪਰ ਧਰਮ ਪ੍ਰਕਾਸ਼ ਹੈ। ਅੰਧੇਰਾ ਅੰਧੇਰਾ ਹੈ। ਅੰਧੇਰੇ ਦੀ ਵੈਸੇ ਹੀ ਪ੍ਰਕਾਸ਼ ਦੇ ਖਿਲਾਫ਼ ਸ਼ਿਕਾਇਤ ਰਹਿੰਦੀ ਹੈ।

ਧਰਮ ਏਸ ਤਰ੍ਹਾਂ ਦਾ ਸੂਰਜ ਹੈ, ਜਿਹੜਾ ਸਭਨਾਂ ਨੂੰ ਰੋਸ਼ਨੀ ਦੇਂਦਾ ਹੈ। ਧਰਮ ਆਪਣੀ ਥਾਂ 'ਤੇ ਆਪਣੇ ਜਮਾਂਦਰੂ ਰੂਪ ਨਾਲ ਚਲਦਾ ਹੈ। ਆਖਰ ਗੁਰੂ ਤੇਗ ਬਹਾਦਰ ਜੀ ਦੇ ਸ਼ਹਾਦਤ ਦੇ ਕਾਰਨ ਕੀ ਸਨ ? ਕੇਵਲ ਇਕ ਕਾਰਨ ਸੀ ਕਿ ਗੁਰੂ ਤੇਗ ਬਹਾਦਰ ਜੀ ਨੇ, ਸ਼ਰਨ ਆਇਆ ਦੀ ਬਾਂਹ ਪਕੜੀ ਸੀ। ਔਰੰਗਜ਼ੇਬ ਨੇ ਕਸ਼ਮੀਰ ਦੇ ਬ੍ਰਹਮਣਾਂ ਨੂੰ ਹਰ ਹਾਲਤ ਵਿੱਚ ਮੁਸਲਮਾਨ ਬਣਾਉਣ ਲਈ ਠਾਨੀ ਸੀ। ਕਸ਼ਮੀਰ ਦੇ ਬ੍ਰਹਮਣਾਂ ਨੇ ਗੁਰੂ ਤੇਗ਼ ਬਹਾਦਰ ਜੀ ਕੋਲ ਫਰਿਆਦ ਕੀਤੀ ਕਿ ਸਾਡੀ ਰਹਿਨੁਮਾਈ ਕਰੋ ? ਗੁਰਦੇਵ ਇਕ ਧਾਰਮਿਕ ਪੁਰਸ਼ ਹੋਣ ਕਰਕੇ—

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥

(ਪੰਨਾ ੫੪੪)

ਅਨੁਸਾਰ ਧਰਮ ਦਾ ਬਿਰਦ ਸਮਾਲਦੇ ਹੋਏ ਤੁਰ ਪਏ। ਅਸਲ ਵਿੱਚ ਸੂਰਜ ਅੰਧੇਰੇ ਦੇ ਪਿਛੇ ਨਹੀਂ ਗਿਆ। ਸੂਰਜ ਕੋਲੋਂ ਅੰਧੇਰਾ ਹੀ ਕੰਬਣ ਲੱਗ ਪਿਆ ਸੀ।

ਚਾਂਦਨੀ ਚੌਂਕ ਵਿੱਚ ਕੁਝ ਕਾਜ਼ੀ ਮੁਲਾਣਿਆਂ ਨੇ ਗੁਰਦੇਵ ਨੂੰ ਪੁੱਛਿਆ ਸੀ ਕਿ ਤੁਸੀਂ ਤਾਂ ਜੰਞੂ ਪਾਉਂਦੇ ਨਹੀਂ ? ਇਕ ਫਤਵਾ ਦੇਣ ਵਾਲੇ ਕਾਜ਼ੀ ਨੇ ਗੁਰਦੇਵ ਨੂੰ ਪੁੱਛਿਆ ਕਿ "ਮੈਂ ਸੁਣਿਆ ਹੈ ਕਿ ਤੁਸੀਂ ਨੌਂਵੇਂ ਨਾਨਕ ਹੋ ?" ਗੁਰਦੇਵ ਕਹਿਣ ਲੱਗੇ "ਹਾਂ ! ਮੈਂ! ਗੁਰੂ ਨਾਨਕ ਸਾਹਿਬ ਦੀ ਨੌਂਵੀਂ ਥਾਂ 'ਤੇ ਸੇਵਾ ਕਰ ਰਿਹਾ ਹਾਂ। ਇਸ ਕਰਕੇ ਲੋਕ ਮੈਨੂੰ ਨੌਂਵਾਂ ਨਾਨਕ ਕਹਿੰਦੇ ਹਨ।" ਉਹ ਕਾਜ਼ੀ ਪੁੱਛਣ ਲੱਗਾ ਕਿ "ਮੈਂ ਸੁਣਿਆ ਹੈ ਕਿ ਪਹਿਲੇ ਗੁਰੂ ਨਾਨਕ ਦੇਵ ਜੀ, ਜਨੇਊ ਨਹੀਂ ਸਨ ਪਾਉਂਦੇ ਅਤੇ ਤੁਸੀਂ ਵੀ ਜਨੇਊ ਨਹੀਂ ਪਾਉਂਦੇ। ਪਰ ਤੁਸੀਂ ਜਨੇਊ ਪਾਉਣ ਵਾਲਿਆਂ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਰਹੇ ਹੋ ? ਤੁਹਾਡੇ ਪਿਆਰੇ ਸਾਥੀਆਂ ਦੀਆਂ ਬੜੀ ਬੇ-ਰਹਿਮੀ ਨਾਲ ਕੁਰਬਾਨੀਆਂ ਦਿੱਤੀਆਂ ਜਾ ਰਹੀਆਂ ਹਨ। ਤੁਸੀਂ ਫਿਰ ਵੀ ਜੰਞੂ ਪਾਉਣ ਵਾਲਿਆਂ ਦੇ ਹੱਕ ਵਿੱਚ ਆਵਾਜ਼ ਉਠਾ ਰਹੇ ਹੋ?" ਗੁਰਦੇਵ ਨੇ ਕਿਹਾ, "ਕਾਜ਼ੀ! ਧਰਮੀ ਬੰਦੇ ਦੀ ਸ਼ਰਣ ਵਿੱਚ ਆਉਣ ਵਾਲਾ ਮਜ਼ਲੂਮ ਹੁੰਦਾ ਹੈ। ਧਰਮੀ ਦਾ ਧਰਮ ਹੈ ਕਿ ਮਜ਼ਲੂਮ ਦੀ ਬਾਂਹ ਫੜੇ। ਮੈਂ ਇਕ ਧਾਰਮਿਕ ਇਨਸਾਨ ਹਾਂ ! ਮੈਂ ਆਪਣੀ ਅਤੇ ਆਪਣੇ ਪਿਆਰੇ ਸਾਥੀਆਂ ਸ਼ਹਾਦਤ ਕਿਸੇ, ਬ੍ਰਹਮਣ, ਮੁਸਲਮਾਨ ਜਾਂ ਹਿੰਦੂ ਵਾਸਤੇ ਨਹੀਂ ਦੇ ਰਿਹਾ। ਮੈਂ ਤਾਂ, ਧਰਮ ਦਾ ਨਿਯਮ ਪਾਲਣਾ ਹੈ। ਕਿਉਂਕਿ ਮੈਂ ਧਾਰਮਿਕ ਬੰਦਾ ਹਾਂ, ਮੇਰੀ ਸ਼ਹਾਦਤ ਧਰਮ ਵਾਸਤੇ ਹੈ। ਅੱਜ ਦਾ ਮਜ਼ਲੂਮ ਹਿੰਦੂ ਹੈ ਅਤੇ ਹਕੂਮਤ ਜਾਲਮ ਹੈ। ਮਜ਼ਲੂਮ ਧਰਮ ਦੀ ਸ਼ਰਨ ਵਿਚ ਆਇਆ ਹੈ ਅਤੇ ਮੈਂ ਮਜ਼ਲੂਮ ਦੀ ਬਾਂਹ ਪਕੜ ਲਈ ਹੈ, ਮੇਰਾ ਤਨ ਰਹਿੰਦਿਆਂ ਤੱਕ, ਮੈਂ ਇਹ ਬਾਂਹ ਨਹੀਂ ਛੱਡਣੀ ਚਾਂਦ ਭੱਟ ਨੇ ਆਪਣੀ ਰਚਨਾ—"ਬੋਲਣਾ ਗੁਰੂ ਤੇਗ ਬਹਾਦਰ ਜੀ ਕਾ, ਜ਼ੁਬਾਨੀ ਭੱਟ ਕੀ", ਰਚਨਾ ਵਿਚ ਲਿਖਿਆ ਹੈ:

ਚਿਤ ਚਰਨ ਕਮਲ ਕਾ ਆਸਰਾ, ਚਿਤ ਚਰਨ ਕਮਲ ਸੰਗ ਜੋੜੀਐ ॥
ਮਨ ਲੋਚੈ ਬੁਰਿਆਈਆਂ ਗੁਰ ਸ਼ਬਦੀ ਇਹ ਮਨ ਹੋੜੀਐ ॥
ਬਾਂਹ ਜਿੰਨਾਂ ਕੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ ॥
ਤੇਗ ਬਹਾਦਰ ਬੋਲਿਆ "ਧਰ ਪਈਐ ਧਰਮ ਨ ਛੋੜੀਐ ॥"

ਬਾਕੀ ਰਹੀ ਗਲ ਗੁਰੂ ਨਾਨਕ ਦੇਵ ਜੀ ਦੇ ਜਨੇਊ ਪਾਉਣ ਦੀ। ਗਲ ਜਨੇਊ ਪਾਉਣ ਜਾਂ ਲਾਹੁਣ ਦੀ ਨਹੀਂ। ਗਲ ਤਾਂ ਜ਼ੁਲਮ-ਜ਼ੋਰ ਤੇ ਧੱਕੇ ਦੀ ਹੈ। ਗੁਰੂ ਨਾਨਕ ਦੇਵ ਜੀ ਦੇ ਗਲ ਵਿੱਚ ਜਨੇਊ ਧੱਕੇ ਨਾਲ ਪਾਇਆ ਜਾ ਰਿਹਾ ਸੀ। ਪਰੰਪਰਾ ਵਾਦੀ ਲੋਕ ਆਪਣੀ, ਹਉਮੈ ਨੂੰ ਪੱਠੇ ਪਾਉਣ ਲਈ ਜਨੇਊ ਪਾ ਰਹੇ ਸਨ। ਗੁਰਦੇਵ ਗੁਰੂ ਨਾਨਕ ਦੇਵ ਜੀ ਕਹਿੰਦੇ ਸਨ ਕਿ ਮੈਂ ਪ੍ਰੰਪਰਾਵਾਦੀ ਨਹੀਂ। ਮੈਂ ਸਤਵਾਦੀ ਹਾਂ। ਮੈਂ ਸੱਚ ਪਿਛੇ ਚਲਣ ਵਾਲਾ ਹਾਂ। ਇਹ ਗਲ ਵੱਖਰੀ ਹੈ ਕਿ ਕਈ ਵਾਰੀ ਸਤਵਾਦੀਆਂ ਨੂੰ ਅਤਵਾਦੀ ਆਖਿਆ ਜਾਂਦਾ ਹੈ। ਸਤਵਾਦੀ ਆਦਮੀ ਵਿੱਚ ਸ਼ਬਦ ਕੰਮ ਕਰਦਾ ਹੈ ਅਤੇ ਅੱਤਵਾਦੀ ਬੰਦਿਆਂ ਵਿੱਚ ਜ਼ੁਲਮ ਕੰਮ ਕਰਦਾ ਹੈ। ਪ੍ਰੰਪਰਾਵਾਦੀ ਸਿਰਫ਼ ਭੇਡਾਂ ਵਾਂਗ ਚਲਦੇ ਹਨ। ਪ੍ਰੰਪਰਾ ਤਾਂ ਲਕੀਰ ਦੀ ਫਕੀਰ ਹੁੰਦੀ ਹੈ।

ਸੋ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਫਤਵਾ ਦੇਣ ਵਾਲੇ ਕਾਜ਼ੀ ਨੂੰ ਕਿਹਾ ਕਿ ਧਰਮ ਵਾਸਤੇ ਧਰਮੀ ਇਨਸਾਨ ਨੂੰ ਏਸ ਤਰ੍ਹਾਂ ਹੀ ਕਰਨਾ ਪੈਂਦਾ ਹੈ। ਕਾਜ਼ੀ ਪੁੱਛਦਾ ਸੀ ਕਿ "ਤੁਸੀਂ ਆਪ ਤਾਂ ਜੰਞੂ ਪਾਉਂਦੇ ਨਹੀਂ। ਪਰ ਜੰਞੂ ਪਾਉਣ ਵਾਲਿਆਂ ਦੇ ਹੱਕ ਵਿੱਚ ਆਪਣੀ ਜਾਨ ਵੀ ਕੁਰਬਾਨ ਕਰ ਰਹੇ ਹੋ। ਕਿਉਂ ?" ਗੁਰਦੇਵ ਨੇ ਜੁਆਬ ਦਿੱਤਾ ਸੀ ਕਿ "ਕਸ਼ਮੀਰੀ ਬ੍ਰਾਹਮਣਾਂ ਦੀ ਥਾਂ 'ਤੇ ਮੱਕੇ ਮਦੀਨੇ ਤੋਂ ਕੋਈ ਹਾਜ਼ੀ ਮੇਰੇ ਕੋਲ ਆ ਕੇ ਕਹਿੰਦੇ ਕਿ ਸਾਡਾ ਹੱਜ਼ ਖਤਰੇ ਵਿੱਚ ਹੈ ਜਾਂ ਸਾਡੀਆਂ ਸੁੰਨਤਾ ਖਤਰੇ ਵਿੱਚ ਹਨ। ਜਾਂ ਸਾਡਾ ਕਲਮਾ ਤੇ ਕੁਰਾਨ ਖਤਰੇ ਵਿੱਚ ਹੈ, ਤਾਂ ਮੈਨੂੰ ਤਾਂ ਵੀ ਆਪਣਾ ਸਿਰ ਤਲੀ 'ਤੇ ਧਰ ਕੇ ਤੁਰਨਾ ਪੈਣਾ ਸੀ। ਕਿਉਂਕਿ ਮੈਂ ਧਾਰਮਿਕ ਬੰਦਾ ਹਾਂ। ਗੁਰਦੇਵ ਕਹਿ ਰਹੇ ਸਨ ਕਿ ਮੈਂ ਆਪਣੀ ਸ਼ਹਾਦਤ ਕਿਸੇ ਬ੍ਰਾਹਮਣ ਹਿੰਦੂ ਵਾਸਤੇ ਨਹੀਂ ਦੇ ਰਿਹਾ। ਮੈਂ ਤਾਂ ਧਰਮ ਦਾ ਨਿਯਮ ਪਾਲ ਰਿਹਾ ਹਾਂ। ਕਿਉਂਕਿ ਮੈਂ ਧਰਮੀ ਹਾਂ। ਸ਼ਹਾਦਤ ਹੈ, ਧਰਮ ਵਾਸਤੇ। ਕੋਈ ਮਜ਼ਲੂਮ ਧਰਮ ਦੀ ਸ਼ਰਣ ਵਿੱਚ ਆਉਂਦਾ ਹੈ ਤਾਂ ਧਾਰਮਿਕ ਬੰਦਾ, ਉਸ ਦੀ ਬਾਂਹ ਪਕੜਦਾ ਹੈ। ਆਪਣੇ ਤਨ ਦੇ ਰਹਿੰਦਿਆਂ ਤੱਕ ਫਿਰ ਉਹ ਬਾਂਹ ਛੱਡਦਾ ਨਹੀਂ ਹੈ। ਚਾਂਦ ਭੱਟ ਨੇ ਆਪਣੀ ਰਚਨਾ—"ਬੋਲਣਾ ਗੁਰੂ ਤੇਗ ਬਹਾਦਰ ਜੀ ਕਾ, ਜ਼ੁਬਾਨੀ ਭੱਟ ਕੀ,—

"ਚਿਤ ਚਰਨ ਕਮਲ ਕਾ ਆਸਰਾ, ਚਿਤ ਚਰਨ ਕਮਲ ਸੰਗ ਜੋੜੀਐ ॥
ਮਨ ਲੋਚੈ ਬੁਰਿਆਈਆਂ ਗੁਰ ਸ਼ਬਦੀ ਇਹ ਮਨ ਹੋੜੀਐ ॥
ਬਾਂਹ ਜਿੰਨਾ ਕੀ ਪਕੜੀਐ, ਸਿਰ ਦੀਜੈ ਬਾਂਹਿ ਨ ਛੋੜੀਐ ॥
ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਐ ॥

ਭੱਟ ਵਹੀ ਤਲੌਂਡਾ ਪਰਗਨਾ ਜੀਂਦ ਵਿੱਚ ਪੰਡਤ ਕ੍ਰਿਪਾ ਰਾਮ ਦੀ ਪੂਰੀ ਬੰਸਾਵਲੀ ਦੇ ਕੇ ਲਿਖਿਆ ਹੈ ਕਿ ਕ੍ਰਿਪਾ ਰਾਮ, ਪੁੱਤਰ ਅੜੂ ਰਾਮ, ਪੋਤਰਾ ਨਰਾਇਣ ਦਾਸ, ਪੜਪੋਤਰਾ, ਬ੍ਰਹਮ ਦਾਸ, ਬੰਸ ਠਾਕੁਰ ਦਾਸ, ਗੋਤ ਭਾਰਦਵਾਜ਼ ਦੇਸ਼ ਕਸ਼ਮੀਰ, ਪਰਗਣਾ ਮਟਨ ਦਾ ਰਹਿਣ ਵਾਲਾ, ਆਪਣੇ ਨਾਲ ਸੋਲਾਂ ਹੋਰ ਮੁਖੀ ਬ੍ਰਾਹਮਣਾਂ ਨੂੰ ਨਾਲ ਲੈ ਕੇ ਚੱਕ ਨਾਨਕੀ, ਸ੍ਰੀ ਅਨੰਦਪੁਰ ਸਾਹਿਬ, ਸਤਾਰਾਂ ਸੌ ਬੱਤੀ ਬਿਕ੍ਰਮੀ, ਜੇਠ ਸੁਦੀ ਗਿਆਰਾਂ (25 ਮਈ, 1675 ਈ:) ਨੂੰ ਨੌਵੇਂ ਮਹੱਲ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਆਇਆ।

ਆਪਣੀ ਸਾਰੀ ਦੀਨ ਦਸ਼ਾ ਗੁਰਦੇਵ ਨੂੰ ਸੁਣਾਈ। ਭੱਟ ਵਹੀ ਤਲੌਂਡਾ ਦੇ ਮੂਲ ਅੱਖਰ ਇਹ ਹਨ।

"ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ,
ਪੋਤਾ ਨਾਰਾਇਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ,
ਬੰਸ ਠਾਕੁਰ ਦਾਸ ਕਾ
ਗੋਤ ਭਾਰਦਵਾਜ਼
ਸਾਰ ਸੁਤ ਦੱਤ ਬ੍ਰਹਮਣ, ਵਾਸੀ ਮਟਨ ਪਰਗਣਾ
ਸ੍ਰੀ ਨਗਰ, ਦੇਸ਼ ਕਸ਼ਮੀਰ,
ਖੋੜਸ ਮੁਖੀ ਬ੍ਰਹਮਣੋ ਕਾ ਸੰਗ ਲੈ ਕੇ ਚੱਕ ਨਾਨਕੀ ਆਯਾ ॥
ਪਰਗਣਾ ਕਹਿਲੂਰ ਮਹਿ ਸੰਬਤ ਸਤਾਰੈ ਸੈ ਬਤੀਸ,
ਜੇਠ ਮਾਸੈ ਸੁਦੀ ਇਕਾਦਸ਼ੀ ਕਿ ਦਿਹੋਂ,
ਗੁਰੂ ਤੇਗ ਬਹਾਦਰ ਮਹਲਾ ਨੌਮਾ ਨੇ ਇਨ੍ਹੇ ਧੀਰਜ ਦੀਆ ॥"

ਮੂਲ ਗੱਲ ਕਿ ਏਨਾ ਸਤਾਰਾਂ ਬ੍ਰਹਮਣਾਂ ਨੇ ਜੋ ਦੁਰਦਸ਼ਾ ਆਪਣੀ ਹੁੰਦੀ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਕੋਲ ਵਰਨਣ ਕੀਤੀ ਹੈ, ਉਸ ਨੂੰ ਇਕ ਗੈਰ ਸਿੱਖ ਤੇ ਗੈਰ ਹਿੰਦੂ ਕਵੀ ਯੋਗੀ ਅਲ੍ਹਾ ਯਾਰ ਖਾਂ ਨੇ ਆਪਣੀ ਜ਼ਬਾਨੀ ਬੜਾ ਦਰਦਨਾਕ ਬਿਆਨ ਕੀਤਾ ਹੈ। ਉਹ ਕਹਿੰਦੇ ਹਨ ਕਿ—

ਬ੍ਰਹਮਣ ਹੂਏ ਜਾ ਗੁਰੂ ਜੀ ਸੇ ਨਾਲਾ॥
ਐ ਧਰਮ ਕੇ ਨਿਗਾਹ ਬਾਂ॥
ਹੈ ਔਰੰਗਜ਼ੇਬ ਬਾਦਸ਼ਾਹ ਜ਼ਾਲਿਮ ਸਿਤਮਗਾਂ॥
ਬਨਾਤਾ ਹੈ ਵੋਹ ਸਭ ਕੋ ਜ਼ਬਰਨ ਮੁਸਲਮਾਂ॥
ਹਮਾਰਾ ਕੋਈ ਫਰਿਆਦਾਵਰ ਨਹੀਂ ਹੈ॥
ਵਤਨ ਕੌਮ ਕੋਈ ਦਿਲਾਵਰ ਨਹੀਂ ਹੈ॥
ਬਨਾਏ ਕਿਸੇ ਹਮ ਦਾਦਾਵਰ ਹਿੰਦੂਓਂ ਕਾ॥
ਬਨੇ ਕੌਣ ਫਰਿਆਦ ਰਸ ਹਿੰਦੂਓਂ ਕਾ॥
ਹੈ ਲੈ ਦੇ ਕੇ ਇਕ ਸਹਾਰਾ ਤੁਮਾਰਾ॥
ਗਰੀਬਾਂ ਪਨਹਾ ਦੁਆਰਾ ਤੁਹਾਰਾ॥
ਤੁਮ੍ਹਾਰੀ ਸ਼ਰਨ ਲੀ ਹੈ ਸਾਹਿਬ, ਬਚਾ ਲੋ॥
ਭੰਵਰ ਮੇਂ ਹੈ ਨਾਉ ਹਮਾਰੀ, ਨਿਕਾਲੋ॥
ਮੁਸੀਬਤ ਜੋ ਭਾਰਤ ਮੇਂ ਆਈ ਟਾਲੋ॥

(ਯੋਗੀ ਅਲ੍ਹਾ ਯਾਰ ਖਾਂ)

ਇਹ ਵਿਥਿਆ ਉਨਾਂ ਮਜ਼ਲੂਮ ਹਿੰਦੂਆਂ ਦੀ ਸੀ, ਜੋ ਉਸ ਵਕਤ ਔਰੰਗਜ਼ੇਬ ਦੇ ਜ਼ੁਲਮ ਦਾ ਸ਼ਿਕਾਰ ਸਨ। ਇਕ ਗੈਰ ਸਿੱਖ ਅਤੇ ਗੈਰ ਹਿੰਦੂ ਹੈ, ਯੋਗੀ ਅਲ੍ਹਾ ਯਾਰ ਖਾਂ, ਜਿਸ ਨੇ ਇਹ ਬਿਆਨ ਕੀਤੀ ਹੈ। ਦਰਅਸਲ ਧਰਮ ਦੀ ਮਰਿਆਦਾ ਹੈ ਕਿ ਧਰਮੀ ਦੇ

ਵਿਹੜੇ ਵਿੱਚ ਕੋਈ ਵੀ ਮਜ਼ਲੂਮ ਆਵੇ, ਉਸ ਦੀ ਰਾਖੀ, ਧਰਮੀ ਬੰਦਾ ਜ਼ਰੂਰ ਕਰਦਾ ਹੈ।

ਗੁਰਦੇਵ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਸ਼ਹਾਦਤ ਕਿਸੇ ਹਿੰਦੂ ਜਾਂ ਸਿੱਖ ਵਾਸਤੇ ਨਹੀਂ ਸੀ ਦਿੱਤੀ। ਗੁਰਦੇਵ ਦੀ ਸ਼ਹਾਦਤ ਧਰਮ ਵਾਸਤੇ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪ ਬੜਾ ਸੁੰਦਰ ਵਿਸਥਾਰ ਵਿੱਚ ਕਿਹਾ ਹੈ ਕਿ—

ਧਰਮ ਹੇਤ ਸਾਕਾ ਜਿਨ ਕੀਆ ॥ ਸੀਸ ਦੀਆ ਪਰ ਸਿਰਰ ਨ ਦੀਆ
ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥

ਦਰਅਸਲ ਉਸ ਵਕਤ ਦਾ ਮਜ਼ਲੂਮ ਹਿੰਦੂ ਸੀ। ਧਰਮ ਤਾਂ ਸਰਬ ਵਿਆਪੀ ਹੁੰਦਾ ਹੈ। ਜਿਵੇਂ ਸ਼ਬਦ ਸਰਬ ਵਿਆਪੀ ਹੈ, ਪ੍ਰਮਾਤਮਾ ਸਰਬ ਵਿਆਪੀ ਹੈ। ਸ਼ਬਦ ਨੂੰ ਪਾਉਣ ਵਾਲਾ ਧਰਮੀ ਹੁੰਦਾ ਹੈ ਅਤੇ ਧਰਮ ਸਰਬ ਵਿਆਪੀ ਹੁੰਦਾ ਹੈ। ਸ਼ਬਦ ਦੀ ਲੋਅ ਵਿੱਚ ਸਾਰਾ ਸੰਸਾਰ ਕਰਤਾਰ ਦਾ ਰੂਪ ਹੁੰਦਾ ਹੈ। ਏਸ ਵਾਸਤੇ ਧਰਮੀ ਆਦਮੀ ਲਈ ਸਾਰੇ ਰੱਬ ਦੇ ਜੀਅ ਹੁੰਦੇ ਹਨ। ਉਸ ਵਕਤ ਹਿੰਦੂਆਂ ਦੀ ਥਾਂ ਕੋਈ ਮੁਸਲਮਾਨ ਮਜ਼ਲੂਮਾਂ ਦੀ ਤਰ੍ਹਾਂ ਆ ਕੇ ਕਹਿੰਦਾ ਕਿ ਐ ਗੁਰਦੇਵ ! ਮੇਰਾ ਕਲਮਾਂ ਖਤਰੇ ਵਿੱਚ ਹੈ, ਮੇਰੀ ਰੱਖਿਆ ਕਰੋ ? ਤਾਂ ਗੁਰੂ ਤੇਗ ਬਹਾਦਰ ਨੂੰ ਉਹੀ ਕਰਨਾ ਪੈਣਾ ਸੀ, ਜੋ ਓਨਾ ਹਿੰਦੂਆਂ ਦਾ ਦੁੱਖ ਸੁਣ ਕੇ ਕੀਤਾ।

ਕਹਿੰਦੇ ਹਨ ਕਿ ਫਤਵਾ ਦੇਣ ਵਾਲਿਆਂ ਨੇ ਗੁਰੂ ਤੇਗ ਬਹਾਦਰ ਜੀ ਦੇ ਅਕੀਦੇ ਨੂੰ ਡੁਲਾਉਣ ਵਾਸਤੇ ਪਹਿਲਾਂ ਤਾਂ ਉਨ੍ਹਾਂ ਦੇ ਪਿਆਰੇ ਸਾਥੀ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਦਿੱਤਾ। ਗੁਰਦੇਵ ਨੇ ਮਨ 'ਤੇ ਕੋਈ ਅਸਰ ਨਾ ਹੋਇਆ। ਫਿਰ ਗੁਰਦੇਵ ਦੇ ਬਹੁਤ ਹੀ ਪਿਆਰੇ ਸਿੱਖ ਭਾਈ ਦਿਆਲਾ ਜੀ ਨੂੰ ਗੁਰਦੇਵ ਦੀਆਂ ਅੱਖਾਂ ਦੇ ਸਾਹਮਣੇ ਤਸੀਹੇ ਦੇਣੇ ਆਰੰਭ ਕੀਤੇ। ਭਾਈ ਦਿਆਲਾ ਜੀ ਗੁਰਦੇਵ ਦੇ ਏਨੇ ਪਿਆਰੇ ਸਿੱਖ ਸਨ ਕਿ ਗੁਰਦੇਵ ਸਦਾ ਉਹਨਾਂ ਨੂੰ ਭਾਈ ਸਾਹਿਬ ਕਹਿ ਕੇ ਬੁਲਾਉਂਦੇ ਸਨ। ਇਕ ਹੁਕਮਨਾਮੇ ਵਿੱਚ ਗੁਰਦੇਵ ਨੇ ਏਥੋਂ ਤੱਕ ਵੀ ਲਿਖਿਆ ਸੀ ਕਿ ਭਾਈ ਦਿਆਲਾ ਜੀ ਦਾ ਆਖਿਆ, ਸਾਡਾ, ਆਪਣਾ ਅਖਿਆ ਹੈ ਸੋ ਭਾਈ ਦਿਆਲਾ ਜੀ ਨੇ ਵੀ ਸਿਦਕ ਦੀ ਹੱਦ ਛੋਹ ਕੇ ਦਿਖਾਈ।

ਭੱਟ ਵਹੀ ਮੁਲਤਾਨੀ ਸਿੰਧੀ ਵਿੱਚ ਲਿਖਿਆ ਹੈ ਕਿ ਭਾਈ ਦਿਆਲਾ ਜੀ ਨੂੰ ਵੀ ਚਾਂਦਨੀ ਚੌਂਕ ਵਿੱਚ ਆਮ ਜਨਤਾ ਦੇ ਸਾਹਮਣੇ ਅਤੇ ਗੁਰੂ ਤੇਗ ਬਹਾਦਰ ਜੀ ਨੂੰ ਦਿਖਾ ਕੇ ਸ਼ਹੀਦ ਕੀਤਾ ਗਿਆ ਸੀ। ਜੋ ਅੱਖਰ ਏਸ ਵਹੀ ਵਿੱਚ ਦਰਜ ਹਨ, ਉਹ ਇਸ ਤਰ੍ਹਾਂ ਹਨ।

ਦਿਆਲ ਦਾਸ ਪੁਤਰ ਮਾਈ ਦਾਸ ਕਾ, ਪੋਤਾ, ਬੱਲੂ ਕਾ, ਪੜਪੋਤਾ ਮੂਲੇ ਕਾ.....॥
ਗੁਰੂ ਗੇਲੇ ਮਗਹਰ ਸੁਦੀ ਪੰਚਮੀ ਸੰਮਤ ੧੫੩੨ ਕੋ ਦਿੱਲੀ ਚਾਂਦਨੀ ਚੌਂਕ ਕੇ ਮੁਲਹਾਨ, ਸ਼ਾਹੀ ਹੁਕਮ ਗੈਲ ਮਾਰਾ ਗਿਆ ॥

(ਭੱਟ ਵਹੀ ਮੁਲਤਾਨੀ ਸਿੰਧੀ)

ਭਾਈ ਦਿਆਲਾ ਜੀ ਨੇ ਸ਼ਹਾਦਤ ਸਮੇਂ ਜੋ ਅਰਦਾਸ ਕੀਤੀ, ਉਹ ਇਹ ਸਿੱਧ ਕਰਦੀ

ਹੈ ਕਿ ਸਿੱਖਾਂ ਵਿੱਚ ਗੁਰੂ ਦਾ ਸ਼ਬਦ ਜਗਦਾ ਹੈ। ਗੁਰ ਸ਼ਬਦ ਤੋਂ ਬਿਨਾਂ ਇਹ ਸਿਦਕ ਨਿਭਾਇਆ ਨਹੀਂ ਜਾ ਸਕਦਾ। ਇਹ ਗੁਰ ਸ਼ਬਦ ਕਲਾ ਹੀ ਸੀ ਕਿ ਭਾਈ ਦਿਆਲਾ ਜੀ ਨੇ ਅੰਤਮ ਸਮੇਂ ਅਰਦਾਸ ਕਰਦੇ ਸਮੇਂ ਕਿਹਾ "ਹੇ ਗੁਰੂ ਅਰਜਨ ਦੇਵ ਜੀ! ਅੱਗੇ ਤੁਸੀਂ ਇਕ ਵਾਰੀ ਚੰਦੂ ਤੇ ਜਹਾਂਗੀਰ ਦੀ ਦੇਗ ਵਿੱਚ ਉਬਲੇ ਸੀ। ਹੁਣ ਔਰੰਗਜ਼ੇਬ ਦੀ ਦੇਗ ਵਿੱਚ ਆ ਕੇ ਉਬਲਦੇ ਸਿੱਖ ਦੀ ਲਾਜ ਰੱਖੋ॥" ਲੋਕ ਕਹਿੰਦੇ ਹਨ ਕਿ ਦੇਗ ਵਿੱਚ ਭਾਈ ਦਿਆਲਾ ਜੀ ਉਬਲੇ। ਪਰ ਸੱਚੀ ਗੱਲ ਇਹ ਹੈ ਕਿ ਸਿੱਖਾਂ ਵਿੱਚ ਆਪ ਸਤਿਗੁਰੂ ਸ਼ਬਦ ਹੋ ਕੇ ਵਰਤਦਾ ਹੈ ਅਤੇ ਭਾਈ ਦਿਆਲਾ ਜੀ ਦੇ ਰੂਪ ਵਿੱਚ ਫਿਰ ਪੰਜਵੇਂ ਪਾਤਸ਼ਾਹ ਹੀ ਉਬਲੇ ਸਨ। ਖਿੜੇ ਮੱਥੇ ਸ਼ਹੀਦੀਆਂ ਪਾ ਗਏ। ਪੰਥ ਪ੍ਰਕਾਸ਼ ਦੇ ਕਰਤਾ ਕਹਿੰਦੇ ਹਨ ਕਿ—

ਅਗਨਿ ਦੇਗ ਕੇ ਨੀਚੇ ਜਗਨ ਕਰਾ ਦਈ॥
ਹੋ ਸਿੱਖ ਨੇ ਨੱਕ ਨ ਵਟਯੋ, ਹਾਏ ਨ ਸੀ ਭਈ॥

ਏਹ ਸ਼ਹਾਦਤ ਦੇਖ ਕੇ ਵੀ ਗੁਰੂ ਤੇਗ ਬਹਾਦਰ ਸਾਹਿਬ ਦੀ ਅਡੋਲਤਾ 'ਤੇ ਕੋਈ ਫਰਕ ਨਾ ਪਿਆ। ਭਾਈ ਦਿਆਲਾ ਜੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹੇ ਤੇ ਦੇਗ ਵਿੱਚ ਉਬਲਦੇ ਰਹੇ। ਸਿੱਖ ਦਾ ਵਿਸ਼ਵਾਸ ਸੀ ਕਿ ਸੁਖਮਨੀ ਦੇ ਪਾਠ ਕਰਨ ਨਾਲ ਸਾਰਾ ਗਰਮ ਪਾਣੀ ਦਾ ਸੇਕ ਗੁਰੂ ਅਰਜਨ ਦੇਵ ਜੀ ਦੀ ਬਰਕਤ ਨਾਲ ਹੀ ਠੰਡਾ ਹੋ ਜਾਂਦਾ ਸੀ। ਭਾਵ ਕਿ ਸਿੱਖ ਵਿੱਚ ਗੁਰੂ ਸ਼ਬਦ, ਜੋਤ ਬਣ ਕੇ ਸਿੱਦਕ ਪ੍ਦਾਨ ਕਰਦਾ ਸੀ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਫਿਰ ਵੀ ਡੋਲਦਿਆਂ ਨਾ ਦੇਖ ਕੇ ਇਕ ਹੋਰ ਸਿੱਖ ਨੂੰ ਸਾਹਮਣੇ ਲਿਆਂਦਾ। ਇਹ ਵੀ ਗੁਰਦੇਵ ਦੇ ਅਨਿੰਨ ਸੇਵਕਾਂ ਵਿਚੋਂ ਮਹਾਨ ਸਿੱਖ ਸਨ। ਜਿੰਨਾ ਦਾ ਨਾਮ ਸੀ ਭਾਈ ਸਤੀ ਦਾਸ ਜੀ। ਭਾਈ ਸਤੀ ਦਾਸ ਵੀ, ਭਾਈ ਮਤੀ ਦਾਸ ਦੇ ਭਰਾ ਸਨ। ਭਾਈ ਸਤੀ ਦਾਸ ਗੁਰੂ ਘਰ ਦੇ ਵਿਦਵਾਨ ਲਿਖਾਰੀ ਸਨ। ਜੋ ਗੁਰੂ ਤੇਗ ਬਹਾਦਰ ਜੀ ਬਚਨ ਕਰਦੇ ਸਨ, ਭਾਈ ਸਤੀ ਦਾਸ ਜੀ ਉਹ ਸਭ ਫ਼ਾਰਸੀ ਅੱਖਰਾਂ ਵਿੱਚ ਉਤਾਰ ਲੈਂਦੇ ਸਨ। ਬਾਅਦ ਵਿੱਚ ਭਾਈ ਮਨੀ ਸਿੰਘ ਜੀ ਤੋਂ ਗੁਰੂ ਜੀ ਗੁਰਮੁਖੀ ਅੱਖਰਾਂ ਵਿੱਚ ਲਿਖਵਾ ਲੈਂਦੇ ਸਨ। ਭਾਈ ਮਨੀ ਸਿੰਘ ਜੀ ਨੇ ਕਾਫ਼ੀ ਪੋਥੀਆਂ ਬਣਵਾਈਆਂ ਸਨ। ਬੰਸਾਵਲੀ ਨਾਮੇ ਵਿੱਚ ਲਿਖਿਆ ਹੈ ਕਿ,

ਬਾਣੀ ਜੋ ਸਾਹਿਬ ਕਰਨ ਉਚਾਰੁ॥
ਸੋ ਸਤੀ ਦਾਸ ਨਿਤ ਕਰੇ ਫ਼ਾਰਸੀ,
ਅੱਖਰਾਂ ਵਿੱਚ ਉਤਾਰੁ॥

ਬੰਸਾਵਲੀ ਨਾਮੇ ਵਿੱਚ ਇਹ ਵੀ ਲਿਖਿਆ ਹੈ ਕਿ ਜੋ ਬਚਨ ਗੁਰਦੇਵ ਨੇ ਬੰਦੀਖਾਨੇ ਵਿੱਚ ਕੀਤੇ ਸਨ। ਉਹ ਭਾਈ ਸਤੀ ਦਾਸ ਨੇ ਲਿਖ ਲਏ ਸਨ। ਪਰ ਅਹਿਲਕਾਰਾਂ ਨੇ ਖੋਹ ਲਏ ਸਨ।

"ਨਿਤ ਸਾਹਿਬ ਬਾਣੀ ਉਚਾਰਦੇ ਸਨ ਅਤੇ ਸਤੀਦਾਸ ਲਿਖ
ਲਿਖ ਰੱਖਣ ਅਮਾਨ॥" ਬਾਣੀ ਬਹੁਤ ਆਹੀ, ਸਤੀ ਦਾਸ
ਪੁਰਸ਼ ਲਿਖੀ ਹੋਈ॥ ਤੁਰਕਾ ਨੇ ਖੋਹ ਲੀਤੀ ਸੋਈ॥੯੭॥

(ਬੰਸਾਵਲੀ ਨਾਮਾ)

ਅਖੀਰ ਭਾਈ ਸਤੀ ਦਾਸ ਜੀ ਨੂੰ ਵੀ ਬੇ-ਝਾ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਸਤੀ ਦਾਸ ਨੂੰ ਰੂੰ ਵਿੱਚ ਲਪੇਟ ਕੇ ਉਪਰ ਸੇ ਬੰਨ੍ਹ ਦਿੱਤੇ ਗਏ। ਉਸ ਰੂੰ ਨੂੰ ਅੱਗ ਲਗਾ ਦਿੱਤੀ ਗਈ। ਕਹਿੰਦੇ ਹਨ ਕਿ ਭਾਈ ਸਤੀ ਦਾਸ ਜੀ ਨੂੰ ਜਦੋਂ ਅੱਗ ਲਗਾਈ ਗਈ ਤਾਂ ਭਾਈ ਸਤੀ ਦਾਸ ਨੇ ਆਪਣਾ ਧਿਆਨ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿੱਚ ਟਿਕਾ ਕੇ, ਇਸ ਸ਼ਬਦ ਦਾ ਪਾਠ ਅਰੰਭ ਕੀਤਾ ਕਿ—

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ,
ਕੰਚਨ ਮਾਟੀ ਮਾਨੈ ॥ ਰਹਾਉ ॥

(ਪੰਨਾ ੬੩੩)

ਸਤੀਦਾਸ ਜੀ ਉਸ ਰੂੰਦੀ ਅੱਗ ਵਿੱਚ ਰਿੱਝ-ਰਿੱਝ ਕੇ ਸ਼ਹੀਦ ਹੋ ਗਏ, ਲੇਕਿਨ ਮੂੰਹੋਂ ਕੋਈ ਸ਼ਿਕਾਇਤ ਨਹੀਂ ਕੀਤੀ। ਭਾ: ਸਤੀ ਦਾਸ ਨੇ ਕਿਹਾ ਕਿ ਮੈਂ ਤਾਂ ਦੁੱਖ-ਸੁਖ ਤੇ ਮੌਤ ਵਾਲੀ ਘਟਨਾ ਤੋਂ ਪਰੇ ਹਾਂ। ਮੈਂ ਤਾਂ ਚਰਨ ਕਮਲਾਂ ਦੀ ਮੌਜ ਵਿੱਚ ਸਦਾ ਹੀ ਇਕ ਰਸ ਰਿਹਾ ਹਾਂ। ਇਹ ਸ਼ਬਦ ਅਨੰਦ ਦੀ ਦੁਨੀਆਂ ਵਿਚੋਂ ਪੈਦਾ ਹੁੰਦੇ ਹਨ ਅਤੇ ਉਹ ਦੁਨੀਆਂ ਕੋਈ ਅਜ਼ਬ ਦੁਨੀਆਂ ਹੈ, ਜਿਥੇ ਜਾ ਕੇ ਆਦਮੀ, ਆਦਮੀ ਨਹੀਂ ਬਲਕਿ ਆਦਮੀ ਵਿੱਚ ਰੱਬ ਆ ਜਾਂਦਾ ਹੈ।

ਏਨਾ ਸ਼ਹਾਦਤਾਂ ਦੇ ਵਕਤ ਔਰੰਗਜ਼ੇਬ ਆਪ ਭਾਵੇਂ ਦਿੱਲੀ ਵਿੱਚ ਹਾਜ਼ਰ ਨਹੀਂ ਸੀ। ਮਗਰ ਇਹ ਸਾਰੀ ਕਾਰਵਾਈ ਔਰੰਗਜ਼ੇਬ ਦੇ ਹੁਕਮ ਦੁਆਰਾ ਹੀ ਹੋ ਰਹੀ ਸੀ। ਸੱਚ ਤਾਂ ਇਹ ਸੀ ਕਿ ਗੁਰਦੇਵ ਦੇ ਪਿਆਰੇ ਸਿੱਖਾਂ ਨੂੰ ਸ਼ਹੀਦ ਹੀ ਇਸ ਕਰਕੇ ਕੀਤਾ ਗਿਆ ਸੀ ਕਿ ਕਿਸੇ ਤਰ੍ਹਾਂ ਡਰਾ ਧਮਕਾ ਕੇ ਗੁਰੂ ਤੇਗ ਬਹਾਦਰ ਇਸਲਾਮ ਕਬੂਲ ਕਰ ਲੈਣ। ਕਿਉਂਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਪਿੱਛੇ ਸਾਰੇ ਭਾਰਤ ਨੇ ਹੀ ਇਸਲਾਮ ਕਬੂਲ ਕਰ ਲੈਣਾ ਸੀ। ਪਰ ਔਰੰਗਜ਼ੇਬ ਤੇ ਉਸ ਦੇ ਸਾਥੀਆਂ ਦੀ ਇਹ ਸਕੀਮ ਫੇਲ੍ਹ ਹੋ ਗਈ। ਉਹ ਨਾ ਹੀ ਗੁਰੂ ਦੇ ਸਿੱਖਾਂ ਨੂੰ ਇਸਲਾਮ ਵਿੱਚ ਲਿਆ ਸਕੇ ਅਤੇ ਨਾ ਹੀ ਗੁਰੂ ਦੇ ਆਤਮ ਬਲ ਨੂੰ ਡੁਲਾ ਸਕੇ। ਗੁਰੂ ਸ਼ਬਦ ਵਿੱਚ ਲੀਨ ਸਭ ਕਰਤਾ ਪੁਰਖ ਦਾ ਅਜ਼ਬ ਤਮਾਸ਼ਾ ਦੇਖ ਰਹੇ ਸਨ। ਔਰੰਗਜ਼ੇਬ ਦਾ ਹੁਕਮ ਸੀ ਕਿ ਜੇਕਰ ਸਿੱਖਾਂ ਦੀ ਸ਼ਹਾਦਤ ਦੇਖ ਕੇ ਵੀ ਗੁਰੂ ਤੇਗ ਬਹਾਦਰ ਸਾਹਿਬ ਦਾ ਆਤਮ ਬਲ ਨਹੀਂ ਥਿੜਕਿਆ ਤਾਂ ਕੋਈ ਹੋਰ ਯਤਨ ਕਰੋ? ਜਿਸ ਢੰਗ ਨਾਲ ਗੁਰੂ ਤੇਗ ਬਹਾਦਰ ਜੀ ਇਸਲਾਮ ਕਬੂਲ ਕਰਨ ਲਈ ਮਜ਼ਬੂਰ ਹੋ ਜਾਣ। ਉਹ ਢੰਗ ਸਨ, ਛੱਲ, ਕਪਟ ਜਾਂ ਲੋਭ ਲਾਲਚ ਨਾਲ ਇਸਲਾਮ ਵਿੱਚ ਸ਼ਾਮਿਲ ਕੀਤਾ ਜਾਵੇ। ਫਤਵਾ ਪੜ੍ਹਨ ਵਾਲੇ ਵੱਡੇ ਕਾਜ਼ੀ ਅਬਦੁਲ ਵਹਾਬ ਬੋਹਰਾ, ਨੇ ਗੁਰਦੇਵ ਨੂੰ ਬੜੇ ਮਿੱਠੇ ਲਫ਼ਜ਼ਾਂ ਵਿੱਚ ਇਹ ਦਲੀਲ ਦਿੱਤੀ ਕਿ ਸਿਆਣੇ ਲੋਕ ਹਕੂਮਤ ਦਾ ਹੀ ਪੱਖ ਲੈਂਦੇ ਹਨ। ਹਕੂਮਤਾਂ ਦੇ ਵਿਰੁੱਧ ਅੜਦੇ ਨਹੀਂ।

ਜੋ ਦਾਨਾਇ ਨ ਤਯਾਗਨਿ ਕਰੈ ॥
ਕਹਯੋ ਸ਼ਾਹੁ ਕੇ ਸਿਰ ਪੁਰ ਧਰੈ ॥

(ਗੁ: ਪ੍ਰ: ਸੂਰਜ ਗ੍ਰੰਥ)

ਤੁਸੀਂ ਵੀ ਔਰੰਗਜ਼ੇਬ ਦੀ ਟੇਕ ਲੈ ਕੇ ਸੁਖ ਕਿਉਂ ਨਹੀਂ ਪ੍ਰਾਪਤ ਕਰਦੇ ?

ਕਯੋਂ ਨ ਭੋਗਹੁ ਐਸ਼ ਅਨੇਕ ॥
ਕਯੋਂ ਨ ਰਹੋਂ ਸ਼ਾਹ ਕੀ ਟੇਕ ॥

(ਰਾਸ ੧੨, ਅੰਸੂ ੬੪ ਸੂਰਜ ਪ੍ਰਕਾਸ਼)

ਔਰੰਗਜ਼ੇਬ ਦੀ ਦੋਹੀ ਸਾਰੇ ਦੇਸ਼ ਵਿੱਚ ਫਿਰੀ ਹੋਈ ਹੈ। ਕੋਈ ਐਸਾ ਬੱਲ ਵਾਲਾ ਨਹੀਂ, ਜਿਹੜਾ ਔਰੰਗਜ਼ੇਬ ਦੇ ਅੱਗੇ ਅੜ ਸਕੇ ।

ਗੁਰਦੇਵ ਨੇ ਕਿਹਾ, ਉਸ ਵੱਡੇ ਖੁਦਾ ਤੋਂ ਵੱਧ ਬਲ ਵਾਲਾ ਹੋਰ ਕੋਈ ਨਹੀਂ ਹੈ। ਉਹ ਸਭ ਨੂੰ ਦੇਖਦਾ ਹੈ ਅਤੇ ਜੋ ਕਰਾਉਂਦਾ ਹੈ, ਉਹੀ ਜੀਵ ਕਰਦੇ ਹਨ । ਕਹਿੰਦੇ ਹਨ ਕਿ ਇਹ ਲਾਲਚ ਵੀ ਦਿੱਤਾ ਗਿਆ ਕਿ ਐ ਗੁਰੂ ਤੇਗ ਬਹਾਦਰ ਜੀ ! ਜੇ ਤੁਸੀਂ ਦੀਨ ਕਬੂਲ ਕਰ ਲਉ, ਤਾਂ ਤੁਹਾਨੂੰ ਸਾਰੀ ਹਿੰਦ ਦਾ ਪੀਰਾਂਨ ਪੀਰ ਬਣਾ ਦਿੱਤਾ ਜਾਵੇਗਾ। ਪਰ ਗੁਰਦੇਵ ਕਹਿਣ ਲੱਗੇ, ਉਸ ਵੱਡੇ ਅੱਲਾ ਤੋਂ ਬਿਨਾਂ ਕੋਈ ਵੱਡਾ ਪੀਰ ਨਹੀਂ। ਅਖੀਰ ਉਸ ਵੱਡੇ ਕਾਜ਼ੀ ਅਬਦੁਲ ਵਹਾਬ ਬੋਹਰਾ ਨੇ ਕਿਹਾ ਕਿ "ਤੁਸੀਂ ਤਾਂ ਜਾਤ ਪਾਤ ਨੂੰ ਮੰਨਦੇ ਨਹੀਂ ਹੋ। ਫਿਰ ਹਿੰਦੂਆਂ ਦੀ ਖਾਤਰ ਆਪਣੀ ਜਾਨ ਜ਼ੋਖਮ ਵਿੱਚ ਕਿਉਂ ਪਾਉਂਦੇ ਹੋ ।"

ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ ਨਾਮ ਨਾਲ ਇਕ ਲਕਬ ਜੁੜਿਆ ਹੋਇਆ ਹੈ । ਉਹ ਇਹ ਹੈ ਕਿ

ਤੇਗ ਬਹਾਦਰ, ਹਿੰਦ ਦੀ ਚਾਦਰ ॥

ਇਹ ਲਕਬ ਏਸ ਵਾਸਤੇ ਜੁੜ ਗਿਆ ਹੈ, ਕਿਉਂਕਿ ਗੁਰਦੇਵ ਨੇ ਤਿਲਕ ਜੰਞੂ ਦੀ ਖਾਤਿਰ ਕੁਰਬਾਨੀ ਦਿੱਤੀ ਸੀ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥

ਇਸ ਗੱਲ ਨੂੰ ਮੰਨਦੇ ਹਾਂ ਕਿ ਉਸ ਵਕਤ ਦਾ ਮਜ਼ਲੂਮ ਹਿੰਦੂ ਸੀ । ਪਰ ਕੁਰਬਾਨੀ ਦੇਣ ਵਾਲੇ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਹਿੰਦੂ ਨਹੀਂ ਸਨ । ਗੁਰਮਤਿ ਤਾਂ ਸਰਬ ਵਿਆਪੀ ਧਰਮ ਹੈ । ਇਹ ਵੀ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਅਗਰ ਉਸ ਵਕਤ ਦਾ ਮਜ਼ਲੂਮ ਮੁਸਲਮਾਨ ਹੁੰਦਾ ਤਾਂ ਓਨਾ ਨੂੰ ਇਸਲਾਮ ਦੀ ਚਾਦਰ ਕਿਹਾ ਜਾਣਾ ਸੀ। ਜੇ ਮਜ਼ਲੂਮ ਈਸਾਈ ਹੁੰਦਾ ਤਾਂ ਓਨਾ ਨੂੰ (ਈਸਾਈਅਤ) ਦਾ ਪਰਦਾ ਕਿਹਾ ਜਾਣਾ ਸੀ। ਪਰ ਉਸ ਵੇਲੇ ਦਾ ਲੋੜਵੰਦ ਤੇ ਮਜ਼ਲੂਮ ਹਿੰਦੂ ਸੀ । ਹਿੰਦੂ ਨੂੰ ਗੁਰਦੇਵ ਨੇ ਸਹਾਰਾ ਦਿੱਤਾ । ਉਹਨਾਂ ਦੀ ਬਾਂਹ ਫੜੀ ਤੇ ਸਿਰ ਦਾ ਬਲੀਦਾਨ ਦੇ ਕੇ ਵੀ ਬਾਂਹ ਨਹੀਂ ਛੱਡੀ। ਹਿੰਦੂ ਮਜ਼ਲੂਮ ਦੇ ਹੰਝੂ ਆਪਣੀ ਧਰਮ ਪਤਨੀ ਮਾਤਾ ਗੁਜਰੀ ਜੀ ਅਤੇ ਇਕਲੌਤੇ ਪੁੱਤਰ ਜਿੰਨ੍ਹਾਂ ਦੀ ਉਮਰ ਹੀ ਕੇਵਲ ਨੌਂ ਸਾਲ ਹੈ, ਉਸ ਦੀ ਝੋਲੀ ਵਿੱਚ ਮੁਸੀਬਤਾਂ ਤੇ ਹੰਝੂ ਪਾ ਕੇ ਆਪ ਦਿੱਲੀ ਵੱਲ ਚਲੇ ਗਏ। ਇਹ ਉਲਟੀ ਗੰਗਾ ਗੁਰੂ ਤੇਗ ਬਹਾਦਰ ਜੀ ਨੇ ਵਹਾਈ ਹੈ। ਕਾਤਲ ਮਕਤੂਲ ਨੂੰ ਲੱਭਦਾ ਹੈ। ਪਰ ਏਥੇ ਮਕਤੂਲ ਆਪ ਚੱਲਕੇ ਕਾਤਲ ਦੇ ਘਰ ਤੱਕ ਗਿਆ ਹੈ ।

ਜਬ ਸੇ ਹਮ ਨੇ ਸੁਨਾ ਹੈ ਕਿ ਮਰ ਜਾਨੇ ਮੇਂ ਜ਼ਿੰਦਗੀ ਹੈ ॥
ਸਰ ਪੇ ਕਫ਼ਨ ਬਾਂਧੇ ਕਾਤਿਲ ਕੋ ਢੂੰਢਤੇ ਹੈਂ ॥

ਸੋ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਆਪਣੇ ਜਾਨੋਂ ਵੱਧ ਪਿਆਰੇ ਤਿੰਨ ਸਾਥੀਆਂ ਦੀ ਬੜੀ ਦਰਦਨਾਕ ਸ਼ਹੀਦੀ, ਆਪਣੀ ਅੱਖੀਂ ਵੇਖੀ ਸੀ। ਉਹਨਾਂ ਨੂੰ ਪਤਾ ਸੀ ਕਿ ਸਾਡਾ ਵੀ ਹਾਲ ਏਹੋ ਜੇਹਾ ਹੀ ਹੋਣਾ ਹੈ। ਪਰ ਫਿਰ ਵੀ ਸਮੁੰਦਰ ਦੀ ਤਰ੍ਹਾਂ ਅਡੋਲ ਸਨ। ਸ਼ਬਦ ਵਿੱਚ ਟਿਕੇ ਹੋਏ ਸਨ। ਔਰੰਗਜ਼ੇਬ ਦੇ ਹੁਕਮ ਆਏ ਸਨ ਕਿ ਲਗਦੀ ਵਾਹ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨ ਦੀ ਬਜਾਇ, ਉਹਨਾਂ ਨੂੰ ਡਰਾ ਧਮਕਾ ਕੇ ਇਸਲਾਮ ਵਿੱਚ ਲਿਆਂਦਾ ਜਾਵੇ। ਜੇ ਕੋਈ ਵਸ ਨਾ ਚਲੇ ਤਾਂ ਕਤਲ ਕਰ ਦਿੱਤਾ ਜਾਵੇ। ਕਾਜ਼ੀ ਅਬਦੁਲ ਵਹਾਬ ਬੋਹਰਾ ਵੱਲੋਂ ਸਾਰੇ ਲਾਲਚ ਦਿੱਤੇ ਗਏ। ਪਰ ਕੋਈ ਪੇਸ਼ ਨਾ ਗਈ। ਅਖੀਰ ਤੇ ਫਤਵਾ ਲਾਉਣ ਤੋਂ ਪਹਿਲਾ ਗੁਰਦੇਵ ਦੇ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਕਾਜ਼ੀ ਅਬਦੁਲ ਵਹਾਬ ਨੇ ਕਿਹਾ—

ਤੀਨ ਬਾਤ ਨਿਰਨੈ ਕਰ ਲੀਜੈ ॥ ਲਖਹੁ ਭਲੀ ਸੋ ਧਾਰਨਿ ਕੀਜੈ ॥

ਕਾਜ਼ੀ ਨੇ ਕਿਹਾ ਕਿ ਤਿੰਨ ਸੁਆਲ ਹਨ। ਉਹਨਾਂ ਵਿਚੋਂ ਜਿਹੜਾ ਇਕ ਚੰਗਾ ਲੱਗੇ ਉਹ ਮੰਨ ਲਉ ? ਪਹਿਲਾਂ ਸੁਆਲ ਸੀ ਕਿ—

ਸ਼ਰ੍ਹਾ ਚਲਹੁ ਕਲਮੇ ਕਹੁ ਪਇ ਮੁਖ ॥ ਦੇਹੁ ਸਾਹੁ ਭੋਗਹੁ ਸਭ ਬਿਧਿ ਸੁਖ ॥ (੨੯)

ਇਸਲਾਮ ਕਬੂਲ ਕਰ ਲਉ ਤੇ ਔਰੰਗਜ਼ੇਬ ਵੱਲੋਂ ਦਿੱਤੇ ਹੋਏ ਸੁਖ ਪ੍ਰਾਪਤ ਕਰੋ—

ਜੇ ਹਠ ਕਰਹੁ ਨ ਮਾਨਹੁ ਏਹੋ ॥ ਕਰਾਮਾਤ ਕਾਮਲ ਹੋਇ ਦੇਹੋ ॥

ਜੇ ਤੁਸੀਂ ਜ਼ਿਦ ਕਰਨੀ ਹੈ ਕਿ ਇਸਲਾਮ ਕਬੂਲ ਨਹੀਂ ਕਰਨਾ, ਤਾਂ ਫਿਰ ਕੋਈ ਕਰਾਮਾਤ ਕਰੋ ? ਜਿਸ ਕਰਕੇ ਪਤਾ ਲੱਗੇ ਕਿ ਤੁਸੀਂ ਅਜਮਤਵਾਨ ਗੁਰੂ ਹੋ ? ਕਰਾਮਾਤ ਵੀ ਉਹੀ ਕਰਨੀ ਹੈ ਜੋ ਔਰੰਗਜ਼ੇਬ ਕਰਵਾਉਣੀ ਚਾਹਵੇ।

ਜਿਮ ਹਜ਼ਰਤ ਤੁਮ ਤੇ ਕਰਵਾਵੈ ॥ ਤਿਮ ਕਰ ਦੇਹੁੰ ਦੇਖਿ ਹਰਖਾਵੈ ॥(੨੯)॥
ਰਾਮ ਰਾਇ ਜਿਮ ਤੁਮਰੇ ਪੋਤਾ ॥ ਸਦਾ ਸ਼ਾਹੁ ਅਨੁਸਾਰੀ ਹੋਤਾ ॥ (੩੦) ॥

ਕਿਉਂ ਕਿ ਬਾਬਾ ਗੁਰਦਿੱਤਾ ਜੀ ਦਾ ਪੁੱਤਰ ਬਾਬਾ ਰਾਮਰਾਇ ਗੁਰੂ ਘਰ ਤੋਂ ਬੇਮੁਖ ਹੋ ਕੇ ਔਰੰਗਜ਼ੇਬ ਦੇ ਨਾਲ ਰਲਿਆ ਹੋਇਆ ਸੀ। ਔਰੰਗਜ਼ੇਬ ਵੱਲੋਂ ਇਹ ਰੌਲਾ ਪਵਾਇਆ ਗਿਆ ਸੀ ਕਿ ਰਾਮ ਰਾਇ ਬੜਾ ਕਰਾਮਾਤੀ ਬੰਦਾ ਹੈ। ਬਾਬਾ ਗੁਰਦਿੱਤਾ ਜੀ ਗੁਰੂ ਤੇਗ ਬਹਾਦਰ ਸਾਹਿਬ ਦੇ ਵੱਡੇ ਭਾਈ ਸਨ। ਇਸ ਹਿਸਾਬ ਨਾਲ ਰਾਮ ਰਾਇ ਗੁਰੂ ਤੇਗ ਬਹਾਦਰ ਜੀ ਦਾ ਪੋਤਾ ਹੀ ਲੱਗਦਾ ਸੀ। ਕਾਜ਼ੀ ਕਹਿ ਰਿਹਾ ਸੀ ਕਿ ਜਿਵੇਂ ਰਾਮ ਰਾਇ ਕਰਾਮਾਤਾਂ ਕਰਦਾ ਹੈ ਅਤੇ ਸਦਾ ਔਰੰਗਜ਼ੇਬ ਦੇ ਅਨੁਸਾਰ ਚਲਦਾ ਹੈ। ਇਵੇਂ ਹੀ ਤੁਸੀਂ ਵੀ ਕੋਈ ਕਰਾਮਾਤ ਦਿਖਾਉ ਤੇ ਔਰੰਗਜ਼ੇਬ ਦੇ ਅਨੁਸਾਰ ਸਦਾ ਚਲੋ ?

ਨੋਟ—ਦੁਨੀਆਂ ਵਿੱਚ, ਜਾਦੂ ਨਾਮ ਦੀ ਕੋਈ ਚੀਜ਼ ਨਹੀਂ ਹੈ। ਨਾਹੀ ਕੋਈ ਐਸੀ ਕਰਾਮਾਤ ਹੁੰਦੀ ਹੈ। ਇਹ ਸਭ ਕਮਜ਼ੋਰ ਮਨ ਵਾਲੇ ਲੋਕਾਂ ਦੀਆਂ ਕਲਪਨਾਵਾਂ ਹਨ। ਏਨਾ ਕਲਪਨਾਵਾਂ ਦੇ ਅਧਾਰ ਤੇ ਕੁਝ ਚਲਾਕ ਲੋਗ ਜਾਦੂ ਮੰਤਰ ਅਤੇ ਹੋਰ ਕਰਾਮਾਤਾਂ ਦੇ ਜਾਣੂ ਹੋਣ ਦਾ ਨਾਟਕ ਕਰਦੇ ਹਨ ਅਤੇ ਅਨਜਾਣ ਲੋਕਾਂ ਨੂੰ ਧੋਖਾ ਦੇਂਦੇ ਹਨ। ਅੰਧ ਵਿਸ਼ਵਾਸੀ ਤੇ ਕਮਜ਼ੋਰ ਮਨ ਵਾਲੇ ਲੋਕ ਏਸ ਜਾਲ ਵਿੱਚ ਸਦਾ ਫਸੇ ਰਹਿੰਦੇ ਹਨ।

ਤੀਸਰਾ ਪ੍ਰਸ਼ਨ ਏਹ ਕੀਤਾ ਗਿਆ ਕਿ—

ਜੇ ਇਹ ਦੋਨਹੁੰ ਨਾਹਿਨ ਮਾਨਹੁ ॥ ਅਪਨੇ ਪਾਨ ਪ੍ਰਾਨ ਕਹੁ ਹਾਨਹੁ ॥ (੩੧)

ਜੇ ਕਰਾਮਾਤ ਵੀ ਨਹੀਂ ਦਿਖਾਉਣੀ ਅਤੇ ਇਸਲਾਮ ਵੀ ਕਬੂਲ ਨਹੀਂ ਕਰਨਾ ਤਾਂ ਸਮਝ ਲਉ ਕਿ ਤੁਸੀਂ ਆਪਣੀ ਮੌਤ ਆਪਣੇ ਹੱਥੀਂ ਸਹੇੜ ਰਹੇ ਹੋ। ਗੱਲ ਖਤਮ ਕਰਦੇ ਸਮੇਂ ਕਾਜ਼ੀ ਨੇ ਕਿਹਾ ਕਿ ਤਿੰਨੇ ਸੁਝਾਅ ਤੁਹਾਡੇ ਸਾਹਮਣੇ ਹਨ।

ਗੁਰਦੇਵ ਨੇ ਜੁਆਬ ਦਿੰਦੇ ਹੋਏ ਕਿਹਾ ਕਾਜ਼ੀ ! ਮੇਰਾ ਨਾਮ ਤੇਗ ਬਹਾਦਰ ਹੈ। ਜੇ ਮੈਂ ਧਰਮ ਵੀ ਨਾ ਨਿਭਾ ਸਕਾਂ ਤਾਂ ਫਿਰ ਮੈਂ ਤੇਗ ਬਹਾਦਰ ਹੀ ਕਿਸ ਦਾ—

ਧਰਮ ਨਿਬਾਹਨਿ ਵਿਖੈ ਬਹਾਦਰ ॥

"ਇਸਲਾਮ ਕਬੂਲ ਕਰਨਾ ਮੇਰੇ ਵਾਸਤੇ ਕਠਨ ਹੈ। ਮੈਂ ਏਨਾ ਦਾਇਰਿਆਂ ਵਿੱਚ ਨਹੀਂ ਬੱਝ ਸਕਦਾ। ਮੈਂ ਕੇਵਲ ਧਾਰਮਕ ਹਾਂ। ਸ਼ਬਦ ਦਾ ਪੁਜਾਰੀ ਹਾਂ। ਮੇਰਾ ਕੋਈ ਇਸਲਾਮ, ਹਿੰਦੂ, ਈਸਾਈ ਆਦਿ ਕੋਈ ਮਜ਼੍ਹਬ ਨਹੀਂ ਹੈ। ਏਸ ਕਰਕੇ ਇਸਲਾਮ ਕਬੂਲ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਰਹੀ ਗੱਲ ਕਰਾਮਾਤ ਦਿਖਾਉਣ ਦੀ। ਏਹ ਕੰਮ ਤਾਂ ਕੇਵਲ ਇਕ ਮਦਾਰੀ ਆਦਮੀ ਦਾ ਹੈ। ਇਕ ਹੱਥ ਸਫ਼ਾਈ ਰੱਖਣ ਵਾਲਾ ਆਦਮੀ ਵੀ ਆਪਣੀ ਟੋਕਰੀ ਹੇਠਾਂ ਕਬੂਤਰੀ ਬੰਦ ਕਰਕੇ, ਜਦੋਂ ਟੋਕਰੀ ਚੁੱਕਦਾ ਹੈ ਤਾਂ ਹੇਠਾਂ ਇਕ ਲੜਕੀ ਬੈਠੀ ਹੁੰਦੀ ਹੈ। ਜੇ ਏਨੀ ਸ਼ਕਤੀ ਉਸ ਵਿੱਚ ਹੋਵੇ ਤਾਂ ਉਹ ਰੋਜ਼ ਜਾਨਵਰਾਂ ਦੇ ਪਸ਼ੂ ਅਤੇ ਪਸ਼ੂਆਂ ਤੋਂ ਆਦਮੀ ਬਣਾਇਆ ਕਰੇ। ਫਿਰ ਉਹ ਇਸ ਸਾਰੀ ਦੁਨੀਆਂ ਦਾ ਮਾਲਕ ਹੋ ਸਕਦਾ। ਖੈਰ ਮੈਂ ਕਰਾਮਾਤ ਨੂੰ ਇਕ ਧੋਖਾ ਸਮਝਦਾ ਹਾਂ ਅਤੇ ਪ੍ਰਭੂ ਦੇ ਬੰਦਿਆਂ ਨੂੰ ਧੋਖਾ ਕਰਦਿਆਂ ਲਜ਼ਾ ਆਉਂਦੀ ਹੈ।" ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ ਕਿ—

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭੁ ਲੋਗਨ ਕੈ ਆਵਤ ਲਾਜਾ ॥

ਗੁਰਦੇਵ ਨੇ ਕਿਹਾ, ਐ ਕਾਜ਼ੀ ਅਬਦੁਲ ਵਹਾਬ ! ਇਸਲਾਮ ਕਬੂਲਣ ਅਤੇ ਕਰਾਮਾਤ ਕਰਨ ਵਾਲੀਆਂ ਦੋਵੇਂ ਗੱਲਾਂ ਸਾਨੂੰ ਮਨਜ਼ੂਰ ਨਹੀਂ। ਤੀਜੀ ਗੱਲ ਜੋ ਮੌਤ ਵਾਲੀ ਹੈ। ਉਹ ਸਾਨੂੰ ਬ-ਖੁਸ਼ੀ ਪ੍ਰਵਾਨ ਹੈ।

ਤ੍ਰਿਤੀਏ ਪ੍ਰਾਨ ਹਾਨ ਕੀ ਬਾਤ ॥ ਸੋ ਹਮ ਸਹੈ ਆਪਨੇ ਗਾਤ ॥

ਕਾਜ਼ੀ ਨੇ ਫਤਵਾ ਸੁਣਾ ਦਿੱਤਾ। ਖਾਲਿਸਾ ਨਾਮਾ ਵਿੱਚ ਰਤਨ ਚੰਦ ਨੇ ਬੜਾ ਸੁੰਦਰ ਜ਼ਿਕਰ ਕੀਤਾ ਹੈ ਕਿ ਜਿੰਨਾ ਨੂੰ ਰੱਬ ਦੇ ਰਾਹ ਦੀ ਰਤਾ ਭਰ ਵੀ ਸੋਝੀ ਨਹੀਂ ਸੀ। ਉਹਨਾਂ ਦੇ ਆਖੇ ਲੱਗ ਕੇ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਭੇਜ ਦਿੱਤਾ :

ਬੇ-ਖ਼ਬਰ ਅਜ਼ ਰਾਹਿ ਅਹਿਲੂਅਤ ਬੂਦੰਦ
ਅਜ ਜਾਂ ਬ ਤੇਗ ਬੇਜਾਂ ਕਰਦਹ ॥

(ਖਾਲਿਸਾ ਨਾਮਾ ਰਤਨ ਚੰਦ)

ਕਹਿੰਦੇ ਹਨ ਕਿ ਫਤਵਾ ਸੁਣਾ ਦੇਣ ਤੋਂ ਉਪਰੰਤ ਵੀ ਕਾਜ਼ੀ ਅਬਦੁਲ ਵਹਾਬ ਬੋਹਰਾ ਨੇ ਜੱਲਾਦ, ਜਲਾਲ-ਉਦ-ਦੀਨ ਨੂੰ ਕਿਹਾ ਕਿ ਐ ਜਲਾਲ-ਉਦ-ਦੀਨ ! ਮੇਰੀ ਕਾਮਯਾਬੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਕਤਲ ਕਰ ਦੇਣ ਵਿੱਚ ਨਹੀਂ। ਮੇਰੀ ਕਾਮਯਾਬੀ ਗੁਰੂ

ਤੇਗ ਬਹਾਦਰ ਸਾਹਿਬ ਨੂੰ ਇਸਲਾਮ ਵਿੱਚ ਸ਼ਾਮਿਲ ਕਰਨ ਨਾਲ ਹੈ। ਜੇ ਤੂੰ ਆਪਣੀ ਤਲਵਾਰ ਨਾਲ ਡਰਾ ਕੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮ ਵਿੱਚ ਸ਼ਾਮਿਲ ਕਰਵਾ ਦੇਵੇਂ ਤਾਂ ਮੈਂ ਤੈਨੂੰ ਔਰੰਗਜ਼ੇਬ ਤੋਂ ਮੂੰਹ ਮੰਗਿਆ ਇਨਾਮ ਦਿਵਾ ਦਿਆਂਗਾ। ਜੱਲਾਦ-ਜਲਾਲ-ਉੱਦ-ਦੀਨ ਨੇ ਕਿਹਾ ਤੁਸੀਂ ਫਿਕਰ ਨਾ ਕਰੋ ? ਮੇਰੀ ਤਲਵਾਰ ਕੋਲੋਂ ਤੇ ਮੇਰੇ ਭਿਆਨਕ ਵਜੂਦ ਨੂੰ ਦੇਖ ਕੇ ਤਾਂ ਜਮਰਾਜ ਸ਼ਰਮਿੰਦਾ ਹੋ ਜਾਂਦਾ ਹੈ। ਇਹ ਗੁਰੂ ਤੇਗ ਬਹਾਦਰ ਕੀ ਚੀਜ਼ ਹਨ ? ਜਲਾਲ-ਉੱਦ-ਦੀਨ-ਜਲਾਦ ਨੇ ਆਪਣੀ ਤਲਵਾਰ-ਗੁਰੂ ਤੇਗ ਬਹਾਦਰ ਸਾਹਿਬ ਦੇ ਸਾਹਮਣੇ ਬੈਠ ਕੇ ਤਿੱਖੀ ਕਰਨੀ ਸ਼ੁਰੂ ਕਰ ਦਿੱਤੀ। ਗੁਰੂ ਤੇਗ ਬਹਾਦਰ ਸਾਹਿਬ ਜੱਲਾਦ ਵੱਲ ਦੇਖ ਕੇ ਮੁਸਕਰਾਏ। ਜੱਲਾਦ ਨੇ ਹੋਰ ਗੁੱਸਾ ਖਾ ਕੇ ਆਪਣੀ ਤਲਵਾਰ ਨੂੰ ਗੁਰਦੇਵ ਸਾਹਮਣੇ ਘੁੰਮਾਇਆ, ਚਮਕਾਇਆ ਤੇ ਦਮਕਾਇਆ। ਜੱਲਾਦ, ਗੁਰਦੇਵ ਨੂੰ ਪੁੱਛਣ ਲੱਗਾ ਕਿ, "ਤੁਸੀਂ ਮੇਰੀ ਤਲਵਾਰ ਵੱਲ ਦੇਖ ਕੇ ਹੱਸਦੇ ਹੋ। ਤੁਹਾਨੂੰ ਪਤਾ ਨਹੀਂ ! ਏਸ ਤਲਵਾਰ ਨਾਲ ਤੁਹਾਡੀ ਗਰਦਨ ਧੜ ਨਾਲੋਂ ਅਲੱਗ ਹੋ ਜਾਣੀ ਹੈ। ਤੁਸੀਂ ਮੇਰੀ ਤਲਵਾਰ ਵੱਲ ਵੇਖ ਕੇ ਕਿਉਂ ਹੱਸਦੇ ਹੋ ?" ਗੁਰਦੇਵ ਦਾ ਜੁਆਬ ਕੁਝ ਇਸ ਸ਼ਿਅਰ ਵਾਂਗ ਸੀ।

ਜਬ ਸੇ ਹਮ ਨੇ ਸੁਨਾ ਹੈ ਕਿ ਮਰ ਜਾਨੇਂ ਮੇਂ ਜ਼ਿੰਦਗੀ ਹੈ ॥
ਸਰ ਪੈ ਕਫ਼ਨ ਬਾਂਧੇ ਕਾਤਲ ਕੋ ਢੂੰਢਤੇ ਹੈਂ ॥

ਭਾਈ ਸਾਹਿਬ ਸੰਤੋਖ ਸਿੰਘ ਜੀ ਨੇਂ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਦਰਸਾਇਆ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਜ਼ਿੰਦਗੀ ਭਰ ਵਿੱਚ ਹੀ ਕਦੇ ਹਾਸ ਬਿਲਾਸ ਨਹੀਂ ਕੀਤਾ ਸੀ। ਕੇਵਲ ਇਕ ਵਾਰ ਜ਼ਿੰਦਗੀ ਵਿੱਚ ਖੁੱਲ੍ਹ ਕੇ ਹੱਸੇ ਸਨ, ਨਹੀਂ ਤਾਂ ਗੁਰਦੇਵ ਦੀ ਬਾਣੀ ਪੜ੍ਹੀਏ ਤਾਂ ਸਾਰੀ ਬਾਣੀ ਵੈਰਾਗਮਈ ਦਸ਼ਾ ਵਿੱਚ ਹੈ।

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ ॥

(ਪੰਨਾ ੧੪੨੬)

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥

(ਪੰਨਾ ੬੮੪)

ਸਾਧੋ ਇਹੁ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ, ਸਾਚੋ ਤਾਹਿ ਪਛਾਨੋ ॥

(ਪੰਨਾ ੧੧੮੬)

ਇਹ ਜਗਿ ਮੀਤੁ ਨ ਦੇਖਿਓ ਕੋਈ ॥
ਸਗਲ ਜਗਤੁ ਅਪਨੈ ਸੁਖਿ ਲਾਗਿਓ, ਦੁਖ ਮੈ ਸੰਗਿ ਨ ਹੋਈ ॥

(ਪੰਨਾ ੬੩੩)

ਗੁਰਦੇਵ ਦਾ ਕੋਈ ਸ਼ਬਦ ਜਾਂ ਸਲੋਕ ਪੜ੍ਹੋ ! ਸਾਰੀ ਬਾਣੀ ਵੈਰਾਗ ਵਿੱਚ ਹੈ। ਮਹਿਸੂਸ ਹੀ ਨਹੀਂ ਹੁੰਦਾ ਕਿ ਗੁਰਦੇਵ ਕਦੇ ਹਾਸ ਬਿਲਾਸ ਵੀ ਕਰਦੇ ਹੋਣਗੇ। ਪਰ ਭਾਈ ਸੰਤੋਖ

ਸਿੰਘ ਜੀ ਕਹਿੰਦੇ ਹਨ ਕਿ ਕੇਵਲ ਜ਼ਿੰਦਗੀ ਵਿੱਚ ਇੱਕ ਵਾਰ ਹੀ ਹੱਸੇ ਅਤੇ ਖੁਲ੍ਹ ਕੇ ਹੱਸੇ। ਕਿਸੇ ਨੇ ਪੁੱਛਿਆ ਕਦੋਂ ਹੱਸੇ ? ਜਦੋਂ ਉਹਨਾਂ ਦੇ ਘਰ ਗੁਰੂ ਗੋਬਿੰਦ ਰਾਇ ਦਾ ਪ੍ਰਕਾਸ਼ ਹੋਇਆ। ਕਹਿੰਦੇ ਹਨ ਨਹੀਂ। ਤਾਂ ਫਿਰ ਜਦੋਂ ਉਹਨਾਂ ਦੀ ਸ਼ਾਦੀ ਹੋਈ ਹੋਵੇਗੀ। ਕਹਿੰਦੇ ਹਨ ਨਹੀਂ। ਫਿਰ ਕਦੋਂ ਹੱਸੇ। ਹਾਸ ਬਿਲਾਸ ਦੇ ਸਮੇਂ ਤਾਂ ਏਹੀ ਹੁੰਦੇ ਹਨ। ਭਾਈ ਸਾਹਿਬ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਉਸ ਵਕਤ ਤੇ ਗੁਰਦੇਵ ਪੂਰਾ ਖੁਲ੍ਹ ਕੇ ਹੱਸੇ ਸਨ, ਜਦੋਂ ਜੱਲਾਦ-ਜਲਾਲ-ਉੱਦ-ਦੀਨ ਚਾਂਦਨੀ ਚੌਂਕ ਵਿੱਚ ਉਹਨਾਂ ਦੇ ਸਾਹਮਣੇ ਤਲਵਾਰ ਚਮਕਾ ਰਿਹਾ ਸੀ। ਗੁਰਦੇਵ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਜੱਲਾਦ ਵੱਲ ਦੇਖ ਕੇ ਮੁਸਕਰਾ ਪਏ। ਜੱਲਾਦ ਨੇ ਤਲਵਾਰ ਹਵਾ ਵਿੱਚ ਘੁਮਾਈ ਪੈਂਤੜਾ ਬਦਲਿਆ। ਗੁਰਦੇਵ ਇਹ ਦੇਖ ਕੇ ਖਿੜਖਿੜਾ ਕੇ ਹੱਸ ਪਏ। ਜੱਲਾਦ ਪੁੱਛਣ ਲੱਗਾ ਕਿ ਤੁਹਾਨੂੰ ਪਤਾ ਨਹੀਂ ਮੇਰੀ ਤਲਵਾਰ ਤੁਹਾਨੂੰ ਸਦਾ ਵਾਸਤੇ ਖਤਮ ਕਰ ਦੇਵੇਗੀ। ਗੁਰਦੇਵ ਨੇ ਕੁਝ ਇਸ ਸ਼ਿਆਰ ਵਰਗਾ ਜੁਆਬ ਦਿੱਤਾ :

ਮੁਝਹੀ ਕੋ ਕਤਲ ਕਰਤੇ ਹੋ ॥
ਔਰ ਮੁਝਹੀ ਸੇ ਪੂਛਤੇ ਹੋ, ਸ਼ਹੀਦ-ਏ-ਨਾਜ਼ !
ਬਤਲਾਨਾ ਮੇਰੀ ਤਲਵਾਰ ਕੈਸੀ ਹੈ ॥

ਐ-ਜੱਲਾਦ ਜਲਾਲ-ਉੱਦ-ਦੀਨ ਤੇਰੀ ਤਲਵਾਰ ਦੀ ਚਮਕ ਦਮਕ ਮੈਨੂੰ ਡਰਾ ਨਹੀਂ ਸਕਦੀ। ਜੱਲਾਦ ਨੇ ਪੁੱਛਿਆ ਕਿਉਂ ? ਗੁਰਦੇਵ ਨੇ ਕਿਹਾ ਕਿ ਮੈਂ ਸ਼ਬਦ ਦਾ ਪੁਜਾਰੀ ਹਾਂ। ਸ਼ਬਦ ਪ੍ਰਮਾਤਮਾ ਹੈ। ਪ੍ਰਮਾਤਮਾ ਸਦਾ ਨਿਰਭਉ ਹੈ। ਉਹ ਨਿਰਭਉ ਮੇਰੇ ਅੰਦਰ ਬੈਠਾ ਹੈ :

ਨਿਰਭਉ ਜਪੈ ਸਗਲ ਭਉ ਮਿਟੈ ॥

(ਪੰਨਾ ੨੯੩)

ਸੋ ਏਨੇ ਡਰਾਉਣ ਦੇ ਜਤਨਾਂ ਦੇ ਬਾਵਜੂਦ ਵੀ ਜਦ ਗੁਰੂ ਤੇਗ ਬਹਾਦਰ ਅਡੋਲ ਰਹੇ ਤਾਂ ਹਕੂਮਤ ਵੱਲੋਂ ਦਿੱਲੀ ਸ਼ਹਿਰ ਵਿੱਚ ਇਕ ਡੌਂਡੀ ਪਿਟਵਾਈ ਗਈ। ਸਾਰਿਆਂ ਨੂੰ ਕਿਹਾ ਗਿਆ ਕਿ ਆਉ ਦੇਖੋ ਸਿੱਖਾਂ ਦੇ ਗੁਰੂ ਦਾ ਕੀ ਹਸ਼ਰ ਹੁੰਦਾ ਹੈ। ਮਹਿਜ਼ ਇਹ ਸਾਰਾ ਏਸ ਵਾਸਤੇ ਕੀਤਾ ਗਿਆ ਕਿ ਅੱਗੇ ਤੋਂ ਕੋਈ ਹਕੂਮਤ ਨਾਲ ਬਗਾਵਤ ਕਰਨ ਦੀ ਜ਼ੁਰਅਤ ਨਾ ਕਰੇ।

ਚਾਂਦਨੀ ਚੌਂਕ ਵਿੱਚ ਇਕ ਬੋੜ੍ਹ ਦੇ ਦਰੱਖਤ ਹੇਠਾਂ ਇੱਕ ਚਬੂਤਰਾ ਬਣਾਇਆ ਗਿਆ। ਸਖ਼ਤ ਪਹਿਰੇ ਦੇ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਪਿੰਜਰੇ ਵਿਚੋਂ ਕੱਢਿਆ ਗਿਆ। ਗੁਰਦੇਵ ਨੇ ਖੂਹ ਤੋਂ ਇਸ਼ਨਾਨ ਕੀਤਾ। ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕੀਤਾ ਗਿਆ। ਦਰਅਸਲ ਗੁਰਮਤਿ ਦੀ ਟੇਕ ਸ਼ਬਦ ਹੈ। ਹਰ ਔਖੀ ਘੜੀ ਤੇ ਗੁਰਮਤਿ ਦਾ ਸਹਾਰਾ, ਸ਼ਬਦ ਹੈ। ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਇਹ ਸਾਰਾ ਵਾਕਿਆ ਢਲੇ ਦੁਪਹਿਰ ਵੇਲੇ ਦਾ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕੱਤਰ ਹੋਏ ਸਨ :

ਪੁਨ ਕਾਰਾਗ੍ਰਿਹ ਕੋ ਬਡ ਪੌਰ ॥ ਸੇ ਨਿਕਸੇ ਸੋਢੀ ਸਿਰਮੌਰ ॥

ਸੁਨ ਸੁਨ ਲੋਕ ਹਜਾਰਹੁ ਆਏ ॥ ਦੂਰ ਦੂਰ ਸਭ ਬਰਜ ਹਟਾਏ ॥

ਨੇੜੇ ਹੀ ਇਕ ਖੂਹ ਸੀ ਗੁਰਦੇਵ ਉਸ ਖੂਹ 'ਤੇ ਗਏ। ਪਾਣੀ ਕੱਢਿਆ ਤੇ ਇਸ਼ਨਾਨ ਕੀਤਾ।

ਨਿਕਟਿ ਕੂਪ ਲਘੁ, ਤਿਸ ਥਲ ਗਏ ॥ ਜਲ ਨਿਕਾਸਯੋ ਮਜਨ ਕਿਏ ॥
ਜਪੁਜੀ ਪਾਠ ਕਰਨਿ ਪੁਨ ਲਾਗੇ ॥ ਬੈਠੇ ਹੁਤੇ ਬਿਰਛ ਤਿਸ ਆਗੇ ॥

ਜਿਸ ਬੋੜ੍ਹ ਦੇ ਬ੍ਰਿਛ ਹੇਠਾਂ ਬੈਠ ਕੇ ਗੁਰਦੇਵ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਸੀ, ਉਹ ਬ੍ਰਿਛ ਹੁਣ ਤੱਕ ਹਰਾ ਰਿਹਾ ਹੈ। ਪਰ ਅਫਸੋਸ ਕਿ ੧੯੭੩ ਈ. ਵਿੱਚ ਜਦੋਂ ਗੁਰਦੁਆਰਾ ਸ਼ੀਸ਼ ਗੰਜ ਦੀ ਨਵੀਂ ਇਮਾਰਤ ਉਸਾਰੀ ਜਾ ਰਹੀ ਸੀ ਤਾਂ ਇਹ ਬੋੜ੍ਹ ਦਾ ਦਰੱਖਤ ਸੁੱਕ ਗਿਆ ਸੀ। ਪਰ ਏਸ ਬੋੜ੍ਹ ਦਾ ਮੁੱਢ ਅਜੇ ਵੀ ਯਾਦਗਾਰ ਵਜੋਂ ਗੁਰਦੁਆਰਾ ਸ਼ੀਸ਼ ਗੰਜ ਦੀ ਇਮਾਰਤ ਦੇ ਵਿਚਕਾਰ ਮੌਜੂਦ ਹੈ ਅਤੇ ਸ਼ਰਧਾਲੂ ਸ਼ਰਧਾ ਨਾਲ ਨਮਸਕਾਰ ਕਰਦੇ ਹਨ।

ਗੁਰਦੇਵ ਨੂੰ ਅੰਤਿਮ ਇੱਛਾ ਪੁੱਛੀ ਗਈ ਤਾਂ ਗੁਰਦੇਵ ਨੇ ਕਿਹਾ ਕਿ ਮੈਂ ਜਦੋਂ ਜਪੁਜੀ ਸਾਹਿਬ ਦਾ ਪਾਠ ਕਰਕੇ ਆਪਣਾ ਸੀਸ ਨੀਵਾਂ ਕਰਾਂ ਤਾਂ ਜੱਲਾਦ ਨੂੰ ਅਧਿਕਾਰ ਹੈ ਕਿ ਉਹ ਮੇਰੇ ਸੀਸ ਉੱਪਰ ਤਲਵਾਰ ਚਲਾ ਸਕਦਾ ਹੈ :

ਇਮ ਕਹਿ ਸਤਿਗੁਰੁ ਤਰੁਵਰੁ ਤਰੇ ॥ ਬੈਠ ਅਡੋਲ ਪਾਠ ਜਪੁ ਕਰੇ ॥
ਮਘ੍ਰ ਪੰਚਮੀ ਸੁਦੀ ਪਛਾਨਹੰ ॥ ਸੁਰਗਵਾਰ ਤਬਹਿ ਪਹਿਚਾਨਹੁ ॥
ਸੰਮਤ ਸਤਰਾਂ ਸੈ ਬੱਤੀਸਾ ॥ ਭਾਣਾ ਵਰਤਾਯੋ ਜਗਦੀਸ਼ਾ ॥

ਕਾਜ਼ੀ ਅਬਦੁਲ ਵਹਾਬ ਬੋਹਰਾ ਨੇ ਇਕ ਵਾਰ ਫਿਰ ਓਹੀ ਤਿੰਨੇ ਸ਼ਰਤਾਂ ਰੱਖੀਆਂ ਸਨ। ਪਰ ਗੁਰਦੇਵ ਨੇ ਨਹੀਂ ਮੰਨੀਆਂ। ਕਾਜ਼ੀ ਨੇ ਜੱਲਾਦ ਨੂੰ ਤਲਵਾਰ ਚਲਾਉਣ ਦਾ ਹੁਕਮ ਦੇ ਦਿੱਤਾ। ਜੱਲਾਦ ਨੇ ਤਲਵਾਰ ਚਲਾਈ ਤੇ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰ ਦਿੱਤਾ। ਸ਼ਹੀਦੀ ਸਾਕਾ ਹੁੰਦਿਆਂ ਹੀ, ਉਹ ਗਰਦ ਗੁਬਾਰ, ਤੂਫਾਨ ਉਠਿਆ ਕਿ ਮਾਨੋ ਦਿੱਲੀ ਗਰਕ ਹੋ ਜਾਏਗੀ। ਕਿਸੇ ਨੂੰ ਕੁਝ ਸੁਝਦਾ ਹੀ ਨਹੀਂ ਸੀ। ਬੰਸਾਵਲੀ ਨਾਮੇ ਵਿੱਚ ਲਿਖਿਆ ਹੈ ਕਿ—

ਸੰਮਤ ਸਤਾਰਾਂ ਸੈ ਬੱਤੀ ਮਘਰ ਸ਼ੁਦੀ ਪੰਚਮੀ ਆਹੇ ॥
ਸ੍ਰੀ ਗੁਰੂ ਤੇਗ ਬਹਾਦਰ ਜੀ ਉਠਿ ਗਏ ਦਰਗਾਹੇ ॥
ਤਿਸ ਦਿਨ ਅੰਧੇਰੀ ਗਰਥ ਗੁਬਾਰੀ ਰਹੀ ॥

(ਬੰਸਾਵਲੀ ਨਾਮਾ)

ਸਾਰੇ ਪਾਸੇ ਹਾਹਾਕਾਰ ਮੱਚ ਗਈ ਸੀ। ਇਕ ਦੂਜੇ ਤੇ ਲੋਕ ਢਹਿ ਰਹੇ ਸਨ। ਪਹਿਰੇਦਾਰ, ਫੌਜੀ ਤੇ ਸਿਪਾਹੀ ਆਪਣੇ ਕਮਰਿਆਂ ਵਿੱਚ ਜਾ ਲੁਕੇ ਸਨ। ਏਨਾ ਤੂਫ਼ਾਨ ਸੀ ਕਿ ਦਿੱਲੀ ਹਿਲਦੀ ਨਜ਼ਰ ਆਉਂਦੀ ਸੀ। ਸਭ ਦੀਆਂ ਛਾਤੀਆਂ ਧੜਕ ਰਹੀਆਂ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ, ਉਸ ਵੇਲੇ ਦੇ ਦ੍ਰਿਸ਼ ਨੂੰ ਆਪਣੀ ਬਾਣੀ ਵਿੱਚ ਰੂਪਮਾਨ ਕਰਦਿਆਂ ਕਹਿੰਦੇ ਹਨ ਕਿ—

ਠੀਕਰ ਫੋਰ ਦਿਲੀਸੁ ਸਿਰ ਪ੍ਰਭ ਪੁਰ ਕੀਆ ਪਯਾਨ ॥

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਗ ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥

ਇਹ ਸਾਕਾ ਮੱਘਰ ਸ਼ੁਦੀ ਪੰਚਮੀ ਸੰਮਤ ੧੭੩੨ ਬਿਕ੍ਰਮੀ ਨੂੰ ਹੋਇਆ ।

ਦਿੱਲੀ ਦੀ ਦਿਲਵਾਲੀ ਗਲੀ ਵਿੱਚ ਇਕ ਭਾਈ ਜੈਤਾ ਨਾਮ ਦਾ ਸਿੱਖ ਰਹਿੰਦਾ ਸੀ । ਦਿਲਵਾਲੀ ਗਲੀ ਵਿੱਚ ਹੀ ਭਾਈ ਨਾਨੂੰ ਜੀ ਦਾ ਘਰ ਸੀ । ਗੁਰੂ ਸਾਹਿਬ ਜੀ ਦੇ ਨਾਲ ਪੰਜ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ । ਪਰ ਤਿੰਨਾਂ ਨੂੰ ਸ਼ਹੀਦ ਕੀਤਾ ਗਿਆ ਅਤੇ ਦੋ ਨੂੰ ਰਿਹਾ ਕਰ ਦਿੱਤਾ ਗਿਆ ਸੀ । ਰਿਹਾ ਹੋਣ ਤੋਂ ਬਾਅਦ ਇਹ ਦਿੱਲੀ ਤੋਂ ਵਾਪਸ ਅਨੰਦਪੁਰ ਨਹੀਂ ਸਨ ਅਜੇ ਆਏ । ਇਹ ਗੁਰਦੇਵ ਦੀ ਸ਼ਹਾਦਤ ਵੇਲੇ ਤੱਕ ਦਿਲਵਾਲੀ ਗਲੀ, ਭਾਈ ਜੈਤਾ ਜੀ ਤੇ ਭਾਈ ਨਾਨੂੰ ਜੀ ਕੋਲ ਹੀ ਠਹਿਰੇ ਹੋਏ ਸਨ । ਜਦੋਂ ਗੁਰਦੇਵ ਦੀ ਸ਼ਹਾਦਤ ਹੋ ਗਈ ਤਾਂ ਭਾਈ ਜੈਤਾ ਜੀ ਨੇ ਵਿਉਂਤ ਬਣਾ ਲਈ ਕਿ ਗੁਰਦੇਵ ਦੇ ਸ਼ੀਸ ਦੀ ਬੇਅਦਬੀ ਨਹੀਂ ਹੋਣ ਦੇਣੀ । ਗੁਰਦੇਵ ਦੇ ਧੜ ਦਾ ਸਸਕਾਰ ਕਰਨ ਅਤੇ ਚਾਂਦਨੀ ਚੌਂਕ ਵਿਚੋਂ ਲਿਆਉਣ ਦਾ ਪ੍ਰਬੰਧ ਲੱਖੀ ਸ਼ਾਹ ਵਣਜਾਰੇ ਨੇ ਕਰ ਲਿਆ ਸੀ । ਰਾਇ ਬਹਾਦਰ ਕਨ੍ਹਈਆ ਲਾਲ ਨੇ ਤਾਰੀਖ-ਏ-ਪੰਜਾਬ ਦੇ ਪੰਨਾ ੩੨ ਉੱਪਰ ਏਸ ਕਥਾ ਨੂੰ ਬੜਾ ਰੌਚਕ ਦਰਜ ਕੀਤਾ ਹੈ । ਉਹ ਕਹਿੰਦੇ ਹਨ ਕਿ ਭਾਈ ਜੈਤਾ ਰੰਘਰੇਟੇ ਨੇ ਆਪਣੇ ਪਿਤਾ ਸ੍ਰੀ ਆਗਿਆ ਰਾਮ ਨੂੰ ਕਿਹਾ ਕਿ ਗੁਰਦੇਵ ਦੇ ਸ਼ੀਸ ਦੀ ਬੇਅਦਬੀ ਨਹੀਂ ਹੋਣ ਦੇਣੀ । ਸ਼ੀਸ ਹਰ ਸੂਰਤ ਵਿੱਚ ਉਠਾਉਣਾ ਹੈ । ਇਸ ਲਈ ਇਕ ਵਿਉਂਤ ਇਹ ਹੈ ਕਿ ਸ਼ੀਸ ਦੀ ਥਾਂ ਸ਼ੀਸ ਜ਼ਰੂਰ ਟਿਕਾਇਆ ਜਾਵੇ ਤਾਂ ਕਿ ਕੁਝ ਦੇਰ ਭੁਲੇਖਾ ਪਿਆ ਰਹੇ । ਰਾਜ ਖੁਲ੍ਹਣ ਤੱਕ ਪੈਂਡਾ ਕਾਫ਼ੀ ਮਾਰ ਲਿਆ ਜਾਏਗਾ । ਬਾਪ ਨੇ ਕਿਹਾ ਪੁੱਤਰ ਜੈਤਿਆ ! ਜੇ ਭੁਲੇਖਾ ਹੀ ਪਾਉਣਾ ਹੈ ਤਾਂ ਤੂੰ ਮੇਰਾ ਸਿਰ ਵੱਢ ਕੇ ਗੁਰਦੇਵ ਦੇ ਸ਼ੀਸ ਦੀ ਥਾਵੇਂ ਰੱਖ ਦੇ ਅਤੇ ਗੁਰਦੇਵ ਦਾ ਸ਼ੀਸ ਲੈ ਕੇ ਕਿਸੇ ਤਰ੍ਹਾਂ ਅਨੰਦਪੁਰ ਪਹੁੰਚ ਜਾ । ਬੜੀ ਕੁਰਬਾਨੀ ਤੇ ਸਿਦਕ ਵਾਲੀ ਇਹ ਗੱਲ ਸੀ । ਜੈਤੇ ਨੇ ਕਿਹਾ ਪਿਤਾ ਜੀ ! ਮੈਂ ਇਹੇ ਆਪਣੇ ਹੱਥੀ ਕਿਵੇਂ ਕਰ ਸਕਦਾ ਹਾਂ । ਪਿਤਾ ਨੇ ਕਿਹਾ ਪੁੱਤਰ ਤੂੰ ਮੇਰੀ ਖੁਸ਼ੀ ਖਾਤਰ ਏਸ ਤਰ੍ਹਾਂ ਕਰ ? ਵੈਸੇ ਵੀ ਇਹ ਮੇਰਾ ਸਰੀਰ ਬੁੱਢਾ ਹੋ ਗਿਆ ਹੈ ਅਤੇ ਕਿਸੇ ਕੰਮ ਵੀ ਨਹੀਂ ਆਉਣਾ । ਏਸ ਤਰ੍ਹਾਂ ਤਾਂ ਜਿਵੇਂ ਕਾਠ ਦੇ ਨਾਲ ਲੋਹਾ ਤਰ ਜਾਂਦਾ ਹੈ । ਏਸ ਤਰ੍ਹਾਂ ਮੇਰਾ ਨਾਮ ਗੁਰਦੇਵ ਦੇ ਨਾਮ ਨਾਲ ਹੀ ਅਮਰ ਹੋ ਜਾਵੇਗਾ । ਨਾਲ ਹੀ ਮੈਂ ਮੋਖਸ਼ ਨੂੰ ਉਪਲਬੱਧ ਹੋ ਜਾਵਾਂਗਾ । ਏਸ ਤਰ੍ਹਾਂ ਦੀ ਇਹ ਵਿਉਂਤ ਬਣਾ ਕੇ ਭਾਈ ਜੈਤੇ ਨੇ ਆਪਣਾ ਜਿਗਰਾ ਪੱਥਰ ਕੀਤਾ ਤੇ ਆਪਣੇ ਹੀ ਪਿਤਾ ਦਾ ਸਿਰ ਕੱਟਿਆ ਤੇ ਗੁਰਦੇਵ ਦੇ ਸ਼ੀਸ ਦੀ ਥਾਂ ਤੇ ਆਪਣੇ ਪਿਤਾ ਦਾ ਸ਼ੀਸ ਰੱਖਿਆ । ਚਲਦੀ ਹਨ੍ਹੇਰੀ ਗੁਬਾਰ ਵਿੱਚ ਹੀ ਆਪਣੇ ਦੋ ਸਾਥੀਆਂ, ਭਾਈ ਨਾਨੂ ਅਤੇ ਭਾਈ ਅੱਡਾ ਜੀ ਨਾਲ ਸੀਸ ਲੈ ਕੇ ਅਨੰਦਪੁਰ ਵੱਲ ਚਲਾ ਗਿਆ । ਪ੍ਰੋਫੈਸਰ ਪੂਰਨ ਸਿੰਘ ਜੀ ਆਪਣੀ ਪੁਸਤਕ "ਟੈੱਨ ਮਾਸਟਰਸ" ਵਿੱਚ ਵੀ ਏਹੀ ਲਿਖਿਆ ਹੈ। ਮੈਥਲੀ ਸ਼ਰਨ ਗੁਪਤ ਨੇ ਭਾਰਤ ਦੇ ਮਹਾਂਕਾਵਿ ਦੇ ਗੁਰੂ ਕੁਲ ਕਾਂਡ ਲਿਖਣ ਵੇਲੇ ਏਸੇ ਵਾਰਤਾ ਨੂੰ ਦੁਹਰਾਇਆ ਹੈ ਕਿ—

ਸਵੈ ਵ੍ਰਿਧ ਨੇ ਨਿਜ ਸਿਰ ਕਾਟ ॥
ਕਰ ਜੀ ਮੇਂ 'ਜਪੁਜੀ' ਕਾ ਪਾਠ ॥
ਬੇਟਾ ਚੌਂਕ ਪੜਾ, ਝਟ ਉਸ ਨੇ ॥
ਵਹੀਂ ਬਾਪ ਕੋ ਕੀਆ ਪ੍ਰਨਾਮ ॥
ਸਿਰ ਗੁਰ ਸਿਰ ਲੇਕਰ ਬਚ ਆਯਾ ॥

(ਗੁਰੂ ਕੁਲ ਪੰਨਾ ੧੬੬)

ਭਾਈ ਜੈਤੇ ਨੇ ਪੰਜ ਪੜਾ ਰਾਹ ਵਿੱਚ ਕੀਤੇ। ਪਹਿਲਾ ਬਾਗ ਪੱਟੀ, ਦੂਜਾ ਤਰਾਉੜੀ "ਏਥੇ ਲਛਕਰੀ ਧੋਬੀ, ਦੇਵਾ ਰਾਮ ਜੀ ਦਾ ਘਰ ਸੀ।" ਸੰਖੜਾ ਗੇਟ ਦੇ ਲਾਗੇ। ਏਥੇ ਹੁਣ ਗੁਰਦਵਾਰਾ ਸ਼ੀਸ ਅਸਥਾਨ ਹੈ। ਤੀਜਾ ਅਸਥਾਨ ਕਰਨਾਲ ਦੀ ਅਨਾਜ ਮੰਡੀ। ਅੱਜ ਕੱਲ੍ਹ ਸ਼ੀਸਗੰਜ ਗੁਰਦੁਆਰਾ ਹੈ। ਚੌਥਾ ਨਾਭਾ ਸਾਹਿਬ ਨੇੜੇ ਚੰਡੀਗੜ੍ਹ ਅਤੇ ਪੰਜਵਾਂ ਬਿਬਾਨਸਰ, ਕੀਰਤਪੁਰ ਸਾਹਿਬ।

ਏਨੀ ਕਥਾ ਲਿਖਣ ਤੋਂ ਭਾਵ ਹੈ ਕਿ ਸਭ ਥਾਵਾਂ ਤੇ ਸ਼ਬਦ ਹੀ ਵਰਤ ਰਿਹਾ ਹੈ। ਦਿਆਲਾ ਸ਼ਬਦ ਦਾ ਆਸਰਾ ਲੈ ਕੇ ਦੇਗ ਵਿੱਚ ਉਬਲਦਾ ਹੈ। ਮਤੀਦਾਸ ਆਰੇ ਨਾਲ ਚੀਰਦਾ ਹੈ। ਸਤੀਦਾਸ ਰੂੰ ਵਿੱਚ ਸੜਦਾ ਹੈ। ਗੁਰਦੇਵ ਆਪ ਪਾਠ ਕਰਦੇ ਹਨ। ਭਾਈ ਜੈਤੇ ਤੇ ਕਿੰਨਾ ਅਸਰ ਹੈ ਸ਼ਬਦ ਦਾ ਕਿ ਆਪਣੇ ਪਿਤਾ ਦਾ ਸ਼ੀਸ ਦੇ ਕੇ ਗੁਰੂ ਦੇ ਸ਼ੀਸ ਦਾ ਅਦਬ ਰੱਖਿਆ ਹੈ। ਆਗਿਆ ਰਾਮ ਆਪਣਾ ਸੀਸ ਦੇ ਕੇ ਵੀ ਆਪਣੇ ਗੁਰੂ ਦੇ ਸ਼ੀਸ ਦਾ ਸਨਮਾਨ ਕਰਦਾ ਹੈ। ਜਦੋਂ ਇਹ ਸ਼ੀਸ ਸ੍ਰੀ ਅਨੰਦਪੁਰ ਪਹੁੰਚਿਆ ਤਾਂ ਵੀ ਸ਼ਬਦ ਦਾ ਹੀ ਉਪਦੇਸ਼ ਹੈ। ਗੁਰਦੇਵ ਕਲਗੀ ਵਾਲੇ ਗੁਰੂ ਨੇ ਕਿਹਾ, "ਮਨ ਡੁਲਾਉਣ ਦੀ ਲੋੜ ਨਹੀਂ। ਗੁਰੂ ਅਰਜਨ ਦੇਵ ਜੀ ਫੁਰਮਾ ਗਏ ਹਨ ਕਿ ਮਹਾਂਪੁਰਖ ਪਰਉਪਕਾਰ ਲਈ ਆਉਂਦੇ ਹਨ। ਜੀਆਂ ਨੂੰ ਭਗਤੀਦਾਨ ਦੇ ਕੇ ਜਾਂਦੇ ਹਨ।"

ਤੇਰੇ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ,
ਹਰਿ ਸਿਉ ਲੈਨਿ ਮਿਲਾਏ ॥

(ਪੰਨਾ ੭੪੯)

ਜਦੋਂ ਗੁਰਦੇਵ ਨੇ ਭਾਈ ਜੈਤੇ ਦੀ ਗਾਥਾ ਸੁਣੀ ਤਾਂ ਆਪਣੀ ਛਾਤੀ ਨਾਲ ਘੁੱਟ ਕੇ ਲਾ ਲਿਆ। ਆਖਿਆ ਤੂੰ ਆਪਣੇ ਪਿਤਾ ਦਾ ਸਿਰ ਵਾਰਿਆ ਹੈ। ਸਿਰ ਵਾਰ ਕੇ ਤੂੰ ਗੁਰੂ ਨੂੰ ਪਿਤਾ ਬਣਾ ਲਿਆ ਹੈ। ਤੂੰ ਸਾਡਾ ਬੇਟਾ ਹੈਂ। ਤੂੰ ਗੁਰੂ ਤੇਗ ਬਹਾਦਰ ਜੀ ਦਾ ਸੱਚਾ ਪੁੱਤਰ ਹੈਂ। ਦਸ਼ਮੇਸ ਗੁਰੂ ਨੇ "ਰੰਗਰੇਟੇ, ਗੁਰੂ ਕੇ ਬੇਟੇ" ਵਰ ਪ੍ਰਦਾਨ ਕੀਤਾ। ਸ਼ਬਦ ਦੁਆਰਾ ਗੁਰਦੇਵ ਨੇ ਸਿੱਖਾਂ ਵਿੱਚ ਐਸੀ ਰੂਹ ਭਰ ਦਿੱਤੀ ਸੀ ਕਿ ਸਿੱਖ ਗੁਰਦੇਵ ਦੇ ਇਕ ਰੋਮ ਤੋਂ ਆਪਣਾ ਆਪਾ ਨਿਛਾਵਰ ਕਰ ਦੇਂਦਾ ਸੀ।

ਜਿਹੜੇ ਸਿੱਖ ਗੁਰੂ ਤੇਗ ਬਹਾਦਰ ਜੀ ਦੇ ਨਾਲ ਦਿੱਲੀ ਵਿੱਚ ਗ੍ਰਿਫ਼ਤਾਰ ਹੋਏ ਸਨ। ਉਨ੍ਹਾਂ ਵਿਚੋਂ ਦੋ ਨੂੰ ਰਿਹਾ ਕਰ ਦਿੱਤਾ ਗਿਆ ਸੀ। ਉਨ੍ਹਾਂ ਦੋ ਵਿਚੋਂ ਇਕ ਭਾਈ ਊਦਾ ਸੀ। ਭਾਈ ਊਦਾ ਜੀ ਮੁਸਲਮਾਨੀ ਭੇਸ਼ ਵਿੱਚ ਹੀ ਦਿੱਲੀ ਵਿੱਚ ਫਿਰ ਰਹੇ ਸਨ।

ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ ਕਿ ਭਾਈ ਊਦਾ ਭਾਈ ਲੱਖੀ ਸ਼ਾਹ ਨਾਲ ਮਿਲ ਗਿਆ ਹੋਇਆ ਸੀ। ਭਾਈ ਲੱਖੀ ਸ਼ਾਹ-ਸ਼ਾਹੀ ਠੇਕੇਦਾਰ ਸੀ। ਫੌਜ ਵਾਸਤੇ ਉਹਨਾਂ ਦਿਨਾਂ ਵਿੱਚ ਰਜਾਈਆਂ ਬਣਾਉਣ ਲਈ ਕਪਾਹ (ਰੂੰ) ਆਦਿ ਦੇ ਪ੍ਰਬੰਧ ਦਾ ਠੇਕਾ ਲੱਖੀ ਸ਼ਾਹ ਵਣਜਾਰੇ ਕੋਲ ਸੀ। ਇਸ ਵਣਜ ਅਤੇ ਠੇਕੇਦਾਰੀ ਦੇ ਕੰਮ ਲਈ ਲੱਖੀ ਸ਼ਾਹ ਨੂੰ ਫੌਜ ਵਿੱਚ ਹਰ ਪਾਸੇ ਵਿਚਰਨ ਦਾ ਅਧਿਕਾਰ ਸੀ। ਚਾਂਦਨੀ ਚੌਂਕ ਦੇ ਨੇੜੇ ਹੀ ਲਾਲ ਕਿਲ੍ਹਾ ਹੈ।

ਭਾਈ ਸਾਹਿਬ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਹਿੰਦੇ ਹਨ ਕਿ—

ਹੁਤੋ ਲਬਾਣਾ ਸਿੱਖ ਤਹਿ ਬ੍ਰਿਖਭ ਬ੍ਰਿੰਦ ਜਿਹ ਪਾਸ ॥
ਗਿਣਤੀ ਬਿਖੈ ਹਜ਼ਾਰ ਦਸ, ਨਿਕਟ ਰਖੈ ਗਨ ਦਾਸ ॥

ਭਾਵ ਕਿ ਲੱਖੀ ਸ਼ਾਹ ਵਣਜਾਰਾ ਸਿੱਖ ਸੀ ਅਤੇ ਵੱਡਾ ਠੇਕੇਦਾਰ (ਵਪਾਰੀ) ਸੀ। ਦਸ ਹਜ਼ਾਰ ਬੌਲਦ ਉਸ ਵਕਤ ਉਸ ਦੇ ਕੋਲ ਸਨ ਅਤੇ ਕਈ ਹਜ਼ਾਰਾਂ ਨੌਕਰਾਂ ਦੀ ਭੀੜ ਵੀ ਸੀ। ਲੱਖਾਂ ਪਤੀ ਇਹ ਵਣਜਾਰਾ ਸੀ। ਲੱਖੀ ਸ਼ਾਹ ਉਸ ਦੇ ਪੁੱਤਰ ਨਗਾਹੀਏ, ਊਦਾ ਜੀ ਤੇ ਗੁਰਦਿੱਤਾ ਜੀ ਨੇ ਏਹ ਵਿਉਂਤ ਬਣਾਈ ਕਿ ਹਨੇਰੀ ਤੇ ਅੰਧ ਗੁਬਾਰ ਪਹਿਲਾਂ ਹੀ ਚੱਲ ਰਿਹਾ ਹੈ। ਆਪਣੇ ਸਾਰੇ ਬੌਲਦਾਂ ਨੂੰ ਗੱਡਿਆ ਅੱਗੇ ਜੋੜ ਕੇ ਚਾਂਦਨੀ ਚੌਂਕ ਵਿੱਚ ਲੈ ਜਾਇਆ ਜਾਵੇ। ਪਹਿਲਾਂ ਹੀ ਹਨੇਰਖਾਨਾ ਬਹੁਤ ਹੈ। ਕੱਚੀਆਂ ਸੜਕਾਂ ਹਨ। ਬੌਲਦਾਂ ਦੇ ਪੈਰਾਂ ਨਾਲ ਹੋਰ ਵੀ ਧੂੜ ਉਠੇਗੀ ਤਾਂ ਸਿਪਾਹੀਆਂ ਅਤੇ ਸਾਰੇ ਪਹਿਰੇਦਾਰਾਂ ਨੂੰ ਉਥੋਂ ਪਿਛੇ ਹਟਣਾ ਪਏਗਾ। ਸ਼ਾਮ ਪੈਣ ਵਾਲੀ ਹੈ। ਇਸ ਗਰਦ ਗੁਬਾਰ ਦਾ ਲਾਭ ਉਠਾ ਕੇ ਗੁਰਦੇਵ ਦਾ ਧੜ ਉਠਾ ਲਿਆ ਜਾਵੇ। ਇਹ ਸਕੀਮ ਮੰਨ ਲਈ ਗਈ।

ਬ੍ਰਿਖਭ ਬ੍ਰਿੰਦ ਇਕੱਠੇ ਕਰਵਾਏ ॥ ਕਿਤਿਕ ਸਕਟ ਮਹਿ ਤੂਲ ਭਰਾਏ,
ਕਰੇ ਇਕੜ੍ਹ ਆਪ ਨੇ ਨਰਗਨ ॥ ਠਾਨਯੋ ਜਤਨ ਕੀਨ ਨਿਰਨੈ ਮਨ ॥

ਇਸ ਸਕੀਮ ਅਧੀਨ ਬਹੁਤ ਸਾਰੇ ਬੌਲਦਾਂ ਦੀਆਂ ਕਤਾਰਾਂ ਇਕੋ ਵਾਰੀ ਹੱਕ ਦਿੱਤੀਆਂ। ਪਹਿਲਾਂ ਤਾਂ ਇਹ ਸਾਰੀ ਕਤਾਰ ਜਮਨਾ ਨਦੀ ਵੱਲੋਂ ਗਈ। ਫਿਰ ਜਮਨਾ ਦੇ ਕਿਨਾਰੇ ਨਿਗਮਬੋਧ ਨਾਮ ਦਾ ਜਿਥੇ ਤੀਰਥ ਹੈ। ਅਜੇ ਵੀ ਕਈ ਲੋਕ ਉਥੇ ਇਸ਼ਨਾਨ ਕਰਦੇ ਹਨ। ਇਹ ਰੇਲਵੇ ਪੁਲ ਦੇ ਉਤਰ ਵਾਲੇ ਪਾਸੇ ਟਿਕਾਣਾ ਹੈ। ਗੁਰਦੇਵ ਦੇ ਸ਼ਹੀਦੀ ਅਸਥਾਨ ਵੱਲ ਨੂੰ ਇਸ ਪਾਸਿਓਂ ਹੀ ਸੜਕ ਜਾਂਦੀ ਸੀ। ਇਸ ਪਾਸਿਉਂ ਹੀ ਸਾਰੇ ਬੌਲਦ ਤੇ ਗੱਡਿਆਂ ਦੀ ਭੀੜ ਲੈ ਆਂਦੀ ਗਈ। ਇਹ ਚਾਂਦਨੀ ਚੌਂਕ ਦਾ ਬਜ਼ਾਰ ਹੈ। ਉਸ ਵਕਤ ਦੀ ਕੋਤਵਾਲੀ ਹੁਣ ਤੱਕ ਵੀ ਉਥੇ ਹੀ ਹੈ। ਇਸ ਕੋਤਵਾਲੀ ਨਾਲ ਹੀ ਗੁਰਦੇਵ ਦਾ ਸ਼ਹੀਦੀ ਅਸਥਾਨ ਸ਼ੀਸ ਗੰਜ ਹੈ। ਉਸ ਵਕਤ ਏਹ ਥਾਂ ਕੋਤਵਾਲੀ ਵਿੱਚ ਹੀ ਸੀ। ਜਦੋਂ ਪੰਥ ਨੇ ਦਿੱਲੀ ਫਤਹਿ ਕੀਤੀ ਸੀ ਤਾਂ ਬਾਬਾ ਬਘੇਲ ਸਿੰਘ ਨੇ ਕੋਤਵਾਲੀ ਵਿਚੋਂ ਥਾਂ ਲੈ ਕੇ ਗੁਰਦੁਆਰਾ ਸ਼ੀਸ ਗੰਜ ਬਣਵਾਇਆ ਸੀ। ਮਗਰੋਂ ਫਿਰ ਜਦੋਂ ਮੁਸਲਮਾਨਾਂ ਦਾ ਜ਼ੋਰ ਪੈ ਗਿਆ ਤਾਂ ਓਹਨਾਂ ਨੇ ਗੁਰਦੁਆਰੇ ਨੇੜੇ ਮਸੀਤ ਬਣਾ ਲਈ ਤੇ ਸ਼ੀਸ ਗੰਜ ਦੀ ਬਿਅਦਬੀ ਵੀ ਕੀਤੀ। ੧੮੫੭ ਦੇ ਗ਼ਦਰ ਮਗਰੋਂ ਜੀਂਦ ਦੇ ਰਾਜੇ ਸਰੂਪ ਸਿੰਘ ਨੇ ਮੁੜ ਇਹ ਭੂਮੀ ਸਰਕਾਰ ਤੋਂ

ਗਿਆਨੀ ਗਿਆਨ ਸਿੰਘ ਜੀ ਕਹਿੰਦੇ ਹਨ ਕਿ ਭਾਈ ਊਦਾ ਭਾਈ ਲੱਖੀ ਸ਼ਾਹ ਨਾਲ ਮਿਲ ਗਿਆ ਹੋਇਆ ਸੀ। ਭਾਈ ਲੱਖੀ ਸ਼ਾਹ-ਸ਼ਾਹੀ ਠੇਕੇਦਾਰ ਸੀ। ਫ਼ੌਜ ਵਾਸਤੇ ਉਹਨਾਂ ਦਿਨਾਂ ਵਿੱਚ ਰਜਾਈਆਂ ਬਣਾਉਣ ਲਈ ਕਪਾਹ (ਰੂੰ) ਆਦਿ ਦੇ ਪ੍ਰਬੰਧ ਦਾ ਠੇਕਾ ਲੱਖੀ ਸ਼ਾਹ ਵਣਜਾਰੇ ਕੋਲ ਸੀ। ਏਸ ਵਣਜ ਅਤੇ ਠੇਕੇਦਾਰੀ ਦੇ ਕੰਮ ਲਈ ਲੱਖੀ ਸ਼ਾਹ ਨੂੰ ਫੌਜ ਵਿੱਚ ਹਰ ਪਾਸੇ ਵਿਚਰਨ ਦਾ ਅਧਿਕਾਰ ਸੀ। ਚਾਂਦਨੀ ਚੌਂਕ ਦੇ ਨੇੜੇ ਹੀ ਲਾਲ ਕਿਲ੍ਹਾ ਹੈ।

ਭਾਈ ਸਾਹਿਬ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਕਹਿੰਦੇ ਹਨ ਕਿ—

ਹੁਤੋ ਲਬਾਣਾ ਸਿੱਖ ਤਹਿ ਬ੍ਰਿਖਭ ਬ੍ਰਿੰਦ ਜਿਹ ਪਾਸ ॥
ਗਿਣਤੀ ਬਿਖੈ ਹਜ਼ਾਰ ਦਸ, ਨਿਕਟ ਰਖੈ ਗਨ ਦਾਸ ॥

ਭਾਵ ਕਿ ਲੱਖੀ ਸ਼ਾਹ ਵਣਜਾਰਾ ਸਿੱਖ ਸੀ ਅਤੇ ਵੱਡਾ ਠੇਕੇਦਾਰ (ਵਪਾਰੀ) ਸੀ। ਦਸ ਹਜ਼ਾਰ ਬੌਲਦ ਉਸ ਵਕਤ ਉਸ ਦੇ ਕੋਲ ਸਨ ਅਤੇ ਕਈ ਹਜ਼ਾਰਾਂ ਨੌਕਰਾਂ ਦੀ ਭੀੜ ਵੀ ਸੀ। ਲੱਖਾਂ ਪਤੀ ਇਹ ਵਣਜਾਰਾ ਸੀ। ਲੱਖੀ ਸ਼ਾਹ ਉਸ ਦੇ ਪੁੱਤਰ ਨਗਾਹੀਏ, ਊਦਾ ਜੀ ਤੇ ਗੁਰਦਿੱਤਾ ਜੀ ਨੇ ਏਹ ਵਿਓਂਤ ਬਣਾਈ ਕਿ ਹਨੇਰੀ ਤੇ ਅੰਧ ਗੁਬਾਰ ਪਹਿਲਾਂ ਹੀ ਚੱਲ ਰਿਹਾ ਹੈ। ਆਪਣੇ ਸਾਰੇ ਬੌਲਦਾਂ ਨੂੰ ਗੱਡਿਆ ਅੱਗੇ ਜੋੜ ਕੇ ਚਾਂਦਨੀ ਚੌਂਕ ਵਿੱਚ ਲੈ ਜਾਇਆ ਜਾਵੇ। ਪਹਿਲਾਂ ਹੀ ਹਨੇਰਖਾਨਾ ਬਹੁਤ ਹੈ। ਕੱਚੀਆਂ ਸੜਕਾਂ ਹਨ। ਬੌਲਦਾਂ ਦੇ ਪੈਰਾਂ ਨਾਲ ਹੋਰ ਵੀ ਧੂੜ ਉਠੇਗੀ ਤਾਂ ਸਿਪਾਹੀਆਂ ਅਤੇ ਸਾਰੇ ਪਹਿਰੇਦਾਰਾਂ ਨੂੰ ਉਥੋਂ ਪਿਛੇ ਹਟਣਾ ਪਏਗਾ। ਸ਼ਾਮ ਪੈਣ ਵਾਲੀ ਹੈ। ਏਸ ਗਰਦ ਗੁਬਾਰ ਦਾ ਲਾਭ ਉਠਾ ਕੇ ਗੁਰਦੇਵ ਦਾ ਧੜ ਉਠਾ ਲਿਆ ਜਾਵੇ। ਇਹ ਸਕੀਮ ਮੰਨ ਲਈ ਗਈ।

ਬ੍ਰਿਖਭ ਬ੍ਰਿੰਦ ਇਕੱਠੇ ਕਰਵਾਏ ॥ ਕਿਤਿਕ ਸਕਟ ਮਹਿ ਤੂਲ ਭਰਾਏ,
ਕਰੇ ਇਕਤ੍ਰ ਆਪ ਨੇ ਨਰਗਨ ॥ ਠਾਨਯੋ ਜਤਨ ਕੀਨ ਨਿਰਨੈ ਮਨ ॥

ਏਸ ਸਕੀਮ ਅਧੀਨ ਬਹੁਤ ਸਾਰੇ ਬੌਲਦਾਂ ਦੀਆਂ ਕਤਾਰਾਂ ਇਕੋ ਵਾਰੀ ਹੱਕ ਦਿੱਤੀਆਂ। ਪਹਿਲਾਂ ਤਾਂ ਇਹ ਸਾਰੀ ਕਤਾਰ ਜਮਨਾ ਨਦੀ ਵੱਲੋਂ ਗਈ। ਫਿਰ ਜਮਨਾ ਦੇ ਕਿਨਾਰੇ ਨਿਗਮਬੋਧ ਨਾਮ ਦਾ ਜਿਥੇ ਤੀਰਥ ਹੈ। ਅਜੇ ਵੀ ਕਈ ਲੋਕ ਉਥੇ ਇਸ਼ਨਾਨ ਕਰਦੇ ਹਨ। ਇਹ ਰੇਲਵੇ ਪੁਲ ਦੇ ਉਤਰ ਵਾਲੇ ਪਾਸੇ ਟਿਕਾਣਾ ਹੈ। ਗੁਰਦੇਵ ਦੇ ਸ਼ਹੀਦੀ ਅਸਥਾਨ ਵੱਲ ਨੂੰ ਏਸ ਪਾਸਿਓਂ ਹੀ ਸੜਕ ਜਾਂਦੀ ਸੀ। ਏਸ ਪਾਸਿਉਂ ਹੀ ਸਾਰੇ ਬੌਲਦ ਤੇ ਗੱਡਿਆਂ ਦੀ ਭੀੜ ਲੈ ਆਂਦੀ ਗਈ। ਇਹ ਚਾਂਦਨੀ ਚੌਂਕ ਦਾ ਬਜ਼ਾਰ ਹੈ। ਉਸ ਵਕਤ ਦੀ ਕੋਤਵਾਲੀ ਹੁਣ ਤੱਕ ਵੀ ਉਥੇ ਹੀ ਹੈ। ਏਸ ਕੋਤਵਾਲੀ ਨਾਲ ਹੀ ਗੁਰਦੇਵ ਦਾ ਸ਼ਹੀਦੀ ਅਸਥਾਨ ਸ਼ੀਸ ਗੰਜ ਹੈ। ਉਸ ਵਕਤ ਏਹ ਥਾਂ ਕੋਤਵਾਲੀ ਵਿੱਚ ਹੀ ਸੀ। ਜਦੋਂ ਪੰਥ ਨੇ ਦਿੱਲੀ ਫਤਹਿ ਕੀਤੀ ਸੀ ਤਾਂ ਬਾਬਾ ਬਘੇਲ ਸਿੰਘ ਨੇ ਕੋਤਵਾਲੀ ਵਿਚੋਂ ਥਾਂ ਲੈ ਕੇ ਗੁਰਦੁਆਰਾ ਸ਼ੀਸ ਗੰਜ ਬਣਵਾਇਆ ਸੀ। ਮਗਰੋਂ ਫਿਰ ਜਦੋਂ ਮੁਸਲਮਾਨਾਂ ਦਾ ਜ਼ੋਰ ਪੈ ਗਿਆ ਤਾਂ ਓਹਨਾਂ ਨੇ ਗੁਰਦੁਆਰੇ ਨੇੜੇ ਮਸੀਤ ਬਣਾ ਲਈ ਤੇ ਸ਼ੀਸ ਗੰਜ ਦੀ ਬਿਅਦਬੀ ਵੀ ਕੀਤੀ। ੧੮੫੭ ਦੇ ਗ਼ਦਰ ਮਗਰੋਂ ਜੀਂਦ ਦੇ ਰਾਜੇ ਸਰੂਪ ਸਿੰਘ ਨੇ ਮੁੜ ਇਹ ਭੂਮੀ ਸਰਕਾਰ ਤੋਂ

ਤੇਰਾ ਹੀ ਸੀ। ਅੱਜ ਤੇਰੇ ਚਰਨਾਂ 'ਤੇ ਆ ਕੇ ਸਫ਼ਲ ਹੋ ਗਿਆ ਹੈ।

ਵਸਤੁ ਸਕੇਲ ਨਿਕਾਰੀ ਸਾਰੀ ॥ ਚਿਖਾ ਤਿਨਹੁ ਕੇ ਬੀਚ ਉਸਾਰੀ ॥ (੩੬)

....

ਕਸ਼ਟ ਬਹੁਤ ਘ੍ਰਿਤ ਗਨ ਡਾਰਾ ॥ ਲਗੀ ਹੁਤਾਸਨ ਲਾਟ ਉਚਾਰਾ ॥

ਸਭ ਕੁਝ ਗੁਰਦੇਵ ਦੀ ਚਿਖਾ ਨਾਲ ਅਰਪਣ ਕਰਕੇ ਸਾਰੇ ਘਰ ਨੂੰ ਲੱਖੀ ਸ਼ਾਹ ਨੇ ਅੱਗ ਲਗਵਾ ਦਿੱਤੀ।

ਨੋਟ—ਦਰਅਸਲ ਸ਼ਾਹੀ ਠੇਕੇਦਾਰ ਹੋਣ ਕਰਕੇ ਅਨੇਕ ਪ੍ਰਕਾਰ ਦੇ ਛਪਰ ਨੁਮਾ ਘਰ ਵੀ ਲੱਖੀ ਸ਼ਾਹ ਦੇ ਕੋਲ ਸਨ। ਉਹਨਾਂ ਸਾਰੇ ਘਰਾਂ ਵਿਚੋਂ ਜਿਉਂਦੇ ਜੀਆਂ ਅਤੇ ਬੋਲਦਾਂ ਆਦਿ ਨੂੰ ਬਾਹਰ ਕਰਕੇ ਬਾਕੀ ਸਭ ਕੁਝ ਨੂੰ ਲੱਖੀ ਸ਼ਾਹ ਨੇ ਅੱਗ ਲਗਵਾ ਦਿੱਤੀ ਸੀ। ਏਸ ਕਰਕੇ ਅੱਗ ਲਗਵਾਈ ਸੀ ਕਿ ਕਿਸੇ ਨੂੰ ਸ਼ੱਕ ਨਾ ਪੈ ਜਾਏ ਕਿ ਗੁਰਦੇਵ ਦੇ ਧੜ ਦਾ ਸਸਕਾਰ ਏਥੇ ਕੀਤਾ ਜਾ ਰਿਹਾ ਹੈ—

ਬਨਜਾਰੇ ਤਦਬੀਰ ਬਿਚਾਰੀ ॥ ਇਸ ਕੀਜਹਿ ਜਿਸ ਹ੍ਵੈ ਨ ਚਿਨਾਰੀ ॥੩੫॥
ਛਪਰਨਿ ਕੇ ਘਰ ਕਿਤਿਕ ਬਨਾਏ ॥ ਤਿਨ ਮਹਿ ਬਸਤ ਹੁਤੇ ਸਮਦਾਏ ॥

....

ਸਭ ਛਪਰਨਿ ਕੋ ਅਗਨਿ ਲਗਾਈ ॥ ਚਿਖਾ-ਬਰਿ ਠਹਿ ਅਧਿਕ ਜਲਾਈ ॥੩੭॥

ਜਦੋਂ ਉਹ ਅੱਗ ਏਨੀ ਭੜਕ ਗਈ ਕਿ ਸਮਝੋ ਕਿ ਹੁਣ ਬੁਝਾਇਆਂ ਵੀ ਬੁਝਣੀ ਨਹੀਂ, ਤਾਂ ਲੱਖੀ ਸ਼ਾਹ ਵਣਜਾਰੇ ਅਤੇ ਉਹਨਾਂ ਦੇ ਸਾਥੀਆਂ ਨੇ ਰੌਲਾ ਪਾ ਦਿੱਤਾ ਕਿ ਘਰਾਂ ਨੂੰ ਅੱਗ ਲੱਗ ਗਈ ਹੈ।

ਅਰਧ ਜਲੀ ਤਬਿ ਰੌਰ ਮਚਾਯੋ ॥
ਕਿਨਹੁ ਆਨਿ ਇਤ ਅਗਨਿ ਲਗਾਯੋ ॥੩੯॥

ਅੱਗ ਏਨੀ ਭੜਕ ਚੁੱਕੀ ਸੀ ਕਿ ਸਭ ਕੁਝ ਸੜਕੇ ਰਾਖ ਹੋ ਗਿਆ। ਅਖੀਰ ਸਾਰੇ ਚੱਲੇ ਗਏ। ਲੱਖੀ ਵਣਜਾਰੇ ਅਤੇ ਨਾਲ ਦੇ ਸਾਥੀਆਂ ਨੇ ਚੌਥੇ ਦਿਨ, ਗੁਰਦੇਵ ਦੇ ਅਸਤ ਚੁਣ ਲਏ। ਕਿਸੇ ਨੂੰ ਕੁਝ ਪਤਾ ਹੀ ਨਹੀਂ ਲੱਗਾ ਸੀ।

ਭਈ ਪ੍ਰਭਾਤ ਪ੍ਰਸ਼ਪ ਚੁਨਿ ਸੋਊ ॥
ਤ੍ਰਾਂਬ ਗਾਗਰੈਂ ਭਰ ਕਰਿ ਦੋਊ ॥
ਨੀਵੋਂ ਖਨਯੋ ਸੁ ਖਾਤ ਬਿਸਾਲਾ ॥
ਚਿਖਾ ਥਾਨ ਗਾਡੀ ਤਤਕਾਲਾ ॥੪੧॥

ਗੁਰਦੇਵ ਅਸਤ ਰਾਖ ਸਮੇਤ ਤਾਂਬੇ ਦੀਆਂ ਗਾਗਰਾ ਵਿੱਚ ਪਾ ਕੇ ਚਿਖਾ ਵਾਲੀ ਥਾਂ 'ਤੇ ਹੀ ਡੂੰਘਾ ਢੋਆ ਪੁੱਟ ਕੇ ਵਿੱਚ ਦਬਾ ਦਿੱਤੀਆਂ ਗਈਆਂ।

ਗੁਰਮਤਿ ਉਪਦੇਸ਼ ਦਾ ਇਹ ਪ੍ਰਭਾਵ ਸੀ, ਕਰੋੜਪਤੀ ਵੀ ਗੁਰੂ ਦੇ ਨਾਮ ਤੋਂ ਆਪਣਾ ਸਭ ਕੁਝ ਨਿਛਾਵਰ ਕਰ ਸਕਦੇ ਸਨ। ਗਰੀਬ ਤੋਂ ਗਰੀਬ ਆਦਮੀ ਗੁਰ ਸ਼ਬਦ ਤੋਂ ਆਪਾ ਕੁਰਬਾਨ ਕਰ ਦੇਂਦਾ ਸੀ।

* * *

ਧਾਰਮਿਕ ਅਤੇ ਸ਼ਬਦ ਦੀ ਕਲਾ

ਗੁਰੂ ਤੇਗ ਬਹਾਦਰ ਸਾਹਿਬ ਦੇ ਨਾਮ ਨਾਲ ਇਕ ਇਹ ਲਕਬ ਜੁੜ ਗਿਆ ਹੈ ਕਿ—

ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ ॥

ਇਹ ਲਕਬ ਮਹਾਨ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨਾਲ ਜੋੜਨਾ ਜੱਚਦਾ ਨਹੀਂ। ਇਹ ਉਹਨਾਂ ਦੀ ਮਹਾਨ ਕੁਰਬਾਨੀ ਨਾਲ ਇਨਸਾਫ਼ ਵੀ ਨਹੀਂ। ਇਕ ਲੋੜਵੰਦ ਬੰਦਾ, ਸਮੁੰਦਰ ਵਿਚੋਂ ਲੋਟਾ ਭਰ ਕੇ ਪਿਆਸ ਬੁਝਾ ਲਏ ਤਾਂ ਸਮੁੰਦਰ ਨੂੰ ਲੋਟਾ ਕਹਿਣਾ ਇਨਸਾਫ਼ ਨਹੀਂ ਹੈ। ਰਾਜਾ, ਇਕ ਭਿਖਾਰੀ ਨੂੰ ਇਕ ਰੁਪਿਆ ਦਾਨ ਦੇਵੇ ਤਾਂ ਭਿਖਾਰੀ ਰਾਜੇ ਨੂੰ ਸੈਂਕੜੇ ਪਤੀ ਨਹੀਂ ਕਹਿ ਸਕਦਾ। ਐ ਲੋੜਵੰਦ ! ਤੇਰੀ ਲੋੜ ਹੀ ਥੋੜ੍ਹੀ ਸੀ। ਸਮੁੰਦਰ ਦੇ ਵਿੱਚ ਤਾਂ ਪਾਣੀ ਬੇ-ਬਹਾ ਹੈ। ਰਾਜੇ ਦੇ ਖਜ਼ਾਨੇ ਤਾਂ ਅਮੁੱਕ ਹਨ।

ਗੁਰੂ ਤੇਗ ਬਹਾਦਰ ਸਾਹਿਬ ਜੀ ਪਰਦਾ ਜ਼ਰੂਰ ਸਨ। ਚਾਦਰ ਜ਼ਰੂਰ ਸਨ। ਪਰ ਨਿਰੀ ਹਿੰਦ ਦੀ ਹੀ ਚਾਦਰ ਨਹੀਂ ਸਨ। ਗੁਰੂ ਤੇਗ ਬਹਾਦਰ ਜੀ ਤਾਂ ਧਰਮ ਦੀ ਚਾਦਰ ਸਨ। ਧਰਮ ਦਾ ਪਰਦਾ ਸਨ। ਧਰਮ ਤਾਂ ਸਰਬ ਵਿਆਪੀ ਹੁੰਦਾ ਹੈ। ਉਨ੍ਹਾਂ ਦਾ ਧਰਮ ਸੀ ਕਿ ਕੋਈ ਵੀ ਲੋੜਵੰਦ ਆਵੇ, ਉਸ ਦਾ ਪਰਦਾ ਢੱਕਣਾ ਹੈ। ਧਰਮ ਦੇ ਦੁਆਰ ਸਾਰਿਆਂ ਲਈ ਹਮੇਸ਼ਾਂ ਖੁਲ੍ਹੇ ਰਹਿੰਦੇ ਹਨ। ਧਰਮ, ਸ਼ਬਦ ਵਿਚੋਂ ਪੈਦਾ ਹੁੰਦਾ ਹੈ। ਧਰਮ ਸੰਸਾਰ ਵਿਚੋਂ ਪੈਦਾ ਨਹੀਂ ਹੁੰਦਾ। ਧਰਮ ਨਿਰਾਅਕਾਰ ਹੈ। ਅਕਾਰ ਨਹੀਂ ਹੈ। ਧਰਮੀ ਮਹਾਂਪੁਰਖ ਕਿਸੇ ਨੂੰ ਬੇ-ਪੜ੍ਹਦ ਨਹੀਂ ਦੇਖ ਸਕਦਾ। ਗੁਰੂ ਤੇਗ ਬਹਾਦਰ ਸਾਹਿਬ ਦੀ ਦ੍ਰਿਸ਼ਟੀ ਇਹ ਹੈ ਕਿ ਜਦੋਂ ਜ਼ਾਲਮ ਜ਼ੁਲਮ ਕਰਦਾ ਹੈ ਤਾਂ ਮਜ਼ਲੂਮ ਬੇ-ਪੜ੍ਹਦ ਹੁੰਦਾ ਹੈ। ਇਸ ਨਾਲ ਜ਼ਾਲਮ ਦੀ ਕੋਈ ਅਸਮਤ ਵਧਦੀ ਨਹੀਂ। ਜ਼ਾਲਮ ਦੇ ਇਖਲਾਕ ਦਾ ਦਿਵਾਲਾ ਨਿਕਲ ਜਾਂਦਾ ਹੈ। ਬੇ-ਸ਼ੱਕ ਜ਼ਾਲਮ ਸੌ ਪਰਦੇ ਪਾਵੇ, ਪਰ ਮਜ਼ਲੂਮਾਂ ਦੇ ਹਉਕਿਆਂ ਦੀ ਸੜ੍ਹਾਂਦ ਜ਼ਾਲਮ ਦੇ ਖਿਲਾਫ਼ ਸਾਰੇ ਜਗਤ ਵਿੱਚ ਪਹੁੰਚ ਜਾਂਦੀ ਹੈ।

ਗੁਰੂ ਤੇਗ ਬਹਾਦਰ ਜੀ ਨੇ ਹਮੇਸ਼ਾਂ ਪਰਦਾ ਢੱਕਿਆ ਹੈ। ਕਦੇ ਕਿਸੇ ਗਰੀਬ ਦਾ ਆਪਣੇ ਕੱਪੜਿਆਂ ਨਾਲ ਪਰਦਾ ਢੱਕਿਆ। ਅਵਗੁਣਆਰਿਆਂ ਦਾ ਸ਼ਬਦ ਨਾਲ ਪਰਦਾ ਢੱਕਿਆ ਤੇ ਮਜ਼ਲੂਮਾਂ ਦਾ ਆਪਣਾ ਤਨ ਵਾਰ ਕੇ ਪਰਦਾ ਢੱਕਿਆ।

ਗੁਰਦੇਵ ਗੁਰੂ ਤੇਗ ਬਹਾਦਰ ਸਾਹਿਬ ਦੀ ਉਸ ਵਕਤ ਜਦੋਂ ਉਹ ਅਜੇ ਚਾਰ ਸਾਲ ਦੇ ਸਨ। ਵੱਡੇ ਵੀਰ ਬਾਬਾ ਗੁਰਦਿੱਤਾ ਜੀ ਦੇ ਵਿਆਹ ਦਾ ਦਿਨ ਸੀ। ਬਰਾਤ ਚੜ੍ਹਨ ਲਈ ਤਿਆਰ ਸੀ। ਗੁਰੂ ਤੇਗ ਬਹਾਦਰ ਜੀ ਨੂੰ ਵੀ ਸੋਹਣੇ ਕੱਪੜੇ ਪਾ ਕੇ ਮਾਤਾ ਨਾਨਕੀ ਜੀ ਨੇ ਤਿਆਰ ਕੀਤਾ ਸੀ। ਗੁਰਦੇਵ ਸੋਹਣੀ ਪੁਸ਼ਾਕ ਪਾ ਕੇ ਬਾਹਰ ਨਿਕਲੇ ਸਨ। ਬਾਹਰ ਇਕ ਬੱਚਾ ਨੰਗਾ ਫਿਰ ਰਿਹਾ ਸੀ। ਉਸ ਦੀ ਕਮੀਜ਼ ਅੱਧੀ ਪਾਟੀ ਸੀ। ਜਿਸ ਨਾਲ ਉਹ ਅੱਧਾ ਨੰਗਾ ਸੀ। ਉਸ ਬੱਚੇ ਨੇ ਗੁਰਦੇਵ ਨੂੰ ਕਿਹਾ, ਤਿਆਗ ਮੱਲ ! ਤੇਰਾ ਜਾਮਾ

ਬੜਾ ਸੁੰਦਰ ਹੈ । ਗੁਰਦੇਵ ਨੇ ਕਿਹਾ ਨਹੀਂ ! ਤੇਰਾ ਜਾਮਾ ਵੀ ਸੁੰਦਰ ਹੈ । ਉਹ ਬੱਚਾ ਕਹਿਣ ਲੱਗਾ ਕਿ ਤੂੰ ਫਿਰ ਮੇਰਾ ਜਾਮਾ ਪਾ ਲੈ ਅਤੇ ਆਪਣਾ ਮੈਨੂੰ ਦੇ ਦੇ । ਗੁਰਦੇਵ ਨੇ ਆਪਣਾ ਸੁੰਦਰ ਜਾਮਾ ਉਸ ਨੂੰ ਪਹਿਨਾ ਦਿੱਤਾ ਤੇ ਉਸ ਦਾ ਫਾਟਾ ਹੋਇਆ ਕਮੀਜ਼ ਆਪ ਪਹਿਨ ਕੇ ਘਰ ਆ ਗਏ । ਇਹ ਧਰਮ ਦੀ ਚਾਦਰ ਦਾ ਅਜੇ ਪਹਿਲਾ ਪਰਦਾ ਸੀ :

ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ,
ਜਿਤੁ ਮਿਲਿ ਹਰਿ ਪੜਦਾ ਕਜਿਆ ॥

(ਪੰਨਾ-੧੩੧੬)

ਗੁਰਦੇਵ ਨੇ ਸਾਰੀ ਉਮਰ ਸ਼ਬਦ ਦੀ ਕਲਾ ਨਾਲ ਅਨੇਕਾਂ ਭਟਕੇ ਹੋਏ ਪ੍ਰਾਣੀਆਂ ਦਾ ਪਰਦਾ ਢੱਕਿਆ । ਸ਼ਬਦ ਹੀ ਗੁਰੂ ਸਾਹਿਬਾਂ ਦਾ ਸਭ ਤੋਂ ਵੱਡਾ ਹਥਿਆਰ ਹੈ :

ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥

(ਪੰਨਾ ੧੧੧੭)

ਗੁਰਦੇਵ ਦੀ ਸ਼ਹਾਦਤ, ਪਰਦਾ ਢੱਕਣ ਦਾ ਅੰਤਿਮ ਸਾਕਾ ਸੀ । ਪਰ ਗੁਰੂ ਬਚਪਨ ਤੋਂ ਅਖੀਰ ਤੱਕ ਸਾਰੀ ਉਮਰ ਪਰਦੇ ਹੀ ਢੱਕਦੇ ਰਹੇ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਹਨਾਂ ਦੇ ਉਨਾਹਠ ਸ਼ਬਦ ਉਪਦੇਸ਼ ਹਨ ਅਤੇ ਸਤਵੰਜਾਂ ਸਲੋਕ ਸੋਧਾਂ ਹਨ । ਗੁਰਦੇਵ ਦੀ ਬਾਣੀ ਨੂੰ ਵਿਚਾਰਿਆਂ ਪਤਾ ਲੱਗਦਾ ਹੈ ਕਿ ਏਨੀ ਸੇਵਾ ਤੇ ਕੁਰਬਾਨੀ ਵਾਲੇ ਮਹਾਂਪੁਰਖ ਦਾ ਮੂਲ ਸ਼ਬਦ ਸੀ ।

* * *

ਪ੍ਰਭੂ ਦਾ ਭੇਦ ਅਤੇ ਸ਼ਬਦ ਦੀ ਕਲਾ

ਸ਼ਬਦ ਵਿਚੋਂ ਸਭ ਕੁਝ ਨਿਕਲਦਾ ਹੈ। ਜਿਵੇਂ ਸਾਗਰ ਵਿਚੋਂ ਅਨੇਕਾਂ ਸੋਮੇ ਨਿਕਲਦੇ ਹਨ। ਇਸ ਤਰ੍ਹਾਂ ਹੀ ਸ਼ਬਦ ਤੋਂ ਸਤ, ਸੰਤੋਖ, ਦਇਆ, ਧਰਮ, ਬਿਬੇਕ ਆਦਿ ਅਨੇਕਾਂ ਗੁਣ ਪ੍ਰਗਟ ਹੁੰਦੇ ਹਨ ਅਤੇ ਸ਼ਬਦ ਦੀ ਉਤਪਤੀ ਪ੍ਰਭੂ ਤੋਂ ਹੈ। ਜਿਸ ਤਨ ਵਿਚੋਂ ਪਵਿੱਤਰ ਕਰਮਾਂ ਦੀ ਨਿਰਮਲ ਧਾਰਾ ਨਿਕਲਦੀ ਹੈ, ਉਸ ਨਿਰਮਲ ਧਾਰਾ ਦਾ ਸੋਮਾ ਸ਼ਬਦ ਹੁੰਦਾ ਹੈ। ਸ਼ਬਦ ਸ਼੍ਰਿਸ਼ਟੀ ਦਾ ਮੂਲ ਹੈ ਅਤੇ ਪ੍ਰਮਾਤਮਾ ਦਾ ਪ੍ਰਕਾਸ਼ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਨੁੱਖ ਦੀਆਂ ਵਿਚਾਰਾਂ ਜੇ ਸਰੀਰ ਦੇ ਤੱਲ 'ਤੇ ਪੈਦਾ ਹੁੰਦੀਆਂ ਹਨ ਤਾਂ ਉਹ ਮਲੀਨ ਹੋਣਗੀਆਂ। ਜੇ ਉਹ ਵਿਚਾਰਾਂ ਆਤਮਾ ਦੇ ਤਲ ਤੇ ਪੈਦਾ ਹੁੰਦੀਆਂ ਹਨ ਤਾਂ ਉਹ ਪਵਿੱਤਰ ਹੋਣਗੀਆਂ। ਆਤਮਾ ਸ਼ਬਦ ਹੈ। ਅਗਰ ਵਿਚਾਰ ਚੰਗੇ ਪੈਦਾ ਹੋ ਰਹੇ ਹੋਣ ਤਾਂ ਸਮਝ ਲਉ ਕਿ ਮਨ ਵੀ ਪਵਿੱਤਰ ਹੀ ਹੈ। ਪਵਿੱਤਰ ਸੋਮਾ ਸ਼ਬਦ ਹੈ।

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਆਦਿ ਸ਼ਬਦ "ਓਅੰਕਾਰ" ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ "ਓਅੰਕਾਰ" ਸ਼ਬਦ ਨੂੰ ਸਮਝਣ ਤੇ ਸਮਝਾਉਣ ਲਈ ਬੜੀ ਸੁੰਦਰ ਵਿਉਂਤਬੰਦੀ ਕੀਤੀ ਹੈ। ਸ਼ੁਰੂਆਤ ਵਿੱਚ ਦਰਸਾਇਆ ਗਿਆ ਹੈ ਕਿ ਓਅੰਕਾਰ ਇਕ ਹੈ। ਉਹ ਇਕ ਓਅੰਕਾਰ ਹੀ ਸਾਰੀ ਸ਼੍ਰਿਸ਼ਟੀ ਵਿੱਚ ਰਮਿਆ ਹੋਇਆ ਹੈ। ਜੇ ਉਸ ਇਕ ਓਅੰਕਾਰ ਦੀ ਸਮਝ ਨਾ ਲੱਗੇ ਤਾਂ ਫਿਰ ਮੂਲਮੰਤਰ ਨੂੰ ਸਮਝਣਾ ਚਾਹੀਦਾ ਹੈ। ਜੇ ਮੂਲਮੰਤਰ ਦੀ ਸਮਝ ਨਾ ਲੱਗੇ ਤਾਂ ਫਿਰ ਜਪੁਜੀ ਸਾਹਿਬ ਨੂੰ ਸਮਝਣਾ ਚਾਹੀਦਾ ਹੈ। ਸਾਰਾ ਜਪੁਜੀ ਸਾਹਿਬ ਮੂਲ ਮੰਤਰ ਦੀ ਵਿਆਖਿਆ ਹੈ। ਸਾਰਾ ਮੂਲਮੰਤਰ ਓਅੰਕਾਰ ਦੀ ਵਿਆਖਿਆ ਹੈ। ਏਸ ਢੰਗ ਨਾਲ ਸਾਰਾ ਗੁਰੂ ਗ੍ਰੰਥ ਸਾਹਿਬ ਇਕ ਓਅੰਕਾਰ ਦੀ ਹੀ ਵਿਆਖਿਆ ਹੈ। ਓਅੰਕਾਰ ਸਾਰੀ ਸ਼੍ਰਿਸ਼ਟੀ ਵਿੱਚ ਇਕ ਸ਼ਬਦ (ਧੁਨ) ਬਣ ਕੇ ਰਮਿਆ ਹੋਇਆ ਹੈ ਬਸ ! ਰੱਬ ਬੰਦੇ ਦੇ ਵਿੱਚ ਹੈ ਅਤੇ ਬੰਦਾ ਹਉਮੈ ਵਿੱਚ ਹੈ।

ਇਕ ਬੜੀ ਪਿਆਰੀ ਕਹਾਣੀ ਹੈ। ਕਹਾਣੀਆਂ ਤਾਂ ਸਾਰੀਆਂ ਕਲਪਨਾਵਾਂ ਹੁੰਦੀਆਂ ਹਨ। ਪਰ ਇਹ ਕਲਪਨਾਵਾਂ ਵੀ ਏਸ ਵਾਸਤੇ ਕੀਤੀਆਂ ਜਾਂਦੀਆਂ ਹਨ ਕਿ ਮਜ਼ਬੂਨ ਦੇ ਸੱਚੇ ਭਾਵ ਨੂੰ ਉਜਾਗਰ ਕੀਤਾ ਜਾ ਸਕੇ। ਸੋ ਕਲਪਨਾ ਹੈ ਕਿ ਇਕ ਵਾਰ ਪ੍ਰਮਾਤਮਾ ਆਪਣੇ ਫਰਿਸ਼ਤਿਆਂ ਦੀ ਸਭਾ ਵਿੱਚ ਬੈਠੇ ਸਨ। ਪਰ ਪ੍ਰਮਾਤਮਾ ਬੜੇ ਮਯੂਸ ਸਨ। ਕਿਸੇ ਫਰਿਸ਼ਤੇ ਨੇ ਪੁੱਛਿਆ, ਹੇ ਪ੍ਰਭੂ ! ਆਪ ਅੱਜ ਏਨੇ ਮਯੂਸ ਕਿਉਂ ਹੋ ? ਤਾਂ ਪ੍ਰਮਾਤਮਾ ਨੇ ਜੁਆਬ ਦਿੱਤਾ ਕਿ ਮੈਂ ਏਨਾ ਮਯੂਸ ਤਾਂ ਨਹੀਂ, ਪਰ ਇਕ ਭੁੱਲ ਹੋ ਗਈ ਹੈ। ਸਾਰਿਆਂ ਨੇ ਪੁੱਛਿਆ ਹੇ ਪ੍ਰਭੂ ! ਤੁਹਾਡੇ ਤੋਂ ਵੀ ਕੋਈ ਭੁੱਲ ਹੋ ਸਕਦੀ ਹੈ ? ਤਾਂ ਪ੍ਰਭੂ ਕਹਿਣ ਲੱਗੇ ਕਿ, "ਮਨੁੱਖ ਨੂੰ ਬਹੁਤ ਵੱਡੇ-ਵੱਡੇ ਅਧਿਕਾਰ ਦੇ ਬੈਠਾ ਹਾਂ। ਏਥੋਂ ਤੱਕ ਕਿ ਸਾਰੀ ਸ਼੍ਰਿਸ਼ਟੀ ਦੀ ਸਰਦਾਰੀ ਮਨੁੱਖ ਨੂੰ ਦੇ ਦਿੱਤੀ ਹੈ। ਬੜੇ-ਬੜੇ ਜੀਵ-ਜੰਤੂ ਤੇ ਪਸ਼ੂ-ਪੰਛੀ

ਬਣਾਏ ਹਨ, ਪਰ ਬੁਧੀ ਮੈਂ ਕਿਸੇ ਨੂੰ ਨਹੀਂ ਪ੍ਦਾਨ ਕੀਤੀ। ਬੁਧੀ ਕੇਵਲ ਤੇ ਕੇਵਲ ਮਨੁੱਖ ਨੂੰ ਬਖਸ਼ਸ਼ ਹੋਈ ਹੈ। ਏਸ ਬੁਧੀ ਵਾਲੇ ਖਾਨੇ ਦੀ ਬ-ਦੌਲਤ ਹੀ ਮਨੁੱਖ ਸਾਰੀ ਸ਼੍ਰਿਸ਼ਟੀ ਦਾ ਮਾਲਕ ਹੈ। ਮੈਂ ਏਸ ਮਨੁੱਖ ਨੂੰ ਸਾਰੀ ਸ਼੍ਰਿਸ਼ਟੀ ਦਾ ਮਾਲਕ ਬਣਾਇਆ ਹੈ, ਪਰ ਇਹ ਹੁਣ ਮੇਰਾ ਵੀ ਸਰਦਾਰ ਬਣਨਾ ਚਾਹੁੰਦਾ ਹੈ।" ਫਰਿਸ਼ਤਿਆਂ ਨੇ ਪੁਛਿਆ ਓਹ ਕਿਵੇਂ ਸਰਦਾਰ ਬਣ ਸਕਦਾ ਹੈ ? ਪ੍ਮਾਤਮਾ ਜੀ ਕਹਿਣ ਲੱਗੇ ਕਿ, "ਇਹ ਬੰਦਾ ਮੇਰੀ ਕੁਦਰਤ ਦੇ ਭੇਦ ਨੂੰ ਉਘਾੜਨ ਵਿੱਚ ਲੱਗਿਆ ਹੋਇਆ ਹੈ। ਜੇ ਏਸ ਨੂੰ ਮੇਰੀ ਕਲਾ ਦਾ ਭੇਦ ਪਤਾ ਚਲ ਗਿਆ ਤਾਂ ਇਹ ਮੇਰੇ ਘਰ ਦਾ ਮਾਲਕ ਬਣ ਜਾਏਗਾ।" ਸਾਰੇ ਫਰਿਸ਼ਤੇ ਪੁੱਛਣ ਲੱਗੇ ਕਿ, "ਤੁਸੀਂ ਆਪਣੀ ਕੁਦਰਤ ਯਾਨੀ ਕਿ ਕਲਾ ਦਾ ਭੇਦ ਕਿਥੇ ਰੱਖਿਆ ਹੈ ?" ਪ੍ਮਾਤਮਾ ਦੇਵ ਕਹਿਣ ਲੱਗੇ ਕਿ ਏਹੀ ਤਾਂ ਮੈਂ ਸੋਚ ਰਿਹਾ ਹਾਂ ਕਿ ਮੈਂ ਆਪਣੀ ਕਲਾ ਯਾਨੀ ਕਿ, "ਕੁਦਰਤ ਨੂੰ ਕਿਥੇ ਛਿਪਾ ਕੇ ਰੱਖਾਂ ਕਿ ਜਿਥੋਂ ਉਸ ਭੇਦ ਨੂੰ ਆਦਮੀ ਨਾ ਜਾਣ ਸਕੇ ? ਬਾਕੀ ਸ਼੍ਰਿਸ਼ਟੀ ਦੇ ਹਰ ਪਦਾਰਥ ਦੀਆਂ ਪਰਤਾਂ ਇਸ ਆਦਮੀ ਨੇ ਉਘੇੜ ਲਈਆਂ ਹਨ। ਹੁਣ ਇਹ ਕੁਦਰਤ ਦੇ ਗੁੱਝੇ ਰਹੱਸ਼ ਨੂੰ ਖੋਲ੍ਹ ਕੇ ਮੈਨੂੰ ਕਾਬੂ ਕਰਨਾ ਚਾਹੁੰਦਾ ਹੈ। ਯਾਨੀ ਕਿ ਬੰਦਾ ਆਪ ਹੀ ਰੱਬ ਬਣਨਾ ਚਾਹੁੰਦਾ ਹੈ। ਦਸੋ ! ਕਿ ਮੈਂ ਆਪਣੇ ਕੁਦਰਤੀ ਭੇਦ ਨੂੰ ਕਿਥੇ ਲੁਕਾ ਕੇ ਰੱਖਾਂ ਕਿ ਬੰਦੇ ਨੂੰ ਪਤਾ ਨਾ ਲੱਗ ਸਕੇ ?"

ਕਹਿੰਦੇ ਹਨ ਕਿ ਪ੍ਮਾਤਮਾ ਦੀ ਪ੍ਰੇਸ਼ਾਨੀ ਦੀ ਕਹਾਣੀ ਸੁਣ ਕੇ ਸਾਰੇ ਫਰਿਸ਼ਤੇ ਡੂੰਘੀ ਸੋਚ ਵਿੱਚ ਪੈ ਗਏ। ਬੜੀ ਸੋਚ ਤੋਂ ਬਾਅਦ ਇਕ ਫਰਿਸ਼ਤੇ ਨੇ ਕਿਹਾ ਕਿ ਹੇ ਪ੍ਭੂ ! ਆਪ ਹਿਮਾਲੀਆ ਪਰਬਤ ਦੀ ਚੋਟੀ ਉੱਪਰ ਆਪਣੀ ਕੁਦਰਤ ਦੇ ਭੇਦ ਲੁਕਾ ਦਿਉ ? ਪ੍ਮਾਤਮਾ ਕਹਿਣ ਲੱਗੇ ਕਿ, "ਹਿਮਾਲੀਆ ਪਰਬਤ ਨੂੰ ਤਾਂ ਬੜੀ ਦੇਰ ਤੋਂ ਤਾਨਸਿੰਗ ਤੇ ਹਲੇਰੀ ਨੇ ਸਰ ਕਰ ਲਿਆ ਹੋਇਆ ਹੈ।" ਇਕ ਫਰਿਸ਼ਤੇ ਨੇ ਕਿਹਾ ਕਿ ਸਮੁੰਦਰ ਵਿੱਚ ਆਪਣਾ ਕੁਦਰਤੀ ਭੇਦ ਲੁਕਾ ਦਿਉ ? ਪ੍ਭੂ ਨੇ ਕਿਹਾ ਕਿ, ਸਮੁੰਦਰ, ਚੰਦਰਮਾ, ਮੰਗਲ, ਬੁਧ, ਤਾਰੇ, ਸਿਆਰੇ, ਗ੍ਰਿਹ, ਨੱਛਤਰ ਆਦਿ ਸਾਰਿਆਂ ਥਾਵਾਂ ਤੇ ਮਨੁੱਖ ਨੇ ਕਬਜ਼ਾ ਕਰ ਲਿਆ ਹੈ ਅਤੇ ਉਥੋਂ ਦੇ ਸਾਰੇ ਭੇਦ ਵੀ ਜਾਣ ਲਏ ਹਨ। ਤੁਸੀਂ ਮੈਨੂੰ ਕੋਈ ਐਸੀ ਥਾਂ ਦੱਸੋ, ਜਿਥੇ ਆਦਮੀ ਦੀ ਬੁੱਧੀ ਨਾ ਪਹੁੰਚ ਸਕੇ ?" ਅਖੀਰ ਤੇ ਸਾਰੇ ਫਰਿਸ਼ਤਿਆਂ ਵਿਚੋਂ ਇਕ ਬਜ਼ੁਰਗ ਫਰਿਸ਼ਤੇ ਨੇ ਜੁਆਬ ਦਿੱਤਾ ਕਿ, "ਹੇ ਪ੍ਭੂ ! ਮੇਰੀ ਇਕ ਸਲਾਹ ਹੈ ਕਿ ਜੇ ਆਪ ਨੂੰ ਮਨਜ਼ੂਰ ਹੋਵੇ !" ਪ੍ਭੂ ਕਹਿਣ ਲੱਗੇ ਦੱਸੋ ? ਉਸ ਬਜ਼ੁਰਗ ਫਰਿਸ਼ਤੇ ਨੇ ਕਿਹਾ ਹੇ ਪ੍ਭੂ ! "ਬੰਦਾ ਹਰ ਥਾਂ ਦੀ ਤੇ ਹਰੇਕ ਪਦਾਰਥ ਦੀ ਖੋਜ ਕਰ ਸਕਦਾ ਹੈ। ਪਰ ਇਹ ਆਪਣੇ ਆਪ ਦੀ ਖੋਜ ਆਪ ਨਹੀਂ ਕਰ ਸਕਦਾ। ਇਸ ਵਾਸਤੇ ਮੇਰੀ ਰਾਇ ਹੈ ਕਿ ਤੁਸੀਂ ਮਨੁੱਖ ਦੇ ਅੰਦਰ ਹੀ ਆਪਣਾ ਭੇਦ ਛਿਪਾ ਦਿਉ ? ਏਹ ਹਰੇਕ ਥਾਂ ਦੀ ਖੋਜ ਕਰ ਸਕਦਾ ਹੈ ਪਰ ਆਪਣੀ ਨਹੀਂ ਕਰਦਾ। ਤੁਸੀਂ ਆਪਣੀ ਕੁਦਰਤ ਦੇ ਸਾਰੇ ਗੁੱਝੇ ਭੇਦ, ਬੰਦੇ ਦੇ ਅੰਤਸ਼ਕਰਣ ਵਿੱਚ ਰੱਖ ਦਿਉ ? ਬੰਦਾ, ਆਪੇ ਬਾਹਰ ਲੱਭਦਾ ਰਹੇਗਾ।" ਕਹਿੰਦੇ ਹਨ ਕਿ ਪ੍ਭੂ ਨੇ ਉਸ ਫਰਿਸ਼ਤੇ ਦੀ ਗਲ ਮੰਨ ਲਈ ਅਤੇ ਆਪਣੀ ਕੁਦਰਤ ਦੇ ਸਾਰੇ ਭੇਦ ਬੰਦੇ ਦੇ ਅੰਦਰ ਹੀ ਛੁਪਾ ਦਿੱਤੇ। ਪਰ ਬੰਦਾ ਬਾਹਰ ਖੋਜ ਰਿਹਾ ਹੈ। ਪ੍ਭੂ ਸ਼ਬਦ ਰੂਪ ਹੋ ਕੇ ਹਰੇਕ ਦੇ ਅੰਦਰ ਬੈਠਾ ਹੈ, ਪਰ ਓਸ ਸ਼ਬਦ ਜੋਤ ਦਾ ਪ੍ਰਕਾਸ਼ ਕਦੇ-ਕਦੇ ਕੋਈ

ਵਿਰਲਾ ਹੀ ਪਾਉਂਦਾ ਹੈ। ਸਾਰੇ ਨਹੀਂ। ਵੈਸੇ ਉਸ ਦੀ ਜੋਤ ਅਤੇ ਕੁਦਰਤ ਦੇ ਭੇਦ ਮਨੁੱਖ ਦੇ ਅੰਦਰ ਹੀ ਹਨ :

ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥ਰਹਾਉ॥
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ॥
ਅਕਲ ਕਲਾ ਭਰਪੂਰਿ ਰਹਿਆ ॥

(ਪੰਨਾ ੪੬੯)

ਇਹ ਹਕੀਕਤ ਹੈ ਕਿ ਸਾਰੀ ਕੁਦਰਤ ਦਾ ਭੇਦ ਸੰਸਾਰ ਦੇ ਅੰਦਰ ਹੀ ਛਿਪਿਆ ਹੈ। ਆਦਮੀ ਬਾਹਰ ਖੋਜ ਕਰਦਾ ਹੈ। ਪਰ ਕੁਦਰਤ ਦਾ ਭੇਦ **"ਸ਼ਬਦ ਹੈ"**। ਸ਼ਬਦ ਤੋਂ ਹੀ ਉਤਪਤੀ ਹੁੰਦੀ ਹੈ ਅਤੇ ਫਿਰ ਸ਼ਬਦ ਤੋਂ ਹੀ ਸਮਾਪਤੀ ਹੋ ਜਾਂਦੀ ਹੈ। ਇਹ ਘਟਨਾ ਭਾਵੇਂ ਇਕ ਸਰੀਰ ਤੇ ਘਟੇ ਜਾਂ ਸਾਰੇ ਸੰਸਾਰ ਤੇ ਘਟ ਜਾਵੇ, ਪਰ ਹੁੰਦਾ ਸਭ ਕੁਝ ਸ਼ਬਦ ਤੋਂ ਹੀ ਹੈ :

ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥

(ਪੰਨਾ-੧੧੭)

ਇਕ ਮਹਾਭਾਰਤ ਦੀ ਪੁਰਾਣੀ ਕਹਾਣੀ ਹੈ ਕਿ ਦ੍ਰੋਪਤੀ ਨੂੰ ਜੂਏ ਵਿੱਚ ਕੌਰਵਾਂ ਨੇ ਜਿੱਤ ਲਿਆ ਸੀ। ਦੁਯੋਧਨ ਦ੍ਰੋਪਤੀ ਨੂੰ ਨਗਨ ਦੇਖਣਾ ਚਾਹੁੰਦਾ ਸੀ। ਏਸ ਵਾਸਤੇ ਦੁਯੋਜਨ ਨੇ ਦੁਸਾਸ਼ਨ ਨੂੰ ਕਿਹਾ ਕਿ ਏਸ ਨੂੰ ਨਗਨ ਕਰੋ? ਦੁਸਾਸ਼ਨ ਦ੍ਰੋਪਤੀ ਦੀ ਸਾੜੀ ਉਤਾਰਦਾ-ਉਤਾਰਦਾ ਥੱਕ ਗਿਆ, ਪਰ ਦ੍ਰੋਪਤੀ ਨਗਨ ਨਹੀਂ ਹੋਈ। ਕ੍ਰਿਸ਼ਨ ਕਹਿਣ ਲੱਗੇ, "ਦ੍ਰੋਪਤੀ ਨਗਨ ਨਹੀਂ ਹੋਵੇਗੀ।"

ਦਰਅਸਲ ਜੇ ਇਹ ਕਥਾ ਨੂੰ ਏਸ ਤਰ੍ਹਾਂ ਸਮਝੀਏ ਕਿ ਸਾਰੀ ਸ੍ਰਿਸਟੀ ਦ੍ਰੋਪਤੀ ਹੈ। ਵਿਗਿਆਨ ਦੁਸ਼ਾਸ਼ਨ ਹੈ। ਸੰਸਾਰ ਤੇ ਕਬਜ਼ਾ ਰੱਖਣ ਵਾਲੇ ਦੁਯੋਧਨ ਹਨ। ਹਰ ਰਾਜਾ ਦੁਯੋਧਨ ਹੈ। ਹਰ ਦੁਯੋਧਨ ਸ੍ਰਿਸਟੀ ਦੀ ਅੰਦਰਲੀ ਤਹਿ ਦੇਖਣਾ ਚਾਹੁੰਦਾ ਹੈ। ਹਰੇਕ ਦੁਯੋਧਨ ਰੂਪ ਰਾਜੇ ਨੇ ਆਪਣੇ ਵਿਗਿਆਨਕ ਰੂਪ ਦੁਸਾਸ਼ਨ ਨੂੰ ਕਿਹਾ ਹੈ ਕਿ ਸ੍ਰਿਸਟੀ ਦੇ ਅੰਦਰ ਤੱਕ ਖੋਜ ਕਰੋ। ਵਿਗਿਆਨ ਪਦਾਰਥ ਦੀ ਖੋਜ ਤਾਂ ਕਰ ਲੈਂਦਾ ਹੈ, ਪਰ ਜਿਥੋਂ ਪਦਾਰਥ ਪੈਦਾ ਹੁੰਦਾ ਹੈ, ਉਸ ਮੂਲ ਤੱਤ ਤੋਂ ਵਾਂਝਾ ਹੀ ਰਹਿ ਜਾਂਦਾ ਹੈ। ਵਿਗਿਆਨ ਰੂਪ ਦੁਸਾਸ਼ਨ, ਪ੍ਰਕ੍ਰਿਤੀ ਰੂਪ ਦ੍ਰੋਪਤੀ ਨੂੰ ਨਗਨ ਕਰਨ ਤੇ ਤੁਲਿਆ ਹੋਇਆ ਹੈ, ਪਰ ਪ੍ਰਕ੍ਰਿਤੀ ਦਾ ਅੰਤਿ ਅੱਜ ਤੱਕ ਕਿਸੇ ਨੇ ਨਹੀਂ ਪਾਇਆ। ਪ੍ਰਕ੍ਰਿਤੀ ਸੈਭੰ ਹੈ। ਪ੍ਰਕ੍ਰਿਤੀ ਸ਼ਬਦ ਹੈ। ਸ਼ਬਦ ਹੀ ਪ੍ਰਮਾਤਮਾ ਹੈ। ਜਿਵੇਂ ਸੂਰਜ ਦੀਆ ਕਿਰਨਾਂ ਸੂਰਜ ਦੇ ਹੋਣ ਦਾ ਸਬੂਤ ਹਨ। ਏਸੇ ਤਰ੍ਹਾਂ ਸ਼ਬਦ ਪ੍ਰਮਾਤਮਾ ਦੇ ਹੋਣ ਦਾ ਸਬੂਤ ਹੈ। ਪ੍ਰਮਾਤਮਾ ਰੂਪ ਸੂਰਜ ਦੀਆਂ ਕਿਰਨਾਂ ਸ਼ਬਦ ਬਣ ਕੇ ਸਾਰੇ ਸੰਸਾਰ ਵਿੱਚ ਪਸਰੀਆਂ ਹੋਈਆਂ ਹਨ। ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਸ਼ਬਦ ਦੇ ਸੂਰਜ ਦਾ ਪ੍ਰਕਾਸ਼ ਭਗਤੀ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰ ਮਨ ਮਾਇਆ ਵਿੱਚ ਮੋਹਿਆ ਹੋਇਆ ਹੋਣ ਕਰਕੇ ਸ਼ਬਦ ਦੀ ਸਮਝ ਤੋਂ ਦੂਰ ਹੈ। ਮਾਇਆ ਦੇ ਜੰਜਾਲ ਵਿਚੋਂ ਸ਼ਬਦ ਦੀ ਵਿਚਾਰ ਸਦਕਾ ਹੀ ਮਨ

ਬਾਹਰ ਨਿਕਲ ਸਕਦਾ ਹੈ :

ਸਬਦ ਸੁਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥
ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥

(ਪੰਨਾ-੯੯)

ਹਰੇਕ ਸਰੀਰ ਅੰਦਰ ਸ਼ਬਦ ਹੈ। ਉਸ ਸ਼ਬਦ ਨੂੰ ਜਗਾਇਆ ਤਾਂ ਕਦੇ ਕਦਾਈ ਕਿਸੇ-ਕਿਸੇ ਨੇ ਹੀ ਹੈ। ਵਰਨਾ ਲੋਕ ਦੁਨੀਆਂ ਵਿੱਚ ਆਉਂਦੇ ਹਨ। ਜੰਮਦੇ ਹਨ ਅਤੇ ਮਰ ਜਾਂਦੇ ਹਨ। ਜਿਵੇਂ ਕਿ ਆਦਮੀ ਦਾ ਜਨਮ ਹੁੰਦਾ ਹੈ, ਪਰ ਮਰਨ ਵੇਲੇ ਸਾਰੇ ਆਦਮੀ ਨਹੀਂ ਮਰਦੇ। ਮਰਨ ਵੇਲੇ ਕੋਈ ਪਸ਼ੂਆਂ ਵਾਂਗ ਮਰ ਜਾਂਦਾ ਹੈ। ਕੋਈ ਸ਼ੈਤਾਨਾਂ ਵਾਂਗ ਮਰ ਜਾਂਦਾ ਹੈ। ਕੋਈ-ਕੋਈ ਇਨਸਾਨਾਂ ਵਾਂਗ ਮਰਦਾ ਹੈ। ਪਰ ਕਦੇ ਕਦਾਈਂ ਕੋਈ ਭਗਵਾਨ ਹੋ ਕੇ ਮਰਦਾ ਹੈ। ਭਗਵਾਨ ਹੋਣ ਵਾਲੇ ਬਹੁਤ ਥੋੜ੍ਹੇ ਲੋਕ ਹੁੰਦੇ ਹਨ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥

(ਪੰਨਾ ੧੪੧੧)

* * *

ਸੰਗਤ ਅਤੇ ਸ਼ਬਦ ਦੀ ਕਲਾ

ਸਰੀਰ, ਸਰੀਰ ਦੇ ਸੰਗ ਤੋਂ ਪੈਦਾ ਹੁੰਦਾ ਹੈ। ਪਰ ਸੁਰਤ ਸ਼ਬਦ ਤੋਂ ਪੈਦਾ ਹੁੰਦੀ ਹੈ। ਸੁਰਤ ਨੂੰ ਸ਼ਬਦ ਦੀ ਸਮਝ ਲੱਗ ਸਕੇ, ਏਸ ਵਾਸਤੇ ਸਤਸੰਗਾਂ ਦੇ ਅਯੋਜਨ ਕੀਤੇ ਜਾਂਦੇ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿੱਚ ਇਕ ਕਥਾ ਦਾ ਉਲੇਖ ਕੀਤਾ ਹੈ।

ਕਹਾਣੀ ਤਾਂ ਬੜੀ ਲੰਬੀ ਚੌੜੀ ਹੈ। ਇਕ ਅਮਰਨਾਥ ਨਾਮ ਦੀ ਬੜੀ ਉੱਚੀ ਪਹਾੜੀ ਹੈ। ਉਸ ਪਹਾੜੀ ਤੇ ਸ਼ਿਵਜੀ ਤੇ ਪਾਰਬਤੀ ਰਹਿੰਦੇ ਸਨ। ਪਾਰਬਤੀ ਆਪਣੇ ਪਤੀ ਨੂੰ ਕਹਿੰਦੀ ਹੈ ਕਿ ਤੁਸੀਂ ਸਦਾ ਪ੍ਰਸੰਨ ਚਿੱਤ ਰਹਿੰਦੇ ਹੋ, ਪਰ ਮੈਨੂੰ ਹਰਖ ਸੋਗ ਵਿਆਪਦਾ ਹੈ। ਮੈਨੂੰ ਵੀ ਕੋਈ ਐਸਾ ਮੰਤਰ ਦਿਉ ਜਿਸ ਨਾਲ ਮੈਂ ਵੀ ਸਦਾ ਇਕ ਰਸ ਸਹਿਜ ਵਿੱਚ ਰਹਿ ਸਕਾਂ। ਸ਼ਿਵਜੀ ਕਹਿਣ ਲੱਗੇ ਕਿ, "ਮੈਂ ਗੁਰ ਸ਼ਬਦ ਦਾ ਅਭਿਆਸ ਕਰਦਾ ਹਾਂ ਇਸ ਕਰਕੇ ਮੈਂ ਅਮਰ ਹਾਂ। ਕਿਉਂਕਿ ਅਮਰ ਸ਼ਬਦ ਮੇਰੇ ਅੰਦਰ ਹੈ। ਗੁਰ ਮੰਤਰ ਦੁਆਰਾ ਅੰਦਰਲਾ ਅਮਰ ਤੱਤ ਸੁਰਜੀਤ ਹੋ ਉਠਦਾ ਹੈ। ਉਸ ਅਮਰ ਤੱਤ ਦੁਆਰਾ ਹਰਖ ਸੋਗ ਨਹੀਂ ਵਿਆਪਦਾ। ਪਾਰਬਤੀ ਕਹਿਣ ਲੱਗੀ ਕਿ ਮੈਨੂੰ ਵੀ ਗੁਰਮੰਤਰ ਦਿਉ ? ਮੈਨੂੰ ਗੁਰ ਸ਼ਬਦ ਅਭਿਆਸ ਦੀ ਵਿਧੀ ਵੀ ਦਰਸਾਉ ? ਸ਼ਿਵਜੀ ਨੇ ਕਿਹਾ 'ਠੀਕ ਹੈ।' ਸ਼ਿਵਜੀ ਨੇ ਗੁਰ ਸ਼ਬਦ ਵੀ ਦਿੱਤਾ ਤੇ ਅਭਿਆਸ ਵੀ ਪਾਰਬਤੀ ਨੂੰ ਕਰਾਉਣਾ ਅਰੰਭ ਕਰ ਦਿੱਤਾ। ਜਿਵੇਂ ਜਿਥੋਂ ਦੀ ਪਾਣੀ ਲੰਘਦਾ ਹੈ ਤੇ ਆਸੇ ਪਾਸੇ ਘਾਹ ਆਪੇ ਹੀ ਉਗਦਾ ਤੇ ਹਰਾ ਹੁੰਦਾ ਹੈ। ਏਸੇ ਤਰ੍ਹਾਂ ਜਿਥੇ ਨਾਮ ਅਭਿਆਸ ਹੁੰਦਾ ਹੋਵੇ, ਉਥੇ ਆਸ ਪਾਸ ਦੀ ਸੰਗਤ ਵਿਚ ਵੀ ਅਸਰ ਹੁੰਦਾ ਹੈ। ਉਸ ਵਾਤਾਵਰਣ ਵਿੱਚ ਸ਼ਾਂਤੀ ਤੇ ਸਹਿਜ ਦੀਆਂ ਕਿਰਨਾਂ ਫੈਲ ਜਾਂਦੀਆਂ ਹਨ। ਕਹਿੰਦੇ ਹਨ ਕਿ ਜਿਥੇ ਸ਼ਿਵਜੀ, ਪਾਰਬਤੀ ਨੂੰ ਅਭਿਆਸ ਕਰਾ ਰਹੇ ਸਨ। ਉਥੇ ਨੇੜੇ ਹੀ ਇਕ ਦਰੱਖਤ ਉਪਰ ਤੋਤਾ ਰਹਿੰਦਾ ਸੀ। ਉਹ ਨਿਤਾਪ੍ਰਤਿ ਪਾਰਬਤੀ ਦੇ ਅਭਿਆਸ ਕਰਨ ਦਾ ਢੰਗ ਦੇਖਦਾ ਰਿਹਾ।

ਕਥਾ ਤਾਂ ਏਸ ਤਰ੍ਹਾਂ ਦਰਜ ਹੈ ਕਿ ਪਾਰਬਤੀ ਨੂੰ ਅਮਰ ਕਥਾ ਸੁਣਾਈ ਜਾ ਰਹੀ ਸੀ। ਪਰ ਪਾਰਬਤੀ ਸੌਂ ਗਈ ਅਤੇ ਦਰੱਖਤ 'ਤੇ ਬੈਠਾ ਤੋਤਾ ਹੀ ਇਹ ਕਥਾ ਸੁਣਦਾ ਰਿਹਾ। ਕੁਝ ਵੀ ਹੋਵੇ। ਤੋਤੇ ਨੇ ਅਮਰ ਤੱਤ ਦੀ ਕਥਾ ਸੁਣ ਲਈ। ਜਦੋਂ ਸ਼ਿਵਜੀ ਨੂੰ ਪਤਾ ਲੱਗਾ ਕਿ ਅੰਮ੍ਰਿਤ ਵਿਧੀ ਪਾਰਬਤੀ ਨੂੰ ਨਹੀਂ ਪਤਾ ਲੱਗੀ, ਬਲਕਿ ਇਕ ਤੋਤੇ ਨੂੰ ਅੰਮ੍ਰਿਤ ਪ੍ਰਾਪਤ ਕਰਨ ਦਾ ਗਿਆਨ ਪ੍ਰਾਪਤ ਹੋ ਗਿਆ ਹੈ। ਸ਼ਿਵਜੀ ਨੇ ਤ੍ਰਿਸ਼ੂਲ ਚੁੱਕਿਆ ਤੇ ਤੋਤੇ ਨੂੰ ਮਾਰ ਦੇਣਾ ਚਾਹਿਆ। ਤੋਤਾ ਉੱਡ ਕੇ ਬਿਆਸ ਰਿਖੀ ਦੇ ਆਸ਼ਰਮ ਵਿੱਚ ਚਲਾ ਗਿਆ।

ਅਗੋਂ ਕਥਾ ਏਸ ਤਰ੍ਹਾਂ ਵੀ ਦਰਜ ਹੈ ਕਿ ਜਦੋਂ ਉਹ ਤੋਤਾ ਬਿਆਸ ਰਿਖੀ ਦੇ ਆਸ਼ਰਮ

ਵਿਚ ਗਿਆ ਤਾਂ ਬਿਆਸ ਰਿਖੀ ਦੀ ਧਰਮ ਪਤਨੀ ਉਬਾਸੀ ਲੈ ਰਹੀ ਸੀ। ਉਬਾਸੀ ਲੈਣ ਹਿਤ, ਜਦੋਂ ਉਸ ਨੇ ਆਪਣਾ ਮੂੰਹ ਖੋਲ੍ਹਿਆ ਤਾਂ, ਉਹ ਤੋਤਾ ਬਿਆਸ ਰਿਖੀ ਦੀ ਪਤਨੀ ਦੇ ਮੂੰਹ ਵਿੱਚ ਪ੍ਰਵੇਸ਼ ਕਰ ਗਿਆ। ਫਿਰ ਬਾਰਾਂ ਸਾਲ ਤੱਕ ਉਹ ਬਿਆਸ ਰਿਖੀ ਦੀ ਧਰਮ ਪਤਨੀ ਦੇ ਗਰਭ ਵਿਚ ਹੀ ਰਿਹਾ। ਸ਼ਿਵਜੀ ਉਸ ਤੋਤੇ ਦੇ ਪਿਛੇ ਦੌੜਦਾ ਹੋਇਆ ਬਿਆਸ ਰਿਖੀ ਦੇ ਆਸ਼ਰਮ ਆ ਗਿਆ। ਸ਼ਿਵਜੀ ਨੇ ਕਿਹਾ, "ਬਿਆਸ ਜੀ ! ਮੇਰਾ ਚੋਰ ਤੁਹਾਡੇ ਆਸ਼ਰਮ ਵਿਚ ਆਇਆ ਹੈ। ਉਸ ਨੂੰ ਮੇਰੇ ਹਵਾਲੇ ਕਰ ਦਿਉ ?" ਬਿਆਸ ਨੇ ਸ਼ਿਵਜੀ ਨੂੰ ਸਮਝਾਇਆ ਕਿ, "ਜੋ ਗੁਰ ਮੰਤਰ ਹੈ, ਉਹ ਤਾਂ ਆਪ ਨੇ ਆਪਣੀ ਮਰਜ਼ੀ ਨਾਲ ਤੋਤੇ ਨੂੰ ਦਿੱਤਾ ਨਹੀਂ। ਪਰ ਤੋਤੇ ਨੇ ਵੀ ਆਪ ਕੋਲੋਂ ਮੰਤਰ ਚੁਰਾਇਆ ਨਹੀਂ। ਇਹ ਤਾਂ ਸੈਭੰ ਘਟਨਾ ਘਟੀ ਹੈ। ਸ਼ਿਵਜੀ ! ਆਪ ਨੂੰ ਤੋਤੇ ਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ।" ਕਹਿੰਦੇ ਹਨ ਕਿ ਸ਼ਿਵ ਜੀ, ਇਹ ਕਹਿ ਕੇ ਵਾਪਸ ਚਲਾ ਗਿਆ ਕਿ, "ਜੇਕਰ ਇਸ ਤੋਤੇ ਨੂੰ ਚੰਗਾ ਗੁਰੂ, ਅਭਿਆਸ ਕਰਾਉਣ ਵਾਲਾ ਮਿਲ ਗਿਆ ਤਾਂ ਏਹ ਤੋਤਾ ਵੱਡਾ ਮੁਨੀਸ਼ਵਰ ਬਣ ਜਾਏਗਾ।"

ਕਹਿੰਦੇ ਹਨ ਕਿ ਉਸ ਤੋਤੇ ਨੂੰ ਬਿਆਸ ਰਿਸ਼ੀ ਨੇ ਆਪਣਾ ਸ਼ਿਸ਼ ਸਵਿਕਾਰ ਕਰ ਲਿਆ। ਬਿਆਸ ਰਿਸ਼ੀ ਦੀ ਸੰਗਤ ਵਿਚ ਰਹਿ ਕੇ ਤੋਤੇ ਨੇ ਗਿਆਨ ਪ੍ਰਾਪਤ ਕੀਤਾ। ਦਰਅਸਲ ਏਸ ਕਹਾਣੀ ਨੂੰ ਹੋਰ ਢੰਗ ਨਾਲ ਸਮਝਣ ਦਾ ਯਤਨ ਕਰਨਾ ਹੈ।

ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਇਸ ਪੁਰਾਣਕ ਕਥਾ ਦਾ ਜੋ ਹਵਾਲਾ ਦਿੱਤਾ ਹੈ। ਇਸ ਤੋਂ ਜੀਵਨ ਵਾਸਤੇ ਸਿੱਖਿਆ ਹੋਰ ਢੰਗ ਨਾਲ ਮਿਲਦੀ ਹੈ। ਕਥਾ ਏਸ ਤਰ੍ਹਾਂ ਹੈ ਕਿ ਭਾਰਤ ਦਾ ਇਕ ਬੜਾ ਮਹਾਨ ਮੁਨੀਸ਼ਵਰ ਹੋਇਆ ਹੈ। ਇਸ ਮੁਨੀਸ਼ਵਰ ਦਾ ਨਾਮ "ਸ਼ੁਕਦੇਵ" ਸੀ। ਸੰਸਕ੍ਰਿਤ ਵਿਚ ਤੋਤੇ ਨੂੰ ਸੁਕ ਆਖਿਆ ਜਾਂਦਾ ਹੈ। ਦੇਵ, ਉਹ ਹੁੰਦਾ ਹੈ ਜੋ ਦੈਵੀ ਬਿਰਤੀ ਰਖਦਾ ਹੋਵੇ। ਭਾਵ ਇਹ ਹੋਇਆ ਕਿ "ਸੁਕ" (ਤੋਤਾ) ਕੋਈ ਐਸਾ ਦੇਵਤਾ ਸੀ, ਜਿਸ ਵਿੱਚ ਸਾਰੇ ਦੈਵੀ ਗੁਣ ਉਤਪੰਨ ਸਨ। ਭਾਵ ਸਪੱਸ਼ਟ ਹੈ ਕਿ (ਸੁਕ+ਦੇਵ) ਸੁਕਦੇਵ ਮੁਨੀ ਯਾਨੀ ਕਿ ਤੋਤਾ ਦੇਵਤਾ। ਇਕ ਤੋਤੇ ਨੇ ਬਿਆਸ ਰਿਸ਼ੀ ਦੀ ਸੰਗਤ ਵਿੱਚ ਬਾਰਾਂ ਸ਼ਾਲ ਤੱਕ ਇਹ ਗਿਆਨ ਪ੍ਰਾਪਤ ਕੀਤਾ ਕਿ ਸੰਸਾਰ ਤੋਂ ਅੱਗੇ ਕਰਤਾਰ ਹੈ। ਜਿੰਨੀ ਦੇਰ ਉਸ ਕਰਤਾਰ ਤੱਕ ਪਹੁੰਚ ਨਾ ਕੀਤੀ ਜਾਵੇ, ਉਨੀ ਦੇਰ ਜੀਵਨ ਸਫ਼ਲ ਨਹੀਂ ਹੋ ਸਕਦਾ। ਇਸ ਉਪਰਾਮਤਾ ਨੇ ਸੁਕਦੇਵ ਦੇ ਮਨ ਵਿੱਚ ਘਰ ਕਰ ਲਿਆ।

ਇਹ ਗੱਲ ਸਪਸ਼ਟ ਕਰ ਲਈ ਜਾਵੇ ਤਾਂ ਠੀਕ ਰਹੇਗੀ। ਕੋਈ ਪੰਛੀ ਮੁਨੀਸ਼ਵਰ ਬਣ ਸਕਦਾ ਹੈ ? ਇਹ ਨਿਯਮ ਕੁਦਰਤ ਦੇ ਨਿਯਮ ਦੇ ਉਲਟ ਲਗਦਾ ਹੈ। ਆਦਮੀ ਦੇ ਮੰਨਣ ਵਿਚ ਨਹੀਂ ਆਉਂਦਾ। ਪਰ ਭਾਈ ਗੁਰਦਾਸ ਵਰਗਾ ਮਹਾਂਪੁਰਖ ਏਸ ਗੱਲ ਦੀ ਗਵਾਹੀ ਭਰ ਰਿਹਾ ਹੈ। ਗੁਰਮਤਿ ਦੇ ਬੇਦ ਬਿਆਸ ਮੰਨੇ ਗਏ ਹਨ ਭਾਈ ਗੁਰਦਾਸ ਜੀ। ਭਾਈ ਸਾਹਿਬ ਕਹਿੰਦੇ ਹਨ—

ਬਾਰਹ ਵਰ੍ਹੇ ਗਰਭਾਸਿ ਵਸਿ ਜੰਮਦੇ ਹੀ ਸੁਕਿ ਲਈ ਉਦਾਸੀ ॥

ਜੇ ਕਿਸੇ ਹੋਰ ਆਮ ਸਧਾਰਨ ਆਦਮੀ ਦੀ ਗੱਲ ਹੁੰਦੀ ਤਾਂ ਰੱਦ ਕੀਤੀ ਜਾ ਸਕਦੀ

ਸੀ। ਪਰ ਭਾਈ ਸਾਹਿਬ ਤਾਂ ਗੁਰਮਤਿ ਦੇ ਵੇਦ ਬਿਆਸ ਮੰਨੇ ਗਏ ਹਨ।

ਦਰਅਸਲ ਏਸ ਕਥਾ ਦਾ ਭਾਵ ਅਧਿਆਤਮ ਹੈ। ਗਰਭ ਦਾ ਸਮਾਂ ਹਰ ਜੀਵ ਲਈ ਕਰਤਾਪੁਰਖ ਨੇ ਨਿਯਤ ਕੀਤਾ ਹੋਇਆ ਹੈ। ਪੰਛੀ ਤਿੰਨ ਹਫ਼ਤੇ ਤੋਂ ਲੈ ਕੇ ਚਾਰ ਹਫ਼ਤੇ ਵਿੱਚ ਆਪਣੇ ਅੰਡਿਆਂ ਤੋਂ ਬੱਚਿਆਂ ਨੂੰ ਜਨਮ ਦੇਂਦੇ ਹਨ। ਕੁਝ ਚੌਪਾਏ ਪਸ਼ੂਆਂ ਦਾ ਗਰਭ ਸਮਾਂ ਤਿੰਨ ਮਹੀਨੇ ਤੋਂ ਲੈ ਕੇ ਛੇ ਮਹੀਨੇ ਤੱਕ ਹੈ। ਗਊ ਮੱਝ ਤੇ ਹਾਥੀ ਆਦਿ ਨੌਂ ਜਾਂ ਦਸ ਮਹੀਨਿਆਂ ਦੇ ਵਿੱਚ ਵਿੱਚ ਆਪਣੇ ਬੱਚੇ ਨੂੰ ਜਨਮ ਦੇਂਦੇ ਹਨ। ਪਰ ਇਹ ਜੋ ਸੁਕਦੇਵ ਰਿਸ਼ੀ ਬਾਰੇ ਕਥਾ ਦਰਜ ਹੈ ਕਿ, "ਉਹ ਬਾਰਾਂ ਸਾਲ ਮਾਂ ਦੇ ਗਰਭ ਵਿਚ ਰਿਹਾ।" ਇਹ ਪ੍ਰਕ੍ਰਿਤੀ ਦੇ ਨਿਯਮ ਦੇ ਉਲਟ ਹੈ। ਇਉ ਲਗਦਾ ਹੈ ਕਿ ਏਸ ਕਥਾ ਵਿੱਚ ਗਰਭ ਸਮੇਂ ਨੂੰ ਪ੍ਰਤੀਕ ਮੰਨਿਆ ਗਿਆ ਹੈ।

ਲਗਦਾ ਹੈ ਕਿ ਜਦੋਂ ਤੋਤੇ ਨੇ ਸ਼ਿਵਜੀ ਕੋਲੋਂ ਗੁਰਮੰਤਰ ਸੁਣ ਹੀ ਲਿਆ ਤਾਂ ਉਹ ਉਡਦਾ ਹੋਇਆ ਬਿਆਸ ਰਿਖੀ ਦਾ ਦਰਵਾਜਾ ਖੁਲ੍ਹਾ ਦੇਖ ਕੇ ਅੰਦਰ ਆ ਵੜਿਆ ਹੋਵੇਗਾ। ਤੋਤੇ, ਅੱਜ ਵੀ ਸਿਖਾਉਣ ਨਾਲ, ਕਾਫ਼ੀ ਕੁਝ ਸਿੱਖ ਜਾਂਦੇ ਹਨ। ਬਾਰਾਂ ਸਾਲ ਬਿਆਸ ਰਿਖੀ ਦੇ ਵਿਦਿਆਰਥੀ ਵਜੋਂ ਰਹਿ ਕੇ ਸੰਸਾਰ ਤੇ ਕਰਤਾਰ ਦਾ ਗਿਆਨ ਹੋ ਗਿਆ ਹੋਵੇਗਾ। ਪਰ ਜਦੋਂ ਉਸ ਨੂੰ ਸੰਸਾਰ ਨਾਲੋਂ ਕਰਤਾਰ ਦੀ ਮਹਾਨਤਾ ਜ਼ਿਆਦਾ ਜਾਪੀ ਤਾਂ ਉਹ ਨਾਮ ਰਸ ਦੀ ਪ੍ਰਾਪਤੀ ਲਈ ਤੜਪਿਆ ਹੋਵੇਗਾ। ਹੋਰ ਸਾਧ ਸੰਗਤ ਹੀ ਮਹਾਪੁਰਖਾਂ ਦੀ ਮਾਂ ਹੁੰਦੀ ਹੈ। ਸਾਧ ਸੰਗਤ ਦੇ ਗਰਭ ਵਿਚੋਂ ਹੀ ਬ੍ਰਹਮ ਸਿੱਖਿਆ ਮਿਲਦੀ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ—ਸੁਕਦੇਵ—

ਖ੍ਰਿਆ ਬਿਆਸ ਪਰਬੋਧਿਆ, ਗੁਰ ਕਰਿ ਜਨਕ ਸਹਿਜ ਅਭਿਆਸੀ ॥

ਸੰਸਾਰ ਵਿਚ ਜੋ ਕੁਝ ਪ੍ਰਾਪਤ ਹੋ ਸਕਦਾ ਸੀ। ਉਸ ਸਭ ਦਾ ਗਿਆਨ ਬਿਆਸ ਤੋਂ ਸੁਕਦੇਵ ਨੂੰ ਪ੍ਰਾਪਤ ਹੋ ਗਿਆ ਸੀ। ਸੁਕਦੇਵ ਨੇ ਜੋ ਕੁਝ ਸੰਸਾਰ ਵਿਚ ਵੇਖਿਆ, ਉਸ ਨੂੰ ਸਾਰਾ ਮਾਇਆ ਦਾ ਬੰਧਨ ਪ੍ਰਤੀਤ ਹੋਇਆ। ਏਨਾ ਬੰਧਨਾਂ ਨੂੰ ਤੋੜਨ ਵਾਸਤੇ ਅਤੇ ਸੰਸਾਰ ਵਿਚ ਰਹਿ ਕੇ ਕਰਤਾਰ ਨੂੰ ਪਾਉਣ ਲਈ ਸੋਚਣਾ ਆਰੰਭ ਕੀਤਾ। ਬਿਆਸ ਰਿਖੀ ਨੇ ਕਿਹਾ ਕਿ ਏਸ ਬ੍ਰਹਮ ਗਿਆਨ ਦੀ ਪਰਾਪਤੀ ਲਈ ਕਿਸੇ ਬ੍ਰਹਮ ਗਿਆਨੀ ਗੁਰੂ ਦੀ ਲੋੜ ਹੈ। ਸੱਚਾ ਗੁਰੂ ਹੀ ਸੱਚਾ "ਸ਼ਬਦ" ਦੇ ਸਕਦਾ ਹੈ। ਸ਼ਬਦ ਅਭਿਆਸ ਦੁਆਰਾ ਹੀ ਬਿਬੇਕ ਪੈਦਾ ਹੁੰਦਾ ਹੈ ਅਤੇ ਅੰਦਰਲਾ "ਸ਼ਬਦ" ਜਾਗਦਾ ਹੈ। ਜਦੋਂ ਸਤਸੰਗ ਵਿੱਚ ਆਦਮੀ ਆਉਣਾ ਸ਼ੁਰੂ ਹੁੰਦਾ ਹੈ, ਸਮਝੋ ਕਿ ਉਸ ਦਾ ਗਰਭ ਕਾਲ ਸ਼ੁਰੂ ਹੁੰਦਾ ਹੈ। ਬਿਬੇਕਾ ਗਿਆਨ ਦੀ ਪ੍ਰਾਪਤੀ ਲਈ ਪੂਰਨ ਗੁਰੂ ਦੀ ਲੋੜ ਹੁੰਦੀ ਹੈ। ਬਿਆਸ ਨੇ ਸੁਕਦੇਵ ਨੂੰ ਕਿਹਾ ਕਿ, "ਜੇਕਰ ਤੈਨੂੰ ਪੂਰਨ ਬਿਬੇਕ ਦੀ ਕਿਤੋਂ ਪ੍ਰਾਪਤੀ ਹੋ ਸਕਦੀ ਹੈ ਤਾਂ ਉਹ ਜਨਕ ਕੋਲੋਂ ਹੋ ਸਕਦੀ ਹੈ। ਤੂੰ ਜਨਕ ਨੂੰ ਆਪਣਾ ਗੁਰੂ ਧਾਰਨ ਕਰ ਲੈ।" ਬਿਆਸ ਦੀ ਗੱਲ ਮੰਨ ਕੇ ਸੁਕਦੇਵ ਰਾਜੇ ਜਨਕ ਨੂੰ ਗੁਰੂ ਧਾਰਨ ਵਾਸਤੇ ਗਿਆ। ਜਾ ਕੇ ਗੁਰੂ ਦੱਛਣਾ ਅਗੇ ਧਰਕੇ ਮੱਥਾ ਟੇਕਿਆ ਤੇ ਕਿਹਾ, "ਮਹਾਰਾਜ! ਮੈਨੂੰ ਆਪਣਾ ਸ਼ਿਸ਼ ਸਵਿਕਾਰ ਕਰ ਲਉ?" ਜਨਕ ਨੇ ਕਿਹਾ, "ਤੂੰ ਕੱਲ੍ਹ ਨੂੰ ਆ ਜਾਵੀ ਤੈਨੂੰ ਅਸੀਂ ਆਪਣਾ ਸ਼ਿਸ਼ ਸਵਿਕਾਰ ਕਰ ਲਵਾਂਗੇ।" ਕਹਿੰਦੇ ਹਨ ਕਿ ਸੁਕਦੇਵ ਅਗਲੇ ਦਿਨ ਫਿਰ ਗਿਆ। ਅਜੇ

ਸੁਕਦੇਵ ਨੇ ਮੱਥਾ ਵੀ ਨਹੀਂ ਸੀ ਟੇਕਿਆ ਤੇ ਇਕ ਅਜ਼ੀਬ ਤਮਾਸ਼ਾ ਦੇਖਿਆ। ਜਨਕ ਅੱਖਾਂ ਬੰਦ ਕਰ ਕੇ ਕੋਈ ਸ਼ਬਦ ਅਭਿਆਸ ਕਰ ਰਹੇ ਸਨ। ਪਰ ਕੁਝ ਨੌਜੁਆਨ ਇਸਤਰੀਆਂ ਨਗਨ ਹਾਲਤ ਵਿੱਚ ਜਨਕ ਦੀ ਮਾਲਿਸ਼ ਕਰ ਰਹੀਆਂ ਸਨ। ਪਰ ਦੂਜੇ ਪਾਸੇ ਅੱਗ ਬਲ ਰਹੀ ਸੀ। ਜਨਕ ਨੇ ਆਪਣੀ ਇਕ ਲੱਤ ਉਸ ਅੱਗ ਵਿੱਚ ਰੱਖੀ ਹੋਈ ਸੀ। ਸੁਕਦੇਵ ਨੇ ਦੇਖਿਆ ਤੇ ਸੋਚਿਆ ਕਿ ਇਹ ਕਿਹੋ ਜਿਹਾ ਪਾਖੰਡ ਹੈ। ਸੁਕਦੇਵ ਦੇ ਮਨ ਵਿਚ ਸ਼ੱਕ ਪੈ ਗਿਆ ਕਿ ਜਨਕ ਪਖੰਡੀ ਹੈ, ਇਹ ਸੋਚ ਕੇ, ਸੁਕਦੇਵ ਵਾਪਿਸ ਆ ਗਿਆ। ਆਪਣੇ ਵਿਦਿਆ ਗੁਰੂ ਬਿਆਸ ਨੂੰ ਕਹਿਣ ਲੱਗਾ ਕਿ ਮੈਨੂੰ ਤਾਂ ਜਨਕ ਬੜਾ ਪਖੰਡੀ ਲਗਦਾ ਹੈ, ਮੈਂ ਤਾਂ ਉਸ ਨੂੰ ਗੁਰੂ ਨਹੀਂ ਧਾਰਨ ਕਰਨਾ।

ਬਿਆਸ ਨੇ ਸਮਝਾਇਆ ਕਿ ਐ ਸੁਕਦੇਵ। ਤੂੰ ਨਾ ਸਮਝ ਹੈਂ। ਇਹ ਬ੍ਰਹਮ ਗਿਆਨ ਦੀ ਪਹਿਲੀ ਸਿੱਖਿਆ ਸੀ, ਜਿਹੜੀ ਕਿ ਤੇਰੀ ਸਮਝ ਵਿਚ ਨਹੀਂ ਆਈ। ਸੁਕਦੇਵ ਨੇ ਪੁੱਛਿਆ ਕਿ ਕੀ ਮਤਲਬ ਸੀ, ਏਸ ਪਾਖੰਡ ਦਾ ? ਤਾਂ ਬਿਆਸ ਨੇ ਕਿਹਾ ਕਿ, "ਪਹਿਲਾਂ ਤਾਂ ਇਹ ਕਿ ਜਨਕ ਨੌਜਵਾਨ ਨਗਨ ਇਸਤਰੀਆਂ ਕੋਲੋਂ ਆਪਣੀ ਮਾਲਿਸ਼ ਕਰਵਾ ਰਿਹਾ ਹੈ। ਭਾਵ ਕਿ ਜਿਹੜੇ ਕਾਮ ਅਤੇ ਮਾਇਆ ਦੇ ਸੂਤਰ ਵਿਚ ਸੰਸਾਰ ਬੱਝਾ ਹੋਇਆ ਹੈ, ਉਸੇ ਵਿੱਚ ਜਨਕ ਬੱਝਾ ਹੋਇਆ ਹੈ। ਦੂਜਾ ਇਹ ਕਾਮ ਤੇ ਮਾਇਆ ਨਿਰੀ ਅੱਗ ਹੈ। ਇਸ ਨੂੰ ਤੁਸੀਂ ਭੋਗ ਨਹੀਂ ਰਹੇ, ਬਲਕਿ ਇਸ ਅੱਗ ਵਿੱਚ ਸੜਦੇ ਜਾ ਰਹੇ ਹੋ। ਤੀਜਾ ਇਹ ਦਰਸਾਇਆ ਜਾ ਰਿਹਾ ਸੀ ਕਿ ਏਹ ਖੇਡ ਸਾਰੇ ਸੰਸਾਰ ਦੀ ਖੇਡ ਹੈ, ਇਸ ਨੂੰ ਛੱਡਿਆ ਨਹੀਂ ਜਾ ਸਕਦਾ। ਜੇਕਰ ਇਸ ਅੱਗ ਪਾਣੀ ਦੀ ਖੇਡ ਤੋਂ ਉੱਚਾ ਉਠਣਾ ਹੈ ਤਾਂ ਤੁਹਾਨੂੰ ਸ਼ਬਦ ਅਭਿਆਸ ਕਰਨਾ ਹੀ ਪਵੇਗਾ। ਕਿਉਂ ਪੈਦਾਇਸ਼ ਏਸ ਮਾਇਆ ਵਿੱਚ ਹੀ ਹੈ। ਕਮਲ ਫੁੱਲ ਚਿਕੜ ਵਿਚ ਪੈਦਾ ਹੋਇਆ। ਸਰੋਵਰ ਦੇ ਪਾਣੀ ਨੂੰ ਤਿਆਗ ਨਹੀਂ ਸਕਦਾ। ਪਰ ਪਾਣੀ ਤੇ ਚਿੱਕੜ ਤੋਂ ਉਸ ਦਾ ਜੀਵਨ ਬਹੁਤ ਉੱਚਾ ਹੈ। ਕਮਲ ਫੁੱਲ ਦਾ ਖੇੜਾ ਸੂਰਜ ਨਾਲ ਹੈ, ਯਾਨੀ ਕਿ ਪ੍ਰਕਾਸ਼ ਨਾਲ ਹੈ। ਭਾਵ ਕਿ ਬ੍ਰਹਮ ਗਿਆਨ ਦੀ ਰੋਸ਼ਨੀ ਸ਼ਬਦ ਅਭਿਆਸ ਵਿਚ ਹੈ। ਇਹ ਪ੍ਰਕਾਸ਼ ਗੁਰੂ ਤੋਂ ਬਿਨਾਂ ਕੋਈ ਨਹੀਂ ਦੱਸ ਸਕਦਾ। ਏਸ ਵਾਸਤੇ ਐ ਸੁਕਦੇਵ! ਤੂੰ ਉਕਾਈ ਖਾ ਗਿਆ ਹੈਂ। ਸਾਰਾ ਜਹਾਨ ਹੀ ਉਕ ਜਾਂਦਾ ਹੈ। ਗੁਰੂ ਦੀ ਰਮਜ ਨੂੰ ਸਾਰੇ ਨਹੀਂ ਸਮਝ ਸਕਦੇ।" ~~ਭਾਈ ਗੁਰਦਾਸ~~ ਜੀ ਨੇ ਕਿੰਨਾ ਸੁਹਣਾ ਫੈਸਲਾ ਦਿੱਤਾ ਹੈ ਕਿ ਰਾਜਾ ਜਨਕ, ਜਨਕ ਵੀ ਹੈ। ਭਾਵ ਕਿ ਜਾਣਕਾਰ ਵੀ ਹੈ।

ਜਨਕੁ ਸੋਇ ਜਿਨਿ ਜਾਣਿਆ ॥

(ਪੰਨਾ ੧੩੯੨)

ਰਾਜਾ ਜਨਕ ਜਾਣਕਾਰ ਵੀ ਹੈ, ਰਾਜਾ ਵੀ ਹੈ। ਯੋਗੀ ਵੀ ਹੈ ਤੇ ਭੋਗੀ ਵੀ ਹੈ।

ਭਗਤੁ ਵਡਾ ਰਾਜਾ ਜਨਕੁ ਹੈ, ਗੁਰਮੁਖਿ ਮਾਇਆ ਵਿਚਿ ਉਦਾਸੀ ॥

(ਭਾਈ ਗੁਰਦਾਸ ਵਾਰ ੧ ਪਉੜੀ-੫)

ਏਹ ਗਿਆਨ ਤਾਂ ਸੰਗਤ ਦੀ ਕੋਖ ਵਿਚੋਂ ਹੀ ਪੈਦਾ ਹੁੰਦਾ ਹੈ। ਪਰ ਸੁਕਦੇਵ ਤਾਂ ਆਪਣੇ ਜਨਕ ਗੁਰੂ ਤੇ ਸ਼ੱਕ ਕਰ ਕੇ ਹੀ ਸੰਗਤ ਛੱਡ ਕੇ ਆ ਗਿਆ ਸੀ। ਇਹ ਸਮਝ ਕਿਸੇ ਨੂੰ ਤਾਂ ਗੁਰੂ ਕ੍ਰਿਪਾ ਦੁਆਰਾ ਇਕ ਦਿਨ ਵਿਚ ਲੱਗ ਪਵੇ। ਕਿਸੇ ਨੂੰ ਇਕ ਮਹੀਨੇ

ਵਿੱਚ। ਕਿਸੇ ਨੂੰ ਇਕ ਸਾਲ ਵਿੱਚ। ਪਰ ਕਈ ਤਾਂ ਐਸੇ ਹੁੰਦੇ ਹਨ ਕਿ ਸਾਰੀ ਜ਼ਿੰਦਗੀ ਗੁਰਦੁਆਰਿਆਂ ਵਿਚ ਜਾਂਦੇ ਆਉਂਦੇ ਰਹਿੰਦੇ ਹਨ। ਸੰਤਾਂ ਸਾਧੂਆਂ ਦੀ ਪੂਜਾ ਕਰਦੇ ਹਨ, ਪਰ ਕੁਝ ਸਮਝ ਨਹੀਂ ਲਗਦੀ। ਭਾਵ ਕਿ ਜਨਮ ਹੋ ਹੀ ਨਹੀਂ ਸਕਦਾ। ਕਈ ਤਾਂ ਗਰਭ ਵਿਚ ਹੀ ਗਲ ਸੜ ਜਾਂਦੇ ਹਨ। ਉਹਨਾਂ ਦਾ ਜਨਮ ਹੋ ਹੀ ਨਹੀਂ ਸਕਿਆ। ਕਬੀਰ ਸਾਹਿਬ ਦਾ ਕਥਨ ਹੈ ਕਿ

ਕੇਤੇ ਗਰਭਿ ਗਲੇ ...॥

(ਕਬੀਰ)

ਕਈ ਏਸ ਤਰ੍ਹਾਂ ਦੇ ਹਨ ਕਿ ਸਤਸੰਗਤ ਵਿਚ ਬੈਠ ਕੇ ਵੀ ਕ੍ਰੋਧ ਤੋਂ ਸ਼ਾਂਤ ਨਹੀਂ ਹੋ ਸਕੇ। ਕਾਮ, ਤ੍ਰਿਸ਼ਨਾ, ਹਉਮੈ ਅਤੇ ਦਾਵ੍ਹੇ ਦੀ ਅੱਗ ਨੇ ਸਾੜ ਕੇ ਰਾਖ ਕੀਤੇ ਹੋਏ ਹਨ। ਕੋਈ ਕਿਤੇ ਹਰਾ ਬੂਟਾ ਹੋਵੇ ਵਰਨਾ, ਸੜੇ ਪਏ ਹਨ।

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥

(ਪੰਨਾ ੩੮੪)

ਇਹ ਕਥਾ ਬੜੀ ਲੰਮੀ ਚੌੜੀ ਹੈ। ਮੈਂ ਆਪ ਨੂੰ ਕਹਿ ਰਿਹਾ ਸਾਂ ਕਿ ਸੁਕਦੇਵ ਜਨਕ ਨੂੰ ਦੇਖ ਕੇ ਵਾਪਸ ਆ ਗਿਆ। ਬਿਆਸ ਨੇ ਸਮਝਾਇਆ ਕਿ ਬੇਟਾ ! ਜਾਉ ? ਜਨਕ ਨੂੰ ਗੁਰੂ ਧਾਰਨ ਕਰੋ ? ਜਨਕ ਨੇ ਪਹਿਲੀ ਸਿੱਖਿਆ ਆਪ ਨੂੰ ਦਿੱਤੀ ਹੈ ਕਿ ਜੇ ਪ੍ਰਭੂ ਨੂੰ ਪਾਉਣਾ ਹੈ ਤਾਂ ਏਸ ਤਰ੍ਹਾਂ ਦੀ ਦਸ਼ਾ ਹੈ ਜਿਥੇ ਤੁਸੀਂ ਰਹਿ ਰਹੇ ਹੋ। ਜਨਕ ਅੱਗ ਵਿੱਚ ਬੈਠਾ ਹੈ। ਰਾਣੀਆਂ ਨਗਨ ਹਾਲਤ ਵਿਚ ਸੇਵਾ ਕਰ ਰਹੀਆਂ ਹਨ। ਪਰ ਜਨਕ ਨਾਮ ਜਪ ਰਿਹਾ ਹੈ। ਇਹ ਇਕ ਇਸ਼ਾਰਾ ਹੈ। ਇਹ ਉਸ ਮਾਰਗ ਵੱਲ ਪ੍ਰੇਰਨਾ ਹੈ ਜਿਸ ਉੱਪਰ ਅਸੀ ਚਲਣਾ ਹੈ।

ਕਹਿੰਦੇ ਹਨ ਕਿ ਸੁਕਦੇਵ ਦੁਬਾਰਾ ਫਿਰ ਜਨਕ ਕੋਲ ਗਿਆ। ਰਾਜ ਮਹਿਲ ਵਿੱਚ ਪਰਵੇਸ਼ ਕਰਨ ਲੱਗਾ ਸੀ ਕਿ ਸੋਚਿਆ ਮੇਰੇ ਕੋਲ ਸਮਾਨ ਦੀ ਗਠੜੀ ਹੈ, ਕਿਥੇ ਰਖਾਂ ? ਕਿਸੇ ਦਰਬਾਨ ਨੂੰ ਪੁੱਛਿਆ ਕਿ ਜਨਕ ਕਿਥੇ ਹਨ। ਦਰਬਾਨ ਨੇ ਕਿਹਾ ਕਿ ਜਨਕ ਰਾਜ ਮਹਿਲ ਦੀ ਚੌਥੀ ਮੰਜਿਲ 'ਤੇ ਹਨ। ਸੁਕਦੇਵ ਨੇ ਉਪਰ ਜਾਂਦਿਆਂ ਪਾਉੜੀਆਂ ਵਿੱਚ ਹੀ ਆਪਣੀ ਗਠੜੀ ਰੱਖ ਦਿੱਤੀ। ਸੋਚਿਆ, ਆਉਂਦੇ ਵਕਤ ਲੈ ਲਵਾਂਗੇ। ਚੌਥੀ ਮੰਜਿਲ ਤੇ ਪਹੁੰਚ ਗਏ। ਅੱਗੇ ਜਨਕ ਸਹਿਜ ਸਮਾਧੀ ਵਿੱਚ ਬੈਠੇ ਸਨ। ਜਦੋਂ ਸੁਕਦੇਵ ਪਹੁੰਚਿਆਂ ਤਾਂ ਕਿਸੇ ਦਰਬਾਨ ਨੇ ਆ ਕੇ ਕਿਹਾ, "ਰਾਜਨ ! ਸ਼ਹਿਰ ਨੂੰ ਅੱਗ ਲੱਗ ਗਈ ਹੈ।" ਜਨਕ ਕਹਿਣ ਲੱਗੇ, "ਸਾਰੇ ਲੋਕਾਂ ਨੂੰ ਆਪਣੇ ਸਰੋਵਰ ਤੋਂ ਪਾਣੀ ਭਰ ਕੇ ਅੱਗ ਬੁਝਾਉਣ ਦੀ ਆਗਿਆ ਕਰੋ?" ਉਹ ਨੌਕਰ ਬਹੁਤ ਅੱਛਾ ਕਹਿ ਕੇ ਚਲਾ ਗਿਆ। ਥੋੜੀ ਦੇਰ ਬਾਅਦ ਇਕ ਹੋਰ ਨੌਕਰ ਆ ਗਿਆ। ਉਸ ਨੇ ਜਨਕ ਨੂੰ ਕਿਹਾ, "ਰਾਜਨ ! ਅੱਗ ਏਨੀ ਭੜਕ ਗਈ ਹੈ ਕਿ ਆਪਣੇ ਰਾਜ ਮਹਿਲ ਤੱਕ ਆ ਗਈ ਹੈ।" ਜਨਕ ਕਹਿਣ ਲੱਗੇ ਕਿ, "ਕੋਈ ਗੱਲ ਨਹੀਂ। ਆਪਣੇ ਮਹਿਲ ਦੇ ਸਾਰੇ ਕਰਮਚਾਰੀਆਂ ਨੂੰ ਕਹੋ ਕਿ ਆਪਣਾ ਖ਼ਜਾਨਾ ਲੈ ਕੇ ਆਪਣੀ ਆਪਣੀ ਇਮਾਰਤ ਦੀ ਚੌਥੀ ਮੰਜਿਲ 'ਤੇ ਪਹੁੰਚ ਜਾਉ ?" ਉਹ ਨੌਕਰ ਵੀ ਬਹੁਤ ਅੱਛਾ ਕਹਿ ਕੇ ਚਲਾ ਗਿਆ। ਤੀਸਰੀ ਵਾਰ ਇੱਕ ਹੋਰ ਨੌਕਰ ਆਇਆ

ਤੇ ਕਹਿਣ ਲੱਗਾ, "ਰਾਜਨ ! ਅੱਗ ਤਾਂ ਆਪਣੇ ਮਹਿਲ ਦੀਆਂ ਪਾਉੜੀਆਂ ਤੱਕ ਪਹੁੰਚ ਗਈ ਹੈ।" ਕਹਿੰਦੇ ਹਨ ਕਿ ਜਦੋਂ ਇਹ ਸੁਣਿਆ ਕਿ ਅੱਗ ਮਹਿਲ ਦੀਆਂ ਪਾਉੜੀਆਂ ਵਿੱਚ ਆ ਗਈ ਹੈ । ਜਨਕ ਦਾ ਜੁਆਬ ਸੁਣਦੇ ਕਿ ਉਹ ਕੀ ਕਹਿੰਦੇ ਹਨ, ਸੁਕਦੇਵ ਮੁਨੀ ਪਹਿਲਾਂ ਹੀ ਫਿਕਰ ਵਿੱਚ ਉਪਰੋਂ ਥੱਲੇ ਭੱਜੇ ਨੱਸੇ । ਕਹਿਣ ਲੱਗੇ ਕਿ, "ਮੇਰੀ ਤਾਂ ਗੱਠੜੀ ਪਾਉੜੀਆਂ ਵਿਚ ਪਈ ਹੋਈ ਹੈ।" ਸੁਕਦੇਵ ਦੌੜ ਕੇ ਥਲੇ ਆਏ। ਗਠੜੀ ਸੰਭਾਲੀ। ਬਾਹਰ ਆ ਕੇ ਦੇਖਿਆ ਤਾਂ ਕਿਤੇ ਕੋਈ ਅੱਗ ਨਹੀਂ ਸੀ। ਸੁਕਦੇਵ ਆਪਣੀ ਗੱਠੜੀ ਸੰਭਾਲ ਕੇ ਵਾਪਸ ਆ ਗਏ । ਆਪਣੇ ਆਸ਼ਰਮ ਵਿਚ ਆ ਕੇ ਆਪਣੇ ਪਿਤਾ ਗੁਰੂ, ਬਿਆਸ ਨੂੰ ਕਹਿਣ ਲੱਗੇ ਕਿ, "ਜਨਕ ਦੇ ਦਰਬਾਰ ਵਿਚ ਬਹੁਤ ਧੋਖਾ ਹੈ ।" ਬਿਆਸ ਨੇ ਪੁੱਛਿਆ ਕਿਉਂ ਕੀ ਗੱਲ ਹੋਈ ਹੈ ? ਸੁਕਦੇਵ ਨੇ ਸਾਰੀ ਵਿਥਿਆ ਦੱਸੀ ।

ਬਿਆਸ ਨੇ ਸੁਕਦੇਵ ਨੂੰ ਸਾਰੀ ਵਿਥਿਆ ਦਾ ਭਾਵ ਅਰਥ ਫਿਰ ਸਮਝਾਇਆ । ਆਖਿਆ, "ਤੂੰ ਫਿਰ ਉਕਾਈ ਖਾ ਗਿਆ ਹੈਂ। ਜਦੋਂ ਤੂੰ ਜਨਕ ਦੇ ਮਹਿਲ ਵਿਚ ਗਿਆ ਸੀ, ਤਾਂ ਉਸ ਵਕਤ ਜਨਕ ਸਹਜ ਸਮਾਧੀ ਵਿਚ ਬੈਠੇ ਸਨ । ਏਥੇ ਇਹ ਵੀਚਾਰ ਵੀ ਨੋਟ ਕਰਨ ਯੋਗ ਬਣਦੀ ਹੈ ਕਿ ਜਨਕ ਕੋਈ ਇਕ ਸਰੀਰ ਦਾ ਨਾਮ ਨਹੀਂ। ਜਨਕ ਤਾਂ ਜੀਵਨ ਦੀ ਇਕ ਅਵਸਥਾ ਦਾ ਨਾਮ ਹੈ। ਇਹ ਅਵਸਥਾ ਸ਼ਬਦ ਕਮਾਈ ਦੁਆਰਾ ਪ੍ਰਾਪਤ ਹੁੰਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਸ਼ਬਦਾਂ ਵਿਚ ਕਿ ਜਨਕ ਉਹ ਹੈ ਜਿਹੜਾ ਜਾਣਦਾ ਹੈ। ਗਿਆਤਾ ਹੈ। ਯਾਨੀ ਕਿ ਗਿਆਨੀ ਹੈ । ਸਵੈਯਾ ਵਿਚ ਭੱਟਾਂ ਨੇ ਜਿਕਰ ਕੀਤਾ ਹੈ ਕਿ,

"ਜਨਕੁ ਸੋਇ ਜਿਨਿ ਜਾਣਿਆ ॥"

(ਪੰਨਾ ੧੩੯੮)

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜੋ ਜਨਕ ਬਣ ਸਕਦਾ ਹੈ, ਓਹੀ ਪ੍ਰਭੂ ਸ਼ਬਦ ਨੂੰ ਪਾ ਸਕਦਾ ਹੈ । ਯਾਨੀ ਕਿ ਨਾਮ ਪ੍ਰਾਪਤੀ ਕਰਦਾ ਹੈ ।

ਹਰਿ ਕਾ ਨਾਮ ਜਨਕ ਉਧਾਰੈ ॥

(ਗਉੜੀ ਮ: ੫)

ਗੁਰੂ ਰਾਮਦਾਸ ਮਹਾਰਾਜ ਦਾ ਕਹਿਣਾ ਹੈ ਕਿ ਪ੍ਰਮਾਤਮਾ ਦਾ ਸਿੰਘਾਸਣ ਜੋ ਚਾਉਥੀ ਅਵਸਥਾ ਹੈ। ਯਾਨੀ ਕਿ ਜਿਥੇ ਸੁਰਤ ਸ਼ਬਦ ਦਾ ਮੇਲ ਹੁੰਦਾ ਹੈ ਉਸ ਸਿੰਘਾਸ਼ਣ 'ਤੇ ਕੋਈ ਜਨਕ ਹੀ ਬੈਠ ਸਕਦਾ ਹੈ। ਯਾਨੀ ਕਿ ਗਿਆਨ ਵਾਨ ਹੀ ਪਰਮ ਪਦ ਨੂੰ ਪਾਉਂਦਾ ਹੈ :

ਜਨਕ ਜਨਕ ਬੈਠੇ ਸਿੰਘਾਸਨਿ ॥

(ਪੰਨਾ ੧੩੦੯)

ਮਿਥਿਹਾਸਕ ਤੌਰ 'ਤੇ ਇਕ ਘਟਨਾ ਦਾ ਜਿਕਰ ਹੈ ਕਿ ਸ੍ਰੀ ਰਾਮ ਚੰਦਰ ਜੀ ਦੇ ਸਹੁਰੇ ਦਾ ਨਾਮ ਜਨਕ ਸੀ । ਸੀਤਾ ਦਾ ਪਿਤਾ ਸੀ। ਇਸ ਦਾ ਨਾਮ ਪਹਿਲਾਂ ਸੀਰ ਧੁਜ ਸੀ। ਪਰ ਜਦੋਂ ਆਤਮ-ਤੱਤ ਦਾ ਗਿਆਨੀ ਹੋ ਗਿਆ ਤਾਂ ਇਸ ਦੀ ਪਦਵੀ ਨੂੰ ਜਨਕ ਕਰਕੇ ਜਾਣਿਆ ਜਾਣ ਲੱਗਾ । ਸੋ ਇਹ ਜਨਕ ਆਤਮ ਤੱਤ ਵੇਤਾ, ਅਤੇ ਨਿਆਏ ਦਾ

ਪੁੰਜ ਸੀ। ਏਸ ਦੇ ਰਾਜ ਵਿਚ ਪਰਜਾ ਬੜੀ ਸੁਖੀ ਸੀ। ਇਹ ਰਾਜ ਕਰਦਾ ਹੋਇਆ ਵੀ ਸੰਨਿਆਸੀ ਸੀ। ਯੋਗੀ ਵੀ ਸੀ ਤੇ ਭੋਗੀ ਵੀ ਸੀ। ਜਨਕ ਦੀ ਸਭਾ ਵਿਦਵਾਨਾਂ ਤੇ ਰਿਖੀਆਂ ਨਾਲ ਭਰਪੂਰ ਰਹਿੰਦੀ ਸੀ। ਏਸ ਜਨਕ ਦੇ ਨਾਮ ਦਾ, ਮਾਰੂ ਰਾਗ ਵਿੱਚ ਗੁਰੂ ਰਾਮ ਦਾਸ ਜੀ ਮਹਾਰਾਜ ਨੇ ਵਿਸ਼ੇਸ਼ ਜਿਕਰ ਕਰਦਿਆਂ ਕਿਹਾ ਹੈ ਕਿ ਏਸ ਆਤਮ ਦਰਸ਼ੀ ਜਨਕ ਗੁਰੂ ਦੇ ਉਪਦੇਸ਼ ਸਦਕਾ ਸੁਕਦੇਵ ਵਰਗਾ ਪੰਛੀ (ਤੋਤਾ) ਵੀ ਮਹਾਨ ਤੱਤ ਵੇਤਾ ਮੁਨੀਸ਼ਵਰ ਹੋ ਨਿਬੜਿਆ ਹੈ। ਸ਼ਬਦ ਤੇ ਨਾਮ ਦੀ ਸੋਝੀ, ਸੁਕਦੇਵ ਨੂੰ ਜਨਕ ਰਾਜੇ ਦੇ ਉਪਦੇਸ਼ ਦੁਆਰਾ ਹੀ ਪ੍ਰਾਪਤ ਹੋਈ ਸੀ :

ਜਪਿਓ ਨਾਮੁ ਸੁਕ ਜਨਕ ਗੁਰਬਚਨੀ.........

(ਪੰਨਾ ੯੯੫)

ਏਸ ਆਤਮ ਤੱਤ ਵੇਤਾ ਮਿਥਿਲਾ ਦੇ ਰਾਜੇ ਜਨਕ ਤੋਂ ਬਾਅਦ ਮਿਥਲਾ ਦੇ ਸਾਰੇ ਰਾਜਿਆਂ ਦੇ ਨਾਮ ਨਾਲ 'ਜਨਕ' ਖਿਤਾਬ ਬਣਿਆ ਰਿਹਾ ਸੀ।

ਬਾਲਮੀਕ ਕਾਂਡ ? ਅਧਿਆਇ ੭੧ ਵਿਚ ਲਿਖਿਆ ਹੈ ਕਿ ਪਹਿਲਾ ਮਿਥਿਲਾ ਦਾ ਰਾਜਾ ਨਿਮਿ ਹੋਇਆ ਹੈ। ਉਸ ਦਾ ਪੁੱਤਰ ਮਿਥਿ ਹੋਇਆ ਹੈ ਅਤੇ ਉਸ ਦਾ ਪੁੱਤਰ ਅਗੋਂ ਜਨਕ ਹੋਇਆ ਹੈ। ਏਸ ਜਨਕ ਤੋਂ ਉਪਰੰਤ ਸਾਰੀ ਵੰਸ ਦਾ ਨਾਮ 'ਜਨਕ' ਪੈ ਗਿਆ। ਜਨਕ ਦਾ ਪੁੱਤਰ-**ਉਦਾਵਸੁ** "**ਜਨਕ**" ਸੀ। ਉਸ ਦਾ ਪੁੱਤਰ **ਨੰਦਿ ਵਰਧਨ** "**ਜਨਕ**" ਸੀ। ਉਸ ਦਾ ਪੁੱਤਰ **ਸਕੇਤ** "**ਜਨਕ**" ਸੀ। ਉਸ ਦਾ ਪੁੱਤਰ **ਦੇਵਰਾਤ** "**ਜਨਕ**" ਸੀ। ਏਸੇ **ਦੇਵਰਾਤ** "**ਜਨਕ**" ਕੋਲ ਸ਼ਿਵਜੀ ਨੇ ਆਪਣਾ ਧਨੁਸ਼ ਇਮਾਨਤ ਰਖਿਆ ਸੀ। (ਸੀਤਾ ਦੇ ਸੁਅੰਬਰ ਵੇਲੇ ਉਹ ਧਨੁਸ਼ ਰਾਮਚੰਦਰ ਨੇ ਤੋੜਿਆ ਸੀ) **ਦੇਵ ਰਾਤ** "**ਜਨਕ**" ਦਾ ਪੁੱਤਰ **ਬ੍ਰਿਹਦਥ** "**ਜਨਕ**" ਸੀ। ਉਸ ਦਾ ਪੁੱਤਰ **ਮਹਾਵੀਰ** "**ਜਨਕ**" ਸੀ। ਉਸ ਦਾ ਪੁੱਤਰ **ਸ਼ਧ੍ਰਿਤਿਮਾਸ** "**ਜਨਕ**" ਸੀ। ਉਸ ਦਾ ਪੁੱਤਰ **ਧ੍ਰਿਸ਼੍ਰਕੇਤ** "**ਜਨਕ**" ਸੀ। ਉਸ ਦਾ ਪੁੱਤਰ **ਹਰਿਯਸ਼੍ਵ** "**ਜਨਕ**" ਸੀ। ਉਸ ਦਾ ਪੁੱਤਰ "**ਮਰੁ**" "**ਜਨਕ**" ਸੀ। ਉਸ ਦਾ ਪੁੱਤਰ **ਪ੍ਰਤੀਧਕ** "**ਜਨਕ**" ਸੀ। ਉਸ ਦਾ ਪੁੱਤਰ **ਕੀਰਤਿਰਥ** "**ਜਨਕ**" ਸੀ। ਉਸ ਦਾ ਪੁੱਤਰ **ਦੇਵ ਮੀਢੁ** "**ਜਨਕ**" ਸੀ। ਉਸ ਦਾ ਪੁੱਤਰ **ਵਿਬੁਧ** ਜਨਕ ਸੀ। ਉਸ ਦਾ ਪੁੱਤਰ **ਮਹੀਧ੍ਰਕ** "**ਜਨਕ**" ਸੀ। ਉਸ ਦਾ ਪੁੱਤਰ **ਕੀਰਤਿਰਾਤ** "**ਜਨਕ**" ਸੀ। ਉਸ ਦਾ ਪੁੱਤਰ, **ਮਹਾਰੋਮਾ** "**ਜਨਕ**" ਸੀ। ਉਸ ਦਾ ਪੁੱਤਰ **ਸ੍ਵਰਣਰੋਮਾ** "**ਜਨਕ**" ਸੀ। ਉਸ ਦਾ ਪੁੱਤਰ **ਹ੍ਰਸ੍ਵਰੋਮਾ** "**ਜਨਕ**" ਸੀ। **ਹ੍ਰਸ੍ਵਰੋਮਾ** ਦੇ ਦੋ ਪੁੱਤਰ ਹੋਏ। ਇਕ **ਸ਼ੀਰਧ੍ਵਜ** "**ਜਨਕ**" ਜੋ ਰਾਮ ਤੇ ਲਛਮਣ ਦਾ ਸਹੁਰਾ ਸੀ। ਅਤੇ ਦੂਜਾ **ਕੁਸ਼ਧ੍ਵਜ** "**ਜਨਕ**" ਜੋ ਭਰਤ ਅਤੇ ਸਤ੍ਰੁਘਨ ਦਾ ਸਹੁਰਾ ਸੀ।

ਜਦੋਂ ਸੁਕਦੇਵ ਜਨਕ ਦੇ ਮਹਿਲ ਵਿਚੋਂ ਵਾਪਸ ਅੱਗਨੀ ਦਾ ਭਰਮ ਖਾ ਕੇ ਆ ਗਿਆ ਤਾਂ ਉਸ ਨੇ ਸਾਰੀ ਵਿਥਿਆ ਆਪਣੇ ਪਿਤਾ ਗੁਰੂ ਬਿਆਸ ਨੂੰ ਦੱਸੀ। ਬਿਆਸ ਨੇ ਸੁਕਦੇਵ ਨੂੰ ਕਿਹਾ ਕਿ ਤੂੰ ਫਿਰ ਉਕਾਈ ਖਾ ਗਿਆ ਹੈ। ਜਨਕ ਗੁਰੂ ਹੈ। ਤੂੰ ਸਮਝ ਨਹੀਂ ਸਕਿਆ। ਜਦੋਂ ਜਨਕ ਚੌਥੀ ਮੰਜਲ ਵਿੱਚ ਸਹਿਜ ਸਮਾਧੀ ਲਾਈ ਬੈਠਾ ਸੀ ਤਾਂ ਸੁਕਦੇਵ ਨੂੰ ਨੌਕਰ ਨੇ ਕਿਹਾ ਕਿ ਜਨਕ ਚੌਥੀ ਮਜ਼ਿਲ ਵਿਚ ਹਨ। ਤਾਂ ਇਸ ਦਾ

ਅਧਿਆਤਮ ਅਰਥ ਇਹ ਹੈ ਕਿ ਸਾਰਾ ਸੰਸਾਰ ਤਿੰਨ ਗੁਣਾਂ ਵਿਚ ਜਿਊਂਦਾ ਹੈ। ਪਰ ਜਨਕ (ਬ੍ਰਹਮ ਗਿਆਨੀ) ਚੌਥੀ ਪਦਵੀ ਵਿਚ ਜਿਊਂਦਾ ਹੈ, ਤਿੰਨਾ ਗੁਣਾਂ ਵਿਚ ਮਾਇਆ ਕੰਮ ਕਰਦੀ ਹੈ ਅਤੇ ਚੌਥੀ ਪਦਵੀ ਤੇ ਮਾਲਕ ਮਿਲਦਾ ਹੈ। ਸੁਕਦੇਵ ਨੇ ਜਿਸ ਨੌਕਰ ਨੂੰ ਪੁੱਛਿਆ ਕਿ ਜਨਕ ਕਿਥੇ ਮਿਲਣਗੇ ਤਾਂ, ਉਸ ਨੌਕਰ ਦਾ ਨਾਮ ਬੁੱਧੀ ਸ਼ੀ। ਜਦੋਂ ਸੁਕਦੇਵ ਚੌਥੀ ਮੰਜਿਲ ਵਿਚ ਜਨਕ ਦੇ ਕੋਲ ਪਹੁੰਚ ਗਏ ਤਾਂ ਫਿਰ ਇਕ ਨੌਕਰ ਨੇ ਆਕੇ ਕਿਹਾ ਕਿ, "ਰਾਜਨ ! ਸਾਰੇ ਸ਼ਹਿਰ ਵਿੱਚ ਅੱਗ ਲੱਗ ਗਈ ਹੈ ਤਾਂ, ਉਹ ਨੌਕਰ ਪ੍ਰੇਮ ਸੀ। ਜਨਕ ਨੇ ਕਿਹਾ ਸੀ ਕਿ ਸਾਰੇ ਲੋਕਾਂ ਨੂੰ ਕਹੋ ਕਿ ਆਪਣੇ ਸਰੋਵਰ ਤੋਂ ਪਾਣੀ ਭਰ ਕੇ ਅੱਗ ਬੁਝਾ ਦੇਣ। ਦਰਅਸਲ ਜਿਹੜਾ ਲੋਕਾਂ ਦਾ ਆਪਣਾ ਸਰੋਵਰ ਹੈ, ਉਹ ਪ੍ਰੇਮ ਹੈ। ਜਿੰਨੇ ਵੀ ਪ੍ਰਕਾਰ ਦੀ ਦੁਖਾਂ ਦੀ ਅੱਗ ਹੈ। ਉਹ ਸਾਰੇ ਦੁੱਖ ਮੋਹ ਦੇ ਕਾਰਨ ਪੈਦਾ ਹੁੰਦੇ ਹਨ। ਮੋਹ ਨੂੰ ਤ੍ਰਿਪਤ ਕਰਨ ਦਾ ਇਕੋ ਇਕ ਇਲਾਜ ਹੈ। ਪ੍ਰੇਮ ਦਾ ਪਾਣੀ। ਪ੍ਰੇਮ ਦੇ ਪਾਣੀ ਤੋਂ ਬਿਨਾ ਮੋਹ ਦੇ ਦੁਖਾਂ ਦੀ ਅੱਗ ਠੰਡੀ ਨਹੀਂ ਹੋ ਸਕਦੀ।"

ਜਦੋਂ ਜਨਕ ਨੂੰ ਦੂਜੀ ਵਾਰੀ ਨੌਕਰ ਨੇ ਆਕੇ ਕਿਹਾ ਕਿ ਰਾਜਨ ! ਅੱਗ ਆਪਣੇ ਮਹਿਲਾਂ ਵਿਚ ਦਾਖਲ ਹੋ ਗਈ ਹੈ। ਤਾਂ ਉਹ ਨੌਕਰ ਜੋ ਸੀ, ਉਸ ਦਾ ਨਾਮ ਸੀ **ਗਿਆਨ**। ਜਦੋਂ ਲੋਕਾਂ ਨੂੰ ਮੋਹ ਗ੍ਰਸਦਾ ਹੈ, ਤਾਂ ਵਿਚੋਂ ਹੀ **ਲੋਭ** ਤੇ **ਤ੍ਰਿਸ਼ਨਾ** ਪੈਦਾ ਹੁੰਦੀਆਂ ਹਨ। ਨਾਲ ਹੀ **ਕਾਮ** ਤੇ **ਕਾਮਨਾਵਾਂ** ਜਨਮ ਲੈਂਦੀਆਂ ਹਨ। ਇਹ ਸਾਰੀ ਸੈਨਾ ਮੋਹ ਦੀ ਹੀ ਹੈ। ਜਨਕ ਨੇ ਉਸ ਨੌਕਰ ਨੂੰ ਕਿਹਾ ਸੀ ਕਿ ਮਹਿਲ ਦੇ ਸਾਰੇ ਕਰਮਚਾਰੀਆਂ ਨੂੰ ਕਹੋ ਕਿ "ਆਪਣਾ ਆਪਣਾ ਸਾਰਾ ਖਜਾਨਾ ਲੈ ਕੇ ਚੌਥੀ ਮੰਜਿਲ 'ਤੇ ਚੜ੍ਹ ਜਾਣ।"

ਦਰਅਸਲ ਮਨੁੱਖ ਦਾ ਸਰੀਰ ਇਕ ਮਹੱਲ ਹੈ। ਇਸ ਮਹੱਲ ਵਿੱਚ ਜਿਹੜੇ ਕਰਮਚਾਰੀ ਮਹੱਲ ਦੀ ਦੇਖ ਰੇਖ ਲਈ ਹਨ। ਉਹਨਾਂ ਵਿਚ ਸੱਚ, ਸੰਤੋਖ, ਦਇਆ, ਗਿਆਨ, ਬਿਬੇਕ, ਪ੍ਰੇਮ, ਬੁੱਧੀ ਆਦਿ ਮੁਖੀ ਕਰਮਚਾਰੀ ਹਨ। ਜੋ ਖ਼ਜਾਨਾ ਹੈ ਉਹ ਸ਼ਬਦ ਹੈ। **ਸ਼ਬਦ ਮਨ** ਦੇ ਬਕਸ਼ੇ ਵਿਚ ਬੰਦ ਹੈ। ਸੁਰਤ ਭਟਕੀ ਹੋਈ ਹੈ। ਗੁਰੂ ਦੇ ਮੰਤਰ (ਸ਼ਬਦ ਮੰਤਰ) ਦੁਆਰਾ ਅਤੇ ਸਾਰੇ ਕਰਮਚਾਰੀਆਂ ਦੀ ਸਹਾਇਤਾ ਨਾਲ, **ਕਾਮ ਕ੍ਰੋਧ ਲੋਭ ਮੋਹ ਅਹੰਕਾਰ** ਤੇ ਹੋਰ **ਸਾਰੇ ਵਿਕਾਰਾਂ ਦੀ ਅੱਗ** ਤੋਂ ਬਚਾ ਕੇ **ਦਸਮ ਦੁਆਰ** ਤੱਕ **ਸੁਰਤ** ਨੂੰ ਲੈ ਕੇ ਜਾਣਾ ਹੈ।

ਇਹ ਸਾਰਾ ਆਤਮ ਗਿਆਨ, ਜਨਕ ਸੁਕਦੇਵ ਨੂੰ ਸਮਝਾਉਣਾ ਚਾਹੁੰਦੇ ਸਨ। ਪਰ ਸੁਕਦੇਵ ਹਉਮੈ ਵਿਚ ਭਟਕ ਗਏ। ਹਉਮੈ ਕੀ ਹੈ ? ਕਿ ਮੇਰੀ ਗਠੜੀ ਯਾਨੀ ਕਿ ਸਾਰੇ ਸੰਸਾਰ ਨੂੰ ਆਪਣੀ ਗਠੜੀ ਵਿੱਚ ਬੰਨਣ ਦਾ ਜਤਨ ਹੈ। ਹਉਮੈ, ਸਾਰੀ ਜ਼ਿੰਦਗੀ ਏਹੀ ਕਰਦੀ ਹੈ ਕਿ ਸਾਰਾ ਜਗਤ ਮੇਰਾ ਹੋ ਜਾਏ। ਬਸ ? ਇਸ ਕਥਾ ਦਾ ਵੀ ਏਹੀ ਭਾਵ ਹੈ ਕਿ ਬੰਦਾ ਹਉਮੈ ਨੂੰ ਹੀ ਖਤਮ ਨਹੀਂ ਕਰ ਸਕਦਾ।

ਬਿਆਸ ਨੇ ਕਿਹਾ ਕਿ ਸੁਕਦੇਵ ! ਤੂੰ ਫਿਰ ਵਾਪਸ **ਗੁਰੂ ਜਨਕ** ਕੋਲ ਜਾਹ। ਤੈਨੂੰ ਅਜੇ ਗੁਰੂ ਦੀ ਸਮਝ ਹੀ ਨਹੀਂ ਲੱਗੀ। ਕਹਿੰਦੇ ਹਨ ਕਿ ਸੁਕਦੇਵ ਤੀਜੀ ਵਾਰੀ ਫਿਰ ਜਨਕ ਕੋਲ ਗਏ। ਕਿਹਾ ਮੈਨੂੰ ਆਪਣਾ ਸ਼ਿਸ਼ ਸਵਿਕਾਰ ਕਰੋ ? ਤੀਜੀ ਵਾਰੀ ਜਨਕ ਨੇ ਕਿਹਾ ਕਿ ਤੇਰੀ **ਹਉਮੈ, ਸੇਵਾ** ਤੋਂ ਬਿਨਾਂ ਨਹੀਂ ਮਿਟਣੀ। ਤੂੰ ਲੋਕਾਂ ਦੇ ਲੰਗਰ ਦੇ

ਜੂਠੇ ਬਰਤਨ ਮਾਂਜਿਆ ਕਰ। ਸਾਰੀ ਜੂਠ ਆਪਣੇ ਸਿਰ 'ਤੇ ਚੁੱਕ ਕੇ ਬਾਹਰ ਸੁੱਟ ਆਇਆ ਕਰ। ਜਦੋਂ ਤੈਨੂੰ ਅਹਿਸਾਸ ਹੋਵੇਗਾ ਕਿ ਤੇਰੀ ਹਉਮੈ ਮਿੱਟ ਗਈ ਹੈ। ਤੈਨੂੰ ਗੁਰ ਸ਼ਬਦ ਪ੍ਰਦਾਨ ਕੀਤਾ ਜਾਵੇਗਾ। **ਗੁਰ ਸ਼ਬਦ** ਤੋਂ ਬਿਨਾਂ ਤੈਨੂੰ ਨਾਮ ਉਜਾਗਰ ਨਹੀਂ ਹੋ ਸਕਦਾ। ਸੇਵਾ ਏਸ ਵਾਸਤੇ ਕਰਨੀ ਹੈ ਕਿ ਹਉਮੈ ਦਾ ਅਭਾਵ ਹੋ ਜਾਵੇ। ਸੇਵਾ ਹੀ ਸੁਆਮੀ ਦੇ ਘਰ ਦਾ ਦੁਆਰ ਹੈ। ਸੇਵਾ ਨਾਲ ਹਉਮੈ ਕਮਜ਼ੋਰ ਹੁੰਦੀ ਹੈ ਅਤੇ ਅਉਗਣ ਮਰਦੇ ਹਨ। ਸੇਵਾ ਤੋਂ ਬਿਨਾਂ ਹਉਮੈ ਨਹੀਂ ਗਿਰਦੀ। ਸੁਕਦੇਵ ਨੇ ਜਨਕ ਦੇ ਕਹੇ ਤੇ ਹਉਮੈ ਨੂੰ ਗਿਰਾਉਣ ਲਈ ਬੜੀ ਦੇਰ ਜੂਠ ਆਪਣੇ ਸਿਰ 'ਤੇ ਢੋਈ। ਦਰਅਸਲ ਅੰਤਸ਼ਕਰਣ ਨੂੰ ਸਾਫ਼ ਕਰਨ ਲਈ ਸੇਵਾ ਕਰਨੀ ਹੀ ਚਾਹੀਦੀ ਹੈ। ਫਿਰ ਜਨਕ ਨੇ ਸੁਕਦੇਵ ਤੋਂ ਏਨੀ ਸੇਵਾ ਕਰਵਾਈ ਕਿ ਜੂਠੇ ਲੋਕਾਂ ਦੀ ਜੂਠ ਵੀ ਸੁਕਦੇਵ ਨੇ ਆਪਣੇ ਸਿਰ 'ਤੇ ਰੱਖ ਕੇ ਬਾਹਰ ਸੁਟੀ। ਬਿਲਕੁਲ ਹੀ ਆਪਾ ਮਿਟ ਗਿਆ। ਬੜੀ ਕਠਨ ਤਪਸਿਆ ਤੋਂ ਪਿਛੋਂ ਜਨਕ ਨੇ, ਗੁਰ ਮੰਤਰ ਸੁਕਦੇਵ ਨੂੰ ਪ੍ਰਦਾਨ ਕੀਤਾ। ਫਿਰ ਕਿਤੇ ਜਨਕ ਦੇ ਚਰਨ ਪਰਸ ਕੇ ਸੁਕਦੇਵ ਬ੍ਰਹਮ ਗਿਆਨ ਨੂੰ ਪ੍ਰਾਪਤ ਹੋਇਆ। ਗੁਰਬਾਣੀ ਵਿਚ ਬੜਾ ਸੁੰਦਰ ਗੁਰੂ ਰਾਮਦਾਸ ਜੀ ਮਹਾਰਾਜ ਨੇ ਬਿਆਨ ਕੀਤਾ ਹੈ ਕਿ :

ਜੂਠਨ ਜੂਠਿ ਪਈ ਸਿਰ ਊਪਰਿ...॥
...ਸੁਕ ਜਨਕ ਪਗੀਂ ਲਗਿ ਧਿਆਵੈਗੋ ॥

(ਪੰਨਾ ੧੩੦੯)

ਬਿਨਾਂ ਸ਼ਬਦ ਅਤੇ ਗੁਰੂ ਦੀ ਸਮਝ ਤੋਂ ਇਹ ਮਾਇਆਵੀ ਸੰਸਾਰ ਤੋਂ ਉਚਾ ਨਹੀਂ ਉਠਿਆ ਜਾ ਸਕਦਾ :

ਮਾਇਆ ਵਿਚਿ ਅਤੀਤ ਹੋਇ, ਮਨ ਹਠ ਬੁਧਿ ਨ ਬੰਦ ਖਲਾਸੀ ॥

(ਭਾਈ ਗੁਰਦਾਸ ਵਾਰ-੨੫ ਪਉੜੀ ੧)

ਏਨੀ ਕਠਨ ਸੇਵਾ ਸੁਕਦੇਵ ਨੂੰ ਕਰਨੀ ਪਈ ਕਿ ਭਾਈ ਗੁਰਦਾਸ ਜੀ ਕਹਿੰਦੇ ਹਨ ਗੁਰ ਮੰਤਰ ਪ੍ਰਾਪਤ ਕਰਨ ਲਈ ਸੁਕਦੇਵ ਨੇ ਆਪਾ ਨਿਛਾਵਰ ਕਰ ਦਿੱਤਾ :

ਤਜਿ ਦੁਰਮਤ, ਗੁਰਮਤਿ ਲਈ ਸਿਰ ਧਰਿ ਜੂਠ, ਮਿਲੀ ਸਾਬਾਸੀ ॥
ਗੁਰ ਉਪਦੇਸ਼ ਅਵੇਸ ਕਰਿ ਗਰਬਿ ਨਿਵਾਰਿ ਜਗਤ ਗੁਰਦਾਸੀ ॥
ਪੈਰੀ ਪੈ ਪਾ ਖਾਕ ਹੋਇ ਗੁਰਮਤਿ ਭਾਊ ਭਗਤਿ ਪਰਗਾਸੀ ॥
ਗੁਰਮੁਖਿ ਸੁਖ ਫਲੁ ਸਹਜ ਨਿਵਾਸੀ ॥

(ਵਾਰ ੨੫-ਪਉੜੀ ੧੧)

ਰਾਜੇ ਜਨਕ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਰਾਜ ਯੋਗ ਕਰਨਾ ਹੋਵੇ ਤਾਂ ਜਨਕ ਤੋਂ ਸਿਖਣਾ ਚਾਹੀਦਾ ਹੈ। ਏਨਾ ਗਿਆਨੀ ਹੈ ਕਿ ਸਾਰੇ ਵੇਦਾਂ ਪੁਰਾਣਾਂ ਦਾ ਗਿਆਨ ਹੈ। ਏਨਾ ਤਿਆਗੀ ਹੈ ਕਿ ਸਭ ਕੁਝ ਕੋਲ ਹੁੰਦਿਆਂ ਹੋਇਆ ਸੰਨਿਆਸੀ ਹੈ। ਏਨਾ ਚੰਗਾ ਗੁਰੂ ਹੈ ਕਿ ਆਪਣੇ ਸ਼ਿਸ਼ ਨੂੰ ਪੂਰਨ ਗਿਆਨ ਦੇਣ ਦੇ ਸਮਰਥ ਹੈ:

ਰਾਜ ਯੋਗੁ ਹੈ ਜਨਕ ਦੇ ਵਡਾ ਭਗਤੁ ਕਰਿ ਵੇਦ ਵਖਾਣੈ ॥

(ਵਾਰ ੨੫ ਪ : ੧੧)

ਜਨਕ ਦੇ ਵਿਚ ਏਨੀ ਬਰਕਤ ਹੈ ਕਿ ਉਸ ਦੇ ਬਿਬੇਕ ਜੀਵਨ ਨਾਲ ਅਨੇਕਾਂ ਜੀਆਂ ਦਾ ਉਧਾਰ ਹੋ ਸਕਦਾ ਹੈ :

ਧੰਨ ਧੰਨ ਰਾਜਾ ਜਨਕ ਹੈ, ਜਿਸ ਸਿਮਰਨ ਕੀਓ ਬਿਬੇਕ ।
ਏਕ ਘੜੀ ਕੇ ਸਿਮਰਨੇ ਪਾਪੀ ਤਰੇ ਅਨੇਕ ॥

ਏਨੀ ਲੰਬੀ ਚੌੜੀ ਕਥਾ ਕਰਨ ਤੋਂ ਭਾਵ ਹੈ ਕਿ ਗੁਰੂ ਤੋਂ ਬਿਨਾਂ ਮੰਤਰ ਨਹੀਂ ਮਿਲਦਾ। ਯਾਨੀ ਕਿ ਆਪਾ ਜਾਨਣਾ ਦੀ ਵਿਧੀ ਨਹੀਂ ਮਿਲਦੀ। ਗੁਰੂ ਮੰਤਰ ਤੋਂ ਬਿਨਾਂ ਮਨ ਦੀ ਸਮਝ ਨਹੀਂ ਲੱਗਦੀ। ਮਨ ਸਮਝਣ ਤੋਂ ਬਿਨਾਂ ਸ਼ਬਦ ਉਜਾਗਰ ਨਹੀਂ ਹੁੰਦਾ। ਇਹ ਸਮਝ ਕਿਸੇ ਨੂੰ ਲੱਗ ਜਾਵੇ ਤਾਂ ਭਾਵੇਂ ਇਕ ਦਿਨ ਵਿਚ ਹੀ ਸਮਝ ਲੱਗ ਜਾਵੇ। ਨਾ ਲੱਗੇ ਤਾਂ ਸਾਰਾ ਜੀਵਨ ਹੀ ਨਾ ਲੱਗੇ। ਸੁਕਦੇਵ ਨੂੰ ਇਹ ਸਮਝ ਬਾਰ੍ਹਾਂ ਸਾਲਾਂ ਵਿਚ ਲੱਗੀ। ਇਹ ਫੈਸਲਾ ਭਾਈ ਗੁਰਦਾਸ ਜੀ ਮਹਾਰਾਜ ਦੇਂਦੇ ਹਨ :

ਬਾਰਹ ਵਰ੍ਹੇ ਗੁਰਭਾਸਿ ਵਸਿ ਜੰਮਦੇ ਹੀ ਸੁਕਿ ਲਈ ਉਦਾਸੀ ॥

ਸੁਕਦੇਵ ਨੂੰ ਤਾਂ ਬਾਰ੍ਹਾ ਵਰ੍ਹਿਆਂ ਵਿੱਚ ਸਮਝ ਲੱਗ ਗਈ। ਪਰ ਕਈ ਇਸ ਤਰ੍ਹਾਂ ਦੇ ਹਨ ਕਿ ਉਹਨਾਂ ਨੂੰ ਸਾਰੀ ਉਮਰ ਹੀ ਕੱਖ ਸਮਝ ਨਹੀ ਲੱਗਦੀ। ਉਹਨਾਂ ਦਾ ਜਨਮ ਹੀ ਨਹੀਂ ਹੁੰਦਾ। ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਕਈ ਵਾਰ ਬੱਚਾ ਮਾਂ ਦੇ ਗਰਭ ਵਿਚ ਹੀ ਮਰ ਜਾਂਦਾ ਹੈ। ਉਸ ਦਾ ਜਨਮ ਹੋ ਹੀ ਨਹੀਂ ਸਕਦਾ। ਏਸੇ ਤਰ੍ਹਾਂ ਅਧਿਆਤਮ ਦੁਨੀਆਂ ਵਿਚ ਵੀ ਹੁੰਦਾ ਹੈ। ਸਾਧ ਸੰਗਤ ਵਿੱਚ ਬੈਠ ਕੇ ਵੀ ਈਰਖਾ ਦੀ ਅੱਗ ਵਿੱਚ ਸੜ੍ਹਦੇ ਰਹਿਣਗੇ। ਕਾਮ, ਕ੍ਰੋਧ, ਤ੍ਰਿਸ਼ਨਾ ਤੇ ਹਉਮੈ ਦੀ ਅੱਗ ਵਿੱਚ ਸੜ੍ਹਦੇ ਰਹਿਣਗੇ। ਵੈਸੇ ਪੰਜਾਹ ਪੰਜਾਹ ਸਾਲਾਂ ਤੋਂ ਗੁਰਦੁਆਰੇ ਤੇ ਧਰਮ ਮੰਦਰਾਂ ਵਿੱਚ ਆਉਣ ਦਾ ਨੇਮ ਹੁੰਦਾ ਹੈ। ਪਰ ਹਉਮੈ ਦੀ ਅੱਗ ਅਜੇ ਵੀ ਨਹੀਂ ਬੁੱਝੀ ਕਬੀਰ ਸਾਹਿਬ ਕਹਿੰਦੇ ਹਨ ਕਿ

ਕੇਤੇ ਗਰਭਿ ਗਲੇ.....................॥

ਗੱਲ ਸ਼ਬਦ ਦੀ ਹੈ। ਜੇ ਸ਼ਬਦ ਸਹਿਣੇ ਦੇ ਅੰਦਰ ਜਗ ਪਿਆ ਤਾਂ ਉਹ ਗੁਰੂ ਅੰਗਦ ਹੋ ਸਕਦੇ ਹਨ। ਗੁਰੂ ਅੰਗਦ ਕੀ ਹੈ ? ਜਿਸ ਦੇ ਅੰਦਰ ਪ੍ਰਮਾਤਮਾ ਦਾ ਅੰਗ ਸੁਰਜੀਤ ਹੋਇਆ ਹੈ। ਪ੍ਰਮਾਤਮਾ ਦਾ ਅੰਗ, ਸ਼ਬਦ ਹੈ। ਯਾਨੀ ਕਿ ਜੋਤ ਹੈ। ਜੋਤੀ ਜੋਤ ਹੋਣਾ ਹੈ। ਲਹਿਣਾ ਜੋਤੀ ਜੋਤ ਹੋਏ ਤਾਂ ਗੁਰੂ ਅੰਗਦ ਬਣ ਗਏ। ਸੁਰਤ ਨੂੰ ਸ਼ਬਦ ਵਿਚ ਲੀਨ ਕਰ ਲਿਆ :

ਸੋ ਸਤਿਗੁਰੂ ਸਚਾ ਵੇਸ ਸ਼ਬਦ ਮਿਟਾਇਆ ॥
ਸ਼ਬਦ ਸੁਰਤਿ ਉਪਦੇਸੁ ਸਚ ਸਮਾਇਆ ॥

(ਵਾਰ ੩, ਪਉੜੀ ੧)

ਜਦੋਂ ਸਿੱਖ ਦੀ ਸੁਰਤ, ਸ਼ਬਦ ਵਿੱਚ ਲੀਨ ਹੋ ਜਾਂਦੀ ਹੈ ਤਾਂ ਫਿਰ ਸਿੱਖ ਦਾ ਸਤਿਗੁਰੂ ਦੇ ਘਰ ਜਨਮ ਹੁੰਦਾ ਹੈ। ਜਿਸ ਦਿਨ ਤੋਂ ਇਹ ਨਵਾਂ ਜਨਮ ਹੁੰਦਾ ਹੈ ਬੱਸ ! ਉਸ ਦਿਨ ਤੋਂ ਹੀ ਉਮਰ ਗਿਣਨੀ ਚਾਹੀਦੀ ਹੈ। ਬਾਕੀ ਦੀ ਉਮਰ ਤਾ ਕੇਵਲ ਮਰਦੀ ਹੈ। ਪਰ ਸ਼ਬਦ ਜਗਣ ਤੋਂ ਬਾਦ ਵਾਲਾ ਜੀਵਨ, ਜੀਵਨ ਹੈ। ਇਹ ਇਕ ਅਮਰ ਜੀਵਨ ਮਿਲਦਾ ਹੈ। ਇਹ ਦੂਜਾ ਜਨਮ ਹੁੰਦਾ ਹੈ। ਇਹ ਜਨਮ ਗੁਰੂ ਦੇ ਘਰ ਹੁੰਦਾ ਹੈ। ਇਸ ਜੀਵਨ

ਤੋਂ ਬਿਨਾਂ ਆਵਾਗਵਨ ਨਹੀਂ ਮਿਟ ਸਕਦਾ। ਗੁਰਬਾਣੀ ਦਾ ਫੈਸਲਾ ਹੈ ਕਿ—

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥

(ਪੰਨਾ ੯੪)

ਭਾਰਤ ਵਿਚ ਬ੍ਰਹਮਣ ਨੂੰ ਦਿਜ੍ਹ ਆਖਿਆ ਜਾਂਦਾ ਹੈ। ਬ੍ਰਹਮਣ ਉਹ ਹੁੰਦਾ ਹੈ, ਜਿਹੜਾ ਬ੍ਰਹਮ ਬਾਰੇ ਜਾਣਦਾ ਹੋਵੇ। ਦਿਜ੍ਹ ਮਤਲਬ ਹੈ ਜਿਹੜਾ ਦੂਜੀ ਵਾਰੀ ਜਨਮਿਆ ਹੈ। ਗੁਰੂ ਦੇ ਘਰ ਵਿਚ ਮਨਮੁਖ ਮਰ ਜਾਂਦਾ ਹੈ ਅਤੇ ਗੁਰਮੁਖ ਪੈਦਾ ਹੁੰਦਾ ਹੈ। ਗੁਰੂ ਦੀ ਮੱਤ ਨੂੰ ਪ੍ਰਾਪਤ ਹੋਣਾ ਹੀ ਦੂਜਾ ਜਨਮ ਹੈ। ਜਿਸ ਦਿਨ ਇਹ ਜੀਵਨ ਮਿਲਦਾ ਹੈ ਤਾਂ ਫਿਰ ਬੰਦਾ! ਉਹ ਬੰਦਾ ਨਹੀਂ ਰਹਿੰਦਾ। ਨਵਾਂ ਜੀਵਨ ਅਰੰਭ ਹੁੰਦਾ ਹੈ। ਇਹ ਜਨਮ ਗੁਰੂ ਦੇ ਘਰ ਦਾ ਜਨਮ ਹੈ। ਲਹਿਣੇ ਦਾ ਜਨਮ ਗੁਰੂ ਨਾਨਕ ਦੇਵ ਜੀ ਦੇ ਘਰ ਹੋਇਆ ਤਾਂ ਲਹਿਣਾ ਹੀ ਗੁਰੂ ਅੰਗਦ ਦੇਵ ਜੀ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਆਪ ਕਿਹਾ ਕਿ, "ਮੈਂ ਆਪਣੇ ਆਪ ਨੂੰ ਅੰਗਦ ਦੇਵ ਦੇ ਹਿਰਦੇ ਵਿਚ ਟਿਕਾ ਲਿਆ ਹੈ।" ਲਹਿਣਾ ਹੀ ਅੰਗਦ ਹੋ ਗਿਆ। ਲਹਿਣੇ ਤੋਂ ਅੰਗਦ ਕਿਵੇਂ ਹੋਈ ਦਾ ਹੈ, ਇਹ ਕਿਸੇ ਹੋਰ ਦੇ ਹਿਸੇ ਨਹੀਂ ਆਇਆ। ਇਹ ਲਹਿਣੇ ਦੇ ਹੀ ਹਿਸੇ ਆਇਆ ਹੈ। ਏਥੋਂ ਤੱਕ ਕਿ ਗੁਰੂ ਨਾਨਕ ਦੇਵ ਜੀ ਦੇ ਆਪਣੇ ਸਕੇ ਪੁੱਤਰਾਂ ਦੇ ਹਿੱਸੇ ਵੀ ਇਹ ਬਰਕਤ ਨਹੀਂ ਆਈ:

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥

(ਪੰਨਾ ੯੬੭)

ਕੌਣ ਨਹੀਂ ਜਾਣਦਾ ਕਿ ਬਾਬਾ ਸ੍ਰੀ ਚੰਦ ਜੀ ਮਹਾਨ ਤਪੱਸਵੀ ਸਨ। ਪਰ ਅੰਗਦ ਦੇਵ ਨਹੀਂ ਬਣ ਸਕੇ। ਲਹਿਣੇ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਬਣਨਾ, ਕੇਵਲ ਲਹਿਣੇ ਦੇ ਹਿੱਸੇ ਹੀ ਆਇਆ ਹੈ। ਯੋਗੀ ਰਾਜ! ਸ੍ਰੀ ਚੰਦ ਦੀ ਤਪੱਸਿਆ ਕੋਈ ਘਟ ਨਹੀਂ ਸੀ। ਪਰ ਤਪੱਸਿਆ ਹੋਰ ਸ਼ੈਅ ਹੈ। ਗੁਰੂ ਕੋਲ ਰਹਿ ਕੇ ਪ੍ਰੇਮ (ਅੰਮ੍ਰਿਤ ਸ਼ਬਦ) ਨੂੰ ਪ੍ਰਾਪਤ ਕਰਨਾ ਹੋਰ ਸ਼ੈਅ ਹੈ। ਯਾਨੀ ਕਿ ਸ਼ਬਦ ਹੀ ਅੰਮ੍ਰਿਤ ਹੈ ਅਤੇ ਪ੍ਰੇਮ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਕੀ ਇਹ ਠੀਕ ਨਹੀਂ ਕਿ ਜਿਸ ਦਿਨ ਰਾਤ ਨੂੰ ਗੁਰੂ ਨਾਨਕ ਦੇਵ ਜੀ ਨੇ ਕਪੜੇ ਧੋਣ ਵਾਸਤੇ ਕਿਹਾ ਤਾਂ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਨੇ ਅਗੋਂ ਉਤਰ ਦਿੱਤਾ ਸੀ ਕਿ, ਪਿਤਾ ਜੀ! ਦਿਨ ਚੜ੍ਹ ਲੈਣ ਦਿਉ?

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥

..

ਪੁਤ੍ਰੀ ਕਉਲ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥

(ਪੰਨਾ ੯੬੭)

ਪਰ ਲਹਿਣੇ ਨੂੰ ਦਿਨ ਜਾਂ ਰਾਤ ਨਾਲ ਕੀ ਗਰਜ਼ ਸੀ? ਉਸ ਨੂੰ ਤਾਂ ਗੁਰੂ ਦੀ ਲੋੜ ਸੀ। ਗੁਰ ਸ਼ਬਦ ਅਤੇ ਪ੍ਰੀਤਮ ਦੇ ਪ੍ਰੇਮ ਦੀ ਲੋੜ ਸੀ। ਸ਼ਬਦ ਤੇ ਪ੍ਰੇਮ ਦਿਨ ਰਾਤ ਦੇ ਸਮੇਂ ਦੀਆਂ ਹੱਦਾਂ ਦਾ ਮੁਹਤਾਜ ਨਹੀਂ ਹੁੰਦਾ। ਦਿਨ ਰਾਤ ਦੀ ਹੱਦ ਨਾਲ ਸ਼ਬਦ ਤੇ ਪ੍ਰੇਮ ਦਾ ਕੋਈ ਵਾਸਤਾ ਨਹੀਂ। ਹਨ੍ਹੇਰੇ ਤੇ ਚਾਨਣ ਦੇ ਸੁਆਲ ਪ੍ਰੇਮ ਦੀ ਦੁਨੀਆਂ ਵਿੱਚ

ਨਹੀਂ ਉਠਦੇ। ਪ੍ਰੀਤਮ ਦਾ ਪਿਆਰਾ ਤਾਂ ਸ਼ਬਦ ਦਾ ਅਭਿਲਾਖੀ ਹੈ ਅਤੇ ਆਪਣੀ ਮਸਤ ਚਾਲ ਤੁਰਿਆ ਹੀ ਜਾਂਦਾ ਹੈ। ਜਿਵੇਂ ਨਦੀ ਕੋਲ ਸਮੁੰਦਰ ਦੇ ਰਸਤੇ ਦਾ ਕੋਈ ਨਕਸ਼ਾ ਨਹੀਂ ਕਿ ਮੈਂ ਕਿਸ ਪਾਸੇ ਜਾਣਾ ਹੈ। ਉਸ ਦਾ ਵਹਿਣ ਸਹਿਜ ਹੀ ਸਮੁੰਦਰ ਦੀ ਤਰਫ਼ ਹੈ। ਪਿਆਰੇ ਦਾ ਪ੍ਰੇਮ ਆਪ ਮੁਹਾਰਾ ਹੀ ਪ੍ਰੀਤਮ ਵੱਲ ਹੈ।

ਸੋ ਲਹਿਣੇ ਨੇ ਕਪੜੇ ਚੁੱਕੇ ਤੇ ਉਠ ਕੇ ਧੋਣ ਚੱਲ ਪਏ। ਕਪੜੇ ਕੀ ਧੋਣੇ ਸਨ? ਨਿੱਜੀ ਆਪਾ ਧੋਣਾ ਸੀ। ਮੈਲੀ ਸੁਰਤ ਨੂੰ ਸ਼ਬਦ ਦੇ ਸਰੋਵਰ ਵਿਚ ਇਸ਼ਨਾਨ ਕਰਾਉਣਾ ਸੀ। ਲਹਿਣੇ ਨੇ ਪ੍ਰੀਤਮ ਦੇ ਕਪੜੇ ਧੋਤੇ ਤੇ ਪ੍ਰੇਮੀ ਦਾ ਦਿਲ ਨਿਖਰ ਆਇਆ। ਬਸ! ਏਹੀ ਰਾਹ ਹੈ ਜੋ ਜੀਵਨ ਦੀ ਸ਼ਿਖਰ ਵੱਲ ਜਾਂਦਾ ਹੈ। ਇਸੇ ਰਾਹ ਦੀ ਅਖੀਰਲੀ ਮੰਜਿਲ ਦਾ ਨਾਮ ਸ਼ਬਦ ਹੈ। ਜਦੋਂ ਸੁਰਤ ਨੂੰ ਸ਼ਬਦ ਆਪਣੇ ਕਲਾਵੇ ਵਿੱਚ ਲੈਂਦਾ ਹੈ ਤਾਂ ਲਹਿਣਾ ਹੀ ਅੰਗਦ ਹੋ ਜਾਂਦਾ ਹੈ। ਬੱਸ! ਸੁਰਤ ਦੀ ਗਲਵਕੜੀ ਸ਼ਬਦ ਨਾਲ ਪਈ ਤਾਂ ਲਹਿਣਾ ਅੰਗਦ ਹੋ ਗਿਆ। ਸ੍ਰੀ ਚੰਦ ਜੀ ਫਕੀਰ ਤੇ ਲਹਿਣਾ ਜੀ ਪੀਰ ਹੋ ਗਏ। ਫਕੀਰੀ ਤਪੱਸਿਆ ਵਿਚ ਹੈ। ਪੀਰੀ ਸ਼ਬਦ ਵਿਚ ਹੈ। ਪ੍ਰੇਮੀ ਤੇ ਪ੍ਰੀਤਮ ਦਾ ਮੇਲ ਸ਼ਬਦ ਸੁਰਤ ਦਾ ਸੁਮੇਲ ਦਾ ਸੁਮੇਲ ਹੈ। ਜੋ ਪ੍ਰੇਮ ਸ਼ਬਦ ਤੋਂ ਭੁਲੇਗਾ ਉਹ ਪੀਰ ਨਹੀਂ ਬਣ ਸਕਦਾ। ਕਿੰਨਾ ਸੁਹਣਾ ਕਿਸੇ ਸ਼ਾਇਰ ਨੇ ਬਿਆਨ ਕੀਤਾ ਹੈ ਕਿ—

ਇਸ਼ਕ ਕੀ ਭਠੀ ਮੇਂ ਜਿਸ ਦਮ ਢਾਲ ਕਰ ਕੁੰਦਨ ਕੀਆ ॥
ਲਹਿਣੇ ਸੇ ਅੰਗਦ ਬਨਾ, ਅੰਗਦ ਸੇ ਅਲਾਹ ਕਰ ਦੀਆ ॥

ਸੁਰਦੇਵ 25-10 ਪਉੜੀ

ਧਾਰਨ ਦੇਵੇ ਗਰਭਸਿ ਦੇਸਿ ਕੌਮਦੇ ਹੀ ਸਹਿ ਨਹੀ ਉਦਾਸੀ ॥ ·ਵਿਰਕਤੀ
ਆਇਆ ਵਿਚਿ ਅਤੀਤ ਹੋਇ ਸਰ ਨਰਕ੍ਰੀਆ ਨ ਖੀਰ ਧਰਾਸੀ ॥੨
ਪਿਤਾ ਵਿਆਸ ਪਰਬੋਧਿਆ ਗੁਰ ਰਹਿ ਜਨਕ ਸਰਨ ਅਭਿਆਸੀ ॥
ਹੋਇ ਦੁਰਮਤਿ ਗੁਰਮਤਿ ਨਹੀ ਸਿਰ ਧਰਿ ਸੁਰਿ ਮਿਟੀ ਆਧਾਸੀ ॥
ਗੁਰ ਉਪਦੇਸੁ ਅਦੇਸੁ ਹੋਇ ਗਰਬ ਨਿਵਾਰਿ ਭਗਤਿ ਗੁਰਦਾਸੀ ॥
ਪੈਰੀ ਪੈ ਪਾਖਾਕ ਹੋਇ ਗੁਰਮਤਿ ਭਾਉ ਭਗਤਿ ਪਰਗਾਸੀ ॥
ਗੁਰਮੁਖਿ ਸੁਖ ਫਲ ਸਹਜ ਨਿਵਾਸੀ ॥੨੦॥

੧. ਉਪਦੇਸ਼ਿਆ ੨. ਖੁਸ਼ਾਮਤੀ

ਸ਼ਬਦ ਸਾਂਝ ਅਤੇ ਸ਼ਬਦ ਦੀ ਕਲਾ

ਜਦੋਂ ਆਦਮੀ ਦੇ ਅੰਦਰ ਸ਼ਬਦ ਜਾਗਦਾ ਹੈ ਤਾਂ ਅਸਲੀ ਧਰਮ ਉਸ ਵਕਤ ਹੀ ਪੈਦਾ ਹੁੰਦਾ ਹੈ। ਸ਼ਬਦ ਆਦਮੀ ਨੂੰ ਆਦਮੀ ਨਾਲ ਜੋੜਦਾ ਹੈ। ਜਿਨੀ ਸ੍ਰਿਸ਼ਟੀ ਦੀ ਸਾਂਝ ਹੈ, ਉਹ ਸ਼ਬਦ ਕਰਕੇ ਹੈ। ਮਨ ਦੀ ਸ਼ਾਂਤੀ ਸ਼ਬਦ ਕਰਕੇ ਹੈ। ਆਦਮੀ ਸ਼ਬਦ ਨਾਲੋਂ ਟੁਟ ਜਾਏ ਤਾਂ ਆਤਮਕ ਭਟਕਣਾ ਬਣ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਈ ਪ੍ਰਕਾਰ ਦੇ ਮਜ਼੍ਹਬਾਂ ਦੇ ਸੂਫੀ ਸੰਤਾਂ, ਹਿੰਦੂ ਪੀਰ ਫਕੀਰਾਂ ਤੇ ਗੁਰੂ ਭਗਤਾਂ ਦੀ ਬਾਣੀ ਦਰਜ਼ ਹੈ। ਜਾਤੀ ਤੌਰ 'ਤੇ ਉਹਨਾਂ ਦੀ ਆਪਸੀ ਕੋਈ ਸਾਂਝ ਨਹੀਂ ਹੈ। ਮਗਰ ਸ਼ਬਦ ਕਰਕੇ ਆਪਸ ਵਿਚ ਏਨੀ ਸਾਂਝ ਹੈ ਕਿ ਕਿਸੇ ਦਾ ਇਕ ਸ਼ਬਦ ਵੀ ਦੂਜੇ ਭਗਤ ਦੇ ਸ਼ਬਦਾਂ ਦੇ ਵਿਰੋਧ ਵਿਚ ਨਹੀਂ ਹੈ। ਗੁਰਬਾਣੀ ਵਿਚ ਜਾਤ ਨੂੰ ਪਹਿਲ ਨਹੀਂ ਦਿੱਤੀ ਗਈ, ਜੋਤ ਨੂੰ ਪਹਿਲ ਦਿੱਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਕ ਮੱਤ ਦੀ ਬਾਣੀ ਦਰਜ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਜਿਨ੍ਹਾਂ ਭਗਤਾਂ, ਸੰਤਾਂ ਦੀ ਬਾਣੀ ਹੈ, ਉਹ ਕਈ ਮੱਤ ਤੇ ਮਜ਼੍ਹਬਾਂ ਦੇ ਹਨ। ਸੁਆਮੀ ਰਾਮਾਨੰਦ ਜੀ ਬੈਰਾਗੀ ਸਨ। ਪਰ ਬਾਣੀ ਉਹਨਾਂ ਦੀ ਵੀ ਗੁਰੂ ਗ੍ਰੰਥ ਵਿਚ ਦਰਜ ਹੈ। ਸੰਤ ਪਰਮਾਨੰਦ ਜੀ ਵੀ ਬੈਰਾਗੀ ਸਨ। ਉਹਨਾਂ ਦੀ ਬਾਣੀ ਵੀ ਦਰਜ ਹੈ। ਭਗਤ ਜੈ ਦੇਵ ਜੀ ਮਹਾਰਾਜ ! ਵੈਸ਼ਨੋ ਸੰਪਰਦਾ ਨਾਲ ਤੁਅੱਲਕ ਰਖਦੇ ਸਨ। ਰਹਿਣ ਵਾਲੇ ਵੀ ਪੰਜਾਬ ਤੋਂ ਬਾਹਰ ਦੇ ਸਨ। ਉਹਨਾਂ ਦੀ ਬਾਣੀ ਵੀ ਦਰਜ਼ ਹੈ। ਭਗਤ ਤ੍ਰਿਲੋਚਨ ਬ੍ਰਾਹਮਣ ਸਨ ਅਤੇ ਵੈਸ਼ਨੋ ਸੰਪਰਦਾ ਨਾਲ ਸਬੰਧ ਰਖਦੇ ਸਨ। ਸਧਨਾ, ਭੀਖਣ ਤੇ ਬਾਬਾ ਫਰੀਦ ਜੀ ਆਦਿ ਸਾਰੇ ਹੀ ਸੂਫੀ ਸੰਪਰਦਾ ਨਾਲ ਸਬੰਧ ਰਖਦੇ ਸਨ। ਸੂਫੀ ਮੱਤ ਇਸਲਾਮ ਵਿਚੋਂ ਹੀ ਪੈਦਾ ਹੋਇਆ ਹੈ। ਬਹੁਤਿਆਂ ਦਾ ਖਿਆਲ ਹੈ ਕਿ ਸਧਨਾ ਤੇ ਭੀਖਣ ਵੀ ਮੁਸਲਮਾਨ ਸਨ। ਬਾਬਾ ਫਰੀਦ ਤਾਂ ਮੁਸਲਮਾਨ ਹੈ ਹੀ ਸਨ। ਪਰ ਕਬੀਰ ਸਾਹਿਬ ਬਾਰੇ ਵੀ ਬੜੀ ਚਰਚਾ ਹੈ। ਕੋਈ ਕਹਿੰਦਾ ਹੈ ਕਿ ਮੁਸਲਮਾਨ ਸਨ। ਕਿਉਂਕਿ ਕਬੀਰ ਲਫ਼ਜ਼ ਅਰਬੀ ਦਾ ਹੈ। ਕਬੀਰ ਦਾ ਅਰਥ ਹੈ ਕਿ "ਵੱਡਾ"। ਤਿੰਨ ਚਾਰ ਲਫ਼ਜ਼ ਇਸ ਤਰ੍ਹਾਂ ਦੇ ਅਰਬੀ ਵਿਚ ਹਨ:

ਕਕਾ ਕਬੀਰ ਕਰੀਮ ਤੂੰ, ਬੇ ਐਬ ਪਰਵਦਗਾਰ ॥

ਅਰਬੀ ਵਿਚ ਉਸ ਨੂੰ ਕਬੀਰ ਕਹਿੰਦੇ ਹਨ ਜੋ ਬਹੁਤ "ਵੱਡਾ" ਹੈ। ਕਬੀਰ ਨਾਮ ਮੁਸਲਮਾਨੀ ਨਾਮ ਹੈ। ਕਿਸੇ ਹਿੰਦੂ ਦਾ ਨਾਮ ਨਹੀਂ, ਅਜ ਤੱਕ ਕਿਤੇ ਨਹੀਂ ਪੜ੍ਹਿਆ ਸੁਣਿਆ ਗਿਆ ਕਿ ਕਿਸੇ ਹਿੰਦੂ ਦਾ ਨਾਮ ਕਬੀਰ ਹੋਵੇ। ਕਬੀਰ ਨਾਮ ਮੁਸਲਮਾਨੀ ਹੈ। "ਕਬੀਰ" ਬੋਲ, ਅਰਬੀ ਦਾ ਬੋਲ ਹੈ। ਗੁਰਬਾਣੀ ਵਿੱਚ ਭਗਤ ਰਵਿਦਾਸ ਮਹਾਰਾਜ ਨੇ ਕਬੀਰ ਸਾਹਿਬ ਦੀ ਜਾਣ ਪਛਾਣ ਬੜੀ ਸੁੰਦਰ ਕਰਵਾਈ ਹੈ। ਰਵਿਦਾਸ ਜੀ ਦੱਸਦੇ ਹਨ ਕਿ ਕਬੀਰ ਜੀ ਕੌਣ ਸਨ। ਕਬੀਰ ਸਾਹਿਬ ਜੀ, ਭਗਤ ਰਵਿਦਾਸ ਜੀ ਦੇ ਸਮਕਾਲੀ ਸਨ। ਇਕੋ

ਹੀ ਸਮੇਂ ਦੋਵੇਂ ਹੋਏ ਹਨ ਅਤੇ ਇਕੋ ਗੁਰੂ ਦੇ ਸਿੱਖ ਸਨ। ਗੁਰੂ ਗ੍ਰੰਥ ਸਾਹਿਬ ਵਿੱਚ ਜਿੰਨ੍ਹਾਂ ਭਗਤਾਂ ਦੀ ਬਾਨੀ ਆਈ ਹੈ, ਕਰੀਬਨ ਇਕ ਦੂਸਰੇ ਦੇ ਸਮਕਾਲੀ ਹੋਏ ਹਨ। ਉਮਰ ਵਿਚ ਦਸ ਵੀਹ ਸਾਲ ਛੋਟੇ ਵੱਡੇ ਹੋਣਗੇ, ਪਰ ਬਾਕੀ ਸਾਰੇ ਇਕੋ ਸਮੇਂ ਹੀ ਹੋਏ ਹਨ।

ਜਦੋਂ ਵੀ ਕੋਈ ਬ੍ਰਹਮ ਗਿਆਨੀ ਮਹਾਂਪੁਰਖ ਪੈਦਾ ਹੁੰਦਾ ਹੈ ਤਾਂ ਉਸ ਦੇ ਆਤਮਕ ਪ੍ਰਕਾਸ਼ ਦੀਆਂ ਕਿਰਨਾਂ ਕਈਆਂ ਨੂੰ ਜਨਮ ਦੇਂਦੀਆਂ ਹਨ। ਉਹਨਾਂ ਕਿਰਨਾਂ ਦੇ ਪ੍ਰਕਾਸ਼ ਦਾ ਨਾਮ ਸ਼ਬਦ ਹੁੰਦਾ ਹੈ। ਸ਼ਬਦ ਸੂਰਜ ਹੈ। ਕਿਰਨਾਂ ਰਾਹੀਂ ਪ੍ਰਕਾਸ਼ ਹੁੰਦਾ ਹੈ। ਪ੍ਰਕਾਸ਼ ਵਿੱਚ ਪਰਕਾਸ਼ ਮਿਲ ਜਾਂਦਾ ਹੈ। ਜਾਤੀ ਮੇਲ ਹੋ ਜਾਂਦਾ ਹੈ, ਵਿਜਾਤੀ ਮੇਲ ਨਹੀਂ ਹੁੰਦਾ। ਦੁੱਧ ਵਿੱਚ ਹੋਰ ਦੁੱਧ ਮਿਲ ਸਕਦਾ ਹੈ, ਪਰ ਦੁੱਧ ਵਿਚ ਸ਼ਰਾਬ ਨਹੀਂ ਮਿਲ ਸਕਦੀ। ਅੰਧੇਰੇ ਵਿੱਚ ਹੋਰ ਅੰਧੇਰਾ ਮਿਲ ਸਕਦਾ ਹੈ, ਪਰ ਅੰਧੇਰੇ ਵਿੱਚ ਪ੍ਰਕਾਸ਼ ਨਹੀਂ ਮਿਲ ਸਕਦਾ। ਪਾਣੀ ਵਿੱਚ ਹੋਰ ਪਾਣੀ ਮਿਲ ਸਕਦਾ ਹੈ, ਪਰ ਪਾਣੀ ਵਿੱਚ ਅੱਗ ਨਹੀਂ ਮਿਲ ਸਕਦੀ। ਜਦੋਂ ਸ਼ਬਦ ਅੰਦਰਲੇ ਸ਼ਬਦ ਨਾਲ ਮਿਲ ਜਾਂਦਾ ਹੈ, ਤਾਂ ਹਰੇਕ ਉਸ ਮਹਾਂਪੁਰਖ ਦੀ ਆਪਸੀ ਸਾਂਝ ਬਣ ਜਾਂਦੀ ਹੈ, ਜਿਸ ਦੇ ਅੰਦਰ ਸ਼ਬਦ ਜਗਦਾ ਹੈ। ਸ਼ਬਦ ਜੋਤ ਹੈ। ਸੱਚ ਵਿੱਚ ਸੱਚ ਮਿਲ ਜਾਂਦਾ ਹੈ। ਸੱਚ ਵਿੱਚ ਝੂਠ ਰਲਾਇਆਂ ਵੀ ਨਹੀਂ ਰਲਦਾ:

ਸਚੁ ਸੰਪੂਰਨ ਨਿਰਮਲਾ, ਤਿਸ ਵਿਚ ਕੂੜ ਨ ਰਲਦਾ ਰਾਈ ॥

(ਭਾ: ਗੁਰਦਾਸ ਜੀ)

ਸੋ ਸੰਤਾਂ ਭਗਤਾਂ ਮਹਾਂਪੁਰਖਾਂ ਦੀ ਜਿੰਨੀ ਆਪਸੀ ਸਾਂਝ ਹੁੰਦੀ ਹੈ, ਉਹ ਸਾਰੀ ਸ਼ਬਦ ਦੀ ਸਾਂਝ ਹੁੰਦੀ ਹੈ। ਜਿੰਨਾ ਮਹਾਂਪੁਰਖਾਂ ਦੀ ਬਾਣੀ ਗੁਰੂ ਗ੍ਰੰਥ ਵਿਚ ਦਰਜ ਹੈ, ਉਹ ਇਕ ਦੂਜੇ ਬਾਰੇ ਆਪਣੀ ਸਾਂਝ ਦਾ ਜਿਕਰ ਵੀ ਕਰਦੇ ਹਨ। ਹਾਲਾਂ ਕਿ ਇਕ ਦੂਸਰੇ ਦੇ ਦੇਸ਼ ਤੋਂ ਵੀ ਦੂਜੇ ਦੇਸ਼ਾਂ ਦੇ ਰਹਿਣ ਵਾਲੇ ਹਨ। ਜੋ ਫਲਸਫ਼ਾ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਨੇ ਦਰਸਾਇਆ ਹੈ, ਉਸੇ ਫਲਸਫੇ ਅਨੁਸਾਰ ਸਾਰੇ ਭਗਤਾਂ ਦੀ ਵਿਚਾਰ ਇਕ ਹੈ। ਜਾਤੀ ਇਕ ਨਹੀਂ ਹੈ। ਰਵਿਦਾਸ ਜੀ ਆਪਣੀ ਬਾਣੀ ਵਿਚ ਕਬੀਰ ਜੀ ਦਾ ਜਿਕਰ ਕਰਦੇ ਹਨ ਅਤੇ ਕਬੀਰ ਆਪਣੀ ਬਾਣੀ ਵਿੱਚ ਰਵਿਦਾਸ ਜੀ ਦਾ ਜਿਕਰ ਕਰਦੇ ਹਨ। ਸ਼ਬਦ ਸਾਂਝ ਏਨੀ ਵੱਡੀ ਹੈ ਕਿ ਜਾਤੀ ਇਕ ਨਾ ਹੁੰਦਿਆਂ ਹੋਇਆਂ ਵੀ ਸ਼ਬਦ ਇਕ ਹੈ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥

(ਪੰਨਾ ੧੩੭੭)

ਹੁਣ ਇਹ ਸਲੋਕ ਤਾਂ ਕਬੀਰ ਸਾਹਿਬ ਦਾ ਹੈ। ਪਰ ਕਬੀਰ ਸਾਹਿਬ ਰਵਿਦਾਸ ਜੀ ਦੇ ਬਾਰੇ ਕਹਿ ਰਹੇ ਹਨ ਕਿ ਰਵਿਦਾਸ ਸੱਚ ਕਹਿ ਰਹੇ ਹਨ ਕਿ ਜੋ ਆਦਮੀ ਪ੍ਰਮਾਤਮਾ ਹਰੀ ਦਾ ਨਾਮ ਸ਼ਬਦ ਛੱਡ ਕੇ ਮਨੁੱਖਾਂ ਦੀ ਆਸ ਕਰਦਾ ਹੈ। ਹੋਰ ਵਸਤੂਆਂ ਤੇ ਭਰੋਸਾ ਕਰਦਾ ਹੈ, ਉਹਨਾਂ ਦਾ ਜੀਵਨ ਨਰਕ ਬਣ ਜਾਏਗਾ। ਐਸੇ ਆਦਮੀ ਦੋਜ਼ਖਾਂ ਨੂੰ ਜਾਣਗੇ। ਰਵਿਦਾਸ ਦੇ ਬੋਲਾਂ ਨੂੰ ਕਬੀਰ ਸਾਹਿਬ ਆਪਣੀ ਬਾਣੀ ਵਿੱਚ ਢਾਲ ਕੇ ਕਹਿ ਰਹੇ ਹਨ। ਦਰਅਸਲ ਅੰਦਰਲੀ ਸੋਚ ਇਕ ਹੈ। ਰਿਸ਼ਤਾ ਵੀ ਤਾਂ ਹੀ ਬਣਦਾ ਹੈ ਜੇ ਅੰਦਰਲੀ ਸੋਚ

ਇਕ ਹੋਵੇ। ਕੋਈ ਸਬੰਧ ਜਾਂ ਰਿਸ਼ਤੇਦਾਰੀਆਂ ਬਣਦੀਆਂ ਹਨ ਤਾਂ ਉਹ ਸਰੀਰਾਂ ਦੇ ਅਧਾਰ ਤੇ ਨਹੀਂ ਬਣਦੀਆਂ। ਸੋਚਾਂ ਅਤੇ ਸ਼ਬਦਾਂ ਦੇ ਅਧਾਰ 'ਤੇ ਬਣਦੀਆਂ ਹਨ।

ਰਵਿਦਾਸ ਜੀ ਮਹਾਰਾਜ ਆਪਣੀ ਬਾਣੀ ਵਿੱਚ ਦੂਜੇ ਮਹਾਂਪੁਰਖਾਂ ਦਾ ਜ਼ਿਕਰ ਕਰ ਰਹੇ ਹਨ ਜਿੰਨ੍ਹਾਂ ਦੇ ਅੰਦਰਲੇ ਵਿਚਾਰ ਭਗਤ ਰਵਿਦਾਸ ਜੀ ਨਾਲ ਮਿਲਦੇ ਹਨ। ਉਹ ਉਨ੍ਹਾਂ ਦਾ ਜ਼ਿਕਰ ਕਰ ਰਹੇ ਹਨ :

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥

(ਪੰਨਾ ੧੧੬)

ਹੁਣ ਰਵਿਦਾਸ ਆਪਣੀ ਬਾਣੀ ਵਿਚ ਕਬੀਰ ਦਾ ਜ਼ਿਕਰ ਕਰਦੇ ਹਨ ਅਤੇ ਕਬੀਰ ਆਪਣੀ ਬਾਣੀ ਵਿਚ ਰਵਿਦਾਸ ਦਾ ਜ਼ਿਕਰ ਕਰਦੇ ਹਨ। ਜਾਤੀ ਅਤੇ ਦੇਸ਼ ਮਜ਼੍ਹਬ ਇਕ ਨਾ ਹੋਣ ਦੇ ਬਾਵਜੂਦ ਵੀ, ਦਿਲੀ ਸਾਂਝ ਇਕ ਹੈ। ਵਿਚਾਰ ਇਕ ਹਨ। ਦਰਅਸਲ ਇਹ ਜੋ ਕੁਝ ਵੀ ਸੰਸਾਰ ਦੀ ਰੂਪ ਰੇਖਾ ਹੈ, ਇਹ ਸਭ ਸ਼ਬਦ ਦੀ ਕਲਾ ਹੈ। ਸ਼ਬਦ ਦੀ ਸਾਂਝ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਸਾਰੇ ਭਗਤ ਆਪਣੀ ਬਾਣੀ ਵਿੱਚ ਇਕ ਦੂਜੇ ਦਾ ਜ਼ਿਕਰ ਕਰਦੇ ਹਨ। ਜੇਕਰ ਵਿਚਾਰਾਂ ਅਤੇ ਸ਼ਬਦਾਂ ਦੀ ਸਾਂਝ ਨਾ ਹੋਵੇ ਤਾਂ ਇਕ ਦੂਜੇ ਦਾ ਨਾਮ ਤਾਂ ਕੀ ਲੈਣਾ ਹੈ, ਆਦਮੀ ਇਕ ਦੂਜੇ ਨੂੰ ਦੇਖਣਾ ਵੀ ਨਹੀਂ ਚਾਹੁੰਦਾ। ਪਰ ਗੁਰਬਾਣੀ ਵਿਚ ਜਿੰਨ੍ਹਾ ਭਗਤਾਂ, ਗੁਰੂਆਂ ਦੀ ਬਾਣੀ ਦਰਜ ਹੈ, ਉਹਨਾਂ ਦੀ ਆਪਸੀ ਸਾਂਝ ਏਨੀ ਨੇੜੇ ਦੀ ਹੈ ਕਿ ਇਕ ਰੰਚਕ ਮਾਤਰ ਵੀ ਵਿਰੋਧ ਦੀ ਝਲਕ ਨਹੀਂ ਪੈਂਦੀ। ਸਾਰੇ ਭਗਤ ਆਪਣੀ ਬਾਣੀ ਵਿੱਚ ਦੂਜੇ ਦਾ ਬੜੇ ਸਨਮਾਨ ਨਾਲ ਜ਼ਿਕਰ ਕਰਦੇ ਹਨ। ਭਗਤ ਰਵਿਦਾਸ ਜੀ, ਕਬੀਰ ਸਾਹਿਬ ਦੀ ਜਾਣ ਪਛਾਣ ਬਾਰੇ ਕਹਿ ਰਹੇ ਹਨ ਕਿ ਕਬੀਰ ਪਹਿਲਾਂ ਕੌਣ ਸੀ ਤੇ ਇਸ ਦੇ ਮਾਤਾ ਪਿਤਾ ਕੀ ਕਰਦੇ ਸਨ :

ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ,
ਮਾਨੀਅਹਿ ਸੇਖ ਸਹੀਦ ਪੀਰਾ ॥
ਜਾ ਕੈ ਬਾਪ ਵੈਸੀ ਕਰੀ, ਪੂਤ ਐਸੀ ਸਰੀ
ਤਿਹੂ ਰੇ ਲੋਕ ਪਰਸਿਧ ਕਬੀਰਾ ॥

(ਪੰਨਾ ੧੨੯੩)

ਰਵਿਦਾਸ ਕਹਿ ਰਹੇ ਹਨ ਕਿ ਇਹ ਜੋ ਕਬੀਰ ਜੀ ਹਨ, ਏਨਾ ਦੀ ਕੁਲ ਵਿਚ ਬਕਰੀਦ ਵਾਲੇ ਦਿਨ ਬੱਕਰੇ ਤੇ ਗਊਆਂ ਬੱਧ ਕੀਤੀਆਂ ਜਾਂਦੀਆਂ ਸਨ। ਭਾਵ ਕਿ ਇਸਲਾਮੀ ਰਸਮ ਅਨੁਸਾਰ ਬਕਰੀਦ ਵਾਲੇ ਦਿਨ ਬਕਰੇ ਤੇ ਗਊਆਂ ਦੀ ਕੁਰਬਾਨੀ ਦਿੱਤੀ ਜਾਂਦੀ ਸੀ :

ਜਾ ਕੈ ਈਦਿ, ਬਕਰੀਦਿ, ਕੁਲ ਗਊ ਰੇ ਬਧੁ ਕਰਹਿ ....॥

(ਪੰਨਾ ੧੨੯੩)

ਜਿਸ ਦੇ ਘਰ ਵਿੱਚ, ਜਿਸ ਦੀ ਕੁਲ ਵਾਲੇ ਲੋਕ ਈਦ ਬਕਰੀਦ ਨੂੰ ਗਾਊਆਂ ਤੇ ਬਕਰੇ ਵੀ ਵੱਢਦੇ ਸਨ। ਸ਼ੇਖਾਂ ਤੇ ਸ਼ਹੀਦਾਂ ਦੀਆਂ ਕਬਰਾਂ ਨੂੰ ਵੀ ਮੰਨਦੇ ਸਨ :

...ਮਾਨੀਅਹਿ ਸੇਖ ਸਹੀਦ ਪੀਰਾ ॥

(ਪੰਨਾ ੧੨੯੩)

ਇਹ ਸ਼ਬਦ ਭਗਤ ਰਵਿਦਾਸ ਕਹਿ ਰਹੇ ਹਨ। ਪਰ ਕਬੀਰ ਸਾਹਿਬ ਦੀ ਕੁਲ ਬਾਰੇ ਕਹਿ ਰਹੇ ਹਨ। ਕਹਿੰਦੇ ਹਨ ਕਿ, "ਜਿਸ ਦੇ ਪਿਉ ਦਾਦੇ ਈਦਾਂ ਬਕਰੀਦਾਂ, ਸ਼ੇਖਾਂ ਤੇ ਸ਼ਹੀਦਾਂ ਦੀਆਂ ਕਬਰਾਂ ਤੇ ਕੁਰਬਾਨੀਆਂ ਦੇਣ ਵਾਲੇ ਸਨ।"

ਜਾ ਕੈ ਬਾਪ ਵੈਸੀ ਕਰੀ...॥

(ਪੰਨਾ ੧੨੯੩)

ਭਾਵ ਕਿ ਜਿਸ ਦੇ ਪਿਤਾ ਇਸ ਤਰ੍ਹਾਂ ਕਰਦੇ ਸਨ।

ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ..॥

ਪਰ ਕਬੀਰ ਆਪਣੀ ਕੁਲ ਅਤੇ ਪਿਤਾ ਪਿਤਾਮੇ ਤੋਂ ਉਲਟ ਕਰ ਰਹੇ ਹਨ। ਕਬੀਰ ਸਾਹਿਬ ਪੁਰਾਣੀਆਂ ਅੰਧ ਵਿਸ਼ਵਾਸ਼ੀ ਪ੍ਰੰਪਰਾਵਾਂ ਵਿਚ ਵਿਸ਼ਵਾਸ਼ ਨਹੀਂ ਸਨ ਰੱਖਦੇ। ਸੱਤਵਾਦੀ ਸਨ। ਸ਼ਬਦ ਦੀ ਟੇਕ ਵਿਚ ਜਿਉਣ ਵਾਲੇ ਸਨ। ਏਸੇ ਵਾਸਤੇ ਤਿੰਨਾਂ ਲੋਕਾਂ ਤੱਕ ਉਨ੍ਹਾਂ ਦੀ ਜੈ ਜੈ ਕਾਰ ਹੁੰਦੀ ਸੀ :

ਜਾ ਕੈ ਬਾਪ ਵੈਸੀ ਕਰੀ, ਪੂਤ ਐਸੀ ਸਰੀ, ਤਿਹੂ ਰੇ ਲੋਕ ਪਰਸਿਧ ਕਬੀਰਾ ॥

(ਪੰਨਾ ੧੨੯੩)

☆ ☆ ☆

ਕਿਰਤ ਅਤੇ ਸ਼ਬਦ ਦੀ ਕਲਾ

ਤਿੰਨਾਂ ਲੋਕਾਂ ਵਿਚ ਕਬੀਰ ਪ੍ਰਸਿਧ ਹੋਏ ਹਨ। ਪਰ ਜਿਹੜੀਆਂ ਰਸਮਾਂ ਪਿਉ ਦਾਦਾ ਕਰਦੇ ਸਨ, ਕਬੀਰ ਸਾਹਿਬ ਉਹ ਨਹੀਂ ਕਰਦੇ ਦੀ ਏਨਾਂ ਸ਼ਬਦਾਂ ਤੋਂ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਕਬੀਰ ਜੀ ਦੇ ਮਾਂ ਬਾਪ ਮੁਸਲਮਾਨ ਸਨ। ਪਰ ਕਬੀਰ ਆਪ ਤਾਂ ਜਾਤ ਪਾਤ ਨੂੰ ਮੰਨਦੇ ਹੀ ਨਹੀਂ ਸ਼ਬਦ ਦੀ ਸਾਂਝ ਵਾਲਾ ਜਾਤ ਪਾਤ ਨੂੰ ਨਹੀਂ ਮੰਨਦਾ। ਪਰ ਕਬੀਰ ਸਾਹਿਬ ਜੀ ਆਪਣੀ ਰਹਿਣੀ ਬਹਿਣੀ ਭਾਰਤ ਦੇ ਹਿੰਦੂ ਸੰਤਾਂ ਵਰਗੀ ਸੀ। ਏਸੇ ਰਹਿਣ ਸਹਿਣ ਕਰਕੇ ਹੀ ਕਬੀਰ ਸਾਹਿਬ ਮੁਸਲਮਾਨ ਨਹੀਂ ਜਾਪਦੇ ਸਨ। ਬਲਕਿ ਭਾਰਤੀ ਭਗਤ ਜਾਪਦੇ ਸਨ। ਉਸ ਵਕਤ ਭਾਰਤ ਦੀਆਂ ਜਿੰਨੀਆਂ ਪਛੜੀਆਂ ਹੋਈਆਂ ਜਾਤੀਆਂ ਸਨ, ਉਹ ਮੁਗਲਾਂ ਦੇ ਪ੍ਰਭਾਵ ਹੇਠਾਂ ਆ ਚੁੱਕੀਆਂ ਸਨ। ਬਹੁਤਿਆਂ ਨੇ ਇਸਲਾਮ ਕਬੂਲ ਕਰ ਲਿਆ ਸੀ। ਦੋ ਕਾਰਨ ਸਨ ਇਸਲਾਮ ਧਾਰਨ ਕਰਨ ਦੇ। ਇਕ ਤਾਂ ਇਹ ਕਿ ਇਸਲਾਮ ਵਿੱਚ ਕੋਈ ਵੀ ਆ ਜਾਵੇ। ਜਾਤ ਪਾਤ ਨਹੀਂ ਪੁੱਛੀ ਜਾਂਦੀ ਸੀ। ਪਰ ਭਾਰਤ ਦੇ ਬ੍ਰਹਮਣ ਭਾਈ ਚਾਰੇ ਨੇ ਪਛੜੀਆਂ ਹੋਈਆਂ ਸ਼੍ਰੇਣੀਆਂ ਲਈ ਮੰਦਰ ਵਿਦਿਆਲੇ ਬੰਦ ਕਰਵਾ ਦਿੱਤੇ ਸਨ। ਇਹ ਮੰਦਰ ਤੇ ਵਿਦਿਆਲੇ ਤਾਂ ਹੁਣ ਕੋਈ ਪੰਜਾਹ ਸਾਲ ਹੋਏ ਹਨ ਕੁਝ ਸ਼ੂਦਰਾਂ ਵਾਸਤੇ ਖੁਲ੍ਹੇ ਹਨ। ਵਰਨਾ ਅਜੇ ਵੀ ਕਈ ਮੰਦਰ ਸ਼ੂਦਰਾਂ ਵਾਸਤੇ ਬੰਦ ਹਨ। ਬੜੀ ਵੱਡੀ ਮਮਾਨੀਅਤ ਸੀ। ਸ਼ੂਦਰ ਮੰਦਰ ਵਿੱਚ ਮੱਥਾ ਨਹੀਂ ਸੀ ਟੇਕ ਸਕਦਾ। ਵਿਸ਼ਵਨਾਥ ਦੇ ਮੰਦਰ ਵਿਚ, ਕ੍ਰਿਸ਼ਨ ਦੇ ਮੰਦਰ ਵਿੱਚ, ਰਾਮ ਆਦਿ ਦੇ ਮੰਦਰ ਵਿੱਚ ਸ਼ੂਦਰ ਨਹੀਂ ਸੀ ਜਾ ਸਕਦਾ। ਖਾਸ ਖਾਸ ਥਾਵਾਂ 'ਤੇ ਅਜੇ ਵੀ ਸ਼ੂਦਰ ਨਹੀਂ ਜਾ ਸਕਦਾ। ਇਹ ਤਾਂ ਹੁਣ ਜਦੋਂ ਪੰਜਾਹ ਸਾਲ ਪਹਿਲਾਂ ਦੇਸ਼ ਅਜ਼ਾਦ ਹੋਇਆ ਹੈ ਤਾਂ ਬਕਾਇਦਾ ਵਿਧਾਨ ਬਣਾਇਆ ਗਿਆ ਹੈ ਕਿ ਹਰੇਕ ਮੰਦਰ ਵਿਚ ਸਾਰੇ ਜਾ ਸਕਦੇ ਹਨ। ਮੰਦਰ ਸਭ ਦੇ ਸਾਂਝੇ ਹਨ। ਕੋਈ ਰੋਕ ਨਹੀਂ ਸਕਦਾ। ਗੌਰਮਿੰਟ ਨੇ ਵਿਸ਼ੇਸ਼ ਕਾਨੂੰਨ ਬਣਾਇਆ ਹੈ। ਨਹੀਂ ਤਾਂ ਮਮਾਨੀਅਤ ਸੀ। ਇਹ ਜੋ ਮੰਦਰਾਂ ਵਿਚ ਰੋਕ ਸੀ। ਇਸ ਨਾਲ ਸ਼ੂਦਰਾਂ ਅੰਦਰ ਬਗਾਵਤ ਪੈਦਾ ਹੋ ਗਈ ਸੀ। ਸ਼ੂਦਰ ਸੋਚਦੇ ਸਨ ਕਿ ਅਸੀਂ ਮਨੁੱਖ ਹਾਂ ਪਰ ਸਾਨੂੰ ਸ਼ੂਦਰ ਸਮਝਿਆ ਜਾਂਦਾ ਹੈ। ਭਾਵ ਕਿ ਸਾਨੂੰ ਪਛੜਿਆ ਹੋਇਆ ਸਮਝਿਆ ਜਾਂਦਾ ਹੈ। ਪਛੜਿਆ ਹੋਇਆ ਤਾਂ ਹੁਣ ਪਸ਼ੂ ਹੀ ਹੁੰਦਾ ਹੈ। ਏਸ ਦਾ ਮਤਲਬ ਕਿ ਸਾਨੂੰ ਪਸ਼ੂਆਂ ਵਾਂਗ ਸਮਝਿਆ ਜਾਂਦਾ ਹੈ। ਗਾਲਬਨ ਏਸ ਭਾਰਤ ਦੇਸ਼ ਦੇ ਪਛੜਨ ਦਾ ਕਾਰਨ ਵੀ ਏਹੋ ਹੀ ਰਿਹਾ ਹੈ। ਜਿਹੜੇ ਲੋਕ ਕਿਰਤ ਕਰਨ ਵਾਲੇ ਸਨ, ਉਨ੍ਹਾਂ ਨੂੰ ਸ਼ੂਦਰ ਤੇ ਪਛੜੇ ਹੋਏ ਕਹਿ ਕੇ ਤ੍ਰਿਸ਼ਕਾਰਿਆ ਜਾਂਦਾ ਸੀ। ਜਿੰਨੀ ਕਿਰਤ ਹੁੰਦੀ ਹੈ, ਉਹ ਸਾਰੀ ਕਿਰਤ ਸ਼ੂਦਰ ਕਰਦੇ ਸਨ। ਇਹ ਤਾਂ ਬੜਾ ਅਪਮਾਨ ਹੈ ਕਿ ਜਿਹੜਾ ਬੰਦਾ ਕਿਰਤ ਕਰਦਾ ਹੈ ਉਸ ਨੂੰ ਸ਼ੂਦਰ ਤੇ ਪਛੜਿਆ ਹੋਇਆ ਆਖਿਆ ਜਾਂਦਾ ਹੈ। ਇਹ ਬਦਕਿਸਮਤੀ ਹੀ ਸਮਝੋ। ਕਿਰਤੀ ਦਾ ਤਾਂ ਮਾਣ

ਹੋਣਾ ਚਾਹੀਦਾ ਹੈ। ਜਿਹੜੇ ਜਿਹੜੇ ਦੇਸ਼ ਕਿਰਤੀਆਂ ਦਾ ਮਾਣ ਨਹੀਂ ਕਰਦੇ, ਉਹ ਦੇਸ਼ ਪਛੜ ਜਾਂਦੇ ਹਨ। ਉਥੇ ਕਿਰਤੀ ਲੋਕ ਕਿਰਤ ਛੱਡ ਕੇ ਦੂਜੇ ਦੇਸ਼ਾਂ ਵਿਚ ਚਲੇ ਜਾਂਦੇ ਹਨ। ਉਹਨਾਂ ਦੀ ਕਿਰਤ ਦਾ ਚੰਗਾ ਮਾਣ ਤੇ ਮੁੱਲ ਜਿਹੜੇ ਦੇਸ਼ ਵਿਚ ਪੈ ਜਾਵੇ, ਉਹ ਦੇਸ਼ ਹੀ ਮਾਲਾ ਮਾਲ ਤੇ ਅਗੇ ਵਧ ਜਾਂਦੇ ਹਨ। ਭਾਰਤ ਦੇ ਪਛੜ ਜਾਣ ਦੇ ਵੱਡੇ ਕਾਰਨਾਂ ਵਿਚੋਂ ਸਭ ਤੋਂ ਵੱਡਾ ਕਾਰਨ ਇਹੋ ਹੈ। ਭਾਰਤ ਦੇ ਚੰਗੇ, ਕਿਰਤੀ ਲੋਕ ਦੂਜੇ ਦੇਸ਼ਾਂ ਵਿਚ ਜਾ ਕੇ ਕਿਰਤ ਕਰਨ ਲਈ ਮਜ਼ਬੂਰ ਹੋਏ ਹਨ। ਚੰਗੇ ਕਾਰੀਗਰ ਦੂਜੇ ਦੇਸ਼ਾਂ ਵਿਚ ਚਲੇ ਗਏ ਹਨ। ਚੰਗੇ ਫਿਲਾਸਫਰ ਤੇ ਚੰਗੇ ਇੰਜਨੀਅਰ ਦੂਜੇ ਦੇਸ਼ਾਂ ਵਿੱਚ ਚਲੇ ਗਏ ਹਨ। ਚੰਗੇ ਡਾਕਟਰ ਦੂਜੇ ਦੇਸ਼ਾਂ ਵਿੱਚ ਮਿਲਦੇ ਹਨ। ਏਹੀ ਕਾਰਨ ਹੈ ਕਿ ਸਭ ਤੋਂ ਚੰਗੀ ਟੈਕਨਾਲੋਜੀ ਦੂਜੇ ਦੇਸ਼ਾਂ ਵਿੱਚ ਹੈ। ਭਾਰਤ ਵਿੱਚ ਤਾਂ ਦੂਜੇ ਦੇਸ਼ ਦਾ ਕੋਈ ਯਾਤਰੀ ਵੀ ਯਾਤਰਾ ਕਰਨ ਨਹੀਂ ਆਉਂਦਾ ਕਿ ਮੈਂ ਕਿਸੇ ਮੁਸੀਬਤ ਵਿਚ ਜਾ ਕੇ ਫਸ ਜਾਵਾਂਗਾ। ਭਾਰਤ ਵਿੱਚ ਕਿਰਤੀਆਂ ਅਤੇ ਮਿਹਨਤ ਕਸ਼ਾਂ ਦਾ ਸਦੀਆਂ ਤੋਂ ਹੀ ਮਾਣ ਤੇ ਮੁੱਲ ਨਹੀਂ ਪਿਆ। ਅੱਜ ਵੀ ਨਹੀਂ ਹੈ।

ਭਾਰਤ ਉਪਰ ਕੁਦਰਤ ਦੀ ਏਨੀ ਮਿਹਰਬਾਨੀ ਰਹੀ ਹੈ ਕਿ ਸਭ ਤੋਂ ਚੰਗੇ ਤੇ ਸੁਹਣੇ ਸਾਧਨ ਜੋ ਮੁਫ਼ਤ ਵਿੱਚ ਮਿਲਦੇ ਹਨ, ਉਹ ਸਾਰੇ ਸੁਖ ਭਾਰਤ ਨੂੰ ਕੁਦਰਤੀ ਮਿਲੇ ਹਨ। ਕੁਦਰਤੀ ਤੌਰ 'ਤੇ ਭਾਰਤ ਬੜਾ ਖੁਸ਼ਹਾਲ ਰਿਹਾ ਹੈ। ਇਸ ਖੁਸ਼ਹਾਲੀ ਨੂੰ ਭਾਰਤ ਦੇ ਨੇਤਾਵਾਂ ਅਤੇ ਜਾਤੀ ਵਾਦ ਆਦਿ ਰੋਗਾਂ ਨੇ ਨਸ਼ਟ ਕੀਤਾ ਹੈ। ਨਹੀਂ ਤਾਂ ਭਾਰਤ ਹੀ ਐਸਾ ਦੇਸ਼ ਹੈ ਜਿਥੇ ਹਰ ਪ੍ਰਕਾਰ ਦਾ ਮੌਸਮ ਮਿਲਦਾ ਹੈ। ਅੱਠ ਰੁੱਤਾਂ ਬਦਲਦੀਆਂ ਹਨ। ਪਾਣੀ ਦੇ ਦਰਿਆ ਵਹਿੰਦੇ ਹਨ। ਜਰਖੇਜ਼ ਜ਼ਮੀਨ ਹੈ। ਭਾਰਤ ਦਾ ਹਰ ਨੌਜਵਾਨ ਦੂਜੇ ਦੇਸ਼ਾਂ ਦੇ ਮੁਕਾਬਲੇ ਤੰਦਰੁਸਤ ਤੇ ਤਕੜਾ ਹੈ।

ਮੈਂ ਅਕਸਰ ਪ੍ਰਚਾਰ ਦੇ ਸਬੰਧ ਵਿੱਚ ਦੂਜੇ ਦੇਸ਼ਾਂ ਵਿੱਚ ਜਾਂਦਾ ਰਹਿੰਦਾ ਹਾਂ। ਮੈਂ ਇੰਗਲੈਂਡ ਵਿੱਚ ਜਾ ਕੇ ਅਨੁਭਵ ਕੀਤਾ ਹੈ ਕਿ (U.K.) ਯੂ. ਕੇ. ਦਾ ਹਰ ਵਸਿੰਦਾ ਭਾਰਤ ਦੇ ਮੌਸਮਾਂ ਨੂੰ ਇਕ ਨਿਆਮਤ ਮੰਨਦਾ ਹੈ। ਜੋ ਕੁਝ ਆਬੋ ਹਵਾ (U.K.) ਯੂ. ਕੇ. ਵਿੱਚ ਲੱਖਾਂ ਪੌਂਡ ਖਰਚ ਕੇ ਵੀ ਨਹੀਂ ਮਿਲਦੀ, ਉਹ ਭਾਰਤ ਵਿੱਚ ਕੁਦਰਤ ਨੇ ਮੁਫ਼ਤ ਦਿੱਤੀ ਹੈ। ਇੰਗਲੈਂਡ ਦੇ ਅੱਸੀ ਫੀ ਸਦੀ ਲੋਕ ਸ਼ੂਗਰ ਦੇ ਮਰੀਜ਼ ਹਨ। ਕਈ ਜੰਮਦੇ ਬੱਚੇ ਹੀ ਸ਼ੂਗਰ ਦੇ ਮਰੀਜ ਹਨ। ਪਰ ਭਾਰਤ ਵਿੱਚ ਪੰਜ ਫੀ ਸਦੀ ਸ਼ੂਗਰ ਦਾ ਰੋਗ ਹੋਵੇਗਾ। ਉਹ ਵੀ ਉਹਨਾਂ ਲੋਕਾਂ ਨੂੰ ਜੋ ਬਹੁਤੇ ਸਪੰਨ ਘਰਾਣੇ ਹਨ ਅਤੇ ਬਹੁਤਾ U.K. ਵਰਗੇ ਦੇਸ਼ਾਂ ਵਿਚ ਰਹਿੰਦੇ ਹਨ। ਜਿੰਨੀ ਗਰੀਬੀ ਭਾਰਤ ਦੇ ਹਿੱਸੇ ਆਈ ਹੈ, ਏਨੇ ਹੀ ਰੋਗ ਕਿਤੇ ਭਾਰਤ ਨੂੰ ਮਿਲ ਜਾਂਦੇ ਤਾਂ ਫਿਰ ਇਸ ਦੇਸ਼ ਦਾ ਰੱਬ ਰਾਖਾ ਸੀ। ਏਥੇ ਕੋਈ ਮੈਡੀਕਲ ਦੇ ਚੰਗੇ ਤੇ ਸੁਖੈਨ ਸਾਧਨ ਨਹੀਂ ਹਨ। ਪਰ ਕੁਦਰਤ ਨੇ ਬਹੁਤ ਕੁਝ ਮੁਫ਼ਤ ਪ੍ਰਦਾਨ ਕੀਤਾ ਹੈ। ਪਰ ਭਾਰਤ ਵਿਚ ਕੁਦਰਤ ਦੀ ਏਨੀ ਮਿਹਰਬਾਨੀ ਹੋਣ ਦੇ ਬਾਵਜੂਦ ਵੀ ਲੋਕ ਮੁਫਲਸੀ ਨਾਲ ਕਿਉਂ ਮੱਥਾ ਮਾਰ ਰਹੇ ਹਨ ? ਇਸ ਦਾ ਕਾਰਨ ਹੈ ਕਿ ਏਥੇ ਦੇ ਪੁਰਾਣੇ ਸ਼ਾਸ਼ਕਾਂ ਨੇ ਭਾਰਤ ਦੀ ਮਨੁੱਖਤਾ ਨੂੰ ਮਨੁੱਖਤਾ ਨਹੀਂ ਰਹਿਣ ਦਿੱਤਾ। ਏਥੇ, ਤਾਂ ਜਾਤੀਆਂ ਵਸਦੀਆਂ ਹਨ। ਏਥੇ ਮਨੁੱਖ ਬਹੁਤ ਘਟ ਹਨ। ਜਿਥੇ ਮਨੁੱਖ ਹੀ ਨਹੀਂ ਉਥੇ ਮਨੁੱਖਤਾ ਕਿਥੋਂ ਆਵੇਗੀ ?

ਏਥੇ ਨਾਈ, ਛੀਂਬੇ, ਝੀਵਰ, ਜੱਟ, ਜੁਲਾਹੇ, ਚਮਾਰ, ਤਰਖਾਣ, ਖਤਰੀ, ਬ੍ਰਹਮਣ, ਸ਼ੂਦਰ, ਵੈਸ਼ ਸਾਰੇ ਮਿਲਣਗੇ। ਪਰ ਮਨੁੱਖ ਨਹੀਂ ਮਿਲਣਗੇ। ਏਥੇ ਇਨਸਾਨ ਬਹੁਤ ਘਟ ਵਸਦੇ ਮਿਲਦੇ ਹਨ। ਭਾਰਤ ਵਿਚ ਇਨਸਾਨੀਅਤ ਤਾਂ ਕਰੀਬਨ ਮਰ ਚੁੱਕੀ ਹੈ।

ਵੈਸੇ ਜਿਵੇਂ ਕਿਸੇ ਰੋਗੀ ਨੂੰ ਕੋਈ ਦਾਇਮੀ ਰੋਗ ਹੋ ਜਾਵੇ ਤਾਂ ਡਾਕਟਰ ਦਵਾਈਆਂ ਦੇ ਦੇ ਕੇ ਹੱਟ ਜਾਂਦੇ ਹਨ। ਫਿਰ ਉਹ ਰੋਗੀ ਆਪਣੇ ਰੋਗ ਨਾਲ ਹੀ ਸਹਿਮਤ ਹੋ ਜਾਂਦਾ ਹੈ। ਉਹ ਸਮਝਦਾ ਹੈ ਕਿ ਇਹ ਰੋਗ ਤਾਂ ਮੇਰੇ ਨਾਲ ਹੀ ਨਿਭਣਾ ਹੈ। ਏਹ ਰੋਗ ਤਾਂ ਮੇਰੀ ਜਾਨ ਲੈ ਕੇ ਹੀ ਛੱਡੇਗਾ। ਠੀਕ ਭਾਰਤ ਦੇ ਲੋਕ ਏਸ ਜਾਤ-ਪਾਤੀ ਤੇ ਛੂਤ-ਛਾਤ ਦੇ ਰੋਗ ਨਾਲ ਸਹਿਮਤ ਹੋ ਚੁੱਕੇ ਹਨ। ਭਾਰਤੀ ਲੋਕਾਂ ਉਪਰ ਏਸ ਤਰ੍ਹਾਂ ਦਾ ਕੋਈ ਉਪਦੇਸ਼ ਕੰਮ ਨਹੀਂ ਕਰਦਾ ਜਿਸ ਨਾਲ ਇਲਾਜ ਹੋ ਸਕੇ। ਜਿੰਨਾ ਲੋਕਾਂ ਨੂੰ ਏਸ ਰੋਗ ਦਾ ਪਤਾ ਲੱਗਾ ਹੈ ਕਿ ਸਾਡਾ ਰੋਗ ਕੀ ਹੈ ? ਉਹਨਾਂ ਨੂੰ ਵੀ ਆਪਣੇ ਦੇਸ਼ ਵਿੱਚ ਰਹਿ ਕੇ ਪਤਾ ਨਹੀਂ ਲੱਗਾ। ਭਾਰਤ ਵਿਚ ਤਾਂ ਕਰੀਬਨ ਰੋਗ ਦਾ ਇਲਾਜ ਕਰਨ ਵਾਲੇ ਡਾਕਟਰ ਵੀ ਰੋਗੀ ਹੀ ਮਿਲਦੇ ਹਨ। ਜਿੰਨਾ ਦੀ ਪਕੜ ਵਿਚ ਭਾਰਤ ਦਾ ਰੋਗ ਆਇਆ ਹੈ, ਉਹ ਲੋਕ ਉਹ ਹਨ, ਜਿਹੜੇ ਭਾਰਤ ਨੂੰ ਛੱਡ ਕੇ ਦੂਜੇ ਦੇਸ਼ਾਂ ਵਿੱਚ ਗਏ ਹਨ।

ਕਹਿੰਦੇ ਹਨ ਕਿ ਦੇਸ਼ ਦੀ ਕਦਰ ਪ੍ਰਦੇਸ਼ ਵਿਚ ਜਾ ਕੇ ਪੈਂਦੀ ਹੈ। ਦੂਸਰੇ ਦੇਸ਼ਾਂ ਦੇ ਆਪਣੱਤ, ਪ੍ਰੇਮ, ਪਿਆਰ, ਖਾਣ ਤੇ ਪਹਿਨਣ ਨੂੰ ਦੇਖ ਕੇ ਆਪਣੇ ਦੇਸ਼ ਦੀ ਨਫ਼ਰਤ, ਕ੍ਰੋਧ, ਤੇ ਪਹਿਰਾਵੇ ਦੀ ਸੰਸਕ੍ਰਿਤੀ ਦਾ ਪਤਾ ਲਗਦਾ ਹੈ ਕਿ ਆਪਣੇ ਦੇਸ਼ ਵਿਚ ਕੀ ਕਮੀ ਹੈ ਅਤੇ ਪ੍ਰਦੇਸ਼ ਵਿਚ ਕੀ ਵਾਧਾ ਹੈ। ਆਪਣੇ ਦੇਸ਼ ਦੀ ਬੁਨਿਆਦੀ ਬੀਮਾਰੀ ਨੇ, ਆਪਣੀ ਦੇਸ਼ ਦੇ ਚੰਗੇ ਕਾਰੀਗਰਾਂ, ਕਿਰਤੀਆਂ, ਡਾਕਟਰਾਂ, ਫਿਲਾਸ਼ਫਰਾਂ ਅਤੇ ਹੋਰ ਇੰਜਨੀਅਰਜ਼ ਨੂੰ ਪ੍ਰਦੇਸ਼ਾਂ ਵਿੱਚ ਜਾਣ ਲਈ ਮਜਬੂਰ ਕੀਤਾ ਹੈ। ਭਾਰਤ ਦੇ ਚੰਗੇ ਲੋਕਾਂ ਨੇ ਆਪਣੇ ਦੇਸ਼ ਭਾਸ਼ਾ, ਸੰਸਕ੍ਰਿਤੀ, ਪਹਿਰਾਵਾ ਤੇ ਖਾਣ ਪੀਣ, ਪਹਿਨਣ ਦਾ ਢੰਗ ਵਿਦੇਸ਼ਾਂ ਦੇ ਢੰਗ ਤਰੀਕਿਆਂ ਵਿਚ ਢਾਲ ਲਿਆ ਹੈ। ਉਹ ਆਪਣੇ ਦੇਸ਼ ਵਿਚ ਹੁਣ ਉਹ ਭਾਰਤ ਵਿਚ ਆਉਣ ਵੀ ਤਾਂ ਉਹ ਆਪਣੇ ਆਪ ਨੂੰ ਪ੍ਰਦੇਸ਼ੀ ਸਮਝਦੇ ਹਨ। ਉਹਨਾਂ ਹੀ ਆਪਣੇ ਦੇਸ਼ ਦੇ ਚੰਗੇ ਲੋਕਾਂ ਨੂੰ, ਪ੍ਰਦੇਸ਼ ਦੇ ਲੋਕ, ਪ੍ਰਦੇਸ਼ ਦੀ ਸਰਕਾਰ, ਪ੍ਰਦੇਸ਼ੀ ਕਾਨੂੰਨ ਅਤੇ ਪ੍ਰਦੇਸ਼ ਦਾ ਧਰਮ ਆਪਣਾ ਲੱਗਣ ਲੱਗ ਪਿਆ ਹੈ। ਉਹ ਆਪਣੇ ਆਪ ਨੂੰ ਪ੍ਰਦੇਸ਼ਾਂ ਵਿੱਚ ਰਹਿਕੇ ਵੀ ਉਪਰਾ ਮਹਿਸੂਸ ਨਹੀਂ ਕਰਦੇ। ਆਪਣੇ ਹੀ ਦੇਸ਼ ਦੇ ਚੰਗੇ ਲੋਕਾਂ ਨੇ ਪ੍ਰਦੇਸ਼ਾਂ ਵਿਚ ਹੀ ਪ੍ਰਦੇਸ਼ੀ ਬੋਲੀ ਵਿਚ ਆਪਣਾ ਭਾਈਚਾਰਾ ਵੀ ਕਾਇਮ ਕਰ ਲਿਆ ਹੈ। ਪ੍ਰਦੇਸ਼ੀ ਰਸਮਾਂ ਰਿਵਾਜਾਂ ਨਾਲ ਉਹ ਸਹਿਮਤ ਹੋ ਗਏ ਹਨ। ਇਸ ਦਾ ਕਾਰਨ ਸਭ ਤੋਂ ਵੱਡਾ ਇਹ ਹੀ ਹੈ ਕਿ ਆਪਣੇ ਦੇਸ਼ ਵਿਚ ਜਿੰਨਾ ਨੂੰ ਮੰਦਰ ਵਿਚ ਮੱਥਾ ਟੇਕਣ ਲਈ ਅਧਿਕਾਰ ਨਹੀਂ ਸਨ, ਉਹਨਾਂ ਨੂੰ ਸ਼ੂਦਰ ਸ਼ੂਦਰ ਕਹਿ ਕੇ ਅਪਮਾਨਤ ਕੀਤਾ ਗਿਆ। ਉਹਨਾਂ ਦੀ ਕਿਰਤ ਦਾ ਸਹੀ ਮੁੱਲ ਨਾ ਪਾਇਆ ਗਿਆ। ਪ੍ਰਦੇਸ਼ਾਂ ਦੀਆਂ ਸਰਕਾਰਾਂ ਨੇ ਉਹਨਾਂ ਨੂੰ ਪੂਰਨ ਸਨਮਾਨ ਦਿੱਤਾ। ਕਿਰਤ ਦਾ ਮੁੱਲ ਦਿੱਤਾ। ਆਪਣੀ ਪਰਜਾ ਸਮਝਿਆ। ਜਿਵੇਂ ਸਾਰੀਆਂ ਸਾਂਝੀਆਂ ਸਹੂਲਤਾਂ ਹਨ, ਉਹ ਸਾਰਿਆਂ ਨੂੰ ਬਰਾਬਰ ਦਿੱਤੀਆਂ। ਪ੍ਰਦੇਸ਼ੀ ਵਿੱਚ ਆ ਕੇ ਵੀ ਉਹ ਆਪਣੇ ਆਪ ਨੂੰ ਪ੍ਰਦੇਸ਼ ਨਾ ਸਮਝੇ, ਇਸ ਕਰਕੇ ਪ੍ਰਦੇਸ਼ਾਂ ਦੀਆਂ ਗੌਰਮਿੰਟਾਂ ਨੇ ਵਿਧਾਨ

ਤਿਆਰ ਕੀਤੇ।

ਅੱਜ ਦਾ ਭਾਰਤ ਵਾਸੀ ਭਾਰਤ ਵਿੱਚ ਰਹਿ ਕੇ ਵੀ ਭਾਰਤੀ ਨਹੀਂ ਸਮਝ ਰਿਹਾ। ਏਥੇ ਅਨਿਆਇ ਹੁੰਦਾ ਹੈ। ਏਥੇ ਵਿਧੀ ਵਿਧਾਨਾਂ ਵਿੱਚ ਪੱਖ ਪਾਤ ਹੈ। ਏਥੇ ਜੰਗਲੀ ਰਾਜ ਵਰਗਾ ਰਾਜ ਹੁੰਦਾ ਹੈ। ਏਥੇ ਚੋਰਾਂ, ਯਾਰਾਂ ਰੰਡੀਆਂ ਅਤੇ ਬਦਮਾਸ਼ਾਂ ਦਾ ਬੋਲ ਬਾਲਾ ਹੈ। ਏਥੇ ਈਮਾਨਦਾਰੀ ਦਾ ਕੋਈ ਮੁੱਲ ਨਹੀਂ ਹੈ। ਏਥੇ ਡਾਕੂਆਂ ਦੀ ਪੂਜਾ ਸੰਤ ਜਾਣਕੇ ਹੁੰਦੀ ਹੈ। ਸੰਤਾਂ ਨੂੰ ਡਾਕੂ ਤੇ ਲੁਟੇਰਿਆਂ ਦਾ ਖਿਤਾਬ ਦੇ ਕੇ ਜੇਲ੍ਹਾਂ ਵਿੱਚ ਸੁੱਟ ਦਿੱਤਾ ਜਾਂਦਾ ਹੈ।

ਮੈਂ ਵਿਦੇਸ਼ਾਂ ਵਿਚ ਜਾ ਕੇ ਅਨੁਭਵ ਕੀਤਾ ਹੈ। ਅਮਰੀਕਾ, ਕਨੇਡਾ, ਆਸਟ੍ਰੇਲੀਆ, ਸਿੰਘਾਪੁਰ, ਮਲੇਸ਼ੀਆ ਆਦਿ ਕਈ ਹੋਰ ਦੇਸ਼ਾਂ ਦਾ ਰਟਨ ਕਰਕੇ ਮੈਂ ਵੱਖ-ਵੱਖ ਅਧਿਐਨ ਕੀਤਾ ਹੈ। ਹਰੇਕ ਦੇਸ਼ ਵਿੱਚ ਭਾਰਤ ਦੇ ਚੰਗੇ ਤੇ ਸਪੰਨ ਘਰਾਣੇ ਵਸੇ ਹੋਏ ਹਨ। ਉਹ ਭਾਰਤੀ ਹੋ ਕੇ ਵੀ ਕਦੇ ਭਾਰਤ ਦੀ ਮਹੱਤਤਾ ਦੀ ਗੱਲ ਨਹੀਂ ਕਰਦੇ। ਮੈਂ ਕਈ ਵਾਰ ਹੈਰਾਨ ਹੋ ਜਾਂਦਾ ਹਾਂ ਕਿ ਵਿਦੇਸ਼ਾਂ ਵਿਚ ਰਹਿੰਦਾ ਹੋਇਆ ਹਰੇਕ ਭਾਰਤੀ ਆਪਣੇ ਦੇਸ਼ ਦੀ ਨਿੰਦਾ ਤੇ ਭੰਡੀ ਕਰਕੇ ਹੀ ਖੁਸ਼ ਹੈ। ਨਿੰਦਾ ਤੇ ਭੰਡੀ ਪ੍ਰਚਾਰ ਕੋਈ ਵਿਦੇਸ਼ੀ ਲੋਕ ਨਹੀਂ ਕਰਦੇ। ਬਲਕਿ ਆਪਣੇ ਦੇਸ਼ ਵਿਚੋਂ ਜਾ ਕੇ ਉਥੇ ਵਸੇ ਹੋਏ ਲੋਕ ਕਰਦੇ ਹਨ। ਹਰੇਕ ਗੱਲ ਵਿੱਚ ਆਪਣੇ ਲੋਕ ਆਪਣੇ ਦੇਸ਼ ਦੀ ਭੰਡੀ ਕਰਦੇ ਹਨ। ਇਹ ਸਾਰਾ ਕੁਝ ਵੇਖ ਕੇ ਮੈਨੂੰ ਅਨੁਭਵ ਹੁੰਦਾ ਹੈ ਕਿ ਆਪਣੇ ਦੇਸ਼ ਨੂੰ ਉਜਾੜਨ ਦੇ ਕਾਰਨ ਬੜੇ ਪੁਰਾਣੇ ਚਲੇ ਆ ਰਹੇ ਹਨ। ਜਿੰਨਾ ਰੋਗਾਂ ਦਾ ਇਲਾਜ ਕਰਨ ਲਈ ਹਰੇਕ ਡਾਕਟਰ ਹਾਰ ਚੁੱਕਾ ਹੈ। ਏਹਨਾਂ ਰੋਗਾਂ ਦਾ ਇਲਾਜ ਕੋਈ ਡਾਕਟਰ ਇਮਾਨਦਾਰੀ ਨਾਲ ਕਰਨ ਨੂੰ ਰਾਜ਼ੀ ਹੀ ਨਹੀਂ ਹੈ। ਸਰਕਾਰਾਂ ਵੀ ਇਮਾਨਦਾਰ ਨਹੀਂ। ਅਤੇ ਸੰਪਰਦਾਵਾਂ ਦੇ ਮੁਖੀ ਵੀ ਇਸ ਰੋਗ ਨੂੰ ਬੜ੍ਹਾਵਾ ਹੀ ਦੇਂਦੇ ਹਨ। ਜਦੋਂ ਕਿ ਉਹਨਾਂ ਦਾ ਨਿੱਜੀ ਫਰਜ਼ ਇਹ ਹੈ ਕਿ ਉਹ ਏਹਨਾਂ ਰੋਗਾਂ ਨੂੰ ਜੜ੍ਹੋਂ ਉਖਾੜਨ ਦਾ ਜਤਨ ਕਰਨ।

ਹਾਲਾਂ ਕਿ ਇਹ ਸਾਰੇ ਤੱਥ ਇਹ ਸਾਬਤ ਨਹੀਂ ਕਰਦੇ, ਕਿ ਵਿਦੇਸ਼ਾਂ ਵਿੱਚ ਇਹ ਬੁਨਿਆਦੀ ਰੋਗ ਨਹੀਂ ਹਨ। ਵਿਦੇਸ਼ਾਂ ਵਿੱਚ ਵੀ ਸਾਡੇ ਦੇਸ਼ ਵਾਂਗ ਕਾਫੀ ਬੁਨਿਆਦੀ ਬੀਮਾਰੀਆਂ ਹਨ। ਮਗਰ ਉਥੋਂ ਦੀਆਂ ਸਰਕਾਰਾਂ ਜੇ ਉਹਨਾਂ ਬੁਨਿਆਦੀ ਬੀਮਾਰੀਆਂ ਨੂੰ ਖਤਮ ਨਾ ਕਰ ਸਕਣ ਤਾਂ ਉਹ ਘਟ ਤੋਂ ਘਟ ਆਪਣੀ ਪਰਜਾ ਉਪਰ ਏਨਾ ਬੀਮਾਰੀਆਂ ਦਾ ਮਾਰੂ ਅਸਰ ਨਹੀਂ ਹੋਣ ਦੇਂਦੀਆਂ। ਹਾਲਾਂ ਕਿ ਵਿਦੇਸ਼ਾਂ ਵਿੱਚ ਵੀ ਐਸੀਆਂ ਰਸਮਾਂ ਹਨ ਜੋ ਬਿਲਕੁਲ ਨਾਦਾਨੀ ਉਪਰ ਖੜ੍ਹੀਆਂ ਹਨ। ਜਿਵੇਂ ਕਿ ਵਹਿਮ ਭਰਮਾਂ ਦੀ ਕੋਈ ਬੁਨਿਆਦੀ ਜੜ੍ਹ ਨਹੀਂ ਹੁੰਦੀ, ਪਰ ਵਹਿਮ ਭਰਮ ਵਿਦੇਸ਼ੀ ਲੋਕਾਂ ਉਪਰ ਵੀ ਗਾਲਬ ਹੋ ਜਾਂਦੇ ਹਨ। ਮੈਂ ਯੂ. ਕੇ. ਵਿਚ ਆਮ ਦੇਖਿਆ ਹੈ ਕਿ ਉਹ ਤੇਰਾਂ (13) ਨੰਬਰ ਦੇ ਹਿੰਦਸੇ ਨੂੰ ਬੜਾ ਮਨਹੂਸ ਸਮਝਦੇ ਹਨ। ਚਾਰ ਸੌ ਵੀਹ (420) ਹਿੰਦਸੇ ਨੂੰ ਵੀ ਬੜਾ ਧੋਖੇਬਾਜ਼ੀ ਦਾ ਹਿੰਦਸਾ ਮੰਨਿਆ ਜਾਂਦਾ ਹੈ। ਉਹ ਲੋਕ ਤੇਰਾ ਨੰਬਰ ਜਾਂ ਚਾਰ ਸੌ ਵੀਹ ਨੰਬਰ ਦੇ ਕਮਰਾ ਜਾਂ ਘਰਾਂ ਨੂੰ ਬੜਾ ਮਨਹੂਸ ਸਮਝਦੇ ਹਨ।

ਇਕ ਬੀਮਾਰੀ ਇਹ ਹੈ ਕਿ ਜਿਥੇ ਭਾਰਤ ਵਿਚ ਸਭਿਅਤਾ ਮੁਤਾਬਕ ਇਸਤਰੀ ਨੂੰ

ਬੜੇ ਲੱਜਾ, ਸ਼ਰਮ ਦੇ ਪਰਦੇ ਵਿੱਚ ਰਹਿਣਾ ਪੈਂਦਾ ਹੈ। ਉਥੇ ਵਿਦੇਸ਼ੀ ਇਸ਼ਤਰੀਆਂ ਵਿੱਚ ਲੱਜ਼ਾ, ਸ਼ਰਮ ਨਾਮ ਦੀ ਕੋਈ ਚੀਜ਼ ਨਜ਼ਰ ਨਹੀਂ ਆਉਂਦੀ। ਵਿਦੇਸ਼ੀ ਇਸਤਰੀਆਂ ਕਾਮ ਤੇ ਵਾਸਨਾ ਦੀ ਬੜੀ ਖੁਲ੍ਹੀ ਪਰਦਸ਼ਨੀ ਕਰਦੀਆਂ ਹਨ। ਪਰ ਆਪਣੇ ਦੇਸ਼ ਦੇ ਬੁਨਿਆਦੀ ਰੋਗਾਂ ਦੀ ਵਜਾਹ ਕਰਕੇ, ਪ੍ਰਦੇਸ਼ ਦੀਆਂ ਭੈੜੀਆਂ ਬੀਮਾਰੀਆਂ ਤੇ ਰਸਮਾਂ ਨੂੰ ਵੀ ਸਾਡੇ ਲੋਕ ਚੰਗਾ ਸਮਝ ਕੇ ਸਵੀਕਾਰ ਕਰਦੇ ਹਨ। ਏਹੀ ਕਰਾਨ ਹੈ ਕਿ ਆਪਣੇ ਦੇਸ਼ ਦਾ ਕੋਈ ਵੀ ਬੰਦਾ, ਜਦੋਂ ਪ੍ਰਦੇਸ਼ ਵਿਚ ਕੁਝ ਸਾਲ ਰਹਿ ਕੇ ਦੇਸ਼ ਪਰਤਦਾ ਹੈ ਤਾਂ ਉਹ ਆਪਣੀ ਦੇਸ਼ੀ ਬੋਲੀ ਬੋਲਣ ਵਿੱਚ ਸ਼ਰਮ ਮਹਿਸੂਸ ਕਰਦਾ ਹੈ। ਪਰ ਪਰਦੇਸ਼ੀ ਬੋਲੀ ਜਾਂ ਇੰਗਲਿਸ਼ ਬੋਲ ਕੇ ਫ਼ਕਰ ਮਹਿਸੂਸ ਕਰਦਾ ਹੈ।

ਕਦੇ ਕਦੇ ਪ੍ਰਦੇਸ਼ ਵਿੱਚ ਰਹਿਣ ਵਾਲਿਆਂ ਨੂੰ ਵੀ ਆਪਣਾ ਦੇਸ਼ ਯਾਦ ਆਉਣ ਲਗਦਾ ਹੈ। ਪਰ ਉਹ ਅਫ਼ਸੋਸ ਕਰਕੇ ਰਹਿ ਜਾਂਦੇ ਹਨ ਕਿ, ਕਾਸ਼! ਕਿਤੇ ਜਿਵੇਂ ਕੁਦਰਤ ਨੇ ਮੇਰੇ ਦੇਸ਼ ਨੂੰ ਬਿਅੰਤ ਚੰਗੀਆਂ ਨਿਆਮਤਾਂ ਪ੍ਰਦਾਨ ਕੀਤੀਆ ਹਨ। ਏਵੇਂ ਹੀ ਚੰਗੇ ਤੇ ਇਮਾਨਦਾਰ ਮਨਾਂ ਵਾਲੇ ਸ਼ਾਸਕ (ਸਰਕਾਰਾਂ) ਵੀ ਮਿਲ ਜਾਣ ਤਾਂ ਸਾਰਾ ਭਾਰਤ ਮਹਾਨ ਹੋ ਜਾਵੇ। ਕਈ ਵਾਰ ਜਦੋਂ ਪ੍ਰਦੇਸ਼ ਨਾਲੋਂ ਆਪਣੇ ਦੇਸ਼ ਦੀ ਸਭਿਅਤਾ ਦਾ ਰੋਗ, ਪ੍ਰਦੇਸ਼ ਗਏ ਹੋਏ ਆਦਮੀ ਦੀ ਸਮਝ ਵਿੱਚ ਆਉਂਦਾ ਹੈ ਤਾਂ ਉਹ ਪ੍ਰਦੇਸ਼ ਛੱਡ ਕੇ ਵਾਪਸ ਦੇਸ਼ ਆ ਵਸਦਾ ਹੈ।

ਮੈਂ ਏਥੇ ਆਪਣੇ ਮਜ਼ਬੂਨ ਨੂੰ ਸਪਸ਼ਟ ਕਰਨਾ ਚਾਹੁੰਦਾ ਹਾਂ। ਮਨ ਦਾ ਦੇਸ਼, ਸੱਚਖੰਡ ਹੈ। ਯਾਨੀ ਕਿ ਪ੍ਰਮਾਤਮਾ ਦਾ ਦੇਸ਼ ਹੈ। ਉਸ ਦੇਸ਼ ਵਿੱਚ ਕੋਈ ਗ਼ਮ, ਫਿਕਰ, ਚਿੰਤਾ ਨਹੀਂ ਹੈ:

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥

(ਪੰਨਾ ੩੪੫)

ਊਹਾਂ ਗਨੀ ਬਸਹਿ ਮਾਮੂਰ ॥

ਕਈ ਵਾਰ ਪ੍ਰਦੇਸ਼ ਗਏ ਹੋਏ ਆਦਮੀ ਨੂੰ ਦੇਸ਼ ਦੀ ਜ਼ਿਆਦਾ ਯਾਦ ਸਤਾਵੇ ਤਾਂ ਉਹ ਪ੍ਰਦੇਸ਼ ਛੱਡਕੇ ਦੇਸ਼ ਆ ਵਸਦਾ ਹੈ। ਪਰ ਮਨ ਦੀ ਐਸੀ ਦਸ਼ਾ ਬਣ ਗਈ ਹੈ, ਪ੍ਰਦੇਸ਼ ਨੂੰ ਆਪਣਾ ਦੇਸ਼ ਬਣਾ ਬੈਠਾ ਹੈ। ਪ੍ਰਦੇਸ਼ ਜਾਨੀ ਸੰਸਾਰ ਅਤੇ ਆਪਣਾ ਘਰ ਸਰੀਰ ਨੂੰ ਸਮਝੀ ਬੈਠਾ ਹੈ। ਜਦੋਂ ਕਿ ਸਰੀਰ ਤਾਂ ਇਕ ਅਵਸਰ ਹੈ, ਸੰਸਾਰ ਯਾਤਰਾ ਦਾ। ਮਨ ਪ੍ਰਦੇਸ਼ੀ ਹੈ। ਘਰ ਕਿਰਾਏ ਵਾਲਾ ਘਰ ਹੈ। ਜਿਵੇਂ ਆਪਣਾ ਘਰ ਛੱਡ ਕੇ ਪਰਾਇਆਂ ਦੇ ਬੂਹੇ ਭਟਕਣ ਦੀ ਬੰਦੇ ਦੀ ਆਦਤ ਹੋ ਜਾਂਦੀ ਹੈ। ਪਰ ਹੇ ਮੇਰੇ ਮਨ! ਆਪਣਾ ਘਰ ਨਿੱਜੀ ਸਰੂਪ ਹੈ। ਸੰਸਾਰ ਤਾਂ ਪ੍ਰਦੇਸ਼ ਹੈ। ਪ੍ਰਦੇਸ਼ ਵਿੱਚ ਤਾਂ ਓਪਰਾਪਨ ਦਿਖਾਈ ਦੇਵੇਗਾ। ਓਪਰੇਪਨ ਵਿੱਚ ਸ਼ਾਂਤੀ ਭੰਗ ਹੋ ਜਾਂਦੀ ਹੈ।

ਮਨ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥ (ਪੰਨਾ ੭੬੭)

ਦ੍ਰਿਸ਼ਟ ਮਾਨ ਜਗਤ ਵਿੱਚ ਫਸ ਕੇ ਮਨ ਭੁਲ ਜਾਂਦਾ ਹੈ ਕਿ ਮੈਂ ਜੋਤ ਸਰੂਪ ਹਾਂ। ਪਰ ਮਨ ਨੂੰ ਆਪਣੇ ਦੇਸ਼ ਪਰਤਨ ਦਾ ਖਿਆਲ ਹੀ ਭੁਲ ਗਿਆ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਪੰਨਾ ੪੪੧)

ਸ਼ਬਦ ਦਾ ਅਭਿਆਸ ਅਤੇ ਗੁਰਬਾਣੀ ਸਤਸੰਗ ਆਪਣੇ ਦੇਸ਼ ਪਰਤਣ ਵਿੱਚ ਸਹਾਇਕ ਹੁੰਦੇ ਹਨ। ਜੋ ਸੁੱਖ ਮਨ ਨੂੰ ਆਪਣੇ ਨਿੱਜ ਸਰੂਪ ਤੋਂ ਪ੍ਰਾਪਤ ਹੋ ਸਕਦਾ ਹੈ, ਉਹ ਪ੍ਰਦੇਸ਼ ਦੇ ਮੁਸਾਫ਼ਰ ਖਾਨੇ ਵਿੱਚ ਨਹੀਂ ਮਿਲ ਸਕਦਾ। ਭਾਵ ਕਿ ਮਨ ਨੂੰ ਜੋ ਅਨੰਦ ਆਤਮ ਲੀਨਤਾ ਵਿੱਚ ਹੋ ਸਕਦਾ ਹੈ, ਉਹ ਸੁਖ ਸਰੀਰ ਦੀ ਵਾਸ਼ਨਾ ਵਿੱਚ ਨਹੀਂ ਹੈ।

ਮੈਂ ਆਪ ਨੂੰ ਇਹ ਦਰਸਾ ਰਿਹਾ ਸਾਂ ਕਿ ਆਪਣੇ ਦੇਸ਼ ਦੇ ਪਛੜ ਜਾਣ ਦੇ ਮੁੱਢਲੇ ਮੁਖ ਕਾਰਨਾਂ ਵਿਚੋਂ ਇਹ ਵੱਡਾ ਕਾਰਨ ਸੀ ਕਿ ਭਾਰਤ ਵਿੱਚ ਕਿਰਤੀ ਅਤੇ ਮਿਹਨਤਕਸ਼ ਲੋਕਾਂ ਨੂੰ ਸਤਿਕਾਰਨ ਦੀ ਬਜਾਇ ਤ੍ਰਿਸ਼ਕਾਰਿਆ ਗਿਆ ਹੈ। ਇਸ ਦਾ ਸਿੱਟਾ ਹੋਇਆ ਹੈ ਕਿ ਸਦੀਆਂ ਤੋਂ ਹੀ ਭਾਰਤ ਦੇ ਮਿਹਨਤੀ ਤੇ ਕਿਰਤੀ ਲੋਕ ਆਪਣੇ ਆਪ ਨੂੰ ਪਛੜਿਆ ਹੋਇਆ ਸਮਝ ਕੇ ਦੂਸਰੇ ਦੇਸ਼ਾਂ ਵਿੱਚ ਅਤੇ ਦੂਸਰੇ ਮਜ਼ਬਾਂ ਵਿੱਚ ਧੜਾ ਧੜ ਸ਼ਾਮਲ ਹੁੰਦੇ ਰਹੇ ਅਤੇ ਅੱਜ ਵੀ ਏਸੇ ਤਰ੍ਹਾਂ ਹੀ ਸਿਲਸਿਲਾ ਚਲਦਾ ਹੈ। ਮੁਗਲਾਂ ਦੇ ਰਾਜ ਕਾਲ ਵੇਲੇ ਇਹ ਲੋਕ ਇਸਲਾਮ ਵਿੱਚ ਦਾਖਲ ਹੁੰਦੇ ਰਹੇ ਸਨ। ਕਿਉਂਕਿ ਜਿਸ ਦਾ ਰਾਜ ਹੁੰਦਾ ਹੈ, ਉਸ ਦਾ ਧਰਮ ਤੇ ਸਮਾਜ ਉਪਰ ਵੀ ਅਸਰ ਹੁੰਦਾ ਹੈ। ਉਸ ਦੇ ਦਬਾ ਹੇਠ ਸਾਰੇ ਆ ਜਾਂਦੇ ਹਨ।

ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥

(ਪੰਨਾ ੨੭)

ਮੁਗਲਾਂ ਦੇ ਰਾਜ ਕਾਲ ਵੇਲੇ ਭਾਰਤ ਦੇ ਪਛੜੇ ਵਰਗ ਦੇ ਲੋਕ ਇਸਲਾਮ ਵਿੱਚ ਦਾਖਲ ਹੁੰਦੇ ਜਾਂਦੇ ਸਨ ਤੇ ਜਦੋਂ ਅੰਗਰੇਜ਼ਾਂ ਦਾ ਰਾਜ ਆਇਆ ਤਾਂ ਇਹੀ ਲੋਕ ਇਸਾਈ ਬਣਨੇ ਸ਼ੁਰੂ ਹੋ ਗਏ ਸਨ। ਏਸ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਜਿਨਾਂ ਲੋਕਾਂ ਨੂੰ ਸ਼ੂਦਰ ਸਮਝਿਆ ਜਾਂਦਾ ਸੀ, ਭਾਰਤ ਵਿੱਚ ਉਹਨਾਂ ਦੀ ਕੋਈ ਇੱਜ਼ਤ ਨਹੀਂ ਸੀ। ਬ੍ਰਹਮਣ ਤੇ ਮਨੂ ਵਰਗੇ ਸੈਤਾਨ ਦਿਮਾਗ ਦੀ ਕਾਂਢ ਸੀ ਕਿ ਸਾਰੇ ਦੇਸ਼ ਨੂੰ ਜਾਤੀ ਵਾਦ ਅਤੇ ਭੇਦ ਭਾਵ ਵਿੱਚ ਵੰਡ ਕੇ ਰਖੋ। ਏਸੇ ਸਾਜ਼ਿਸ਼ ਤਹਿਤ ਵਰਨ ਵੰਡ ਨੂੰ ਪ੍ਰਚਾਰਿਆ ਗਿਆ। ਮੰਦਰਾਂ ਵਿੱਚ ਇਹ ਕਿਰਤੀ ਲੋਕ ਨਮਸ਼ਕਾਰ ਨਹੀਂ ਸਨ ਕਰ ਸਕਦੇ। ਕਿਸੇ ਵਿਦਿਆਲੇ ਵਿੱਚ ਕਿਸੇ ਕਿਰਤੀ ਦਾ ਬੱਚਾ ਦਾਖਲ ਨਹੀਂ ਸੀ ਹੋ ਸਕਦਾ। ਏਹਨਾਂ ਕਿਰਤੀਆਂ ਨੂੰ ਸ਼ੂਦਰ ਸਮਝਿਆ ਜਾਂਦਾ ਸੀ ਅਤੇ ਬ੍ਰਹਮਣ ਨੇ ਏਹਨਾਂ ਵਾਸਤੇ ਮੰਦਰ ਤੇ ਵਿਦਿਆਲੇ ਸਭ ਬੰਦ ਕਰ ਰੱਖੇ ਹੋਏ ਸਨ। ਇਸ ਕਰਕੇ ਕਿਰਤੀ ਲੋਕਾਂ ਦੇ ਮਨਾਂ ਵਿੱਚ ਬਗਾਵਤ ਪੈਦਾ ਹੋ ਗਈ। ਉਹ ਸਮਝਣ ਲੱਗ ਪਏ ਕਿ ਅਸੀ ਇਨਸਾਨ ਹਾਂ ਅਤੇ ਸਾਨੂੰ ਸ਼ੂਦਰ ਆਖਿਆ ਜਾਂਦਾ ਹੈ। ਸਾਡੇ ਨਾਲ ਮਨੁੱਖ ਹੁੰਦਿਆਂ ਹੋਇਆ ਵੀ ਪਸ਼ੂਆਂ ਵਾਲਾ ਵਿਵਹਾਰ ਕੀਤਾ ਜਾਂਦਾ ਹੈ। ਸਾਨੂੰ ਪਛੜਿਆ ਹੋਇਆ ਸਮਝਿਆ ਜਾਂਦਾ ਹੈ। ਅਸੀਂ ਕਿਰਤ ਕਰਦੇ ਹਾਂ ਤੇ ਕਿਰਤੀ ਦਾ ਤਾਂ ਮਾਣ ਹੋਣਾ ਚਾਹੀਦਾ ਹੈ।

ਕੁਦਰਤੀ ਗੱਲ ਹੈ ਕਿ ਜਿਹੜਾ ਦੇਸ਼ ਕਿਰਤੀ ਦਾ ਮਾਨ ਇੱਜ਼ਤ ਨਹੀਂ ਕਰਦਾ ਉਹ

ਪਛੜ ਜਾਂਦਾ ਹੈ। ਭਾਰਤ ਵਿੱਚ ਕਿਰਤੀ ਨੂੰ ਸ਼ੂਦਰ ਕਿਹਾ ਜਾਂਦਾ ਸੀ ਅਤੇ ਕਿਹਾ ਜਾਂਦਾ ਹੈ। ਕੋਈ ਲੱਕੜ ਦਾ ਕੰਮ ਕਰਕੇ ਕਿਰਤ ਕਰੇ ਤਾਂ ਉਸ ਨੂੰ ਤਰਖਾਣ ਕਹੀ ਜਾਂਦੇ ਹਨ। ਭਾਵ ਕਿ ਤਰਖਾਣ ਸ਼ੂਦਰ ਹੈ। ਕੋਈ ਕਪੜਾ ਬੁਣਨ ਦਾ ਕੰਮ ਕਰੇ ਤੇ ਉਸਨੂੰ ਜੁਲਾਹਿਆ ਜੁਲਾਹਿਆ ਕਹੀ ਜਾਂਦੇ ਹਨ। ਭਾਵ ਕਿ ਸ਼ੂਦਰ ਸਮਝਦੇ ਹਨ। ਕੋਈ ਚਮੜੇ ਦਾ ਕੰਮ ਕਰੇ ਤਾਂ ਉਸ ਨੂੰ ਚਮਾਰ ਚਮਾਰ ਕਹਿ ਕੇ ਤ੍ਰਿਸ਼ਕਾਰਦੇ ਹਨ। ਇਹੀ ਲੋਕ ਤਾਂ ਕਾਰੀਗਰ ਹੁੰਦੇ ਹਨ, ਜਿੰਨ੍ਹਾਂ ਦੇ ਸਿਰ 'ਤੇ ਦੇਸ਼ ਨੇ ਉਨਤੀ ਕਰਨੀ ਹੈ। ਪਰ ਇਹ ਉਸ ਨੂੰ ਸ਼ੂਦਰ ਸ਼ੂਦਰ ਕਹੀ ਜਾਂਦੇ ਹਨ। ਭਾਰਤ ਦੇ ਬ੍ਰਹਮਣ ਕਿਰਤੀ ਤੇ ਕਾਰੀਗਰਾਂ ਨੂੰ ਨਖਿਧ ਸਮਝਦੇ ਰਹੇ ਅਤੇ ਉਹਨਾਂ ਦਾ ਅਪਮਾਨ ਕਰਦੇ ਰਹੇ। ਗਜ਼ਬ ਦੀ ਗੱਲ ਇਹ ਹੈ ਕਿ ਸਾਰੇ ਸੰਸਾਰ ਦੀ ਰੌਣਕ ਕਿਰਤੀਆਂ ਦੇ ਸਹਾਰੇ ਹੈ। ਪਰ ਕਿਰਤੀਆਂ ਨੂੰ ਸ਼ੂਦਰ ਆਖਿਆ ਜਾਂਦਾ ਰਿਹਾ ਹੈ। ਵਿਸ਼ੇਸ ਤੌਰ 'ਤੇ ਸ਼ੂਦਰ ਦਾ ਖਿਤਾਬ, ਭਾਰਤ ਦੇ ਬ੍ਰਹਮਣ ਨੇ ਕਿਰਤੀਆਂ ਨੂੰ ਬਖਸ਼ਿਆ ਹੈ।

ਮੁਗਲ ਰਾਜ ਕਾਲ ਦੇ ਸਮੇਂ ਵਿਚ ਮੁਗਲਾਂ ਨੇ ਭਾਰਤ ਦੇ ਅੰਦਰਲੀ ਕਮਜ਼ੋਰੀ ਨੂੰ ਪਕੜ ਲਿਆ। ਮੁਗਲਾਂ ਨੇ ਸਭ ਉਹਨਾਂ ਕਿਰਤੀਆਂ ਨੂੰ ਖੁਲ੍ਹ ਦੇ ਦਿੱਤੀ ਕਿ ਜਿੰਨਾ ਨੂੰ ਸ਼ੂਦਰ ਸਮਝਿਆ ਜਾਂਦਾ ਹੈ, ਉਹ ਇਸਲਾਮ ਕਬੂਲ ਕਰ ਸਕਦੇ ਹਨ। ਜਿਹੜੇ ਕਲਮਾ ਪੜ੍ਹ ਕੇ ਮੁਸਲਮਾਨ ਹੋ ਜਾਣਗੇ। ਉਹਨਾਂ ਨੂੰ ਇਸਲਾਮ ਵਿੱਚ ਬਰਾਬਰ ਦਾ ਮਾਣ ਸਨਮਾਨ ਮਿਲੇਗਾ। ਏਸ ਢੰਗ ਨਾਲ ਭਾਰਤ ਦੇ ਬਹੁਤ ਸਾਰੇ ਕਿਰਤੀ ਤੇ ਗਰੀਬ ਲੋਕ ਜਿੰਨਾਂ ਨੂੰ ਸ਼ੂਦਰ ਸਮਝਿਆ ਜਾਂਦਾ ਸੀ, ਉਹ ਇਸਲਾਮ ਵਿੱਚ ਦਾਖਲ ਹੋ ਗਏ ਅਤੇ ਕਈ ਆਪਣਾ ਦੇਸ਼ ਛੱਡ ਕੇ ਅਰਬ ਦੇਸ਼ਾਂ ਵਿੱਚ ਰੋਜ਼ੀ ਰੋਟੀ ਕਮਾਉਣ ਲਈ ਚਲੇ ਗਏ। ਉਥੇ ਹੀ ਵਸ ਗਏ।

ਏਸ ਇਤਿਹਾਸ ਦੀ ਸਭ ਤੋਂ ਵੱਡੀ ਗਵਾਹੀ ਹੈ, ਕਬੀਰ ਸਾਹਿਬ ਦਾ ਜੀਵਨ। ਕਬੀਰ ਸਾਹਿਬ ਦੇ ਪਿਤਾ ਤੇ ਮਾਤਾ ਦਾ ਨਾਮ ਸੀ ਨੀਨੂ ਤੇ ਨੀਰਾ। ਏਹ ਨਾਮ ਭੀ ਮੁਸਲਮਾਨ ਨਾਮ ਹਨ। ਪਰ ਕਬੀਰ ਸਾਹਿਬ ਦਾ ਰਹਿਣ ਸਹਿਣ ਹਿੰਦੂ ਸੰਤਾਂ ਵਰਗਾ ਸੀ। ਲਗਦਾ ਹੈ ਕਿ ਕਬੀਰ ਸਾਹਿਬ ਦਾ ਬੰਸ ਪੀੜ੍ਹੀ ਦਰ ਪੀੜ੍ਹੀ ਮੁਸਲਮਾਨ ਨਹੀਂ ਸੀ। ਕਬੀਰ ਸਾਹਿਬ ਦੇ ਵੇਲੇ ਦਾ ਰਾਜਾ ਸਿਕੰਦਰ ਲੋਧੀ ਸੀ। ਲੋਧੀ ਪਠਾਣਾਂ ਨੇ ਆਪਣੇ ਦਬਾ ਨਾਲ ਵੀ ਤੇ ਲਾਲਚ ਦੇ ਕੇ ਵੀ ਬਹੁਤ ਸਾਰੇ ਭਾਰਤੀ ਕਿਰਤੀਆਂ ਨੂੰ ਇਸਲਾਮ ਵਿੱਚ ਦਾਖਲ ਕੀਤਾ ਸੀ। ਹੋ ਸਕਦਾ ਹੈ ਕਬੀਰ ਸਾਹਿਬ ਦੇ ਮਾਤਾ ਪਿਤਾ ਵੀ ਉਸ ਵਕਤ ਹੀ ਇਸਲਾਮ ਵਿੱਚ ਦਾਖਲ ਹੋ ਗਏ ਹੋਣ।

* * *

ਜਾਤੀਵਾਦ ਅਤੇ ਸ਼ਬਦ ਦੀ ਕਲਾ

ਡਾਕਟਰ ਸਰ ਮੁਹੰਮਦ ਇਕਬਾਲ ਬੜੇ ਮਹਾਨ ਮੁਸਲਮਾਨ ਵਿਦਵਾਨ ਹੋਏ ਹਨ। ਭਾਰਤ ਪਾਕਿਸਤਾਨ ਵੰਡ ਤੋਂ ਪਹਿਲਾਂ ਬੜਾ ਨਾਮ ਸੀ ਇਕਬਾਲ ਦਾ। ਇਕਬਾਲ ਆਪ ਕਬੂਲ ਕਰਦੇ ਹਨ ਕਿ ਮੈਂ ਬ੍ਰਹਮਣ ਦਾ ਲੜਕਾ ਹਾਂ। ਇਕਬਾਲ ਦੇ ਪਿਤਾ ਕਸ਼ਮੀਰੀ ਬ੍ਰਹਮਣ ਸਨ :

ਬ੍ਰਹਮਣ ਯਾਦਾਸ਼ਤ ਵ ਰਾਜ ਹਾਸ ਸ਼ਮਸ ਤਬਰੇਜ਼ੀ ॥

(ਇਕਬਾਲ)

ਉਹ ਕਹਿੰਦੇ ਹਨ ਕਿ ਮੈਂ ਹਾਂ ਤਾਂ ਬ੍ਰਹਮਣ ਦਾ ਪੁੱਤਰ। ਪਰ ਸ਼ਮਸ਼ ਤਬਰੇਜ਼ ਦੇ ਰਾਜ ਨੂੰ ਵੀ ਜਾਣਦਾ ਹਾਂ। ਭਾਵ ਕਿ ਬ੍ਰਹਮਣਾਂ ਦੇ ਘਰ ਮੈਂ ਜਨਮ ਲਿਆ ਹੈ, ਇਸ ਕਰਕੇ ਹਿੰਦੂ ਧਰਮ ਦੀਆਂ ਬਰੀਕੀਆਂ ਨੂੰ ਵੀ ਮੈਂ ਸਮਝਦਾ ਹਾਂ। ਮੈਂ ਆਪ ਇਸਲਾਮ ਨੂੰ ਕਬੂਲ ਕੀਤਾ ਹੈ। ਇਸ ਕਰਕੇ ਇਸਲਾਮ ਦੀਆਂ ਬਰੀਕੀਆਂ ਨੂੰ ਵੀ ਜਾਣਦਾ ਹਾਂ। ਇਕਬਾਲ ਉਰਦੂ ਦੀ ਸ਼ਾਇਰੀ ਦੇ ਮਹਾਨ ਸ਼ਾਇਰ ਮੰਨੇ ਗਏ ਹਨ। ਪਰ ਇਕਬਾਲ ਦੇ ਪਿਤਾ ਬ੍ਰਹਮਣ ਸਨ। ਪਰ ਇਕਬਾਲ ਜਾਤੀਵਾਦ ਦੇ ਵਿਰੁਧ ਸਨ। ਇਸ ਜਾਤੀਵਾਦ ਤੇ ਵਰਨ ਵੰਡ ਨੇ ਭਾਰਤ ਦਾ ਰੱਜ ਕੇ ਨੁਕਸਾਨ ਕੀਤਾ ਹੈ। ਏਸ ਬੀਮਾਰੀ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਚਲੀਆਂ ਗਈਆਂ ਹਨ ਕਿ ਏਸ ਨੂੰ ਉਖੇੜਨ ਵਾਸਤੇ ਬੜਾ ਸਮਾਂ ਲੱਗੇਗਾ। ਬੜੀ ਸੂਝ ਬੂਝ ਨਾਲ ਏਸ ਨੂੰ ਪੁੱਟਣਾ ਪਏਗਾ।

ਕਬੀਰ ਸਾਹਿਬ ਦੇ ਮਾਂ ਬਾਪ ਭਾਵੇਂ ਇਸਲਾਮ ਕਬੂਲ ਕਰ ਚੁੱਕੇ ਸਨ। ਪਰ ਕਬੀਰ ਸਾਹਿਬ ਵਰਗਾ ਬ੍ਰਹਮ ਗਿਆਨੀ ਮਹਾਂਪੁਰਖ ਏਨਾ ਢੰਗ ਤਰੀਕਿਆਂ ਨਾਲ ਸਹਿਮਤ ਨਹੀਂ ਹੋ ਸਕਦਾ। ਕਬੀਰ ਸਾਹਿਬ ਤਾਂ ਜੋਤ ਨੂੰ ਮੰਨਦੇ ਹਨ। ਜਾਤ ਨੂੰ ਸਿਰਫ਼ ਸਾਧਨ ਮੰਨਿਆ ਜਾ ਸਕਦਾ ਹੈ। ਸ਼ਬਦ ਦਾ ਰਿਸ਼ਤਾ ਹੈ, ਸਰੀਰ ਜਾਤ ਹੈ। ਸ਼ਬਦ ਜੋਤ ਹੈ। ਪਰ ਸਰੀਰਾਂ ਨੂੰ ਸ਼ੂਦਰ ਆਦਿ ਵਰਨ ਵੰਡ ਵਿੱਚ ਵੰਡਣਾ ਅਨਿਆਇ ਹੈ। ਪ੍ਰਕਾਸ਼ਮਾਨ ਮਹਾਂਪੁਰਖ ਏਹ ਕੁਝ ਬ੍ਰਦਾਸ਼ਤ ਨਹੀਂ ਕਰ ਸਕਦਾ। ਕਬੀਰ ਸਾਹਿਬ ਨੂੰ ਜਿਥੇ ਹਿੰਦੂ ਬ੍ਰਹਮਣ ਦੇ ਸਿਧਾਂਤ ਫਿਟ ਨਹੀਂ ਸਨ ਆਉਂਦੇ, ਉਥੇ ਇਸਲਾਮੀ ਅਸੂਲਾਂ ਤੋਂ ਵੀ ਕਬੀਰ ਜੀ ਬਾਗੀ ਸਨ। ਕਬੀਰ ਸਾਹਿਬ ਨੇ ਆਪਣੀ ਬਾਣੀ ਦੁਆਰਾ ਇਸਲਾਮੀ ਅਸੂਲਾਂ ਦੀ ਮੁਖ਼ਾਲਫ਼ਤ ਵੀ ਕੀਤੀ ਹੈ। ਇਸਲਾਮ ਵਿੱਚ ਆਦਮੀ ਦੀ ਸੁੰਨਤ ਕਰਕੇ ਫਿਰ ਮੁਸਲਮਾਨ ਮੰਨਿਆ ਜਾਂਦਾ ਹੈ। ਕਬੀਰ ਸਾਹਿਬ ਕਹਿੰਦੇ ਹਨ ਕਿ ਆਦਮੀ ਦੀ ਇੰਦ੍ਰੀ ਦੀ ਸੁੰਨਤ ਕੀਤੀ ਜਾ ਸਕਦੀ ਹੈ, ਪਰ ਔਰਤ ਦੀ ਸੁੰਨਤ ਕਿਵੇਂ ਕਰੋਗੇ ? ਤੁਰਕਾਂ ਨੂੰ ਇਕ ਕਟਾਖਸ਼ ਵਿੱਚ, ਕਬੀਰ ਜੀ ਨੇ ਬੜੇ ਜੋਰ ਨਾਲ ਝੁਠਲਾਇਆ ਹੈ :

ਸੁੰਨਤਿ ਕੀਏ ਤੁਰਕੁ ਜੇ ਹੋਇਗਾ, ਅਉਰਤ ਕਾ ਕਿਆ ਕਰੀਐ ॥

ਅਰਧ ਸਰੀਰੀ ਨਾਰਿ ਨ ਛੋਡੈ, ਤਾ ਤੇ ਹਿੰਦੂ ਹੀ ਰਹੀਐ ॥੨॥

(ਪੰਨਾ ੪੭੭)

ਕਹਿੰਦੇ ਹਨ ਕਿ ਕਬੀਰ ਨੂੰ ਕਿਹਾ ਗਿਆ ਕਿ ਤੂੰ ਪੂਰਾ ਮੁਸਲਮਾਨ ਨਹੀਂ ਹੈਂ। ਕਬੀਰ ਸਾਹਿਬ ਨੇ ਕਿਹਾ ਕਿ ਮੈਂ ਪੂਰਾ ਮੁਸਲਮਾਨ ਤਾਂ ਨਹੀਂ, ਪਰ ਮੈਂ ਇਨਸਾਨ ਪੂਰਾ ਹਾਂ। ਮੈਂ ਇਨਸਾਨ ਤੋਂ ਇਲਾਵਾਂ ਹੋਰ ਕੁਝ ਬਣਨਾ ਵੀ ਨਹੀਂ ਚਾਹੁੰਦਾ। ਮੌਲਵੀ ਤੇ ਕਾਜ਼ੀ ਕਬੀਰ ਨੂੰ ਕਹਿਣ ਲੱਗੇ ਤੂੰ ਸੁੰਨਤ ਕਰਵਾ ਕੇ ਪੂਰਾ ਮੁਸਲਮਾਨ ਬਣ। ਕਬੀਰ ਸਾਹਿਬ ਕਹਿਣ ਲੱਗੇ ਮੈਂ ਸੁੰਨਤ ਨਹੀਂ ਕਰਾਉਣੀ। ਜੇ ਮੈਨੂੰ ਖੁਦਾ ਨੇ ਤੁਰਕ (ਮੁਸਲਮਾਨ) ਬਣਾਉਣਾ ਹੁੰਦਾ ਤਾਂ ਆਪੇ ਮੇਰੀ ਉਹ ਸੁੰਨਤ ਕਰ ਛੱਡਣੀ ਸੀ। ਅਕਸਰ ਉਹ ਇਕ ਪਾਣੀ ਦੇ ਕਤਰੇ ਤੋਂ ਏਡਾ ਵੱਡਾ ਬੰਦੇ ਦਾ ਵਜੂਦ ਬਣਾਉਂਦਾ ਹੈ ਤੇ ਉਹ ਏਨਾ ਕੰਮ ਵੀ ਕਰ ਸਕਦਾ ਹੈ ਕਿ ਜੇ ਉਸ ਨੂੰ ਤੁਰਕ ਚੰਗੇ ਲਗਦੇ ਹਨ ਤਾਂ ਉਹ ਸੁੰਨਤ ਕਰਕੇ ਹੀ ਭੇਜੇਗਾ। ਬੜਾ ਸੁੰਦਰ ਬਾਣੀ ਵਿੱਚ ਕਬੀਰ ਸਾਹਿਬ ਦਾ ਇਹ ਫੈਸਲਾ ਹੈ ਕਿ ਮੌਲਵੀ ਨੂੰ ਕੀ ਲੋੜ ਹੈ ਕਿ ਉਹ ਲੋਕਾਂ ਦੀਆਂ ਸੁੰਨਤਾ ਕਰਦਾ ਫਿਰੇ ਹੈ। ਜੇ ਖੁਦਾਵੰਦ ਨੂੰ ਸੁੰਨਤ ਕੀਤੀ ਬੰਦੇ ਚੰਗੇ ਲਗਦੇ ਹਨ ਤਾਂ ਆਪੇ ਹੀ ਸੁੰਨਤ ਕਰਕੇ ਭੇਜੇਗਾ :

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ, ਮੈ ਨ ਬਦਉਗਾ ਭਾਈ ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ, ਆਪਨ ਹੀ ਕਟਿ ਜਾਈ ॥

(ਪੰਨਾ ੪੭੭)

ਕਬੀਰ ਸਾਹਿਬ ਨੇ ਬੜਾ ਤਮਸ਼ਖਰਾਨਾ ਲਹਿਜੇ ਨਾਲ ਵਿਅੰਗ ਵੀ ਕੀਤਾ ਹੈ ਅਤੇ ਸੁੰਨਤ ਕਰਾਉਣ ਤੋਂ ਇਨਕਾਰ ਵੀ ਕੀਤਾ ਹੈ। ਕਬੀਰ ਜੀ ਕਹਿੰਦੇ ਹਨ ਕਿ ਠੀਕ ਹੈ ਕਿ ਆਦਮੀ ਦੀ ਇੰਦਰੀ ਕਟ ਕੇ ਤੁਸੀਂ ਸੁੰਨਤ ਕਰ ਲਉਗੇ। ਪਰ ਇਸਤਰੀ ਦਾ ਕੀ ਕਰੋਗੇ ? ਉਹ ਤਾਂ ਪੁਰਸ਼ ਦਾ ਅੱਧਾ ਸਰੀਰ ਹੈ। ਦਰਅਸਲ ਇਸਤਰੀ ਪੁਰਸ਼ ਦੋਵੇਂ ਸਰੀਰ ਮਿਲਕੇ ਸਰੀਰ ਬਣਦਾ ਹੈ। ਵਰਨਾ ਪੁਰਸ਼ ਅੱਧਾ ਹੈ। ਇਸਤਰੀ ਅੱਧਾ ਸਰੀਰ ਹੈ। ਜੇ ਪੁਰਸ਼ ਦੀ ਸੁੰਨਤ ਕਰ ਦਿੱਤੀ ਜਾਵੇ, ਪਰ ਔਰਤ ਦੀ ਸੁੰਨਤ ਹੋ ਨਹੀਂ ਸਕਦੀ। ਏਸ ਕਰਕੇ ਇਸਤਰੀ ਤਾਂ ਹਿੰਦੂ ਹੀ ਰਹਿ ਜਾਏਗੀ। ਇਸ ਨਾਲੋਂ ਤਾਂ ਬਿਹਤਰ ਹੈ ਕਿ ਇਸਤਰੀ ਪੁਰਸ਼ ਜਿਹੋ ਜਿਹੇ ਪੈਦਾ ਹੋਇ ਹਨ, ਉਸੇ ਤਰ੍ਹਾਂ ਦੇ ਹੀ ਰਹਿਣ ਦਿੱਤੇ ਜਾਣ। ਜੇ ਕੋਈ ਹੋਰ ਦਖਲ ਅੰਦਾਜੀ ਕੀਤੀ ਜਾਵੇ ਤਾਂ ਇਹ ਕੁਦਰਤ ਦੇ ਨਿਯਮ ਦੀ ਉਲੰਘਣਾ ਹੈ। ਦਰਅਸਲ ਸ਼ਬਦ ਜੋਤ ਹੈ। ਕਬੀਰ ਸਾਹਿਬ ਦੇ ਅੰਦਰ ਸ਼ਬਦ ਹੈ। ਏਥੋਂ ਹੀ ਪਤਾ ਲਗਦਾ ਹੈ ਕਿ ਕਬੀਰ ਦੇ ਜੀਵਨ ਦਾ ਢੰਗ ਕੀ ਸੀ। ਉਸ ਦੇ ਜੀਵਨ ਦੀ ਸ਼ੈਲੀ ਕੀ ਸੀ। ਬ੍ਰਹਮ ਗਿਆਨੀ ਮਹਾਪੁਰਖਾਂ ਦੇ ਵਿਚਾਰਾਂ ਵਿਚੋਂ ਹੀ ਸ਼ਬਦ ਦਾ ਚਾਨਣ ਹੁੰਦਾ ਹੈ। ਭਗਤ ਰਵਿਦਾਸ ਜੀ ਮਹਾਰਾਜ ਦਾ ਕਹਿਣਾ ਹੈ ਕਿ ਕਬੀਰ ਸਾਹਿਬ ਦਾ ਪਿਛੋਕੜ ਵੇਖੀਏ ਤਾਂ ਪਤਾ ਲਗਦਾ ਹੈ ਕਿ ਖਾਨਦਾਨ ਵਿਚ ਕੋਈ ਜਾਗ੍ਰਿਤੀ ਨਹੀਂ ਸੀ। ਪਰ ਕਬੀਰ ਸਾਹਿਬ ਦੇ ਅੰਦਰ ਐਸਾ ਸ਼ਬਦ ਜਗਿਆ ਹੈ ਕਿ ਸਾਰੇ ਸੰਸਾਰ ਵਿੱਚ ਰੋਸ਼ਨੀ ਹੋਈ ਹੈ। ਮਾਤਾ ਪਿਤਾ ਤਾਂ ਈਦ ਬਕਰੀਦ ਤੇ ਗਊਆਂ ਤੇ ਬੱਕਰੇ ਵੱਢਦੇ ਸਨ। ਸੇਖਾਂ ਸ਼ਹੀਦਾਂ ਤੇ ਕਬਰਾਂ ਦੀ ਪੂਜਾ ਕਰਦੇ ਸਨ :

ਜਾ ਕੇ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ,

ਮਾਨੀ ਅਹਿ ਸੇਖ ਸਹੀਦ ਪੀਰਾ ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ
ਤਿਹੂ ਰੇ ਲੋਕ ਪਰਸਿਧ ਕਬੀਰਾ ॥

(ਪੰਨਾ ੧੨੯੩)

ਕਬੀਰ ਤਿੰਨਾ ਲੋਕਾਂ ਵਿੱਚ ਕਿਉਂ ਪ੍ਰਸਿਧ ਹੋ ਗਿਆ ਹੈ ? ਦਰਅਸਲ ਇਹ ਸ਼ਬਦ ਦੀ ਕਲਾ ਹੈ। ਗੁਰੂ ਕੋਲੋਂ ਸ਼ਬਦ ਮਿਲਦਾ ਹੈ ਅਤੇ ਇਸ ਸ਼ਬਦ ਦੀ ਹੀ ਕਰਾਮਾਤ ਹੁੰਦੀ ਹੈ ਕਿ ਬੰਦਾ ਤਿੰਨਾਂ ਲੋਕਾਂ ਵਿੱਚ ਪੂਜਿਆਂ ਜਾਂਦਾ ਹੈ। ਹਰੇਕ ਆਤਮ ਗਿਆਨੀ ਭਗਤ ਨੂੰ ਦੂਜੇ ਦੀ ਆਤਮਾ ਦਾ ਅਨੁਭਵ ਹੁੰਦਾ ਹੈ। ਭਗਤ ਰਵਿਦਾਸ ਕਬੀਰ ਸਾਹਿਬ ਦੀ ਆਤਮਾ ਦੀ ਗੱਲ ਕਰ ਰਹੇ ਹਨ।

ਭਾਰਤ ਵਿੱਚ ਇਕ ਸਮੇਂ ਇਕ ਐਸੀ ਭਗਤੀ ਲਹਿਰ ਚੱਲੀ ਸੀ ਕਿ ਜਿਸ ਲਹਿਰ ਨੇ ਸ਼ਬਦ ਦੁਆਰਾ ਹੀ ਜੁਲਮ ਦਾ ਟਾਕਰਾ ਕੀਤਾ ਸੀ। ਇਹ ਲੜਾਈ ਬਿਨਾਂ ਹਥਿਆਰਾਂ ਤੋਂ ਲੜੀ ਗਈ ਸੀ। ਭਾਰਤ ਦੇ ਕੋਨੇ ਕੋਨੇ ਵਿੱਚ ਭਗਤਾਂ ਨੇ ਸ਼ਬਦ ਦੀ ਆਵਾਜ਼ ਉਠਾਈ ਸੀ। ਰਾਜਿਸਥਾਨ, ਬੰਗਾਲ, ਉਤਰੀ ਭਾਰਤ, ਮਹਾਰਾਸ਼ਟਰ ਆਦਿ ਸਭ ਪ੍ਰਾਂਤਾਂ ਵਿਚੋਂ ਭਗਤਾਂ ਨੇ ਸ਼ਬਦ ਧੁੰਨ ਦੁਆਰਾ ਹੀ ਜ਼ੁਲਮ ਦੀ ਅੱਗ ਦਾ ਟਾਕਰਾ ਕੀਤਾ। ਬੰਗਾਲ ਵਿੱਚ ਭਗਤ ਜੈ ਦੇਵ ਨੇ ਬੜੀ ਕ੍ਰਾਂਤੀ ਕੀਤੀ ਸੀ। ਮਹਾਰਾਸ਼ਟਰ ਵਿੱਚ ਨਾਮਦੇਵ ਨੇ ਯੁਗ ਪੁਰਸ਼ ਦਾ ਕੰਮ ਕੀਤਾ। ਰਾਜਿਸਥਾਨ ਵਿਚ ਭਗਤ ਧੰਨਾ ਜੀ ਨੇ ਸੁਰ ਬੁਲੰਦ ਕੀਤੀ। ਪੰਜਾਬ ਵਿਚੋਂ ਬਾਬਾ ਫਰੀਦ ਜੀ ਨੇ ਸੱਚ ਨੂੰ ਪੂਰਨ ਰੁਸ਼ਨਾਇਆ। ਭਗਤ ਰਾਮਾਨੰਦ, ਪ੍ਰਮਾਨੰਦ ਤੇ ਭਗਤ ਪੀਪਾ ਜੀ ਇਹ ਯੂ. ਪੀ. ਵਿਚ ਹੋਏ ਹਨ। ਮਗਰ ਭਾਰਤ ਦੇ ਕੋਨੇ ਕੋਨੇ ਵਿੱਚ ਭਗਤੀ ਲਹਿਰ ਉਠੀ ਸੀ। ਹੈਰਾਨਗੀ ਦੀ ਗੱਲ ਇਹ ਸੀ ਕਿ ਭਗਤ ਕੋਈ ਕਿਤੇ ਦਾ ਤੇ ਕੋਈ ਕਿਤੇ ਦਾ ਸੀ, ਪਰ ਮਿਸ਼ਨ ਸਾਰਿਆ ਦਾ ਇਕੋ ਹੀ ਸੀ। ਇਹ ਸਾਰਾ ਮਿਸ਼ਨ ਗੁਰਮਤਿ ਨਾਲ ਮਿਲਦਾ ਹੈ। ਇਹ ਸਾਰੇ ਮਿਸ਼ਨ ਦਾ ਸਦਕਾ ਹੀ ਅਜ ਭਾਰਤ ਵਸਦਾ ਹੈ। ਵਰਨਾ ਭਾਰਤ ਦੇ ਲੋਕ ਤਾਂ ਏਸ ਜ਼ਰਖੇਜ਼ ਤੇ ਕੀਮਤੀ ਜਮੀਨ ਤੋਂ ਉਜੜ ਚਲੇ ਸਨ। ਜਾਤ ਪਾਤ ਤੇ ਵਰਨ ਵੰਡ ਨੇ ਬਹੁਤਾ ਉਜਾੜਾ ਕੀਤਾ ਸੀ।

ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਤਾਂ ਉਹਨਾਂ ਨੇ ਤਮਾਮ ਬ੍ਰਹਮ ਗਿਆਨੀ ਭਗਤਾਂ ਨੂੰ ਬੜਾ ਮਾਣ ਬਖਸ਼ਿਆ। ਹਾਲਾਂ ਕਿ ਸੰਸਾਰ ਨੇ ਇਨ੍ਹਾ ਭਗਤਾਂ ਨੂੰ ਬਹੁਤਾ ਮਾਣ ਨਹੀਂ ਦਿੱਤਾ। ਜਿਸ ਦਲਦਲ ਵਿਚੋਂ ਕਬੀਰ ਸਾਹਿਬ ਲੋਕਾਂ ਨੂੰ ਕੱਢਣ ਦਾ ਜਤਨ ਕਰਦੇ ਰਹੇ ਸਨ, ਸੰਸਾਰੀ ਲੋਕਾਂ ਦੀ ਪ੍ਰੰਪਰਾ ਨੇ ਕਬੀਰ ਸਾਹਿਬ ਦੇ ਮਿਸ਼ਨ ਨੂੰ ਫਿਰ ਉਸੇ ਹੀ ਦਲਦਲ ਵਿੱਚ ਲਿਆ ਖੜ੍ਹਾ ਕੀਤਾ ਹੈ। ਏਸ ਗੱਲ ਦਾ ਫਖਰ ਹੋਣਾ ਚਾਹੀਦਾ ਸੀ ਕਿ ਕਬੀਰ ਸਾਹਿਬ ਇਕ ਬ੍ਰਹਮ ਗਿਆਨੀ ਮਹਾਂਪੁਰਖ ਸਨ। ਪਰ ਏਸ ਗੱਲ ਦਾ ਫਖਰ ਹੋਣ ਲਗ ਪਿਆ ਕਿ ਕਬੀਰ ਸਾਹਿਬ ਜੁਲਾਹਿਆਂ ਦੀ ਜਾਤੀ ਵਿਚੋਂ ਸਨ। ਏਸ ਕਰਕੇ ਫਿਰ ਜੁਲਾਹਿਆਂ ਨੇ ਆਪਣੀ ਜਾਤੀ ਹੀ ਕਬੀਰ ਸਾਹਿਬ ਨਾਲ ਜੋੜਨ ਦਾ ਜਤਨ ਕੀਤਾ ਹੈ। ਕਬੀਰ ਪੰਥ ਅਲੱਗ ਤੋਰਨ ਦਾ ਜਤਨ ਕੀਤਾ ਹੈ। ਕਬੀਰ ਸਾਹਿਬ ਦੀ ਮਹਾਨ ਸ਼ਖਸ਼ੀਅਤ ਉਪਰ ਦਾਵ੍ਹਾ ਕੀਤਾ ਕਿ ਉਹ ਜੁਲਾਹਿਆ ਜਾਤੀ ਨਾਲ ਸਬੰਧਤ ਸਨ। ਏਸ ਕਰਕੇ ਜੁਲਾਹਿਆਂ ਨੂੰ

ਫ਼ਖਰ ਹੈ। ਏਹ ਭੁਲ ਹੀ ਗਏ ਕਿ ਕਬੀਰ ਜੀ ਸਾਰੀ ਜ਼ਿੰਦਗੀ ਜਾਤੀਵਾਦ ਖਿਲਾਫ ਲੜਦੇ ਰਹੇ। ਏਸ ਲੜਾਈ ਵਿੱਚ ਉਹਨਾਂ ਨੂੰ ਅਨੇਕਾਂ ਤਰ੍ਹਾਂ ਦੇ ਜ਼ੋਖਮ ਉਠਾਉਣੇ ਪਏ ਸਨ। ਪਰ ਮੂੜ ਮੱਤ ਉਥੇ ਦੀ ਉਥੇ ਹੀ ਰਹੀ। ਜਿੰਨੀ ਜੁਲਾਹਿਆਂ ਬਰਾਦਰੀ ਸੀ, ਉਹ ਕਬੀਰ ਸਾਹਿਬ ਦੇ ਨਾਮ ਦੁਆਲੇ ਇੱਕਠੀ ਹੋ ਗਈ ਹੈ। ਦਰਅਸਲ ਜੁਲਾਹਿਆ ਬਰਾਦਰੀ ਨੇ ਕਬੀਰ ਸਾਹਿਬ ਨੂੰ ਫਿਰ ਜਾਤੀਵਾਦ ਦੀ ਜੰਜੀਰ ਵਿੱਚ ਜਕੜਨਾ ਸ਼ੁਰੂ ਕਰ ਦਿੱਤਾ ਹੈ। ਕਬੀਰ ਸਾਹਿਬ ਦੀ ਪੂਜਾ ਬ੍ਰਾਹਮਣਾਂ ਨੇ ਤਾਂ ਕਰਨੀ ਹੀ ਨਹੀਂ ਸੀ, ਪਰ ਜੁਲਾਹੇ ਹੀ ਪੂਜਾ ਲਈ ਇਕੱਠੇ ਹੋਏ ਤਾਂ ਸਾਫ਼ ਜਾਹਿਰ ਹੈ ਕਿ ਕਬੀਰ ਦੇ ਨਾਮ ਨੂੰ ਜੁਲਾਹਾ ਬਰਾਦਰੀ ਤੱਕ ਹੀ ਸੀਮਤ ਕੀਤਾ ਜਾ ਰਿਹਾ ਹੈ। ਇਹ ਗੱਲ ਵਖਰੀ ਹੈ ਕਿ ਅੱਜ ਹਰ ਧਰਮ ਤੇ ਫਿਰਕੇ ਦੇ ਲੋਕ ਕਬੀਰ ਕਬੀਰ ਗਾਉਂਦੇ ਫਿਰਦੇ ਹਨ। ਪਰ ਕਬੀਰ ਜੀ ਦੇ ਨਾਮ ਨੂੰ ਮਾਣ ਪ੍ਰਤਿਸ਼ਠਾ ਜੁਲਾਹਿਆਂ ਨੇ ਨਹੀਂ ਦਿੱਤੀ। ਇਹ ਮਾਣ ਪ੍ਰਤਿਸ਼ਠਾ ਗੁਰਮਤਿ ਨੇ ਦਿੱਤੀ ਹੈ। ਕਿਉਂ ਕਿ ਗੁਰਮਤਿ ਕਿਸੇ ਜਾਤੀ ਪਾਤੀ ਨੂੰ ਨਹੀਂ ਮੰਨਦੀ। ਨਹੀਂ ਤਾਂ ਰਵਿਦਾਸ ਜੀ ਦੇ ਨਾਮ ਦੁਆਲੇ ਇਕੱਲੇ ਚਮਾਰ ਹੀ ਇਕੱਠੇ ਹੋਏ ਹਨ। ਖਤਰੀਆਂ ਬ੍ਰਹਮਣਾਂ ਨੇ ਨਹੀਂ ਸੀ ਪੂਜਾ ਕੀਤੀ। ਪਰ ਰਵਿਦਾਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਜਾਣ ਨਾਲ ਖਤਰੀ ਬ੍ਰਹਮਣ ਸ਼ੂਦ ਵੈਸ ਚਾਰੇ ਵਰਨਾਂ ਨੇ ਰਵਿਦਾਸ ਜੀ ਦੇ ਅਗੇ ਸਿਰ ਝੁਕਾਇਆ ਹੈ। ਸਧਨੇ ਦੇ ਨਾਮ ਨਾਲ ਕਸਾਈ ਤਬਕਾ ਹੀ ਜੁੜਿਆ ਹੋਇਆ ਸੀ। ਸ੍ਰੀ ਸੈਣ ਜੀ ਦੇ ਨਾਮ ਨਾਲ ਨਾਈ ਤਬਕਾ ਇਕੱਠਾ ਹੁੰਦਾ ਸੀ। ਨਾਮਦੇਵ ਦੇ ਨਾਮ ਨਾਲ ਛੀਂਬਾ ਬਰਾਦਰੀ ਜੁੜੀ ਹੋਈ ਸੀ। ਦਰਅਸਲ ਜਾਤ ਪਾਤ ਦੀ ਬੜੀ ਪਕੜ ਸੀ ਤੇ ਹੈ। ਹਾਲਾਂ ਕਿ ਇਹ ਭਗਤ ਜਾਤ ਪਾਤ ਤੋਂ ਬਹੁਤ ਪਰੇ ਸਨ।

ਮੈਂ ਕਈ ਦੇਸ਼ਾਂ ਵਿੱਚ ਅਜ ਵੀ ਭਗਤਾਂ ਅਤੇ ਗੁਰੂ ਸਾਹਿਬਾਂ ਦੇ ਨਾਮ ਨਾਲ ਜਾਤੀਵਾਦ ਤੇ ਇਲਾਕਾ ਬਾਜੀ ਜੁੜੀ ਹੋਈ ਦੇਖੀ ਹੈ। ਮੈਂ ਇੰਗਲੈਂਡ ਦੇ ਪ੍ਰਸਿਧ ਸ਼ਹਿਰ ਬਰਮਿੰਘ ਵਿੱਚ ਇਕ ਗੁਰਦੁਆਰਾ ਰਵਿਦਾਸ ਜੀ ਮਹਾਰਾਜ ਦੇ ਨਾਮ ਉਪਰ ਦੇਖਿਆ ਹੈ। ਉਸ ਗੁਰਦੁਆਰੇ ਦਾ ਨਾਮ ਹੀ "ਗੁਰਦੁਆਰਾ ਰਵਿਦਾਸ ਗੁਰੂ" ਹੈ। ਸੁਣ ਕੇ ਦੰਗ ਹੋ ਜਾਈਦਾ ਹੈ ਕਿ ਉਸ ਗੁਰਦੁਆਰੇ ਅੱਜ ਵੀ ਚਮਾਰ ਬਰਾਦਰੀ ਹੀ ਇਕੱਠੀ ਹੁੰਦੀ ਹੈ। ਉਸ ਬਰਾਦਰੀ ਨੇ ਹੀ ਉਹ ਅਸਥਾਨ ਬਣਾਇਆ ਹੈ ਅਤੇ ਉਸੇ ਬਰਾਦਰੀ ਵਿਚੋਂ ਹੀ ਪ੍ਰਬੰਧਕ ਚੁਣੇ ਜਾਂਦੇ ਹਨ। ਦੂਜੀ ਬਰਾਦਰੀ ਦਾ ਕੋਈ ਪ੍ਰਬੰਧਕ ਹੀ ਨਹੀਂ ਲਿਆ ਜਾਂਦਾ। ਉਸ ਗੁਰਦੁਆਰੇ ਵਿੱਚ ਚਮਾਰਾਂ ਤੋਂ ਇਲਾਵਾ ਦੂਜਾ ਤੀਜਾ ਕੋਈ ਜਾਂਦਾ ਹੀ ਨਹੀਂ। ਉਹਨਾਂ ਉਥੇ ਵਿਧਾਨ ਵੀ ਬਣਾਇਆ ਹੋਇਆ ਹੈ ਕਿ ਚਮਾਰ ਬਰਾਦਰੀ ਤੋਂ ਬਿਨਾਂ ਦੂਜਾ ਤੀਜਾ ਕੋਈ ਆ ਹੀ ਨਹੀਂ ਆ ਸਕਦਾ। ਹੁਣ ਸੋਚੀਏ ਕਿ ਜਾਤ ਪਾਤ ਦਾ ਸਿਲਸਿਲਾ ਤਾਂ ਏਨਾ ਭਗਤਾਂ ਮਹਾਂਪੁਰਖਾਂ ਨੇ ਮਿਟਾ ਦਿੱਤਾ ਸੀ। ਪਰ ਇਹ ਫਿਰ ਉਸੇ ਜ਼ਹਿਰ ਦੇ ਬੂਟੇ ਨੂੰ ਪਾਲਣਾ ਸ਼ੁਰੂ ਕੀਤਾ ਹੋਇਆ ਹੈ।

ਗੁਰੂ ਅਮਰਦਾਸ ਜੀ ਮਹਾਰਾਜ ਜਾਤ ਦਾ ਗਰਬ ਕਰਨ ਵਾਲੇ ਨੂੰ ਮੂਰਖ ਸਮਝਦੇ ਹਨ :

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ (ਪੰਨਾ ੧੧੨੭)

ਸਿੱਖ ਅਤੇ ਸ਼ਬਦ ਦੀ ਕਲਾ

ਗੁਰੂ ਕਲਗੀਧਰ ਨੇ ਜਦੋਂ ਅੰਮ੍ਰਿਤ ਸੰਸਕਾਰ ਵਿਧੀ ਤਿਆਰ ਕੀਤੀ ਸੀ, ਤਾਂ ਉਸ ਵਿਧੀ ਵਿੱਚ ਜਾਤ, ਗੋਤ, ਵਰਨ ਆਦਿ ਸਭ ਮਿਟਾਉਣ ਦਾ ਮੁਖ ਮੰਤਵ ਰਖਿਆ ਸੀ। ਅੰਮ੍ਰਿਤ ਛਕਣ ਵਾਲੇ ਕੇਵਲ ਸਿੱਖ ਹੁੰਦਾ ਹੈ। ਉਹ ਨਾਈ, ਛੀਂਬਾ, ਝੀਵਰ, ਤਰਖਾਣ, ਜੱਟ ਆਦਿ ਕੁਝ ਨਹੀਂ ਹੁੰਦਾ। ਇਹ ਅਫਸੋਸ ਨਾਲ ਹੀ ਕਹਿਣਾ ਪਏਗਾ ਕਿ ਸਤਿਗੁਰੂ ਨੇ ਜੋ ਬਖਸ਼ਸ਼ ਸਿੱਖਾਂ 'ਤੇ ਕੀਤੀ ਸੀ, ਉਸ ਬਖਸ਼ਸ਼ ਨੂੰ ਸਿੱਖਾਂ ਨੇ ਵੀ ਸੰਭਾਲਿਆ ਨਹੀਂ। ਸਿੱਖਾਂ ਨੇ ਫਿਰ ਸਿੱਖੀ ਨੂੰ ਵੰਡਣਾ ਸ਼ੁਰੂ ਕਰ ਦਿੱਤਾ ਹੈ। ਜਾਤਾਂ ਗੋਤਾਂ ਤੇ ਇਲਾਕਿਆਂ ਵਿੱਚ ਸਿੱਖੀ ਨੂੰ ਵੰਡਿਆ ਜਾ ਰਿਹਾ ਹੈ। ਅੱਜ ਦਾ ਪ੍ਰਚਾਰਕ ਜਦੋਂ ਇਹ ਪ੍ਰਚਾਰ ਕਰਦਾ ਹੈ ਕਿ ਸਿੱਖ ਕੇਵਲ ਸਿੱਖ ਹੈ। ਸਿੱਖ ਦਾ ਗੁਰੂ ਸ਼ਬਦ ਹੈ। ਸਿੱਖ ਇਕ ਸ਼ਬਦ ਦਾ ਪੁਜਾਰੀ ਹੈ। ਸਿੱਖ ਵਿੱਚ ਏਕੇ ਦੀ ਭਾਵਨਾ ਹੈ। ਜਦੋਂ ਅਨਮਤੀਆ ਪ੍ਰਚਾਰਕ ਦਾ ਇਹ ਪ੍ਰਚਾਰ ਸੁਣਦਾ ਹੈ ਤਾਂ ਉਹ ਪ੍ਰਚਾਰਕ ਤੇ ਹੱਸਦਾ ਹੈ। ਮਖੌਲ ਉਡਾਉਂਦਾ ਹੈ। ਅਨਮਤੀਏ ਕਹਿੰਦੇ ਹਨ ਕਿ ਸਿੱਖ ਮੰਨਦੇ ਕੇਵਲ ਇਕ ਨੂੰ ਹਨ। ਪੁਜਾਰੀ ਸ਼ਬਦ ਦੇ ਹਨ, ਪਰ ਜਾਤਾਂ ਗੋਤਾਂ ਤੇ ਇਲਾਕਿਆਂ ਵਿੱਚ ਸਿੱਖੀ ਨੂੰ ਵੰਡਿਆ ਹੋਇਆ ਹੈ। ਜਾਤ ਗੋਤ ਤੇ ਵਰਨ, ਆਦਿ ਸਭ ਸਿੱਖਾਂ ਵਿਚ ਜਬਰਦਸਤ ਘਰ ਕਰਦੇ ਜਾ ਰਹੇ ਹਨ। ਸਾਰੀਆਂ ਰਸਮਾਂ ਬ੍ਰਹਮਣਵਾਦ ਵਾਲੀਆਂ ਸਿੱਖ ਕਰ ਰਹੇ ਹਨ। ਪਰ ਕਹਾਉਂਦੇ ਸਿੱਖ ਹਨ। ਜਦੋਂ ਇਸ ਦੇ ਸਬੂਤ ਸਾਹਮਣੇ ਆਉਂਦੇ ਹਨ ਤਾਂ ਪ੍ਰਚਾਰਕਾਂ ਨੂੰ ਜੁਆਬ ਦੇਣਾ ਔਖਾ ਹੋ ਜਾਂਦਾ ਹੈ। ਹੁਣ ਪ੍ਰਚਾਰਕ ਕੀ ਆਖਣ ? ਪ੍ਰਚਾਰਕ ਨੇ ਤਾਂ, ਬੋਲ ਕੇ, ਜਾਂ ਲਿਖ ਕੇ ਹੀ ਦਰਸਾਉਣਾ ਹੈ। ਪਰ ਅਸਰ ਕਰਨ ਵਾਲੇ ਅਸਰ ਨਾ ਕਰਨ ਤਾਂ ਪ੍ਰਚਾਰਕ ਕੀ ਕਰ ਸਕਦੇ ਹਨ ? ਸਿੱਖਾਂ ਵਿੱਚ ਇਲਾਕਾ ਬਾਜੀ ਦੀ ਏਨੀ ਲੜਾਈ ਆ ਗਈ ਹੈ ਕਿ ਇਲਾਕੇ ਦੇ ਨਾਮ ਤੇ ਹੀ ਸਿੱਖੀ ਨੂੰ ਵੰਡਦੇ ਜਾਂਦੇ ਹਨ। ਮੈਂ ਸਿੰਘਾਪੁਰ, ਮਲਾਇਆ ਦੇ ਪ੍ਰਚਾਰ ਦੌਰੇ ਦੌਰਾਨ ਜੋ ਕੁਝ ਵੇਖਿਆ, ਪਾਠਕਾਂ ਦੀ ਨਜ਼ਰ ਕਰਨਾ ਚਾਹੁੰਦਾ ਹਾਂ। ਸਿੰਘਾਪੁਰ ਤੇ ਮਲਾਇਆ ਵਿਚ ਜੋ ਪੰਜਾਬ ਤੇ ਹੋਰ ਸੂਬਿਆ ਤੋਂ ਜੋ ਸਿੱਖ ਗਏ ਹੋਏ ਹਨ। ਉਹਨਾਂ ਨੇ ਆਪਣੇ ਗੁਰਦੁਆਰਿਆਂ ਦੀ ਵੰਡ ਇਲਾਕਿਆ ਦੇ ਨਾਮ ਤੇ ਕੀਤੀ ਹੋਈ ਹੈ। ਮਾਝੇ ਵਾਲਿਆਂ ਨੇ ਵੱਖਰਾ ਗੁਰਦੁਆਰਾ "ਗੁਰਦੁਆਰਾ ਮਾਝਾ ਸਿੰਘ ਸਭਾ" ਬਣਾਇਆ ਹੋਇਆ ਹੈ। ਮਾਲਵੇ ਵਾਲਿਆ ਨੇ ਅੱਲਗ "ਗੁਰਦੁਆਰਾ ਮਾਲਵਾ ਸਿੰਘ ਸਭਾ" ਬਣਾਇਆ ਹੈ। ਦੁਆਬੇ ਵਾਲਿਆ ਨੇ "ਦੁਆਬਾ ਸਿੰਘ ਸਭਾ" ਬਣਾਇਆ ਹੈ। ਏਥੋਂ ਤੱਕ ਕਿ ਕੁਝ ਲੋਕਾਂ ਨੇ ਆਪਣੇ ਕਾਰੋਬਾਰ ਦੇ ਅਧਾਰ ਉੱਪਰ ਹੀ ਗੁਰਦੁਆਰੇ ਬਣਾਏ ਹੋਏ ਹਨ। ਜਿਥੇ ਸਿੰਘਾਪੁਰ ਵਿਚ ਬਹੁਤ ਸਾਰੇ ਸਿੱਖਾਂ ਦਾ ਟ੍ਰਾਂਸਪੋਰਟ ਦਾ ਅਤੇ ਸਰਕਾਰੀ ਨੌਕਰੀਆਂ ਦਾ ਕੰਮ-ਕਾਰ ਹੈ, ਉਥੇ ਹੀ ਕੁਝ ਐਸੇ ਲੋਕ ਹਨ ਜਿੰਨਾਂ ਦਾ ਕਪੜਾ ਆਦਿ ਦਾ ਵਪਾਰ ਕਰਨਾ ਤੇ ਇਲੈਕਟ੍ਰਾਨਿਕ ਸਮਾਨ ਦਾ ਵਾਪਰ

ਹੈ। ਉਹਨਾਂ ਲੋਕਾਂ ਨੇ ਆਪਣਾ ਗੁਰਦੁਆਰਾ ਅੱਲਗ ਬਣਾਇਆ ਹੈ। ਉਹ ਗੁਰਦੁਆਰਾ ਕਤੌਂਗ ਰੋਡ 'ਤੇ ਹੈ ਅਤੇ ਵਪਾਰੀਆਂ ਦਾ ਗੁਰੰਦੁਆਰਾ ਹੀ ਵਜਦਾ ਹੈ। ਇਕ ਮਜ਼ਬੀ ਸਿੰਘਾਂ ਦਾ "ਜੀਵਨ ਸੁਧਾਰ" ਨਾਮ ਦਾ ਅਲੱਗ ਗੁਰਦੁਆਰਾ ਹੈ। ਏਨਾਂ ਗੁਰਦੁਆਰਿਆਂ ਵਿੱਚ ਇਕੱਠ ਵੀ ਉਹਨਾਂ ਲੋਕਾਂ ਦਾ ਹੀ ਹੁੰਦਾ ਹੈ, ਜਿਸ ਇਲਾਕੇ ਦਾ ਉਹ ਗੁਰਦੁਆਰਾ ਹੁੰਦਾ ਹੈ। ਮਾਝੇ ਵਾਲਿਆਂ ਦੇ ਗੁਰਦੁਆਰੇ ਸਾਰੇ ਮਝੈਲ ਜਾਂਦੇ ਹਨ। ਮਜ਼ਬੀ ਸਿੰਘ ਆਪਣੇ ਗੁਰਦੁਆਰੇ ਜਾਂਦੇ ਹਨ। ਇਲਾਕਾ ਬਾਜੀ ਦੇ ਨਾਮ ਤੇ ਕਾਫੀ ਝਗੜਾ ਵੀ ਹੁੰਦਾ ਹੀ ਰਹਿੰਦਾ ਹੈ। ਕੋਈ ਆਪਣੇ ਇਲਾਕੇ ਦੀ ਮਹਾਨਤਾ ਦੱਸਦਾ ਹੈ ਤੇ ਕੋਈ ਆਪਣੇ ਦੀ। ਇਹ ਨਹੀਂ ਸਮਝਦੇ ਕਿ ਸਿੱਖ ਕੇਵਲ ਸਿੱਖ ਹੈ। ਸਿੱਖ ਦਾ ਸਾਰਾ ਇਲਾਕਾ ਆਪਣਾ ਹੈ। ਸਿੱਖ ਸ਼ਬਦ ਦਾ ਪੁਜਾਰੀ ਹੈ। ਸਿੱਖ ਕੀ ਤੇ ਇਲਾਕਾ ਕੀ ? ਸਿੱਖ ਦੀ ਜਾਤ, ਗੋਤ ਵਰਨ ਆਦਿ ਕੁਝ ਨਹੀਂ। ਸਿੱਖ ਕੇਵਲ ਸਿੱਖ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਦਿਨ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਸੀ ਤਾਂ ਪੰਜਾਂ ਦੀ ਜਾਤ ਗੋਤ ਮਿਟਾ ਦਿੱਤੀ ਸੀ। ਪੰਜਾਂ ਨੂੰ ਹੀ ਪੰਥ ਆਖਿਆ ਸੀ ਕਿ ਸਾਰੇ ਸਿੱਖ ਪੰਜਾਂ ਪਿੱਛੇ ਤੁਰਨਗੇ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਾਤ ਗੋਤ ਵਰਨ ਮਿਟਾ ਕੇ ਖਾਲਸਾ ਬਣਾਇਆ ਸੀ। ਪਰ ਖਾਲਸੇ ਨੇ ਫਿਰ ਜਾਤਾਂ ਗੋਤਾਂ ਜੋੜ ਦਿੱਤੀਆਂ ਹਨ। ਇਲਾਕਾ ਪ੍ਰਸਤੀ ਨਾਲ ਆਪਣੇ ਆਪ ਨੂੰ ਜੋੜ ਲਿਆ ਹੈ। ਅੱਜ ਦਾ ਸਿੱਖ, ਸਿੱਖ ਨਾਲ ਤਾਂ ਜੁੜ ਨਹੀਂ ਸਕਦਾ। ਪਰ ਜਾਤਾਂ ਗੋਤਾਂ ਦੀਆਂ ਵਿਚਾਰਾਂ ਕਰਕੇ ਆਪਣੇ ਆਪ ਨੂੰ ਸਿੱਖੀ ਨਾਲੋਂ ਤੋੜ ਰਿਹਾ ਹੈ। ਜਿਹੜੀਆਂ ਵਿਚਾਰਾਂ ਬੰਦੇ ਨੂੰ ਬੰਦੇ ਨਾਲ ਨਾ ਜੁੜਨ ਦੇਣ, ਉਹ ਗੁਰੂ ਨਾਲੋਂ ਵੀ ਤੋੜ ਦੇਂਦੀਆਂ ਹਨ। ਐਸਾ ਆਦਮੀ ਸ਼ਬਦ ਉਜਾਗਰ ਨਹੀਂ ਕਰ ਸਕਦਾ।

ਕਬੀਰ ਫਰੀਦ, ਸਧਨਾ ਸੈਣ ਨਾਮਦੇਵ ਆਦਿ ਬ੍ਰਹਮ ਗਿਆਨੀ ਮਹਾਪੁਰਖਾਂ ਨੇ ਜਾਤ ਗੋਤ ਤੇ ਵਰਨ ਵੰਡ ਸਭ ਨੂੰ ਮਿਟਾ ਦਿੱਤਾ। ਪਰ ਏਨਾ ਦੇ ਪੈਰੋਕਾਰਾਂ ਨੇ ਦੁਬਾਰਾ ਫਿਰ ਏਨਾ ਭਗਤਾਂ ਦੀ ਵਿਚਾਰਧਾਰਾ ਨੂੰ ਜਾਤ ਪਾਤ ਨਾਲ ਬੰਨਣ ਦਾ ਜਤਨ ਕੀਤਾ। ਗੁਰੂ ਅਰਜਨ ਦੇਵ ਜੀ ਅਤੇ ਸਮੁੱਚੀ ਗੁਰਮਤਿ ਵਿਚਾਰਧਾਰਾ ਦੀ ਬੜੀ ਵੱਡੀ ਕੁਰਬਾਨੀ ਹੈ ਕਿ ਸਾਰੀ ਭਗਤ ਵਿਚਾਰਧਾਰਾ ਨੂੰ ਗੁਰਮਤਿ ਵਿਚਾਰਧਾਰਾ ਵਿੱਚ ਮਿਲਾ ਲਿਆ ਹੈ। ਗੁਰਮਤਿ ਦੀ ਵਿਚਾਰਧਾਰਾ ਵਿੱਚ ਭਗਤ ਵਿਚਾਰਧਾਰਾ ਦੇ ਮਿਲ ਜਾਣ ਨਾਲ ਭਗਤਾਂ ਤੇ ਹੋਰ ਸੂਫੀ ਸੰਤਾਂ ਨੂੰ ਬੜਾ ਵੱਡਾ ਮਾਨ ਸਨਮਾਨ ਜਗਤ ਵਿੱਚ ਪ੍ਰਾਪਤ ਹੋਇਆ ਹੈ। ਵਰਨਾ ਏਨਾ ਭਗਤਾਂ ਦੇ ਆਲੇ ਦੁਆਲੇ ਕੋਈ ਬਹੁਤਾ ਇਕੱਠ ਨਹੀਂ ਸੀ ਹੋਇਆ। ਅੱਜ ਵੀ ਭਾਰਤ ਦੇ ਧਾਰਮਕ ਚਿੰਤਨ ਕਰਨ ਵਾਲੇ ਲੋਕ ਇਸ ਗੱਲ ਨੂੰ ਮੰਨਦੇ ਹਨ ਕਿ ਜਿਹੜਾ ਅਨੁਭਵ ਮਹਾਤਮਾ ਬੁੱਧ ਨੂੰ ਹੋਇਆ ਸੀ, ਕਬੀਰ ਸਾਹਿਬ ਉਸ ਤੋਂ ਕੋਈ ਘਟ ਬੋਧ ਨਹੀਂ ਸਨ ਰਖਦੇ। ਸੁਆਮੀ ਮਹਾਂਵੀਰ ਨੇ ਜਿਸ ਅਵਸਥਾ ਨੂੰ ਛੂਹਿਆ ਸੀ, ਰਵਿਦਾਸ ਵੀ ਆਪਣੀ ਥਾਂ 'ਤੇ ਉਨੇ ਹੀ ਮਹਾਨ ਸਨ। ਸ੍ਰੀ ਕ੍ਰਿਸ਼ਨ ਨੇ ਜਿਸ ਲੀਲ੍ਹਾ ਦਾ ਅਨੁਭਵ ਕੀਤਾ ਸੀ, ਸਿਆਣੇ ਕਹਿੰਦੇ ਹਨ ਕਿ ਜੈ ਦੇਵ ਉਸ ਤੋਂ ਘਟ ਨਹੀਂ ਸਨ। ਨਾਮਦੇਵ ਵੀ ਉਸ ਤੋਂ ਕੋਈ ਘਟ ਨਹੀਂ ਸਨ। ਇਹਨਾਂ ਸਾਰੇ ਭਗਤਾਂ ਦੀ ਪਹੁੰਚ ਉਨੀ ਹੀ ਸੀ। ਫਰਕ ਸਿਰਫ ਏਨਾ ਸੀ ਕਿ ਕ੍ਰਿਸ਼ਨ ਮਥੁਰਾ ਦੇ ਰਾਜਾ ਤੇ ਯਾਦਵਾਂ ਦੀ ਉਚੀ ਕੁਲ ਵਿਚੋਂ ਸਨ। ਸ੍ਰੀ

ਰਾਮ ਚੰਦਰ ਅਯੁਧਿਆ ਦੇ ਰਾਜਾ ਤੇ ਰਘੂਵੰਸ਼ੀਆਂ ਦੀ ਕੁਲ ਵਿਚੋਂ ਸਨ। ਮਹਾਤਮਾ ਬੁੱਧ ਵੀ ਰਾਜ ਕੁਮਾਰ ਸਨ ਤੇ ਛੱਤਰੀ ਘਰਾਣੇ ਨਾਲ ਤੁਅੱਲਕ ਰਖਦੇ ਸਨ। ਇਨ੍ਹਾਂ ਸਪੰਨ ਘਰਾਣਿਆਂ ਤੇ ਰਾਜੇ ਮਹਾਂ ਰਾਜਿਆਂ ਨੂੰ ਪੂਜਣ ਲਈ ਤਾਂ ਵੈਸੇ ਹੀ ਦੁਨੀਆਂ ਇਕੱਠੀ ਹੋ ਜਾਂਦੀ ਹੈ।

ਪਰ ਇਹ ਭਗਤ ਇਕ ਤਾਂ ਧਨ ਕਰਕੇ ਪਛੜੇ ਹੋਏ ਸਨ। ਧਨ ਕੋਲ ਬਿਲਕੁਲ ਨਹੀਂ ਸੀ। ਬੜੀ ਮੁਸ਼ਕਿਲ ਨਾਲ ਉਪਜੀਵਕਾ ਚਲਦੀ ਸੀ। ਰਵਿਦਾਸ ਜੀ ਸਾਰਾ ਦਿਨ ਜੋੜੇ ਗੰਢਦੇ ਬਣਾਉਂਦੇ ਸਨ ਤਾਂ ਕਿਧਰੇ ਰੋਟੀ ਬਣਦੀ ਸੀ। ਰਵਿਦਾਸ ਜੀ ਤਾਂ ਆਪ ਵੀ ਮੁਫਲਸੀ ਦਾ ਆਪ ਵੀ ਜਿਕਰ ਕਰਦੇ ਹਨ—

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥

(ਪੰਨਾ ੮੫੮)

ਰਵਿਦਾਸ ਕਹਿੰਦੇ ਹਨ ਕਿ ਮੇਰੀ ਗਰੀਬੀ ਦੇਖ ਕੇ ਲੋਕ ਮੇਰਾ ਮਜਾਕ ਉਡਾਉਂਦੇ ਹਨ। ਮੁਫਲਸੀ ਲੋਕ ਵੇਖ ਸਕਦੇ ਹਨ, ਪਰ ਰਵਿਦਾਸ ਦੇ ਅੰਦਰ ਜੋ ਸ਼ਬਦ ਹੈ, ਯਾਨੀ ਕਿ ਨਾਮ ਦਾ ਧਨ ਹੈ ਉਸ ਦੀ ਲੋਕਾਂ ਨੂੰ ਸਮਝ ਨਹੀਂ ਹੈ। ਦਰਅਸਲ ਦੁਨੀਆਂ ਧਨ ਦੀ ਪੁਜਾਰੀ ਹੈ। ਏਸੇ ਕਰਕੇ ਕ੍ਰਿਸ਼ਨ ਤਾਂ ਅਵਤਾਰ ਹੋ ਕੇ ਪੂਜੇ ਗਏ। ਰਾਮ ਚੰਦਰ ਅਵਤਾਰ ਹੋ ਗਏ। ਮਹਾਤਮਾ ਬੁੱਧ ਵੀ ਅਵਤਾਰ ਹੋ ਗਏ। ਸੁਆਮੀ ਮਹਾਂਵੀਰ ਵੀ ਅਵਤਾਰ ਹੋ ਗਏ। ਪਰ ਜਦੋਂ ਕਬੀਰ ਦੀ ਗੱਲ ਆਈ ਜਾ ਰਵਿਦਾਸ ਦੀ ਗੱਲ ਆਈ ਤਾਂ ਠੀਕ ਹੈ ਲੋਕ ਥੋੜ੍ਹਾ ਸਨਮਾਨ ਦੇਣ ਨੂੰ ਰਾਜੀ ਹੋ ਗਏ ਸਨ। ਪਰ ਅਵਤਾਰੀ ਪੁਰਸ਼ ਹੋਣ ਦਾ ਖਾਸ ਦਰਜਾ ਦੇਣ ਨੂੰ ਕੋਈ ਵੀ ਰਾਜੀ ਨਹੀਂ ਸੀ। ਅਜ ਵੀ ਕਹਿਣ ਮਾਤਰ ਹੀ ਸਨਮਾਨ ਹੈ। ਭਾਰਤ ਵਿੱਚ ਮੈਂ ਆਪ ਦੇਖਿਆ ਹੈ, ਕਬੀਰ ਸਾਹਿਬ ਦੇ ਨਾਮ ਦੁਆਲੇ ਸਭ ਜੁਲਾਹੇ ਹੀ ਇਕੱਠੇ ਹਨ। ਰਵਿਦਾਸ ਦੇ ਨਾਮ ਨਾਲ ਸਭ ਚਮਾਰ ਹੀ ਜੁੜੇ ਹੋਏ ਹਨ। ਸ੍ਰੀ ਸੈਣ ਭਗਤ ਜੀ ਨੂੰ ਕੇਵਲ ਨਾਈ ਤਬਕਾ ਹੀ ਪੂਜਦਾ ਹੈ।

ਨਾਨਕ ਝੀਰੇ ਤੋਂ ਥੋੜ੍ਹੀ ਦੂਰੀ 'ਤੇ ਇਕ ਕਸਬਾ ਹੈ, ਜਿਸ ਦਾ ਨਾਮ ਪੰਡਰਪੁਰ ਹੈ। ਪੰਡਰਪੁਰ ਵਿਚ ਭਗਤ ਨਾਮਦੇਵ ਜੀ ਨੇ ਜ਼ਿੰਦਗੀ ਦੇ ਪੰਦਰਾਂ ਵੀਹ ਸਾਲ ਬਤੀਤ ਕੀਤੇ ਹਨ। ਪੰਡਰਪੁਰ ਵਿਚ ਇਕ ਬਹੁਤ ਵੱਡਾ ਤੇ ਬਹੁਤ ਪੁਰਾਣਾ ਇਤਿਹਾਸਕ ਮੰਦਰ ਹੈ। ਜਿਸ ਮੰਦਰ ਵਿਚੋਂ ਭਗਤ ਨਾਮ ਦੇਵ ਜੀ ਨੂੰ ਸੂਦਰ ਸੂਦਰ ਕਹਿ ਕੇ ਮਾਰ ਮਾਰ ਕੇ ਬਾਹਰ ਕੱਢ ਦਿੱਤਾ ਸੀ। ਉਹ ਮੰਦਰ ਏਹੀ ਪੰਡਰਪੁਰ ਵਾਲਾ ਮੰਦਰ ਹੀ ਹੈ। ਭਗਤ ਨਾਮ ਦੇਵ ਜੀ ਨੇ ਆਪਣੀ ਬਾਣੀ ਵਿੱਚ ਖੁਦ ਜਿਕਰ ਕੀਤਾ ਹੈ, ਏਸ ਘਟਨਾ ਦਾ

ਸੂਦੁ ਸੂਦੁ ਕਰਿ ਮਾਰਿ ਉਠਾਇਓ, ਕਹਾ ਕਰਉ ਬਾਪ ਬੀਠੁਲਾ ॥

(ਪੰਨਾ ੧੨੯੨)

ਜਿਸ ਘਰ ਵਿੱਚ ਭਗਤ ਨਾਮਦੇਵ ਜੀ ਪੰਡਰਪੁਰ ਵਿਖੇ ਰਹਿੰਦੇ ਸਨ। ਉਹ ਘਰ ਵੀ ਅਜੇ ਤੱਕ ਹੈ। ਜਿਸ ਘਰਾਣੇ ਵਿੱਚ ਨਾਮਦੇਵ ਜੀ ਰਹਿੰਦੇ ਸਨ। ਉਸ ਘਰਾਣੇ ਦੇ ਜੀ ਅਜੇ ਛੀਨਾ ਬਸ਼ੀਨਾ ਚਲਦੇ ਹਨ। ਨਦੀ ਦੇ ਕਿਨਾਰੇ 'ਤੇ ਇਹ ਕਸਬਾ ਹੈ। ਜਿਹੜਾ ਪੰਡਰ ਪੁਰ ਵਿੱਚ ਇਤਿਹਾਸਕ ਮੰਦਰ ਹੈ, ਉਸ ਮੰਦਰ ਦੇ ਅੰਦਰ ਬਿਠੁਲ ਭਗਵਾਨ ਨਾਮ

ਦੀ ਮੂਰਤੀ ਅਸਥਾਪਨ ਹੈ। ਬਹੁਤ ਲੋਕ ਉਸ ਮੂਰਤੀ ਦੇ ਦਰਸ਼ਨਾਂ ਨੂੰ ਜਾਂਦੇ ਹਨ। ਜਦੋਂ ਮੰਦਰ ਦੇ ਅੰਦਰੋਂ ਨਮਸ਼ਕਾਰ ਕਰਕੇ ਲੋਕ ਬਾਹਰ ਨਿਕਲਦੇ ਹਨ ਤਾਂ ਜੋੜਿਆਂ ਵਾਲੀ ਥਾਂ ਤੇ ਇਕ ਪੁਜਾਰੀ ਹੋਰ ਮਿਲਦਾ ਹੈ। ਉਸ ਪੁਜਾਰੀ ਨੇ ਥਾਲੀ ਵਿਚ ਇਕ ਨਾਮਦੇਵ ਦੀ ਮੂਰਤੀ ਬਣਾ ਕੇ ਰੱਖੀ ਹੁੰਦੀ ਹੈ ਉਹ ਲੋਕਾਂ ਨੂੰ ਕਹਿੰਦਾ ਹੈ ਕਿ ਇਹ ਨਾਮ ਦੇਵ ਦੀ ਮੂਰਤੀ ਹੈ, ਇਸ ਨੂੰ ਵੀ ਪੈਸੇ ਰੱਖ ਕੇ ਮੱਥਾ ਟੇਕੋ। ਲੋਕ ਪੁੱਛਦੇ ਹਨ ਕਿ ਨਾਮਦੇਵ ਦੀ ਮੂਰਤੀ ਮੰਦਰ ਦੇ ਅੰਦਰ ਕਿਉਂ ਨਹੀਂ ਅਸਥਾਪਨ ਕੀਤੀ। ਤਾਂ ਉਹ ਪੁਜਾਰੀ ਕਹਿੰਦਾ ਹੈ ਕਿ "ਨਾਮਦੇਵ ਸ਼ੂਦਰ ਸਨ" ਇਸ ਕਰਕੇ ਉਹਨਾਂ ਦੀ ਮੂਰਤੀ ਮੰਦਰ ਦੇ ਅੰਦਰ ਅਸਥਾਪਨ ਨਹੀਂ ਕੀਤੀ ਜਾ ਸਕਦੀ।

ਸੋਚਣ ਵਾਲੇ ਸੋਚਦੇ ਹਨ ਕਿ ਹੇ ਭਗਵਾਨ ! ਤੇਰਾ ਦਿਹੁਰਾ ਤਾਂ ਨਾਮਦੇਵ ਵਾਸਤੇ ਬ੍ਰਾਹਮਣਾਂ ਵੱਲੋਂ ਪਿੱਠ ਕਰਕੇ ਨਾਮਦੇਵ ਵੱਲ ਫਿਰ ਗਿਆ। ਪਰ ਇਹ ਜਾਤੀਵਾਦੀ ਦੇ ਲੋਕ ਅਜੇ ਵੀ ਨਾਮਦੇਵ ਸ਼ੂਦਰ ਸਮਝਦੇ ਹਨ। ਕੌਣ ਦੱਸੇ ਕਿ ਬ੍ਰਹਮ ਗਿਆਨੀ ਸ਼ਬਦ ਵਿਚ ਜਿਊਂਦਾ ਹੈ ਨਾ ਕਿ ਜਾਤ ਵਿੱਚ।

* * *